ਮਨ = ਤੇ ਮਨ
ਮਨੁ = ਜੀਵ

੨੦-3-05

ਆਸਾ ਮਹਲਾ ੪ ॥ ੧੬

ਹਰਿ ਗੁਣ ~~ਪੜੀਐ~~ ਪੜੀਐ, ਹਰਿ ਗੁਣ ਸੁਣੀਐ ॥
ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥ ਮਿਲਿ
ਸਤਸੰਗਤਿ ਹਰਿ ਗੁਣ ਗਾਏ, ਜਗੁ ਭਉਜਲੁ ਦੁਤਰੁ
ਤਰੀਐ ਜੀਉ ॥੧॥

ਰਖ ਮੈਨੂੰ ਰਖ ਅਰਿ ਨਾਨਕ ਤੇਰੀ ਪਰੀਤਿ ॥

ਸਲੋਕੁ ॥
ਅਤਿ ਸੁੰਦਰ, ਕੁਲੀਨ ਚਤੁਰ, ਮੁਖਿ ਙਿਆਨੀ ਧਨਵੰਤ
ਮਿਰਤਕ ਕਹੀਅਹਿ ਨਾਨਕਾ, ਜਿਹ ਪ੍ਰੀਤਿ ਨਹੀ ਭਗਵੰਤ

ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ
ਨਾਨਕ ਪ੍ਰਭ ਸੁ ਪ੍ਰਸੰਨ ਭਏ ਮਨ ਬਾਂਛਤ ਫਲ ਪਾਉ ॥
। ਮੰਤ੍ਰ । ਪੰਨਾ 818

ਸਤਿਸੰਗਤਿ ਤ੍ਰਿਸਨਾ ਸਤਿਗੁਰ ਦੇਈ, ਗੁਨ ਗਾਵੈ ਹਰਿ ਪ੍ਰਭ
ਕੇ ॥ ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ
ਧੋਵਹ ਪਗ ਜਨ ਕੇ ॥(731) ਮ:੪
ਸਤਿਗੁਰ ਬਾਝਹੁ ਸੰਗਤਿ ਨ ਹੋਈ ॥ ਬਿਨੁ ਸਬਦੇ ਪਾਰੁ
ਨ ਪਾਇ ਕੋਈ ॥ ਸਹਜੇ ਗੁਣ ਰਵਹਿ ਦਿਨ ਰਾਤੀ
ਜੋਤੀ ਜੋਤਿ ਮਿਲਾਇਆ ॥ ਮਾਰੂ ਮ:੪ (1068)

Man is immortal

ਸੰਗਤ ਤੋਂ ਮਤਲਬ ਸਾਧ ਸੰਗਤ ਨਾਲ ਮਿਲਾਪ।
ਨਾਮ ਧਿਆਉਣ ਵਾਲਾ ਬੰਦਾ ਹੀ ਹੋ ਜਾਂਦਾ ।

ਸਥਿਰ = ਪੱਕਾ immovable
ਅਸਥਿਰ = ਟਿਕਦਾ ਨਹੀਂ moveable
ਨਾਸ਼ੁਕਰਾ, ungrateful, unthankful,

ਕਰਿ ਸੰਗੁ ਸਾਧੂ ਚਰਣ ਸਦਾ ਸਰਣਿ ਨਾਮ ਕੀ ਟੇਕ॥ ਦਾਸ ਨਾਨਕ ਸਿਮਰੇ ਸਦਾ
ਏਕਸੁ ਸਾਹਿਬ ਏਕ॥

5

ਅਸਟ ਸਾਧ ਸਹਿਤ

ਵਿਕਾਰਾਂ ਦੇ ਅਸਰਾਤ ਤੋਂ ਬਚਾਵ ਦੇ ੪ ਢੰਗ

ਦੇਹ, ਕਿਰਤ, ਗਰਜ ਦਾ ਸੁਆਦ, ਸੀਸ, ਦੇਵ ਨਰ, ਲੋਕ ਅਤੇ ਤਰੁਣਾ

ਖਟ ਸੰਪਤਿ: 1. ਸਮ (ਮਨ ਦਾ ਨਿਗ੍ਰਹ) 2. ਦਮ (ਇੰਦ੍ਰੀ ਦਮਨ) 3. ਉਪਰਤਿ (ਸਾਂਸਾਰਿਕ ਉਪਰਾਮਤਾ) 4. ਤਿਤਿਖਾ (ਸੁਖ ਦੁਖ ਸਹਾਰਨ ਦੀ ਸ਼ਕਤੀ) 5. ਸ਼ਰਧਾ (ਵਿਸ਼ਵਾਸ) 6. ਸਮਾਧਾਨ (ਪਰਮੇਸ਼ਰ ਦੀ ਏਕਾਗ੍ਰਤਾ)

ਆਤਮਗਿਆਨੀ ਨੂੰ ਗਿਆਨੀ ਆ ਵਿਸਤ। ਆਠ ਸਾਧਨ ਹੈ।
1. ਰੰਗ ਵਰਤੇ 2. ਦਮਨ ਤਰ 3. ਇੰਦ੍ਰੀਆਂ 4. ਦੋ ਦਰਸੀ 5. ਸਮਤ ਦਰ 6. ਦਸੋਂ ਗੁਣਤਾ 7. ਦਸੋਂ ਸੁਗੰਧ 8. ਦਸੋਂ ~~ਸ~~ ਸਾਖੀ ਸਾਧਨ

ਤ੍ਰੈ ਤਾਪ

1. ਆਧਿ = ਮਾਨਸਿਕ ਰੋਗ, ਪਿਛਲੇ ਜਨਮਾਂ ਦੇ ਕੀਤੇ ਕਰਮਾਂ ਤੋਂ ਪਿਆਰੇ ਰੋਗ।

2. ਬਿਆਧਿ = ਸਰੀਰ - ਵਿਸ਼ ਕਰਮ ਦੇ ਕੀਤੇ ਕਰਮਾਂ ਦੇ ਰੋਗ ਬਿਮਾਰੀਆਂ ਆਦਿ।

3. ਉਪਾਧਿ = ਸੰਸਾਰਿਕ ਮੁਸੀਬਤਾਂ ਜਿਵੇਂ ਕਿ ਜੰਗ, ਤੂਫਾਨ, ਭੂਚਾਲ, ਬਿਮਾਰੀ ਫਿਸਾਦ, ਝਗੜੇ, ਰੋਗ ਦੁਰਘਟਨਾ ਆਦਿ॥

ਆਧਿ ਬਿਆਧਿ ਉਪਾਧਿ ਸਭ ਨਾਸੀ ਬਿਨਸੇ ਤੀਨੈ ਤਾਪ ॥ ਰਹਾਉ ॥ ਤ੍ਰਿਸਨਾ ਬੂਝੀ ਪੂਰਨ ਸਭ ਆਸਾ ਚੂਕੇ ਸੋਗ ਸੰਤਾਪ ॥
ਗੁਣ ਗਾਵਤ ਅਚੁਤ ਅਬਿਨਾਸੀ ਮਨ ਤਨ ਆਤਮ ਧ੍ਰਾਪ ॥

ਚਾਰ ਵੇਦ : ਰਿਗ ਵੇਦ, ਯਜੁਰ ਵੇਦ
ਅਥਰਵਣ ਵੇਦ ਰਚਿਆ ਸ੍ਰਿਸ਼ਟ ਦਾ ਵੇਦ
ਸਾਮ ਵੇਦ
ਗੁਰਮਤਿ ਅਤੇ ਸੰਸ੍ਰਿਤਿ ਵੇਦ ਸ਼ਬਦਾਵਲੀ : 5455

ਸ੍ਰੀ ਗੁਰੂ ਗ੍ਰੰਥ ਸਾਹਿਬ
ਦਰਸ਼ਨ

ਹਰਿ ਧੀਰ ਇਹੁ ਗੁਰੂ ਵੀਚਾਰਿ॥ ਚਲੈ ਸੁਆਮੀ ਦ੍ਰਿਸਟਿ ਗਿਆਨ॥ ॥154-2
ਸਰਬ ਪਦਾਰਥ ਜਾਲੇ ਗਇਆ ਸਚਾਈ ਮੁਕਤਿ ਨ ਪਾਈ॥
ਮਨਮੁਖਿ ਮਗਰਿ ਤਿਨ ਇਹੁ ਨ ਸੂਝੈ ਦੁਰਮਤਿ ਅਗਿਆਨ ਅੰਧਾਰ।- ਭੈਰਉ ਮ ੩॥
ਸੋਤ ਸੋਤਾਏ ਤੀਨ ਗਏ, ਪਰਮ ਅਗਮ ਸੁਖ ਧਾਮ॥
ਤੀਨੋਂ ਹੀ ਨੇ ਵੇਖ ਲੈ, ਗਹਦੂ ਦੋਨੋਂ ਏਸ॥

ਏਕੰਕਾਰ ਧਾਰਿ ਇਕ ਰੂਪਾ॥ ਪ੍ਰਗਟੇ ਸਤਿਗੁਰ ਰੂਪ ਅਨੂਪਾ॥੩॥
ਸਚਾ ਸਤਿਗੁਰੁ ਸਚਾ ਆਖੀ ਜਿਤੁ ਸਚੈ ਨਾਇ ਪਿਆਰੁ॥
ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ॥

ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰ ਮਨਸਾ ਪੂਰਣਹਾਰੁ॥
ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭ ਸੰਸਾਰੁ॥
- ਸਿਰੀਰਾਗੁ ਮਹਲਾ ੫॥

ਪਾਰਜਾਤੁ ਲੋੜਹਿ ਮਨ ਪਿਆਰੇ॥ ਕਾਮਧੇਨ ਸੋਹੀ ਦਰਬਾਰੇ॥
ਤ੍ਰਿਪਤਿ ਸੰਤੋਖ ਸੇਵਾ ਗੁਰ ਪੂਰੇ ਨਾਮੁ ਰਸਾਇ ਰਸਾਇਣਾ॥
- ਮਾਰੂ ਮਹਲਾ ੫
ਧੰਨੁ ਸੁ ਵੇਲਾ ਘੜੀ ਧੰਨੁ ਧਨੁ ਮੂਰਤੁ ਪਲੁ ਸਾਰੁ॥
ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ॥

ਸਚੁ ਵਖਿਆਣੀ ਤਿਨਾ, ਜਿ ਸੁਣਤੇ ਹੀਰ ਰਖਾ ॥ ਪੂਰੇ ਤੇ ਪਰਵਾਨ, ਨਿਕਾਸਿ
ਪੂਰ ਸਖਾ ॥ ਹੀਰ ਕਸੁ ਨਿਖਰਿ ਖੋਲਿਤ, ਸੇਹਰਿ ਸੋ ਹਖਾ ॥ ਖਰਨ ਪਤੀਤ ਪਹਿ
ਭਾਈ ਪੂਰ ਪਖਾ ॥ ਸੋਤਾ ਸੀਸਿ ਤ੍ਰਿਪਾਰੁ ਸਮਾਣਾ ਦੁਖੁ ਨਖਾ ॥੨੪॥

ਵਿਸ਼ਾਂ ਦੇ ਸੁਧਰੇ ਸਰੂਪ ॥

1. ਜਤ = ਸੰਜਮ ਤੇ ਸ਼ਕਤੀ (self control and energy)
2. ਧੀਰਜ = ਵੀਰਤਾ ਤੇ ਧੀਰਜ (Bravo
3. ਸੰਤੋਖ = ਪਰਮਾਤਮ ਤੇ ਸੰਤੋਖ (satisfaction)
4. ਦਇਆ = ਪ੍ਰੇਮ ਤੇ ਕੁਰਬਾਨੀ (Tenderness and sacrifice)
5. ਅਣਖ = ਸਵੈਮਾਣ ਤੇ ਅਣਖ (self-respect)

ਜੋ ਦੀਸਤੁ ਸੁਣੀਐ ਜੋ ਦੀਸਤੁ ਗਾਈਐ ॥ ਤਿਸੁ ਨਾਨ ਦੂਖੁ ਨਿਰਵੈ ਨਹੀ ਆਈਐ ॥
ਸ੍ਰਮੁ ਖੋਇਓ ਸਾਂਤਿ ਸਹਜ ਸੁਆਮੀ ਪਰਗਾਸੁ ਭਇਆ ਦਇਆ ਮਿਟਿਆ ॥
ਦਾਸੁ ਪਇਆ ਪੂਰ ਅੰਤਰਜਾਮੀ ਨਾਨਕ ਸੋਗ ਨ ਟਿਕਿਆ ॥੪॥ ਗਉੜੀ 259

ਸੋਰ: ਕਰ ਕਿਸ ਚੌਕਤ ਸੈ ਮਿਠਤ ਕਾਤ ਵੇਖਤ ਤਤ ਸੋਇ ॥
ਸਨੁ ਧਰਿ ਆਈ ਨਾਨਕ ਸੇ ਪੁਰਨ ਰਿਦਪਾ ਹੋਇ ॥੨੦॥ ਸਲੋਕ ੫॥

ਸਨ ਸੰਤੀ ਕੇ ਦੀਪਤ ਜਾਏ ਦਇਆ ਸਿਰ ਦੇਵੈਂਦੀ। ਗਿਆਨ ਗਉ ਜਪ ਸੰਜੋ ਆਈ
ਤ ਨਾਨਕ ਭੇਗ ਦੇਵੈਂਦੀ ॥੪॥ ਸ: ੧

ਦਿਨ ਰਾਤ ਰਸਨਾ ਧਾਤੁ ਉਪਜੈ ਸਚੁ ਗੁਰ ਦਾ ਸਬਦੁ ਵਸੈ ॥
ਦਸ ਕੋਟਿ ਗੁਰ ਪਰਿ ਦੇਹ ਖਿਲਤੀ ਗੁਰ ਪਾਪਹੁ ਗੁਰੁ ਵਸੈ ॥
ਸਤਸੰਗ ਸੁਗਤੁ ਸਤਗੁਰ ਪੜ੍ਹੀ, ਜਿਤੁ ਸਭੇ ਨਾਮਿ ਪਿਆਰੁ ॥
ਦੂਖੁ ਸੰਤਾਪੁ ਨ ਲਗਈ, ਜਿਸੁ ਹੋਰ ਦਾ ਨਾਮੁ ਅਧਾਰੁ ॥

ਹੈਂਸੇ ਹੋਗ ਸਬ ਸੇ ਤਨਣ ਸੇ ਵਿਚਾਈ ਦੇਤ। ਸੈਂਕ ਦੀਦੇ ਦਸਰਨ ਕਰਤ ਹੌਰਾਗ ਸੇ
ਹੈਂਸੇ ਬੜ ਕਾਧੇ ਹੈਂਸੀ ਸਾਗਤ ਨ ਕਾਰ ਦੇਹੁ। ਆਗੇ ਜਾਇ ਪਾਈਅਤ ਨਵੀਂ ... ਹੈਂ ਜਿਸ (ਅਧਾਰ ਕੀ
ਹੈਂਸੇ ਕਾਟ ਕੀਸ ਅਤਿ ਸੁਖਮ ਸਰੂਪ ਹੈਤ। ਕੋਟਿ ਸੇ ਪਿਧਿਕ ਧਿਸ ਬਾਰ ਸੀ
ਹੈਂਸੇ ਗੁਰ ਚਰਨ ਸਰਨ ਗੁਰਸਿਖਨ ਸੈਂ। ਜਾਨੀਅਤ ਸਗਤਮ ਗਹੇ ਕੀ
ਜੇਰਵਾਰ ਕੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ

ਚਾਰ ਸੌ ਸਾਲਾ ਪ੍ਰਕਾਸ਼ ਦਿਵਸ ਤੇ)

ਸਾਧੂ ਸਿੰਘ ਗੋਬਿੰਦਪੁਰੀ

ਪ੍ਰਕਾਸ਼ਕ :

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

© ਲੇਖਕ

Sri Guru Granth Sahib Darshan (Punjabi)

by

Sadhu Singh Gobindpuri

Formerly Programme Executive,
(Gurbani Vichar Programme)
Akashvani, Jalandhar.

ISBN : 81-7601-664-0

ਪਹਿਲੀ ਐਡੀਸ਼ਨ : ਨਵੰਬਰ 2004

ਮੁੱਲ : 250-00

ਇਸੇ ਕਲਮ ਤੋਂ :

ਬਡ ਜੋਧਾ ਬਹੁ ਪਰਉਪਕਾਰੀ

(ਸ੍ਰੀ ਗੁਰੂ ਹਰਿਗੋਬਿੰਦ ਸਾਹਿਬ)

ਪ੍ਰਕਾਸ਼ਕ:-

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ : (0183) 2542346, 2547974, 2557973

ਫੈਕਸ : 91-183-2542346

E.Mail : csjs@vsnl.com

Web site: www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ, ਅੰਮ੍ਰਿਤਸਰ। ਫੋਨ : 2705003, 5095774

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ। ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣੁ ਨਾਗ ਨਿਵਾਸਾਂ ਦੇ ਰਹਿਣਾ॥ ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਆਂ ਦਾ ਸਹਿਣਾ॥ ਯਾਰੜੇ ਦਾ ਸਾਨੂੰ ਸਥਰੁ ਚੰਗਾ ਭਠ ਖੇੜਿਆਂ ਦਾ ਰਹਿਣਾ॥

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ, ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ਮਲਾਰ ਮ:੪

ਧੂੜ ਦੇ ਪ੍ਰਮਾਣ ॥

1. ਮੁਖ ਸਮਾਲਣ ਚਰਣ ਪੂਜ ਸੇਵਾ॥ ਧੂੜਿ ਧਾਰਿਣ ਸਤਿ ਸੁਣ ਨਾਨ ਦੇਵਾ॥੫॥
2. ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥
3. ਪ੍ਰਭ ਪ੍ਰਭ ਮੇਰੇ ਕ੍ਰਿਪਾ ਕੀਜੈ॥ ਧੂਰਿ ਸੰਤਨ ਕੀ ਨਾਨਕ ਦੀਜੈ॥
4. ਧੂਰਿ ਸੰਤਨ ਕੀ ਮਸਤਕਿ ਲਾਇ॥ ਜਨਮ ਜਨਮ ਕੀ ਦੁਰਮਤਿ ਮਲੁ ਜਾਇ॥
5. ਜਿਨ ਕਾਮੀ ਪੂਰਨ .... ਧੂਰੇ ॥ ਨਾਨਕ ਦਾਸ .... ਤਿਨ ਕੀ ਧੂਰੇ ॥
6. ਜਿਨ ਕੇ ਚੋਲੇ ...... ਹੈ ਧਨਿ ॥ ਧੂੜਿ ਤਿਨਾ ਕੀ ------ ...... ਅਘਨਾਸਿ

ਣ
ਚਿਆਰਿਆਂ ਨੂੰ
, ਵੰਡ ਛਕਿਆ
ੇਗ ਵਾਹੀ

ਸਲੋਕ ਮਹਲਾ ੨॥
ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥ ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥੧॥
1. ਅਹਿਲਨ ਦਾ ਜੰਗ ੨. ਜੰਦਰਾ

ਮਿਲਿਐ ਮਿਲਿਆ ਨਾ ਮਿਲੈ, ਮਿਲੈ ਮਿਲਿਆ ਜੇ ਹੋਇ ॥
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥੩॥ ਵਾਰ ਸੂਹੀ ਮ:੨ -791
ਏਥੀ ਵਾਰ ਨ ਛੁਟਿ ਤਉ ਭੀ ਏਥਾ ਦੇਵਣਾ ॥
ਜਿ ਧਰਿ ਰਖ ਗਵਾਇ ਵਾਤੁ ਤਿਨਾਹੂ ਗੜਿ ਰਖੇ ॥੫੪॥

ਜਿਸੀ ਰਚਨਾ ਦੇ ਵਿਚੋਂ ਸਮਸੀਤ ਏਕ ਜੋਤ ਹੈ ॥
ਨਾ ਆਦਿ ਹੈ ਨਾ ਅੰਤ ਹੈ, ਨ ਆਦਿ ਅੰਤ ਹੋਤ ਹੈ ॥
(ਅਕਾਲ ਉਸਤਤਿ)

ਉਪਦੇਸੁ ਸੁਣਹੁ ਤੁਮ ਗੁਰਸਿਖਹੁ ਸਚਾ ਇਹੈ ਸੁਆਉ ॥ ਜਨਮ ਪਦਾਰਥੁ ਸਫਲੁ ਹੋਇ ਮਨਿ ਮਹਿ ਸਬਦੁ ਵਸਾਉ ॥ ਸੁਖ ਸਹਜ ਆਨਦੁ ਘਣਾ ਪ੍ਰਭ ਜਪਤਿਆ ਦੁਖੁ ਜਾਇ ॥ ਨਾਨਕ ਨਾਮੁ ਜਪਤ ਸੁਖੁ ਊਪਜੈ ਦਰਗਹ ਪਾਈਐ ਥਾਉ ॥੪॥ ਰਾਗ ਗਾਮਕਲੀ ਅਸਟਪਦੀ

ਮੈਂ ਸੇਵਕ ਸੁਣਦੀ ਇਕ ਨ ਸੁਣਾਏ ॥ ਸਾਰਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥

ਇਸ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥ ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੁਕਾਰਾ ॥ ਸੋਰਠਿ ਮ: ੩॥

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥
(ਰਾਗੁ ਨਟ ਨਾਰਾਇਨ, ਮ: ੪, ਅੰਗ ੯੮੨)

ਦੈਵੀ ਗੁਣ: ਸਤ, ਸੰਤੋਖ, ਭਗਤੀਭਾਵ ਤੇ ਸਮਾਚਾਰ ਉੱਨਤੀ
ਪੰਜ ਕੋਸ਼ ; ਪੰਜ ਪੜਦੇ ਉਪਨਿਸ਼ਦ ਅਨੁਸਾਰ ਆਤਮਾ ਦੇ ਪੰਜ ਆਵਰਣ।
1. ਅੰਨਮਯ ਕੋਸ਼, ਸਥੂਲ ਸਰੀਰ।
2. ਪ੍ਰਾਣਮਯ ਕੋਸ਼, ਪੰਜ ਕਰਮਇੰਦ੍ਰੇ ਅਤੇ ਪ੍ਰਾਣ
3. ਮਨੋਮਯ ਕੋਸ਼, ਪੰਜ ਗਿਆਨ ਇੰਦ੍ਰੇ ਅਤੇ ਮਨ
4. ਵਿਗਿਆਨ ਮਯ ਕੋਸ਼, ਪੰਜ ਗਿਆਨ ਇੰਦ੍ਰੇ ਸਹਿਤ ਬੁਧਿ।
5. ਆਨੰਦਮਯ ਕੋਸ਼, ਅਹੰਕਾਰਮਈ ਅਵਿਦਿਆ।
~~[illegible]~~ ਅੱਖਾਂ, ਕੰਨ, ਨੱਕ, ਜੀਭ ਅਤੇ ਚਮੜੀ ਗਿਆਨ ਇੰਦ੍ਰੇ
ਕਰਮ ਇੰਦ੍ਰੇ: ਹੱਥ, ਪੈਰ, ਮੂੰਹ, ਗੁਦਾ ਅਤੇ ਲਿੰਗ

ਇਹ ਤਾਂ ਪਰਤਖ ਸਾਡੀ ਸੰਸਾਰੀ ਸੋਝੀ ਨਾਲ। ਪਰ ਗੁਰੂ ਜੀ [illegible] ਸੀ॥
ਐਸੋ ਪ੍ਰੀਤਿ ਸਾਚੈ ਇਹੁ ਖੇਲੁ ਰਚਾਇਆ ॥ [illegible] ਉਪਾਇਆ ॥
ਆਪੇ ਨਦਰਿ ਕਰੇ [illegible] ਹਰਿ ਰਸ [illegible] ॥੧॥ ਆਸਾ ਮ: ੩)

ਅਰੰਭਕ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਸੌ ਸਾਲਾ ਪ੍ਰਕਾਸ਼ ਦਿਵਸ ਤੇ ਲਿਖੀ ਹੱਥਲੀ ਪੁਸਤਕ ਦੇ ਚਾਰ ਸੌ ਪੰਨੇ ਹਨ ਜਿਸ ਵਿਚ ਇਕ ਸੌ ਲੇਖ ਹਨ ਅਤੇ ਹਰ ਲੇਖ ਦੇ ਚਾਰ ਪੰਨੇ। ਗੁਰਬਾਣੀ ਦੇ ਕਿਸੇ ਵੀ ਵਿਸ਼ੇ ਤੇ ਲਿਖਣ ਲਈ ਜਿੰਨੇ ਪੰਨੇ ਹੋਣ ਉੱਨੇ ਹੀ ਥੋਹੜੇ ਹਨ ਪ੍ਰੰਤੂ ਆਪਣੀ ਸਮਰੱਥਾ ਅਨੁਸਾਰ ਹਰ ਲੇਖ ਨੂੰ ਚਾਰ ਪੰਨਿਆਂ ਵਿਚ ਸਮੇਟਣ ਦਾ ਯਤਨ ਕੀਤਾ ਗਿਆ ਹੈ।

ਅੰਮ੍ਰਿਤ ਨਾਮ ਰਸ ਦਾ ਇਹ ਸਾਗਰ (ਗੁਰੂ ਗ੍ਰੰਥ ਸਾਹਿਬ) ਅਨਮੋਲ ਰਤਨਾਂ ਨਾਲ ਭਰਪੂਰ ਹੈ। ਇਨ੍ਹਾਂ ਅਨਮੋਲ ਰਤਨਾਂ ਦੀ ਸੋਝੀ ਲੇਖਕ ਦੀ ਸਮਝ ਤੋਂ ਬਾਹਰ ਹੈ ਪ੍ਰੰਤੂ ਆਪਣੀ ਸਮਰੱਥਾ ਅਨੁਸਾਰ ਇਸ ਵਿਚਲੇ ਵੱਖ-ਵੱਖ ਉਪਦੇਸ਼ਾਂ ਨੂੰ ਰੂਪਮਾਨ ਕਰਨ ਦਾ ਇਕ ਨਿਮਾਣਾ ਜਿਹਾ ਉਪਰਾਲਾ ਕੀਤਾ ਗਿਆ ਹੈ। ਲੇਖਾਂ ਵਿਚ ਸਰਲ ਤੇ ਸੁਖੈਨ ਭਾਸ਼ਾ ਵਿਚ ਗੁਰੂ ਆਸ਼ੇ ਨੂੰ ਪ੍ਰਗਟਾਉਣ ਦੇ ਯਤਨ ਕੀਤੇ ਗਏ ਹਨ ਤਾਂ ਕਿ ਇਸ ਅਧਿਆਤਮਿਕਤਾ ਦੇ ਸੋਮੇ ਦੇ ਰਸ ਨੂੰ ਆਮ ਵਿਅਕਤੀ ਸਹਿਜ ਨਾਲ ਚੱਖ ਅਤੇ ਮਾਣ ਸਕੇ।

ਪ੍ਰਮਾਣ ਕੇਵਲ ਗੁਰਬਾਣੀ ਵਿਚੋਂ ਹੀ ਦਿੱਤੇ ਗਏ ਹਨ ਅਤੇ ਗੁਰ ਇਤਿਹਾਸ 'ਚੋਂ ਉਦਾਹਰਣਾਂ ਦੇਣ ਵੇਲੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ ਕਿ ਉਹ ਗੁਰੂ ਆਸ਼ੇ ਅਨੁਸਾਰ ਹੋਣ। ਗੁਰਬਾਣੀ ਜਾਂ ਗੁਰ-ਇਤਿਹਾਸ ਤੋਂ ਇਲਾਵਾ ਹੋਰ ਕਿਧਰੋਂ ਉਦਾਹਰਣ ਜਾਂ ਪ੍ਰਮਾਣ ਨਹੀਂ ਦਿੱਤੇ ਗਏ। ਲੇਖਾਂ ਵਿਚ ਕੇਵਲ ਗੁਰਮਤਿ ਵਿਚਾਰਧਾਰਾ ਦੀ ਹੀ ਗੱਲ ਕੀਤੀ ਗਈ ਹੈ। ਦੂਜੇ ਮਤਾਂ ਜਾਂ ਉਨ੍ਹਾਂ ਦੇ ਧਰਮ ਗ੍ਰੰਥਾਂ ਬਾਰੇ ਕੋਈ ਟਿੱਪਣੀ ਜਾਂ ਵਿਚਾਰ ਨਹੀਂ ਪ੍ਰਗਟਾਏ ਗਏ।

ਪੁਸਤਕ ਵ੍ਰਿਚਲੇ 100 ਲੇਖਾਂ ਨੂੰ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਦੋ ਲੇਖ ਪੰਨਾ 1 ਤੋਂ 8 ਤੱਕ ਹਨ। ਦੂਜੇ ਭਾਗ ਵਿਚ 43 ਲੇਖ ਪੰਨਾ 9 ਤੋਂ 180 ਤੱਕ ਹਨ। ਤੀਜੇ ਭਾਗ ਵਿਚ 34 ਲੇਖ ਰੱਖੇ ਗਏ ਹਨ ਜੋ ਪੰਨਾ 181 ਤੋਂ ਪੰਨਾ 316 ਤੱਕ ਹਨ। ਚੌਥੇ ਭਾਗ ਵਿਚ 18 ਲੇਖ ਪੰਨਾ 317 ਤੋਂ ਪੰਨਾ 388 ਤੱਕ ਹਨ ਅਤੇ ਪੰਜਵੇਂ ਭਾਗ ਵਿਚ ਤਿੰਨ ਲੇਖ ਪੰਨਾ 389 ਤੋਂ 400 ਤੱਕ ਹਨ। ਇਸ ਵੰਡ ਦਾ ਸੰਕੇਤ ਪੁਸਤਕ ਦੇ ਤਤਕਰਾ ਵਿਚ ਦਿੱਤਾ ਗਿਆ ਹੈ।

ਇਕ ਗੱਲ ਦਾ ਜ਼ਿਕਰ ਜੋ 'ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ' ਵਾਲੇ ਲੇਖ ਨੰਬਰ 1 ਵਿਚ ਕਰਨਾ ਸੀ ਪਰ ਜਗ੍ਹਾ ਦੀ ਘਾਟ ਕਰਕੇ ਨਹੀਂ ਕੀਤਾ ਜਾ ਸਕਿਆ, ਇਥੇ ਉਸਦਾ ਵਰਨਣ ਕੀਤਾ ਜਾਂਦਾ ਹੈ ਜੋ ਇਸ ਪ੍ਰਕਾਰ ਹੈ ਕਿ ਗੁਰੂ ਅਰਜਨ ਦੇਵ ਜੀ ਵਲੋਂ ਉਚਾਰੇ ਹੋਏ ਰਾਗੁ ਗਉੜੀ ਵਿਚਲੇ ਦੂਜੇ ਛੰਤ 'ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ' ਨੂੰ ਲੈ ਕੇ ਕੁਝ ਵਿਦਵਾਨ ਬਾਬਾ ਮੋਹਨ ਜੀ ਪਾਸੋਂ ਬਾਣੀ ਦੀਆਂ ਸੈਂਚੀਆਂ ਲੈਣ ਲਈ ਉਨ੍ਹਾਂ ਦੀ ਉਸਤਤਿ ਵਿਚ ਉਚਾਰਿਆ ਹੋਇਆ ਮੰਨਦੇ ਹਨ ਪ੍ਰੰਤੂ ਜੇਕਰ ਸਾਰੇ ਛੰਤਾਂ ਦਾ ਧਿਆਨ

ਨਾਲ ਪਾਠ ਕੀਤਾ ਜਾਏ ਤਾਂ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਛੰਤ ਵਿਚ ਕੇਵਲ ਅਕਾਲ ਪੁਰਖ ਦੀ ਉਪਮਾ ਹੀ ਕੀਤੀ ਗਈ ਹੈ। ਗੁਰਬਾਣੀ ਵਿਚ ਕਿਧਰੇ ਵੀ ਗੁਰੂ ਸਾਹਿਬਾਨ ਨੇ ਇਕ ਪਰਮਾਤਮਾ ਤੋਂ ਬਿਨਾਂ ਹੋਰ ਕਿਸੇ ਸੰਸਾਰੀ ਵਿਅਕਤੀ ਦੀ ਉਸਤਤ ਨਹੀਂ ਕੀਤੀ ਭਾਵੇਂ ਮਹਾਂਪੁਰਖਾਂ ਅਤੇ ਵਡੇਰਿਆਂ ਦਾ ਆਦਰ ਅਤੇ ਸਤਿਕਾਰ ਗੁਰੂ-ਘਰ ਵਲੋਂ ਜ਼ਰੂਰ ਕੀਤਾ ਜਾਂਦਾ ਰਿਹਾ ਹੈ। ਗੁਰਮਤਿ ਦਾ ਆਸ਼ਾ ਬੜਾ ਸਪੱਸ਼ਟ ਹੈ :

ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ॥
ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ॥

(ਰਾਗੁ ਸੂਹੀ ਮਹਲਾ ੩, ਅੰਗ ੭੫੫)

ਗੁਰਬਾਣੀ ਵਿਚ ਹੋਰ ਵੀ ਕਈ ਥਾਵਾਂ ਤੇ ਮੋਹਨ ਸ਼ਬਦ ਪਰਮਾਤਮਾ ਲਈ ਵਰਤਿਆ ਗਿਆ ਹੈ, ਜਿਵੇਂ :

ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ॥

(ਰਾਗੁ ਸਾਰਗ ਮਹਲਾ ੧, ਅੰਗ ੧੧੯੭)

ਮੋਹਨਿ ਮੋਹਿ ਲੀਆ ਮਨੁ ਮੋਹਿ॥
ਗੁਰ ਕੈ ਸਬਦਿ ਪਛਾਨਾ ਤੋਹਿ॥

(ਰਾਗ ਬਸੰਤੁ ਮਹਲਾ ੧, ਅੰਗ ੧੧੮੭)

ਮੋਹਨ ਸਭਿ ਜੀਅ ਤੇਰੇ ਤੂ ਤਾਰਹਿ॥

(ਰਾਗੁ ਸਾਰਗ ਮਹਲਾ ੫, ਅੰਗ ੧੨੧੧)

ਮੋਹਨ ਨਾਮੁ ਸਦਾ ਰਵਿ ਰਹਿਓ॥

(ਰਾਗੁ ਗਉੜੀ ਮਹਲਾ ੫, ਅੰਗ ੨੪੧)

ਦੂਜੇ ਇਹ ਗੱਲ ਮੰਨਣਯੋਗ ਨਹੀਂ ਕਿ ਗੁਰਬਾਣੀ ਦੀਆਂ ਸੈਂਚੀਆਂ ਜੋ ਬਾਬਾ ਮੋਹਨ ਜੀ ਪਾਸ ਤਾਂ ਹੋਣ ਪਰ ਉਹ ਗੁਰੂ ਅਰਜਨ ਦੇਵ ਜੀ ਪਾਸ ਨਾ ਹੋਣ।

ਪੁਸਤਕ ਨੂੰ ਅੰਤਮ ਰੂਪ ਦੇਣ ਅਤੇ ਲੇਖਾਂ ਵਿਚਲੀਆਂ ਕਮੀਆਂ-ਪੇਸ਼ੀਆਂ ਦੂਰ ਕਰਨ ਵਿਚ ਜੋ ਸਹਿਯੋਗ ਮੇਰੀ ਧਰਮ ਪਤਨੀ ਸ੍ਰੀਮਤੀ ਨਰਿੰਦਰ ਕੌਰ, ਐਮ. ਏ, ਐਮ. ਐਡ., ਡਿਪਟੀ ਡੀ. ਈ. ਓ. (ਰਿਟਾ:) ਨੇ ਦਿੱਤਾ ਹੈ ਮੈਂ ਉਸਦੀ ਸ਼ਲਾਘਾ ਕੀਤੇ ਬਿਨਾਂ ਨਹੀਂ ਰਹਿ ਸਕਦਾ। ਉਨ੍ਹਾਂ ਦੇ ਸਹਿਯੋਗ ਤੋਂ ਬਿਨਾਂ ਸ਼ਾਇਦ ਮੈਂ ਇਹ ਸਭ ਕੁਝ ਨਾ ਕਰ ਸਕਦਾ।

ਅਕਾਲ ਪੁਰਖ ਦਾ ਕੋਟਾਨਿ ਕੋਟ ਸ਼ੁਕਰਾਨਾ ਹੈ ਜਿਸਨੇ ਇਹ ਕਾਰਜ ਨੇਪਰੇ ਚਾੜ੍ਹਨ ਲਈ ਮੈਨੂੰ ਬਲ ਅਤੇ ਬੁੱਧੀ ਬਖ਼ਸ਼ੀ।

ਅੰਤ ਵਿਚ ਪਾਠਕ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਪੁਸਤਕ ਬਾਰੇ ਆਪਣੇ ਵੱਡਮੁੱਲੇ ਸੁਝਾਵ ਜ਼ਰੂਰ ਭੇਜਣ।

—ਸਾਧੂ ਸਿੰਘ ਗੋਬਿੰਦਪੁਰੀ
ਸਾਬਕਾ ਪ੍ਰੋਗਰਾਮ ਐਗਜ਼ੈਕਟਿਵ,
(ਗੁਰਬਾਣੀ ਵਿਚਾਰ ਪ੍ਰੋਗਰਾਮ)
ਅਕਾਸ਼ਵਾਣੀ, ਜਲੰਧਰ।

ਅਕਤੂਬਰ 1, 2004
217 ਆਰ, ਮਾਡਲ ਟਾਊਨ, ਜਲੰਧਰ
ਫ਼ੋਨ : 2271306 ਅਤੇ 2273616

ਜਿਸ ਦੀ ਪੂਰੈ ਅਕ੍ਰਿਪ ਤਿਸੈ ਦੇਹਿਨ ਗਾਖਈ ॥
ਕੀਰਤਨ ਅਜਿਰ ਉਚਾਰ ਦਸਾਂ ਨਹਿ ਗਾਵਈ ॥

ਵਿਚਾਰ ਗੋਸ਼ਟੀ ਤੇ ਸਨਮਾਨ ਸਮਾਰੋਹ

ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਮਿਤੀ ੧੯-੧-੯੨ ਨੂੰ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਦੀ ਦੂਸਰੀ ਜਨਮ-ਸ਼ਤਾਬਦੀ ਦੇ ਸਬੰਧ ਵਿਚ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿਖੇ ਇਕ ਵਿਚਾਰ ਗੋਸ਼ਟੀ ਕਰਵਾਈ ਗਈ। ਇਸ ਸਮੇਂ ਪੰਜ ਸ਼ਖ਼ਸੀਅਤਾਂ ਨੂੰ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਕਰ-ਕਮਲਾਂ ਨਾਲ ਇਕ-ਇਕ ਸਨਮਾਨ ਪੱਤਰ, ਸਿਰੋਪਾਓ, ੧੧੦੦੦-੧੧੦੦੦ ਰੁਪਏ ਨਕਦ ਦੇ ਕੇ ਸਨਮਾਨਿਤ ਕੀਤਾ। ਸਨਮਾਨਿਤ ਸ਼ਖ਼ਸੀਅਤਾਂ ਦਾ ਸੰਖੇਪ ਜੀਵਨ-ਦਰਸ਼ਨ ਪਾਠਕਾਂ ਦੇ ਗਿਆਨ ਹਿੱਤ ਪ੍ਰਕਾਸ਼ਿਤ ਕਰ ਰਹੇ ਹਾਂ :

... ...

4. ਸ: ਸਾਧੂ ਸਿੰਘ 'ਗੋਬਿੰਦਪੁਰੀ'

ਆਲ ਇੰਡੀਆ ਰੇਡੀਓ ਜਲੰਧਰ ਤੋਂ ਗੁਰਬਾਣੀ ਵਿਚਾਰ ਪ੍ਰੋਗਰਾਮ ਸੁਣਨ ਵਾਲਿਆਂ ਗੁਰਸਿੱਖ ਪ੍ਰੇਮੀਆਂ ਲਈ ਸ: ਸਾਧੂ ਸਿੰਘ 'ਗੋਬਿੰਦਪੁਰੀ' ਦਾ ਨਾਂ ਜਾਣ-ਪਹਿਚਾਣ ਦਾ ਮੁਥਾਜ ਨਹੀਂ। ਸ: ਸਾਧੂ ਸਿੰਘ ਦਾ ਜਨਮ ਪਿਤਾ ਭਾਈ ਸੰਤਾ ਸਿੰਘ ਤੇ ਮਾਤਾ ਬਚਿੰਤ ਕੌਰ ਦੇ ਘਰ, ਪਿੰਡ ਗੋਬਿੰਦਪੁਰ, ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਮੁਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰ ਜਲੰਧਰ ਸ਼ਹਿਰ ਤੋਂ ਪੰਜਾਬੀ ਭਾਸ਼ਾ ਵਿਚ ਮਾਸਟਰ ਡਿਗਰੀ ਪ੍ਰਾਪਤ ਕੀਤੀ। ਪ੍ਰਭੂ-ਦਰ ਤੋਂ ਬਖ਼ਸ਼ਿਸ਼ ਮਿੱਠੀ ਸੁਰੀਲੀ ਆਵਾਜ਼ ਤੇ ਗੁਰਬਾਣੀ ਦੀ ਸੋਝੀ, ਗੁਰਮਤਿ ਵਿਚਾਰਧਾਰਾ ਤੇ ਪੰਜਾਬੀ ਸਾਹਿੱਤ ਦੀ ਵਿਸ਼ਾਲ ਜਾਣਕਾਰੀ ਸਦਕਾ ਆਪ ਨੂੰ ਗੁਰਬਾਣੀ ਵਿਚਾਰ ਪ੍ਰੋਗਰਾਮ ਨੂੰ ਤਿਆਰ ਤੇ ਪ੍ਰਸਾਰਿਤ ਕਰਨ ਹਿੱਤ ਆਲ ਇੰਡੀਆ ਰੇਡੀਓ ਜਲੰਧਰ ਸਟੇਸ਼ਨ 'ਤੇ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਸੇਵਾ ਤੋਂ ਸ: ਸਾਧੂ ਸਿੰਘ ਗੋਬਿੰਦਪੁਰੀ ੩੦-੯-੧੯੮੯ ਨੂੰ ਬਤੌਰ ਪ੍ਰੋਗਰਾਮ ਐਗਜ਼ੈਕਟਿਵ ਸੇਵਾ ਮੁਕਤ ਹੋਏ। ਇਨ੍ਹਾਂ ਦੇ ਉੱਚ-ਆਦਰਸ਼ਕ ਜੀਵਨ ਤੇ ਸੇਵਾ ਕਾਲ ਦੇ ਬੇਹਤਰ ਰੀਕਾਰਡ ਨੂੰ ਮੱਦੇ-ਨਜ਼ਰ ਰੱਖਦਿਆਂ ਹੋਇਆਂ ਭਾਰਤ ਸਰਕਾਰ ਵਲੋਂ ਇਨ੍ਹਾਂ ਨੂੰ ਮਈ ੧੯੯੨ ਤੱਕ ਹੋਰ ਸੇਵਾ ਕਰਨ ਦਾ ਅਵਸਰ ਦਿੱਤਾ ਗਿਆ।

ਇਸ ਸੇਵਾ ਕਾਲ ਦੌਰਾਨ ਆਪ ਜੀ ੧੯੭੩ ਤੋਂ ਗੁਰਬਾਣੀ ਵਿਚਾਰ ਪ੍ਰੋਗਰਾਮ, ਜੋ ਰੋਜ਼ਾਨਾ ਸ਼ਾਮ ਨੂੰ ੫-੩੦ ਤੋਂ ੬-੦੦ ਵਜੇ ਤੱਕ ਪ੍ਰਸਾਰਿਤ ਹੁੰਦਾ ਹੈ, ਦੇ ਇੰਚਾਰਜ ਰਹੇ। ਇਸ ਪ੍ਰੋਗਰਾਮ ਦੀ ਪਲਾਨਿੰਗ ਤੇ ਨਿਰਦੇਸ਼ਨ ਦੀ ਜ਼ਿੰਮੇਵਾਰੀ ਇਨ੍ਹਾਂ ਦੀ ਹੀ ਸੀ।

ਇਸ ਪ੍ਰੋਗਰਾਮ ਅਧੀਨ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲੜੀਵਾਰ ਪਾਠ ਤੇ ਉਸ ਦੀ ਵਿਆਖਿਆ ਤੋਂ ਇਲਾਵਾ ਬਹੁਤ ਸਾਰੀਆਂ ਗੁਰਬਾਣੀ ਤੇ ਵਿਚਾਰਧਾਰਾ ਸਬੰਧੀ ਵਾਰਤਾਵਾਂ, ਗੁਰਮਤਿ ਦੇ ਗੂੜ੍ਹ ਗਿਆਨੀਆਂ ਪਾਸੋਂ ਪ੍ਰਸਾਰਿਤ ਕਰਵਾਈਆਂ।

ਗੁਰੂ ਸਾਹਿਬਾਨ ਜੀ ਦੇ ਆਗਮਨ ਗੁਰਪੁਰਬਾਂ ਅਤੇ ਸ਼ਹੀਦੀ ਦਿਹਾੜਿਆਂ 'ਤੇ ਜੋ ਸ਼ਬਦ ਕੀਰਤਨ ਦੇ ਵਿਸ਼ੇਸ਼ ਪ੍ਰੋਗਰਾਮ ਵੱਖ-ਵੱਖ ਗੁਰਦੁਆਰਿਆਂ ਤੋਂ ਸਮੇਂ-ਸਮੇਂ ਰੀਲੇਅ

ਜੋਗੀਆਂ ਦੇ ੯ ਨਾਥ: ਆਦਿਨਾਥ, ਮਛੰਦਰਨਾਥ, ਉਦਯਨਾਥ, ਸੰਤੋਖਨਾਥ, ਕੰਥੜਨਾਥ, ਸਤਯਨਾਥ, ਅਚੰਭਨਾਥ, ਚੌਰੰਗੀਨਾਥ ਅਤੇ ਗੋਰਖਨਾਥ 1/325) M.K.

ਕੀਤੇ ਜਾਂਦੇ ਹਨ, ਇਨ੍ਹਾਂ ਨੂੰ ਗੀਲੇਅ ਕਰਨ ਦੇ ਨਾਲ-ਨਾਲ ਵਿਸ਼ੇਸ਼ ਜਾਣਕਾਰੀ ਦੇਣ ਦੀ ਜ਼ਿੰਮੇਵਾਰੀ ਵੀ ਆਪ ਹੀ ਨਿਭਾਉਂਦੇ ਰਹੇ।

ਗੁਰੂ ਸਾਹਿਬਾਨ ਜੀ ਦੇ ਜੀਵਨ ਦਰਸ਼ਨ 'ਤੇ ਆਪ ਵਲੋਂ ਤਿਆਰ ਕੀਤੇ ਰੂਪਕ ਪਿਛਲੇ ੧੮ ਸਾਲਾਂ ਤੋਂ ਸੰਗਤਾਂ ਦੀ ਜਾਣਕਾਰੀ ਹਿੱਤ ਪ੍ਰਸਾਰਿਤ ਹੋ ਰਹੇ ਹਨ। ਗੁਰਬਾਣੀ ਦੇ ਚਾਨਣ ਨੂੰ ਲੋਕਾਈ ਵਿਚ ਪ੍ਰਚਾਰਨ ਤੇ ਪ੍ਰਸਾਰਨ ਦੀ ਸੇਵਾ ਜਿਸ ਪਿਆਰ, ਸਤਿਕਾਰ, ਸ਼ਰਧਾ ਤੇ ਮਿਹਨਤ ਨਾਲ ਸ: ਸਾਧੂ ਸਿੰਘ ਗੋਬਿੰਦਪੁਰੀ ਨੇ ਨਿਭਾਈ ਹੈ, ਉਸ ਨੂੰ ਮੁੱਖ ਰੱਖਦਿਆਂ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ ਵਲੋਂ ਮਿਤੀ ੧੯-੧-੯੨ ਨੂੰ ਸ: ਸਾਧੂ ਸਿੰਘ ਜੀ ਗੋਬਿੰਦਪੁਰੀ ਨੂੰ ਸਨਮਾਨਿਤ ਕੀਤਾ ਗਿਆ।

(ਗੁਰਮਤਿ ਪ੍ਰਕਾਸ਼, ਫਰਵਰੀ 1992 'ਚੋਂ)

ਸੋ ਜੀਵਤ ਜੋ ਮਨ ਪੂਰਬਲੇ ਪੈ ਸੁਖਮਨੀ ਅਸਟਪਦੀ ੧/੫

[illegible] ਜਾਇ, ਕਾਰ ਪੰਚ ਪ੍ਰਾਣੁ ਨਹਿ ਤੈਸਾ ਪ੍ਰਾਨ ਇਹ ਗੁਰਸਿਖ ਰਹਿ ਨਹੀਂ ਸਿਖ ਰਹਿ ਪਿਆਇ ਪਾਣੀ ਭਾਉ ਰੋਗ ਦੁਰਮੰਤ ਅਨੂਪੰਥ ਤਾ ਨਾ ਨਾਮ ਸਿਖ ਰਹਿ ਜਿਵਾਏ ਦਾ [illegible] ਤੇ ਰੁਖ ਕੇ ਵਿਆਰ ਦੀਰ, ਤੈਸਾ ਪੰਥ ਸਿਖ ਰਹਿ ਇਹ ਸਾਧ ਤ ਮਿਲਾਏ ਦਾ। ਜੈਸਾ ਧੀਰ ਕਾਰ ਦਸਮ ਸਾਧ ਰੀਆ ਨਾਹ, ਤੈਸਾ ਨਾਮ ਸਿਖ ਰਹਿ ~~[illegible]~~ [illegible] ਧਾਰ ਸੁਆਇ ਦਾ ॥

ਏਕ ਚਿੱਤ ਜਿਹ ਇਕ ਛਿਨ ਧਿਆਇਓ। ਕਾਲ ਫਾਸ ਕੇ ਬੀਚ ਨ ਆਇਓ॥

—ਤ੍ਵ ਪ੍ਰਸਾਦਿ ਚੌਪਈ

1. ਨੀਂਦ 2. ਕਾਮ 3. ਚਿੰਤਾ 4. ਨੀਰਸ 5. ਵਿਕਾਰ 6. ਕਸਨ 7 ਪਖੰਡ 8 ਗੋਸੰਧ

੧ ਗ੍ਰਹਿਸਤ ਦਰ ਤਰਨ ਸਨਾਨ ਕੇ ਸਿੰਗਾਰ॥

ਅੰਤਰੀਵ ਤਰਨ: ਮਨ ਕਾ ਮੈਲ, ਕਾਈ, ਸਿਆਹ, ਧੂੰਆਂ, ਵੈਰਾਗ, ਅੰਮ੍ਰਿਤ ਵੇਲਾ ਅਤੇ ਨਾਮ ਜਾਪ।

ਅੰਧ-ਧੁੰਧ ਦੇ ਗਿਆ ਸੈਂ ਗਾਵੇ ਚੌਰਾਸੀ ਆਇ ॥

ਚਾਰ ਵਰਣ: ਬ੍ਰਾਹਮਣ, ਖੱਤਰੀ, ਸ਼ੂਦਰ, ਵੈਸ਼

ਚਾਰ ਆਸ਼ਰਮ: ਬ੍ਰਹਮਚਰਜ, ਗ੍ਰਿਹਸਥ, ਵਾਨਪ੍ਰਸਤ, ਸੰਨਿਆਸ।

ਧਰਤੀ ਦੇ ੯ ਖੰਡ: ਭਰਤ, ਇਲਾਵ੍ਰਿਤ, ਕਿੰਪੁਰਸ਼, ਭਦ੍ਰ, ਕੇਤੁਮਾਲ, ਹਰਿ, ~~[illegible]~~ ਹਿਰਣਯ, ਰਮਯ ਅਤੇ ਕੁਸ਼ 1/2249 M.K.

੯ ਨਿਧਿ: ਮਹਾਂਪਦਮ, ਪਦਮ, ਸੰਖ, ਮਕਰ, ਕੱਛਪ, ਮੁਕੰਦ, ਕੁੰਦ, ਨੀਲ ਅਤੇ ਖਰਬ ॥

ਇਕ ਨਵੇਂ ਪ੍ਰਯੋਗ ਤੇ ਵਧਾਈ

ਗੁਰਮਤਿ ਸਾਹਿਤ ਦੇ ਪ੍ਰਚਾਰ ਤੇ ਪ੍ਰਸਾਰ ਨਾਲ ਸੰਬੰਧਿਤ ਜਾਣੀ ਪਛਾਣੀ ਸ਼ਖਸੀਅਤ, ਸ: ਸਾਧੂ ਸਿੰਘ 'ਗੋਬਿੰਦਪੁਰੀ' ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਿਵਸ ਦੀ ਚੌਥੀ ਸ਼ਤਾਬਦੀ ਦੇ ਵਰ੍ਹੇ ਵਿਚ, ਚਾਰ ਸੌ ਪੰਨਿਆਂ ਦੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ' ਪੁਸਤਕ ਦੀ ਰਚਨਾ ਕਰਕੇ ਅਤੇ ਇਸ ਵਿਚ ਗੁਰਮਤਿ ਨਾਲ ਸੰਬੰਧਿਤ ਇਕ ਸੌ ਵਿਸ਼ਿਆਂ ਨੂੰ ਚਾਰ-ਚਾਰ ਪੰਨਿਆਂ ਵਿਚ ਸਮੇਟ ਕੇ, ਗੁਰਮਤਿ ਸਾਹਿਤ ਦੇ ਖੇਤਰ ਵਿਚ ਇਕ ਨਵਾਂ ਸਫਲ ਪ੍ਰਯੋਗ ਕੀਤਾ ਹੈ। ਵਿਦਵਾਨ ਲੇਖਕ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ, ਵੱਖ-ਵੱਖ ਵਿਸ਼ਿਆਂ ਦੇ ਵਿਸਥਾਰ ਤੇ ਪਾਸਾਰ ਨੂੰ ਇਕ ਹੀ ਥਾਂ ਤੇ ਇਕੱਠਾ ਕਰਕੇ, ਇਸ ਪੁਸਤਕ ਨੂੰ ਆਦਿ ਗ੍ਰੰਥ ਬਾਰੇ ਸਮੁੱਚੀ ਜਾਣਕਾਰੀ ਦੇ ਬੁਨਿਆਦੀ ਸ੍ਰੋਤ ਦਾ ਰੂਪ ਦੇ ਦਿੱਤਾ ਹੈ। ਇਹ ਪੁਸਤਕ ਉਸ ਦੀ ਨਿਰੰਤਰ ਸਾਹਿਤ-ਸਾਧਨਾ ਦਾ ਪ੍ਰਤੱਖ ਸਬੂਤ ਹੈ। ਉਸ ਨੇ ਇਸ ਪੁਸਤਕ ਦੀ ਰਚਨਾ ਨਾਲ, ਆਪਣੇ ਆਪ ਨੂੰ ਸਿੱਖ-ਵਿਚਾਰਧਾਰਾ ਨਾਲ ਸਮਰਪਿਤ ਇਕ ਸਿੱਖ ਮਿਸ਼ਨਰੀ ਦੇ ਰੂਪ ਵਿਚ ਸਥਾਪਤ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਦੇਸ਼ ਨਰੋਏ ਸਮਾਜ ਦੀ ਸਿਰਜਨਾ ਹੈ ਜਿਸ ਦੀ ਉਸਾਰੀ ਨਰੋਈ ਸਿਰਜਨਾਤਮਿਕ ਸੋਚ ਵਾਲੇ ਵਿਅਕਤੀ ਹੀ ਕਰ ਸਕਦੇ ਹਨ। ਇਤਿਹਾਸ ਗੁਆਹ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ, ਨਰੋਈ ਤਾਸੀਰ ਤੇ ਨਰੋਏ ਅਮਲ ਵਾਲੇ ਮਨੁੱਖਾਂ ਦਾ ਨਿਰਮਾਣ ਕੀਤਾ ਜੋ ਹਰੇਕ ਕਿਸਮ ਦੀ ਗ਼ੁਲਾਮੀ ਤੋਂ ਮੁਕਤ ਹੋ ਕੇ ਆਪਣੀ ਹੋਣੀ ਦੇ ਆਪ ਮਾਲਕ ਬਣੇ। ਗੁਰਮਤਿ ਦੇ ਸੰਦੇਸ਼ ਅਨੁਸਾਰ ਸੁਚੇਤ, ਬੇਦਾਗ਼ ਤੇ ਜਾਗਰੂਕ ਮਨੁੱਖ ਹੀ ਆਪਣਾ ਤੇ ਮਾਨਵਤਾ ਦਾ ਕੁਝ ਸੁਆਰ ਸਕਦੇ ਹਨ। ਅਜੋਕੇ ਮਨੁੱਖ ਦੇ ਪੁਨਰ-ਨਿਰਮਾਣ ਲਈ, ਸ: 'ਗੋਬਿੰਦਪੁਰੀ' ਨੇ ਗੁਰਮਤਿ ਦੇ ਉਪਰੋਕਤ ਸੰਦੇਸ਼ ਨੂੰ ਸਦਾ ਹੀ ਸਾਹਮਣੇ ਰਖਿਆ ਹੈ। ਪੁਸਤਕ ਦੇ ਇਕ ਸੌ ਵਿਸ਼ਿਆਂ ਤੇ ਲਿਖੇ ਗਏ ਵੱਖ-ਵੱਖ ਕਾਂਡਾਂ ਵਿਚੋਂ, ਕਈ ਕਾਂਡ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਦੁਬਿਧਾ, ਨਿੰਦਿਆ, ਹਉਮੈ, ਕਪਟ ਆਦਿ ਬੁਰਾਈਆਂ ਦੀ ਵਿਆਖਿਆ ਕਰਕੇ ਮਨੁੱਖ ਨੂੰ ਇਨ੍ਹਾਂ ਤੋਂ ਖ਼ਬਰਦਾਰ ਕਰਦੇ ਹਨ ਤੇ ਕਈ ਕਾਂਡ ਮਨੁੱਖੀ ਸਦਗੁਣਾਂ—ਧਰਮ, ਦਯਾ, ਨਿਮਰਤਾ, ਮਿੱਠਾ ਬੋਲਣਾ, ਧੀਰਜ, ਉੱਦਮ, ਸੱਚ, ਸੰਤੋਖ ਆਦਿ ਦਾ ਵਰਨਣ ਕਰਕੇ, ਇਨ੍ਹਾਂ ਨੂੰ ਗ੍ਰਹਿਣ ਕਰਨ ਦੀ ਪ੍ਰੇਰਨਾ ਕਰਦੇ ਹਨ। ਗੁਣਾਂ ਦੇ ਗ੍ਰਹਿਣ ਤੇ ਅਉਗਣਾਂ ਦੇ ਤਿਆਗ ਨਾਲ ਹੀ ਨਰੋਏ ਮਨੁੱਖਾਂ ਦੀ ਉਸਾਰੀ ਹੋ ਸਕਦੀ ਹੈ ਅਤੇ ਉਹ ਤੰਦਰੁਸਤ ਤੇ ਅਰੋਗ ਸਮਾਜ ਉਸਾਰ ਸਕਦੇ ਹਨ।

ਸ: 'ਗੋਬਿੰਦਪੁਰੀ' ਗੁਰਬਾਣੀ ਦਾ ਆਧੁਨਿਕ ਵਿਆਖਿਆਕਾਰ ਹੈ। ਉਸਨੇ ਆਧੁਨਿਕ ਜੀਵਨ ਦੇ ਪ੍ਰਸੰਗ ਵਿਚ, "ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥" ਦੇ ਗੁਰਬਾਣੀ ਫ਼ੁਰਮਾਨ ਦੀ ਰੋਸ਼ਨੀ ਵਿਚ, ਗੁਰਬਾਣੀ ਦੀ ਨਿੱਤ-ਨਵੀਂ ਸਪਿਰਟ ਨੂੰ ਉਜਾਗਰ ਕੀਤਾ ਹੈ ਤੇ ਸਿੱਧ ਕੀਤਾ ਹੈ ਕਿ ਗੁਰਬਾਣੀ ਮਨੁੱਖੀ ਕਮਜ਼ੋਰੀਆਂ ਨੂੰ ਪਹਿਚਾਨਦੀ ਹੈ, ਸਮੂੰਹ ਮਾਨਵੀ ਸਮੱਸਿਆਵਾਂ ਦਾ ਹੱਲ ਕਰਨਾ ਜਾਣਦੀ ਹੈ ਤੇ ਇਸ ਤਰ੍ਹਾਂ ਇਹ ਹਰੇਕ ਯੁੱਗ ਦੇ ਹਾਣ ਦੀ ਹੈ। ਇਹ ਪੁਸਤਕ ਸਮਾਨਤਾ, ਸੁਤੰਤਰਤਾ ਤੇ ਨਿਆਂ ਦੀਆਂ ਮਾਨਵੀ ਕੀਮਤਾਂ ਦੀ ਬਹਾਲੀ ਲਈ ਸਿੱਖ ਗੁਰੂ ਸਾਹਿਬਾਨ ਦੀਆਂ ਬੇਮਿਸਾਲ ਕੁਰਬਾਨੀਆਂ ਦਾ ਵਰਨਣ ਕਰਦੀ ਹੈ। ਸਿੱਖ-ਇਤਿਹਾਸ ਦੇ ਲਹੂ-ਭਿੱਜੇ ਕਾਂਡਾਂ ਦਾ ਬਿਆਨ ਕਰਦੀ ਹੈ। ਇਸ ਤਰ੍ਹਾਂ

ਇਕ ਨਵੇਂ ਪ੍ਰਯੋਗ ਤੇ ਵਧਾਈ

ਗੁਰਮਤਿ ਸਾਹਿਤ ਦੇ ਪ੍ਰਚਾਰ ਤੇ ਪ੍ਰਸਾਰ ਨਾਲ ਸੰਬੰਧਿਤ ਜਾਣੀ ਪਛਾਣੀ ਸ਼ਖਸੀਅਤ, ਸ: ਸਾਧੂ ਸਿੰਘ 'ਗੋਬਿੰਦਪੁਰੀ' ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦਿਵਸ ਦੀ ਚੌਥੀ ਸ਼ਤਾਬਦੀ ਦੇ ਵਰ੍ਹੇ ਵਿਚ, ਚਾਰ ਸੌ ਪੰਨਿਆਂ ਦੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ' ਪੁਸਤਕ ਦੀ ਰਚਨਾ ਕਰਕੇ ਅਤੇ ਇਸ ਵਿਚ ਗੁਰਮਤਿ ਨਾਲ ਸੰਬੰਧਿਤ ਇਕ ਸੌ ਵਿਸ਼ਿਆਂ ਨੂੰ ਚਾਰ-ਚਾਰ ਪੰਨਿਆਂ ਵਿਚ ਸਮੇਟ ਕੇ, ਗੁਰਮਤਿ ਸਾਹਿਤ ਦੇ ਖੇਤਰ ਵਿਚ ਇਕ ਨਵਾਂ ਸਫਲ ਪ੍ਰਯੋਗ ਕੀਤਾ ਹੈ। ਵਿਦਵਾਨ ਲੇਖਕ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ, ਵੱਖ-ਵੱਖ ਵਿਸ਼ਿਆਂ ਦੇ ਵਿਸਥਾਰ ਤੇ ਪਾਸਾਰ ਨੂੰ ਇਕ ਹੀ ਥਾਂ ਤੇ ਇਕੱਠਾ ਕਰਕੇ, ਇਸ ਪੁਸਤਕ ਨੂੰ ਆਦਿ ਗ੍ਰੰਥ ਬਾਰੇ ਸਮੁੱਚੀ ਜਾਣਕਾਰੀ ਦੇ ਬੁਨਿਆਦੀ ਸ੍ਰੋਤ ਦਾ ਰੂਪ ਦੇ ਦਿੱਤਾ ਹੈ। ਇਹ ਪੁਸਤਕ ਉਸ ਦੀ ਨਿਰੰਤਰ ਸਾਹਿਤ-ਸਾਧਨਾ ਦਾ ਪ੍ਰਤੱਖ ਸਬੂਤ ਹੈ। ਉਸ ਨੇ ਇਸ ਪੁਸਤਕ ਦੀ ਰਚਨਾ ਨਾਲ, ਆਪਣੇ ਆਪ ਨੂੰ ਸਿੱਖ-ਵਿਚਾਰਧਾਰਾ ਨਾਲ ਸਮਰਪਿਤ ਇਕ ਸਿੱਖ ਮਿਸ਼ਨਰੀ ਦੇ ਰੂਪ ਵਿਚ ਸਥਾਪਤ ਕੀਤਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਦੇਸ਼ ਨਰੋਏ ਸਮਾਜ ਦੀ ਸਿਰਜਨਾ ਹੈ ਜਿਸ ਦੀ ਉਸਾਰੀ ਨਰੋਈ ਸਿਰਜਨਾਤਮਿਕ ਸੋਚ ਵਾਲੇ ਵਿਅਕਤੀ ਹੀ ਕਰ ਸਕਦੇ ਹਨ। ਇਤਿਹਾਸ ਗੁਆਹ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ, ਨਰੋਈ ਤਾਸੀਰ ਤੇ ਨਰੋਏ ਅਮਲ ਵਾਲੇ ਮਨੁੱਖਾਂ ਦਾ ਨਿਰਮਾਣ ਕੀਤਾ ਜੋ ਹਰੇਕ ਕਿਸਮ ਦੀ ਗ਼ੁਲਾਮੀ ਤੋਂ ਮੁਕਤ ਹੋ ਕੇ ਆਪਣੀ ਹੋਣੀ ਦੇ ਆਪ ਮਾਲਕ ਬਣੇ। ਗੁਰਮਤਿ ਦੇ ਸੰਦੇਸ਼ ਅਨੁਸਾਰ ਸੁਚੇਤ, ਬੇਦਾਗ਼ ਤੇ ਜਾਗਰੂਕ ਮਨੁੱਖ ਹੀ ਆਪਣਾ ਤੇ ਮਾਨਵਤਾ ਦਾ ਕੁਝ ਸੁਆਰ ਸਕਦੇ ਹਨ। ਅਜੋਕੇ ਮਨੁੱਖ ਦੇ ਪੁਨਰ-ਨਿਰਮਾਣ ਲਈ, ਸ: 'ਗੋਬਿੰਦਪੁਰੀ' ਨੇ ਗੁਰਮਤਿ ਦੇ ਉਪਰੋਕਤ ਸੰਦੇਸ਼ ਨੂੰ ਸਦਾ ਹੀ ਸਾਹਮਣੇ ਰਖਿਆ ਹੈ। ਪੁਸਤਕ ਦੇ ਇਕ ਸੌ ਵਿਸ਼ਿਆਂ ਤੇ ਲਿਖੇ ਗਏ ਵੱਖ-ਵੱਖ ਕਾਂਡਾਂ ਵਿਚੋਂ, ਕਈ ਕਾਂਡ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਦੁਬਿਧਾ, ਨਿੰਦਿਆ, ਹਉਮੈ, ਕਪਟ ਆਦਿ ਬੁਰਾਈਆਂ ਦੀ ਵਿਆਖਿਆ ਕਰਕੇ ਮਨੁੱਖ ਨੂੰ ਇਨ੍ਹਾਂ ਤੋਂ ਖਬਰਦਾਰ ਕਰਦੇ ਹਨ ਤੇ ਕਈ ਕਾਂਡ ਮਨੁੱਖੀ ਸਦਗੁਣਾਂ—ਧਰਮ, ਦਯਾ, ਨਿਮਰਤਾ, ਮਿੱਠਾ ਬੋਲਣਾ, ਧੀਰਜ, ਉੱਦਮ, ਸੱਚ, ਸੰਤੋਖ ਆਦਿ ਦਾ ਵਰਨਣ ਕਰਕੇ, ਇਨ੍ਹਾਂ ਨੂੰ ਗ੍ਰਹਿਣ ਕਰਨ ਦੀ ਪ੍ਰੇਰਨਾ ਕਰਦੇ ਹਨ। ਗੁਣਾਂ ਦੇ ਗ੍ਰਹਿਣ ਤੇ ਅਉਗਣਾਂ ਦੇ ਤਿਆਗ ਨਾਲ ਹੀ ਨਰੋਏ ਮਨੁੱਖਾਂ ਦੀ ਉਸਾਰੀ ਹੋ ਸਕਦੀ ਹੈ ਅਤੇ ਉਹ ਤੰਦਰੁਸਤ ਤੇ ਅਰੋਗ ਸਮਾਜ ਉਸਾਰ ਸਕਦੇ ਹਨ।

ਸ: 'ਗੋਬਿੰਦਪੁਰੀ' ਗੁਰਬਾਣੀ ਦਾ ਆਧੁਨਿਕ ਵਿਆਖਿਆਕਾਰ ਹੈ। ਉਸਨੇ ਆਧੁਨਿਕ ਜੀਵਨ ਦੇ ਪ੍ਰਸੰਗ ਵਿਚ, "ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥" ਦੇ ਗੁਰਬਾਣੀ ਫ਼ੁਰਮਾਨ ਦੀ ਰੋਸ਼ਨੀ ਵਿਚ, ਗੁਰਬਾਣੀ ਦੀ ਨਿੱਤ-ਨਵੀਂ ਸਪਿਰਟ ਨੂੰ ਉਜਾਗਰ ਕੀਤਾ ਹੈ ਤੇ ਸਿੱਧ ਕੀਤਾ ਹੈ ਕਿ ਗੁਰਬਾਣੀ ਮਨੁੱਖੀ ਕਮਜ਼ੋਰੀਆਂ ਨੂੰ ਪਹਿਚਾਨਦੀ ਹੈ, ਸਮੂੰਹ ਮਾਨਵੀ ਸਮੱਸਿਆਵਾਂ ਦਾ ਹੱਲ ਕਰਨਾ ਜਾਣਦੀ ਹੈ ਤੇ ਇਸ ਤਰ੍ਹਾਂ ਇਹ ਹਰੇਕ ਯੁੱਗ ਦੇ ਹਾਣ ਦੀ ਹੈ। ਇਹ ਪੁਸਤਕ ਸਮਾਨਤਾ, ਸੁਤੰਤਰਤਾ ਤੇ ਨਿਆਂ ਦੀਆਂ ਮਾਨਵੀ ਕੀਮਤਾਂ ਦੀ ਬਹਾਲੀ ਲਈ ਸਿੱਖ ਗੁਰੂ ਸਾਹਿਬਾਨ ਦੀਆਂ ਬੇਮਿਸਾਲ ਕੁਰਬਾਨੀਆਂ ਦਾ ਵਰਨਣ ਕਰਦੀ ਹੈ। ਸਿੱਖ-ਇਤਿਹਾਸ ਦੇ ਲਹੂ-ਭਿੱਜੇ ਕਾਂਡਾਂ ਦਾ ਬਿਆਨ ਕਰਦੀ ਹੈ। ਇਸ ਤਰ੍ਹਾਂ

ਸਿੱਖ ਕੌਮ ਵਿਚ ਆਪਣੇ ਵਿਰਸੇ ਪ੍ਰਤੀ ਮਾਣ ਤੇ ਗੌਰਵ ਨੂੰ ਜਗਾਉਂਦੀ ਹੈ। ਸਿੱਖ ਗੁਰੂ ਸਾਹਿਬਾਨ ਵਲੋਂ ਪ੍ਰਚਾਰੀਆਂ ਕੀਮਤਾਂ ਤੇ ਆਦਰਸ਼ਾਂ ਦੀ ਜਿੱਤ ਵਿਖਾਉਂਦੀ ਹੈ। ਦੁਸ਼ਟਾਂ, ਦੋਖੀਆਂ ਦੇ ਨਾਸ ਨੂੰ ਉਜਾਗਰ ਕਰਦੀ ਹੈ ਤੇ ਮਨੁੱਖੀ ਜੀਵਨ ਨੂੰ ਵਿਕਾਸ ਦੇ ਰਾਹ ਤੇ ਪਾਉਂਦੀ ਹੈ। ਇਸ ਤਰ੍ਹਾਂ ਇਹ ਪੁਸਤਕ ਉੱਚ-ਕੋਟੀ ਦੇ ਸਦੀਵੀ ਸਾਹਿਤ ਦੇ ਮਿਆਰ ਤੇ ਪੂਰੀ ਉਤਰਦੀ ਹੈ।

ਸ਼ੈਲੀ ਤੇ ਸ਼ਖਸੀਅਤ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੁੰਦਾ ਹੈ। ਸ: ਸਾਧੂ ਸਿੰਘ ਗੋਬਿੰਦਪੁਰੀ ਦੇ ਜੀਵਨ ਦੀ ਸਰਲਤਾ, ਸਾਦਗੀ ਤੇ ਸਪੱਸ਼ਟਤਾ ਉਸ ਦੀ ਲਿਖਤ ਵਿਚੋਂ ਝਲਕਾਰੇ ਮਾਰਦੀ ਹੈ। ਸਮੁੱਚੀ ਲਿਖਤ ਵਿਚੋਂ ਵਿਸ਼ੇ ਦੀ ਸਪੱਸ਼ਟਤਾ ਦਾ ਗੁਣ ਉਭਰਦਾ ਹੈ। ਉਸ ਨੇ ਗੁਰਮਤਿ ਦੇ ਹਰ ਵਿਸ਼ੇ ਨੂੰ ਪੂਰੀ ਤਰ੍ਹਾਂ ਪਹਿਲਾਂ ਸਮਝਿਆ ਹੈ ਫਿਰ ਪਾਠਕ ਦੀ ਪੱਧਰ ਤੇ ਆ ਕੇ ਸਰਲ ਤੇ ਸਾਦੀ ਬੋਲੀ ਵਿਚ ਵਿਸ਼ੇ ਦਾ ਸੰਚਾਰ ਕੀਤਾ ਹੈ। ਆਲ ਇੰਡੀਆ ਰੇਡੀਓ ਜਲੰਧਰ ਵਿਚ ਨਿਰੰਤਰ 16 ਸਾਲ 'ਗੁਰਬਾਣੀ ਵਿਚਾਰ' ਪ੍ਰੋਗਰਾਮ ਦਾ ਇੰਚਾਰਜ ਰਿਹਾ ਹੋਣ ਕਰਕੇ ਉਸ ਦੇ ਆਪਣੇ ਆਪੇ ਵਿਚ ਸਹਿਜ ਸੁਭਾਵਿਕ ਹੀ ਸਰਲਤਾ ਦਾ ਗੁਣ ਪ੍ਰਵੇਸ਼ ਕਰ ਗਿਆ ਹੈ। ਉਸ ਦੀ ਵਾਰਤਕ ਸ਼ੈਲੀ ਵਿਚ ਇਕ ਵਾਰੀ ਫੇਰ ਪ੍ਰਿੰ: ਤੇਜਾ ਸਿੰਘ, ਭਾਈ ਜੋਧ ਸਿੰਘ, ਭਾਈ ਵੀਰ ਸਿੰਘ ਤੇ ਐਸ. ਐਸ. ਅਮੋਲ ਦੀ ਵਾਰਤਕ ਦੀ ਸਾਦਗੀ ਤੇ ਸਰਲਤਾ ਦੇ ਦਰਸ਼ਨ ਹੁੰਦੇ ਹਨ।

ਸੰਖੇਪਤਾ ਤੇ ਸੰਜਮ, ਵਿਸ਼ੇ ਦੀ ਸਿੱਧੀ ਪਕੜ, ਪੰਜਾਬੀ ਬੋਲੀ ਤੇ ਪੂਰਾ ਕਾਬੂ, ਜਜ਼ਬੇ ਤੇ ਬੁੱਧੀ ਦਾ ਸੁਮੇਲ, ਪ੍ਰਭਾਵ ਦੀ ਇਕਾਗਰਤਾ, ਸਮੁੱਚੀ ਵਾਰਤਕ ਦੇ ਅੰਤਰਗਤ ਵਹਿੰਦੀ ਗੁਰਬਾਣੀ ਦੀ ਵਿਚਾਰਧਾਰਾ ਆਦਿ ਗੁਣ ਉਸਦੀ ਵਾਰਤਕ ਨੂੰ ਨਿਖਾਰਦੇ ਹਨ।

ਇਸ ਤਰ੍ਹਾਂ ਇਹ ਰਚਨਾ ਵਿਸ਼ੇ ਤੇ ਸ਼ੈਲੀ ਪੱਖ ਤੋਂ ਇਕ ਉੱਤਮ ਰਚਨਾ ਬਣ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੀ ਚੌਥੀ ਸ਼ਤਾਬਦੀ ਦੌਰਾਨ ਸ: ਗੋਬਿੰਦਪੁਰੀ ਨੇ ਇਸ ਅਦੁੱਤੀ ਪੁਸਤਕ ਦੀ ਰਚਨਾ ਕਰਕੇ ਸਮੇਂ ਦਾ ਹਾਣੀ ਹੋਣ ਦਾ ਸਬੂਤ ਦਿੱਤਾ ਹੈ। ਮੈਨੂੰ ਪੂਰੀ ਆਸ ਹੈ ਕਿ ਇਹ ਪੁਸਤਕ ਗੁਰਬਾਣੀ ਦੇ ਖੋਜੀਆਂ, ਪ੍ਰਚਾਰਕਾਂ, ਵਿਆਖਿਆਕਾਰਾਂ ਦਾ ਪੱਥ-ਪ੍ਰਦਰਸ਼ਨ ਕਰੇਗੀ। ਮੈਂ ਸ: 'ਗੋਬਿੰਦਪੁਰੀ' ਨੂੰ ਇਸ ਨਵੇਂ ਸਫਲ ਪ੍ਰਯੋਗ ਤੇ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ ਤੇ ਆਸ ਕਰਦਾ ਹਾਂ ਕਿ ਉਸ ਦੀ ਕਲਮ ਰਾਹੀਂ ਗੁਰਮਤਿ ਵਿਚਾਰਧਾਰਾ ਸਬੰਧੀ ਹੋਰ ਅਮੁੱਲੇ ਵਿਚਾਰ ਸਾਹਿਤ ਦੇ ਕੋਮਲ ਪੰਨਿਆਂ ਤੇ ਅੰਕਤ ਹੁੰਦੇ ਰਹਿਣਗੇ ਤੇ ਸਮੁੱਚੀ ਮਾਨਵਤਾ ਵਿਚ ਗੁਰਬਾਣੀ ਦੀ ਰੋਸ਼ਨੀ ਪ੍ਰਵਾਹਿਤ ਤੇ ਪ੍ਰਸਾਰਿਤ ਹੁੰਦੀ ਰਹੇਗੀ।

ਡਾ: ਇੰਦਰਜੀਤ ਸਿੰਘ 'ਵਾਸੂ'

ਐਮ. ਏ., ਐਮ. ਫਿਲ., ਪੀ. ਐਚ. ਡੀ.

ਸਾਬਕਾ ਪ੍ਰਿੰਸੀਪਲ ਗੁਰੂ ਨਾਨਕ ਨਵ ਭਾਰਤ ਕਾਲਜ

ਨਰੂੜ ਪਾਂਛਟ (ਕਪੂਰਥਲਾ)

ਸਾਬਕਾ ਮੈਂਬਰ ਸੈਨੇਟ ਤੇ ਸਿੰਡੀਕੇਟ

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਅਕਤੂਬਰ 5, 2004
ਫਗਵਾੜਾ।

ਤਤਕਰਾ

1. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ... 1
2. ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ... 5
3. ਮੂਲ ਮੰਤ੍ਰ 9
4. ਨਾਮ 13
5. ਕਿਰਤ 17
6. ਵੰਡ ਛਕਣਾ 21
7. ਸੇਵਾ 25
8. ਗੁਰਬਾਣੀ 29
9. ਸਤਿਗੁਰੂ 33
10. ਬ੍ਰਹਮ ਗਿਆਨੀ 37
11. ਪਰਉਪਕਾਰ 41
12. ਸਿਮਰਨ 45
13. ਸਹਿਜ ਅਵਸਥਾ 49
14. ਸਤਿ ਸੰਗਤ 53
15. ਪਾਰਬ੍ਰਹਮ ਬੇਅੰਤ 57
16. ਗੁਰਮੁਖ 61
17. ਸਮਦਰਸ਼ੀ 65
18. ਸੰਤੋਖ 69
19. ਦਾਤਾਰ 73
20. ਸਹਿਨਸ਼ੀਲਤਾ 77
21. ਸਚੁ 81
22. ਪ੍ਰੇਮ ਦਾ ਮਾਰਗ 85
23. ਅਨੰਦ 89
24. ਸਾਂਝੀਵਾਲਤਾ 93
25. ਅੰਮ੍ਰਿਤ 97
26. ਧਰਮ 101
27. ਦਇਆ 105
28. ਮਿੱਠਾ ਬੋਲਣਾ 109
29. ਨਿਮਰਤਾ 114
30. ਅੰਮ੍ਰਿਤਸਰ 117
31. ਗੁਰਸਿੱਖ 121
32. ਨਦਰਿ 125
33. ਉੱਦਮ 129
34. ਹਰਿ ਮੰਦਰ 133
35. ਆਤਮਿਕ ਸ਼ਾਂਤੀ 137
36. ਧੀਰਜ 141
37. ਪੁੰਨ-ਦਾਨ 145
38. ਕੀਰਤਨ 149
39. ਅੰਮ੍ਰਿਤ ਵੇਲਾ 153
40. ਸੱਚਾ ਵਪਾਰ 157
41. ਨਿਰਮਲਤਾ 161
42. ਇਸ਼ਨਾਨ 165
43. ਲੰਗਰ 169
44. ਭਾਣਾ 173
45. ਸ਼ਬਦ ਗੁਰੂ 177
46. ਮੁਕਤੀ 181
47. ਦੁਬਿਧਾ 185
48. ਹੁਕਮ 189
49. ਵਿਛੋੜਾ 193
50. ਵੈਰਾਗ 197
51. ਸੰਨਿਆਸ 201
52. ਗ੍ਰਿਹਸਤ ਜੀਵਨ 205
53. ਨਾਸਮਾਨਤਾ 209
54. ਕਰਮ 213

[illegible]

55. ਮਮਤਾ 217
56. ਜੋਗ 221
57. ਨਾਰੀ 225
58. ਹਰਖ ਸੋਗ 229
59. ਮਾਣਸ ਜਨਮ 233
60. ਮਨ 237
61. ਬੁਰਾ ਭਲਾ 241
62. ਵਹਿਮ-ਭਰਮ 245
63. ਸੁਖ ਦੁੱਖ 249
64. ਜੋਬਨ 253
65. ਭੈ 257
66. ਇੰਦ੍ਰੀਆਂ 261
67. ਅਹਾਰ (ਭੋਜਨ) 265
68. ਸਿਆਣਪ 269
69. ਸੂਰਮਾ 273
70. ਪ੍ਰਧਾਨ 277
71. ਅਰੋਗਤਾ 281
72. ਜੇਹਾ ਬੀਜੈ ਸੋ ਲੁਣੈ 285
73. ਬੁਢਾਪਾ 289
74. ਨੇਤ੍ਰ 293
75. ਰਸਨਾ 297
76. ਕੰਨ 301
77. ਤੀਰਥ ਇਸ਼ਨਾਨ 305
78. ਆਵਾਗਵਣ 309
79. ਮੌਤ 313
80. ਕਾਮ 317
81. ਕ੍ਰੋਧ 321
82. ਲੋਭ 325
83. ਮੋਹ 329
84. ਅਹੰਕਾਰ 333
85. ਨਿੰਦਿਆ 337
86. ਤ੍ਰਿਸ਼ਨਾ 341
87. ਮਨਮੁਖ 345
88. ਹਉਮੈ 349
89. ਅਕ੍ਰਿਤਘਣ 353
90. ਜ਼ੋਰ ਤੇ ਜਬਰ 357
91. ਜਾਤ-ਪਾਤ 361
92. ਵੈਰ-ਵਿਰੋਧ 365
93. ਕਪਟ 369
94. ਪਰਾਇਆ ਹੱਕ 373
95. ਚਿੰਤਾ 377
96. ਪਾਪ 381
97. ਮਾਇਆ 385
98. ਗੁਰ ਜੇਵਡੁ ਅਵਰੁ ਨ ਕੋਇ ... 389
99. ਗੁਰਬਾਣੀ ਦਾ ਸਤਿਕਾਰ ਕਰੀਏ... 393
100. ਅਰਦਾਸ 397

[illegible]

ੳ: ਕਰਮ: ਖੇਤੀ, ਨੌਕਰੀ, ਕਿਰਤੀ, ਦਸਤੀ, ਡ੍ਰਾਈਵਰ ਅਤੇ ਵਪਾਰ॥
ਅ: ਜਾਪ, ਹੋਮ, ਸੰਧਿਆ, ਇਸ਼ਨਾਨ, ਮੂਰਤੀ ਪੂਜਾ, ਦਾਨ ਦੇਣਾ ਅਤੇ ਲੈਣਾ।
ੲ: ਯੱਗ ਕਰਨਾ ਅਤੇ ਕਰਾਉਣਾ, ਵਿਦਿਆ ਪੜ੍ਹਨੀ ਅਤੇ ਪੜ੍ਹਾਉਣੀ, ਦਾਨ ਦੇਣਾ ਅਤੇ ਲੈਣਾ

(1)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ

ਗੁਰੂ ਨਾਨਕ ਦੇਵ ਜੀ ਨੇ ਲੋਕਾਈ ਦਾ ਉਧਾਰ ਕਰਨ ਲਈ ਜਦੋਂ ਉਦਾਸੀਆਂ ਅਰੰਭ ਕੀਤੀਆਂ ਤਾਂ ਆਪ ਜੀ ਇਨ੍ਹਾਂ ਉਦਾਸੀਆਂ ਦੌਰਾਨ ਵੱਖ-ਵੱਖ ਮੱਤਾਂ ਦੇ ਧਾਰਮਿਕ ਅਸਥਾਨਾਂ ਅਤੇ ਤੀਰਥਾਂ ਆਦਿ ਤੇ ਵੀ ਗਏ ਤਾਂ ਕਿ ਲੋਕਾਂ ਦੇ ਮਨਾਂ ਅੰਦਰ ਘਰ ਕਰ ਚੁੱਕੇ ਵਹਿਮ-ਭਰਮ, ਕਰਮ-ਕਾਂਡ, ਜਾਤੀ ਵਿਤਕਰੇ, ਊਚ-ਨੀਚ, ਪਾਖੰਡ ਆਦਿ ਤੋਂ ਉਨ੍ਹਾਂ ਨੂੰ ਨਿਜਾਤ ਦੁਆ ਕੇ ਇਕ ਨਵੇਂ ਤੇ ਨਰੋਏ ਸਮਾਜ ਦੀ ਸਿਰਜਨਾ ਕੀਤੀ ਜਾਏ ਜਿਸ ਵਿਚ ਹਰ ਇਕ ਨੂੰ ਬਰਾਬਰ ਦੇ ਹੱਕ ਪ੍ਰਾਪਤ ਹੋਣ।

ਆਪ ਜੀ ਉਨ੍ਹਾਂ ਸੰਤਾਂ, ਭਗਤਾਂ ਅਤੇ ਸੂਫ਼ੀਆਂ ਦੇ ਡੇਰਿਆਂ ਤੇ ਵੀ ਗਏ ਜਿਨ੍ਹਾਂ ਨੇ ਮਨੁੱਖਤਾ ਦੀ ਭਲਾਈ ਲਈ ਸਮੇਂ ਸਮੇਂ ਯੋਗਦਾਨ ਪਾਇਆ ਜਾਂ ਪਾ ਰਹੇ ਸਨ। ਇਨ੍ਹਾਂ ਅਸਥਾਨਾਂ ਤੋਂ ਭਗਤਾਂ ਅਤੇ ਸੂਫ਼ੀਆਂ ਦੀਆਂ ਜੋ ਜੋ ਲਿਖਤਾਂ ਗੁਰੂ ਬਾਬੇ ਨੂੰ ਪ੍ਰਾਪਤ ਹੁੰਦੀਆਂ, ਉਨ੍ਹਾਂ ਨੂੰ ਆਪ ਜੀ ਇਕੱਠਿਆਂ ਕਰਦੇ ਗਏ ਅਤੇ ਉਸ ਵਿਚੋਂ ਅਜਿਹੀ ਬਾਣੀ ਨੂੰ ਸੰਭਾਲ ਕੇ ਰੱਖਦੇ ਗਏ ਜਿਹੜੀ ਗੁਰਮਤਿ ਦੀ ਕਸਵੱਟੀ ਤੇ ਪੂਰੀ ਉਤਰਦੀ ਸੀ।

ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਸੌਂਪਣ ਵੇਲੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਅਤੇ ਭਗਤਾਂ ਦੀ ਇਕੱਤਰ ਕੀਤੀ ਹੋਈ ਬਾਣੀ ਵੀ ਆਪ ਜੀ ਨੂੰ ਸੌਂਪੀ। ਗੁਰੂ ਅੰਗਦ ਦੇਵ ਜੀ ਨੇ ਆਪਣੀ ਬਾਣੀ ਅਤੇ ਗੁਰੂ ਬਾਬੇ ਵਲੋਂ ਦਿੱਤੀ ਬਾਣੀ ਅੱਗੇ ਗੁਰੂ ਅਮਰਦਾਸ ਜੀ ਨੂੰ ਭੇਟ ਕੀਤੀ। ਇਸ ਤਰ੍ਹਾਂ ਪਹਿਲੇ ਚਾਰ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਗੁਰੂ ਅਰਜਨ ਦੇਵ ਜੀ ਪਾਸ ਪੁੱਜੀ। ਜਨਮ ਸਾਖੀਆਂ ਵਿਚ ਵੀ ਇਸ ਗੱਲ ਦਾ ਜ਼ਿਕਰ ਆਇਆ ਹੈ ਕਿ ਗੁਰੂ ਸਾਹਿਬ ਜਦੋਂ ਆਪਣੇ ਉੱਤਰ ਅਧਿਕਾਰੀ ਅੱਗੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਮੱਥਾ ਟੇਕਦੇ ਤਾਂ ਨਾਲ ਇਕ ਪੋਥੀ ਵੀ ਦਿੰਦੇ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਰਾਗੁ ਗਉੜੀ ਵਿਚ ਪਿਉ ਦਾਦੇ ਦਾ ਖ਼ਜ਼ਾਨਾ ਆਖ ਕੇ ਸਲਾਹਿਆ :

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥
ਰਤਨ ਲਾਲ ਜਾ ਕਾ ਕਛੂ ਨ ਮੋਲੁ॥
ਭਰੇ ਭੰਡਾਰ ਅਖੂਟ ਅਤੋਲ॥ *(ਅੰਗ ੧੮੬)*

ਭਗਤ ਕਬੀਰ ਜੀ ਅਤੇ ਬਾਬਾ ਫ਼ਰੀਦ ਜੀ ਦੀ ਬਾਣੀ ਦਾ ਅਧਿਐਨ ਕਰਨ ਤੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਨ੍ਹਾਂ ਦੀ ਬਾਣੀ ਗੁਰੂ ਸਾਹਿਬਾਨ ਪਾਸ ਪਹਿਲਾਂ ਹੀ ਮੌਜੂਦ ਸੀ। ਉਦਾਹਰਨ ਵਜੋਂ ਭਗਤ ਕਬੀਰ ਜੀ ਦਾ ਸਲੋਕ ਹੈ :

ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ॥
ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ॥

(ਸਲੋਕ ਨੰਬਰ ੨੧੯, ਅੰਗ ੧੩੭੬)

ਇਸ ਸਬੰਧੀ ਗੁਰੂ ਅਮਰਦਾਸ ਜੀ ਦਾ ਉਚਾਰਿਆ ਹੋਇਆ ਸਲੋਕ ਹੈ :

ਚਿੰਤਾ ਭਿ ਆਪਿ ਕਰਾਇਸੀ ਅਚਿੰਤੁ ਭਿ ਆਪੇ ਦੇਇ॥
ਨਾਨਕ ਸੋ ਸਾਲਾਹੀਐ ਜਿ ਸਭਨਾ ਸਾਰ ਕਰੇਇ॥

(ਸਲੋਕ ਨੰਬਰ ੨੨੦, ਅੰਗ ੧੩੭੬)

ਇਸੇ ਪ੍ਰਕਾਰ ਸ਼ੇਖ ਬਾਬਾ ਫ਼ਰੀਦ ਜੀ ਦਾ ਸਲੋਕ ਹੈ :

ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ॥
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥

(ਸਲੋਕ ਨੰਬਰ ੧੨, ਅੰਗ ੧੩੭੮)

ਗੁਰੂ ਅਮਰਦਾਸ ਜੀ ਇਸੇ ਵਿਚਾਰ ਨੂੰ ਹੋਰ ਸਪੱਸ਼ਟ ਕਰਦੇ ਹਨ :

ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥
ਆਪਣਾ ਲਾਇਆ ਪਿਰਮੁ ਨਾ ਲਗਈ ਜੇ ਲੋਚੈ ਸਭੁ ਕੋਇ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥

(ਸਲੋਕ ਨੰਬਰ ੧੩, ਅੰਗ ੧੩੭੮)

ਹੁਣ ਗੁਰੂ ਅਰਜਨ ਦੇਵ ਜੀ ਦੇ ਸਾਹਮਣੇ ਵੱਡਾ ਕਾਰਜ ਸੀ ਬਾਣੀ ਦੀ ਪਵਿੱਤਰਤਾ ਨੂੰ ਕਾਇਮ ਰੱਖਣਾ, ਭਾਵ ਕਿਸੇ ਕਿਸਮ ਦੇ ਰਲਾਅ ਜਾਂ ਵਾਧੇ ਘਾਟੇ ਤੋਂ ਬਚਾ ਕੇ ਰੱਖਣਾ। ਗੁਰੂ-ਘਰ ਵਿਚ ਪ੍ਰਿਥੀ ਚੰਦ ਵਰਗੇ ਮਨਮੁਖ ਅਤੇ ਵਿਰੋਧੀ ਪੈਦਾ ਹੋ ਚੁੱਕੇ ਸਨ ਜਿਨ੍ਹਾਂ ਨੇ ਨਾਨਕ ਨਾਮ ਲਗਾ ਕੇ ਕੱਚੀ ਬਾਣੀ ਰਚਨੀ ਅਰੰਭ ਕਰ ਦਿੱਤੀ ਸੀ ਜਿਸ ਦਾ ਸੰਕੇਤ ਗੁਰੂ ਅਮਰਦਾਸ ਜੀ ਦੀ ਬਾਣੀ ਤੋਂ ਭਲੀ-ਭਾਂਤ ਮਿਲਦਾ ਹੈ :

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥

(ਰਾਗੁ ਰਾਮਕਲੀ ਮਹਲਾ ੩ ਅਨੰਦੁ, ਅੰਗ ੯੨੦)

ਇਸ ਲਈ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਬੀੜ ਬੰਨ੍ਹਣ ਦਾ ਨਿਰਣਾ ਕੀਤਾ ਤਾਂ ਕਿ ਬਾਣੀ ਦੀ ਸੰਭਾਲ ਕੀਤੀ ਜਾ ਸਕੇ, ਕਿਸੇ ਕਿਸਮ ਦੀ ਕੱਚੀ ਬਾਣੀ ਨਾਲ ਇਸ ਵਿਚ ਵਾਧਾ ਘਾਟਾ ਨਾ ਕੀਤਾ ਜਾ ਸਕੇ ਅਤੇ ਲੋਕ ਬੋਲੀ ਵਿਚ ਰਚੇ ਇਸ ਰੂਹਾਨੀਅਤ ਦੇ ਸਰਬ-ਸਾਂਝੇ ਗ੍ਰੰਥ ਤੋਂ ਲੋਕਾਈ ਨੂੰ ਹਰ ਪੱਖ ਤੋਂ ਅਗਵਾਈ ਮਿਲਦੀ ਰਹੇ। ਇਸ ਮਹਾਨ ਕਾਰਜ ਦੀ ਪੂਰਤੀ ਲਈ ਭਗਤਾਂ ਦੀ ਬਾਣੀ ਆਪ ਜੀ ਨੇ ਆਪਣੇ ਸਰੋਤਾਂ ਤੋਂ ਵੀ ਇਕੱਤਰ ਕੀਤੀ।

ਇਸ ਸਾਰੀ ਸੋਚ ਵਿਚਾਰ ਤੋਂ ਬਾਅਦ (ਗੁਰੂ) ਗ੍ਰੰਥ ਸਾਹਿਬ ਦੀ ਸੰਪਾਦਨਾ ਲਈ ਇਕਾਂਤ ਸਥਾਨ ਨੂੰ ਚੁਣਿਆ ਗਿਆ ਜਿੱਥੇ ਹੁਣ ਗੁਰਦੁਆਰਾ ਰਾਮਸਰ ਸੁਸ਼ੋਭਤ ਹੈ। ਲਿਖਾਰੀ ਵਜੋਂ ਇਹ ਮਾਣ ਭਾਈ ਗੁਰਦਾਸ ਜੀ ਨੂੰ ਬਖਸ਼ਿਆ ਗਿਆ। ਇਕ ਚੰਗੇ ਲਿਖਾਰੀ ਅਤੇ ਵਿਦਵਾਨ ਹੋਣ ਦੇ ਨਾਲ-ਨਾਲ ਆਪ ਜੀ ਪੰਜਾਬੀ, ਹਿੰਦੀ, ਬ੍ਰਿਜ, ਸੰਸਕ੍ਰਿਤ, ਫ਼ਾਰਸੀ ਆਦਿ ਭਾਸ਼ਾਵਾਂ ਦੇ ਗਿਆਤਾ ਸਨ। ਗੁਰੂ ਜੀ ਲਿਖਵਾਉਂਦੇ ਗਏ ਅਤੇ ਭਾਈ ਗੁਰਦਾਸ ਜੀ ਇਕਾਗਰ ਚਿੱਤ ਹੋ ਕੇ ਲਿਖਦੇ ਗਏ।

(ਗੁਰੂ) ਗ੍ਰੰਥ ਜੀ ਦਾ ਅਰੰਭ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਹੋਏ ਮੂਲ-ਮੰਤ੍ਰ '੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਨਾਲ ਕੀਤਾ ਗਿਆ। ਇਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਜਪੁ' ਜੀ ਨੂੰ ਦਰਜ ਕੀਤਾ ਗਿਆ। ਇਸ ਤੋਂ ਬਾਅਦ 'ਸੋ ਦਰੁ' ਦੀ ਬਾਣੀ ਅਤੇ ਫਿਰ 'ਸੋਹਿਲਾ'। 'ਜਪੁ' ਜੀ ਦੀ ਬਾਣੀ ਰਾਗ-ਰਹਿਤ ਹੈ। ਇਹ ਤਿੰਨੇ ਬਾਣੀਆਂ ਪੰਨਾ 13 ਤੱਕ ਅੰਕਿਤ ਹਨ।

ਇਸ ਤੋਂ ਬਾਅਦ ਅੰਗ 14 ਤੋਂ ਲੈ ਕੇ ਅੰਗ 1353 ਤੱਕ ਸਾਰੀ ਬਾਣੀ 31 ਰਾਗਾਂ ਵਿਚ ਹੈ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਸਿਰੀਰਾਗੁ, ਰਾਗੁ ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਨਟ ਨਾਰਾਇਨ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤੁ, ਸਾਰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ ਅਤੇ ਰਾਗੁ ਜੈਜਾਵੰਤੀ।

ਇਨ੍ਹਾਂ 31 ਰਾਗਾਂ ਤੋਂ ਇਲਾਵਾ ਮਿਸ਼ਰਤ ਰਾਗ ਵੀ ਹਨ ਜਿਵੇਂ ਗਉੜੀ ਮਾਝ, ਸੂਹੀ ਲਲਿਤ, ਬਿਲਾਵਲੁ ਗੋਂਡ, ਬਸੰਤੁ ਹਿੰਡੋਲ, ਕਲਿਆਣ ਭੋਪਾਲੀ, ਪ੍ਰਭਾਤੀ ਬਿਭਾਸ, ਰਾਗੁ ਆਸਾ ਵਿਚ ਆਸਾਵਰੀ ਆਦਿ।

ਰਾਗਾਂ ਵਿਚ ਉਚਾਰੀ ਗਈ ਬਾਣੀ ਵਿਚ ਪਹਿਲਾਂ ਗੁਰੂ ਸਾਹਿਬਾਨ ਦੀ ਬਾਣੀ ਦਰਜ ਕੀਤੀ ਗਈ ਹੈ ਅਤੇ ਬਾਅਦ ਵਿਚ ਭਗਤਾਂ ਦੀ ਬਾਣੀ। ਹਰ ਸ਼ਬਦ ਦੇ ਆਰੰਭ ਵਿਚ ਗੁਰੂ ਸਾਹਿਬਾਨ ਲਈ ਮਹਲਾ ੧, ਮਹਲਾ ੨, ਮਹਲਾ ੩, ਮਹਲਾ ੪, ਮਹਲਾ ੫ ਦਾ ਪ੍ਰਯੋਗ ਕੀਤਾ ਗਿਆ ਹੈ ਅਤੇ ਭਗਤਾਂ ਦੀ ਬਾਣੀ ਵਿਚ ਭਗਤਾਂ ਦਾ ਨਾਮ ਲਿਖਿਆ ਗਿਆ ਹੈ। ਹਰ ਰਾਗੁ ਵਿਚ ਪਹਿਲਾਂ ਸ਼ਬਦ, ਫਿਰ ਅਸਟਪਦੀਆਂ, ਛੰਤ, ਸੋਲਹੇ, ਵਾਰਾਂ ਆਦਿ ਦੀ ਤਰਤੀਬ ਰੱਖੀ ਗਈ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਅਦ ਵਿਚ ਦਮਦਮਾ ਸਾਹਿਬ (ਤਲਵੰਡੀ ਸਾਬੋ) ਵਿਖੇ ਗੁਰੂ ਗ੍ਰੰਥ ਸਾਹਿਬ ਵਿਚ ਚਾੜ੍ਹੀ।

ਜਿਨ੍ਹਾਂ 15 ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਗਿਆ ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ :

ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਤ੍ਰਿਲੋਚਨ ਜੀ, ਬਾਬਾ ਫਰੀਦ ਜੀ, ਭਗਤ ਬੇਣੀ ਜੀ, ਭਗਤ ਧੰਨਾ ਜੀ, ਭਗਤ ਜੈ ਦੇਵ ਜੀ, ਭਗਤ ਭੀਖਣ ਜੀ, ਭਗਤ ਸੂਰਦਾਸ ਜੀ (ਕੇਵਲ ਇਕ ਤੁਕ), ਭਗਤ ਪਰਮਾਨੰਦ ਜੀ, ਭਗਤ ਸੈਣ ਜੀ, ਭਗਤ ਪੀਪਾ ਜੀ, ਭਗਤ ਸਧਨਾ ਜੀ ਅਤੇ ਭਗਤ ਰਾਮਾਨੰਦ ਜੀ। ਇਨ੍ਹਾਂ ਤੋਂ ਇਲਾਵਾ ਬਾਬਾ ਸੁੰਦਰ ਜੀ ਦੀ ਬਾਣੀ 'ਸਦੁ', ਸਤੇ ਬਲਵੰਡ ਕੀ ਵਾਰ ਨੂੰ ਦਰਜ ਕੀਤਾ ਗਿਆ ਹੈ।

ਰਾਗਾਂ ਵਾਲੀ ਬਾਣੀ ਤੋਂ ਬਾਅਦ ਅੰਗ 1353 ਤੋਂ ਹੀ ਰਾਗੁ ਰਹਿਤ ਬਾਣੀ ਅਰੰਭ ਹੁੰਦੀ ਹੈ ਜਿਸ ਵਿਚ ਹੇਠ ਲਿਖੀਆਂ ਬਾਣੀਆਂ ਦਰਜ ਕੀਤੀਆਂ ਗਈਆਂ :

ਸਲੋਕ ਸਹਸਕ੍ਰਿਤੀ ਮਹਲਾ ੧, ਸਹਸਕ੍ਰਿਤੀ ਮਹਲਾ ੫, ਗਾਥਾ—ਮਹਲਾ ੫, ਫੁਨਹੇ—ਮਹਲਾ ੫, ਚਉਬੋਲੇ—ਮਹਲਾ ੫, ਸਲੋਕ ਭਗਤ ਕਬੀਰ ਜੀ, ਸਲੋਕ ਬਾਬਾ ਫਰੀਦ ਜੀ, ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫ (9), ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫ (11),

ਸਵਈਏ ਮਹਲੇ ਪਹਿਲੇ ਕੇ, ਦੂਜੇ ਕੇ, ਤੀਜੇ ਕੇ, ਚੌਥੇ ਕੇ, ਪੰਜਵੇਂ ਕੇ, ਸਲੋਕ ਵਾਰਾਂ ਤੇ ਵਧੀਕ ਮਹਲਾ ੧, ਮਹਲਾ ੩, ਮਹਲਾ ੪, ਮਹਲਾ ੫, ਸਲੋਕ ਮਹਲਾ ੯, ਮੁੰਦਾਵਣੀ ਮਹਲਾ ੫।

'ਸਵਈਏ ਮਹਲੇ ਪਹਿਲੇ ਕੇ, ਦੂਜੇ ਕੇ, ਤੀਜੇ ਕੇ, ਚੌਥੇ ਕੇ, ਪੰਜਵੇਂ ਕੇ', ਭੱਟਾਂ ਦੀ ਰਚਨਾ ਹੈ ਜੋ ਗੁਰੂ ਸਾਹਿਬਾਨ ਦੀ ਉਸਤਤਿ ਵਿਚ ਭੱਟਾਂ ਨੇ ਉਚਾਰੇ। ਇਨ੍ਹਾਂ ਭੱਟਾਂ ਦੇ ਨਾਮ ਇਸ ਪ੍ਰਕਾਰ ਹਨ :

ਭੱਟ ਕਲਸਹਾਰ ਜੀ, ਜਾਲਪ ਜੀ, ਕੀਰਤ ਜੀ, ਭਿਖਾ ਜੀ, ਸਲ੍ਯ ਜੀ, ਭਲ੍ਯ ਜੀ, ਨਲ੍ਯ ਜੀ, ਬਲ੍ਯ ਜੀ, ਗਯੰਦ ਜੀ, ਮਥੁਰਾ ਜੀ ਅਤੇ ਹਰਿਬੰਸ ਜੀ।

ਗੁਰੂ ਗ੍ਰੰਥ ਸਾਹਿਬ ਵਿਚ 22 ਵਾਰਾਂ ਦਰਜ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ—ਗੁਰੂ ਨਾਨਕ ਦੇਵ ਜੀ-3, ਗੁਰੂ ਅਮਰਦਾਸ ਜੀ-4, ਗੁਰੂ ਰਾਮਦਾਸ ਜੀ-8, ਗੁਰੂ ਅਰਜਨ ਦੇਵ ਜੀ-6 ਅਤੇ ਸਤੇ ਬਲਵੰਡ ਦੀ ਵਾਰ-1। ਵਾਰਾਂ ਵਿਚਲੀਆਂ ਪਉੜੀਆਂ ਨਾਲ ਗੁਰੂ ਸਾਹਿਬਾਨ ਦੇ ਸਲੋਕ ਵੀ ਦਰਜ ਕੀਤੇ ਗਏ ਹਨ ਪ੍ਰੰਤੂ ਬਸੰਤੁ ਕੀ ਵਾਰ ਮਹਲਾ ੫ ਅਤੇ ਸਤੇ ਬਲਵੰਡ ਦੀ ਵਾਰ ਨਾਲ ਕੋਈ ਸਲੋਕ ਅੰਕਤ ਨਹੀਂ ਕੀਤਾ ਗਿਆ। ਗੁਰੂ ਅੰਗਦ ਦੇਵ ਜੀ ਨੇ ਕੇਵਲ ਸਲੋਕ ਹੀ ਉਚਾਰੇ ਹਨ ਜਿਨ੍ਹਾਂ ਨੂੰ ਸੰਪਾਦਨਾ ਵੇਲੇ ਵਾਰਾਂ ਦੀਆਂ ਪਉੜੀਆਂ ਨਾਲ ਅੰਕਤ ਕੀਤਾ ਗਿਆ। ਬਾਕੀ ਗੁਰੂ ਸਾਹਿਬਾਨ ਦੇ ਜਿਹੜੇ ਸਲੋਕ ਵਧ ਗਏ ਉਨ੍ਹਾਂ ਸਲੋਕਾਂ ਨੂੰ 'ਸਲੋਕ ਵਾਰਾਂ ਤੇ ਵਧੀਕ' ਸਿਰਲੇਖ ਹੇਠ ਦਰਜ ਕੀਤਾ ਗਿਆ।

ਹਰੇਕ ਰਾਗੁ ਵਿਚ ਵੱਖ-ਵੱਖ ਗੁਰੂ ਸਾਹਿਬਾਨ ਵਲੋਂ ਉਚਾਰੇ ਸ਼ਬਦ, ਅਸ਼ਟਪਦੀਆਂ, ਛੰਤ, ਸੋਲਹੇ ਆਦਿ ਦੀ ਗਿਣਤੀ ਦਿੱਤੀ ਗਈ ਹੈ ਅਤੇ ਅਖ਼ੀਰ ਵਿਚ ਕੁੱਲ ਜੋੜ ਦਿੱਤਾ ਗਿਆ ਹੈ ਤਾਂ ਕਿ ਕਿਧਰੇ ਵਾਧਾ ਘਾਟਾ ਨਾ ਕੀਤਾ ਜਾ ਸਕੇ। ਜਿਵੇਂ :

ਸਿਰੀਰਾਗੁ ਮਹਲਾ ੧॥ ੩੩॥
ਸਿਰੀਰਾਗੁ ਮਹਲਾ ੩॥ ੩੩॥ ੩੧॥ ੬੪॥
ਸਿਰੀਰਾਗੁ ਮਹਲਾ ੪॥ ੩੩॥ ੩੧॥੬॥ ੭੦॥
ਸਿਰੀਰਾਗੁ ਮਹਲਾ ੫॥ ੩੦॥ ੧੦੦॥

ਇਹੋ ਤਰਤੀਬ ਭਗਤ ਬਾਣੀ ਵਿਚ ਹਰ ਭਗਤ ਲਈ ਵੱਖਰੀ-ਵੱਖਰੀ ਦਿੱਤੀ ਗਈ ਹੈ।

ਸੰਪਾਦਨਾ ਦਾ ਮਹਾਨ ਕਾਰਜ ਨੇਪਰੇ ਚੜ੍ਹਨ ਤੇ ਬੀੜ ਦੀ ਜਿਲਦ ਬੰਨ੍ਹਵਾ ਕੇ ਪੂਰੀ ਸ਼ਾਨ ਅਤੇ ਸਤਿਕਾਰ ਨਾਲ ਸੰਗਤਾਂ ਸ਼ਬਦ ਕੀਰਤਨ ਕਰਦੀਆਂ ਹੋਈਆਂ ਗੁਰਦੁਆਰਾ ਰਾਮਸਰ ਵਾਲੇ ਅਸਥਾਨ ਤੋਂ ਚਲੀਆਂ। (ਗੁਰੂ) ਗ੍ਰੰਥ ਸਾਹਿਬ ਦੀ ਬੀੜ ਗੁਰੂ ਘਰ ਦੇ ਅਨਿਨ ਸੇਵਕ ਬਾਬਾ ਬੁੱਢਾ ਜੀ ਨੇ ਆਪਣੇ ਸੀਸ ਤੇ ਚੁੱਕੀ ਹੋਈ ਸੀ ਅਤੇ ਗੁਰੂ ਅਰਜਨ ਦੇਵ ਜੀ ਨੰਗੇ ਪੈਰੀਂ ਚੌਰ ਕਰ ਰਹੇ ਸਨ। ਸ੍ਰੀ ਹਰਿਮੰਦਰ ਸਾਹਿਬ ਪ੍ਰੁੱਜ ਕੇ, (ਗੁਰੂ) ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਭਾਦੋਂ ਸੁਦੀ ਏਕਮ ਸੰਮਤ 1661, ਸੰਨ 1604 ਦਾ ਇਹ ਸ਼ੁਭ ਦਿਹਾੜਾ ਸੀ। ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ ਗਿਆ।

ਨਾਨਕਸ਼ਾਹੀ ਕੈਲੰਡਰ ਮੁਤਾਬਕ ਇਸ ਸਾਲ ਪਹਿਲੀ ਸਤੰਬਰ, 2004 ਤੋਂ ਗੁਰੂ ਗ੍ਰੰਥ ਸਾਹਿਬ ਦਾ ਚਾਰ ਸੌ ਸਾਲਾ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ।

2004 — 400
5 — 401
6 — 402
7 — 403
8 — 404

ਜੈਸੇ ਸਾਂਈ ਕਿਆਰਿਆ ਦੀਵਟਿਆ ਜਾਂ ਪਿਆ ਵਿਸਾਰੇ। ਕਾ. ਗੁਰਦਾਸ ਜੀ

(2)

ਮਹਿਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਆਦਿ ਤੋਂ ਲੈ ਕੇ ਹੁਣ ਤੱਕ ਸੰਸਾਰ ਭਰ ਵਿਚ ਜਿੰਨੇ ਵੀ ਧਾਰਮਿਕ ਗ੍ਰੰਥ ਰਚੇ ਗਏ ਹਨ ਉਨ੍ਹਾਂ ਸਾਰਿਆਂ ਵਿਚੋਂ ਗੁਰੂ ਪਦਵੀ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਹੀ ਪ੍ਰਾਪਤ ਹੈ। ਬਹੁਤ ਸਾਰੇ ਗ੍ਰੰਥ ਸੁੰਦਰ ਰੁਮਾਲਿਆਂ ਵਿਚ ਹੀ ਲਪੇਟੇ ਰਹਿੰਦੇ ਹਨ ਜਿਨ੍ਹਾਂ ਦੇ ਕਈ ਕਈ ਦਿਨ ਜਾਂ ਹਫ਼ਤੇ ਕੋਈ ਦਰਸ਼ਨ ਨਹੀਂ ਕਰਦਾ ਪ੍ਰੰਤੂ ਗਰਮੀ ਹੋਵੇ ਜਾਂ ਸਰਦੀ, ਮੀਂਹ ਹੋਵੇ ਜਾਂ ਝੱਖੜ, ਗ਼ਮੀ ਹੋਵੇ ਜਾਂ ਖੁਸ਼ੀ, ਜਿੱਥੇ ਜਿਥੇ ਵੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਹੈ ਉਸਦਾ ਅੰਮ੍ਰਿਤ ਵੇਲੇ ਨਿਤਾ ਪ੍ਰਤੀ ਪ੍ਰਕਾਸ਼ ਜ਼ਰੂਰ ਹੁੰਦਾ ਹੈ ਅਤੇ ਰਾਤ ਪੈਣ ਤੇ ਸੁਖ-ਆਸਣ।

ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਕਾਲ ਵਿਚ ਹੀ ਭਾਵ ਗੁਰੂ ਅਰਜਨ ਦੇਵ ਜੀ ਨੇ ਆਪ ਕੀਤੀ ਅਤੇ ਗੁਰਤਾ ਪਰਦਾਨ ਦਸਮ ਪਿਤਾ ਨੇ। ਬਾਕੀ ਜਿੰਨੇ ਵੀ ਵੱਖ-ਵੱਖ ਮਤਾਂ ਦੇ ਅਵਤਾਰਾਂ, ਰਹਿਬਰਾਂ ਜਾਂ ਪੈਗ਼ੰਬਰਾਂ ਦੇ ਧਾਰਮਿਕ ਗ੍ਰੰਥ ਹਨ ਉਹ ਉਨ੍ਹਾਂ ਦੇ ਜੀਵਨ ਕਾਲ ਤੋਂ ਬਾਅਦ ਲਿਖੇ ਜਾਂ ਰਚੇ ਹੋਏ ਮਿਲਦੇ ਹਨ।

ਗੁਰੂ ਗ੍ਰੰਥ ਸਾਹਿਬ ਦੀ ਇਕ ਹੋਰ ਵਿਲੱਖਣਤਾ ਹੈ। ਇਸ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ-ਨਾਲ ਵੱਖ-ਵੱਖ ਮਤਾਂ ਦੇ ਭਗਤਾਂ, ਸੂਫੀਆਂ ਆਦਿ ਦੀ ਬਾਣੀ ਨੂੰ ਵੀ ਬਰਾਬਰ ਦਾ ਸਥਾਨ ਪ੍ਰਾਪਤ ਹੈ ਜਿਸਦੀ ਉਦਾਹਰਣ ਹੋਰ ਕਿਧਰੇ ਨਹੀਂ ਮਿਲਦੀ। ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਕਿਸੇ ਭਗਤ ਜਾਂ ਸੂਫ਼ੀ ਦੀ ਜਾਤ, ਕੁਲ ਜਾਂ ਕਿੱਤਾ ਨਹੀਂ ਦੇਖਿਆ ਗਿਆ ਸਗੋਂ ਉਨ੍ਹਾਂ ਦੇ ਕਰਮਾਂ ਨੂੰ ਵਾਚਿਆ ਗਿਆ। ਆਖ਼ਰ ਨਬੇੜਾ ਤਾਂ ਕਰਮਾਂ ਤੇ ਹੀ ਹੁੰਦਾ ਹੈ। ਸੱਚੇ ਦੀ ਦਰਗਾਹ ਵਿਚ ਜਾਤ ਜਾਂ ਕੁਲ ਦਾ ਕੋਈ ਮੁੱਲ ਨਹੀਂ ਪੈਂਦਾ। ਗੁਰਵਾਕ ਹੈ :

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥

(ਰਾਗੁ ਪ੍ਰਭਾਤੀ ਮਹਲਾ ੧, ਅੰਗ ੧੩੩੦)

ਅਥਵਾ :

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥

(ਰਾਗੁ ਆਸਾ ਮਹਲਾ ੧, ਅੰਗ ੩੪੯)

ਆਪ ਜੀ ਦੇ ਰਾਗੁ ਗਉੜੀ ਵਿਚ ਬਚਨ ਹਨ :

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥ *(ਅੰਗ ੧੫੭)*

ਜੁਗੋ ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਵਿਚਲਾ ਸੰਦੇਸ਼ ਪਰਸਪਰ ਪ੍ਰੇਮ-ਪਿਆਰ, ਨਿਰਭੈਤਾ, ਨਿਰਵੈਰਤਾ, ਦਇਆ, ਪਰਉਪਕਾਰ, ਧਾਰਮਿਕ ਸਹਿਨਸ਼ੀਲਤਾ, ਮਨੁੱਖੀ ਸਮਾਨਤਾ ਆਦਿ ਦੈਵੀ ਗੁਣਾਂ ਨਾਲ ਭਰਪੂਰ ਹੈ ਅਤੇ ਨਾਮ ਜਪਣਾ, ਕਿਰਤ ਕਰਨੀ,

ਵੰਡ ਛਕਣਾ, ਸੇਵਾ, ਸਬਰ-ਸੰਤੋਖ, ਭਾਣਾ ਮੰਨਣ ਆਦਿ ਲਈ ਪ੍ਰੇਰਨਾ ਦਾ ਸ੍ਰੋਤ ਹੈ। ਸਾਰੇ ਮੱਤਾਂ ਦੇ ਧਰਮ ਗ੍ਰੰਥ ਸੱਚ ਦੇ ਮਾਰਗ ਤੇ ਚੱਲਣ ਲਈ ਪ੍ਰੇਰਦੇ ਹਨ ਅਤੇ ਸਤਿਕਾਰਯੋਗ ਹਨ ਪ੍ਰੰਤੂ ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਇਕ ਫਿਰਕੇ, ਜਮਾਤ ਜਾਂ ਕਿਸੇ ਇਕ ਦੇਸ਼ ਦੀ ਗੱਲ ਨਹੀਂ ਕੀਤੀ ਗਈ ਸਗੋਂ ਇਸ ਵਿਚਲਾ ਉਪਦੇਸ਼ ਤਾਂ ਸਾਰੇ ਵਰਗਾਂ ਅਤੇ ਦੇਸ਼ਾਂ ਲਈ ਸਾਂਝਾ ਹੈ :

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥

(ਰਾਗੁ ਸੂਹੀ ਮਹਲਾ ੫, ਅੰਗ ੭੪੭-੪੮)

ਇਥੇ ਕੋਈ ਗ਼ੈਰ ਨਹੀਂ ਸਭ ਆਪਣੇ ਹੀ ਹਨ :

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥

(ਰਾਗੁ ਕਾਨੜਾ ਮਹਲਾ ੫, ਅੰਗ ੧੨੯੯)

ਅਥਵਾ :

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥

(ਰਾਗੁ ਧਨਾਸਰੀ ਮਹਲਾ ੫, ਅੰਗ ੬੭੧)

ਜਦੋਂ ਸਾਰੇ ਭਾਈ ਭਾਈ ਹਨ, ਸਭ ਦੀ ਸਾਂਝ ਇਕ ਪਰਮਾਤਮਾ ਨਾਲ ਹੀ ਹੈ ਫਿਰ ਕੋਈ ਵਿਤਕਰਾ ਰਹਿ ਹੀ ਨਹੀਂ ਜਾਂਦਾ :

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥

(ਰਾਗੁ ਮਾਝ ਮਹਲਾ ੫, ਅੰਗ ੯੭)

ਗੁਰੂ ਗ੍ਰੰਥ ਸਾਹਿਬ ਵਿਚ ਇਸ ਗੱਲ ਨੂੰ ਵਾਰ-ਵਾਰ ਦ੍ਰਿੜ੍ਹਾਇਆ ਗਿਆ ਹੈ ਕਿ ਸਭਨਾਂ ਅੰਦਰ ਇਕ ਪਰਮਾਤਮਾ ਦੀ ਜੋਤਿ ਹੀ ਹੈ ਤਾਂ ਫਿਰ ਚੰਗਾ ਜਾਂ ਮੰਦਾ ਅਤੇ ਊਚ-ਨੀਚ ਕਿਸਨੂੰ ਆਖਿਆ ਜਾ ਸਕਦਾ ਹੈ :

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥

(ਰਾਗੁ ਪ੍ਰਭਾਤੀ, ਭਗਤ ਕਬੀਰ ਜੀ, ਅੰਗ ੧੩੪੯)

ਅਥਵਾ :

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥
ਰਾਮ ਬਿਨਾ ਕੋ ਬੋਲੈ ਰੇ॥

(ਰਾਗੁ ਮਾਲੀ ਗਉੜਾ ਭਗਤ ਨਾਮਦੇਵ ਜੀ, ਅੰਗ ੯੮੮)

ਪ੍ਰੰਤੂ ਇਸ ਸਭ ਦੀ ਸੋਝੀ ਸੱਚੇ ਨਾਮ ਦੁਆਰਾ ਹੀ ਸੰਭਵ ਹੈ ਜਿਸਦੀ ਗੁਰੂ ਗ੍ਰੰਥ ਸਾਹਿਬ ਵਿਚ ਭਰਪੂਰ ਵਿਆਖਿਆ ਕੀਤੀ ਗਈ ਹੈ। ਸੱਚ ਨੂੰ ਧਾਰਨ ਕੀਤਿਆਂ ਹੀ ਕਲਾ-ਕਲੇਸ਼ਾਂ ਦਾ ਨਾਸ ਹੋ ਸਕਦਾ ਹੈ :

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥

(ਰਾਗੁ ਆਸਾ ਦੀ ਵਾਰ ਮਹਲਾ ੧, ਅੰਗ ੪੬੮)

ਅਥਵਾ :

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥

(ਸਿਰੀਰਾਗੁ ਮਹਲਾ ੧, ਅੰਗ ੬੨)

ਰਾਗੁ ਰਾਮਕਲੀ ਕੀ ਵਾਰ ਮਹਲਾ ੩ ਵਿਚ ਗੁਰੂ ਨਾਨਕ ਦੇਵ ਜੀ ਦਾ ਸਲੋਕ ਅੰਕਤ ਹੈ :

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥ *(ਅੰਗ ੯੫੩)*

ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਸਰਬ-ਵਿਆਪੀ ਹੈ। ਦੁਨਿਆਵੀ ਹੱਦਾਂ-ਬੰਨਿਆਂ ਨੂੰ ਪਛਾੜਦੇ ਹੋਏ ਇਸ ਵਿਚ ਸਰਬੱਤ ਦੇ ਭਲੇ ਲਈ ਕਾਮਨਾ ਕੀਤੀ ਗਈ ਹੈ :

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥

(ਸਲੋਕ ਮਹਲਾ ੩, ਰਾਗੁ ਬਿਲਾਵਲੁ ਕੀ ਵਾਰ ਮਹਲਾ ੪, ਅੰਗ ੮੫੩)

ਇਸਤ੍ਰੀ ਸਮਾਜ ਦਾ ਅੱਧਾ ਅੰਗ ਹੁੰਦੇ ਹੋਏ ਵੀ ਪੁਰਖ ਪ੍ਰਧਾਨ ਸਮਾਜ ਨੇ ਇਸ ਨੂੰ ਦਬਾ ਕੇ ਰੱਖਿਆ ਹੋਇਆ ਸੀ। ਇਸਤ੍ਰੀ ਨੂੰ ਦਾਸੀ ਅਤੇ ਮਨ-ਪ੍ਰਚਾਵੇ ਦਾ ਸਾਧਨ ਹੀ ਸਮਝਿਆ ਜਾਂਦਾ ਸੀ ਜਿਸਦਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਗਿਆ ਹੈ ਅਤੇ ਇਹ ਕਹਿ ਕੇ ਜਨਨੀ ਨੂੰ ਸਾਲਾਹਿਆ ਗਿਆ ਹੈ :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

(ਰਾਗੁ ਆਸਾ ਦੀ ਵਾਰ ਮਹਲਾ ੧, ਅੰਗ ੪੭੩)

ਪਤੀ ਦੇ ਮਰ ਜਾਣ ਤੇ ਇਸਤ੍ਰੀ ਨੂੰ ਪਤੀ ਦੀ ਚਿਖਾ ਵਿਚ ਸੜ ਕੇ ਸਤੀ ਹੋਣ ਲਈ ਮਜਬੂਰ ਕੀਤਾ ਜਾਂਦਾ ਸੀ। ਇਸ ਤੋਂ ਵੱਧ ਇਸਤ੍ਰੀ ਜਾਤੀ ਨਾਲ ਹੋਰ ਕੋਈ ਵੱਡਾ ਅਨਿਆਂ ਨਹੀਂ ਹੋ ਸਕਦਾ। ਇਸ ਸਮਾਜਿਕ ਕੁਰੀਤੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਘੋਰ ਨਿੰਦਾ ਕੀਤੀ ਗਈ ਹੈ ਅਤੇ ਸੇਧ ਦਿੱਤੀ ਗਈ :

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥
ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥

(ਰਾਗੁ ਸੂਹੀ ਕੀ ਵਾਰ ਮਹਲਾ ੩, ਅੰਗ ੭੮੭)

ਭਾਵ ਉਨ੍ਹਾਂ ਇਸਤ੍ਰੀਆਂ ਨੂੰ ਸਤੀਆਂ ਨਹੀਂ ਆਖਿਆ ਜਾ ਸਕਦਾ ਜੋ ਪਤੀ ਦੇ ਮਰਨ ਤੇ ਚਿਖਾ ਵਿਚ ਸੜ ਮਰਦੀਆਂ ਹਨ। ਅਸਲੀ ਅਰਥਾਂ ਵਿਚ ਉਹ ਹੀ ਸਤੀਆਂ ਹਨ ਜੋ ਪਤੀ ਦੀ ਮੌਤ ਤੇ ਉਸਦੇ ਵਿਛੋੜੇ ਦੀ ਸੱਟ ਨੂੰ ਸਾਰੀ ਉਮਰ ਹੰਢਾਉਂਦੀਆਂ ਹਨ।

ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਕਿਰਤ ਅਤੇ ਹੱਕ-ਹਲਾਲ ਦੀ ਕਮਾਈ ਕਰਨ ਤੇ ਜ਼ੋਰ ਦਿੰਦੀ ਹੈ। ਅਜਿਹੀ ਕੀਤੀ ਕਿਰਤ-ਕਮਾਈ 'ਚੋਂ ਜੇਕਰ ਲੋੜਵੰਦਾਂ ਦੀ ਸਹਾਇਤਾ ਕੀਤੀ ਜਾਵੇ ਭਾਵ ਵੰਡ ਕੇ ਛਕਿਆ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

(ਸਲੋਕ ਮਹਲਾ ੧, ਰਾਗੁ ਸਾਰਗ ਕੀ ਵਾਰ ਮਹਲਾ ੪, ਅੰਗ ੧੨੪੫)

ਇਕ ਸਿਹਤਮੰਦ ਅਤੇ ਸਵੱਛ ਸਮਾਜ ਦੀ ਸਥਾਪਨਾ ਲਈ ਕਿਰਤ-ਕਮਾਈ ਦੀ ਬੜੀ ਮਹੱਤਵਪੂਰਨ ਭੂਮਿਕਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਇਕ ਹੋਰ ਵਿਲੱਖਣਤਾ ਇਹ ਹੈ ਕਿ ਇਸ ਵਿਚ ਸਭ ਵਰਗਾਂ ਦਾ ਸਤਿਕਾਰ ਕੀਤਾ ਗਿਆ ਹੈ। ਕਿਸੇ ਨੂੰ ਛੋਟਾ ਜਾਂ ਵੱਡਾ ਕਰਕੇ ਗਰਦਾਨਿਆ ਨਹੀਂ ਗਿਆ। ਹਾਂ ਭੇਖਾਂ, ਵਿਖਾਵਿਆਂ ਅਤੇ ਕਰਮ-ਕਾਂਡਾਂ ਦਾ ਖੰਡਨ ਜ਼ਰੂਰ ਕੀਤਾ ਗਿਆ

ਹੈ, ਕਿਉਂਕਿ ਇਨ੍ਹਾਂ ਦੁਆਰਾ ਪਰਮਾਤਮਾ ਨੂੰ ਰੀਝਾਇਆ ਨਹੀਂ ਜਾ ਸਕਦਾ ਅਤੇ ਨਾ ਹੀ ਇਨ੍ਹਾਂ ਨਾਲ ਸਮਾਜ ਦਾ ਕੁਝ ਸੰਵਰਦਾ ਹੈ। ਗੁਰਮਤਿ ਦਾ ਆਸ਼ਾ ਬੜਾ ਸਪੱਸ਼ਟ ਹੈ ਕਿ ਹਰ ਕੋਈ ਸੱਚ ਦੇ ਮਾਰਗ ਤੇ ਚਲਦਾ ਹੋਇਆ ਆਪੋ ਆਪਣੇ ਧਰਮ ਦੀ ਪਾਲਣਾ ਕਰੇ। ਉਦਾਹਰਨਾਂ ਵਜੋਂ :

ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥
ਆਪਿ ਤਰੈ ਸਗਲੇ ਕੁਲ ਤਾਰੈ॥

(ਰਾਗੁ ਧਨਾਸਰੀ ਮਹਲਾ ੧, ਅੰਗ ੬੬੨)

ਮੁਸਲਮਾਣੁ ਮੋਮ ਦਿਲਿ ਹੋਵੈ॥
ਅੰਤਰ ਕੀ ਮਲੁ ਦਿਲ ਤੇ ਧੋਵੈ॥

(ਰਾਗੁ ਮਾਰੂ ਮਹਲਾ ੫, ਅੰਗ ੧੦੮੪)

ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ॥

(ਰਾਗੁ ਮਾਰੂ ਮਹਲਾ ੧, ਅੰਗ ੧੦੧੩)

ਸੋ ਜੋਗੀ ਜੋ ਜੁਗਤਿ ਪਛਾਣੈ॥
ਗੁਰ ਪਰਸਾਦੀ ਏਕੋ ਜਾਣੈ॥

(ਰਾਗੁ ਧਨਾਸਰੀ ਮਹਲਾ ੧, ਅੰਗ ੬੬੨)

ਬਿਨੁ ਬੈਰਾਗ ਕਹਾ ਬੈਰਾਗੀ॥
ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ॥

(ਰਾਗੁ ਭੈਰਉ ਮਹਲਾ ੫, ਅੰਗ ੧੧੪੦)

ਗੁਰੂ ਗ੍ਰੰਥ ਸਾਹਿਬ ਭਾਵੇਂ ਅਧਿਆਤਮਿਕਤਾ ਦਾ ਸੋਮਾ ਹੈ ਪ੍ਰੰਤੂ ਇਸ ਵਿਚ ਮਨੁੱਖ ਨੂੰ ਸਮਾਜਿਕ ਤੌਰ ਤੇ ਪੂਰੀ-ਪੂਰੀ ਸੇਧ ਦਿੱਤੀ ਗਈ ਹੈ। ਇਸ ਤੋਂ ਇਲਾਵਾ ਹਾਕਮ ਸ਼੍ਰੇਣੀ ਵਲੋਂ ਲੋਕਾਂ ਤੇ ਢਾਹੇ ਜਾਂਦੇ ਜ਼ੁਲਮ, ਜਬਰ, ਲੁੱਟ-ਖਸੁੱਟ ਆਦਿ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ ਅਤੇ ਇਨ੍ਹਾਂ ਵਿਰੁੱਧ ਜੂਝਣ ਲਈ ਚੇਤੰਨ ਕੀਤਾ ਗਿਆ ਹੈ। ਜਿਵੇਂ :

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥

(ਰਾਗੁ ਮਲਾਰ ਕੀ ਵਾਰ ਮਹਲਾ ੧, ਅੰਗ ੧੨੮੮)

ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥

(ਰਾਗੁ ਮਾਝ ਕੀ ਵਾਰ ਮਹਲਾ ੧, ਅੰਗ ੧੪੦)

ਵਿਸ਼ਵ ਭਾਈਚਾਰੇ ਦਾ ਸੰਦੇਸ਼ ਦੇਣ ਵਾਲੇ ਜੁਗੋ ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ ਸਰਬਕਾਲੀ ਹੈ, ਜਿਸਨੂੰ ਸ਼ਬਦਾਂ ਦੁਆਰਾ ਕਥਿਆ ਨਹੀਂ ਜਾ ਸਕਦਾ ਭਾਵ ਗੁਰੂ ਦੀ ਮਹਿਮਾ ਅਕਥ ਹੈ :

ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ॥

(ਸਿਰੀਰਾਗੁ ਮਹਲਾ ੫, ਅੰਗ ੫੨)

ਅਸ਼ਟ ਸਿਧ
1. ਅਣਿਮਾ = ਬਹੁਤ ਛੋਟਾ ਹੋ ਜਾਣਾ।
੨. ਮਹਿਮਾ = ਵੱਡਾ ਹੋ ਜਾਣਾ।
3. ਗਰਿਮਾ = ਭਾਰੀ ਹੋ ਜਾਣਾ।
੪. ਲਘਿਮਾ = ਹੌਲਾ ਹੋ ਜਾਣਾ।

(3)

ਮੂਲ ਮੰਤ੍ਰ

ਗੁਰੂ ਨਾਨਕ ਦੇਵ ਜੀ ਨੇ ਬਾਣੀ ਦੀ ਰਚਨਾ ਕਰਨ ਲੱਗਿਆਂ ਮੰਗਲਾਚਰਣ ਵਜੋਂ ਸਿਰਜਣਹਾਰ ਅਕਾਲ ਪੁਰਖ ਦੀ ਮਹਿਮਾ ਨੂੰ ਬਿਆਨ ਕੀਤਾ ਹੈ ਜੋ ਗੁਰਮਤਿ ਵਿਚ ਮੂਲ-ਮੰਤ੍ਰ ਵਜੋਂ ਜਾਣਿਆ ਜਾਂਦਾ ਹੈ। ਆਦਿ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ 'ਜਪੁ ਜੀ' ਇਸੇ ਮੂਲ ਮੰਤ੍ਰ '੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਨਾਲ ਅਰੰਭ ਹੁੰਦੀ ਹੈ। ਸਿਰੀ ਰਾਗੁ, ਜੈਤਸਰੀ, ਬੈਰਾੜੀ, ਤੁਖਾਰੀ ਅਤੇ ਕੇਦਾਰਾ ਰਾਗਾਂ ਨੂੰ ਛੱਡ ਕੇ ਬਾਕੀ ਦੇ 26 ਰਾਗਾਂ ਵਾਲੀ ਬਾਣੀ ਦੇ ਅਰੰਭ ਵਿਚ ਇਹ ਮੂਲ ਮੰਤ੍ਰ ਲਿਖਿਆ ਹੋਇਆ ਹੈ। ਇਸ ਤੋਂ ਛੁੱਟ ਰਾਗੁ ਆਸਾ ਦੀ ਵਾਰ ਮਹਲਾ ੧, ਰਾਗੁ ਆਸਾ ਬਾਣੀ ਭਗਤ ਕਬੀਰ ਜੀ, ਸਹਸਕ੍ਰਿਤੀ ਸਲੋਕ ਮਹਲਾ ੧, ਸਹਸਕ੍ਰਿਤੀ ਸਲੋਕ ਮਹਲਾ ੫, ਸਵਯੇ ਮਹਲਾ ੫, ਸਲੋਕ ਵਾਰਾਂ ਤੇ ਵਧੀਕ ਦੇ ਅਰੰਭ ਵਿਚ ਵੀ ਇਹ ਮੂਲ ਮੰਤ੍ਰ ਆਇਆ ਹੈ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪੂਰਨ ਮੂਲ-ਮੰਤ੍ਰ ੩੩ ਵਾਰੀ ਆਇਆ ਹੈ ਭਾਵੇਂ ਇਸ ਦੇ ਸੰਖੇਪ ਰੂਪ (੧ੴ ਸਤਿਗੁਰ ਪ੍ਰਸਾਦਿ, ੧ੴ ਸਤਿਨਾਮੁ ਗੁਰ ਪ੍ਰਸਾਦਿ ਅਤੇ ੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ) ਹੀ ਬਹੁਤੀ ਵਾਰੀ ਆਏ ਹਨ।

ਦਰਅਸਲ ਮੂਲ-ਮੰਤ੍ਰ ਇਕ ਮੁੱਢ ਹੈ ਜਿਸਦੇ ਧੁਰੇ ਤੇ ਸਾਰੀ ਗੁਰਮਤਿ ਵਿਚਾਰਧਾਰਾ ਕੇਂਦਰਿਤ ਹੈ। ਮੂਲ ਤੋਂ ਭਾਵ ਹੈ ਜੜ੍ਹ, ਮੁੱਢ ਭਾਵ ਅਕਾਲ ਪੁਰਖ, ਕਰਤਾਰ। ਗੁਰਵਾਕ ਹੈ :

ਮੂਲਿ ਲਾਗੇ ਸੇ ਜਨ ਪਰਵਾਣੁ॥

(ਰਾਗੁ ਆਸਾ ਮਹਲਾ ੩, ਅੰਗ ੩੬੨)

ਅਥਵਾ :

ਡਾਲੀ ਲਾਗੈ ਨਿਹਫਲੁ ਜਾਇ॥ *(ਅੰਗ ੩੬੨)*

ਭਾਵ ਜੋ ਇਕ ਮੂਲ ਪਰਮਾਤਮਾ ਦੇ ਲੜ ਲਗਦੇ ਹਨ ਉਹ ਭਵ-ਸਾਗਰ ਤੋਂ ਤਰ ਜਾਂਦੇ ਹਨ ਪ੍ਰੰਤੂ ਉਸ ਤੋਂ ਬਿਨਾਂ ਜੋ ਹੋਰ ਹੋਰ ਦਾ ਆਸਰਾ ਤੱਕਦੇ ਹਨ ਉਹ ਕਿਸੇ ਜੋਗੇ ਨਹੀਂ ਰਹਿੰਦੇ। ਉਨ੍ਹਾਂ ਦੇ ਸਾਰੇ ਯਤਨ ਨਿਸਫਲ ਜਾਂਦੇ ਹਨ।

ਮੰਤ੍ਰ ਤੋਂ ਭਾਵ ਹੈ ਮਨ-ਅੰਤਰ ਅਰਥਾਤ ਮਨ ਵਿਚ ਧਾਰਨ ਕਰਕੇ ਮਨਨ ਕਰਨਾ ਜਿਸ ਤੋਂ ਆਤਮਿਕ ਸ਼ਕਤੀ ਪ੍ਰਾਪਤ ਹੋਵੇ।

ਸੰਖੇਪ ਵਿਚ ਮੂਲ-ਮੰਤ੍ਰ ਤੋਂ ਭਾਵ ਹੋਇਆ ਸਾਰੇ ਮੰਤ੍ਰਾਂ ਦੀ ਜੜ੍ਹ, ਮੁੱਢ ਕਰਤਾਰ-ਸਭ ਤੋਂ ਵਧੀਆ ਮੰਤ੍ਰ। ਗੁਰੂ ਨਾਨਕ ਦੇਵ ਜੀ ਦੇ ਰਾਗੁ ਮਾਰੂ ਸੋਲਹੇ ਵਿਚ ਬਚਨ ਹਨ ਕਿ ਹਰੀ ਦਾ ਨਾਮ ਸਭ ਮੰਤਰਾਂ ਦਾ ਮੂਲ ਹੈ। ਸਭ ਤੋਂ ਵਧੀਆ ਮੰਤ੍ਰ ਹੈ ਅਤੇ ਸਭ ਰਸਾਂ ਦਾ ਸੋਮਾ ਹੈ ਜਿਸ ਦਾ ਸਿਮਰਨ ਕਰਨ ਨਾਲ ਪ੍ਰਭੂ ਦੇ ਦਰ ਤੇ ਪ੍ਰਵਾਨ ਹੋ ਜਾਈਦਾ ਹੈ :

ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥

(ਅੰਗ ੧੦੪੦)

ਮੂਲ-ਮੰਤ੍ਰ ਦਾ ਪਹਿਲਾ ਅੱਖਰ ਹੈ ੧ਓ। ਇਸ ਦਾ ਉਚਾਰਨ ਕਰਨ ਲੱਗਿਆਂ ਜੇਕਰ ਇਸ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਪੜ੍ਹਿਆ ਜਾਏ ਤਾਂ ਇਸਦਾ ਉਚਾਰਨ ਠੀਕ ਢੰਗ ਨਾਲ ਕੀਤਾ ਜਾ ਸਕਦਾ ਹੈ ਅਤੇ ਇਸਦੇ ਅਰਥ ਸਮਝਣੇ ਵੀ ਸੌਖੇ ਹੋ ਜਾਂਦੇ ਹਨ। ਜਿਵੇਂ ੧ (ਇਕ) ਓ (ਓਅੰ) ⌒ (ਕਾਰ)। ਕਾਰ ਤੋਂ ਅਰਥ ਹਨ ਇਕ ਰਸ, ਜਿਸ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਇੰਜ ਇਕ ਓਅੰਕਾਰ ਤੋਂ ਅਰਥ ਹੋਏ ਉਹ ਹਸਤੀ (ਓ) ਜੋ ਇਕ ਹੈ। ਉਸ ਵਰਗਾ ਹੋਰ ਕੋਈ ਨਹੀਂ ਅਤੇ ਇਕ ਰਸ ਵਿਆਪਕ ਹੈ। ਉਸਦੀ ਹੋਂਦ ਸਦਾ ਤੋਂ ਚਲੀ ਆ ਰਹੀ ਹੈ। ਕਿਸੇ ਨੇ ਉਸਦਾ ਆਰਲਾ-ਪਾਰਲਾ ਬੰਨਾ ਨਹੀਂ ਲੱਭਿਆ। ਉਹ ਸਰਬ-ਵਿਆਪਕ ਹੈ :

ਲਲਾ ਤਾ ਕੈ ਲਵੈ ਨ ਕੋਊ॥
ਏਕਹਿ ਆਪਿ ਅਵਰ ਨਹ ਹੋਊ॥
ਹੋਵਨਹਾਰੁ ਹੋਤ ਸਦ ਆਇਆ॥
ਉਆ ਕਾ ਅੰਤੁ ਨ ਕਾਹੂ ਪਾਇਆ॥
ਕੀਟ ਹਸਤਿ ਮਹਿ ਪੂਰ ਸਮਾਨੇ॥
ਪ੍ਰਗਟ ਪੁਰਖ ਸਭ ਠਾਊ ਜਾਨੇ॥

(ਰਾਗੁ ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੨)

ਪਰਮਾਤਮਾ ਜੋ ਇਕ ਰਸ ਸਭ ਵਿਚ ਭਰਪੂਰ ਹੈ ਉਸਦਾ ਨਾਮ ਸਤਿ ਹੈ ਭਾਵ ਸਦਾ ਕਾਇਮ ਰਹਿਣ ਵਾਲਾ ਹੈ :

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ *(ਜਪੁ ਜੀ)*

ਇਸੇ ਲਈ ਗੁਰਬਾਣੀ ਵਿਚ ਸੱਚੇ ਨਾਮ ਦਾ ਜਾਪ ਕਰਨ ਲਈ ਵਾਰ-ਵਾਰ ਪ੍ਰੇਰਨਾ ਕੀਤੀ ਗਈ ਹੈ :

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥
ਹਲਤਿ ਪਲਤਿ ਮੁਖ ਊਜਲ ਹੋਈ ਹੈ
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥

(ਰਾਗੁ ਧਨਾਸਰੀ ਮਹਲਾ ੪, ਅੰਗ ੬੭੦)

ਗੁਰਬਾਣੀ ਅਨੁਸਾਰ ਸਾਰੀ ਸ੍ਰਿਸ਼ਟੀ ਦਾ ਰਚਨਹਾਰਾ ਉਹ ਕਰਤਾ ਪੁਰਖ ਸਿਰਜਨਹਾਰ ਆਪ ਹੈ। ਉਹ ਕੇਵਲ ਸ੍ਰਿਸ਼ਟੀ ਦੀ ਰਚਨਾ ਹੀ ਨਹੀਂ ਕਰਦਾ ਸਗੋਂ ਇਸ ਦੀ ਸਾਂਭ-ਸੰਭਾਲ ਵੀ ਕਰਦਾ ਹੈ। ਉਹ ਘਟ ਘਟ ਦੀਆਂ ਜਾਣਨ ਵਾਲਾ ਹੈ :

ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ॥
ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ॥

(ਰਾਗੁ ਤਿਲੰਗ ਮਹਲਾ ੫, ਅੰਗ ੭੨੪)

ਅਥਵਾ :

ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥

ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥

(ਮਾਝ ਕੀ ਵਾਰ ਮਹਲਾ ੧, ਅੰਗ ੧੩੮)

ਉਹ ਕਰਤਾ ਪੁਰਖ ਨਿਰਭਉ ਹੈ। ਉਸ ਨੂੰ ਕਿਸੇ ਦਾ ਭੈ ਨਹੀਂ ਅਤੇ ਨਾ ਹੀ ਡਰ। ਪ੍ਰੰਤੂ ਉਹ ਸਭ ਤੇ ਦਇਆ ਕਰਨ ਵਾਲਾ ਹੈ ਅਤੇ ਸਭ ਜੀਵਾਂ ਦੀ ਸੰਭਾਲ ਕਰਦਾ ਹੈ :

ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ॥

(ਸਿਰੀਰਾਗੁ ਮਹਲਾ ੩, ਅੰਗ ੨੭)

ਸਾਰੀ ਕਾਇਨਾਤ, ਹਵਾ, ਪਾਣੀ, ਦਰਿਆ, ਅੱਗ, ਸਾਰੀ ਧਰਤੀ ਅਤੇ ਆਕਾਸ਼, ਸਿੱਧ-ਬੁੱਧ, ਦੇਵੀ ਦੇਵਤੇ, ਇੰਦਰ, ਸੂਰਜ, ਚੰਦਰਮਾ, ਬੜੇ ਬੜੇ ਸੂਰਮੇ ਯੋਧੇ ਭਾਵ ਸਭ ਕੁਝ ਉਸ ਕਰਤਾ-ਪੁਰਖ ਨਿਰੰਕਾਰ ਦੇ ਭੈ ਵਿਚ ਵਿਚਰ ਰਹੇ ਹਨ। ਕੇਵਲ ਉਹ ਇਕ ਸੱਚਾ ਨਿਰੰਕਾਰ ਹੀ ਨਿਰਭਉ ਹੈ। ਇਸ ਸਬੰਧ ਵਿਚ ਗੁਰੂ ਨਾਨਕ ਦੇਵ ਜੀ ਦਾ ਰਾਗੁ ਆਸਾ ਦੀ ਵਾਰ ਵਿਚ ਉਚਾਰਿਆ ਹੋਇਆ ਸਲੋਕ ਲੰਬਾ ਹੋਣ ਕਰਕੇ, ਇਸ ਦੀਆਂ ਕੇਵਲ ਅੰਤਲੀਆਂ ਦੋ ਤੁਕਾਂ ਹੀ ਦਿੱਤੀਆਂ ਜਾਂਦੀਆਂ ਹਨ :

ਸਗਲਿਆ ਭਉ ਲਿਖਿਆ ਸਿਰਿ ਲੇਖੁ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥ *(ਅੰਗ ੪੬੪)*

ਨਿਰਭਉ ਪ੍ਰਭੂ ਦਾ ਸਿਮਰਨ ਕਰਨ ਵਾਲੇ ਵੀ ਨਿਰਭਉ ਹੋ ਜਾਂਦੇ ਹਨ। ਉਨ੍ਹਾਂ ਦੇ ਅੰਦਰੋਂ ਹਰ ਪ੍ਰਕਾਰ ਦਾ ਭੈ ਅਤੇ ਡਰ ਜਾਂਦਾ ਰਹਿੰਦਾ ਹੈ :

ਜਿਨ ਨਿਰਭਉ ਜਿਨ੍ ਹਰਿ ਨਿਰਭਉ ਧਿਆਇਆ ਜੀਉ
ਤਿਨ ਕਾ ਭਉ ਸਭੁ ਗਵਾਸੀ॥

(ਰਾਗੁ ਆਸਾ ਮਹਲਾ ੪, ਅੰਗ ੩੪੮)

ਅਕਾਲ ਪੁਰਖ ਕੇਵਲ ਨਿਰਭਉ ਹੀ ਨਹੀਂ, ਨਿਰਵੈਰ ਵੀ ਹੈ। ਉਸਦਾ ਕਿਸੇ ਨਾਲ ਵੈਰ-ਵਿਰੋਧ ਨਹੀਂ। ਉਹ ਤਾਂ ਸਾਨੂੰ ਸਾਰਿਆਂ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਦਾ ਹੈ ਅਤੇ ਮਾਤਾ-ਪਿਤਾ ਵਾਂਗ ਸਾਡੀ ਸਾਰਿਆਂ ਦੀ ਪਾਲਣਾ ਕਰਦਾ ਹੈ :

ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ॥

(ਮਾਰੂ ਕੀ ਵਾਰ ਮਹਲਾ ੫, ਅੰਗ ੧੧੦੧)

ਅਥਵਾ :

ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ॥

(ਰਾਗੁ ਸੋਰਠਿ ਮਹਲਾ ੧, ਅੰਗ ੫੯੬)

ਭਾਵ ਪ੍ਰਭੂ ਨਿਰਭਉ ਹੈ ਉਸਦਾ ਕੋਈ ਆਕਾਰ ਨਹੀਂ, ਕੋਈ ਸ਼ਕਲ ਨਹੀਂ। ਨਿਰਵੈਰ ਹੈ ਉਸਦਾ ਕਿਸੇ ਨਾਲ ਵੈਰ ਨਹੀਂ। ਉਸਦੀ ਜੋਤਿ ਪੂਰਨ ਤੌਰ ਤੇ ਸਾਰੇ ਜਗਤ ਵਿਚ ਵਿਆਪਕ ਹੈ।

ਅਕਾਲ ਮੂਰਤਿ : ਅਕਾਲ ਤੋਂ ਅਰਥ ਹੈ ਜਿਸ ਤੇ ਕਾਲ ਜਾਂ ਸਮੇਂ ਦਾ ਕੋਈ ਅਸਰ ਨਹੀਂ ਹੁੰਦਾ। ਮੂਰਤਿ ਤੋਂ ਭਾਵ ਹੈ ਸਰੂਪ। ਇਸ ਲਈ ਅਕਾਲ ਮੂਰਤਿ ਦੇ ਅਰਥ ਹੋਏ—ਪਰਮਾਤਮਾ ਦਾ ਸਰੂਪ ਕਦੀ ਨਾਸ ਨਹੀਂ ਹੁੰਦਾ। ਉਹ ਸਦੀਵੀ ਹੈ। ਰਾਗੁ ਮਾਰੂ

ਸੋਲਹੇ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਮੌਤ ਤੋਂ ਰਹਿਤ ਸਰੂਪ ਵਾਲੇ ਪ੍ਰਭੂ ਦਾ ਕਦੀ ਨਾਸ ਨਹੀਂ ਹੁੰਦਾ :

ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ॥ *(ਅੰਗ ੧੦੮੨)*

ਅਥਵਾ :

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥

(ਰਾਗੁ ਮਾਰੂ ਸੋਲਹੇ ਮਹਲਾ ੧, ਅੰਗ ੧੦੩੮)

ਕਿਉਂਕਿ ਉਹ ਅਕਾਲ ਮੂਰਤਿ ਹੈ—ਕਾਲ ਤੋਂ ਰਹਿਤ ਹੈ ਇਸ ਲਈ ਉਸਦਾ ਕਦੀ ਜਨਮ ਨਹੀਂ ਹੋਇਆ ਅਤੇ ਨਾ ਹੀ ਉਸਦੀ ਕਦੀ ਮੌਤ ਹੁੰਦੀ ਹੈ। ਉਹ ਅਜੂਨੀ ਹੈ ਭਾਵ ਜੂਨਾਂ ਤੋਂ ਰਹਿਤ ਹੈ। ਰਾਗੁ ਮਾਰੂ ਕੀ ਵਾਰ ਵਿਚ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ :

ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ ॥ *(ਅੰਗ ੧੦੯੫)*

ਸ਼ਬਦ ਸੈਭੰ ਸੰਸਕ੍ਰਿਤ ਦਾ ਸ਼ਬਦ ਸ੍ਵਯੰਭੂ ਹੈ ਜਿਸਦੇ ਅਰਥ ਹਨ ਆਪਣੇ ਆਪ ਤੋਂ ਹੋਣ ਵਾਲਾ ਭਾਵ ਜਿਸਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ :

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥

(ਰਾਗੁ ਆਸਾ ਦੀ ਵਾਰ ਮਹਲਾ ੧, ਅੰਗ ੪੬੩)

ਅਥਵਾ :

ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥ *(ਜਪੁ ਜੀ, ਪਉੜੀ ੫)*

ਗੁਰ ਪ੍ਰਸਾਦਿ ਤੋਂ ਭਾਵ ਹੈ ਮੂਲ-ਮੰਤ੍ਰ ਵਿਚ ਵਰਨਣ ਕੀਤੇ ਗਏ ਸਰੂਪ ਵਾਲੇ ੧ਓ ਨਾਲ ਮਿਲਾਪ ਗੁਰੂ ਦੀ ਕਿਰਪਾ (ਪ੍ਰਸਾਦਿ) ਦੁਆਰਾ ਹੁੰਦਾ ਹੈ।

ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ ॥

(ਸਿਰੀਰਾਗੁ ਮਹਲਾ ੩, ਅੰਗ ੩੩)

ਅਥਵਾ :

ਗੁਰ ਪਰਸਾਦੀ ਬ੍ਰਹਮਿ ਸਮਾਉ ॥

(ਰਾਗੁ ਆਸਾ ਮਹਲਾ ੧, ਅੰਗ ੩੫੫)

ਸੰਖੇਪ ਵਿਚ ਅਕਾਲ ਪੁਰਖ ਇਕ ਹੈ ਜਿਸਦਾ ਨਾਮ ਹੋਂਦ ਵਾਲਾ ਸਦੀਵੀ ਹੈ। ਉਸ ਨੇ ਹੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਅਤੇ ਸਭ ਵਿਚ ਉਹ ਆਪ ਵਿਆਪਕ ਹੈ। ਉਸਨੂੰ ਕਿਸੇ ਦਾ ਭੈ ਜਾਂ ਡਰ ਨਹੀਂ। ਉਸਦਾ ਕਿਸੇ ਨਾਲ ਵੈਰ ਨਹੀਂ। ਉਸਦਾ ਸਰੂਪ ਕਾਲ-ਰਹਿਤ ਹੈ ਭਾਵ ਉਹ ਨਾਸ-ਰਹਿਤ ਹੈ ਜਿਸ ਕਾਰਨ ਉਹ ਜੂਨਾਂ ਵਿਚ ਨਹੀਂ ਆਉਂਦਾ। ਉਸਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ। ਗੁਰ ਦੀ ਕਿਰਪਾ ਦੁਆਰਾ ਉਸਦਾ ਮਿਲਾਪ ਹੁੰਦਾ ਹੈ।

ਤ੍ਰਿਪਤਾ॥ ਮਾਈ ਨਾਮੁ ਅਮੋਲ ਕੀਮ ਨ ਕੋਈ ਜਾਣਦੋ॥
ਜਿਸ ਭਾਗ ਮਥਾਹਿ, ਸੇ ਨਾਨਕ ਹਰਿ ਰੰਗੁ ਮਾਣਦੋ॥੨॥੫੨॥

ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ॥
ਹਰਿ ਕੇ ਨਾਮੁ ਬਿਨੁ ਕਿਨਿ ਗਤਿ ਪਾਈ ਕਹਿ ਉਪਦੇਸ ਕਬੀਰਾ।

(4)

ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ॥
ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ॥੩॥ ਆਸਾ ਮ ੫॥

ਨਾਮ

ਪਰਮਾਤਮਾ ਦੇ ਨਾਲ ਇਕ-ਮਿਕ ਹੋਣਾ ਭਾਵ ਉਸ ਵਿਚ ਅਭੇਦ ਹੋਣਾ ਮਨੁੱਖੀ ਜੀਵਨ ਦਾ ਅਸਲ ਮਨੋਰਥ ਹੈ। ਇਸ ਮੰਤਵ ਲਈ ਇਕ ਮਾਤਰ ਸਾਧਨ ਹੈ 'ਨਾਮ'। ਅਕਾਲ ਪੁਰਖ ਦਾ ਨਾਮ ਸੱਚਾ ਹੈ ਅਤੇ ਸਦਾ ਕਾਇਮ ਰਹਿਣ ਵਾਲਾ ਹੈ। ਜਿਵੇਂ 'ਸੱਚ' ਕਦੀ ਪੁਰਾਣਾ ਨਹੀਂ ਹੁੰਦਾ ਇਸੇ ਪ੍ਰਕਾਰ 'ਨਾਮ' ਕਦੀ ਮੈਲਾ ਨਹੀਂ ਹੁੰਦਾ ਭਾਵ ਜਿਸ ਹਿਰਦੇ ਵਿਚ ਪ੍ਰਭੂ ਦੇ ਨਾਮ ਦਾ ਵਾਸਾ ਹੈ ਉਸ ਹਿਰਦੇ ਨੂੰ ਵਿਕਾਰ ਆਦਿਕ ਕਦੀ ਮੈਲਾ ਨਹੀਂ ਕਰ ਸਕਦੇ। 'ਨਾਮ' ਸਦਾ ਨਵਾਂ ਤੇ ਨਰੋਆ ਰਹਿੰਦਾ ਹੈ। ਰਾਗੁ ਸਾਰਗ ਕੀ ਵਾਰ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ :

ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ॥ *(ਅੰਗ ੧੨੪੮)*

ਅਥਵਾ :

ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ॥

(ਰਾਗੁ ਸਾਰਗ ਕੀ ਵਾਰ ਮਹਲਾ ੪, ਅੰਗ ੧੨੩੯)

ਨਾਮ ਦੇ ਬਰਾਬਰ ਹੋਰ ਕੋਈ ਪਦਾਰਥ ਨਹੀਂ। ਹੋਰ ਕਿਸੇ ਚੀਜ਼ ਦੀ ਨਾਮ ਨਾਲ ਤੁਲਨਾ ਨਹੀ ਕੀਤੀ ਜਾ ਸਕਦੀ। ਨਾਮ ਸਭ ਤੋਂ ਸ੍ਰੇਸ਼ਟ ਹੈ :

ਨਾਮ ਤੁਲਿ ਕਛੁ ਅਵਰੁ ਨ ਹੋਇ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥

(ਗਉੜੀ ਸੁਖਮਨੀ ਮਹਲਾ ੫, ਅੰਗ ੨੬੫)

ਨਾਮ ਰਸ ਮਹਾਂ ਰਸ ਹੈ। ਗੁਰੂ ਅਰਜਨ ਦੇਵ ਜੀ ਬਾਕੀ ਸਾਰੇ ਰਸਾਂ, ਵਿਕਾਰਾਂ ਨੂੰ ਤਿਆਗ ਕੇ ਪ੍ਰਾਣੀ ਨੂੰ ਨਾਮ ਰਸ ਪੀਣ ਲਈ ਰਾਗੁ ਬਿਲਾਵਲੁ ਵਿਚ ਪ੍ਰੇਰਨਾ ਦੇ ਰਹੇ ਹਨ। 'ਨਾਮ' ਅੰਮ੍ਰਿਤ ਰਸ ਨਾ ਚੱਖਣ ਕਰਕੇ ਹੀ ਸਾਰਾ ਜਗਤ ਵਿਸ਼ੇ ਵਿਕਾਰਾਂ ਵਿਚ ਡੁੱਬ ਰਿਹਾ ਹੈ। ਤਾਂ ਫਿਰ ਜਿੰਦ ਸੁਖੀ ਕਿਵੇਂ ਰਹਿ ਸਕਦੀ ਹੈ?

ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ॥
ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ॥

(ਅੰਗ ੮੦੨)

ਭਗਤ ਕਬੀਰ ਜੀ ਦਾ ਰਾਗੁ ਗਉੜੀ ਵਿਚ ਫ਼ਰਮਾਨ ਹੈ ਕਿ ਜਿਨ੍ਹਾਂ ਨੇ ਨਾਮ ਰਸ ਪੀਤਾ ਹੈ ਉਨ੍ਹਾਂ ਨੂੰ ਹੋਰ ਸਾਰੇ ਰਸ ਵਿਸਰ ਜਾਂਦੇ ਹਨ, ਚੰਗੇ ਨਹੀਂ ਲਗਦੇ ਹਨ :

ਰਾਮ ਰਸੁ ਪੀਆ ਰੇ॥
ਜਿਹ ਰਸ ਬਿਸਰਿ ਗਏ ਰਸ ਅਉਰ॥ *(ਅੰਗ ੩੩੭)*

ਇਸ ਰਸ ਦਾ ਕਿਹੋ ਜਿਹਾ ਸੁਆਦ ਹੈ। ਇਹ ਤਾਂ ਜਿਸਨੇ ਨਾਮ ਰਸ ਚੱਖਿਆ ਹੈ ਉਹੀ ਅਨੁਭਵ ਕਰ ਸਕਦਾ ਹੈ ਕਿ ਇਸ ਵਿਚ ਕਿੰਨਾ ਕੁ ਅਨੰਦ ਹੈ ਪਰ ਇਸ ਅਨੰਦ

ਨਾਮ ਸਿਰੋਮਣਿ ਸਰਬ ਮੈ ਭਗਤ ਰਹੇ ਲਿਵ ਧਾਰੇ॥

ਜਾਂ ਖਿੜਾਉ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਉਸ ਗੁੰਗੇ ਪ੍ਰਾਣੀ ਵਾਂਗ ਹੈ ਜੋ ਸੁਆਦਲੇ ਭੋਜਨ ਖਾ ਕੇ ਮਨ ਹੀ ਮਨ ਵਿਚ ਖੁਸ਼ ਤਾਂ ਹੁੰਦਾ ਹੈ ਪਰ ਇਸ ਖੁਸ਼ੀ ਜਾਂ ਸੁਆਦ ਦਾ ਪ੍ਰਗਟਾਵਾ ਨਹੀਂ ਕਰ ਸਕਦਾ :

ਜਿਨਿ ਚਾਖਿਆ ਤਿਸੁ ਆਇਆ ਸਾਦੁ ॥
ਜਿਉ ਗੂੰਗਾ ਮਨ ਮਹਿ ਬਿਸਮਾਦੁ ॥

(ਰਾਗੁ ਬਿਲਾਵਲੁ ਮਹਲਾ ੫, ਅੰਗ ੮੦੧)

ਨਾਮ ਨੂੰ ਵਿਸਾਰ ਕੇ ਜੋ ਪ੍ਰਾਣੀ ਦੁਨਿਆਵੀ ਰਸ ਭੋਗਦੇ ਹਨ ਉਨ੍ਹਾਂ ਨੂੰ ਕਦੀ ਸੁਫਨੇ ਵਿਚ ਵੀ ਸੁਖ ਨਹੀਂ ਮਿਲਦਾ। ਗੁਰਵਾਕ ਹੈ :

ਨਾਮੁ ਬਿਸਾਰਿ ਕਰੇ ਰਸ ਭੋਗ ॥
ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥

(ਰਾਗੁ ਗਉੜੀ ਮਹਲਾ ੫, ਅੰਗ ੨੪੦)

ਗੁਰੂ ਨਾਨਕ ਦੇਵ ਜੀ ਦੇ ਜਪੁ ਜੀ ਵਿਚ ਬਚਨ ਹਨ ਕਿ ਅਜਿਹਾ ਕੋਈ ਸਥਾਨ ਨਹੀਂ ਜਿੱਥੇ ਸੱਚ ਦਾ ਵਾਸਾ ਨਾ ਹੋਵੇ ਭਾਵ ਸੱਚੇ ਪ੍ਰਭੂ ਦਾ ਨਾਮ ਸਰਵ-ਵਿਆਪਕ ਹੈ :

ਜੇਤਾ ਕੀਤਾ ਤੇਤਾ ਨਾਉ ॥
ਵਿਣੁ ਨਾਵੈ ਨਾਹੀ ਕੋ ਥਾਉ ॥ *(ਅੰਗ ੪)*

ਸਾਰੇ ਜੀਵ-ਜੰਤਾਂ ਨੂੰ ਅਕਾਲ ਪੁਰਖ ਦੇ ਨਾਮ ਦਾ ਹੀ ਆਸਰਾ ਹੈ। ਸਾਰੇ ਜਗਤ, ਖੰਡਾਂ, ਬ੍ਰਹਮੰਡਾਂ ਵਿਚ ਇਕ ਪ੍ਰਭੂ ਦਾ ਨਾਮ ਹੀ ਟਿਕਿਆ ਹੋਇਆ ਹੈ :

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੮੪)

ਨਾਮ ਦੀ ਬਰਕਤ ਨਾਲ ਅਪਰਾਧੀਆਂ ਅਤੇ ਵਿਕਾਰੀਆਂ ਦੇ ਵੀ ਦੁੱਖ ਦੂਰ ਹੋ ਜਾਂਦੇ ਹਨ। ਗੁਰਵਾਕ ਹੈ :

ਜੋ ਜੋ ਨਾਮੁ ਜਪੈ ਅਪਰਾਧੀ
ਸਭਿ ਤਿਨ ਕੇ ਦੋਖ ਪਰਹਰੇ ॥

(ਰਾਗੁ ਮਾਰੂ ਮਹਲਾ ੪, ਅੰਗ ੯੯੫)

ਗੁਰੂ ਤੇਗ ਬਹਾਦਰ ਜੀ ਦੇ ਰਾਗੁ ਬਿਲਾਵਲੁ ਵਿਚ ਬਚਨ ਹਨ ਕਿ ਹੋਰ ਤਾਂ ਹੋਰ ਨਾਮ ਦੀ ਬਰਕਤ ਨਾਲ ਵੇਸਵਾ ਅਤੇ ਵੇਸਵਾ ਗਾਮੀਆਂ ਦੀ ਵੀ ਮੁਕਤੀ ਹੋ ਜਾਂਦੀ ਹੈ :

ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ ॥

(ਅੰਗ ੮੩੦)

ਅਜਾਮਲ ਇਕ ਕੁਕਰਮੀ ਤੇ ਵੇਸਵਾ ਗਾਮੀ ਬ੍ਰਾਹਮਣ ਹੋਇਆ ਹੈ ਜਿਸਨੇ ਆਪਣੇ ਪੁੱਤਰ ਦਾ ਨਾਮ ਨਾਰਾਇਣ ਰੱਖਿਆ। ਇਸ ਤਰ੍ਹਾਂ ਨਾਰਾਇਣ ਨਾਰਾਇਣ ਆਖਦਿਆਂ ਉਸ ਨੂੰ ਨਾਰਾਇਣ (ਪਰਮਾਤਮਾ) ਦੇ ਨਾਮ ਦੀ ਲਗਨ ਲੱਗ ਗਈ। ਗਨਿਕਾ ਇਕ ਵੇਸਵਾ ਹੋਈ ਹੈ ਜਿਸਦੇ ਉਧਾਰ ਲਈ ਉਸ ਨੂੰ ਇਕ ਸਾਧੂ ਤੋਤਾ ਦੇ ਗਿਆ ਤੇ ਆਖਿਆ ਕਿ ਤੋਤੇ ਨੂੰ ਰਾਮ ਰਾਮ ਪੜ੍ਹਾਇਆ ਕਰੇ। ਰਾਮ ਰਾਮ ਕਹਿੰਦਿਆਂ ਕਹਿੰਦਿਆਂ ਉਸ ਵੇਸਵਾ

ਦੀ ਵੀ ਰਾਮ-ਨਾਮ ਨਾਲ ਹੀ ਲਗਨ ਲੱਗ ਗਈ।

ਪੰਚਮ ਗੁਰਦੇਵ ਜੀ ਦਾ ਫ਼ਰਮਾਨ ਹੈ :

ਜਿਸੁ ਨੀਚ ਕਉ ਕੋਈ ਨ ਜਾਨੈ॥
ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥ *(ਰਾਗੁ ਆਸਾ, ਅੰਗ ੩੮੬)*

ਨਾਮ ਤੋਂ ਸੱਖਣੀ ਜੀਵ-ਆਤਮਾ ਮੁਰਦੇ ਦੀ ਨਿਆਈਂ ਹੈ। ਰਾਗੁ ਆਸਾ ਵਿਚ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

ਆਖਾ ਜੀਵਾ ਵਿਸਰੈ ਮਰਿ ਜਾਉ॥ *(ਅੰਗ ੩੪੯)*

ਧਨ 'ਤੇ ਪ੍ਰਾਣੀ ਕਿੰਨਾ ਮਾਣ ਕਰਦਾ ਹੈ ਜੋ ਜੀਵ ਨਾਲ ਨਿਭਣ ਵਾਲੀ ਵਸਤੂ ਨਹੀਂ। ਸਭ ਕੁਝ ਇੱਥੇ ਹੀ ਰਹਿ ਜਾਂਦਾ ਹੈ। ਭਗਤ ਕਬੀਰ ਜੀ ਦਾ ਰਾਗੁ ਭੈਰਉ ਵਿਚ ਫ਼ਰਮਾਨ ਹੈ ਕਿ ਜੇਕਰ ਮਨੁੱਖ ਨਾਮ ਤੋਂ ਸਖਣਾ ਹੈ ਤਾਂ ਉਹ ਧਨ ਹੁੰਦਿਆਂ ਵੀ ਨਿਰਧਨ ਭਾਵ ਕੰਗਾਲ ਹੈ। ਅਸਲੀ ਧਨ ਤਾਂ ਨਾਮ ਹੈ ਜਿਸਨੇ ਅੰਤ ਵੇਲੇ ਸਹਾਈ ਹੋਣਾ ਹੈ :

ਕਹਿ ਕਬੀਰ ਨਿਰਧਨੁ ਹੈ ਸੋਈ॥
ਜਾ ਕੇ ਹਿਰਦੈ ਨਾਮੁ ਨ ਹੋਈ॥ *(ਅੰਗ ੧੧੫੯)*

ਜੋ ਪ੍ਰਭੂ ਦੇ ਨਾਮ ਦੀ ਅਰਾਧਨਾ ਨਹੀਂ ਕਰਦੇ ਪੰਚਮ ਪਾਤਸ਼ਾਹ ਨੇ ਉਨ੍ਹਾਂ ਪ੍ਰਤੀ ਬੜੇ ਕਠੋਰ ਸ਼ਬਦ ਵਰਤੇ ਹਨ। ਰਾਗੁ ਭੈਰਉ ਵਿਚ ਆਪ ਜੀ ਦੇ ਬਚਨ ਹਨ ਕਿ ਜੋ ਪ੍ਰਾਣੀ ਨਾਮ ਨਹੀਂ ਸਿਮਰਦੇ ਉਨ੍ਹਾਂ ਨੂੰ ਤਾਂ ਲਾਜ ਭਾਵ ਸ਼ਰਮ ਨਾਲ ਮਰ ਜਾਣਾ ਚਾਹੀਦਾ ਹੈ। ਜੋ ਪ੍ਰਾਣੀ ਪ੍ਰਭੂ ਦੇ ਨਾਮ ਨਾਲ ਨਹੀਂ ਜੁੜਦੇ ਉਹ ਸੁਖ ਦੀ ਨੀਂਦ ਕਿਵੇਂ ਸੌਂ ਸਕਦੇ ਹਨ?

ਲਾਜ ਮਰੈ ਜੋ ਨਾਮੁ ਨ ਲੇਵੈ॥
ਨਾਮ ਬਿਹੂਨ ਸੁਖੀ ਕਿਉ ਸੋਵੈ॥ *(ਅੰਗ ੧੧੪੮)*

ਸਤਿਗੁਰਾਂ ਦਾ ਰਾਗ ਭੈਰਉ ਵਿਚ ਹੀ ਇਕ ਹੋਰ ਫ਼ਰਮਾਨ ਹੈ ਕਿ ਨਾਮ ਤੋਂ ਬਿਨਾਂ ਸਾਰੇ ਕਰਮ-ਕਾਂਡ ਵਿਅਰਥ ਹਨ :

ਨਾਮ ਬਿਨਾ ਬਿਰਥੇ ਸਭਿ ਕਾਜ॥ *(ਅੰਗ ੧੧੪੦)*

ਇਸੇ ਸਬੰਧ ਵਿਚ ਭਗਤ ਰਵਿਦਾਸ ਜੀ ਦੇ ਰਾਗੁ ਧਨਾਸਰੀ ਵਿਚ ਬਚਨ ਹਨ :

ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥ *(ਅੰਗ ੬੯੪)*

ਹਰੀ ਦਾ ਨਾਮ ਸਾਰੇ ਸੁਖਾਂ ਦਾ ਖ਼ਜ਼ਾਨਾ ਹੈ :

ਹਰਿ ਕਾ ਨਾਮੁ ਨਿਧਾਨੁ ਹੈ ਸੇਵਿਐ ਸੁਖੁ ਪਾਈ॥
(ਸਾਰਗ ਕੀ ਵਾਰ ਮਹਲਾ ੪, ਅੰਗ ੧੨੩੯)

ਨਾਮ ਸਿਮਰਨ ਵਾਲਿਆਂ ਤੋਂ ਪ੍ਰਭੂ ਲੇਖਾ ਨਹੀਂ ਪੁਛਦਾ :

ਨਾਨਕ ਨਾਮੋ ਮਨਿ ਵਸੈ ਹਰਿ ਦਰਗਹ ਲਏ ਛਡਾਇ॥
(ਸਲੋਕ ਵਾਰਾਂ ਤੇ ਵਧੀਕ ਮਹਲਾ ੩, ਅੰਗ ੧੪੨੦)

ਜਿਸ ਸਥਾਨ ਤੇ ਪ੍ਰਭੂ ਦਾ ਨਾਮ ਜਪਿਆ ਜਾਂਦਾ ਹੈ ਉਹ ਰੋੜੇ ਟਿੱਬੇ ਵੀ ਸੋਨੇ ਦੇ ਚੋਬਾਰੇ ਹਨ :

ਜਿਥੈ ਨਾਮੁ ਜਪੀਐ ਪ੍ਰਭ ਪਿਆਰੇ॥

ਸੇ ਅਸਥਲ ਸੋਇਨ ਚਉਬਾਰੇ॥

(ਰਾਗੁ ਮਾਝ ਮਹਲਾ ੧, ਅੰਗ ੧੦੫)

[illegible] ਵਾਲੇ ਦੀ ਘਾਲ ਕਮਾਈ ਤਾਂ ਸਫਲ ਹੁੰਦੀ ਹੀ ਹੈ ਪ੍ਰੰਤੂ ਉਸਦੀ ਸੰਗਤ ਵਿਚ ਆਉਣ ਵਾਲੇ ਵੀ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ :

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ *(ਜਪੁਜੀ, ਅੰਗ ੮)*

ਨਾਮ ਕਿਸ ਵੇਲੇ ਜਪਿਆ ਜਾਏ? ਨਾਮ ਜਪਣ ਦਾ ਕੋਈ ਵੇਲਾ ਜਾਂ ਸਮਾਂ ਨਹੀਂ। ਉਠਦਿਆਂ-ਬੈਠਦਿਆਂ, ਕਾਰ-ਵਿਹਾਰ ਕਰਦਿਆਂ, ਪ੍ਰਾਣੀ ਦਾ ਧਿਆਨ ਹਰ ਵੇਲੇ ਕਰਤਾਰ ਨਾਲ ਲੱਗਾ ਰਹਿਣਾ ਚਾਹੀਦਾ ਹੈ :

ਉਠਦਿਆ ਬਹਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ...

(ਰਾਗੁ ਵਡਹੰਸ ਕੀ ਵਾਰ ਮਹਲਾ ੪, ਅੰਗ ੫੯੪)

ਜਦੋਂ ਤਾਈਂ ਸਰੀਰ ਅੰਦਰ ਸੁਆਸ ਚਲਦੇ ਹਨ ਨਾਮ ਜਪਣਾ ਚਾਹੀਦਾ ਹੈ :

ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਨਾਮੁ ਧਿਆਇ॥
ਚਲਦਿਆ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ॥

(ਸਿਰੀਰਾਗੁ ਮਹਲਾ ੪, ਅੰਗ ੮੨)

ਪ੍ਰੰਤੂ ਅੰਮ੍ਰਿਤ ਵੇਲੇ ਨਾਮ ਵਿਚ ਜੁੜਨ ਨਾਲ ਨਿਵੇਕਲਾ ਅਨੰਦ ਹੀ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਬਾਣੀ ਜਪੁ ਜੀ ਵਿਚ ਬਚਨ ਹਨ :

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥

ਸਾਹਿਬ ਆਪ ਹੀ ਉੱਤਰ ਦੇ ਰਹੇ ਹਨ :

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ *(ਅੰਗ ੨)*

ਨਾਮ ਇਕ ਮਨ ਇਕ ਚਿੱਤ ਹੋ ਕੇ ਜਪਣਾ ਚਾਹੀਦਾ ਹੈ। ਬਾਹਰੋਂ ਜੀਭ ਨਾਲ ਰਾਮ-ਰਾਮ ਕਹੀ ਜਾਣਾ ਵਿਖਾਵਾ ਹੈ ਅਤੇ ਵਿਖਾਵੇ ਨਾਲ ਪ੍ਰਭੂ ਕਦੀ ਪਸੀਜਦਾ ਨਹੀਂ। ਗੁਰਵਾਕ ਹੈ :

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥

(ਰਾਗੁ ਗੂਜਰੀ ਮਹਲਾ ੩, ਅੰਗ ੪੯੧)

ਇਸ ਪ੍ਰਕਾਰ ਜਿਹੜਾ ਪ੍ਰਾਣੀ ਆਪਣੇ ਹਿਰਦੇ ਵਿਚ ਨਾਮ ਨੂੰ ਵਸਾਉਂਦਾ ਹੈ, ਪਰਮਾਤਮਾ ਦੇ ਚਰਨਾਂ-ਕਮਲਾਂ ਵਿਚ ਆਪਣੇ ਮਨ ਨੂੰ ਜੋੜਦਾ ਹੈ, ਅਜਿਹੇ ਵਿਅਕਤੀ ਦੇ ਨੇੜੇ ਜਮਰਾਜ ਦੇ ਜਮਦੂਤ ਢੁੱਕ ਨਹੀਂ ਸਕਦੇ ਭਾਵ ਉਸ ਦਾ ਮਨੁੱਖਾ ਜਨਮ ਸਫ਼ਲਾ ਹੋ ਜਾਂਦਾ ਹੈ :

ਚਰਣਾਰਬਿੰਦ ਭਜਨੰ ਰਿਦਯੰ ਨਾਮ ਧਾਰਣਹ॥
ਕੀਰਤਨੰ ਸਾਧਸੰਗੇਣ ਨਾਨਕ ਨਹ ਦ੍ਰਿਸਟੰਤਿ ਜਮਦੂਤਨਹ॥

(ਸਲੋਕ ਸਹਸਕ੍ਰਿਤੀ ਮਹਲਾ ੫, ਅੰਗ ੧੩੫੬-੫੭)

5

ਕਿਰਤ

'ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ' ਗੁਰਮਤਿ ਦੇ ਮੁੱਢਲੇ ਤਿੰਨ ਪ੍ਰਮੁੱਖ ਸਿਧਾਂਤ ਹਨ। ਇਸ ਪ੍ਰਕਾਰ ਨਿਸ਼ਚੇ ਹੀ ਕਿਰਤ ਨੂੰ ਗੁਰਮਤਿ ਵਿਚ ਇਕ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਕਿਰਤ ਜਾਂ ਸੁਕ੍ਰਿਤ ਤੋਂ ਭਾਵ ਹੈ ਉਪਜੀਵਕਾ ਲਈ ਨੇਕ ਕਮਾਈ ਕਰਨੀ ਜਿਸ ਨੂੰ ਆਮ ਤੌਰ ਤੇ ਧਰਮ ਦੀ ਕਮਾਈ ਜਾਂ ਦਸਾਂ ਨਹੁਆਂ ਦੀ ਕਮਾਈ ਵੀ ਕਿਹਾ ਜਾਂਦਾ ਹੈ ਤੇ ਫੇਰ ਇਸ ਕੀਤੀ ਹੋਈ ਕਮਾਈ ਨਾਲ ਆਪਣਾ ਤੇ ਆਪਣੇ ਪਰਿਵਾਰ ਦਾ ਨਿਰਬਾਹ ਕਰਨਾ। ਕਿਸੇ ਦਾ ਹੱਕ ਮਾਰ ਕੇ, ਜ਼ੋਰ ਜਬਰ ਆਦਿ ਦੁਆਰਾ ਕੀਤੀ ਕਮਾਈ ਕਦੀ ਕਿਰਤ ਦੀ ਕਮਾਈ ਨਹੀਂ ਹੋ ਸਕਦੀ। ਕਿਰਤ ਕਰਨ ਵਾਲੇ ਵਿਅਕਤੀ ਦੇ ਮਨ ਵਿਚ ਸਦਾ ਸ਼ਾਂਤੀ, ਖੁਸ਼ੀ ਤੇ ਖੇੜਾ ਬਣਿਆ ਰਹਿੰਦਾ ਹੈ।

ਗੁਰੂ ਨਾਨਕ ਦੇਵ ਜੀ ਭਾਵੇਂ ਕਿਰਸਾਣੀ ਕੁਲ ਵਿਚੋਂ ਨਹੀਂ ਸਨ ਫੇਰ ਵੀ ਉਨ੍ਹਾਂ ਨੇ ਦੇਸ਼ ਦੇਸ਼ਾਂਤਰਾਂ ਦਾ ਰਟਨ ਕਰਨ ਤੋਂ ਬਾਅਦ ਆਪਣੇ ਅੰਤਲੇ ਸਾਲਾਂ ਵਿਚ ਹੱਥੀਂ ਵਾਹੀ ਕੀਤੀ, ਹਲ ਵਾਹਿਆ ਅਤੇ ਇਸ ਤੋਂ ਜੋ ਉਪਜੀਵਕਾ ਮਿਲਦੀ ਉਸ ਨੂੰ ਲੰਗਰ ਵਿਚ ਵਰਤਾ ਦਿੰਦੇ, ਲੋੜਵੰਦਾਂ ਵਿਚ ਵੰਡ ਦਿੰਦੇ। ਆਪ ਜੀ ਦਾ ਆਸ਼ਾ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

(ਸਲੋਕ ਮਹਲਾ ੧, ਰਾਗੁ ਸਾਰਗ ਕੀ ਵਾਰ ਮਹਲਾ ੪, ਅੰਗ ੧੨੪੫)

ਭਾਵ ਜਿਹੜੇ ਮਨੁੱਖ ਧਰਮ ਜਾਂ ਕਿਰਤ ਕਮਾਈ ਕਰਦੇ ਹਨ ਅਤੇ ਫਿਰ ਉਸ ਦਸਾਂ ਨਹੁੰਆਂ ਦੀ ਕੀਤੀ ਹੋਈ ਕਮਾਈ ਵਿਚੋਂ ਲੋੜਵੰਦਾਂ ਨੂੰ ਦਿੰਦੇ ਹਨ ਅਜਿਹੇ ਪ੍ਰਾਣੀ ਹੀ ਜੀਵਨ ਦੇ ਅਸਲੀ ਮਾਰਗ ਨੂੰ ਪਛਾਣਦੇ ਹਨ। ਸੱਚੀ ਜਾਂ ਸੁੱਚੀ ਕਮਾਈ ਹੀ ਦਰਗਾਹੇ ਕਬੂਲ ਹੁੰਦੀ ਹੈ :

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥

(ਆਸਾ ਦੀ ਵਾਰ ਮਹਲਾ ੧, ਅੰਗ ੪੭੨)

ਸ੍ਰੀ ਗੁਰੂ ਅੰਗਦ ਦੇਵ ਜੀ ਆਪਣੇ ਹੱਥੀਂ ਮਿਹਨਤ ਕਰਦੇ। ਮੁੰਜ ਆਦਿ ਵੱਟ ਕੇ ਕੀਤੀ ਕਮਾਈ 'ਚੋਂ ਪ੍ਰਸ਼ਾਦ ਛਕਦੇ।

ਸ੍ਰੀ ਗੁਰੂ ਅਮਰਦਾਸ ਜੀ ਨੇ ਖੇਤੀ ਅਤੇ ਵਣਜ ਵਪਾਰ ਕੀਤਾ। ਜੇਠਾ ਜੀ (ਗੁਰੂ ਰਾਮਦਾਸ ਜੀ) ਘੁੰਗਣੀਆਂ ਵੇਚ ਕੇ ਜੀਵਨ ਨਿਰਬਾਹ ਕਰਦੇ ਰਹੇ। ਕਿਰਤ, ਸੇਵਾ ਤੇ ਨਾਮ ਸਿਮਰਨ ਦੁਆਰਾ ਗੁਰੂ ਘਰ ਵਿਚ ਪਰਵਾਨ ਹੋਏ ਅਤੇ ਉਹ ਗੁਰੂ ਰਾਮਦਾਸ ਜੀ ਬਣੇ।

ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਘਾਹੀ ਵਲੋਂ ਆਪਣੀ ਕਿਰਤ ਕਮਾਈ ਵਿਚੋਂ ਭੇਟ ਕੀਤੀ ਕੌਡੀ ਨੂੰ ਉੱਤਮ ਭੇਟ ਸਮਝ ਕੇ ਉਸ ਨੂੰ ਗਲਵੱਕੜੀ ਵਿਚ ਲੈ ਕੇ ਕਿਹਾ ਸੀ ਕਿ ਗੁਰਮੁਖਾ, ਕਿਰਤ ਕਮਾਈ ਨਾਲ ਹੀ ਸਿੱਖਾਂ ਵਿਚ ਮਨੋਬਲ ਤੇ ਸ਼ਕਤੀ ਆਵੇਗੀ,

ਆਤਮਾ ਸ਼ੁੱਧ ਤੇ ਬਲਵਾਨ ਹੋਵੇਗੀ। ਉਹ ਕਿਸੇ ਦੇ ਅਧੀਨ ਨਹੀਂ ਰਹਿਣਗੇ, ਦਾਤੇ ਬਣਨਗੇ ਤੇ ਭੁੱਖਿਆਂ ਦੇ ਪੇਟ ਭਰਨਗੇ। ਗੁਰੂ ਗੋਬਿੰਦ ਸਿੰਘ ਜੀ ਨੇ ਇਕ ਅਜਿਹੇ ਸਿੱਖ ਕੋਲੋਂ ਪਾਣੀ ਪੀਣਾ ਵੀ ਸਵੀਕਾਰ ਨਹੀਂ ਕੀਤਾ ਸੀ ਜਿਸਨੇ ਕਦੀ ਹੱਥੀਂ ਕਾਰ ਨਹੀਂ ਕੀਤੀ ਸੀ।

ਦੇਸ਼ ਦੇ ਸਮਾਜਿਕ ਢਾਂਚੇ ਨੂੰ ਵਿਗਸਤ ਤੇ ਪ੍ਰਫੁੱਲਤ ਕਰਨ ਵਿਚ ਕਿਰਤ ਦਾ ਬਹੁਤ ਵੱਡਾ ਯੋਗਦਾਨ ਹੈ। ਵਿਹਲੜਾਂ ਤੇ ਨਿਕੰਮਿਆਂ ਨਾਲ ਸਮਾਜ ਨੂੰ ਢਾਹ ਲਗਦੀ ਹੈ। ਆਮ ਕਹਾਵਤ ਹੈ 'ਵਿਹਲੜ ਮਨ ਸ਼ੈਤਾਨ ਦਾ ਘਰ'।

ਗੁਰਮਤਿ ਅਨੁਸਾਰ ਕਿਰਤ ਦਾ ਇਹ ਸਿਧਾਂਤ ਸੰਤਾਂ, ਫ਼ਕੀਰਾਂ, ਸਿੱਧਾਂ, ਜੋਗੀਆਂ ਆਦਿ ਲਈ ਇਕ ਵੰਗਾਰ ਸੀ ਜੋ ਜੰਗਲਾਂ ਵਿਚ ਛੁਪ ਕੇ ਨਾਮ ਤਾਂ ਜਪਦੇ ਹਨ ਪਰ ਸਮਾਜ ਦਾ ਕੁਝ ਵੀ ਨਹੀਂ ਸੰਵਾਰਦੇ। ਸਮਾਜ ਨੂੰ ਉਨ੍ਹਾਂ ਦਾ ਕੋਈ ਲਾਭ ਜਾਂ ਫਾਇਦਾ ਨਹੀਂ ਹੁੰਦਾ ਇਥੋਂ ਤੱਕ ਕਿ ਪੇਟ ਦੀ ਭੁੱਖ ਮਿਟਾਉਣ ਲਈ ਉਨ੍ਹਾਂ ਨੂੰ ਗ੍ਰਿਹਸਤੀ ਕਿਰਤੀਆਂ ਦੇ ਦਰ ਤੇ ਆ ਕੇ ਹੀ ਫਿਰ ਮੰਗਣਾ ਪੈਂਦਾ ਹੈ :

ਹੋਇ ਅਤੀਤੁ ਗ੍ਰਿਹਸਤਿ ਤਜਿ, ਫਿਰਿ ਉਨਹੁੰ ਕੇ ਘਰਿ ਮੰਗਣਿ ਜਾਈ॥

(ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੦)

ਭਗਤ ਨਾਮਦੇਵ ਜੀ ਹੱਥੀਂ ਕਿਰਤ ਕਮਾਈ ਕਰਕੇ ਜੀਵਨ ਨਿਰਬਾਹ ਕਰਦੇ ਸਨ। ਆਪ ਜੀ ਦਾ ਨਿਸਚਾ ਸੀ ਕਿ ਕੰਮ-ਕਾਜ (ਕਿਰਤ) ਕਰਦਿਆਂ, ਮਨ ਪ੍ਰਭੂ ਦੀ ਭਗਤੀ ਵਿਚ ਲੀਨ ਰਹਿ ਸਕਦਾ ਹੈ—ਹੱਥ ਕਾਰ ਵੱਲ ਚਿੱਤ ਕਰਤਾਰ ਵੱਲ :

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥੨੧੨ ॥
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥

(ਸਲੋਕ ਭਗਤ ਕਬੀਰ ਜੀ, ਅੰਗ ੧੩੭੫-੧੩੭੬)

ਭਗਤ ਕਬੀਰ ਜੀ ਕੱਪੜਾ ਬੁਣ ਕੇ ਆਪਣਾ ਤੇ ਆਪਣੇ ਪਰਿਵਾਰ ਦਾ ਪੇਟ ਭਰਦੇ ਅਤੇ ਘਰ ਆਏ ਲੋੜਵੰਦਾਂ ਦੀਆਂ ਲੋੜਾਂ ਵੀ ਪੂਰੀਆਂ ਕਰਦੇ।

ਇਸੇ ਤਰ੍ਹਾਂ ਭਗਤ ਰਵਿਦਾਸ ਜੀ ਜੁੱਤੀਆਂ ਸਿਉਂ ਕੇ ਆਪਣਾ ਤੇ ਆਪਣੇ ਪਰਿਵਾਰ ਦਾ ਜੀਵਨ ਨਿਰਬਾਹ ਕਰਦੇ ਰਹੇ।

ਵਿਹਲੜ, ਮਖੱਟੂ ਤੇ ਮੰਗ ਖਾਣ ਵਾਲੇ ਬਨਵਾਸੀ, ਜੋਗੀ, ਸੰਨਿਆਸੀ, ਫਕੀਰ ਆਦਿ ਸਮਾਜ ਦਾ ਕੁਝ ਵੀ ਤਾਂ ਨਹੀਂ ਸੰਵਾਰਦੇ। ਗੁਰਬਾਣੀ ਇਨ੍ਹਾਂ ਨੂੰ ਨਹੀਂ ਕਬੂਲਦੀ। ਗੁਰੂ ਨਾਨਕ ਦੇਵ ਜੀ ਦੇ ਸਾਰਗ ਕੀ ਵਾਰ ਮਹਲਾ ੪ ਵਿਚ ਬਚਨ ਹਨ :

ਮਖਟੂ ਹੋਇ ਕੈ ਕੰਨ ਪੜਾਏ॥
ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥ *(ਅੰਗ ੧੨੪੫)*

ਗੁਰੂ ਨਾਨਕ ਦੇਵ ਜੀ ਨੂੰ ਭਾਈ ਲਾਲੋ ਜੀ ਦੀ ਰੁੱਖੀ ਸੁੱਖੀ ਵਿਚੋਂ ਸਬਰ ਸ਼ੁਕਰ ਤੇ ਸੰਤੋਖ ਨਜ਼ਰ ਆਏ। ਉਸ ਦੀ ਕੋਧਰੇ ਦੀ ਰੋਟੀ ਵਿਚ ਜੋ ਅਨੰਦ ਸੀ ਉਹ ਮਲਕ

ਭਾਗੋ ਦੇ ਮਾਲ੍ਹ ਪੂੜਿਆਂ ਵਿਚ ਨਹੀਂ ਸੀ ਕਿਉਂਕਿ ਉਹ ਹੱਕ ਹਲਾਲ ਦੀ ਕਮਾਈ ਦੇ ਬਣੇ ਹੋਏ ਨਹੀਂ ਸਨ। ਉਹ ਤਾਂ ਕਿਰਤੀਆਂ ਕਾਮਿਆਂ ਦਾ ਖ਼ੂਨ ਚੂਸ ਕੇ ਬਣਾਏ ਗਏ ਸਨ। ਦੂਜੇ ਬੰਨੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚ ਸੱਚ ਤੇ ਧਰਮ ਦੀ ਕੀਤੀ ਕਮਾਈ ਦਾ ਦੁੱਧ ਵਰਗਾ ਮਿੱਠਾ ਸੁਆਦ ਸੀ। ਤਾਹੀਉਂ ਤਾਂ ਸ਼ੇਖ਼ ਬਾਬਾ ਫਰੀਦ ਜੀ ਕਹਿ ਰਹੇ ਹਨ :

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥ ੨੯॥

(ਅੰਗ ੧੩੭੯)

ਇਸ ਤੋਂ ਉਲਟ ਜੋ ਪ੍ਰਾਣੀ ਹੇਰਾ-ਫੇਰੀ ਕਰਕੇ ਧਨ-ਦੌਲਤ ਇਕੱਠੀ ਕਰਦਾ ਹੈ ਉਸ ਨੂੰ ਕੋਈ ਆਤਮਿਕ ਸੁੱਖ ਜਾਂ ਖ਼ੁਸ਼ੀ ਪ੍ਰਾਪਤ ਨਹੀਂ ਹੁੰਦੀ। ਉਹ ਤਾਂ ਸਗੋਂ ਹਰ ਵੇਲੇ ਚਿੰਤਾ, ਝੋਰਿਆਂ ਵਿਚ ਹੀ ਗ੍ਰਸਿਆ ਰਹਿੰਦਾ ਹੈ :

ਵਡੇ ਵਡੇ ਜੋ ਦੀਸਹਿ ਲੋਗ॥
ਤਿਨ ਕਉ ਬਿਆਪੈ ਚਿੰਤਾ ਰੋਗ॥

(ਰਾਗੁ ਗਉੜੀ ਮਹਲਾ ੫, ਅੰਗ ੧੮੮)

ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਨੂੰ ਗੁਰੂ ਗ੍ਰੰਥ ਸਾਹਿਬ ਭਾਵ ਗੁਰਬਾਣੀ ਦੀ ਕੁੰਜੀ ਕਿਹਾ ਜਾਂਦਾ ਹੈ। ਜਿੰਨੇ ਸੋਹਣੇ ਤੇ ਸੁਚੱਜੇ ਢੰਗ ਨਾਲ ਭਾਈ ਸਾਹਿਬ ਨੇ ਗੁਰਬਾਣੀ ਦੀ ਵਿਆਖਿਆ ਕੀਤੀ ਹੈ, ਇਸਦਾ ਹੋਰ ਕੋਈ ਸਾਨੀ ਨਹੀਂ ਹੋ ਸਕਦਾ। ਆਪ ਜੀ ਦਾ ਕਥਨ ਹੈ ਕਿ ਮਨੁੱਖਾ ਜਨਮ ਸਭ ਜੂਨਾਂ ਤੋਂ ਸਰਵੋਤਮ ਹੈ। ਇਸ ਜਨਮ ਵਿਚ ਆ ਕੇ ਜਿੱਥੇ ਪ੍ਰਾਣੀ ਨੇ ਸ਼ੁੱਭ ਕਰਮ ਕਰਕੇ, ਸਾਧ ਸੰਗਤ ਵਿਚ ਜਾ ਕੇ ਨਾਮ ਜਪਣਾ ਹੈ ਉੱਥੇ ਹੱਥੀਂ ਕਿਰਤ ਤੇ ਧਰਮ ਦੀ ਕਮਾਈ ਵੀ ਕਰਨੀ ਹੈ :

ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ॥
ਅਖੀ ਵੇਖਣ ਕਰਨਿ ਸੁਣਨ ਮੁਖਿ ਸੁਭਿ ਬੋਲਣਿ ਬਚਨ ਸਨੇਹੀ॥
ਹਥੀਂ ਕਾਰ ਕਮਾਵਣੀ ਪੈਰੀਂ ਚਲਿ ਸਤਿਸੰਗਿ ਮਿਲੇਹੀ॥
ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖੁਵਾਲਣੁ ਕਾਰਿ ਕਰੇਹੀ॥

(ਵਾਰ ੧, ਪਉੜੀ ੩)

ਗੁਰਸਿੱਖ ਕਦੀ ਦੂਜਿਆਂ ਦਾ ਹੱਕ ਨਹੀਂ ਮਾਰਦਾ। ਕਿਸੇ ਦੇ ਧਨ ਨੂੰ ਹੱਥ ਨਹੀਂ ਲਾਉਂਦਾ। ਉਹ ਤਾਂ ਕਿਰਤ ਕਮਾਈ 'ਚੋਂ ਦੂਜਿਆਂ ਨੂੰ ਦੇ ਕੇ ਖ਼ੁਸ਼ ਹੁੰਦਾ ਹੈ :

ਕਿਰਤਿ ਵਿਰਤਿ ਕਰ ਧਰਮ ਦੀ ਹਥਹੁ ਦੇ ਕੇ ਭਲਾ ਮਨਾਵੈ॥
ਪਾਰਸੁ ਪਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨ ਲਾਵੈ॥

(ਵਾਰ ੬, ਪਉੜੀ ੧੨)

ਅਥਵਾ :

ਕਿਰਤ ਵਿਰਤਿ ਕਰ ਧਰਮ ਦੀ ਲੈ ਪਰਸਾਦ ਆਣ ਵਰਤੰਦਾ॥
ਗੁਰਸਿਖਾਂ ਨੂੰ ਦੇਇ ਕਰਿ ਪਿਛੋਂ ਬਚਿਆ ਆਪੁ ਖਵੰਦਾ॥

(ਵਾਰ ੪੦, ਪਉੜੀ ੧੧)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਿਰਤ ਬਾਰੇ ਪਵਿੱਤਰ ਬਚਨਾਂ ਨੂੰ ਰਹਿਤਨਾਮੇ ਵਿਚ ਲਿਖਿਆ ਹੈ :

ਦਸ ਨਖ ਕਰਿ ਜੋ ਕਾਰ ਕਮਾਵੈ।
ਤਾਂ ਕਰ ਜੋ ਧਨ ਘਰ ਮੈ ਆਵੈ।
ਤਿਹ ਤੇ ਗੁਰ ਦਸਵੰਧ ਜੁ ਦੇਈ।
ਸਿੰਘ ਸੁਜਸ ਬਹੁ ਜਗ ਮਹਿ ਲੇਈ।

(ਰਹਿਤਨਾਮਾ ਭਾਈ ਦੇਸਾ ਸਿੰਘ)

ਸਪੱਸ਼ਟ ਹੈ ਕਿ ਗੁਰਬਾਣੀ ਮਨੁੱਖ ਨੂੰ ਧਰਮ ਤੇ ਦਸਾਂ ਨੌਹਾਂ ਦੀ ਕਿਰਤ ਕਮਾਈ ਲਈ ਪ੍ਰੇਰਦੀ ਹੈ ਤੇ ਅਜਿਹੀ ਕੀਤੀ ਹੋਈ ਕਮਾਈ ਜੇਕਰ ਲੋੜਵੰਦਾਂ ਦੇ ਕੰਮ ਆਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਇਕ ਸਵੱਛ ਤੇ ਸਾਫ਼ ਸੁਥਰੇ ਸਮਾਜ ਦੀ ਸਥਾਪਨਾ ਕਰਨ ਵਿਚ ਕਿਰਤ ਦਾ ਬਹੁਤ ਵੱਡਾ ਸਥਾਨ ਹੈ।

ਗੁਰੂ ਨਾਨਕ ਦੇਵ ਜੀ ਦੇ ਰਾਗੁ ਆਸਾ ਦੀ ਵਾਰ ਵਿਚ ਬਚਨ ਹਨ ਕਿ ਜਿਹੜੇ ਸਬਰ ਸੰਤੋਖ ਵਾਲੇ ਪ੍ਰਾਣੀ ਇਕ ਪ੍ਰਭੂ ਦਾ ਸਿਮਰਨ ਕਰਦੇ ਹਨ, ਉਹੀ ਪ੍ਰਭੂ ਦੀ ਸੇਵਾ ਕਰਦੇ ਹਨ। ਉਹ ਕਦੀ ਮੰਦਾ ਜਾਂ ਬੁਰਾ ਕੰਮ ਨਹੀਂ ਕਰਦੇ, ਸਦਾ ਕਿਰਤ ਕਮਾਈ ਕਰਕੇ ਧਰਮ ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਹਨ :

ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥

(ਅੰਗ ੪੬੬-੬੭)

ਕਿਰਤ ਕਮਾਈ ਕਰਨ ਦੀ ਥਾਂ ਜੋ ਪਰਾਇਆ ਹੱਕ ਮਾਰਦੇ ਹਨ ਉਨ੍ਹਾਂ ਨੂੰ ਗੁਰੂ ਜੀ ਨੇ ਮੁਸਲਮਾਨ ਲਈ ਸੂਰ ਅਤੇ ਹਿੰਦੂ ਲਈ ਗਾਂ ਦੀ ਹੱਤਿਆ ਦੇ ਤੁਲ ਕਰਕੇ ਗਰਦਾਨਿਆ ਹੈ। ਅਜਿਹੇ ਪ੍ਰਾਣੀਆਂ ਦੀ ਅੰਤ ਵੇਲੇ ਕੋਈ ਗੁਰੂ ਪੀਰ ਵੀ ਮਦਦ ਲਈ ਨਹੀਂ ਬਹੁੜਦਾ :

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥

(ਰਾਗੁ ਮਾਝ ਕੀ ਵਾਰ ਮਹਲਾ ੧, ਅੰਗ ੧੪੧)

ਜਦੋਂ ਅਸੀਂ ਕਿਰਤ ਕਮਾਈ ਵਿਚ ਵਾਧੇ ਲਈ ਅਰਦਾਸ ਕਰਦੇ ਹਾਂ ਤਾਂ ਇਸ ਤੋਂ ਇਹੋ ਭਾਵ ਹੈ ਕਿ ਪ੍ਰਾਣੀ ਸਦਾ ਧਰਮ ਦੀ ਕਮਾਈ ਕਰੇ, ਕਿਸੇ ਦੇ ਧਨ-ਦੌਲਤ ਤੇ ਹੱਕ ਨਾ ਜਮਾਏ, ਕਿਸੇ ਦਾ ਹੱਕ ਨਾ ਮਾਰੇ। ਜਦੋਂ ਅਸੀਂ ਗੁਰਬਾਣੀ ਦੇ ਇਸ ਸਿਧਾਂਤ ਨੂੰ ਮੰਨਣ ਲੱਗ ਪਵਾਂਗੇ ਤਾਂ ਨਿਸ਼ਚੇ ਹੀ ਸਾਡੀਆਂ ਬਹੁਤ ਸਾਰੀਆਂ ਸਮਾਜਿਕ ਬੀਮਾਰੀਆਂ ਦਾ ਅੰਤ ਹੋ ਜਾਵੇਗਾ।

(6)

ਵੰਡ ਛਕਣਾ

ਨਾਮ ਜਪਣ ਅਤੇ ਕਿਰਤ ਕਰਨ ਦੇ ਨਾਲ ਨਾਲ ਜੇਕਰ ਕੀਤੀ ਕਮਾਈ ਨੂੰ ਥੋੜ੍ਹਾ ਬਹੁਤਾ ਲੋੜਵੰਦਾਂ ਵਿਚ ਵੰਡ ਕੇ ਸਫ਼ਲ ਕੀਤਾ ਜਾਏ ਤਾਂ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਨਾਮ ਜਪਣਾ, ਕਿਰਤ ਕਰਨਾ ਅਤੇ ਵੰਡ ਛਕਣਾ ਗੁਰਮਤਿ ਦੇ ਇਹ ਮੁੱਢਲੇ ਤਿੰਨ ਮਹੱਤਵਪੂਰਨ ਸਿਧਾਂਤ ਹਨ। ਭਾਵੇਂ ਇਨ੍ਹਾਂ ਤਿੰਨਾਂ ਸਿਧਾਂਤਾਂ ਦਾ ਆਪਸ ਵਿਚ ਬੜਾ ਗੂੜ੍ਹਾ ਸੰਬੰਧ ਹੈ ਪ੍ਰੰਤੂ ਕਿਰਤ ਤੇ ਵੰਡ-ਛਕਣ ਨੂੰ ਇਕ ਦੂਜੇ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ। ਕੀਤੀ ਹੋਈ ਕਿਰਤ-ਕਮਾਈ ਨੂੰ ਵੰਡ-ਛਕਣਾ ਹੀ ਗੁਰਮਤਿ ਵਿਚ ਪ੍ਰਵਾਨ ਹੈ।

ਗੁਰੂ ਸਾਹਿਬਾਨ ਨੇ ਲੰਗਰ ਦੀ ਪ੍ਰਥਾ ਨੂੰ ਚਾਲੂ ਕਰਕੇ ਵੰਡ ਛਕਣ ਵਾਲੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ। ਗੁਰੂ ਕੇ ਲੰਗਰ ਵਿਚ ਬਿਨਾਂ ਕਿਸੇ ਭਿੰਨ-ਭੇਦ ਸੰਗਤਾਂ ਇਕੋ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਦੀਆਂ ਹਨ। ਇਹ ਲੰਗਰ ਸੰਗਤਾਂ ਵਲੋਂ ਦਿੱਤੀ ਗਈ ਕਿਰਤ-ਕਮਾਈ 'ਚੋਂ ਮਾਇਆ ਨਾਲ ਚਲਦੇ ਹਨ। ਮਾਇਆ ਤੋਂ ਬਿਨਾਂ ਰਸਦ ਦੇ ਰੂਪ ਵਿਚ ਆਟਾ, ਚਾਵਲ, ਦਾਲਾਂ, ਘਿਓ ਆਦਿ ਵੀ ਗੁਰੂ ਕੇ ਲੰਗਰ ਲਈ ਸੰਗਤਾਂ ਵਲੋਂ ਭੇਟ ਕੀਤੇ ਜਾਂਦੇ ਹਨ। ਅਜਿਹੀਆਂ ਪੰਗਤਾਂ ਜਾਤੀ ਭੇਦ-ਭਾਵ, ਊਚ-ਨੀਚ ਆਦਿ ਨੂੰ ਦੂਰ ਕਰਨ ਵਿਚ ਬੜੀਆਂ ਸਹਾਈ ਹੁੰਦੀਆਂ ਹਨ। ਇਥੋਂ ਤੱਕ ਕਿ ਜਦੋਂ ਬਾਦਸ਼ਾਹ ਅਕਬਰ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਲਈ ਗੋਇੰਦਵਾਲ ਸਾਹਿਬ ਆਇਆ ਤਾਂ ਗੁਰੂ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਉਸ ਨੇ ਗੁਰੂ ਕੇ ਲੰਗਰ ਵਿਚ ਸਭ ਨਾਲ ਇਕੱਠਿਆਂ ਬੈਠ ਕੇ ਪ੍ਰਸ਼ਾਦਾ ਛਕਿਆ। ਇੰਜ ਗੁਰੂ ਕੇ ਲੰਗਰ ਵਿਚ ਨਿੱਤ ਹਜ਼ਾਰਾਂ ਦੀ ਗਿਣਤੀ ਵਿਚ ਲੋੜਵੰਦਾਂ ਅਤੇ ਮੁਸਾਫਰਾਂ ਨੂੰ ਢਿੱਡ ਭਰ ਕੇ ਖਾਣ ਲਈ ਭੋਜਨ ਮਿਲਦਾ ਹੈ।

ਦਸਾਂ ਨਹੁੰਆਂ ਦੀ ਕੀਤੀ ਕਿਰਤ-ਕਮਾਈ ਨੂੰ ਸਫ਼ਲ ਕਰਨ ਬਾਰੇ ਜੋ ਗੁਰੂ ਸਾਹਿਬਾਨ ਨੇ ਮਾਰਗ ਦਰਸਾਇਆ, ਭਾਈ ਗੁਰਦਾਸ ਜੀ ਨੇ ਉਸਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ :

ਕਿਰਤਿ ਵਿਰਤ ਕਰ ਧਰਮ ਦੀ ਹਥਹੁ ਦੇ ਕੇ ਭਲਾ ਮਨਾਵੈ॥

(ਵਾਰ ੬, ਪਉੜੀ ੧੨)

ਅਥਵਾ :

ਕਿਰਤਿ ਵਿਰਤ ਕਰਿ ਧਰਮ ਦੀ ਖਟਿ ਖੁਵਾਲਣੁ ਕਾਰ ਕਰੇਗੀ॥

(ਵਾਰ ੧, ਪਉੜੀ ੩)

ਗੁਰੂ ਨਾਨਕ ਦੇਵ ਜੀ ਨੇ ਚੂੜਕਾਣਾ, ਜ਼ਿਲ੍ਹਾ ਸ਼ੇਖੂਪੁਰ (ਹੁਣ ਪਾਕਿਸਤਾਨ) ਵਿਖੇ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਵੰਡ-ਛਕਣ ਦਾ ਮੁੱਢ ਬੰਨ੍ਹਿਆ। ਜੀਵਨ ਦੇ ਅੰਤਲੇ ਸਾਲਾਂ ਵਿਚ ਕਰਤਾਰਪੁਰ (ਹੁਣ ਪਾਕਿਸਤਾਨ) ਵਿਖੇ ਹੱਥੀਂ ਖੇਤੀ ਕੀਤੀ ਅਤੇ ਹਲ ਵਾਹਿਆ। ਜੋ ਉਪਜ ਹੁੰਦੀ ਉਹ ਲੰਗਰ ਦੇ ਰੂਪ ਵਿਚ ਆਈਆਂ ਸੰਗਤਾਂ ਵਿਚ ਵੰਡ

ਦਿੰਦੇ ਅਤੇ ਲੋਕਾਈ ਨੂੰ ਸੇਧ ਦਿੱਤੀ :

ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

(ਸਲੋਕ ਮਹਲਾ ੧, ਸਾਰਗ ਕੀ ਵਾਰ ਮਹਲਾ ੪, ਅੰਗ ੧੨੪੫)

ਭਾਵ ਜੋ ਆਪਣੇ ਆਪ ਨੂੰ ਗੁਰੂ ਜਾਂ ਪੀਰ ਅਖਵਾਉਂਦਾ ਹੈ ਪਰ ਆਪਣਾ ਪੇਟ ਭਰਨ ਲਈ ਦੂਜਿਆਂ ਦੇ ਦਰਾਂ ਤੇ ਮੰਗਣ ਜਾਂਦਾ ਹੈ ਉਸਦੇ ਕਦੀ ਪੈਰੀਂ ਲੱਗਣਾ ਨਹੀਂ ਚਾਹੀਦਾ ਕਿਉਂਕਿ ਪ੍ਰਭੂ ਦੇ ਦਰ ਦੀ ਸੋਝੀ ਕੇਵਲ ਉਸ ਨੂੰ ਪੈਂਦੀ ਹੈ ਜੋ ਕਿਰਤ ਕਮਾਈ ਕਰ ਕੇ ਉਸ ਵਿਚੋਂ ਦੂਜਿਆਂ ਨੂੰ ਕੁਝ ਦੇ ਕੇ ਲੋੜਵੰਦਾਂ ਦੀਆਂ ਲੋੜਾਂ ਨੂੰ ਪੂਰਿਆਂ ਕਰਦਾ ਹੈ।

ਗੁਰੂ ਅਮਰਦਾਸ ਜੀ ਸ਼ਾਮ ਦੇ ਲੰਗਰ 'ਚੋਂ ਜੋ ਕੁਝ ਬਚਦਾ ਉਹ ਲੋੜਵੰਦਾਂ ਵਿਚ ਵੰਡ ਦਿੰਦੇ ਅਤੇ ਦੂਜੇ ਦਿਨ ਲਈ ਕੁਝ ਵੀ ਬਚਾ ਕੇ ਨਾ ਰੱਖਿਆ ਜਾਂਦਾ। ਭਾਈ ਜੇਠਾ ਜੀ ਘੁੰਘਣੀਆਂ ਵੇਚਦੇ ਰਹੇ। ਜੋ ਵਟਤ ਹੁੰਦੀ ਥੋੜ੍ਹੀ ਬਹੁਤ ਆਪਣੇ ਪਾਸ ਰੱਖ ਕੇ ਬਾਕੀ ਦੀ ਮਾਇਆ ਗੁਰੂ ਕੇ ਲੰਗਰ ਵਿਚ ਦੇ ਦਿੰਦੇ ਅਤੇ ਬਚੀਆਂ ਘੁੰਘਣੀਆਂ ਵੰਡ ਛਡਦੇ। ਜਦੋਂ ਆਪ ਜੀ ਗੁਰੂ ਪਦਵੀ ਨੂੰ ਪ੍ਰਾਪਤ ਹੋਏ ਤਾਂ ਗੁਰੂ ਜੀ ਨੇ ਵੰਡ-ਛਕਣ ਨੂੰ ਦਸਵੰਧ ਦਾ ਨਾਮ ਦਿੱਤਾ ਜਿਸ ਤੋਂ ਭਾਵ ਹੈ ਕਿ ਗੁਰਸਿੱਖ ਨੇ ਕਮਾਈ ਦਾ 10ਵਾਂ ਹਿੱਸਾ ਗੁਰੂ ਦੇ ਨਾਮ ਤੇ ਧਾਰਮਿਕ ਜਾਂ ਸਾਂਝੇ ਲੋਕ ਭਲਾਈ ਦੇ ਕੰਮਾਂ ਲਈ ਦੇਣਾ ਜਾਂ ਖਰਚ ਕਰਨਾ ਹੈ। ਜਦੋਂ ਸੰਗਤਾਂ ਦੂਰ-ਦੁਰਾਡੇ ਤੋਂ ਗੁਰੂ ਦਰਸ਼ਨਾਂ ਲਈ ਆਉਂਦੀਆਂ ਤਾਂ ਉਨ੍ਹਾਂ ਵਲੋਂ ਜੋੜ ਕੇ ਰੱਖਿਆ ਹੋਇਆ ਦਸਵੰਧ ਗੁਰੂ ਜੀ ਨੂੰ ਭੇਟ ਕਰਦੀਆਂ। ਲਾਹੌਰ ਵਿਚ ਜਦੋਂ ਮੌਸਮੀ ਤਾਪ ਅਤੇ ਸੀਤਲਾ ਫੈਲੀ ਹੋਈ ਸੀ ਤਾਂ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਪੁੱਜ ਕੇ ਤਨ, ਮਨ ਨਾਲ ਪੀੜਤਾਂ ਦੀ ਸੇਵਾ ਕੀਤੀ ਅਤੇ ਰੋਗੀਆਂ ਦੀ ਮਾਇਕ ਸਹਾਇਤਾ ਕੀਤੀ। ਉਨ੍ਹਾਂ ਦੇ ਦਵਾ-ਦਾਰੂ ਲਈ ਗੁਰੂ ਘਰ ਦੇ ਖਜ਼ਾਨੇ ਖੋਲ੍ਹ ਦਿੱਤੇ।

ਦਸਵੰਧ ਬਾਰੇ ਰਹਿਤਨਾਮਿਆਂ ਵਿਚ ਜ਼ਿਕਰ ਇਸ ਪ੍ਰਕਾਰ ਆਇਆ ਹੈ :

ਦਸਵੰਦ ਗੁਰੂ ਨਹਿ ਦੇਵਈ ਝੂਠ ਬੋਲ ਜੋ ਖਾਇ॥
ਕਹੈ ਗੋਬਿੰਦ ਸਿੰਘ ਲਾਲ ਜੀ
ਤਿਸਕਾ ਕਿਛੁ ਨ ਬਿਸਾਹੁ। *(ਰਹਿਤਨਾਮਾ ਭਾਈ ਨੰਦ ਲਾਲ ਜੀ)*

ਅਥਵਾ :

ਦਸ ਨਖ ਕਰ ਜੋ ਕਾਰ ਕਮਾਵੈ।
ਤਾਂ ਕਰ ਜੋ ਧਨ ਘਰ ਮੈ ਆਵੈ।
ਤਿਸ ਤੇ ਗੁਰੂ ਦਸਵੰਧ ਜੋ ਦੇਈ।
ਸਿੰਘ ਸੁਜਸ ਬਹੁ ਜਗ ਮਹਿ ਲੇਈ।

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਅਤੇ

ਧਰਮ ਕਿਰਤ ਕੇ ਨਫੇ ਵਿਚੋਂ ਗੁਰੂ ਅਰਥ ਦਸਵੰਦ ਦੇਵੇ।

(ਭਾਈ ਚੌਪਾ ਸਿੰਘ ਜੀ)

ਗੁਰੂ ਰਾਮਦਾਸ ਜੀ ਦੇ ਰਾਗੁ ਗਉੜੀ ਵਿਚ ਬਚਨ ਹਨ ਕਿ ਮਾਤਾ ਨੂੰ ਬੜੀ ਖੁਸ਼ੀ ਹੁੰਦੀ ਹੈ ਜਦੋਂ ਉਸਦਾ ਪੁੱਤਰ ਕੋਈ ਚੰਗੀ ਚੀਜ਼ ਖਾਂਦਾ ਹੈ। ਇਸੇ ਤਰ੍ਹਾਂ ਪਾਣੀ ਵਿਚ ਨਹਾ ਕੇ ਮਛਲੀ ਬੜੀ ਖੁਸ਼ ਹੁੰਦੀ ਹੈ। ਇੰਜ ਹੀ ਜਦੋਂ ਕੋਈ ਮਨੁੱਖ ਕਿਸੇ ਗੁਰਸਿੱਖ ਦੇ ਮੂੰਹ ਵਿਚ ਭੋਜਨ ਪਾਉਂਦਾ ਹੈ ਤਾਂ ਗੁਰੂ ਨੂੰ ਬੜੀ ਖੁਸ਼ੀ ਹੁੰਦੀ ਹੈ :

ਮਾਤਾ ਪ੍ਰੀਤਿ ਕਰੇ ਪੁਤੁ ਖਾਇ॥
ਮੀਨੇ ਪ੍ਰੀਤਿ ਭਈ ਜਲਿ ਨਾਇ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥ *(ਅੰਗ ੧੬੪)*

ਅਥਵਾ :

ਜਗ ਭੋਗ ਨਈਵੇਦ ਲਖ ਗੁਰਮੁਖ ਮੁਖ ਇਕ ਦਾਣਾ ਪਾਇਆ॥
(ਭਾਈ ਗੁਰਦਾਸ ਜੀ, ਵਾਰ ੭, ਪਉੜੀ ੧੩)

ਭਾਵ ਜੋ ਗੁਰਮੁਖ ਦੇ ਮੂੰਹ ਵਿਚ ਭੋਜਨ ਪਾਉਂਦਾ ਹੈ ਉਸਨੂੰ ਲੱਖਾਂ ਹਵਨਾਂ, ਯੱਗਾਂ ਅਤੇ ਦੇਵਤਿਆਂ ਨੂੰ ਭੋਗ ਲਗਵਾਉਣ ਬਰਾਬਰ ਪੁੰਨ ਫਲ ਪ੍ਰਾਪਤ ਹੁੰਦੇ ਹਨ।

ਗੁਰਮਤਿ ਤਾਂ ਇਸ ਗੱਲ ਦੀ ਲਖਾਇਕ ਹੈ ਕਿ ਜੋ ਕੁਝ ਅਸੀਂ ਦਾਤਾਂ ਭੋਗ ਰਹੇ ਹਾਂ ਇਹ ਸਭ ਉਸ ਦਾਤੇ ਦੀਆਂ ਦਿੱਤੀਆਂ ਹੋਈਆਂ ਹਨ :

ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ॥
(ਰਾਗੁ ਸੋਰਠਿ ਕੀ ਵਾਰ ਮਹਲਾ ੪, ਅੰਗ ੬੫੨)

ਅਥਵਾ :

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥
(ਰਾਗੁ ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੭)

ਗੁਰੂ ਪੰਚਮ ਪਾਤਸ਼ਾਹ ਰਾਗੁ ਗਉੜੀ ਵਿਚ ਹੀ ਸੇਧ ਬਖ਼ਸ਼ਿਸ਼ ਕਰ ਰਹੇ ਹਨ :

ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥ *(ਅੰਗ ੧੮੬)*

ਅਥਵਾ :

ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥
(ਰਾਗੁ ਮਾਝੁ ਮਹਲਾ ੫, ਅੰਗ ੯੭)

ਇਸ ਮਹਾਂਵਾਕ ਨੂੰ ਜੇਕਰ ਅਮਲੀ ਰੂਪ ਦਿੱਤਾ ਜਾਵੇ ਤਾਂ ਵੰਡ ਛਕਣ ਦਾ ਸਿਧਾਂਤ ਮਨੁੱਖ ਅੰਦਰੋਂ ਆਪ-ਮੁਹਾਰਾ ਫੁੱਟ ਨਿਕਲਦਾ ਹੈ। ਜਦੋਂ ਸਾਰੇ ਸਾਂਝੀਵਾਲ ਹਨ, ਸਭਨਾਂ ਅੰਦਰ ਉਹ ਆਪ ਵਰਤ ਰਿਹਾ ਹੈ ਤਾਂ ਜਿਸਨੂੰ ਉਸਨੇ ਬਹੁਤਾ ਦਿੱਤਾ ਹੈ ਉਸ ਵਿਚੋਂ ਕੁਝ ਲੋੜਵੰਦਾਂ ਵਿਚ ਵੰਡ ਕੇ, ਸਾਂਝੀਵਾਲਤਾ ਦਾ ਪ੍ਰਮਾਣ ਕਿਉਂ ਨਾ ਦਿੱਤਾ ਜਾਵੇ? ਅਸਲ ਵਿਚ ਆਪਣਾ ਤਾਂ ਕੁਝ ਹੈ ਹੀ ਨਹੀਂ ਸਭ ਕੁਝ ਮਾਲਕ ਪ੍ਰਭੂ ਦਾ ਹੀ ਹੈ।

ਗੁਰਬਾਣੀ ਵਿਚ ਦਰਸਾਏ ਇਸ ਮਾਰਗ ਤੇ ਚੱਲਣ ਨਾਲ ਪ੍ਰਾਣੀ ਦੇ ਮਨ ਅੰਦਰ ਵੰਡ-ਛਕਣ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਗੁਰਸਿੱਖ ਇਸ ਗੱਲ ਦੀ ਯਾਚਨਾ ਕਰਦਾ ਹੈ ਕਿ 'ਦਾਣਾ ਪਾਣੀ ਗੁਰੂ ਕਾ, ਟਹਿਲ ਸੇਵਾ ਤੇਰੇ ਸਿੱਖਾਂ ਦੀ।' ਜੇਕਰ ਇਨ੍ਹਾਂ ਸਿਧਾਂਤਾਂ ਤੇ ਸਿਦਕ ਦਿਲੀ ਨਾਲ ਪਹਿਰਾ ਦਿੱਤਾ ਜਾਵੇ ਤਾਂ ਸੰਸਾਰ ਦੇ ਸਾਰੇ ਝਗੜੇ-ਬਿਖੇੜੇ, ਗਰੀਬੀ, ਭੁੱਖ-ਮਰੀ ਆਦਿ ਸਮਾਜਿਕ ਲਾਹਨਤਾਂ ਦਾ ਵਧੇਰੇ ਕਰਕੇ ਅੰਤ ਹੋ ਸਕਦਾ ਹੈ।

ਗੁਰਬਾਣੀ ਅਨੁਸਾਰ ਜਿਸ ਪਾਸ ਧਨ-ਦੌਲਤ ਵਧੇਰੇ ਹੈ ਉਹ ਵੀ ਦੁਖੀ ਹੈ ਕਿਉਂਕਿ ਉਸਨੂੰ ਇਸਦੇ ਖੁੱਸ ਜਾਣ ਆਦਿ ਦਾ ਤੌਖਲਾ ਲੱਗਿਆ ਰਹਿੰਦਾ ਹੈ। ਦੂਜੇ ਬੰਨੇ ਜੋ ਗਰੀਬ ਹੈ ਜਿਸ ਪਾਸ ਧਨ-ਦੌਲਤ ਦੀ ਕਮੀ ਹੈ ਉਹ ਉਂਜ ਮਾਇਆ ਲਈ ਭਟਕਦਾ ਫਿਰਦਾ ਹੈ ਤਾਂ ਫਿਰ ਸੁਖੀ ਕੌਣ ਹੈ? ਰਾਗੁ ਮਾਰੂ ਵਿਚ ਪੰਚਮ ਗੁਰਦੇਵ ਦੇ ਬਚਨ ਹਨ ਕਿ ਜੋ ਵਿਅਕਤੀ ਇਨ੍ਹਾਂ ਦੋਨਾਂ ਹਾਲਤਾਂ ਤੋਂ ਬਚਿਆ ਰਹਿੰਦਾ ਹੈ ਉਸਦਾ ਜੀਵਨ ਸੁਖੀ ਹੈ :

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥
ਦੁਹੂ ਬਿਵਸਥਾ ਤੇ ਜੋ ਮੁਕਤਾ
ਸੋਈ ਸੁਹੇਲਾ ਭਾਲੀਐ॥

(ਰਾਗੁ ਮਾਰੂ ਮਹਲਾ ੫, ਅੰਗ ੧੦੧੯)

ਗੁਰੂ ਪਾਤਸ਼ਾਹ ਦਾ ਇੱਥੇ ਇਸ਼ਾਰਾ ਹੈ ਕਿ ਵੰਡ ਛਕਣ ਨਾਲ ਸਮਾਜ ਪ੍ਰਫੁਲਤ ਹੋ ਸਕਦਾ ਹੈ ਅਤੇ ਗਰੀਬੀ ਅਤੇ ਅਮੀਰੀ ਵਿਚਕਾਰਲਾ ਵੱਡਾ ਪਾੜਾ ਦੂਰ ਹੋ ਸਕਦਾ ਹੈ।

ਇਤਿਹਾਸ ਵਿਚੋਂ ਅਜਿਹੀਆਂ ਅਣਗਿਣਤ ਗਵਾਹੀਆਂ ਮਿਲਦੀਆਂ ਹਨ ਕਿ ਜਦੋਂ ਮੌਕੇ ਦੀ ਹਕੂਮਤ ਵਲੋਂ ਸਤਾਏ ਹੋਏ ਸਿੱਖ ਸੂਰਮੇ ਜੰਗਲਾਂ ਵਿਚ ਜਾ ਵਸੇ ਤਾਂ ਉਨ੍ਹਾਂ ਨੂੰ ਕਈ ਵਾਰੀ ਭੁੱਖਿਆਂ ਹੀ ਸੌਣਾ ਪੈਂਦਾ ਪ੍ਰੰਤੂ ਫਿਰ ਵੀ ਇਨ੍ਹਾਂ ਸੂਰਮਿਆਂ ਨੇ ਗੁਰੂ ਵਲੋਂ ਦਰਸਾਏ ਮਾਰਗ ਤੇ ਪੂਰੀ ਤਰ੍ਹਾਂ ਪਹਿਰਾ ਦਿੱਤਾ। ਜਦੋਂ ਕਦੀ ਰੰਚਕ ਮਾਤਰ ਵੀ ਭੋਜਨ ਮਿਲਦਾ ਤਾਂ ਆਵਾਜ਼ਾਂ ਮਾਰ-ਮਾਰ ਕੇ ਦੂਜਿਆਂ ਨੂੰ ਭੋਜਨ ਖਾਣ ਲਈ ਸੱਦਾ ਦਿੰਦੇ ਭਾਵੇਂ ਉਨ੍ਹਾਂ ਦਾ ਸੰਬੰਧ ਕਿਸੇ ਜਾਤੀ ਜਾਂ ਵਰਗ ਨਾਲ ਕਿਉਂ ਨਾ ਹੋਵੇ। ਇਥੋਂ ਤੱਕ ਕਿ ਉਹ ਵੈਰੀ ਵੀ ਕਿਉਂ ਨਾ ਹੋਵੇ। ਪਹਿਲਾਂ ਉਨ੍ਹਾਂ ਨੂੰ ਭੋਜਨ ਛਕਾ ਕੇ, ਪਿੱਛੇ ਬਚਿਆ ਆਪ ਖਾਂਦੇ :

ਜਬ ਕੁਛ ਤਯਾਰ ਕਰਤ ਹਿਤ ਖਾਨੇ।
ਦੇਤ ਆਵਾਜ਼ਾਂ ਭੂਖਾ ਕੋਈ ਆਉ।
ਦੇਗ ਤਯਾਰ ਗੁਰ ਹੋਈ।
ਉਸ ਸਮੇਂ ਵੈਰੀ ਕਿਨਿ ਆਵੈ।
ਪਰਮ ਮੀਤ ਸਮ ਤਾਂਹਿ ਛਕਾਵੈ।
ਵੈਰੀ ਮਿਤਰ ਕੋ ਸਮ ਦੇ ਹੈਂ।
ਬਚੇ ਜੋ ਪੀਛੇ ਖੁਦ ਖਾ ਲੈ ਹੈਂ।
ਨਹਿ ਤੋ ਲੰਗਰ ਮਸਤਾ ਬਨੈ ਹੈਂ।

(ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ)

ਇਹ ਹੈ ਸਿੱਖੀ ਆਦਰਸ਼ ਜਿਸ ਮਾਰਗ ਤੇ ਚਲਣ ਦੀ ਅੱਜ ਪਹਿਲਾਂ ਨਾਲੋਂ ਵਧੇਰੇ ਲੋੜ ਹੈ।

ਜੋ ਤਾ ਸੇਵਕੁ ਸੋ ਗੁਰ ਭਾਣਾ॥ ਭੈ ਨਿਰਭਉ ਸਾਹਿਬ ਪਛਾਣਾ॥ ਜਿਸੁ ਘਰ ਤਨਮਨੁ
ਘਰੁ ਜਾਂਤੀ ਨਿਤ ਸਦਾ ਸਦਾ ਸਮਾਇਦਾ॥੪॥ - ਮਾਰੂ ਮਹਲਾ ੫॥ 1075

(7) ਸੇਵਾ

ਸੇਵਾ ਤੇ ਗੁਰਮਤਿ ਦਾ ਆਪੋ ਵਿਚ ਬੜਾ ਅਨਿੱਖੜਵਾਂ ਸੰਬੰਧ ਹੈ। ਸੇਵਾ ਤੋਂ ਬਿਨਾਂ ਗੁਰੂ-ਘਰ ਵਿਚ ਕੋਈ ਵਿਅਕਤੀ ਪ੍ਰਵਾਨ ਨਹੀਂ ਚੜ੍ਹ ਸਕਦਾ। ਸੇਵਾ ਲਈ ਮਨ ਵਿਚ ਪਹਿਲਾਂ ਸੰਤੋਖ ਹੋਣਾ ਬੜਾ ਜ਼ਰੂਰੀ ਹੈ। ਜਿਹੜੇ ਪ੍ਰਾਣੀ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਅਰਾਧਨਾ ਕਰਦੇ ਹਨ ਅਸਲ ਵਿਚ ਸੇਵਾ ਉਹੀ ਕਰਦੇ ਹਨ। ਉਹੀ ਸੱਚੇ ਸੇਵਕ ਹਨ। ਉਹ ਕਦੀ ਬੁਰੇ ਕੰਮ ਨਹੀਂ ਕਰਦੇ। ਸਦਾ ਭਲਾਈ ਕਰਦੇ ਹੋਏ ਧਰਮ ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਹਨ। ਗੁਰਵਾਕ ਹੈ :

> **ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ॥**
> **ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥**

(ਰਾਗੁ ਆਸਾ ਦੀ ਵਾਰ, ਮਹਲਾ ੧, ਅੰਗ ੪੬੬-੬੭)

ਆਪ ਜੀ ਦੇ ਸਿਰੀ ਰਾਗ ਵਿਚ ਬੜੇ ਸੁੰਦਰ ਬਚਨ ਹਨ ਕਿ ਜੋ ਮਨੁੱਖ ਗੁਰੂ ਦੇ ਦਰਸਾਏ ਮਾਰਗ ਤੇ ਚਲਦਾ ਹੈ ਉਹ ਪ੍ਰਭੂ ਦੀ ਸੇਵਾ ਭਗਤੀ ਵਿਚ ਜੁੜ ਕੇ ਆਤਮਿਕ ਅਨੰਦ ਨੂੰ ਮਾਣਦਾ ਹੈ। ਉਸ ਨੂੰ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ ਕਿ ਸਾਰਾ ਜਗਤ ਬਿਨਸਨਹਾਰ ਹੈ। ਇਸ ਲਈ ਜਗਤ ਵਿਚ ਆ ਕੇ ਸੇਵਾ ਭਾਵ ਵਾਲਾ ਜੀਵਨ ਬਤੀਤ ਕਰਨ ਨਾਲ ਹੀ ਉਸਦੀ ਦਰਗਾਹ ਵਿਚ ਕਬੂਲ ਹੋਈਦਾ ਹੈ :

> **ਇਤੁ ਤਨਿ ਲਾਗੈ ਬਾਣੀਆ॥**
> **ਸੁਖੁ ਹੋਵੈ ਸੇਵ ਕਮਾਣੀਆ॥**
> **ਸਭ ਦੁਨੀਆ ਆਵਣ ਜਾਣੀਆ॥**
> **ਵਿਚਿ ਦੁਨੀਆ ਸੇਵ ਕਮਾਈਐ॥**
> **ਤਾ ਦਰਗਹ ਬੈਸਣੁ ਪਾਈਐ॥**
> **ਕਹੁ ਨਾਨਕ ਬਾਹ ਲੁਡਾਈਐ॥** *(ਅੰਗ ੨੫-੨੬)*

ਪ੍ਰੰਤੂ ਮਨੁੱਖੀ ਜੀਵ ਦਾ ਤਾਂ ਇਹ ਹਾਲ ਹੈ ਕਿ ਸੇਵਾ ਵਾਲੇ ਕਾਰਜ ਤਾਂ ਥੋੜ੍ਹੇ ਕਰਦਾ ਹੈ ਪਰ ਇਸ ਦੇ ਇਵਜ਼ ਵਿਚ ਆਸ ਬਹੁਤੀ ਲਾਈ ਰੱਖਦਾ ਹੈ। ਇਹ ਤਾਂ 'ਸੇਵਾ ਥੋਰੀ ਮਾਗਨੁ ਬਹੁਤਾ' ਵਾਲੀ ਗੱਲ ਹੋਈ। ਦਰਅਸਲ ਸੇਵਾ ਉਹ ਪ੍ਰਵਾਨ ਹੁੰਦੀ ਹੈ ਜਿਸਦੇ ਪਿੱਛੇ ਕੋਈ ਸੁਆਰਥ ਨਾ ਹੋਵੇ। ਜਿਹੜਾ ਪ੍ਰਾਣੀ ਸੇਵਾ ਕਰਨ ਲੱਗਿਆਂ ਲੋਭ ਲਾਲਚ ਵਿਚ ਫਸ ਕੇ ਕਿਸੇ ਫਲ ਦੀ ਇੱਛਾ ਨਹੀਂ ਰੱਖਦਾ ਅਜਿਹੀ ਸੇਵਾ ਹੀ ਪ੍ਰਭੂ ਦਰ ਤੇ ਪ੍ਰਵਾਨ ਹੁੰਦੀ ਹੈ। ਉਸ ਨੂੰ ਹੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ :

> **ਸੇਵਾ ਕਰਤ ਹੋਇ ਨਿਹਕਾਮੀ॥**
> **ਤਿਸ ਕਉ ਹੋਤ ਪਰਾਪਤਿ ਸੁਆਮੀ॥**

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੮੬)

ਗੁਰੂ ਨਾਨਕ ਦੇਵ ਜੀ ਦੇ ਰਾਗ ਮਾਰੂ ਵਿਚ ਬਚਨ ਹਨ ਕਿ ਪ੍ਰਭੂ ਦੀ ਸੇਵਾ ਭਗਤੀ

ਤੋਂ ਬਿਨਾਂ ਕੋਈ ਵੀ ਜੀਵ ਆਪਣੀ ਘਾਲ ਕਮਾਈ ਦਾ ਫਲ ਪ੍ਰਾਪਤ ਨਹੀਂ ਕਰ ਸਕਦਾ। ਸੇਵਾ-ਭਗਤੀ ਹੀ ਸਭ ਤੋਂ ਸ੍ਰੇਸ਼ਟ ਕਰਣੀ ਹੈ :

ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥ *(ਅੰਗ ੯੯੨)*

ਅਥਵਾ :

ਬਿਨੁ ਸੇਵਾ ਕਿਨੈ ਨ ਪਾਇਆ ਦੂਜੈ ਭਰਮਿ ਖੁਆਈ॥

(ਰਾਗੁ ਮਾਰੂ ਮਹਲਾ ੧, ਅੰਗ ੧੦੧੧)

ਸੇਵਾ ਦਾ ਘੇਰਾ ਬੜਾ ਵਿਸ਼ਾਲ ਹੈ। ਜਿਵੇਂ ਗੁਰੂ ਦੀ ਸੇਵਾ, ਸਾਧਸੰਗਤ ਦੀ ਸੇਵਾ, ਮਾਤਾ-ਪਿਤਾ ਤੇ ਵੱਡਿਆਂ ਦੀ ਸੇਵਾ, ਲੋੜਵੰਦਾਂ ਦੀ ਸੇਵਾ, ਪੀੜਤਾਂ, ਰੋਗੀਆਂ, ਸਮਾਜ, ਕੌਮ, ਦੇਸ਼ ਅਤੇ ਮਨੁੱਖਤਾ ਦੀ ਸੇਵਾ ਆਦਿ ਆਦਿ। ਦਰਅਸਲ ਸੇਵਾ ਦੇ ਕਾਰਨ ਹੀ ਸਾਨੂੰ ਇਹ ਜੀਵਨ ਮਿਲਿਆ ਹੈ :

ਗੁਰ ਸੇਵਾ ਤੇ ਭਗਤਿ ਕਮਾਈ॥
ਤਬ ਇਹ ਮਾਨਸ ਦੇਹੀ ਪਾਈ॥
ਇਸ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥

(ਰਾਗੁ ਭੈਰਉ ਭਗਤ ਕਬੀਰ ਜੀ, ਅੰਗ ੧੧੫੯)

ਲੋਕ ਸੇਵਾ ਹਿਤ ਦੂਜਿਆਂ ਦੀ ਭਲਾਈ ਲਈ ਆਪਾ ਵਾਰਨਾ, ਕੁਰਬਾਨੀ ਦੇਣੀ, ਅਨਿਆਂ ਤੇ ਜ਼ੁਲਮ ਵਿਰੁੱਧ ਜੂਝਦੇ ਹੋਏ ਸ਼ਹਾਦਤ ਦਾ ਜਾਮ ਪੀਣਾ, ਸੇਵਾ ਦਾ ਸਰਬੋਤਮ ਨਮੂਨਾ ਹੈ। ਇਸ ਤੋਂ ਵੱਡੀ ਹੋਰ ਕੋਈ ਸੇਵਾ ਨਹੀਂ ਹੋ ਸਕਦੀ। ਮੁੱਖ ਤੌਰ ਤੇ ਤਨ, ਮਨ ਅਤੇ ਧਨ ਦੀ ਸੇਵਾ ਹੀ ਮੰਨੀ ਜਾਂਦੀ ਹੈ।

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ॥

(ਰਾਗੁ ਰਾਮਕਲੀ ਮਹਲਾ ੩, ਅਨੰਦੁ, ਅੰਗ ੯੧੮)

ਮਨ ਹੀ ਪ੍ਰਾਣੀ ਨੂੰ ਸੇਵਾ ਵੱਲ ਪ੍ਰੇਰਦਾ ਹੈ ਤੇ ਮਨ ਲਾ ਕੇ ਕੀਤੀ ਹੋਈ ਸੇਵਾ ਹੀ ਸਫਲ ਸੇਵਾ ਹੈ। ਰਾਗੁ ਸੋਰਠਿ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ :

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥
ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥ *(ਅੰਗ ੬੪੪)*

ਇੰਜ ਪ੍ਰਾਣੀ ਆਪਣੇ ਮਨ ਵਿਚੋਂ ਹਉਮੈ ਰੋਗ ਦੂਰ ਕਰਕੇ ਮਨ ਇੱਛਤ ਫਲ ਪ੍ਰਾਪਤ ਕਰ ਲੈਂਦਾ ਹੈ ਪ੍ਰੰਤੂ ਜੋ ਸੱਚੇ ਗੁਰੂ ਦੀ ਸੇਵਾ ਨਹੀਂ ਕਰਦਾ, ਸਮਝੋ ਉਸਨੇ ਸਾਰਾ ਜਨਮ ਬਿਰਥਾ ਹੀ ਗੁਆ ਲਿਆ, ਉਸਨੇ ਮਨੁੱਖਾ ਜਨਮ ਪਾ ਕੇ ਵੀ ਕੋਈ ਲਾਹਾ ਨਹੀਂ ਖੱਟਿਆ। ਸਿਰੀ ਰਾਗੁ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ :

ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ॥
ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ॥ *(ਅੰਗ ੩੨)*

ਜਿਨ੍ਹਾਂ ਨੇ ਸਤਿਗੁਰੂ ਦੇ ਦਰਸਾਏ ਹੋਏ ਮਾਰਗ ਤੇ ਚੱਲ ਕੇ ਜੀਵਨ ਨੂੰ ਸੇਵਾ ਵਿਚ ਲਾਇਆ ਹੈ ਉਨ੍ਹਾਂ ਨੂੰ ਗੁਣਾਂ ਦਾ ਖ਼ਜ਼ਾਨਾ ਸੱਚਾ ਨਾਮ ਅਤੇ ਸੁਖ ਪ੍ਰਾਪਤ ਹੁੰਦਾ ਹੈ।

ਗੁਰਵਾਕ ਹੈ :

ਸਤਿਗੁਰੁ ਸੇਵਿ ਸੁਖੁ ਪਾਇਆ ਸਚੁ ਨਾਮੁ ਗੁਣਤਾਸੁ॥
ਗੁਰਮਤੀ ਆਪੁ ਪਛਾਣਿਆ ਰਾਮ ਨਾਮ ਪਰਗਾਸੁ॥

(ਸਲੋਕ ਮਹਲਾ ੩, ਸਿਰੀ ਰਾਗੁ ਕੀ ਵਾਰ ਮਹਲਾ ੪, ਅੰਗ ੮੫-੮੬)

ਅਥਵਾ :

ਸਤਿਗੁਰੁ ਸੇਵਿ ਸੁਖੁ ਪਾਇਆ ਅਤਿ ਤਿਸਨਾ ਤਜਿ ਵਿਕਾਰ॥
ਜਨਮ ਮਰਨ ਕਾ ਦੁਖੁ ਗਇਆ ਜਨ ਨਾਨਕ ਸਬਦੁ ਬੀਚਾਰਿ॥

(ਸਲੋਕ ਵਾਰਾਂ ਤੇ ਵਧੀਕ ਮਹਲਾ ੩, ਅੰਗ ੧੪੧੯)

ਤਨ ਦੀ ਸੇਵਾ ਦਾ ਵੀ ਗੁਰਮਤਿ ਵਿਚ ਬੜਾ ਮਹੱਤਵ ਹੈ। ਤਨ ਦੀ ਸੇਵਾ ਤੋਂ ਭਾਵ ਹੈ ਸਰੀਰਕ ਤੌਰ ਤੇ ਭਾਵ ਹੱਥੀਂ ਸੇਵਾ ਕਰਨੀ। ਸਿਰ ਤੇ ਟੋਕਰੀ ਢੋਣੀ, ਸਾਂਝੇ ਕੰਮਾਂ ਲਈ ਕਾਰ ਸੇਵਾ ਤੇ ਲੰਗਰ ਦੀ ਸੇਵਾ ਕਰਨੀ, ਜੂਠੇ ਭਾਂਡੇ ਮਾਂਜਣੇ, ਜੋੜੇ ਝਾੜਨੇ, ਗੁਰਧਾਮਾਂ, ਧਰਮਸ਼ਾਲਾਵਾਂ ਆਦਿ ਦੀ ਉਸਾਰੀ ਵਿਚ ਸੇਵਾ ਪਾਉਣੀ ਭਾਵ ਸਾਂਝੇ ਤੇ ਲੋਕ ਭਲਾਈ ਦੇ ਕੰਮਾਂ ਵਿਚ ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਕਰਕੇ ਹਿੱਸਾ ਪਾਉਣਾ, ਥੱਕੇ ਹੋਇਆਂ ਦੇ ਚਰਨ ਦਬਾਉਣੇ, ਬਿਨਾਂ ਕਿਸੇ ਵਿਤਕਰੇ ਦੇ ਭਾਈ ਘਨੱਈਆ ਵਾਂਗ ਰੋਗੀਆਂ ਤੇ ਫੱਟੜਾਂ ਦਾ ਦਵਾ-ਦਾਰੂ ਕਰਨਾ, ਮਲ੍ਹਮ-ਪੱਟੀ ਕਰਨੀ, ਸਾਧ-ਸੰਗਤ ਨੂੰ ਪੱਖਾ ਝੱਲਣਾ, ਪਾਣੀ ਢੋਣਾ ਆਦਿ ਤਨ ਦੀ ਸੇਵਾ ਹੈ :

ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥

(ਰਾਗੁ ਸੂਹੀ ਮਹਲਾ ੫, ਅੰਗ ੭੪੯)

ਗੁਰੂ ਰਾਮਦਾਸ ਜੀ ਦੇ ਰਾਗੁ ਸੂਹੀ ਵਿਚ ਬਚਨ ਹਨ :

ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥

(ਅੰਗ ੭੫੭)

ਲੋਕਾਈ ਦੀ ਸੇਵਾ ਕਰਦੇ ਹੋਏ ਆਪਾ ਨਿਛਾਵਰ ਕਰ ਦੇਣਾ ਸੇਵਾ ਦਾ ਸਿਖਰ ਹੈ, ਜਿਸ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ।

ਜਿਹੜੇ ਹੱਥ ਤੇ ਪੈਰ ਦੂਜਿਆਂ ਦੇ ਕੰਮ ਨਹੀਂ ਆਉਂਦੇ, ਦੂਜਿਆਂ ਦੀ ਸੇਵਾ ਨਹੀਂ ਕਰਦੇ, ਉਨ੍ਹਾਂ ਤੇ ਲਾਹਨਤ ਹੈ, ਉਹ ਧ੍ਰਿਗ ਹਨ ਅਤੇ ਹੋਰ ਬਾਕੀ ਦੇ ਸਾਰੇ ਕੀਤੇ ਕੰਮ ਨਿਸਫਲ ਹਨ। ਭਾਈ ਗੁਰਦਾਸ ਜੀ, ਜਿਨ੍ਹਾਂ ਦੀਆਂ ਰਚਨਾਵਾਂ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਜਾਂਦਾ ਹੈ, ਅਜਿਹੇ ਪ੍ਰਾਣੀਆਂ ਬਾਰੇ ਲਿਖਦੇ ਹਨ :

ਵਿਣ ਸੇਵਾ ਧ੍ਰਿਗ ਹੱਥ ਪੈਰ ਹੋਰ ਨਿਹਫਲ ਕਰਣੀ॥
ਪੈਰ ਮਸੀਤੀਂ ਫਿਰਨੀ ਸੁਖ ਸਤਿਗੁਰ ਸਰਣੀ ॥ *(ਵਾਰ ੨੭, ਪਉੜੀ ੧੦)*

ਗੁਰੂ ਨਾਨਕ ਦੇਵ ਜੀ ਨੇ ਸਾਰੀ ਖਲਕਤ ਦੀ ਸੇਵਾ ਕੀਤੀ। ਲੋਕਾਈ ਦੇ ਦੁੱਖਾਂ ਨੂੰ ਵੰਡਾਉਣ ਲਈ ਦੇਸ਼-ਦੇਸ਼ਾਂਤਰਾਂ ਦਾ ਰਟਨ ਕੀਤਾ। ਪਰਜਾ ਤੇ ਹੋ ਰਹੇ ਅੱਤਿਆਚਾਰਾਂ ਅਤੇ ਅਨਿਆਂ ਵਿਰੁੱਧ ਆਵਾਜ਼ ਉਠਾਈ। ਜਾਬਰ ਤੇ ਜ਼ਾਲਮ ਰਾਜਿਆਂ ਨੂੰ ਸ਼ੀਂਹ ਅਤੇ ਰੱਤ ਪੀਣੇ ਆਖਿਆ। ਧਾੜਵੀਆਂ ਨੂੰ ਪਾਪ ਦੀ ਜੰਞ ਆਖ ਕੇ ਜ਼ੋਰ ਤੇ ਜਬਰ ਦੀ ਨਿਖੇਧੀ ਕੀਤੀ। ਘਰ-ਬਾਰ ਤਿਆਗ ਕੇ ਸਮਾਜ ਵਲੋਂ ਲਿਤਾੜੇ ਤੇ ਕਮਜ਼ੋਰਾਂ ਦੀ ਸੇਵਾ ਲਈ ਗੁਰੂ ਜੀ ਨੇ ਭੁੱਖੇ ਤਿਰਹਾਏ ਰਹਿ ਕੇ ਜੰਗਲਾਂ, ਪਹਾੜਾਂ, ਦਰਿਆਵਾਂ, ਨਦੀਆਂ-ਨਾਲੇ,

ਦੂਰ-ਦੁਰਾਡੇ ਪਿੰਡਾਂ, ਸ਼ਹਿਰਾਂ ਆਦਿ ਦੀ ਕਠਨ ਯਾਤਰਾ ਕੀਤੀ। ਕੋਹੜੀਆਂ ਦੀਆਂ ਝੁੱਗੀਆਂ ਵਿਚ ਜਾ ਕੇ ਉਨ੍ਹਾਂ ਦੇ ਜ਼ਖ਼ਮ ਧੋਂਦੇ ਰਹੇ। ਬਾਕੀ ਗੁਰੂ ਸਾਹਿਬਾਨ ਨੇ ਇਸੇ ਮਾਰਗ ਤੇ ਚਲਦੇ ਹੋਏ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਪ੍ਰਚਾਰਿਆ ਅਤੇ ਆਪਣੇ ਪਿੰਡੇ ਹੰਢਾਇਆ। ਦਸਮੇਸ਼ ਪਿਤਾ ਨੇ ਸਰਬੰਸ ਵਾਰ ਕੇ ਦੇਸ਼ ਤੇ ਕੌਮ ਦੀ ਅਨੂਠੀ ਸੇਵਾ ਕੀਤੀ।

ਨਵਾਬ ਕਪੂਰ ਸਿੰਘ ਘੋੜਿਆਂ ਦੀ ਲਿੱਦ ਢੋਂਦੇ ਰਹੇ। ਭਾਈ ਨੰਦ ਲਾਲ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਪ੍ਰਤਿਸ਼ਟ ਕਵੀ ਅਤੇ ਵਿਦਵਾਨ ਸਨ, ਸਾਧਸੰਗਤ ਦੇ ਜੋੜੇ ਝਾੜਦੇ ਰਹੇ।

ਤੀਜੀ ਹੈ ਧਨ ਦੀ ਸੇਵਾ। ਨੇਕ ਕਮਾਈ ਜਾਂ ਹੱਕ ਹਲਾਲ ਦੀ ਕਮਾਈ ਕਰਕੇ ਉਸ ਵਿਚੋਂ ਲੋੜਵੰਦਾਂ ਜਾਂ ਲੋਕ-ਭਲਾਈ ਦੇ ਕਾਰਜਾਂ ਲਈ ਧਨ ਦੇਣਾ, ਧਨ ਦੀ ਸੇਵਾ ਹੈ ਜਿਸਨੂੰ ਦਸਵੰਧ ਵੀ ਕਿਹਾ ਜਾਂਦਾ ਹੈ। ਹਰ ਪ੍ਰਾਣੀ ਅਮੀਰ-ਗਰੀਬ ਯਥਾ ਸ਼ਕਤ ਧਨ ਦੀ ਸੇਵਾ ਕਰ ਸਕਦਾ ਹੈ। ਇਸ ਸੇਵਾ ਸਦਕਾ ਵੱਖ-ਵੱਖ ਆਸ਼ਰਮ, ਧਾਰਮਿਕ ਸੰਸਥਾਵਾਂ, ਹਸਪਤਾਲ, ਡਿਸਪੈਂਸਰੀਆਂ, ਲਾਇਬ੍ਰੇਰੀਆਂ ਆਦਿ ਚੱਲ ਰਹੀਆਂ ਹਨ। ਗੁਰਧਾਮਾਂ ਦੀ ਸੇਵਾ ਹੋ ਰਹੀ ਹੈ, ਵਿਦਿਅਕ ਸੰਸਥਾਵਾਂ ਆਦਿ ਚੱਲ ਰਹੀਆਂ ਹਨ। ਗੁਰੂ ਪੰਚਮ ਪਾਤਸ਼ਾਹ ਦੇ ਬੜੇ ਅਨਮੋਲ ਬਚਨ ਹਨ :

ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥ *(ਰਾਗੁ ਗਉੜੀ, ਅੰਗ ੧੮੬)*

ਚੌਥੀ ਸੇਵਾ ਜਿਸਦਾ ਵੀ ਬੜਾ ਮਹੱਤਵ ਹੈ ਉਹ ਹੈ ਸੁਰਤ ਦੁਆਰਾ ਕੀਤੀ ਸੇਵਾ ਭਾਵ ਸਤਿਗੁਰੂ ਜਾਂ ਪ੍ਰਭੂ ਦੇ ਨਾਮ ਨੂੰ ਹਰ ਵੇਲੇ ਸੁਰਤ ਵਿਚ ਟਿਕਾਈ ਰੱਖਣਾ। ਅਜਿਹਾ ਪ੍ਰਾਣੀ ਆਪਣੇ ਅੰਦਰੋਂ ਹਉਮੈ ਨੂੰ ਮਾਰ ਕੇ ਜਪ-ਤਪ ਤੇ ਸੰਜਮ ਕਮਾ ਲੈਂਦਾ ਹੈ। ਦੁਨਿਆਵੀ ਕਾਰ-ਵਿਹਾਰ ਕਰਦਾ ਹੋਇਆ ਵੀ ਮੋਹ-ਮਾਇਆ ਤੋਂ ਨਿਰਲੇਪ ਰਹਿੰਦਾ ਹੈ ਅਤੇ ਆਤਮਿਕ ਅਨੰਦ ਮਾਣਦਾ ਹੈ। ਗੁਰਵਾਕ ਹੈ :

ਸੇਵਾ ਸੁਰਤਿ ਸਬਦਿ ਵੀਚਾਰਿ॥ ਜਪੁ ਤਪੁ ਸੰਜਮੁ ਹਉਮੈ ਮਾਰਿ॥
ਜੀਵਨ ਮੁਕਤੁ ਜਾ ਸਬਦੁ ਸੁਣਾਏ॥ ਸਚੀ ਰਹਤ ਸਚਾ ਸੁਖੁ ਪਾਏ॥
(ਰਾਗੁ ਪ੍ਰਭਾਤੀ ਮਹਲਾ ੧, ਅੰਗ ੧੩੪੩)

ਅਥਵਾ :

ਸੇਵਾ ਸੁਰਤਿ ਸਬਦਿ ਚਿਤੁ ਲਾਏ॥
ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ॥
(ਰਾਗੁ ਮਾਝ ਮਹਲਾ ੩, ਅੰਗ ੧੧੦)

ਪੰਚਮ ਗੁਰਦੇਵ ਦੇ ਰਾਗੁ ਰਾਮਕਲੀ ਵਿਚ ਬਚਨ ਹਨ ਕਿ ਸਾਰੀਆਂ ਚਤੁਰਾਈਆਂ ਅਤੇ ਸਿਆਣਪਾਂ ਛੱਡ ਕੇ ਜੋ ਸੇਵਕਾਂ ਵਾਲੀ ਭਾਵਨਾ ਨਾਲ ਸੇਵਾ-ਭਗਤੀ ਕਰਦੇ ਹਨ ਅਤੇ ਆਪਾ-ਭਾਵ ਮਿਟਾ ਦਿੰਦੇ ਹਨ ਉਨ੍ਹਾਂ ਨੂੰ ਮਨ-ਇੱਛਤ ਫਲ ਪ੍ਰਪਤ ਹੁੰਦੇ ਹਨ :

ਸਗਲ ਸਿਆਨਪ ਛਾਡਿ॥ ਕਰਿ ਸੇਵਾ ਸੇਵਕ ਸਾਜਿ॥
ਅਪਨਾ ਆਪੁ ਸਗਲ ਮਿਟਾਇ॥ ਮਨ ਚਿੰਦੇ ਸੇਈ ਫਲ ਪਾਇ॥
(ਰਾਗੁ ਰਾਮਕਲੀ ਮਹਲਾ ੫, ਅੰਗ ੮੯੫)

੪

ਗੁਰਬਾਣੀ

ਗੁਰਬਾਣੀ ਤੋਂ ਭਾਵ ਹੈ ਧੁਰ ਦਰਗਾਹ ਤੋਂ ਆਏ ਸ਼ੁਭ ਬਚਨ ਜੋ ਗੁਰੂ ਸਾਹਿਬਾਨ ਨੇ ਪ੍ਰਾਣੀ ਦੇ ਕਲਿਆਣ ਲਈ ਉਚਾਰੇ ਜਾਂ ਕਲਮਬੰਦ ਕੀਤੇ। ਗੁਰੂ ਨਾਨਕ ਦੇਵ ਜੀ ਦੀ ਲਿਵ ਜਦੋਂ ਕਰਤਾਰ ਨਾਲ ਜੁੜਦੀ ਤਾਂ ਆਪ ਜੀ ਭਾਈ ਮਰਦਾਨਾ ਜੀ ਨੂੰ ਆਖਦੇ ਕਿ ਮਰਦਾਨਿਆ ਰਬਾਬ ਛੇੜ ਬਾਣੀ ਆਈ ਹੈ। ਗੁਰੂ ਰਾਮਦਾਸ ਜੀ ਦੇ ਰਾਗੁ ਗਉੜੀ ਕੀ ਵਾਰ ਵਿਚ ਬੜੇ ਸੁੰਦਰ ਬਚਨ ਹਨ ਕਿ ਸਤਿਗੁਰੂ ਦੀ ਉਚਾਰੀ ਹੋਈ ਬਾਣੀ ਨੂੰ ਸੱਚੇ ਦੀ ਬਾਣੀ ਸਮਝਣਾ ਚਾਹੀਦਾ ਹੈ ਕਿਉਂਕਿ ਮਾਲਕ ਪ੍ਰਭੂ ਆਪ ਹੀ ਇਹ ਬਾਣੀ ਸਤਿਗੁਰੂ ਦੇ ਮੂੰਹ ਤੋਂ ਅਖਵਾਉਂਦਾ ਹੈ :

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ॥ *(ਅੰਗ ੩੦੮)*

ਸਤਿਗੁਰੂ ਦਾ ਉਚਾਰਿਆ ਹੋਇਆ ਸ਼ਬਦ ਕੋਈ ਸਾਧਾਰਨ ਕਵਿਤਾ ਨਹੀਂ ਹੁੰਦੀ। ਇਸ ਵਿਚ ਤਾਂ ਬ੍ਰਹਮ ਭਾਵ ਪਰਮਾਤਮਾ ਦੇ ਗੁਣਾਂ ਦੀ ਵਿਚਾਰ ਹੁੰਦੀ ਹੈ। ਇਕ ਅਕਾਲ ਪੁਰਖ ਦੀ ਅਰਾਧਨਾ ਹੀ ਕੀਤੀ ਜਾਂਦੀ ਹੈ।

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥
(ਰਾਗੁ ਗਉੜੀ ਭਗਤ ਕਬੀਰ ਜੀਉ, ਅੰਗ ੩੩੫)

ਇਸ ਲਈ ਸਤਿਗੁਰੂ ਦੀ ਬਾਣੀ ਸੱਚੇ ਪ੍ਰਭੂ ਦਾ ਹੀ ਸਰੂਪ ਹੈ :

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥
(ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੦੪)

ਇਹ ਧੁਰ ਕੀ ਬਾਣੀ ਪ੍ਰਾਣੀ ਦੀਆਂ ਸਾਰੀਆਂ ਚਿੰਤਾਵਾਂ ਦੂਰ ਕਰ ਦਿੰਦੀ ਹੈ। ਜਿਸ ਜਿਸਨੇ ਵੀ ਇਸ ਨੂੰ ਆਪਣੇ ਮਨ ਅੰਦਰ ਵਸਾਇਆ ਹੈ ਉਸਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ :

ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥
(ਰਾਗੁ ਸੋਰਠਿ ਮਹਲਾ ੫, ਅੰਗ ੬੨੮)

ਗੁਰੂ ਅਮਰਦਾਸ ਜੀ ਦੇ ਸ੍ਰੀ ਰਾਗੁ ਵਿਚ ਬਚਨ ਹਨ ਕਿ ਗੁਰਬਾਣੀ ਇਸ ਜਗਤ ਵਿਚ ਮਨੁੱਖ ਨੂੰ ਚਾਨਣ ਪ੍ਰਦਾਨ ਕਰਦੀ ਹੈ ਅਤੇ ਜੀਵਨ ਮਾਰਗ ਦਰਸਾਉਂਦੀ ਹੈ। ਉਹ ਮਨੁੱਖ ਵਡਭਾਗੀ ਹੈ ਜਿਸ ਦੇ ਹਿਰਦੇ ਅੰਦਰ ਗੁਰਬਾਣੀ ਵੱਸਦੀ ਹੈ :

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥
(ਅੰਗ ੬੭)

ਗੁਰੂ ਦੀ ਬਾਣੀ ਨਾਲ ਪ੍ਰੀਤ ਪਾਇਆਂ ਮਨ ਰੁਸ਼ਨਾਇਆ ਜਾਂਦਾ ਹੈ। ਹਿਰਦੇ ਰੂਪੀ ਘਰ ਵਿਚ ਗਿਆਨ ਦਾ ਦੀਵਾ ਜਗ ਪੈਂਦਾ ਹੈ। ਫਿਰ ਹਰ ਪਾਸੇ ਪ੍ਰਭੂ ਦੀ ਪਵਿੱਤਰ ਜੋਤਿ

ਵਿਆਪਕ ਦਿੱਸਦੀ ਹੈ :

ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥
ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥

(ਰਾਗੁ ਮਾਰੂ ਸੋਲਹੇ ਮਹਲਾ ੧, ਅੰਗ ੧੦੩੨)

ਗੁਰਬਾਣੀ ਦੇ ਰਸੀਏ ਦੀ ਉਪਮਾ ਕਰਦੇ ਹੋਏ ਗੁਰੂ ਅਮਰਦਾਸ ਜੀ ਫ਼ਰਮਾ ਰਹੇ ਹਨ ਕਿ ਅਜਿਹਾ ਮਨੁੱਖ ਸਾਰੇ ਸੰਸਾਰ ਵਿਚ ਪ੍ਰਗਟ ਹੋ ਜਾਂਦਾ ਹੈ। ਉਸਦੀ ਬਿਰਤੀ ਹਰ ਵੇਲੇ ਪ੍ਰਭੂ ਨਾਲ ਜੁੜੀ ਰਹਿੰਦੀ ਹੈ :

ਗੁਰਬਾਣੀ ਚਹੁ ਕੁੰਡੀ ਸੁਣੀਐ ਸਾਚੈ ਨਾਮਿ ਸਮਾਇਦਾ ॥

(ਰਾਗੁ ਮਾਰੂ ਸੋਲਹੇ, ਅੰਗ ੧੦੬੫)

ਗੁਰੂ ਰਾਮਦਾਸ ਜੀ ਦੇ ਰਾਗੁ ਸੂਹੀ ਵਿਚ ਬੜੇ ਅਨਮੋਲ ਬਚਨ ਹਨ :

ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥
ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ ॥
ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥
ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥

(ਰਾਗੁ ਸੂਹੀ ਛੰਤ ਮਹਲਾ ੪, ਅੰਗ ੭੭੩)

ਭਾਵ ਜਦੋਂ ਜੀਵ ਨੇ ਗੁਰੂ ਦੀ ਉਚਾਰੀ ਹੋਈ ਪ੍ਰਭੂ ਦੀ ਸਿਫ਼ਤ-ਸਾਲਾਹ ਵਾਲੀ ਬਾਣੀ ਨੂੰ ਮਨ ਵਿਚ ਵਸਾਇਆ ਤਾਂ ਉਸ ਨੂੰ ਪਰਮਗਤ ਅਰਥਾਤ ਸਭ ਤੋਂ ਉੱਚੀ ਆਤਮਿਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਉਸਦੇ ਗਿਆਨ-ਇੰਦ੍ਰੇ ਵਿਕਾਰਾਂ ਤੋਂ ਮੁਕਤ ਹੋ ਜਾਂਦੇ ਹਨ। ਅੰਦਰੋਂ ਕ੍ਰੋਧ ਅਤੇ ਮਮਤਾ ਜਾਂਦੀ ਰਹਿੰਦੀ ਹੈ। ਪਾਖੰਡ ਅਤੇ ਵਹਿਮ-ਭਰਮ ਸਭ ਦੂਰ ਹੋ ਜਾਂਦੇ ਹਨ। ਸਾਰੀ ਭਟਕਣਾ ਖ਼ਤਮ ਹੋ ਜਾਂਦੀ ਹੈ। ਹਉਮੈ ਦੀ ਪੀੜਾ ਵੀ ਨਾਸ ਹੋ ਜਾਂਦੀ ਹੈ। ਸਰੀਰ ਨਰੋਆ ਤੇ ਅਰੋਗ ਹੋ ਜਾਂਦਾ ਹੈ ਅਤੇ ਹਿਰਦੇ ਘਰ ਅੰਦਰ ਅਨੰਦ ਆ ਵੱਸਦਾ ਹੈ। ਆਪ ਜੀ ਦਾ ਰਾਗੁ ਸੂਹੀ ਛੰਤ ਵਿਚ ਇਕ ਹੋਰ ਫ਼ਰਮਾਨ ਹੈ :

ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥
ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥ *(ਅੰਗ ੭੭੩)*

ਗੁਰਬਾਣੀ ਤਾਂ ਮਨੁੱਖ ਨੂੰ ਵਾਰ-ਵਾਰ ਵਿਕਾਰਾਂ ਦੇ ਹੱਲਿਆਂ ਤੋਂ ਸੁਚੇਤ ਰਹਿਣ ਲਈ ਪ੍ਰੇਰਦੀ ਹੈ :

ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥

(ਰਾਗੁ ਬਿਲਾਵਲੁ ਛੰਤ ਮਹਲਾ ੧, ਅੰਗ ੮੪੪)

ਆਪ ਜੀ ਸ਼ਬਦ ਦੀਆਂ ਅਗਲੀਆਂ ਤੁਕਾਂ ਵਿਚ ਫ਼ਰਮਾ ਰਹੇ ਹਨ ਕਿ ਜਿਸ ਕਿਸੇ ਨੇ ਵੀ ਗੁਰਬਾਣੀ ਵਿਚ ਸ਼ਰਧਾ ਬਣਾਈ ਹੈ ਉਹ ਅਕਥ ਪਰਮਾਤਮਾ ਦੀ ਸਿਫ਼ਤ-ਸਾਲਾਹ ਵਿਚ ਜੁੜ ਜਾਂਦਾ ਹੈ ਜਿਸਦੀ ਬਰਕਤ ਸਦਕਾ ਜੀਵ ਅਜਿਹੀ ਅਵਸਥਾ ਵਿਚ ਪੁੱਜ ਜਾਂਦਾ ਹੈ ਜਿੱਥੇ ਫਿਰ ਉਸ ਨੂੰ ਕੋਈ ਵਾਸ਼ਨਾ ਪੋਹ ਨਹੀਂ ਸਕਦੀ :

ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥
ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥ *(ਅੰਗ ੮੪੪)*

ਰਾਗੁ ਰਾਮਕਲੀ ਵਿਚ ਆਪ ਜੀ ਦੇ ਬਚਨ ਹਨ ਕਿ ਗੁਰੂ ਦੀ ਬਾਣੀ ਦੇ ਟਾਕਰੇ

ਕਿਸੇ ਪ੍ਰਕਾਰ ਦੇ ਕਰਮ-ਕਾਂਡ ਕੋਈ ਮਹੱਤਤਾ ਨਹੀਂ ਰੱਖਦੇ। ਤੀਰਥ ਇਸ਼ਨਾਨ, ਵਰਤ-ਨੇਮ, ਤਪ ਆਦਿ ਇਸਦੇ ਸਾਨੀ ਨਹੀਂ ਹੋ ਸਕਦੇ। ਗੁਰਬਾਣੀ ਦੁਆਰਾ ਗੁਰੂ ਨੂੰ ਮਿਲਿਆਂ ਜੀਵ ਦਾ ਪਾਰ-ਉਤਾਰਾ ਹੋ ਜਾਂਦਾ ਹੈ। ਪ੍ਰਾਣੀ ਸਾਰੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ:

ਸਭਿ ਨਾਦ ਬੇਦ ਗੁਰਬਾਣੀ॥ ਮਨੁ ਰਾਤਾ ਸਾਰਿਗਪਾਣੀ॥
ਤਹ ਤੀਰਥ ਵਰਤ ਤਪ ਸਾਰੇ॥ ਗੁਰ ਮਿਲਿਆ ਹਰਿ ਨਿਸਤਾਰੇ॥

(ਅੰਗ ੮੭੯)

ਜੋ ਜੋ ਵੀ ਗੁਰਬਾਣੀ ਦਾ ਓਟ ਆਸਰਾ ਲੈਂਦਾ ਹੈ, ਗੁਰਬਾਣੀ ਵਿਚ ਆਪਣੇ ਮਨ ਨੂੰ ਜੋੜਦਾ ਹੈ, ਉਸ ਨੂੰ ਮਨ ਇੱਛੇ ਫਲ ਪ੍ਰਾਪਤ ਹੁੰਦੇ ਹਨ ਭਾਵ ਉਸ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਹਿਰਦੇ ਘਰ ਵਿਚ ਫਿਰ ਸੁਖ ਅਤੇ ਅਨੰਦ ਆ ਵੱਸਦੇ ਹਨ। ਗੁਰਵਾਕ ਹੈ :

ਜੋ ਇਛਹਿ ਸੋਈ ਫਲੁ ਪਾਵਹਿ ਗੁਰਬਾਣੀ ਸੁਖੁ ਪਾਏ॥

(ਰਾਗੁ ਭੈਰਉ ਮਹਲਾ ੩, ਅੰਗ ੧੧੩੦)

ਅਥਵਾ :

ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ॥ ਜੋਤੀ ਜੋਤਿ ਮਿਲਾਏ ਸੋਇ॥

(ਰਾਗੁ ਬਸੰਤੁ ਮਹਲਾ ੩, ਅੰਗ ੧੧੭੫)

ਇਸੇ ਲਈ ਗੁਰੂ ਨਾਨਕ ਦੇਵ ਜੀ ਰਾਗੁ ਮਾਰੂ ਸੋਲਹੇ ਵਿਚ ਜੀਵ ਨੂੰ ਗੁਰੂ ਦੀ ਬਾਣੀ ਵਿਚ ਪੂਰਨ ਤੌਰ ਤੇ ਸ਼ਰਧਾ ਬਣਾਈ ਰੱਖਣ ਲਈ ਪ੍ਰੇਰਦੇ ਹਨ :

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ
ਇਉ ਆਤਮ ਰਾਮੈ ਲੀਨਾ ਹੇ॥ *(ਅੰਗ ੧੦੨੮)*

ਅਥਵਾ :

ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥
ਨਾਨਕ ਨਾਮੁ ਧਿਆਇਆ॥ ਪੂਰਬਿ ਲਿਖਿਆ ਪਾਇਆ॥

(ਰਾਗੁ ਸੋਰਠਿ ਮਹਲਾ ੫, ਅੰਗ ੬੨੮)

ਗੁਰਬਾਣੀ ਤਾਂ ਸਰਬ ਵਿਆਪੀ ਹੈ। ਇਸ ਵਿਚ ਸਾਰੀ ਮਨੁੱਖਤਾ ਲਈ ਸਾਂਝਾ ਉਪਦੇਸ਼ ਹੈ, ਕਿਸੇ ਇਕ ਫਿਰਕੇ ਜਾਂ ਧਰਮ ਲਈ ਨਹੀਂ। ਗੁਰਵਾਕ ਹੈ :

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥

(ਰਾਗੁ ਸੂਹੀ ਮਹਲਾ ੫, ਅੰਗ ੭੪੭-੪੮)

ਗੁਰਬਾਣੀ ਦੂਈ-ਦਵੈਤ ਮਿਟਾ ਕੇ ਸਭਨਾਂ ਨੂੰ ਪਿਆਰ ਕਰਨਾ ਸਿਖਾਉਂਦੀ ਹੈ :

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥

(ਰਾਗੁ ਕਾਨੜਾ ਮਹਲਾ ੫, ਅੰਗ ੧੨੯੯)

ਅਥਵਾ :

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥

(ਰਾਗੁ ਧਨਾਸਰੀ ਮਹਲਾ ੫, ਅੰਗ ੬੭੧)

ਪ੍ਰੰਤੂ ਅਜਿਹੇ ਵੀ ਹਨ ਜੋ ਸਤਿਗੁਰੂ ਦੀ ਰੀਸ ਕਰਕੇ ਕੱਚੀ ਤੇ ਪਿੱਲੀ ਬਾਣੀ ਦੀ

ਰਚਨਾ ਕਰਦੇ ਹਨ। ਅਜਿਹੇ ਪਾਖੰਡੀਆਂ ਦੇ ਹਿਰਦੇ ਵਿਚ ਕੂੜ ਤੇ ਕਪਟ ਭਰਿਆ ਹੁੰਦਾ ਹੈ ਜਿਸਦਾ ਪਾਜ ਛੇਤੀ ਹੀ ਖੁਲ੍ਹ ਜਾਂਦਾ ਹੈ ਕਿਉਂਕਿ ਉਨ੍ਹਾਂ ਦੇ ਹਿਰਦੇ ਵਿਚ ਕੁਝ ਹੋਰ ਹੁੰਦਾ ਹੈ ਅਤੇ ਮੂੰਹ ਤੇ ਕੁਝ ਹੋਰ। ਉਨ੍ਹਾਂ ਦਾ ਮੁੱਖ ਆਸ਼ਾ ਮਾਇਆ ਇਕੱਤਰ ਕਰਨਾ ਹੁੰਦਾ ਹੈ ਜਿਸਦੇ ਲਾਲਚ ਵਿਚ ਫਸ ਕੇ ਅੰਤ ਨੂੰ ਉਹ ਖਪ-ਖਪ ਕੇ ਮਰਦੇ ਹਨ :

ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥
ਓਨ੍ਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ॥

(ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੦੪)

ਗੁਰੂ ਰਾਮਦਾਸ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਗੁਰੂ ਦੀ ਬਾਣੀ ਸਿੱਖ ਦਾ ਗੁਰੂ ਹੈ। ਬਾਣੀ ਵਿਚ ਗੁਰੂ ਆਪ ਮੌਜੂਦ ਹੈ। ਗੁਰੂ ਕੀ ਬਾਣੀ ਅੰਮ੍ਰਿਤ ਨਾਲ ਭਰਪੂਰ ਹੈ ਭਾਵ ਗੁਰੂ ਦੀ ਬਾਣੀ ਆਤਮਿਕ ਜੀਵਨ ਦੇਣ ਵਾਲਾ ਨਾਮ-ਰੂਪੀ ਅੰਮ੍ਰਿਤ-ਜਲ ਹੈ। ਗੁਰੂ ਵਲੋਂ ਉਚਾਰੀ ਹੋਈ ਬਾਣੀ ਤੇ ਗੁਰੂ ਦਾ ਜੋ ਸੇਵਕ ਸ਼ਰਧਾ ਅਤੇ ਨਿਸ਼ਚਾ ਰੱਖਦਾ ਹੈ, ਗੁਰੂ ਅਜਿਹੇ ਸਾਧਕ ਨੂੰ ਯਕੀਨਨ ਭਵ-ਸਾਗਰ ਤੋਂ ਪਾਰ ਲੰਘਾ ਦਿੰਦਾ ਹੈ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥

(ਰਾਗ ਨਟ, ਅੰਗ ੯੮੨)

ਦਰਅਸਲ ਗੁਰਬਾਣੀ ਨੂੰ ਗੁਰਤਾ ਬਾਰੇ ਸੰਕੇਤ ਗੁਰੂ ਨਾਨਕ ਦੇਵ ਜੀ ਪਹਿਲਾਂ ਹੀ ਦੇ ਚੁੱਕੇ ਸਨ। ਜਦੋਂ ਸਿੱਧਾਂ ਨੇ ਗੁਰੂ ਜੀ ਨੂੰ ਪੁੱਛਿਆ ਸੀ :

ਤੇਰਾ ਕਵਣ ਗੁਰੂ ਜਿਸ ਕਾ ਤੂ ਚੇਲਾ॥ *(ਸਿਧ ਗੋਸਟਿ, ਅੰਗ ੯੪੨)*

ਤਾਂ ਸਤਿਗੁਰਾਂ ਉੱਤਰ ਦਿੱਤਾ ਸੀ :

ਸਬਦੁ ਗੁਰੂ ਸੁਰਤਿ ਧੁਨ ਚੇਲਾ॥ *(ਅੰਗ ੯੪੩)*

ਸਮਾਂ ਆ ਗਿਆ ਜਦੋਂ ਦਸਮੇਸ਼ ਪਿਤਾ ਜੀ ਨੇ ਜੋਤੀ-ਜੋਤਿ ਸਮਾਉਣ ਵੇਲੇ ਗੁਰਤਾ ਪ੍ਰਦਾਨ ਕਰਕੇ ਗੁਰੂ ਨਾਨਕ ਨਾਮ ਲੇਵਾ ਸੇਵਕਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਅਤੇ ਅੱਗੇ ਤੋਂ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਮਾਰਗ ਤੇ ਚੱਲਣ ਲਈ ਉਪਦੇਸ਼ ਦਿੱਤਾ। ਗੁਰਸਿੱਖ ਨੇ ਹੋਰ ਕਿਸੇ ਨੂੰ ਗੁਰੂ ਧਾਰਨ ਨਹੀਂ ਕਰਨਾ। ਉਸਦਾ ਗੁਰੂ ਕੇਵਲ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੋਵੇਗਾ। ਇਸ ਪ੍ਰਕਾਰ ਗੁਰਮਤਿ ਵਿਚ ਦੇਹਧਾਰੀ ਗੁਰੂ ਦੀ ਪਰੰਪਰਾ ਦਾ ਸਦਾ ਲਈ ਭੋਗ ਪੈ ਗਿਆ।

ਗੁਰਸਿੱਖ ਨੇ ਗੁਰਬਾਣੀ ਤੇ ਪੂਰਾ-ਪੂਰਾ ਨਿਸ਼ਚਾ ਰੱਖ ਕੇ ਗੁਰਬਾਣੀ ਨੂੰ ਪੜ੍ਹਨਾ ਜਾਂ ਸੁਣਨਾ ਹੀ ਨਹੀਂ ਸਗੋਂ ਗੁਰਬਾਣੀ ਨੂੰ ਕਮਾਉਣਾ ਵੀ ਹੈ ਭਾਵ ਗੁਰੂ ਦੀ ਬਾਣੀ ਨੂੰ ਹਿਰਦੇ ਵਿਚ ਵਸਾ ਕੇ ਇਸ ਤੇ ਅਮਲ ਵੀ ਕਰਨਾ ਹੈ ਤਾਂ ਹੀ ਮਨ ਸਦਾ ਖਿੜਾਓ ਵਿਚ ਰਹਿ ਸਕਦਾ ਹੈ :

ਭਗਤਿ ਭੰਡਾਰ ਗੁਰਬਾਣੀ ਲਾਲ॥ ਗਾਵਤ ਸੁਨਤ ਕਮਾਵਤ ਨਿਹਾਲ॥

(ਰਾਗੁ ਆਸਾ ਮਹਲਾ ੫, ਅੰਗ ੩੭੬)

ਸਤਿਗੁਰੂ

ਸਤਿਗੁਰੂ ਸ਼ਬਦ ਦੇ ਅੱਖਰੀ ਅਰਥ ਹਨ ਸਤਿ+ਗੁਰੂ ਭਾਵ ਸੱਚਾ ਗੁਰੂ।

ਰਾਗੁ ਗਉੜੀ ਸੁਖਮਨੀ ਦੀ 18ਵੀਂ ਅਸ਼ਟਪਦੀ ਵਾਲੇ ਸਲੋਕ ਵਿਚ ਗੁਰੂ ਪੰਚਮ ਪਾਤਸ਼ਾਹ ਸੋਧ ਬਖ਼ਸ਼ਿਸ਼ ਕਰ ਰਹੇ ਹਨ ਕਿ ਜਿਸ ਨੇ ਸਦਾ ਕਾਇਮ ਰਹਿਣ ਵਾਲੇ ਵਿਆਪਕ ਪ੍ਰਭੂ ਦੇ ਭੇਦਾਂ ਨੂੰ ਜਾਣ ਲਿਆ ਹੈ ਉਹ ਸਤਿਗੁਰੂ ਹੈ। ਅਜਿਹੇ ਸਤਿਗੁਰੂ ਦੀ ਸੰਗਤ ਕੀਤਿਆਂ ਪ੍ਰਾਣੀ ਦਾ ਉਧਾਰ ਹੋ ਜਾਂਦਾ ਹੈ ਅਤੇ ਵਿਕਾਰਾਂ ਤੋਂ ਸਦਾ ਬਚੇ ਰਹੀਦਾ ਹੈ :

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥ (ਅੰਗ ੨੮੬)

ਅਥਵਾ :

ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ॥

(ਸਲੋਕ ਮਹਲਾ ੩, ਬਿਹਾਗੜੇ ਕੀ ਵਾਰ ਮਹਲਾ ੪, ਅੰਗ ੫੫੨)

ਭਾਵ ਸੱਚਾ ਗੁਰੂ ਪ੍ਰਭੂ ਦੇ ਨਾਮ ਵਿਚ ਪੂਰਨ ਤੌਰ ਤੇ ਭਿੱਜਿਆ ਹੁੰਦਾ ਹੈ ਅਤੇ ਕਲਜੁਗੀ ਜੀਵਾਂ ਨੂੰ ਭਵ-ਸਾਗਰ ਤੋਂ ਪਾਰ ਉਤਾਰਨ ਲਈ ਜਹਾਜ਼ ਬਣਦਾ ਹੈ।

ਰਾਗੁ ਗਉੜੀ ਬੈਰਾਗਣਿ ਵਿਚ ਗੁਰੂ ਰਾਮਦਾਸ ਜੀ ਦਾ ਫ਼ਰਮਾਨ ਹੈ ਕਿ ਜਿਸਨੂੰ ਮਿਲਿਆਂ ਮਨ ਅੰਦਰ ਅਨੰਦ ਪੈਦਾ ਹੋ ਜਾਏ। ਮਨ ਦੀ ਸਾਰੀ ਦੁਬਿਧਾ ਜਾਂਦੀ ਰਹੇ ਅਤੇ ਪਰਮ ਪਦ ਭਾਵ ਸਭ ਤੋਂ ਉੱਚੀ ਆਤਮਿਕ ਅਵਸਥਾ ਪੈਦਾ ਹੋ ਜਾਏ ਅਜਿਹਾ ਮਹਾਂਪੁਰਖ ਸਤਿਗੁਰੂ ਹੈ :

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥

(ਅੰਗ ੧੬੮)

ਸਤਿਗੁਰੂ ਦੇ ਪ੍ਰਗਟ ਹੋਣ ਨਾਲ ਸਾਰਾ ਬ੍ਰਹਮੰਡ ਰੌਸ਼ਨਾਇਆ ਜਾਂਦਾ ਹੈ, ਤਪਦੇ ਮਨ ਸ਼ਾਂਤ ਹੋ ਜਾਂਦੇ ਹਨ ਅਤੇ ਜਗਤ ਵਿਚ ਪਇਆ ਹੋਇਆ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਸਬੰਧੀ ਭਾਈ ਗੁਰਦਾਸ ਜੀ ਦਾ ਫ਼ਰਮਾਨ ਹੈ :

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

(ਵਾਰ ੧, ਪਉੜੀ ੨੭)

ਸਤਿਗੁਰੂ ਦੀ ਕਿਸੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਉਸਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਉਸਦੀ ਵਡਿਆਈ ਵਰਨਣ ਨਹੀਂ ਕੀਤੀ ਜਾ ਸਕਦੀ। ਉਹ ਆਪਣੇ ਸੇਵਕ ਜਨਾਂ ਦੀ ਸਦਾ ਪੈਜ ਰੱਖਣ ਵਾਲਾ ਹੈ :

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥

(ਰਾਗੁ ਸੂਹੀ ਮਹਲਾ ੫, ਅੰਗ ੭੫੦)

ਸਤਿਗੁਰੂ ਨੇ ਕਾਮਾਦਿਕ ਵਿਕਾਰਾਂ—ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਚੰਗੀ ਤਰ੍ਹਾਂ ਆਪਣੇ ਵੱਸ ਵਿਚ ਕੀਤਾ ਹੁੰਦਾ ਹੈ। ਸੱਚੇ ਗੁਰੂ ਦੀ ਬਿਰਤੀ ਹਰ ਵੇਲੇ ਪ੍ਰਭੂ ਨਾਲ ਜੁੜੀ ਰਹਿੰਦੀ ਹੈ ਜਿਸ ਸਦਕਾ ਪ੍ਰਭੂ ਤੇ ਸਤਿਗੁਰੂ ਇਕ ਰੂਪ ਹੋ ਜਾਂਦੇ ਹਨ :

ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ॥
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥

(ਗਉੜੀ ਕੀ ਵਾਰ ਮਹਲਾ ੪, ਅੰਗ ੩੦੪)

ਇਸ ਸੰਸਾਰ ਵਿਚ ਹਰ ਮਨੁੱਖ ਕਿਸੇ ਨਾ ਕਿਸੇ ਰੋਗ ਜਾਂ ਚਿੰਤਾ ਵਿਚ ਗ੍ਰਸਿਆ ਹੋਇਆ ਹੈ। ਕੋਈ ਵੀ ਅਜਿਹਾ ਪ੍ਰਾਣੀ ਨਹੀਂ ਜਿਸ ਨੂੰ ਕੋਈ ਨਾ ਕੋਈ ਰੋਗ ਨਾ ਹੋਵੇ ਪ੍ਰੰਤੂ ਇਕ ਸਤਿਗੁਰੂ ਹੀ ਅਜਿਹਾ ਮਹਾਨ ਜੋਗੀ ਹੈ ਜਿਸ ਨੂੰ ਕਿਸੇ ਕਿਸਮ ਦੇ ਰੋਗ ਆਦਿ ਨਹੀਂ ਪੋਂਹਦੇ ਭਾਵ ਸਤਿਗੁਰੂ ਸਭ ਰੋਗਾਂ ਤੋਂ ਰਹਿਤ ਹੁੰਦਾ ਹੈ। ਗੁਰਵਾਕ ਹੈ :

ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥

(ਰਾਗੁ ਭੈਰਉ ਮਹਲਾ ੫, ਅੰਗ ੧੧੪੦)

ਸਤਿਗੁਰੂ ਤਾਂ ਨਾਮ ਦਾ ਭੰਡਾਰ ਹੈ। ਜੋ ਮਨੁੱਖ ਸਤਿਗੁਰੂ ਦੀ ਸ਼ਰਣ ਆ ਕੇ ਉਸਦੀ ਆਗਿਆ ਵਿਚ ਤੁਰਦਾ ਹੈ, ਦੱਸੇ ਮਾਰਗ ਤੇ ਚਲਦਾ ਹੈ, ਸਤਿਗੁਰੂ ਅਜਿਹੇ ਮਨੁੱਖਾਂ ਨੂੰ ਨਾਮ ਦੀ ਦਾਤ ਬਖਸ਼ ਕੇ ਪ੍ਰਭੂ ਚਰਨਾਂ ਨਾਲ ਜੋੜ ਦਿੰਦਾ ਹੈ, ਫਿਰ ਉਸ ਪ੍ਰਾਣੀ ਦਾ ਬੇੜਾ ਪਾਰ ਹੋ ਜਾਂਦਾ ਹੈ ਅਤੇ ਜਗਤ ਵਿਚ ਆਉਣਾ ਉਸਦਾ ਸਫਲਾ ਹੋ ਜਾਂਦਾ ਹੈ :

ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ॥

(ਸਿਰੀ ਰਾਗੁ ਮਹਲਾ ੪, ਅੰਗ ੪੦)

ਸੱਚੇ ਗੁਰੂ ਦਾ ਇਹ ਬਿਰਦ ਹੈ ਕਿ ਉਹ ਸਭ ਦਾ ਭਲਾ ਹੀ ਮੰਗਦਾ ਹੈ। ਉਹ ਕਿਸੇ ਨਾਲ ਵੈਰ-ਵਿਰੋਧ ਨਹੀਂ ਕਰਦਾ ਪ੍ਰੰਤੂ ਅਜਿਹੇ ਕੋਮਲ ਸੁਭਾਉ ਵਾਲੇ ਮਹਾਂ-ਪੁਰਖਾਂ ਨਾਲ ਵੀ ਮੂਰਖ ਵੈਰ ਜਾਂ ਧ੍ਰੋਹ ਕਮਾਉਣ ਤੋਂ ਸੰਕੋਚ ਨਹੀਂ ਕਰਦੇ। ਇਸ ਨਾਲ ਪੂਰੇ ਗੁਰੂ ਦਾ ਤਾਂ ਕੁਝ ਨਹੀਂ ਵਿਗੜਦਾ ਪ੍ਰੰਤੂ ਦੋਖੀਆਂ ਨੂੰ ਫਿਟਕਾਰਾਂ ਪੈਂਦੀਆਂ ਹਨ ਅਤੇ ਮੂੰਹ ਦੀ ਖਾਣੀ ਪੈਂਦੀ ਹੈ। ਪੰਚਮ ਪਾਤਸ਼ਾਹ ਦੇ ਆਪਣੇ ਪਰਿਵਾਰ ਵਿਚੋਂ ਹੀ ਸਤਿਗੁਰਾਂ ਦਾ ਬੁਰਾ ਮਨਾਉਂਦੇ ਰਹੇ ਪਰ ਫਿਟਕਾਰਾਂ ਤੋਂ ਸਿਵਾ ਉਨ੍ਹਾਂ ਨਿੰਦਕਾਂ ਅਤੇ ਦੋਖੀਆਂ ਦੇ ਪੱਲੇ ਹੋਰ ਕੁਝ ਨਹੀਂ ਪਿਆ। ਸੰਗਤਾਂ ਨੇ ਉਹਨਾਂ ਨੂੰ ਮੂੰਹ ਨਹੀਂ ਲਾਇਆ। ਮਜ਼ਹਬ ਦੀ ਆੜ ਹੇਠ ਮੌਕੇ ਦੇ ਤੁਅੱਸਬੀ ਹਾਕਮਾਂ ਨੇ ਤਸੀਹੇ ਅਤੇ ਕਸ਼ਟ ਦਿੱਤੇ ਪਰ ਸਤਿਗੁਰਾਂ ਨੇ ਸਭ ਕੁਝ ਭਾਣਾ ਮੰਨ ਕੇ ਖਿੜੇ ਮੱਥੇ ਕਬੂਲ ਕੀਤਾ। ਅੱਜ ਇਤਿਹਾਸ ਵਿਚ ਉਸ ਅਕਾਲ ਮੂਰਤ ਸੂਰਮੇ ਸਤਿਗੁਰੂ ਦੀ ਯਾਦ ਵਿਚ ਕ੍ਰੋੜਾਂ ਸ਼ਰਧਾਲੂ ਬੜੀ ਸ਼ਰਧਾ ਤੇ ਪਿਆਰ ਨਾਲ ਆਪਣਾ ਸੀਸ ਨਿਵਾਉਂਦੇ ਹਨ। ਉਨ੍ਹਾਂ ਵਲੋਂ ਰਚੀ ਬਾਣੀ ਦਾ ਆਦਰ ਤੇ ਸਤਿਕਾਰ

ਹੁੰਦਾ ਹੈ ਪਰ ਕਿਥੇ ਹਨ ਉਹ ਦੋਖੀ ਅਤੇ ਹੰਕਾਰ ਵਿਚ ਗੁਸੇ ਸਲਤਨਤਾਂ ਦੇ ਮਾਲਕ ਸ਼ਹਿਨਸ਼ਾਹ ਜਿਨ੍ਹਾਂ ਦੀ ਮੜ੍ਹੀ ਤੇ ਅੱਜ ਕੋਈ ਦੀਵਾ ਤੱਕ ਨਹੀਂ ਬਾਲਦਾ। ਸਤਿਗੁਰੂ ਤਾਂ ਸਦਾ ਅਮਰ ਹੈ। ਉਸਦਾ ਕਿਸੇ ਨਾਲ ਵੈਰ-ਵਿਰੋਧ ਨਹੀਂ ਹੁੰਦਾ। ਉਹ ਤਾਂ ਸਭਨਾਂ ਅੰਦਰ ਇਕ ਜੋਤਿ ਨੂੰ ਹੀ ਤੱਕਦਾ ਹੈ ਅਤੇ ਸਭਨਾਂ ਦਾ ਭਲਾ ਲੋਚਦਾ ਹੈ। ਫਿਰ ਅਜਿਹੇ ਗੁਰੂ ਦਾ ਬੁਰਾ ਕਿਵੇਂ ਹੋ ਸਕਦਾ ਹੈ? ਗੁਰਵਾਕ ਹੈ :

ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ॥
ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ ਤਿਸਟਿਆ ਨ ਕੋਇ॥
ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥

(ਗਉੜੀ ਕੀ ਵਾਰ ਮਹਲਾ ੪, ਅੰਗ ੩੦੨)

ਪੂਰੇ ਗੁਰੂ ਦੀ ਕੀ ਕੀ ਸਿਫ਼ਤ ਕਰੀਏ? ਉਹ ਤਾਂ ਆਪਣੇ ਸੇਵਕ ਦੀ ਸਦਾ ਰੱਖਿਆ ਕਰਦਾ ਹੈ। ਉਸਦੀ ਭੈੜੀ ਮਤਿ ਨੂੰ ਧੋ ਕੇ ਨਵੀਂ ਨਰੋਈ ਕਰ ਦਿੰਦਾ ਹੈ। ਉਸਦੇ ਸਾਰੇ ਬੰਧਨ ਕੱਟ ਕੇ ਵਿਕਾਰਾਂ ਤੋਂ ਮੁਕਤ ਕਰ ਦਿੰਦਾ ਹੈ ਅਤੇ ਉਸਦਾ ਲੋਕ-ਪ੍ਰਲੋਕ ਸੰਵਾਰ ਦਿੰਦਾ ਹੈ :

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥
ਸੇਵਕ ਕਉ ਗੁਰੁ ਸਦਾ ਦਇਆਲ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥
ਗੁਰ ਬਚਨੀ ਹਰਿ ਨਾਮੁ ਉਚਰੈ॥
ਸਤਿਗੁਰੁ ਸਿਖ ਕੇ ਬੰਧਨ ਕਾਟੈ॥
ਗੁਰ ਕਾ ਸਿਖੁ ਬਿਕਾਰ ਤੇ ਹਾਟੈ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥
ਗੁਰ ਕਾ ਸਿਖੁ ਵਡਭਾਗੀ ਹੇ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੮੬)

ਸਤਿਗੁਰੂ ਤਾਂ ਰਹਿਮਤਾਂ ਦਾ ਭੰਡਾਰ ਹੈ। ਉਸਦੇ ਘਰ ਵਿਚ ਕਿਸੇ ਚੀਜ਼ ਦੀ ਘਾਟ ਨਹੀਂ। ਕੇਵਲ ਮੰਗਣ ਦੀ ਜਾਚ ਆਉਣੀ ਚਾਹੀਦੀ ਹੈ :

ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ॥

(ਸਿਰੀਰਾਗੁ ਮਹਲਾ ੫, ਅੰਗ ੫੨)

ਸਤਿਗੁਰੂ ਨੂੰ ਗੁਰਬਾਣੀ ਵਿਚ ਮਹਾਂ ਪੁਰਖ ਅਤੇ ਪਾਰਸ ਕਰਕੇ ਵੀ ਵਡਿਆਇਆ ਗਿਆ ਹੈ। ਜਿਵੇਂ ਪਾਰਸ ਨਾਲ ਲੋਹਾ ਛੂਹ ਕੇ ਸੋਨਾ ਬਣ ਜਾਂਦਾ ਹੈ ਇਸੇ ਤਰ੍ਹਾਂ ਪਾਰਸ ਸਤਿਗੁਰੂ ਦੀ ਜੋ ਮਨੁੱਖ ਚਰਣੀਂ ਲਗਦਾ ਹੈ ਉਸ ਨੂੰ ਮਨ ਇੱਛੇ ਫਲ ਪ੍ਰਾਪਤ ਹੁੰਦੇ ਹਨ :

ਲੋਹਾ ਹਿਰਨੁ ਹੋਵੈ ਸੰਗਿ ਪਾਰਸ ਗੁਨੁ ਪਾਰਸ ਕੋ ਹੋਇ ਆਵੈਗੋ॥
ਸਤਿਗੁਰ ਮਹਾ ਪੁਰਖੁ ਹੈ ਪਾਰਸੁ ਜੋ ਲਾਗੈ ਸੋ ਫਲੁ ਪਾਵੈਗੋ॥

(ਰਾਗੁ ਕਾਨੜਾ ਮਹਲਾ ੪, ਅੰਗ ੧੩੧੧)

ਬਿਹਾਗੜੇ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ

ਸਤਿਗੁਰ ਗੁਰੂ ਨਿਧਾਨੁ ਹੈ, ਗੁਰੂ ਸੀਰ [illegible] [illegible] ॥ ਸਤਿਗੁਰੁ ਪੂਰਾ ਵੈਦ ਹੈ ਪੰਜੇ ਰੋਗ ਅਸਾਧ ਨਿਵਾਰੇ ॥ ਸੁਖ ਸਾਗਰ ਗੁਰਦੇਉ ਹੈ ਸੁਖ ਦੇ ਮੇਲਿ ਨਹੀ ਦੁਖਿਆਰੇ ॥ ਗੁਰ ਪੂਰਾ ਨਿਰਵੈਰ ਹੈ ਨਿੰਦਕ ਦੋਖੀ ਬੇਮੁਖ ਤਾਰੇ ।

ਜਿਸ ਵਿਚ ਆਪ ਜੀ ਦਾ ਫ਼ਰਮਾਨ ਹੈ ਕਿ ਸਤਿਗੁਰੂ ਦੇ ਦੱਸੇ ਮਾਰਗ ਤੇ ਚੱਲਣ ਨਾਲ ਨਾਮ ਧਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਅਚਿੰਤ ਪ੍ਰਭੂ ਮਨ ਵਿਚ ਆ ਵੱਸਦਾ ਹੈ ਜਿਸ ਨਾਲ ਹਉਮੈ ਅਤੇ ਮੋਹ-ਮਮਤਾ ਦੂਰ ਹੋ ਜਾਂਦੀ ਹੈ। ਸੋਭਾ ਅਤੇ ਮਾਣ ਸਤਿਕਾਰ ਮਿਲਦਾ ਹੈ ਅਤੇ ਦੁੱਖ ਅਤੇ ਕਲੇਸ਼ ਕੱਟੇ ਜਾਂਦੇ ਹਨ :

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥
ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ ਆਇ ॥
ਜਨਮ ਮਰਨ ਦੁਖੁ ਕਟੀਐ ਹਉਮੈ ਮਮਤਾ ਜਾਇ ॥
ਉਤਮ ਪਦਵੀ ਪਾਈਐ ਸਚੇ ਰਹੈ ਸਮਾਇ ॥ *(ਅੰਗ ੫੫੨)*

ਅਥਵਾ :

ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥
ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ ॥

(ਸਲੋਕ ਮਹਲਾ ੩, ਵਡਹੰਸੁ ਕੀ ਵਾਰ ਮਹਲਾ ੪, ਅੰਗ ੫੮੭)

ਦੂਜੇ ਬੰਨੇ ਸੱਚੇ ਗੁਰੂ ਤੋਂ ਬਿਨਾਂ ਪ੍ਰਾਣੀ ਅਗਿਆਨਤਾ ਦੇ ਹਨੇਰੇ ਵਿਚ ਭਟਕਦਾ ਰਹਿੰਦਾ ਹੈ ਅਤੇ ਵਿਕਾਰਾਂ ਦੇ ਸਮੁੰਦਰ ਵਿਚ ਗੋਤੇ ਖਾਂਦਾ ਰਹਿੰਦਾ ਹੈ :

ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ ॥

(ਰਾਗੁ ਮਲਾਰ ਮਹਲਾ ੧, ਅੰਗ ੧੨੭੫)

ਅਥਵਾ :

ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ ॥

(ਸਲੋਕ ਮਹਲਾ ੩, ਵਡਹੰਸੁ ਕੀ ਵਾਰ ਮਹਲਾ ੪, ਅੰਗ ੫੯੧)

ਰਾਗੁ ਗੂਜਰੀ ਵਿਚ ਗੁਰੂ ਰਾਮਦਾਸ ਜੀ ਦੇ ਬਚਨ ਹਨ :

ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥

(ਅੰਗ ੪੯੨)

ਇਸ ਲਈ ਆਪ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਜਿਸ ਸੱਚੇ ਗੁਰੂ ਨੇ ਮਾਇਆ ਦੇ ਮੋਹ ਦੇ ਹਨੇਰੇ ਨੂੰ ਦੂਰ ਕੀਤਾ ਹੈ ਅਜਿਹੇ ਸਤਿਗੁਰੂ ਦੇ ਚਰਨੀਂ ਲੱਗਣਾ ਚਾਹੀਦਾ ਹੈ :

ਤਿਸੁ ਸਤਿਗੁਰ ਕੀ ਸਭ ਪਗੀ ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ ॥

(ਰਾਗੁ ਵਡਹੰਸੁ ਕੀ ਵਾਰ ਮਹਲਾ ੪, ਅੰਗ ੫੮੬)

ਇਹ ਗੱਲ ਮਨ ਵਿਚ ਦ੍ਰਿੜ੍ਹ ਕਰਨ ਵਾਲੀ ਹੈ ਕਿ ਸਤਿਗੁਰੂ ਦੇਹ ਕਰਕੇ ਨਹੀਂ ਬਲਕਿ ਸ਼ਬਦ ਕਰਕੇ ਸਰਬ-ਵਿਆਪਕ ਹੈ ਅਤੇ ਅਬਿਨਾਸ਼ੀ ਪਾਰਬ੍ਰਹਮ ਰੂਪ ਹੁੰਦਾ ਹੈ। 'ਗੁਰੂ ਮੇਰੈ ਸੰਗਿ ਸਦਾ ਹੈ ਨਾਲੇ' ਵਿਚ ਸਿੱਖ ਦੇ ਅੰਗ-ਸੰਗ ਰਹਿਣ ਵਾਲਾ ਗੁਰੂ ਦਾ ਸਰੀਰ ਨਹੀਂ ਸਗੋਂ ਗੁਰੂ ਦਾ ਸ਼ਬਦ ਹੈ :

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥

(ਰਾਗੁ ਸੂਹੀ ਮਹਲਾ ੪, ਅੰਗ ੭੫੯)

ਗੁਰ ਪੂਰਾ ਨਿਰਭਉ ਸਦਾ, ਜਨਮ ਮਰਣ ਜਮ ਡਰੈ ਉਤਾਰੇ ॥ ਸਤਿਗੁਰ ਪੁਰਖ ਸੁਜਾਣੁ ਹੈ, ਵੇਦ [illegible] [illegible] [illegible] ॥ ਸਤਿਗੁਰ [illegible] [illegible], [illegible] [illegible] [illegible] [illegible] ॥ ਸਾਧੂ [illegible], [illegible] [illegible] ॥੨੫
ਵਾਰ ੨੬ ਪਉੜੀ ੨੫

(10)

ਬ੍ਰਹਮ ਗਿਆਨੀ

ਬ੍ਰਹਮ ਗਿਆਨੀ ਦੋ ਅੱਖਰਾਂ ਦਾ ਸੁਮੇਲ ਹੈ—ਬ੍ਰਹਮ ਅਤੇ ਗਿਆਨੀ। ਬ੍ਰਹਮ ਤੋਂ ਅਰਥ ਹਨ ਅਕਾਲ ਪੁਰਖ, ਵਾਹਿਗੁਰੂ ਜੋ ਜਨਮ-ਮਰਨ ਤੋਂ ਰਹਿਤ ਹੈ ਅਤੇ ਸ੍ਰਿਸ਼ਟੀ ਦਾ ਰਚਨਹਾਰਾ ਅਤੇ ਪਾਲਣਹਾਰਾ ਹੈ। ਗਿਆਨੀ ਤੋਂ ਅਰਥ ਹਨ ਗਿਆਨ ਵਾਲਾ, ਸੂਝਵਾਨ ਵਿਅਕਤੀ। ਇਸ ਪ੍ਰਕਾਰ ਬ੍ਰਹਮ ਗਿਆਨੀ ਉਹ ਦਿੱਬ-ਆਤਮਾ ਹੈ ਜਿਸ ਨੂੰ ਬ੍ਰਹਮ ਦੇ ਭੇਦਾਂ ਦਾ ਗਿਆਨ ਅਤੇ ਸੋਝੀ ਹੁੰਦੀ ਹੈ।

ਬ੍ਰਹਮ ਗਿਆਨੀ ਦੇ ਰੋਮ ਰੋਮ ਵਿਚ ਪ੍ਰਭੂ ਦੇ ਨਾਮ ਦਾ ਵਾਸਾ ਹੁੰਦਾ ਹੈ। ਇਕ ਸੱਚੇ ਮਾਲਕ ਤੋਂ ਬਿਨਾਂ ਉਹ ਹੋਰ ਕਿਸੇ ਦੇ ਓਟ-ਆਸਰੇ ਵੱਲ ਨਹੀਂ ਤੱਕਦਾ :

ਮਨਿ ਸਾਚਾ ਮੁਖਿ ਸਾਚਾ ਸੋਇ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੭੨)

ਬ੍ਰਹਮ ਗਿਆਨੀ ਦੇ ਦੈਵੀ-ਗੁਣਾਂ ਬਾਰੇ ਗੁਰੂ ਅਰਜਨ ਦੇਵ ਜੀ ਨੇ ਰਾਗੁ ਗਉੜੀ ਸੁਖਮਨੀ ਵਿਚ ਇਕ ਪੂਰੀ ਦੀ ਪੂਰੀ 8ਵੀਂ ਅਸਟਪਦੀ ਦੀ ਰਚਨਾ ਕੀਤੀ ਹੈ। ਅਸਟਪਦੀ ਦੀ ਪਹਿਲੀ ਪਉੜੀ ਵਿਚ ਆਪ ਜੀ ਸੋਧ ਬਖ਼ਸ਼ਿਸ਼ ਕਰ ਰਹੇ ਹਨ ਕਿ ਜਿਵੇਂ ਕਮਲ ਦਾ ਫੁੱਲ ਚਿੱਕੜ ਵਿਚ ਉੱਗ ਕੇ ਵੀ ਬੇਦਾਗ਼ ਰਹਿੰਦਾ ਹੈ ਇਸੇ ਤਰ੍ਹਾਂ ਬ੍ਰਹਮ ਗਿਆਨੀ ਦੁਨਿਆਵੀ ਵਾਸ਼ਨਾਵਾਂ ਤੋਂ ਅਭਿੱਜ ਰਹਿੰਦਾ ਹੈ :

ਬ੍ਰਹਮ ਗਿਆਨੀ ਸਦਾ ਨਿਰਲੇਪ॥
ਜੈਸੇ ਜਲ ਮਹਿ ਕਮਲ ਅਲੇਪ॥ *(ਅੰਗ ੨੭੨)*

ਜਿਸ ਤਰ੍ਹਾਂ ਹਵਾ, ਰਾਜਾ-ਰੰਕ, ਅਮੀਰ-ਗਰੀਬ ਸਭ ਨੂੰ ਬਿਨਾਂ ਕਿਸੇ ਭਿੰਨ-ਭੇਦ ਦੇ ਇਕ ਸਮਾਨ ਅਨੰਦ ਪ੍ਰਦਾਨ ਕਰਦੀ ਹੈ ਇਸੇ ਤਰ੍ਹਾਂ ਬ੍ਰਹਮ ਗਿਆਨੀ ਸਭ ਨੂੰ ਇਕ ਨਜ਼ਰ ਨਾਲ ਦੇਖਦਾ ਹੈ। ਉਸਦਾ ਸੁਭਾਉ ਧਰਤੀ ਵਾਂਗ ਹੈ ਜਿਸਨੂੰ ਕੋਈ ਖੋਦਦਾ ਜਾਂ ਪੁੱਟਦਾ ਹੈ ਅਤੇ ਕੋਈ ਚੰਦਨ ਦਾ ਲੇਪ ਕਰਦਾ ਹੈ ਪ੍ਰੰਤੂ ਧਰਤੀ ਨਿਹਚਲ ਤੇ ਸ਼ਾਂਤ ਰਹਿੰਦੀ ਹੈ :

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥
ਬ੍ਰਹਮ ਗਿਆਨੀ ਕੈ ਧੀਰਜੁ ਏਕ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥ *(ਅੰਗ ੨੭੨)*

ਕੋਈ ਬੁਰਾ ਕਹੇ ਜਾਂ ਭਲਾ ਅਜਿਹੇ ਮਹਾਂਪੁਰਖ ਕਦੀ ਕਿਸੇ ਤੇ ਗਿਲਾ ਜਾਂ ਸ਼ਿਕਵਾ ਨਹੀਂ ਕਰਦੇ ਕਿਉਂਕਿ ਉਨ੍ਹਾਂ ਦਾ ਸਭ ਕੁਝ ਪਰਮਾਤਮਾ ਨੂੰ ਅਰਪਨ ਹੁੰਦਾ ਹੈ :

ਕੋਈ ਭਲਾ ਕਹਉ ਭਾਵੈ ਬੁਰਾ ਕਹਉ
ਹਮ ਤਨੁ ਦੀਓ ਹੈ ਢਾਰਿ॥

(ਰਾਗੁ ਦੇਵਗੰਧਾਰੀ ਮਹਲਾ ੪, ਅੰਗ ੫੨੮)

ਬ੍ਰਹਮ ਗਿਆਨੀ ਨਿਰਮਲ ਤੇ ਸਾਫ਼ ਮਨ ਵਾਲਾ ਹੁੰਦਾ ਹੈ, ਉਸਦੇ ਮਨ ਅੰਦਰ ਕਿਸੇ ਪ੍ਰਕਾਰ ਦਾ ਖੋਟ ਨਹੀਂ ਹੁੰਦਾ। ਹਉਮੈ ਅਤੇ ਹੰਕਾਰ ਤੋਂ ਮੁਕਤ ਹੋਣ ਦੇ ਕਾਰਨ ਉਹ ਕਿਸੇ ਨਾਲ ਵੈਰ-ਵਿਰੋਧ ਨਹੀਂ ਕਰਦਾ। ਉਸ ਲਈ ਮਿੱਤਰ ਅਤੇ ਦੁਸ਼ਮਣ ਇਕ ਸਮਾਨ ਹੁੰਦੇ ਹਨ ਭਾਵ ਉਹ ਕਿਸੇ ਨਾਲ ਮਾੜਾ ਵਰਤਾਓ ਨਹੀਂ ਕਰਦਾ। ਬ੍ਰਹਮ ਗਿਆਨੀ ਤਾਂ ਨਿਮਰਤਾ ਦਾ ਧਾਰਨੀ ਹੁੰਦਾ ਹੈ ਅਤੇ ਆਤਮਿਕ ਤੌਰ ਤੇ ਬੜਾ ਉੱਚਾ ਤੇ ਸੁੱਚਾ :

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥
ਬ੍ਰਹਮ ਗਿਆਨੀ ਊਚ ਤੇ ਊਚਾ॥
ਮਨਿ ਅਪਨੈ ਹੈ ਸਭ ਤੇ ਨੀਚਾ॥ *(ਅੰਗ ੨੭੨)*

ਬ੍ਰਹਮ ਗਿਆਨੀ ਸਮਦਰਸ਼ੀ ਹੁੰਦਾ ਹੈ। ਸਭ ਨੂੰ ਇਕ ਨਜ਼ਰ ਨਾਲ ਦੇਖਦਾ ਹੈ। ਸਭ ਤੇ ਦਇਆ ਕਰਨ ਵਾਲਾ ਹੈ ਅਤੇ ਕਦੀ ਕੋਈ ਬੁਰਾ ਕੰਮ ਨਹੀਂ ਕਰਦਾ :

ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ॥
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ॥
ਬ੍ਰਹਮ ਗਿਆਨੀ ਸਦਾ ਸਮਦਰਸੀ॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥ *(ਅੰਗ ੨੭੨-੨੭੩)*

ਬ੍ਰਹਮ ਗਿਆਨੀ ਦੇ ਮਨ ਅੰਦਰ ਸਦਾ ਗਰੀਬੀ ਟਿਕੀ ਰਹਿੰਦੀ ਹੈ ਜਿਸ ਸਦਕਾ ਉਸ ਨੂੰ ਸੇਵਾ ਤੇ ਪਰਉਪਕਾਰ ਕਰਨ ਦਾ ਸਦਾ ਚਾਓ ਚੜ੍ਹਿਆ ਰਹਿੰਦਾ ਹੈ :

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥ *(ਅੰਗ ੨੭੩)*

ਬ੍ਰਹਮ ਗਿਆਨੀ ਕੇਵਲ ਆਪਣਾ ਉਧਾਰ ਹੀ ਨਹੀਂ ਕਰਦਾ, ਉਸਦੀ ਸੰਗਤ ਕਰਨ ਵਾਲਿਆਂ ਦਾ ਵੀ ਬੇੜਾ ਪਾਰ ਹੋ ਜਾਂਦਾ ਹੈ :

ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ॥ *(ਅੰਗ ੨੭੩)*

ਬ੍ਰਹਮ ਗਿਆਨੀ ਦੇ ਮਨ ਅੰਦਰ ਸਦਾ ਪਰਮ-ਅਨੰਦ ਭਾਵ ਸੁਖ ਦੇਣ ਵਾਲਾ ਅਕਾਲ ਪੁਰਖ ਵੱਸਦਾ ਹੈ ਜਿਸ ਕਰਕੇ ਉਸਦਾ ਹਿਰਦਾ ਘਰ ਸਦਾ ਖੁਸ਼ੀ ਨਾਲ ਖਿੜਿਆ ਰਹਿੰਦਾ ਹੈ, ਉਸਦੇ ਮਨ ਅੰਦਰ ਸਹਿਜ ਤੇ ਸ਼ਾਂਤੀ ਬਣੀ ਰਹਿੰਦੀ ਹੈ :

ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ॥
ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥
ਬ੍ਰਹਮ ਗਿਆਨੀ ਸੁਖ ਸਹਜ ਨਿਵਾਸ॥
ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ॥ *(ਅੰਗ ੨੭੩)*

ਬ੍ਰਹਮ ਗਿਆਨੀ ਨਾਲ ਮਿਲਾਪ ਬੜੇ ਭਾਗਾਂ ਨਾਲ ਹੁੰਦਾ ਹੈ। ਉਸ ਨੂੰ ਮਿਲਣ ਨੂੰ ਤਾਂ ਸ਼ਿਵ ਆਦਿਕ ਦੇਵਤੇ ਵੀ ਲੋਚਦੇ ਹਨ। ਅਜਿਹੇ ਮਹਾਂ-ਪੁਰਖ ਬ੍ਰਹਮ ਵਿਚ ਅਭੇਦ

ਹੋਣ ਕਾਰਨ ਬ੍ਰਹਮ ਦਾ ਰੂਪ ਹੀ ਹੋ ਜਾਂਦੇ ਹਨ :

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ *(ਅੰਗ ੨੭੩)*

ਬ੍ਰਹਮ ਗਿਆਨੀ ਦੇ ਉੱਚੇ ਆਦਰਸ਼ਾਂ ਨੂੰ ਸਮਝਣਾ ਬੜਾ ਮੁਸ਼ਕਿਲ ਹੈ ਭਾਵ ਉਸਦੀ ਉੱਚੀ ਅਵਸਥਾ ਬਾਰੇ ਕੋਈ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਇਸ ਬਾਰੇ ਤਾਂ ਉਸ ਵਰਗਾ ਕੋਈ ਬ੍ਰਹਮ ਗਿਆਨੀ ਹੋਵੇ ਉਹੀ ਉਸਦੇ ਗੁਣਾਂ ਬਾਰੇ ਜਾਣ ਸਕਦਾ ਹੈ :

ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥
ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥ *(ਅੰਗ ੨੭੩)*

ਬ੍ਰਹਮ ਗਿਆਨੀ ਦੇ ਦਰਸ਼ਨ ਕੀਤਿਆਂ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ ਪ੍ਰੰਤੂ ਇਸ ਸੰਸਾਰ ਵਿਚ ਵਿਰਲੇ ਮਨੁੱਖ ਹੀ ਹਨ ਜੋ ਹਉਮੈ ਮਾਰ ਕੇ ਬ੍ਰਹਮ ਨਾਲ ਜੁੜਦੇ ਹਨ। ਰਾਗੁ ਗੂਜਰੀ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ :

ਇਸੁ ਜੁਗ ਮਹਿ ਕੋ ਵਿਰਲਾ ਬ੍ਰਹਮ ਗਿਆਨੀ
ਜਿ ਹਉਮੈ ਮੇਟਿ ਸਮਾਏ ॥
ਨਾਨਕ ਤਿਸ ਨੋ ਮਿਲਿਆ ਸਦਾ ਸੁਖੁ ਪਾਈਐ
ਜਿ ਅਨਦਿਨੁ ਹਰਿ ਨਾਮੁ ਧਿਆਏ ॥ *(ਅੰਗ ੫੧੨)*

ਬ੍ਰਹਮ ਗਿਆਨੀ ਹਰਖ ਸੋਗ, ਸੁਖ-ਦੁੱਖ ਤੋਂ ਉੱਪਰ ਹੁੰਦੇ ਹਨ। ਜਦੋਂ ਮਨ ਤੇ ਨਾਮ ਦੀ ਲੇਪ ਚੜ੍ਹੀ ਹੋਵੇ ਤਾਂ ਦੁਨਿਆਵੀ ਖਾਹਸ਼ਾਂ ਮਨ ਤੇ ਅਸਰ ਨਹੀਂ ਕਰ ਸਕਦੀਆਂ। ਇਥੋਂ ਤੱਕ ਕਿ ਦੁੱਖ ਦਾ ਅਹਿਸਾਸ ਹੀ ਨਹੀਂ ਹੁੰਦਾ। ਸਮੁੱਚੇ ਜਗਤ ਜਲੰਦੇ ਨੂੰ ਠਾਰਨ ਲਈ ਅਤੇ ਮਨੁੱਖਤਾ ਦੀ ਪੀੜਾ ਅਤੇ ਦੁੱਖਾਂ ਨੂੰ ਵੰਡਾਉਣ ਲਈ, ਗੁਰੂ ਅਰਜਨ ਦੇਵ ਜੀ, ਸੁਰਖ ਤੱਤੀ ਤਵੀ ਤੇ ਬੈਠ ਕੇ ਵੀ ਸ਼ਾਂਤ ਤੇ ਅਡੋਲ ਰਹੇ। ਸੀਸ ਤੇ ਸੜਦੀ ਰੇਤ ਦੇ ਕੜਛੇ ਪੈ ਰਹੇ ਹਨ ਪ੍ਰੰਤੂ ਸਤਿਗੁਰਾਂ ਦੀ ਸੁਰਤੀ ਪ੍ਰਭੂ ਨਾਲ ਜੁੜੀ ਹੋਈ ਹੈ। ਮਨ ਵਿਚੋਂ ਅਲਾਹੀ ਨਾਦ ਗੂੰਜ ਰਿਹਾ ਹੈ :

ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥
(ਰਾਗੁ ਆਸਾ, ਅੰਗ ੩੯੪)

ਬ੍ਰਹਮ ਗਿਆਨੀ ਦਾ ਸਾਰਿਆਂ ਦੇ ਸਿਰਾਂ ਤੇ ਹੱਥ ਹੁੰਦਾ ਹੈ। ਉਹ ਕਦੀ ਮਰਦਾ ਨਹੀਂ। ਉਪਕਾਰਾਂ ਕਰਕੇ ਉਹ ਸਾਰਿਆਂ ਦੇ ਮਨਾਂ ਅੰਦਰ ਜੀਉਂਦਾ ਰਹਿੰਦਾ ਹੈ। ਉਹ ਮੁਕਤੀ ਦਾ ਦਾਤਾ ਹੈ ਅਤੇ ਦੂਜਿਆਂ ਨੂੰ ਮੁਕਤੀ ਦਾ ਮਾਰਗ ਦਰਸਾਉਣ ਵਾਲਾ ਪੂਰਨ ਮਨੁੱਖ :

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥ *(ਅੰਗ ੨੭੩)*

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਬ੍ਰਹਮ ਗਿਆਨ ਦੀ ਪ੍ਰਾਪਤੀ ਕਿਵੇਂ ਹੋਵੇ ? ਇਸ ਸਬੰਧੀ ਪੰਚਮ ਗੁਰਦੇਵ ਸੋਧ ਬਖ਼ਸ਼ਿਸ਼ ਕਰ ਰਹੇ ਹਨ ਕਿ ਗੁਰਬਾਣੀ, ਜਿਸ ਵਿਚ ਕੇਵਲ ਪਰਮਾਤਮਾ ਦੀ ਸਿਫਤ-ਸਾਲਾਹ ਕੀਤੀ ਜਾਂਦੀ ਹੈ ਉਸ ਵਿਚ ਦਰਸਾਏ ਗਏ ਮਾਰਗ ਤੇ ਚੱਲ ਕੇ ਅਤੇ ਸਤਿਸੰਗਤ ਵਿਚ ਮਿਲ ਬੈਠਣ ਨਾਲ ਬ੍ਰਹਮ ਦੇ ਭੇਦਾਂ ਦੀ ਸੋਝੀ ਪੈਂਦੀ ਹੈ :

ਪੋਥੀ ਪਰਮੇਸਰ ਕਾ ਥਾਨੁ ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥

(ਰਾਗੁ ਸਾਰਗ, ਅੰਗ ੧੨੨੬)

ਪੋਥੀ ਤੋਂ ਭਾਵ ਹੈ ਉਹ ਗ੍ਰੰਥ ਜਿਸ ਵਿਚ ਅਕਾਲ ਪੁਰਖ ਦੇ ਗੁਣ ਗਾਏ ਹੋਣ। ਸ੍ਰੀ ਹਰਿਮੰਦਰ ਸਾਹਿਬ ਵਿਚ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਹੋਇਆ ਤਾਂ ਇਸ ਨੂੰ ਪੋਥੀ ਸਾਹਿਬ ਆਖ ਕੇ ਸਤਿਕਾਰਿਆ ਗਿਆ।

ਭਗਤ ਕਬੀਰ ਜੀ ਦਾ ਕਥਨ ਹੈ ਕਿ ਮਨੁੱਖ ਨੂੰ ਜਦੋਂ ਪਰਮਾਤਮਾ ਦੇ ਭੇਦਾਂ ਦੀ ਸਮਝ ਪੈ ਜਾਂਦੀ ਹੈ ਤਾਂ ਉਸ ਦਾ ਮਨ ਠੰਢਾ-ਠਾਰ ਤੇ ਸ਼ਾਂਤ ਹੋ ਜਾਂਦਾ ਹੈ :

ਕਬੀਰ ਮਨੁ ਸੀਤਲੁ ਭਇਆ ਪਾਇਆ ਬ੍ਰਹਮ ਗਿਆਨੁ ॥

(ਸਲੋਕ ਨੰਬਰ ੧੭੫, ਅੰਗ ੧੩੭੩)

ਪਰਮਾਤਮਾ ਦੇ ਭੇਦਾਂ ਦੀ ਸੋਝੀ ਪੈਣ ਨਾਲ ਜਦੋਂ ਮਨ ਅੰਦਰ ਸ਼ਾਂਤੀ ਆ ਵੱਸਦੀ ਹੈ ਫਿਰ ਹਰਖ-ਸੋਗ, ਦੁੱਖ-ਸੁਖ, ਮਾਨ-ਅਪਮਾਨ ਸਭ ਇਕ ਸਮਾਨ ਜਾਪਦੇ ਹਨ ਅਤੇ ਪ੍ਰਾਣੀ ਦੁਨਿਆਵੀ ਕਾਰ-ਵਿਹਾਰ ਕਰਦਾ ਹੋਇਆ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ :

ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ ੧ ॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥ ੨ ॥

(ਰਾਗੁ ਸੋਰਠਿ ਮਹਲਾ ੯, ਅੰਗ ੬੩੩)

ਰਾਗੁ ਗਉੜੀ ਪੂਰਬੀ ਵਿਚ ਗੁਰੂ ਅਰਜਨ ਦੇਵ ਜੀ ਦੇ ਬੜੇ ਅਨਮੋਲ ਬਚਨ ਹਨ ਕਿ ਜਿੱਥੇ ਇਸ ਜਗਤ ਦੇ ਲੋਕ ਵਿਕਾਰਾਂ ਵਿਚ ਫਸ ਕੇ ਭਰਮ-ਭੁਲੇਖਿਆਂ ਵਿਚ ਗ੍ਰਸੇ ਰਹਿੰਦੇ ਹਨ ਉੱਥੇ ਬ੍ਰਹਮ ਗਿਆਨੀ ਸੰਸਾਰ-ਰੂਪੀ ਭਵ-ਸਾਗਰ ਤੋਂ ਤਰ ਕੇ ਪਾਰ ਲੰਘ ਜਾਂਦਾ ਹੈ :

ਇਹੁ ਸੰਸਾਰੁ ਬਿਕਾਰੁ ਸਹਸੇ ਮਹਿ ਤਰਿਓ ਬ੍ਰਹਮ ਗਿਆਨੀ ॥

(ਅੰਗ ੧੩ (ਸੋਹਿਲਾ) ਅਤੇ ਅੰਗ ੨੦੫)

ਬ੍ਰਹਮ ਗਿਆਨੀ ਦੀ ਹੋਰ ਕਿਸੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ :

ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੭੪)

Red Cross, W.H.O, social securities

11

ਪਰਉਪਕਾਰ (ALTRUISM)

Benefacience, helping others, philanthropy

ਪਰਉਪਕਾਰ ਸ਼ਬਦ ਦੋ ਅੱਖਰਾਂ—ਪਰ ਅਤੇ ਉਪਕਾਰ ਦਾ ਸੁਮੇਲ ਹੈ। ਪਰ ਦਾ ਅਰਥ ਹੈ ਦੂਜਾ ਅਤੇ ਉਪਕਾਰ ਤੋਂ ਭਾਵ ਹੈ ਭਲਾਈ, ਨੇਕੀ, ਸਹਾਇਤਾ, ਮਿਹਰਬਾਨੀ ਆਦਿ। ਬਿਨਾਂ ਕਿਸੀ ਸੁਆਰਥ ਦੇ ਗਰੀਬਾਂ, ਅਨਾਥਾਂ ਜਾਂ ਲੋੜਵੰਦਾਂ ਦੇ ਕੰਮ ਆਉਣਾ ਅਤੇ ਬਿਨਾਂ ਕਿਸੇ ਭਿੰਨ-ਭੇਦ ਦੇ ਉਨ੍ਹਾਂ ਦਾ ਭਲਾ ਜਾਂ ਸਹਾਇਤਾ ਕਰਨੀ ਪਰਉਪਕਾਰ ਹੈ। ਭੁੱਲੇ, ਭਟਕੇ ਅਤੇ ਕੁਰਾਹੇ ਪਏ ਹੋਇਆਂ ਨੂੰ ਸੱਚ ਦੇ ਮਾਰਗ ਤੇ ਚੱਲਣ ਲਈ ਪ੍ਰੇਰਨਾ, ਉਨ੍ਹਾਂ ਤੇ ਬਹੁਤ ਵੱਡਾ ਉਪਕਾਰ ਕਰਨ ਦੇ ਤੁੱਲ ਹੈ।

ਸਭ ਤੋਂ ਵੱਡਾ ਪਰਉਪਕਾਰੀ ਤਾਂ ਪਰਮਾਤਮਾ ਆਪ ਹੈ ਜਿਸਦੀ ਕਿਰਪਾ ਨਾਲ ਮਨੁੱਖਾ ਜੀਵਨ ਮਿਲਿਆ ਹੈ। ਇਥੋਂ ਤੱਕ ਕਿ ਗੁਣ-ਹੀਣਾਂ ਨੂੰ ਵੀ ਉਹ ਦਾਤਾਂ ਬਖ਼ਸ਼ਦਾ ਹੈ:

ਪਰਉਪਕਾਰੀ ਸਰਬ ਸਧਾਰੀ ਸਫਲ ਦਰਸਨ ਸਹਜਇਆ ॥
ਕਹੁ ਨਾਨਕ ਨਿਰਗੁਣ ਕਉ ਦਾਤਾ ਚਰਣ ਕਮਲ ਉਰ ਧਰਿਆ ॥ 2182

(ਰਾਗੁ ਦੇਵਗੰਧਾਰੀ ਮਹਲਾ ੫, ਅੰਗ ੫੩੩)

ਅਥਵਾ :

ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ੍ ਸਦਾ ਸਦਾ ਉਪਕਾਰੇ ॥

(ਰਾਗੁ ਸੂਹੀ ਮਹਲਾ ੫, ਅੰਗ ੭੩੮)

ਭਾਵ ਉਹ ਮਾਲਕ ਪ੍ਰਭੂ ਸਭ ਨੂੰ ਦਾਤਾਂ ਦੇਣ ਵਾਲਾ ਹੈ। ਅਸੀਂ ਤਾਂ ਉਸਦੇ ਦਰ ਤੇ ਮੰਗਤੇ ਹਾਂ। ਉਹ ਸਦਾ ਸਾਡੇ ਤੇ ਮਿਹਰਬਾਨੀ ਕਰਦਾ ਹੈ।

ਜਿਨ੍ਹਾਂ ਦੇ ਹਿਰਦੇ ਅੰਦਰ ਅਜਿਹਾ ਪ੍ਰਭੂ ਵੱਸਦਾ ਹੈ ਉਹ ਭਲੇ ਪੁਰਖ ਸਦਾ ਉਪਕਾਰ ਦੀਆਂ ਗੱਲਾਂ ਹੀ ਕਰਦੇ ਹਨ। ਦੂਜਿਆਂ ਦੇ ਭਲੇ ਲਈ ਹੀ ਕਾਮਨਾ ਕਰਦੇ ਹਨ। ਅਜਿਹੇ ਪਰਉਪਕਾਰੀਆਂ ਦੀ ਜੀਭਾ ਦਾ ਮੁੱਲ ਪਾਇਆ ਨਹੀਂ ਜਾ ਸਕਦਾ :

ਹਰਿ ਗੁਨ ਗਾਵਤ ਪਰਉਪਕਾਰ ਨਿਤ ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ ॥

(ਰਾਗੁ ਬਿਲਾਵਲੁ ਮਹਲਾ ੫, ਅੰਗ ੮੨੪)

ਮਾਲਕ ਪ੍ਰਭੂ ਦੇ ਹੁਕਮ ਵਿਚ ਰਹਿ ਕੇ ਪਰਉਪਕਾਰ ਕਮਾਉਣ ਵਾਲੇ ਦਾ ਜੀਵਨ ਬੜਾ ਪਵਿੱਤਰ ਹੋ ਜਾਂਦਾ ਹੈ। ਫਿਰ ਉਹ ਮੁੱਖ ਤੋਂ ਸਦਾ ਪਵਿੱਤਰ ਬਚਨ ਹੀ ਬੋਲਦੇ ਹਨ ਜਿਸ ਸਦਕਾ ਉਨ੍ਹਾਂ ਦੇ ਮੁਖਾਰਬਿੰਦ 'ਚੋਂ ਨਿਕਲਿਆ ਹਰ ਸ਼ਬਦ ਪਰਉਪਕਾਰ ਅਤੇ ਜੀਵਾਂ ਦੀ ਭਲਾਈ ਹਿਤ ਹੀ ਹੁੰਦਾ ਹੈ। ਗੁਰਵਾਕ ਹੈ :

ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ ॥

(ਰਾਗੁ ਗੂਜਰੀ ਮਹਲਾ ੪, ਅੰਗ ੪੯੩)

ਭਗਤ ਕਬੀਰ ਜੀ ਨੇ ਬੜਾ ਸੁੰਦਰ ਵਿਚਾਰ ਦਿੱਤਾ ਹੈ ਕਿ ਸੰਸਾਰੀ ਜੀਵ ਤਾਂ ਦੁਨਿਆਵੀ ਹੋਰ ਹੋਰ ਧੰਦਿਆਂ ਵਿਚ ਹੀ ਰੁੱਝੇ ਰਹਿੰਦੇ ਹਨ ਪ੍ਰੰਤੂ ਜਿਨ੍ਹਾਂ ਦਾ ਜੀਵਨ

ਪਰਉਪਕਾਰ ਵਾਲਾ ਬਣ ਜਾਂਦਾ ਹੈ ਉਹ ਸਭ ਨੂੰ ਇਹੋ ਸਿਖਿਆ ਦਿੰਦੇ ਹਨ ਕਿ ਸਾਰਿਆਂ ਤੇ ਦਇਆ ਅਤੇ ਸਭ ਨਾਲ ਪਿਆਰ ਕਰੋ :

ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ ॥
ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ ॥

(ਸਲੋਕ ਨੰਬਰ ੨੩੦, ਅੰਗ ੧੩੭੬)

ਤਰਵਰੁ ਤੋਂ ਭਾਵ ਹੈ ਸੁੰਦਰ ਰੁੱਖ, ਪੰਖੀ—ਇਸ ਜਗਤ ਰੁੱਖ ਦੇ ਪੰਛੀ-ਰੂਪੀ ਜੀਵ, ਦਿਸਾਵਰੀ—ਹੋਰ ਹੋਰ ਦਿਸ਼ਾਵਾਂ ਵਿਚ, ਹੋਰ ਹੋਰ ਕੰਮਾਂ ਧੰਦਿਆਂ ਵਿਚ।

ਅਜਿਹੇ ਪ੍ਰਾਣੀ ਜਿਹੜੇ ਸਦਾ ਦੂਜਿਆਂ ਦੀ ਭਲਾਈ ਬਾਰੇ ਸੋਚਦੇ ਹਨ, ਜਿਨ੍ਹਾਂ ਨੂੰ ਪਰਉਪਕਾਰ ਕਰਨ ਦਾ ਸਦਾ ਚਾਓ ਰਹਿੰਦਾ ਹੈ ਉਨ੍ਹਾਂ ਦਾ ਹਿਰਦਾ ਐਨਾ ਪਵਿੱਤਰ ਹੋ ਜਾਂਦਾ ਹੈ ਕਿ ਵਿਕਾਰ ਫਿਰ ਉਨ੍ਹਾਂ ਉੱਤੇ ਕਦੀ ਪ੍ਰਭਾਵ ਨਹੀਂ ਪਾ ਸਕਦੇ। ਫਲਸਰੂਪ ਉਹ ਸਦਾ ਸੁਖੀ ਵੱਸਦੇ ਹਨ। ਗੁਰੂ ਅਰਜਨ ਦੇਵ ਜੀ ਦੇ ਰਾਗੁ ਬਿਲਾਵਲੁ ਵਿਚ ਬਚਨ ਹਨ :

ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥
ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥ *(ਅੰਗ ੮੧੫)*

ਅਜਿਹੇ ਪਰਉਪਕਾਰੀ ਦੇ ਮਨ ਦੀਆਂ ਫਿਰ ਸਾਰੀਆਂ ਲੋਚਾਂ ਪੂਰੀਆਂ ਹੋ ਜਾਂਦੀਆਂ ਹਨ।

ਪ੍ਰੰਤੂ ਅਭਾਗੇ ਮਨੁੱਖ ਮਾਇਆ ਦੇ ਮੋਹ ਵਿਚ ਫਸੇ ਰਹਿੰਦੇ ਹਨ। ਉਨ੍ਹਾਂ ਨੇ ਕਿਸੇ ਦਾ ਭਲਾ ਤਾਂ ਕੀ ਕਰਨਾ ਹੁੰਦਾ ਹੈ ਉਹ ਤਾਂ ਆਪ ਵਿਕਾਰਾਂ ਵਿਚ ਗ੍ਰਸੇ ਰਹਿੰਦੇ ਹਨ। ਮਾਇਆ ਹੀ ਉਨ੍ਹਾਂ ਲਈ ਸਭ ਕੁਝ ਹੈ। ਸਦਾ ਇਸ ਵਿਚ ਹੀ ਮਸਤ ਰਹਿੰਦੇ ਹਨ :

ਪਰਉਪਕਾਰ ਨ ਕਬਹੂ ਕੀਏ ਨਹੀ ਸਤਿਗੁਰੁ ਸੇਵਿ ਧਿਆਇਓ ॥
ਪੰਚ ਦੂਤ ਰਚਿ ਸੰਗਤਿ ਗੋਸਟਿ ਮਤਵਾਰੋ ਮਦ ਮਾਇਓ ॥

(ਰਾਗੁ ਟੋਡੀ ਮਹਲਾ ੫, ਅੰਗ ੭੧੨)

ਸੂਹੀ ਕੀ ਵਾਰ ਮਹਲਾ ੩ ਵਿਚ ਗੁਰੂ ਅੰਗਦ ਦੇਵ ਜੀ ਦਾ ਸਲੋਕ ਅੰਕਤ ਹੈ

ਜਿਸ ਵਿਚ ਆਪ ਜੀ ਦਾ ਫ਼ਰਮਾਨ ਹੈ ਕਿ ਜੋ ਪ੍ਰਾਣੀ ਬੱਧੀ ਚੱਟੀ ਭਾਵ ਮਜਬੂਰੀ ਵਿਚ ਮਨ ਤੇ ਬੋਝ ਪਾ ਕੇ ਪਰਉਪਕਾਰ ਕਰਦਾ ਹੈ ਉਸਦਾ ਉਸ ਨੂੰ ਨਾ ਆਪਣੇ ਆਪ ਨੂੰ ਕੋਈ ਲਾਭ ਹੁੰਦਾ ਹੈ ਅਤੇ ਨਾ ਹੀ ਕਿਸੇ ਦੂਜੇ ਦਾ ਭਲਾ ਹੁੰਦਾ ਹੈ। ਇਹ ਨਿਰੀ ਵਿਗਾਰ ਕੱਟਣ ਵਾਲੀ ਗੱਲ ਹੈ। ਖਿੜੇ ਮੱਥੇ ਕਿਸੇ ਦਾ ਭਲਾ ਕੀਤਾ ਜਾਵੇ ਤਾਂ ਹੀ ਕੰਮ ਸਿਰੇ ਚੜ੍ਹਦੇ ਹਨ ਭਾਵ ਖੁਸ਼ੀ ਨਾਲ ਕੋਈ ਕਾਰਜ ਕੀਤਿਆਂ ਹੀ ਦੂਜੇ ਦਾ ਕੁਝ ਸੰਵਾਰਿਆ ਜਾ ਸਕਦਾ ਹੈ :

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥
ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥ *(ਅੰਗ ੭੮੭)*

ਜੋ ਹਰ ਇਕ ਦਾ ਭਲਾ ਕਰਦੇ ਹਨ ਅਤੇ ਦੂਜਿਆਂ ਨੂੰ ਪਰਉਪਕਾਰ ਕਰਨ ਲਈ ਪ੍ਰੇਰਦੇ ਹਨ ਉਹ ਧੰਨ ਹਨ। ਉਨ੍ਹਾਂ ਦੀ ਵਡਿਆਈ ਜਾਂ ਮਹਿਮਾ ਕਥੀ ਨਹੀਂ ਜਾ ਸਕਦੀ। ਗੁਰੂ ਰਾਮਦਾਸ ਜੀ ਨੇ ਅਜਿਹੇ ਵਿਅਕਤੀਆਂ ਨੂੰ ਇਸ ਪ੍ਰਕਾਰ ਸਲਾਹਿਆ ਹੈ :

ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ॥

(ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੧੧)

ਗੁਰਬਾਣੀ ਵਿਚ ਪਰਉਪਕਾਰ ਨਾ ਕਰਨ ਵਾਲਿਆਂ ਨੂੰ ਮਿਥਿਆ ਕਰਕੇ ਗਰਦਾਨਿਆ ਗਿਆ ਹੈ ਭਾਵ ਅਜਿਹੇ ਪ੍ਰਾਣੀਆਂ ਦੀ ਕੋਈ ਹੋਂਦ ਜਾਂ ਵਜੂਦ ਨਹੀਂ ਹੁੰਦਾ। ਉਹ ਸੰਸਾਰ ਵਿਚ ਮਨੁੱਖਾ ਜੂਨ ਵਿਚ ਆਏ ਜਿਹੇ ਨਾ ਆਏ। ਗੁਰਵਾਕ ਹੈ :

ਮਿਥਿਆ ਤਨ ਨਹੀ ਪਰਉਪਕਾਰਾ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੬੯)

ਭਗਤ ਕਬੀਰ ਜੀ ਦਾ ਰਾਗੁ ਗੋਂਡ ਵਿਚ ਫ਼ਰਮਾਨ ਹੈ ਕਿ ਜੋ ਲੋਕ ਸੁਆਰਥੀ ਤੇ ਖ਼ੁਦਗਰਜ਼ ਹਨ, ਕਿਸੇ ਦਾ ਕੁਝ ਨਹੀਂ ਸੰਵਾਰਦੇ, ਕਦੇ ਕਿਸੇ ਦਾ ਭਲਾ ਨਹੀਂ ਕਰਦੇ, ਉਨ੍ਹਾਂ ਨਾਲੋਂ ਤਾਂ ਪਸ਼ੂ ਹੀ ਚੰਗੇ ਹਨ ਜੋ ਮਰਨ ਉਪਰੰਤ ਵੀ ਮਨੁੱਖ ਦੇ ਕਿੰਨੇ ਕੰਮ ਸੰਵਾਰਦੇ ਹਨ :

ਨਰੂ ਮਰੈ ਨਰੁ ਕਾਮਿ ਨ ਆਵੈ॥
ਪਸੂ ਮਰੈ ਦਸ ਕਾਜ ਸਵਾਰੈ॥ *(ਅੰਗ ੮੭੦)*

ਪਸ਼ੂਆਂ ਦੀਆਂ ਖੱਲਾਂ, ਚਰਬੀ, ਹੱਡੀਆਂ ਆਦਿ ਤੋਂ ਮਨੁੱਖ ਕਈ ਪ੍ਰਕਾਰ ਦੇ ਵਪਾਰਕ ਧੰਦੇ ਕਰਦੇ ਹਨ।

ਵਿੱਦਿਆ ਇਕ ਅਮੋਲਕ ਧਨ ਹੈ ਜਿਸ ਨਾਲ ਮਨੁੱਖ ਅੰਦਰੋਂ ਅਗਿਆਨਤਾ ਦਾ ਹਨੇਰਾ ਦੂਰ ਹੁੰਦਾ ਹੈ। ਰਾਗੁ ਆਸਾ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ ਕਿ ਵਿਦਿਆ ਗ੍ਰਹਿਣ ਕਰਨ ਨਾਲ ਜਿਨ੍ਹਾਂ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋਇਆ ਹੈ, ਉਹ ਪਰਉਪਕਾਰੀ ਹਨ ਕਿਉਂਕਿ ਪਰਉਪਕਾਰੀ ਦਾ ਕੰਮ ਹੀ ਗਿਆਨ ਪ੍ਰਾਪਤ ਕਰਕੇ ਦੂਜਿਆਂ ਵਿਚ ਵੰਡਣਾ ਹੈ :

ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ *(ਅੰਗ ੩੫੬)*

ਇਸੇ ਪ੍ਰਕਾਰ ਮਾਇਆ ਦਾ ਮੋਹ ਤਿਆਗ ਕੇ ਜੋ ਪ੍ਰਭੂ ਦਾ ਸਿਮਰਨ ਕਰਦੇ ਹਨ ਉਹ ਪਰਉਪਕਾਰੀ ਹਨ :

ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ॥
ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੬੩)

ਇਸੇ ਤਰ੍ਹਾਂ ਪ੍ਰਭੂ ਦੇ ਸੇਵਕ-ਜਨ ਜੋ ਹੋਰਨਾਂ ਨੂੰ ਪਰਮਾਤਮਾ ਦੇ ਨਾਮ ਨੂੰ ਮਨ ਵਿਚ ਵਸਾਉਣ ਲਈ ਪ੍ਰੇਰਦੇ ਹਨ ਉਹ ਸਾਡੇ ਔਗੁਣਾਂ ਨੂੰ ਦੂਰ ਕਰਕੇ ਸਾਡੇ ਤੇ ਪਰਉਪਕਾਰ ਕਰਦੇ ਹਨ :

ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ॥
ਅਉਗਣ ਸਭ ਮਿਟਾਇ ਕੈ ਪਰਉਪਕਾਰੁ ਕਰੇਇ॥

(ਰਾਗੁ ਗਉੜੀ ਮਹਲਾ ੫, ਅੰਗ ੨੧੮)

ਭਲੇ ਪੁਰਖਾਂ ਭਾਵ ਮੋਹ-ਮਾਇਆ ਤੋਂ ਨਿਰਲੇਪ, ਸੰਤ ਜਨਾਂ ਦੀ ਸੰਗਤ ਕੀਤਿਆਂ ਮਨੁੱਖ ਅੰਦਰ ਪਰਉਪਕਾਰ ਕਰਨ ਦੀ ਉਮੰਗ ਪੈਦਾ ਹੁੰਦੀ ਹੈ। ਪੂਰੇ ਤੇ ਸੱਚੇ ਸੰਤ ਜਨਾਂ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਉਹ ਜੋ ਵੀ ਬਚਨ ਕਰਦੇ ਹਨ ਉਹ ਲੋਕਾਂ ਦੀ

ਭਲਾਈ ਲਈ ਹੁੰਦੇ ਹਨ। ਜਿਵੇਂ ਪਾਣੀ ਵਿਚ ਕਮਲ ਦੇ ਫੁੱਲ ਖਿੜਦੇ ਹਨ, ਇਸੇ ਤਰ੍ਹਾਂ ਪੂਰਨ ਸੰਤ ਜਨਾਂ ਨੂੰ ਮਿਲ ਕੇ ਮਨੁੱਖੀ ਜੀਅੜਾ ਖਿੜਾਓ ਵਿਚ ਆਉਂਦਾ ਹੈ।

ਗੁਰਵਾਕ ਹੈ :

ਸੰਤਨ ਸੰਤ ਸਾਧ ਮਿਲਿ ਰਹੀਐ ਗੁਣ ਬੋਲਹਿ ਪਰਉਪਕਾਰੇ॥
ਸੰਤੈ ਸੰਤੁ ਮਿਲੈ ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ॥

(ਰਾਗੁ ਨਟ ਨਾਰਾਇਨ ਮਹਲਾ ੪, ਅੰਗ ੯੮੩)

ਰਾਗੁ ਟੋਡੀ ਵਿਚ ਗੁਰੂ ਅਰਜਨ ਦੇਵ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਅਸਲ ਮਾਰਗ ਤੋਂ ਖੁੰਝ ਕੇ ਪ੍ਰਾਣੀ ਆਪਣੇ ਮਨ ਨੂੰ ਨਾਸ਼ਵੰਤ ਜਗਤ ਵਿਚ ਜੋੜੀ ਰੱਖਦੇ ਹਨ ਅਜਿਹੇ ਮਾਇਆ ਵੇੜੇ ਮਨੁੱਖਾਂ ਨੇ ਦੂਜਿਆਂ ਦੀ ਭਲਾਈ ਜਾਂ ਸੇਵਾ ਕੀ ਕਰਨੀ ਹੈ?

ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ॥
ਪਰਉਪਕਾਰ ਨ ਕਬਹੂ ਕੀਏ ਨਹੀ ਸਤਿਗੁਰੁ ਸੇਵਿ ਧਿਆਇਓ॥

(ਅੰਗ ੭੧੨)

ਦੂਜੇ ਬੰਨੇ ਜਿਸ ਪ੍ਰਾਣੀ ਨੂੰ ਅਕਾਲ ਪੁਰਖ ਦੇ ਗੁੱਝੇ ਭੇਦਾਂ ਦਾ ਗਿਆਨ ਹੁੰਦਾ ਹੈ ਅਜਿਹੇ ਬ੍ਰਹਮਗਿਆਨੀ ਦੇ ਮਨ ਅੰਦਰ ਗ਼ਰੀਬੀ ਟਿਕੀ ਰਹਿੰਦੀ ਹੈ ਅਤੇ ਉਸ ਨੂੰ ਦੂਜਿਆਂ ਦੀ ਭਲਾਈ ਕਰਨ ਦਾ ਚਾਅ ਚੜ੍ਹਿਆ ਰਹਿੰਦਾ ਹੈ :

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੭੩)

ਦੂਜਿਆਂ ਤੇ ਭਲਾਈ ਕਰਨ ਵਾਲੇ ਅਜਿਹੇ ਸੇਵਕ ਜਨ ਜਨਮ-ਮਰਨ ਦੇ ਗੇੜ ਵਿਚ ਨਹੀਂ ਪੈਂਦੇ। ਉਹ ਤਾਂ ਇਸ ਜਗਤ ਵਿਚ ਦੂਜਿਆਂ ਦਾ ਭਲਾ ਕਰਨ ਲਈ ਹੀ ਆਉਂਦੇ ਹਨ ਅਤੇ ਜੀਵਾਂ ਨੂੰ ਆਤਮਿਕ ਜੀਵਨ ਦੇ ਕੇ ਪ੍ਰਭੂ ਭਗਤੀ ਵਿਚ ਜੋੜ ਕੇ ਪਰਮਾਤਮਾ ਨਾਲ ਮਿਲਾ ਦਿੰਦੇ ਹਨ :

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥

(ਰਾਗੁ ਸੂਹੀ ਮਹਲਾ ੫, ਅੰਗ ੭੪੯)

ਸਿੱਖ ਇਤਿਹਾਸ ਪਰਉਪਕਾਰ ਅਤੇ ਮਾਨਵੀ ਗੁਣਾਂ ਨਾਲ ਭਰਪੂਰ ਹੈ। ਇਸਦਾ ਕੋਈ ਪੰਨਾ ਪਰਤ ਕੇ ਦੇਖ ਲਓ, ਪਰਉਪਕਾਰ ਅਤੇ ਦਇਆ ਮੋਟੇ ਅੱਖਰਾਂ ਵਿਚ ਉਕਰੇ ਹੋਏ ਹਨ ਪੁੱਤ੍ਰ ਦੇਸ਼ ਅਤੇ ਕੌਮ ਤੇ ਸਰਬੰਸ ਨਿਛਾਵਰ ਕਰਕੇ ਇਹ ਕਹਿਣਾ :

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।
ਚਾਰ ਮੂਏ ਤੌ ਕਿਆ ਹੂਆ ਜੀਵਤ ਕਈ ਹਜ਼ਾਰ।

ਸੰਸਾਰ ਦੇ ਇਤਿਹਾਸ ਵਿਚ ਪਰਉਪਕਾਰ ਦਾ ਇਹ ਸਿਖ਼ਰ ਹੈ।

(12)

ਸਿਮਰਨ

ਗੁਰਮਤਿ ਵਿਚ ਸਿਮਰਨ ਤੋਂ ਭਾਵ ਹੈ ਪਰਮਾਤਮਾ ਨੂੰ ਯਾਦ ਕਰਨਾ, ਉਸਦੇ ਨਾਮ ਨੂੰ ਮਨ ਵਿਚ ਵਸਾਉਣਾ, ਉਸਦੇ ਨਾਮ ਦਾ ਜਾਪ ਕਰਨਾ ਆਦਿ। ਸਿਮਰਨ ਸੰਸਕ੍ਰਿਤ ਦੇ ਅੱਖਰ ਸਮਰਣ ਤੋਂ ਬਣਿਆ ਹੈ ਜਿਸ ਤੋਂ ਭਾਵ ਹੈ ਯਾਦ ਕਰਨਾ, ਚੇਤੇ ਕਰਨਾ ਜਾਂ ਚਿਤਨ ਕਰਨਾ। ਵਿਛੋੜੇ ਵਿਚ ਹੀ ਕਿਸੇ ਨੂੰ ਯਾਦ ਕੀਤਾ ਜਾਂਦਾ ਹੈ। ਜਿੰਨੀ ਕਿਸੇ ਨੂੰ ਮਿਲਣ ਦੀ ਤਾਂਘ ਵਧੇਰੇ ਹੋਵੇਗੀ ਉੱਨਾ ਹੀ ਉਹ ਬਹੁਤਾ ਯਾਦ ਆਉਂਦਾ ਹੈ।

ਜੀਵ ਜਦੋਂ ਸੰਸਾਰ ਵਿਚ ਆਉਂਦਾ ਹੈ ਤਾਂ ਪਰਿਵਾਰਕ ਮੋਹ ਅਤੇ ਮਾਇਕ ਪਦਾਰਥਾਂ ਦੀਆਂ ਰੰਗ-ਰਲੀਆਂ ਵਿਚ ਗ਼ਲਤਾਨ ਹੋ ਜਾਂਦਾ ਹੈ ਜਿਸ ਨਾਲ ਜੀਵ ਅਤੇ ਪਰਮਾਤਮਾ ਵਿਚਕਾਰ ਵਿੱਥ ਪੈਣੀ ਸ਼ੁਰੂ ਹੋ ਜਾਂਦੀ ਹੈ। ਹੌਲੀ-ਹੌਲੀ ਇਹ ਵਿੱਥ ਐਨੀ ਵੱਧ ਜਾਂਦੀ ਹੈ ਕਿ ਮਨੁੱਖ ਪ੍ਰਭੂ ਨੂੰ ਵਿਸਾਰ ਕੇ ਮਨ-ਮਾਨੀਆਂ ਤੇ ਆਪ ਹੁਦਰੀਆਂ ਕਰਨ ਲੱਗ ਪੈਂਦਾ ਹੈ ਅਤੇ ਭੁੱਲ ਜਾਂਦਾ ਹੈ ਕਿ 'ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ'॥ ਜੀਵ ਆਪਣੇ ਮੁੱਖ ਉਦੇਸ਼ ਭਾਵ ਪਰਮਾਤਮਾ ਨੂੰ ਭੁੱਲ ਜਾਂਦਾ ਹੈ ਜਿਸ ਨੂੰ ਉਸ ਨੇ ਮਾਂ ਦੇ ਪੇਟ ਵਿਚ ਹੁਣ ਤੱਕ ਯਾਦ ਰੱਖਿਆ ਸੀ :

ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ॥

(ਰਾਗੁ ਸੋਰਠਿ ਮਹਲਾ ੫, ਅੰਗ ੬੧੩)

ਗੁਰੂ ਅਰਜਨ ਦੇਵ ਜੀ ਦਾ ਰਾਗੁ ਆਸਾ ਵਿਚ ਫ਼ਰਮਾਨ ਹੈ ਕਿ ਮਨੁੱਖਾ ਜਨਮ ਮਿਲਿਆ ਹੀ ਇਸ ਕਰਕੇ ਹੈ ਤਾਂ ਕਿ ਜੀਵ ਪਰਮਾਤਮਾ ਦੇ ਨਾਮ ਦਾ ਸਿਮਰਨ ਕਰ ਕੇ ਆਪਣੇ ਅਸਲੇ ਵਿਚ ਅਭੇਦ ਹੋ ਸਕੇ :

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ *(ਅੰਗ ੩੭੮)*

ਸਿਮਰਨ ਨੂੰ ਮਨੁੱਖੀ ਜੀਵਨ ਵਿਚ ਬੜਾ ਉੱਤਮ ਤੇ ਸ੍ਰੇਸ਼ਟ ਸਥਾਨ ਪ੍ਰਾਪਤ ਹੈ। ਇਸ ਸਮਾਨ ਸੰਸਾਰ ਵਿਚ ਕੋਈ ਹੋਰ ਵਸਤੂ ਨਹੀਂ :

ਪ੍ਰਭ ਕਾ ਸਿਮਰਨੁ ਸਭ ਤੇ ਊਚਾ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੬੩)

ਰਾਗੁ ਗਉੜੀ ਸੁਖਮਨੀ ਵਿਚ ਪੰਚਮ ਗੁਰਦੇਵ ਨੇ ਪਹਿਲੀ ਪੂਰੀ ਦੀ ਪੂਰੀ ਅਸਟਪਦੀ ਸਿਮਰਨ ਦੀ ਵਡਿਆਈ ਤੇ ਉਚਾਰੀ ਹੈ ਜਿਸਦਾ ਸਾਰਾਂਸ਼ ਇਸ ਪ੍ਰਕਾਰ ਹੈ :

ਸਿਮਰਨ ਕੀਤਿਆਂ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ, ਕਲਹ-ਕਲੇਸ਼ਾਂ ਦਾ ਨਾਸ ਹੁੰਦਾ ਹੈ, ਜੂਨਾਂ ਦੇ ਚੱਕਰ ਭਾਵ ਜਨਮ-ਮਰਨ ਦੇ ਗੇੜ ਤੋਂ ਪ੍ਰਾਣੀ ਬਚਿਆ ਰਹਿੰਦਾ ਹੈ, ਜਮਾਂ

ਦਾ ਡਰ ਨਾਸ ਹੋ ਜਾਂਦਾ ਹੈ, ਜੀਵਨ ਵਿਚ ਕਿਸੇ ਪ੍ਰਕਾਰ ਦੇ ਵਿਘਨ ਨਹੀਂ ਪੈਂਦੇ, ਮਨ ਵਿਚ ਕਿਸੇ ਪ੍ਰਕਾਰ ਦਾ ਡਰ ਨਹੀਂ ਰਹਿੰਦਾ, ਵਿਕਾਰਾਂ ਦਾ ਨਾਸ ਹੋ ਜਾਂਦਾ ਹੈ, ਸਾਰੀਆਂ ਰਿਧੀਆਂ ਸਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ, ਆਤਮ-ਤੀਰਥ ਦਾ ਇਸ਼ਨਾਨ ਹੋ ਜਾਂਦਾ ਹੈ, ਦਰਗਾਹ ਵਿਚ ਮਾਣ ਤੇ ਸਤਿਕਾਰ ਮਿਲਦਾ ਹੈ, ਮਨ ਦੀ ਮੈਲ ਧੋਤੀ ਜਾਂਦੀ ਹੈ। ਹਿਰਦੇ ਵਿਚ ਅੰਮ੍ਰਿਤ-ਨਾਮ ਆ ਵੱਸਦਾ ਹੈ। ਜੋ ਪ੍ਰਭੂ ਨੂੰ ਸਿਮਰਦੇ ਹਨ ਉਹ ਧਨਾਢ, ਪੂਰੇ ਸ਼ਾਹ ਤੇ ਇੱਜ਼ਤ ਵਾਲੇ ਹਨ ਅਤੇ ਉਹ ਕਿਸੇ ਦੇ ਮੁਹਤਾਜ ਨਹੀਂ ਰਹਿੰਦੇ ਸਗੋਂ ਉਹ ਤਾਂ ਸਭਨਾਂ ਦੇ ਬਾਦਸ਼ਾਹ ਹਨ। ਸਿਮਰਨ ਕਰਨ ਵਾਲਾ ਮਨੁੱਖ ਸਦਾ ਪਰਉਪਕਾਰੀ ਹੁੰਦਾ ਹੈ, ਉਸਦਾ ਮਨ ਸਦਾ ਕੌਲ ਫੁੱਲ ਵਾਂਗ ਖਿੜਿਆ ਰਹਿੰਦਾ ਹੈ। ਸਿਮਰਨ ਦੀ ਬਰਕਤ ਨਾਲ ਭਗਤ-ਜਨ ਜਗਤ ਵਿਚ ਸੋਭਾ ਤੇ ਪ੍ਰਸਿੱਧੀ ਖੱਟਦੇ ਹਨ। ਸਿਮਰਨ ਦੁਆਰਾ ਹੀ ਮਨੁੱਖ ਸਿੱਧ ਬਣਦਾ ਹੈ। ਜਿੱਥੇ ਸਿਮਰਨ ਹੈ ਉੱਥੇ ਨਿਰੰਕਾਰ ਆਪ ਵੱਸਦਾ ਹੈ ਆਦਿ ਆਦਿ।

ਇਸ ਅਸਟਪਦੀ ਦੀ ਦੂਜੀ ਪਉੜੀ ਇਸ ਪ੍ਰਕਾਰ ਹੈ :

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥
ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥
ਸਰਬ ਨਿਧਾਨ ਨਾਨਕ ਹਰਿ ਰੰਗਿ ॥ *(ਅੰਗ ੨੬੨)*

ਗਉੜੀ ਕੀ ਵਾਰ ਵਿਚ ਵੀ ਆਪ ਜੀ ਦੇ ਬਚਨ ਹਨ :

ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥
ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥ *(ਅੰਗ ੩੧੮)*

ਰਾਗੁ ਜੈਤਸਰੀ ਵਿਚ ਗੁਰੂ ਰਾਮਦਾਸ ਜੀ ਦਾ ਫ਼ਰਮਾਨ ਹੈ :

ਹਰਿ ਹਰਿ ਸਿਮਰਹੁ ਅਗਮ ਅਪਾਰਾ ॥
ਜਿਸੁ ਸਿਮਰਤ ਦੁਖੁ ਮਿਟੈ ਹਮਾਰਾ ॥ *(ਅੰਗ ੬੯੮)*

ਰਾਗੁ ਗੂਜਰੀ ਵਿਚ ਭਗਤ ਤ੍ਰਿਲੋਚਨ ਜੀ ਦਾ ਬੜਾ ਸੁੰਦਰ ਕਥਨ ਹੈ ਕਿ ਅੰਤਲੇ ਸਮੇਂ ਜੋ ਪ੍ਰਾਣੀ ਰਿਸ਼ਤੇ ਨਾਤਿਆਂ ਅਤੇ ਦੁਨਿਆਵੀ ਪਦਾਰਥਾਂ ਨੂੰ ਭੁਲਾ ਕੇ ਪਰਮਾਤਮਾ ਦਾ ਨਾਮ ਸਿਮਰਦਾ ਹੈ ਉਸਦੇ ਹਿਰਦੇ ਵਿਚ ਪ੍ਰਭੂ ਆ ਵੱਸਦਾ ਹੈ ਅਤੇ ਉਸਦੀ ਮੁਕਤੀ ਹੋ ਜਾਂਦੀ ਹੈ :

ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥
(ਅੰਗ ੫੨੬)

ਪ੍ਰੰਤੂ ਸਿਮਰਨ ਦੀ ਦਾਤ ਉਸ ਨੂੰ ਹੀ ਮਿਲਦੀ ਹੈ ਜਿਸ ਤੇ ਪ੍ਰਭੂ ਦੀ ਮਿਹਰ ਹੁੰਦੀ ਹੈ। ਗੁਰਵਾਕ ਹੈ :

ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥

(ਰਾਮਕਲੀ ਕੀ ਵਾਰ ਮਹਲਾ ੩, ਅੰਗ ੯੪੭)

ਅਥਵਾ :

ਸਦਾ ਸਦਾ ਸਿਮਰਿ ਦਿਨੁ ਰਾਤਿ॥
ਊਠਤ ਬੈਠਤ ਸਾਸਿ ਗਿਰਾਸਿ॥
ਜਾਗੁ ਸੋਇ ਸਿਮਰਨ ਰਸ ਭੋਗ॥
ਹਰਿ ਸਿਮਰਨੁ ਪਾਈਐ ਸੰਜੋਗ॥

(ਰਾਗੁ ਰਾਮਕਲੀ ਭਗਤ ਕਬੀਰ ਜੀਉ, ਅੰਗ ੯੭੧)

ਭਾਵ ਸਿਮਰਨ ਦੀ ਦਾਤ ਬੜੇ ਭਾਗਾਂ ਨਾਲ ਮਿਲਦੀ ਹੈ। ਇਸ ਲਈ ਹਰ ਵੇਲੇ ਦਿਨ-ਰਾਤ, ਉਠਦਿਆਂ-ਬੈਠਦਿਆਂ, ਖਾਂਦਿਆਂ-ਪੀਂਦਿਆਂ, ਸਾਹ ਲੈਂਦਿਆਂ, ਜਾਗਦਿਆਂ-ਸੌਂਦਿਆਂ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ।

ਦੂਜੇ ਬੰਨੇ ਜਿਹੜੇ ਸਿਮਰਨ ਨਹੀਂ ਕਰਦੇ ਪਰਮਾਤਮਾ ਨਾਲੋਂ ਟੁੱਟੇ ਹੋਣ ਕਰਕੇ, ਆਤਮਿਕ ਮੌਤ ਸਹੇੜ ਲੈਂਦੇ ਹਨ ਉਨ੍ਹਾਂ ਦੀ ਨਾ ਫਿਰ ਕੋਈ ਕੁਲ ਉੱਚੀ ਰਹਿ ਜਾਂਦੀ ਹੈ ਅਤੇ ਨਾ ਹੀ ਉੱਚੀ ਜਾਤੀ। ਗੁਰਵਾਕ ਹੈ :

ਬਿਨੁ ਸਿਮਰਨ ਹੈ ਆਤਮ ਘਾਤੀ॥
ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ॥

(ਰਾਗੁ ਗਉੜੀ ਮਹਲਾ ੫, ਅੰਗ ੨੩੯)

ਅਥਵਾ :

ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ॥

(ਰਾਗੁ ਮਾਰੂ ਕਬੀਰ ਜੀ, ਅੰਗ ੧੧੦੬)

ਅੰਮ੍ਰਿਤ ਵੇਲੇ ਮਨ ਇਕਾਗਰਤਾ ਵਿਚ ਜੁੜਦਾ ਹੈ। ਇਸ ਲਈ ਅੰਮ੍ਰਿਤ ਵੇਲੇ ਸਿਮਰਨ ਕਰਨ ਲਈ ਪ੍ਰੇਰਨਾ ਕੀਤੀ ਗਈ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥

(ਗਉੜੀ ਕੀ ਵਾਰ ਮਹਲਾ ੪, ਅੰਗ ੩੦੫)

ਪ੍ਰੰਤੂ ਜੋ ਹਰ ਵੇਲੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਹਨ ਉਹ ਗੁਰਸਿੱਖ ਗੁਰੂ ਨੂੰ ਚੰਗੇ ਲਗਦੇ ਹਨ :

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥ *(ਅੰਗ ੩੦੫-੦੬)*

ਸਿਮਰਨ ਕਰਨ ਦੇ ਵੱਖ-ਵੱਖ ਪੜਾਅ ਹਨ। ਵਾਹਿਗੁਰੂ ਦੇ ਨਾਮ ਦਾ ਜੀਭ ਨਾਲ ਜਾਪ ਕਰਨਾ ਸਿਮਰਨ ਦਾ ਪਹਿਲਾ ਪੜਾਅ ਹੈ। ਇੱਥੇ ਬਹੁਤ ਵਾਰੀ ਮਨ ਦੀ ਬਿਰਤੀ ਪ੍ਰਭੂ ਨਾਲ ਨਹੀਂ ਜੁੜਦੀ। ਪੰਖੇਰੂ ਮਨ ਇਧਰ ਉਧਰ ਭਟਕਦਾ ਰਹਿੰਦਾ ਹੈ, ਟਿਕਾਉ ਵਿਚ

ਨਹੀਂ ਆਉਂਦਾ ਪ੍ਰੰਤੂ ਜਦੋਂ ਮਾਲਕ ਪ੍ਰਭੂ ਦੇ ਨਾਮ ਨੂੰ ਵਾਰ ਵਾਰ ਜਪੀਏ ਅਤੇ ਲਗਾਤਾਰ ਵਾਹਿਗੁਰੂ ਵਾਹਿਗੁਰੂ ਜਪਦੇ ਜਾਈਏ ਤਾਂ ਨਾਮ ਰਸ ਹੌਲੀ-ਹੌਲੀ ਕੰਠ ਦੇ ਥੱਲੇ ਉੱਤਰ ਆਉਂਦਾ ਹੈ। ਹੁਣ ਮਨ ਟਿਕਾਉ ਵਿਚ ਆਉਣਾ ਸ਼ੁਰੂ ਹੋ ਜਾਂਦਾ ਹੈ। ਧੁਨੀ ਰੂਹ ਨਾਲ ਮਿਲ ਕੇ ਮੱਧਮ ਪੈ ਜਾਂਦੀ ਹੈ ਅਤੇ ਨਾਮ ਰਸ ਨਾਭੀ ਤੱਕ ਪੁੱਜ ਜਾਂਦਾ ਹੈ। ਹੁਣ ਮਨ ਸਹਿਜ ਅਵਸਥਾ ਵਿਚ ਅੱਪੜ ਜਾਂਦਾ ਹੈ। ਰੋਮ ਰੋਮ ਅਤੇ ਸੁਆਸ-ਸੁਆਸ ਵਿਚ ਪ੍ਰਭੂ ਆ ਵੱਸਦਾ ਹੈ। ਸਿਮਰਨ ਦਾ ਇਹ ਤੀਜਾ ਤੇ ਆਖ਼ਰੀ ਪੜਾਅ ਹੈ। ਰਾਗੁ ਸਾਰਗ ਕੀ ਵਾਰ ਵਿਚ ਗੁਰੂ ਰਾਮਦਾਸ ਜੀ ਦੇ ਬਚਨ ਹਨ :

ਰੋਮਿ ਰੋਮਿ ਹਰਿ ਉਚਰੈ ਖਿਨੁ ਖਿਨੁ ਹਰਿ ਸੋਈ॥
ਗੁਰਮੁਖਿ ਜਨਮੁ ਸਕਾਰਥਾ ਨਿਰਮਲੁ ਮਲੁ ਖੋਈ॥ *(ਅੰਗ ੧੨੪੭)*

ਇਸ ਨੂੰ ਅਜਪਾ ਜਾਪ ਵੀ ਕਹਿੰਦੇ ਹਨ। ਪ੍ਰਾਣੀ ਜਿਉਂ-ਜਿਉਂ ਪ੍ਰਭੂ ਦੇ ਗੁਣਾਂ ਨੂੰ ਵਿਚਾਰਦਾ ਹੈ ਮਨ ਦੇ ਸਾਰੇ ਫੁਰਨੇ ਮਨ ਵਿਚ ਹੀ ਖਤਮ ਹੋ ਜਾਂਦੇ ਹਨ। ਮਨ ਕਿਸੇ ਹੋਰ ਪਾਸੇ ਨਹੀਂ ਜਾਂਦਾ। ਹਿਰਦਾ-ਘਰ ਨਾਮ-ਅੰਮ੍ਰਿਤ ਨਾਲ ਭਰਪੂਰ ਹੋ ਜਾਂਦਾ ਹੈ। ਪ੍ਰਭੂ ਮਨ ਵਿਚ ਆ ਵੱਸਦਾ ਹੈ ਅਤੇ ਜੀਭ ਹਿਲਾਉਣ ਤੋਂ ਬਿਨਾਂ ਹੀ ਸਿਮਰਨ ਹੁੰਦਾ ਰਹਿੰਦਾ ਹੈ :

ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ॥
ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥

(ਰਾਗੁ ਮਲਾਰ ਕੀ ਵਾਰ ਮਹਲਾ ੧, ਅੰਗ ੧੨੯੧)

ਅਜਪਾ ਜਾਪ ਤੋਂ ਅਰਥ ਹੈ ਚਿੱਤ-ਬਿਰਤੀ ਦੁਆਰਾ ਕੀਤਾ ਜਾਪ।

ਇੰਜ ਜਿਸਨੇ ਅਕਾਲ ਪੁਰਖ ਦਾ ਨਾਮ ਸਿਮਰ ਸਿਮਰ ਕੇ ਆਤਮਿਕ ਅਨੰਦ ਨੂੰ ਮਾਣਿਆ ਹੈ ਉਸਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਦੁੱਖ ਉਸ ਨੂੰ ਫਿਰ ਪੋਹ ਨਹੀਂ ਸਕਦੇ :

ਸਿਮਰਿ ਸਿਮਰਿ ਨਾਨਕ ਸੁਖੁ ਪਾਇਆ॥
ਆਠ ਪਹਰ ਤੇਰੇ ਗੁਣ ਗਾਇਆ॥
ਸਗਲ ਮਨੋਰਥ ਪੂਰਨ ਹੋਏ ਕਦੇ ਨ ਹੋਇ ਦੁਖਾਲਾ ਜੀਉ॥

(ਰਾਗੁ ਮਾਝ ਮਹਲਾ ੫, ਅੰਗ ੧੦੬)

ਅਥਵਾ :

ਸਿਮਰਨ ਰਾਮ ਕੋ ਇਕੁ ਨਾਮ॥
ਕਲਮਲ ਦਗਧ ਹੋਹਿ ਖਿਨ ਅੰਤਰਿ ਕੋਟਿ ਦਾਨ ਇਸਨਾਨ॥

(ਸਾਰਗ ਮਹਲਾ ੫, ਅੰਗ ੧੨੨੧)

ਭਾਵ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਕ੍ਰੋੜਾਂ ਦਾਨ ਅਤੇ ਤੀਰਥ ਇਸ਼ਨਾਨਾਂ ਦਾ ਫਲ ਪ੍ਰਾਪਤ ਹੁੰਦਾ ਹੈ ਅਤੇ ਸਾਰੇ ਪਾਪ ਇਕ ਪਲ ਵਿਚ ਸੜ ਜਾਂਦੇ ਹਨ।

ਕਲਮਲ ਤੋਂ ਅਰਥ ਹਨ—ਪਾਪ। ਦਗਧ ਹੋਹਿ—ਸੜ ਜਾਂਦੇ ਹਨ।

(13)

ਸਹਿਜ ਅਵਸਥਾ

ਮਨ ਦੀ ਹਰ ਪੱਧਰ ਤੇ ਜੋ ਹਾਲਤ ਹੁੰਦੀ ਹੈ ਉਸ ਨੂੰ ਅਵਸਥਾ ਆਖਦੇ ਹਨ। ਆਮ ਤੌਰ ਤੇ ਮਨੁੱਖੀ ਮਨ ਤਿੰਨ ਵੱਖ-ਵੱਖ ਅਵਸਥਾਵਾਂ ਵਿਚ ਵਿਚਰਦਾ ਹੈ। ਉਹ ਹਨ ਤਮੋ ਗੁਣ, ਰਜੋ ਗੁਣ ਅਤੇ ਸਤੋ ਗੁਣ। ਤਮੋ ਗੁਣ ਭਾਵ ਤਾਮਸ ਗੁਣ ਵਾਲੀ ਅਵਸਥਾ ਵਿਚ ਮਨੁੱਖ ਅਹੰਕਾਰ ਅਤੇ ਹਉਮੈ ਵੱਸ ਹੋ ਕੇ ਅਗਿਆਨਤਾ ਦੇ ਹਨੇਰੇ ਵਿਚ ਟੱਕਰਾਂ ਮਾਰਦਾ ਹੈ ਭਾਵ ਮਨ ਹਰ ਵੇਲੇ ਭਟਕਦਾ ਰਹਿੰਦਾ ਹੈ। ਸੁਖ ਲਈ ਦੁਨਿਆਵੀ ਖ਼ਾਹਿਸ਼ਾਂ ਜਾਂ ਲਾਲਸਾਵਾਂ ਦੇ ਵੇਗ ਵਿਚ ਗ੍ਰਸੇ ਰਹਿਣਾ ਰਜੋ ਗੁਣ ਅਖਵਾਉਂਦਾ ਹੈ। ਇਸ ਤੋਂ ਅੱਗੇ ਸਤੋ ਗੁਣ ਹੈ ਜਦੋਂ ਮਨੁੱਖ ਸੰਸਾਰਕ ਝਮੇਲਿਆਂ ਤੋਂ ਉੱਪਰ ਉੱਠ ਕੇ, ਸ਼ਾਂਤੀ ਪ੍ਰਾਪਤ ਕਰਨ ਲਈ ਆਪਣੀ ਲਿਵ ਨੂੰ ਪ੍ਰਭੂ ਵਿਚ ਜੋੜਦਾ ਹੈ। ਇਨ੍ਹਾਂ ਤਿੰਨਾਂ ਤੋਂ ਉੱਪਰ ਚੌਥੀ ਅਵਸਥਾ ਹੈ ਜਿਸ ਨੂੰ ਸਹਿਜ ਅਵਸਥਾ ਦਾ ਨਾਮ ਦਿੱਤਾ ਗਿਆ ਹੈ :

ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ॥

(ਸਿਰੀਰਾਗੁ ਮਹਲਾ ੩, ਅੰਗ ੬੮)

ਇਸ ਪ੍ਰਕਾਰ ਸਹਿਜ ਅਵਸਥਾ ਮਨ ਦੀ ਪੂਰੇ ਟਿਕਾਉ ਵਾਲੀ ਅਵਸਥਾ ਹੈ ਜਦੋਂ ਸਾਰੇ ਰੋਗ, ਚਿੰਤਾਵਾਂ ਤੇ ਲਾਲਸਾਵਾਂ ਖ਼ਤਮ ਹੋ ਜਾਂਦੀਆਂ ਹਨ ਤਾਂ ਸਹਿਜ ਸੁਖ ਦੀ ਪ੍ਰਾਪਤੀ ਹੁੰਦੀ ਹੈ :

ਸੂਖ ਸਹਜ ਅਰੁ ਘਨੋ ਅਨੰਦਾ ਗੁਰ ਤੇ ਪਾਇਓ ਨਾਮੁ ਹਰੀ॥

(ਰਾਗੁ ਬਿਲਾਵਲੁ ਮਹਲਾ ੫, ਅੰਗ ੮੨੨)

ਰਾਗੁ ਮਾਝ ਵਿਚ ਸਤਿਗੁਰਾਂ ਦਾ ਫ਼ਰਮਾਨ ਹੈ ਕਿ ਸਹਿਜ ਅਵਸਥਾ ਮਨੁੱਖ ਦੇ ਅੰਤਰ ਆਤਮਾ ਦੀ ਅਵਸਥਾ ਹੈ। ਇਹ ਬਾਹਰਮੁਖੀ ਵਸਤੂ ਨਹੀਂ। ਇਸ ਲਈ ਇਸ ਨੂੰ ਮਾਣਿਆ ਤਾਂ ਜਾ ਸਕਦਾ ਹੈ, ਵਰਨਣ ਨਹੀਂ ਕੀਤਾ ਜਾ ਸਕਦਾ :

ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ॥

(ਅੰਗ ੧੦੬)

ਅਥਵਾ :

ਜਾ ਕੈ ਸਹਜੁ ਭਇਆ ਸੋ ਜਾਣੈ॥
ਨਾਨਕ ਦਾਸੁ ਤਾ ਕੈ ਕੁਰਬਾਣੈ॥

(ਰਾਗੁ ਗਉੜੀ ਮਹਲਾ ੫, ਅੰਗ ੨੩੭)

ਇਸ ਅਵਸਥਾ ਤੇ ਪਹੁੰਚ ਕੇ ਸਤਿਗੁਰੂ ਦੀ ਕਿਰਪਾ ਦ੍ਰਿਸ਼ਟੀ ਦੁਆਰਾ ਮਨੁੱਖ ਦੀ ਸਾਰੀ ਭਟਕਣਾ ਜਾਂਦੀ ਰਹਿੰਦੀ ਹੈ। ਬਿਰਤੀ ਮਾਲਕ-ਪ੍ਰਭੂ ਨਾਲ ਜੁੜ ਜਾਂਦੀ ਹੈ। ਪ੍ਰਾਣੀ ਮੋਹ-ਮਾਇਆ ਅਤੇ ਸਾਰੇ ਵਿਕਾਰਾਂ ਤੋਂ ਨਿਰਲੇਪ ਹੋ ਜਾਂਦਾ ਹੈ। ਮਨ ਅੰਦਰ ਅਨੰਦ ਹੀ ਅਨੰਦ ਆ ਵੱਸਦਾ ਹੈ। ਫਿਰ ਮਨੁੱਖ ਅਤੇ ਪਰਮਾਤਮਾ ਵਿਚਕਾਰ ਕਿਸੇ ਪ੍ਰਕਾਰ ਦੀ ਦੂਰੀ

ਨਹੀਂ ਰਹਿ ਜਾਂਦੀ। ਜੀਵ-ਆਤਮਾ ਅਤੇ ਪਰਮਾਤਮਾ ਇਕ ਰੂਪ ਹੋ ਜਾਂਦੇ ਹਨ ਜਾਂ ਇਜ ਕਹਿ ਲਓ ਕਿ ਪ੍ਰਾਣੀ ਨੂੰ ਪਰਮਪਦ ਦੀ ਪ੍ਰਾਪਤੀ ਹੋ ਜਾਂਦੀ ਹੈ :

ਰਜ ਗੁਣ ਤਮ ਗੁਣ ਸਤ ਗੁਣ ਕਹੀਐ
ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰੁ ਚੀਨੈ
ਤਿਨ੍ ਹੀ ਪਰਮ ਪਦੁ ਪਾਇਆ॥

(ਰਾਗੁ ਕੇਦਾਰਾ ਭਗਤ ਕਬੀਰ ਜੀ, ਅੰਗ ੧੧੨੩)

ਅਥਵਾ :

ਰਜ ਤਮ ਸਤ ਕਲ ਤੇਰੀ ਛਾਇਆ॥
ਜਨਮ ਮਰਣ ਹਉਮੈ ਦੁਖੁ ਪਾਇਆ॥
ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ॥

(ਰਾਗੁ ਮਾਰੂ ਸੋਲਹੇ ਮਹਲਾ ੧, ਅੰਗ ੧੦੩੮)

ਗੁਰਮਤਿ ਵਿਚ ਹੋਰ ਸੁਖਾਂ ਦੇ ਮੁਕਾਬਲੇ 'ਸਹਿਜ ਸੁਖ' ਜਾਂ 'ਸਹਿਜ ਅਨੰਦ' ਨੂੰ ਹੀ ਅਸਲੀ ਸੁਖ ਜਾਂ ਖੇੜਾ ਮੰਨਿਆ ਗਿਆ ਹੈ ਜਿਸ ਨਾਲ ਮਨ ਦੇ ਸਾਰੇ ਦੁੱਖ, ਰੋਗ ਅਤੇ ਸੰਸੇ ਦੂਰ ਹੋ ਜਾਂਦੇ ਹਨ ਅਤੇ ਫਿਰ ਕਿਸੇ ਪ੍ਰਕਾਰ ਦੀ ਲਾਲਸਾ ਨਹੀਂ ਰਹਿ ਜਾਂਦੀ। ਪਰ ਇਹ ਸਭ ਕੁਝ ਹੁੰਦਾ ਨਾਮ ਦੀ ਬਰਕਤ ਨਾਲ ਹੀ ਹੈ :

ਦੂਖ ਭੂਖ ਸੰਸਾ ਮਿਟਿਆ ਗਾਵਤ ਪ੍ਰਭ ਨਾਮ॥
ਸਹਜ ਸੂਖ ਆਨੰਦ ਰਸ ਪੂਰਨ ਸਭਿ ਕਾਮ॥

(ਰਾਗੁ ਬਿਲਾਵਲੁ ਮਹਲਾ ੫, ਅੰਗ ੮੧੯)

ਅਥਵਾ :

ਸੁਖ ਸਹਜ ਆਨੰਦਾ॥
ਪ੍ਰਭੁ ਮਿਲਿਓ ਮਨਿ ਭਾਵੰਦਾ॥

(ਰਾਗੁ ਸੋਰਠਿ ਮਹਲਾ ੫, ਅੰਗ ੬੨੨)

ਆਪ ਜੀ ਦੇ ਰਾਗੁ ਸੋਰਠਿ ਵਿਚ ਹੀ ਇਕ ਹੋਰ ਬਚਨ ਹਨ :

ਪਰਮੇਸਰੁ ਆਪਿ ਹੋਆ ਰਖਵਾਲਾ॥
ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦਾ ਸੁਖਾਲਾ॥

(ਅੰਗ ੬੨੨)

ਅਥਵਾ :

ਰਸਨਾ ਗੁਣ ਗੋਪਾਲ ਨਿਧਿ ਗਾਇਣ॥
ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ॥

(ਰਾਗੁ ਟੋਡੀ ਮਹਲਾ ੫, ਅੰਗ ੭੧੩-੭੧੪)

ਭਾਵ ਸੁਖਾਂ ਦੇ ਖ਼ਜ਼ਾਨੇ ਪ੍ਰਭੂ ਦੀ ਸਿਫਤ ਸਾਲਾਹ ਕੀਤਿਆਂ ਮਨ ਨੂੰ ਸ਼ਾਂਤੀ ਮਿਲਦੀ ਹੈ, ਸਹਿਜ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਾਰੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ।

ਸਹਿਜ ਅਵਸਥਾ ਨੂੰ ਤੁਰੀਆ ਅਵਸਥਾ ਵੀ ਕਿਹਾ ਜਾਂਦਾ ਹੈ :

ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ॥

(ਰਾਗੁ ਗਉੜੀ ਥਿਤੀ ਮਹਲਾ ੫, ਅੰਗ ੨੯੭)

ਅਥਵਾ :

ਤੀਨਿ ਅਵਸਥਾ ਕਹਹਿ ਵਖਿਆਨੁ॥
ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ॥

(ਰਾਗੁ ਗਉੜੀ ਮਹਲਾ ੧, ਅੰਗ ੧੫੪)

ਇਸ ਚੌਥੀ ਅਵਸਥਾ ਵਿਚ ਪੁੱਜ ਕੇ ਪ੍ਰਾਣੀ ਬ੍ਰਹਮਗਿਆਨੀ ਹੋ ਨਿਬੜਦਾ ਹੈ। ਗੁਰੂ ਅਰਜਨ ਦੇਵ ਜੀ ਦੇ ਰਾਗੁ ਗਉੜੀ ਸੁਖਮਨੀ ਵਿਚ ਬਚਨ ਹਨ :

ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ॥
ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥
ਬ੍ਰਹਮ ਗਿਆਨੀ ਸੁਖ ਸਹਜ ਨਿਵਾਸ॥
ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ॥ *(ਅੰਗ ੨੭੩)*

ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਸਹਿਜ ਅਵਸਥਾ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ? ਮਨ ਨੂੰ ਤਾਂ ਜਨਮਾਂ-ਜਨਮਾਤਰਾਂ ਤੋਂ ਮੈਲ ਲੱਗੀ ਹੋਈ ਹੈ। ਰਾਗੁ ਸੋਰਠਿ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ :

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥

(ਅੰਗ ੬੫੧)

ਇਸ ਸਬੰਧੀ ਪੰਚਮ ਗੁਰਦੇਵ ਜੀ ਦਾ ਬੜਾ ਸੁੰਦਰ ਫ਼ਰਮਾਨ ਹੈ ਕਿ ਪੂਰੇ ਸੰਤ-ਜਨਾਂ ਦੇ ਪੈਰੀਂ ਲੱਗਿਆਂ, ਉਨ੍ਹਾਂ ਦੀ ਚਰਨ-ਧੂੜ ਵਿਚ ਇਸ਼ਨਾਨ ਕੀਤਿਆਂ ਇਹ ਮੈਲ ਧੁਪ ਜਾਂਦੀ ਹੈ :

ਸੰਤ ਰੇਨੁ ਨਿਤਿ ਮਜਨੁ ਕਰੈ॥
ਜਨਮ ਜਨਮ ਕੇ ਕਿਲਬਿਖ ਹਰੈ॥

(ਰਾਗੁ ਕਾਨੜਾ, ਅੰਗ ੧੩੦੦)

ਜਦੋਂ ਸਤਿਗੁਰੂ ਜੀ ਨੇ ਨਾਮ ਦੀ ਦਾਤ ਬਖ਼ਸ਼ੀ ਤਾਂ ਪ੍ਰਭੂ ਨਾਲ ਅਜਿਹਾ ਪ੍ਰੇਮ ਪਿਆ ਕਿ ਮੋਹ-ਮਾਇਆ ਦੇ ਸਾਰੇ ਬੰਧਨ ਟੁੱਟ ਗਏ। ਹਉਮੈ ਅਤੇ ਲੋਕ-ਲਾਜ ਸਭ ਜਾਂਦੀ ਰਹੀ। ਮਨ ਵਿਚੋਂ ਸਾਰੇ ਵਿਕਾਰਾਂ ਦਾ ਨਾਸ ਹੋ ਗਿਆ ਅਤੇ ਵੈਰੀ ਮਿੱਤਰ ਇਕ ਸਮਾਨ ਲੱਗਣ ਲੱਗ ਪਏ। ਫਿਰ ਮਨ ਅਜਿਹੀ ਅਵਸਥਾ ਵਿਚ ਟਿਕਿਆ, ਅਜਿਹੇ ਆਤਮ ਰਸ ਦਾ ਸੁਆਦ ਆਇਆ ਕਿ ਹਿਰਦੇ ਘਰ ਵਿਚ ਅਨੰਦ ਹੀ ਅਨੰਦ ਪੈਦਾ ਹੋ ਗਿਆ :

ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ॥
ਦੁਰਜਨ ਮਾਰੇ ਵੈਰੀ ਸੰਘਾਰੇ
ਸਤਿਗੁਰਿ ਮੋ ਕਉ ਹਰਿ ਨਾਮੁ ਦਿਵਾਇਆ॥ ੧॥ ਰਹਾਉ॥
ਪ੍ਰਥਮੇ ਤਿਆਗੀ ਹਉਮੈ ਪ੍ਰੀਤਿ॥
ਦੁਤੀਆ ਤਿਆਗੀ ਲੋਗਾ ਰੀਤਿ॥
ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ॥
ਤੁਰੀਆ ਗੁਣੁ ਮਿਲਿ ਸਾਧ ਪਛਾਨੇ॥ ੨॥

ਸਹਜ ਗੁਫਾ ਮਹਿ ਆਸਣੁ ਬਾਧਿਆ॥
ਜੋਤਿ ਸਰੂਪ ਅਨਾਹਦੁ ਵਾਜਿਆ॥
ਮਹਾ ਅਨੰਦੁ ਗੁਰ ਸਬਦੁ ਵੀਚਾਰਿ॥
ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ॥ ੩॥

(ਰਾਗੁ ਆਸਾ ਮਹਲਾ ੫, ਅੰਗ ੩੭੦)

ਅਜਿਹੇ ਪੜਾਅ ਤੇ ਪੁੱਜ ਕੇ ਫਿਰ ਪ੍ਰਾਣੀ ਅੰਮ੍ਰਿਤ-ਮਈ ਸ਼ਬਦ ਨੂੰ ਮਨ ਵਿਚ ਵਸਾ ਕੇ ਆਪਣੇ ਅੰਦਰੋਂ ਹਉਮੈ ਨੂੰ ਮਾਰ ਕੇ ਆਤਮਿਕ ਜੀਵਨ ਦੇਣ ਵਾਲੇ ਨਾਮ-ਰਸ ਨੂੰ ਹਰ ਵੇਲੇ ਮਾਣਦਾ ਹੈ। ਫਿਰ ਉਸ ਤੇ ਜਦੋਂ ਪ੍ਰਭੂ ਦੀ ਕਿਰਪਾ ਹੁੰਦੀ ਹੈ ਤਾਂ ਮਨੁੱਖ ਹਰ ਵੇਲੇ ਆਤਮਿਕ ਅਨੰਦ ਵਿਚ ਵਿਚਰਦਾ ਹੈ ਤੇ ਲਿਵ ਸਦਾ ਪ੍ਰਭੂ ਨਾਲ ਜੁੜੀ ਰਹਿੰਦੀ ਹੈ ਅਤੇ ਜੀਵ ਸੱਚੇ ਨਾਮ ਵਿਚ ਰੰਗਿਆ ਰਹਿੰਦਾ ਹੈ। ਰਾਗੁ ਆਸਾ ਵਿਚ ਗੁਰੂ ਅਮਰਦਾਸ ਜੀ ਦਾ ਫ਼ਰਮਾਨ ਹੈ :

ਅੰਮ੍ਰਿਤੁ ਮੀਠਾ ਸਬਦੁ ਵੀਚਾਰਿ॥
ਅਨਦਿਨੁ ਭੋਗੇ ਹਉਮੈ ਮਾਰਿ॥
ਸਹਜਿ ਅਨੰਦਿ ਕਿਰਪਾ ਧਾਰਿ॥
ਨਾਮਿ ਰਤੇ ਸਦਾ ਸਚਿ ਪਿਆਰਿ॥ *(ਅੰਗ ੪੨੪)*

ਗੁਰੂ ਅਰਜਨ ਦੇਵ ਜੀ ਦੇ ਰਾਗੁ ਮਾਝ ਵਿਚ ਬਚਨ ਹਨ ਕਿ ਮਾਲਕ ਪ੍ਰਭੂ ਦੇ ਹੁਕਮ ਅਤੇ ਭਾਣੇ ਵਿਚ ਚੱਲਣ ਨਾਲ ਮਨ ਅੰਦਰ ਸੰਤੋਖ ਅਤੇ ਸਹਿਜ ਅਵਸਥਾ ਉਪਜਦੀ ਹੈ ਜਿਸ ਨਾਲ ਸਾਰੀਆਂ ਤ੍ਰਿਸ਼ਨਾਵਾਂ ਖਤਮ ਹੋ ਜਾਂਦੀਆਂ ਹਨ ਅਤੇ ਲਿਵ ਪਰਮਾਤਮਾ ਵਿਚ ਜੁੜ ਜਾਂਦੀ ਹੈ :

ਪ੍ਰਭ ਮਿਲਣੈ ਕੀ ਏਹ ਨੀਸਾਣੀ॥
ਮਨਿ ਇਕੋ ਸਚਾ ਹੁਕਮੁ ਪਛਾਣੀ॥
ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ॥

(ਅੰਗ ੧੦੬)

ਆਪ ਜੀ ਨੇ ਮਨੁੱਖੀ ਜੀਵਨ ਵਿਚ ਉਸ ਘੜੀ ਜਾਂ ਸਮੇਂ ਨੂੰ ਸੁਲੱਖਣਾ ਜਾਂ ਸ਼ੁਭ ਆਖਿਆ ਹੈ ਜਦੋਂ ਪਰਮਾਤਮਾ ਵਿਚ ਲੀਨ ਹੋ ਕੇ ਮਨ ਸਹਿਜ ਅਵਸਥਾ ਵਿਚ ਵਿਚਰਦਾ ਹੈ :

ਭਲੋ ਸਮੂਰਤੁ ਪੂਰਾ॥
ਸਾਂਤਿ ਸਹਜ ਆਨੰਦ ਨਾਮੁ ਜਪਿ ਵਾਜੇ ਅਨਹਦ ਤੂਰਾ॥

(ਰਾਗੁ ਸੋਰਠਿ, ਅੰਗ ੬੧੮)

ਅਜਿਹੇ ਪ੍ਰਾਣੀ ਕੇਵਲ ਆਪ ਹੀ ਅਨੰਦ ਨਹੀਂ ਮਾਣਦੇ ਸਗੋਂ ਦੂਜਿਆਂ ਦਾ ਵੀ ਪਾਰ ਉਤਾਰਾ ਕਰ ਦਿੰਦੇ ਹਨ, ਉਨ੍ਹਾਂ ਨੂੰ ਵੀ ਭਵ-ਸਾਗਰ ਤੋਂ ਪਾਰ ਲੰਘਾ ਦਿੰਦੇ ਹਨ :

ਮਨਿ ਤਨਿ ਰਾਮ ਨਾਮ ਹਿਤਕਾਰੇ॥
ਸੂਖ ਸਹਜ ਆਨੰਦ ਮੰਗਲ ਸਹਿਤ ਭਵ ਨਿਧਿ ਪਾਰਿ ਉਤਾਰੇ॥

(ਰਾਗੁ ਧਨਾਸਰੀ ਮਹਲਾ ੫, ਅੰਗ ੬੮੦)

(14)

ਸਤਿ ਸੰਗਤ

ਗੁਰਮਤਿ ਵਿਚ ਸਤਿ ਸੰਗਤ ਦੀ ਬਹੁਤ ਵੱਡੀ ਮਹਾਨਤਾ ਹੈ। ਸਤਿ ਸੰਗਤ ਤੋਂ ਭਾਵ ਹੈ ਸੱਚਿਆਂ ਦੀ ਸੰਗਤ। ਭਲੇ ਲੋਕਾਂ ਦੀ ਸੰਗਤ, ਗੁਰਮੁਖਾਂ ਦੀ ਸੰਗਤ, ਅਜਿਹੀ ਸਭਾ ਜਿੱਥੇ ਕੇਵਲ ਪ੍ਰਭੂ ਦੇ ਸੱਚੇ ਨਾਮ ਦੀ ਹੀ ਵਿਚਾਰ ਹੁੰਦੀ ਹੋਵੇ। ਇਸ ਸਬੰਧ ਵਿਚ ਸਿਰੀ ਰਾਗੁ ਵਿਚ ਗੁਰੂ ਨਾਨਕ ਦੇਵ ਜੀ ਦੇ ਬੜੇ ਸੁੰਦਰ ਬਚਨ ਹਨ। ਸਤਿਗੁਰੂ ਜੀ ਸਤਿ ਸੰਗਤ ਦੀ ਸੋਭਾ ਬਾਰੇ ਪਹਿਲਾਂ ਆਪ ਹੀ ਪ੍ਰਸ਼ਨ ਕਰ ਰਹੇ ਹਨ ਅਤੇ ਫਿਰ ਆਪ ਹੀ ਇਸਦਾ ਉੱਤਰ ਦੇ ਰਹੇ ਹਨ :

ਸਤਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥ *(ਅੰਗ ੭੨)*

ਅਜਿਹੀ ਸਤਿ ਸੰਗਤ ਕਰਨ ਨਾਲ ਪ੍ਰਾਣੀ ਦਾ ਆਪਣਾ ਮਨ ਨਾਮ-ਸਿਮਰਨ, ਸੇਵਾ ਆਦਿ ਵਿਚ ਲਗਦਾ ਹੈ। ਇਸ ਪ੍ਰਕਾਰ ਧਰਮ ਦੇ ਮਾਰਗ ਉੱਤੇ ਚਲਦਾ ਹੋਇਆ ਜੀਵ ਆਪਣੇ ਔਗੁਣਾਂ ਨੂੰ ਧੋ ਕੇ ਗੁਣਾਂ ਨੂੰ ਗ੍ਰਹਿਣ ਕਰਕੇ ਉੱਚੇ ਆਦਰਸ਼ਾਂ ਵਾਲਾ ਬਣ ਜਾਂਦਾ ਹੈ। ਗੁਰਵਾਕ ਹੈ :

ਊਤਮ ਸੰਗਤਿ ਊਤਮੁ ਹੋਵੈ ॥
ਗੁਣ ਕਉ ਧਾਵੈ ਅਵਗਣ ਧੋਵੈ ॥

(ਰਾਗੁ ਆਸਾ ਮਹਲਾ ੧, ਅੰਗ ੪੧੪)

ਇੰਜ ਰੱਬ ਦੇ ਪਿਆਰਿਆਂ ਨਾਲ ਜੁੜ ਬੈਠਣ ਨਾਲ ਹਿਰਦਾ ਸ਼ੁੱਧ ਹੋ ਜਾਂਦਾ ਹੈ। ਮਨ ਦੀ ਹਉਮੈ ਰੂਪੀ ਮੈਲ ਧੁਲ ਜਾਂਦੀ ਹੈ। ਦੂਈ ਦਵੈਤ ਨੂੰ ਛੱਡ ਕੇ, ਪ੍ਰਾਣੀ ਦੀ ਬਿਰਤੀ ਪ੍ਰਭੂ ਚਰਨਾਂ ਨਾਲ ਜੁੜ ਜਾਂਦੀ ਹੈ :

ਸਤਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ ॥
ਨਾਨਕ ਸੁਖਾ ਸਬਦੁ ਸਲਾਹਿ ਸਚੁ ਪਛਾਣੀਐ ॥

ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥

(ਰਾਗੁ ਮਲਾਰ ਕੀ ਵਾਰ ਮਹਲਾ ੧, ਅੰਗ ੧੨੮੦)

ਅਥਵਾ :

ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ
ਜਿਉ ਰੰਗੁ ਮਜੀਠ ਬਹੁ ਲਾਗਾ ॥
ਕਾਇਆ ਕਾਪਰੁ ਚੀਰ ਬਹੁ ਫਾਰੇ
ਹਰਿ ਰੰਗੁ ਨ ਲਹੈ ਸਭਾਗਾ ॥

(ਰਾਗੁ ਮਾਲੀ ਗਉੜਾ ਮਹਲਾ ੪, ਅੰਗ ੯੮੫)

ਭਾਵ ਸਤਿ ਸੰਗਤ ਕੀਤਿਆਂ ਗੁਰੂ ਨਾਲ ਪੱਕਾ ਪਿਆਰ ਪੈ ਜਾਂਦਾ ਹੈ। ਇਹ ਪਿਆਰ

ਸਾਧਸੰਗਤਿ ਸਚੁ ਧਾਮ ਹੈ ਸਬਦ ਸੁਰਤਿ ਗੁਰਮਤਿ ਸਮਾਇ ॥ (ਭਾਈ ਗੁਰਦਾਸ ਜੀ)

ਮਜੀਠ ਦੇ ਰੰਗ ਵਾਂਗ ਅਜਿਹਾ ਪੱਕਾ ਹੁੰਦਾ ਹੈ ਕਿ ਸਰੀਰ-ਰੂਪੀ ਕੱਪੜਾ ਭਾਵੇਂ ਨਾਸ ਹੋ ਜਾਂਦਾ ਹੈ ਪਰ ਹਰੀ ਨਾਮ ਦਾ ਚੜ੍ਹਿਆ ਸੁਭਾਗਾ ਰੰਗ ਕਦੀ ਫਿੱਕਾ ਨਹੀਂ ਪੈਂਦਾ।

ਗੁਰੂ ਰਾਮਦਾਸ ਜੀ ਦੇ ਰਾਗੁ ਮਾਝ ਵਿਚ ਬਚਨ ਹਨ ਕਿ ਸਤਿ ਸੰਗਤ ਵਿਚ ਜੁੜ ਕੇ ਪਰਮਾਤਮਾ ਦੀ ਸਿਫ਼ਤ-ਸਾਲਾਹ ਕਰਨ ਨਾਲ ਭਵ-ਸਾਗਰ ਤੋਂ ਪਾਰ ਲੰਘ ਜਾਈਦਾ ਹੈ।

ਮਿਲਿ ਸਤਸੰਗਤਿ ਹਰਿ ਗੁਣ ਗਾਏ
ਜਗੁ ਭਉਜਲੁ ਦੁਤਰੁ ਤਰੀਐ ਜੀਉ ॥ *(ਅੰਗ ੯੫)*

ਆਪ ਜੀ ਨੇ ਰਾਗੁ ਆਸਾ ਛੰਤ ਵਿਚ ਸਤਿ ਸੰਗਤ ਨੂੰ ਹਰੀ ਨਾਮ ਦੇ ਰਸ ਨਾਲ ਰਸੀ ਹੋਈ ਕਰਕੇ ਸਲਾਹਿਆ ਹੈ। ਪ੍ਰਾਣੀ ਹਰੀ-ਰਸ ਮਾਣ ਕੇ ਸਦਾ ਖਿੜਾਓ ਵਿਚ ਰਹਿੰਦਾ ਹੈ ਅਤੇ ਪਰਮਾਤਮਾ ਤੋਂ ਬਿਨਾਂ ਫਿਰ ਉਸ ਨੂੰ ਹੋਰ ਕੋਈ ਦਿਖਾਈ ਨਹੀਂ ਦਿੰਦਾ :

ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ
ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥
ਹਰਿ ਹਰਿ ਆਰਾਧਿਆ ਗੁਰ ਸਬਦਿ ਵਿਗਾਸਿਆ
ਬੀਜਾ ਅਵਰੁ ਨ ਕੋਇ ਜੀਉ ॥ *(ਅੰਗ ੪੪੬)*

ਗੁਰੂ ਨਾਨਕ ਦੇਵ ਜੀ ਦਾ ਰਾਗੁ ਗੂਜਰੀ ਵਿਚ ਕਥਨ ਹੈ ਕਿ ਜਿਵੇਂ ਪਾਰਸ ਨੂੰ ਛੋਹ ਕੇ ਲੋਹਾ ਸੋਨਾ ਹੋ ਜਾਂਦਾ ਹੈ। ਇਸੇ ਤਰ੍ਹਾਂ ਸਤਿ ਸੰਗਤ ਵਿਚ ਜੁੜਨ ਨਾਲ ਪ੍ਰਾਣੀ ਆਪ ਵੀ ਉਹੋ ਜਿਹਾ ਬਣ ਜਾਂਦਾ ਹੈ :

ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ ॥
(ਅੰਗ ੫੦੫)

ਅਥਵਾ :

ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥
ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥
(ਰਾਗੁ ਆਸਾ ਭਗਤ ਕਬੀਰ ਜੀ, ਅੰਗ ੪੮੧)

ਜਗਤ ਵਿਚ ਤ੍ਰੈਗੁਣੀ ਮਾਇਆ ਭਾਵ ਤਮੋ ਗੁਣ, ਰਜੋ ਗੁਣ ਅਤੇ ਸਤੋ ਗੁਣ ਦੇ ਪ੍ਰਭਾਵ ਹੇਠ ਸਾਰੇ ਜੀਵ ਫਸੇ ਹੋਏ ਹਨ ਪ੍ਰੰਤੂ ਸਤਿ ਸੰਗਤ ਦੁਆਰਾ ਪ੍ਰਾਣੀ ਇਨ੍ਹਾਂ ਤਿੰਨਾਂ ਤੋਂ ਛੁਟਕਾਰਾ ਪਾ ਕੇ ਤੁਰੀਆ ਗੁਣ ਅਰਥਾਤ ਸਹਿਜ ਅਵਸਥਾ ਵਿਚ ਵਿਚਰਦਾ ਹੈ ਜਿਸ ਸਦਕਾ ਪਰਮਾਤਮਾ ਦੀ ਅਜਿਹੇ ਜੀਵ ਤੇ ਮਿਹਰ ਹੁੰਦੀ ਹੈ ਅਤੇ ਉਸਦਾ ਪਾਰ-ਉਤਾਰਾ ਹੋ ਜਾਂਦਾ ਹੈ :

ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ ॥
ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ ॥
(ਰਾਗੁ ਮਲਾਰ ਮਹਲਾ ੩, ਅੰਗ ੧੨੬੦)

ਅਥਵਾ :

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸਿ ਤਰਿਆ ॥
ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥
(ਰਾਗੁ ਗੂਜਰੀ ਮਹਲਾ ੫, ਅੰਗ ੪੯੫)

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥
ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ ॥੬॥ (ਆਸਾ ਮ. ੩)

ਹੋਰ :

ਸਾਧਸੰਗਿ ਹਰਿ ਹਰਿ ਨਾਮੁ ਚਿਤਾਰਾ॥
ਸਹਜਿ ਅਨੰਦੁ ਹੋਵੈ ਦਿਨੁ ਰਾਤੀ ਅੰਕੁਰੁ ਭਲੋ ਹਮਾਰਾ॥

(ਰਾਗੁ ਟੋਡੀ ਮਹਲਾ ੫, ਅੰਗ ੭੧੭)

ਸਤਿ ਸੰਗਤ ਕਰਨ ਵਾਲਾ ਪ੍ਰਾਣੀ ਕਦੀ ਕਿਸੇ ਦਾ ਬੁਰਾ ਨਹੀਂ ਚਿਤਵਦਾ, ਕਿਸੇ ਨਾਲ ਈਰਖਾ ਨਹੀਂ ਕਰਦਾ। ਉਸਦਾ ਹਿਰਦਾ ਐਨਾ ਵਿਸ਼ਾਲ ਹੁੰਦਾ ਹੈ ਕਿ ਉਸਨੂੰ ਕੋਈ ਦੁਸ਼ਮਨ ਜਾਂ ਵੈਰੀ ਨਹੀਂ ਜਾਪਦਾ। ਸਾਰਿਆਂ ਵਿਚ ਇਕ ਨੂਰ ਨੂੰ ਦੇਖਦੇ ਹੋਏ ਉਸ ਨੂੰ ਸਾਰੇ ਆਪਣੇ ਲਗਦੇ ਹਨ, ਕੋਈ ਬੇਗਾਨਾ ਜਾਪਦਾ ਹੀ ਨਹੀਂ। ਰਾਗੁ ਕਾਨੜਾ ਵਿਚ ਪੰਚਮ ਗੁਰਦੇਵ ਦੇ ਬਚਨ ਹਨ :

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥

ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥

(ਅੰਗ ੧੨੯੯)

ਮਨੁੱਖੀ ਜੀਵਨ ਨੂੰ ਢਾਲਣ ਵਿਚ ਸੰਗਤ ਦਾ ਬਹੁਤ ਵੱਡਾ ਪ੍ਰਭਾਵ ਹੈ। ਬੜੀ ਪ੍ਰਸਿੱਧ ਕਹਾਵਤ ਹੈ ਕਿ 'ਜੈਸੀ ਸੰਗਤ ਵੈਸੀ ਰੰਗਤ'। ਭਲਿਆਂ ਤੇ ਸਿਆਣਿਆਂ ਦੀ ਸੰਗਤ ਕਰਕੇ ਹੀ ਮਨੁੱਖ ਚੰਗੇ ਗੁਣ ਗ੍ਰਹਿਣ ਕਰ ਸਕਦਾ ਹੈ। ਮਨੁੱਖੀ ਮਨ ਇਕ ਪੰਖੇਰੂ ਦੀ ਤਰ੍ਹਾਂ ਹੈ ਜਿਸ ਨੂੰ ਯੋਗ ਅਗਵਾਈ ਅਤੇ ਚੰਗੀ ਸੰਗਤ ਨਾ ਮਿਲਣ ਦੇ ਕਾਰਨ ਉਸਦਾ ਆਤਮਿਕ ਵਿਕਾਸ ਸੰਭਵ ਨਹੀਂ। ਉਹ ਭਟਕਦਾ ਫਿਰਦਾ ਰਹਿੰਦਾ ਹੈ। ਉਸਦੀ ਹਾਲਤ 'ਭਉਦੇ ਫਿਰਹਿ ਬਹੁ ਮੋਹ ਪਿਆਸਾ' ਵਾਲੀ ਹੁੰਦੀ ਹੈ। ਦੂਜੇ ਬੰਨੇ ਭਲਿਆਂ ਜਾਂ ਮਹਾਂਪੁਰਖਾਂ ਦੀ ਸੰਗਤ ਕਰਨ ਨਾਲ ਮਨੁੱਖ ਦਾ ਆਪਾ ਬਦਲ ਜਾਂਦਾ ਹੈ। ਬਿਹਬਲ ਹੋਇਆ ਜੀਅੜਾ ਸ਼ਾਂਤ ਹੋ ਜਾਂਦਾ ਹੈ। ਸਾਰੀ ਭਟਕਣਾ ਮੁੱਕ ਜਾਂਦੀ ਹੈ :

ਗੁਰਮੁਖਿ ਪ੍ਰਗਾਸੁ ਭਇਆ ਸਾਤਿ ਆਈ ਦੁਰਮਤਿ ਬੁਧਿ ਨਿਵਾਰੀ॥
ਆਤਮ ਬ੍ਰਹਮੁ ਚੀਨਿ ਸੁਖੁ ਪਾਇਆ ਸਤਸੰਗਤਿ ਪੁਰਖ ਤੁਮਾਰੀ॥

(ਰਾਗੁ ਸੋਰਠਿ ਮਹਲਾ ੪, ਅੰਗ ੬੦੭)

ਬੰਦਾ ਬਹਾਦਰ ਜੰਗਲਾਂ ਵਿਚ ਰੱਬ ਨੂੰ ਭਾਲਦਾ ਰਿਹਾ। ਕਰਾਮਾਤਾਂ ਅਤੇ ਰਿੱਧੀਆਂ ਸਿੱਧੀਆਂ ਵਸ ਕਰਨ ਨਾਲ ਵੀ ਉਸਦਾ ਮਨ ਤ੍ਰਿਪਤ ਨਾ ਹੋਇਆ। ਪ੍ਰੰਤੂ ਜਦੋਂ ਉਸ ਨੂੰ ਆਪਣੇ ਮੁਰਸ਼ਦ ਅਰਥਾਤ ਦਸਮੇਸ਼ ਪਿਤਾ ਦੇ ਦਰਸ਼ਨ ਹੋਏ ਤਾਂ ਉਹ ਧੰਨ ਹੋ ਗਿਆ। ਉਸਦਾ ਅੰਦਰਲਾ ਧੋਤਾ ਗਿਆ। ਹੁਣ ਉਹ ਬੈਰਾਗੀ ਨਹੀਂ ਰਿਹਾ। ਅੰਮ੍ਰਿਤਪਾਨ ਕਰਕੇ ਉਹ ਦਸਮੇਸ਼ ਪਿਤਾ ਦਾ ਸਿੰਘ ਸਜ ਗਿਆ ਅਤੇ ਧਰਮ ਯੁੱਧਾਂ ਵਿਚ ਲੜਦਾ ਹੋਇਆ ਸ਼ਹਾਦਤ ਦਾ ਜਾਮ ਪੀ ਕੇ ਸਦਾ ਲਈ ਅਮਰ ਹੋ ਗਿਆ।

ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਕਰਕੇ ਗੁਰੂ ਪਦਵੀ ਨੂੰ ਪ੍ਰਾਪਤ ਹੋਏ। ਬਿਧੀ ਚੰਦ ਜਦੋਂ ਗੁਰੂ ਚਰਨਾਂ ਵਿਚ ਆਇਆ ਤਾਂ ਉਸਦਾ ਕਾਇਆਂ-ਕਲਪ ਹੋ ਗਿਆ। ਉਹ ਭਾਈ ਬਿਧੀ ਚੰਦ ਜੀ ਬਣ ਗਏ। ਉਨ੍ਹਾਂ ਦਾ ਨਾਮ ਸਿੱਖ ਜਗਤ ਵਿਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਗੁਰ-ਇਤਿਹਾਸ ਅਜਿਹੀਆਂ ਕਥਾਵਾਂ ਨਾਲ ਭਰਪੂਰ ਹੈ।

ਚੰਦਨ ਦੇ ਬੂਟੇ 'ਚੋਂ ਬੜੀ ਸੁਗੰਧ ਆਉਂਦੀ ਹੈ। ਇਥੋਂ ਤੱਕ ਕਿ ਉਸਦੀ ਮਹਿਕ ਨਾਲ ਸਾਰਾ ਚੌਗਿਰਦਾ ਮਹਿਕ ਉੱਠਦਾ ਹੈ ਭਾਵ ਉਸਦੇ ਆਲੇ-ਦੁਆਲੇ ਦੇ ਬੂਟਿਆਂ, ਘਾਹ-

ਪੱਤੀਆਂ ਵਿਚੋਂ ਵੀ ਚੰਦਨ ਵਰਗੀ ਖੁਸ਼ਬੂ ਆਉਂਦੀ ਹੈ। ਭਗਤ ਕਬੀਰ ਜੀ ਨੇ ਚੰਦਨ ਦੇ ਰੁੱਖ ਦੀ ਉਦਾਹਰਣ ਦੇ ਕੇ ਜੀਵ ਨੂੰ ਸਮਝਾਇਆ ਹੈ ਕਿ ਜਿਵੇਂ ਚੰਦਨ ਦੇ ਬੂਟੇ ਨਾਲ ਆਸ-ਪਾਸ ਦਾ ਸਾਰਾ ਵਾਤਾਵਰਨ ਚੰਦਨ ਵਾਂਗ ਸੁਗੰਧਿਤ ਹੋ ਜਾਂਦਾ ਹੈ ਇਸੇ ਪ੍ਰਕਾਰ ਭਲੇ ਲੋਕਾਂ ਦੀ ਸੰਗਤ ਕਰਨ ਨਾਲ ਉਨ੍ਹਾਂ ਵਿਚਲੇ ਗੁਣ ਜੀਵ ਗ੍ਰਹਿਣ ਕਰ ਲੈਂਦਾ ਹੈ :

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥

(ਸਲੋਕ ਨੰਬਰ ੧੧, ਅੰਗ ੧੩੬੫)

ਆਪ ਜੀ ਦਾ ਇਕ ਹੋਰ ਕਥਨ ਹੈ :

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥

(ਸਲੋਕ ਨੰਬਰ ੮੬, ਅੰਗ ੧੩੬੯)

ਗੁਰੂ ਰਾਮਦਾਸ ਜੀ ਦੇ ਇਨ੍ਹਾਂ ਬਚਨਾਂ ਤੋਂ ਪ੍ਰਾਣੀ ਨੂੰ ਸੇਧ ਲੈਣ ਦੀ ਲੋੜ ਹੈ :

ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ॥

(ਰਾਗੁ ਕਾਨੜਾ ਕੀ ਵਾਰ ਮਹਲਾ ੪, ਅੰਗ ੧੩੧੪)

ਭਾਈ ਗੁਰਦਾਸ ਜੀ ਨੇ ਸਤਿ ਸੰਗਤ ਦੀ ਮਹਿਮਾ ਇਸ ਪ੍ਰਕਾਰ ਕੀਤੀ ਹੈ :

ਸਾਧ ਸੰਗਤ ਸਚਖੰਡ ਵਿਚ ਸਤਿਗੁਰ ਪੁਰਖ ਵਸੇ ਨਿਰੰਕਾਰਾ॥

(ਵਾਰ ੬, ਪਉੜੀ ੪)

ਅਥਵਾ :

ਸਾਧ ਸੰਗਤ ਸਚਖੰਡ ਹੈ ਭਾਉ ਭਗਤ ਅਭਿਆਸੀ॥

(ਵਾਰ ੯, ਪਉੜੀ ੧)

ਰਾਗੁ ਆਸਾ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਜੇਕਰ ਜੀਵ ਨੇ ਸਤਿਸੰਗਤ ਵਿਚ ਬੈਠ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਨਹੀਂ ਕੀਤਾ ਤਾਂ ਉਸਦੇ ਬਾਕੀ ਦੇ ਕੀਤੇ ਸਾਰੇ ਕੰਮ-ਕਾਜ ਵਿਅਰਥ ਹਨ, ਇਨ੍ਹਾਂ ਦਾ ਕੋਈ ਲਾਭ ਨਹੀਂ :

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ *(ਅੰਗ ੩੭੮)*

ਗੁਰਮਤਿ ਨੇ ਉਨ੍ਹਾਂ ਪ੍ਰਾਣੀਆਂ ਨੂੰ ਵਡਭਾਗੀ ਕਰਕੇ ਸਾਲਾਹਿਆ ਹੈ ਜਿਨ੍ਹਾਂ ਨੂੰ ਸਤਿ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਦੂਜੇ ਬੰਨੇ ਜੋ ਅਭਾਗੇ ਸਤਿ ਸੰਗਤ ਨਹੀਂ ਕਰਦੇ ਉਨ੍ਹਾਂ ਦੇ ਮਨ ਵਿਕਾਰਾਂ ਦੀ ਮੈਲ ਨਾਲ ਲਿਬੜੇ ਰਹਿੰਦੇ ਹਨ :

ਵਡਭਾਗੀ ਹਰਿ ਸੰਗਤਿ ਪਾਵਹਿ॥ ਭਾਗਹੀਨ ਭ੍ਰਮਿ ਚੋਟਾ ਖਾਵਹਿ॥
ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥

(ਰਾਗੁ ਮਾਝ ਮਹਲਾ ੪, ਅੰਗ ੯੫)

15

ਪਾਰਬ੍ਰਹਮ ਬੇਅੰਤ

ਜੋ ਹਸਤੀ ਖੰਡ-ਬ੍ਰਹਮੰਡ, ਆਕਾਸ਼, ਪਾਤਾਲ ਦੀ ਨਿਯਮ-ਬੱਧ ਢੰਗ ਨਾਲ ਦੇਖ-ਭਾਲ ਕਰ ਰਹੀ ਹੈ ਉਸਦਾ ਆਪਣਾ ਸਰੂਪ ਕਿਹੋ ਜਿਹਾ ਹੈ ਇਸ ਗੱਲ ਦਾ ਉੱਤਰ ਦੇਣ ਵਿਚ ਮਨੁੱਖ ਅਸਮਰੱਥ ਹੈ। ਕਰਤਾ ਦੇ ਭੇਦਾਂ ਨੂੰ ਸਮਝਣਾ ਮਨੁੱਖੀ ਸੋਚ ਤੋਂ ਬਾਹਰ ਹੈ ਪ੍ਰੰਤੂ ਗੁਰਮਤਿ ਨੇ ਉਸ ਨੂੰ ਅਕਾਲ ਪੁਰਖ ਕਰਕੇ ਸਾਲਾਹਿਆ ਹੈ ਜਿਸਦੇ ਸਰੂਪ ਨੂੰ ਗੁਰੂ ਨਾਨਕ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਅਰੰਭ ਵਿਚ ਮੂਲ-ਮੰਤਰ ਵਿਚ ਪ੍ਰਗਟਾਇਆ ਹੈ ਜੋ ਗੁਰਮਤਿ ਦਾ ਮੂਲ ਧੁਰਾ ਹੈ :

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ॥

ਭਾਵ ਉਹ ਸ਼ਕਤੀ ਕੇਵਲ ਇਕ ਹੈ। ਸਦਾ ਥਿਰ ਰਹਿਣ ਵਾਲੀ ਹੈ। ਉਸਦਾ ਨਾਮ ਸੱਚਾ ਹੈ। ਸਦਾ ਕਾਇਮ ਰਹਿਣ ਵਾਲਾ ਹੈ। ਉਹ ਭੈ ਅਤੇ ਵੈਰ ਤੋਂ ਰਹਿਤ ਹੈ। ਉਸ ਨੂੰ ਕਿਸੇ ਦਾ ਡਰ ਨਹੀਂ ਅਤੇ ਨਾ ਹੀ ਉਸਦਾ ਕਿਸੇ ਨਾਲ ਵੈਰ-ਵਿਰੋਧ ਹੈ। ਉਸ ਤੇ ਕਾਲ ਦਾ ਕੋਈ ਅਸਰ ਨਹੀਂ ਹੁੰਦਾ। ਅਜੂਨੀ ਪਰਮਾਤਮਾ ਜੂਨਾਂ ਵਿਚ ਨਹੀਂ ਆਉਂਦਾ ਭਾਵ ਜਨਮ ਮਰਨ ਤੋਂ ਰਹਿਤ ਹੈ। ਉਸਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਗੁਰੂ ਦੀ ਮਿਹਰ ਸਦਕਾ ਉਸਨੂੰ ਜਾਣਿਆ ਜਾ ਸਕਦਾ ਹੈ।

ਰਾਗੁ ਬਿਲਾਵਲੁ ਵਿਚ ਆਪ ਜੀ ਉਸ ਇਕ ਹਸਤੀ ਨੂੰ ਅਨਾਦੀ ਅਤੇ ਸਾਰੇ ਸੰਸਾਰ ਦੀ ਉਤਪਤੀ ਦਾ ਕਰਤਾ ਦੱਸਦੇ ਹਨ। ਆਪ ਜੀ ਦਾ ਫ਼ਰਮਾਨ ਹੈ ਕਿ ਵਾਹਿਗੁਰੂ ਅਮਰ ਹੈ। ਜੂਨਾਂ ਵਿਚ ਨਹੀਂ ਪੈਂਦਾ। ਉਸ ਦੀ ਕੋਈ ਜਾਤ ਨਹੀਂ। ਉਹ ਮਾਇਆ ਦੇ ਬੰਧਨਾਂ ਤੋਂ ਮੁਕਤ ਹੈ ਅਤੇ ਮਨੁੱਖ ਦੀਆਂ ਗਿਆਨ-ਇੰਦ੍ਰੀਆਂ ਤੋਂ ਅਪਹੁੰਚ ਹੈ। ਉਸਦੀ ਕੋਈ ਖ਼ਾਸ ਸ਼ਕਲ ਜਾਂ ਸਰੂਪ ਨਹੀਂ। ਪ੍ਰੰਤੂ ਉਹ ਸਰਬ ਵਿਆਪਕ ਹੈ ਅਤੇ ਉਸ ਨੂੰ ਘਟ ਘਟ ਵਿਚ ਦੇਖਿਆ ਜਾ ਸਕਦਾ ਹੈ :

ਏਕਮ ਏਕੰਕਾਰੁ ਨਿਰਾਲਾ॥
ਅਮਰੁ ਅਜੋਨੀ ਜਾਤਿ ਨ ਜਾਲਾ॥
ਅਗਮ ਅਗੋਚਰੁ ਰੂਪੁ ਨ ਰੇਖਿਆ॥
ਖੋਜਤ ਖੋਜਤ ਘਟਿ ਘਟਿ ਦੇਖਿਆ॥ *(ਅੰਗ ੮੩੮)*

ਰਾਗੁ ਮਾਰੂ ਵਿਚ ਗੁਰੂ ਜੀ ਦਾ ਕਥਨ ਹੈ ਕਿ ਵੱਖ-ਵੱਖ ਧਾਰਮਿਕ ਗ੍ਰੰਥ, ਵੇਦ, ਕੁਰਾਨ ਆਦਿ ਉਸ ਪਰਮਾਤਮਾ ਦੇ ਭੇਦਾਂ ਦਾ ਅੰਤ ਨਹੀਂ ਪਾ ਸਕੇ। ਪਰਮਾਤਮਾ ਹਰ ਇਕ ਨੂੰ ਆਪਣੇ ਵਿਚ ਸਮਾਉਣ ਦੇ ਸਮਰੱਥ ਹੈ :

ਬੇਦ ਕਤੇਬੀ ਭੇਦੁ ਨ ਜਾਤਾ॥
ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ॥
ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ॥ *(ਅੰਗ ੧੦੨੧)*

ਰਾਗੁ ਗਉੜੀ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ :

ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥ *(ਅੰਗ ੨੮੩)*

ਆਪ ਜੀ ਦੇ ਰਾਗ ਗਉੜੀ ਵਿਚ ਇਕ ਹੋਰ ਬਚਨ ਹਨ :

ਮਰੈ ਨ ਬਿਨਸੈ ਆਵੈ ਨ ਜਾਇ॥
ਨਾਨਕ ਸਦ ਹੀ ਰਹਿਆ ਸਮਾਇ॥ *(ਅੰਗ ੨੭੯)*

ਪਰਮਾਤਮਾ ਨੇ ਹੀ ਬ੍ਰਹਮਾ, ਵਿਸ਼ਨੂੰ, ਸ਼ਿਵ, ਦੇਵੀ-ਦੇਵਤੇ ਆਦਿ ਅਨੇਕਾਂ ਮਹਾਨ ਹਸਤੀਆਂ ਪੈਦਾ ਕੀਤੀਆਂ ਹਨ ਪ੍ਰੰਤੂ ਇਨ੍ਹਾਂ ਸਾਰਿਆਂ ਵਿਚੋਂ ਕੋਈ ਵੀ ਉਸਦੇ ਭੇਦਾਂ ਨੂੰ ਪਾ ਨਹੀਂ ਸਕਿਆ। ਗੁਰਵਾਕ ਹੈ :

ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ॥
ਦੇਵੀ ਦੇਵ ਉਪਾਏ ਵੇਸਾ॥
ਜੋਤੀ ਜਾਤੀ ਗਣਤ ਨ ਆਵੈ॥
ਜਿਨਿ ਸਾਜੀ ਸੋ ਕੀਮਤਿ ਪਾਵੈ॥

(ਰਾਗੁ ਬਿਲਾਵਲੁ ਮਹਲਾ ੧, ਅੰਗ ੮੩੯)

ਅਥਵਾ :

ਮਹਿਮਾ ਨ ਜਾਨਹਿ ਬੇਦ॥
ਬ੍ਰਹਮੇ ਨਹੀ ਜਾਨਹਿ ਭੇਦ॥
ਅਵਤਾਰ ਨ ਜਾਨਹਿ ਅੰਤੁ॥
ਪਰਮੇਸਰੁ ਪਾਰਬ੍ਰਹਮ ਬੇਅੰਤੁ॥ ੧॥
ਅਪਨੀ ਗਤਿ ਆਪਿ ਜਾਨੈ॥
ਸੁਣਿ ਸੁਣਿ ਅਵਰ ਵਖਾਨੈ॥ ੧॥
ਸੰਕਰਾ ਨਹੀ ਜਾਨਹਿ ਭੇਵ॥
ਖੋਜਤ ਹਾਰੇ ਦੇਵ॥
ਦੇਵੀਆ ਨਹੀ ਜਾਨੈ ਮਰਮ॥
ਸਭ ਊਪਰਿ ਅਲਖ ਪਾਰਬ੍ਰਹਮ॥ ੨॥

(ਰਾਗੁ ਰਾਮਕਲੀ ਮਹਲਾ ੫, ਅੰਗ ੮੯੪)

ਵੱਖ-ਵੱਖ ਧਰਮ ਆਪਣੀ ਨਿਸ਼ਚਾ ਅਨੁਸਾਰ ਸ੍ਰਿਸ਼ਟੀ ਦੇ ਰਚਨਹਾਰ ਪਾਰਬ੍ਰਹਮ ਦੀ ਪੂਜਾ ਵੱਖਰੇ-ਵੱਖਰੇ ਢੰਗ ਨਾਲ ਕਰਦੇ ਹਨ ਪਰ ਉਨ੍ਹਾਂ ਵਿਚੋਂ ਕੋਈ ਵੀ ਪਰਮਾਤਮਾ ਦੇ ਭੇਦਾਂ ਨੂੰ ਸਮਝ ਨਹੀਂ ਸਕਿਆ। ਦਸਮ ਪਿਤਾ ਦੀ ਬਾਣੀ ਤ੍ਵਪ੍ਰਸਾਦਿ ਸਵੱਯੇ ਵਿਚ ਬੜੇ ਸੁੰਦਰ ਬਚਨ ਹਨ :

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ।
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ।
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ।
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ।

(ਸਵੱਯਾ ੧੦)

ਅਥਵਾ :

ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ॥
ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ॥
ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥

(ਰਾਗੁ ਮਾਝ ਕੀ ਵਾਰ ਮਹਲਾ ੧, ਅੰਗ ੧੪੮)

ਭਾਵ ਬੇਅੰਤ ਜੀਵ ਦਾਤਾਰ ਦੇ ਗੁਣਾਂ ਨੂੰ ਬਿਆਨ ਕਰਦੇ ਆਏ ਹਨ ਅਤੇ ਉਸਦੀ ਉਪਮਾ ਕਰਦੇ ਜਗਤ 'ਚੋਂ ਤੁਰ ਗਏ। ਵੇਦ ਆਦਿਕ ਧਾਰਮਿਕ ਗ੍ਰੰਥਾਂ ਵਿਚ ਵੀ ਉਸਦੇ ਗੁਣਾਂ ਨੂੰ ਦਰਸਾਇਆ ਗਿਆ ਹੈ ਪਰ ਕਿਸੇ ਨੇ ਉਸਦੇ ਗੁਣਾਂ ਦਾ ਅੰਤ ਨਹੀਂ ਪਾਇਆ। ਕੋਈ ਉਸਦੇ ਭੇਦਾਂ ਨੂੰ ਸਮਝ ਨਹੀਂ ਸਕਿਆ।

ਰਾਗੁ ਮਲਾਰ ਕੀ ਵਾਰ ਵਿਚ ਵੀ ਆਪ ਜੀ ਦੇ ਬਚਨ ਹਨ :

ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ॥
ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ॥
ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ॥
ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ॥ *(ਅੰਗ ੧੨੮੧)*

ਭਾਵ ਸੰਸਾਰ ਦੀ ਰਚਨਾ ਕਰ ਕੇ ਪ੍ਰਭੂ ਹਰ ਥਾਂ ਵਿਚਰ ਰਿਹਾ ਹੈ। ਉਹ ਸਰਬ-ਵਿਆਪਕ ਹੈ—ਕਣ ਕਣ ਵਿਚ ਸਮਾਇਆ ਹੋਇਆ ਹੈ। ਉਸ ਵਰਗਾ ਕੋਈ ਹੋਰ ਨਹੀਂ। ਉਸਦੇ ਚੋਜਾਂ ਅਤੇ ਭੇਦਾਂ ਨੂੰ ਕੋਈ ਸਮਝ ਨਹੀਂ ਸਕਦਾ। ਉਹ ਕਿੰਨਾ ਕੁ ਵੱਡਾ ਹੈ ਜਾਂ ਕਿਹੋ ਜਿਹਾ ਹੈ ਇਹ ਸਭ ਕੁਝ ਪ੍ਰਭੂ ਆਪ ਹੀ ਜਾਣਦਾ ਹੈ। ਉਸਦਾ ਕੋਈ ਮੁੱਲ ਨਹੀਂ ਪਾ ਸਕਦਾ। ਅਦ੍ਰਿਸ਼ਟ ਪਰਮਾਤਮਾ ਜੀਵ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ ਪ੍ਰੰਤੂ ਗੁਰੂ ਦੇ ਦੱਸੇ ਮਾਰਗ ਤੇ ਚੱਲਣ ਨਾਲ ਪ੍ਰਭੂ ਦੇ ਗੁਣਾਂ ਦੀ ਸੋਝੀ ਪੈਂਦੀ ਹੈ।

ਬਾਣੀ ਜਪੁ ਜੀ ਵਿਚ ਗੁਰੂ ਨਾਨਕ ਜੀ ਦਾ ਬੜਾ ਸੁੰਦਰ ਫ਼ਰਮਾਨ ਹੈ ਕਿ ਪਰਮਾਤਮਾ ਦਾ ਹੱਦ ਬੰਨਾ ਲੱਭਣ ਲਈ ਕਈਆਂ ਨੇ ਯਤਨ ਜਾਂ ਉਪਾਅ ਕੀਤੇ ਪਰ ਉਸਦਾ ਕੋਈ ਅੰਤ ਨਹੀਂ ਪਾ ਸਕਿਆ :

ਅੰਤ ਕਾਰਣਿ ਕੇਤੇ ਬਿਲਲਾਹਿ॥
ਤਾ ਕੇ ਅੰਤ ਨ ਪਾਏ ਜਾਹਿ॥ *(ਪਉੜੀ ੨੪)*

ਇਸੇ ਪਉੜੀ ਵਿਚ ਆਪ ਜੀ ਅੱਗੇ ਸੇਧ ਬਖਸ਼ਿਸ਼ ਕਰ ਰਹੇ ਹਨ ਕਿ ਉਸ ਅਪਾਰ ਤੇ ਬੇਅੰਤ ਪ੍ਰਭੂ ਦੇ ਭੇਦਾਂ ਨੂੰ ਉਹੀ ਸਮਝ ਸਕਦਾ ਹੈ ਜੋ ਪਹਿਲਾਂ ਆਪ ਉਸ ਜੇਡਾ ਵੱਡਾ ਹੋਵੇ :

ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥ *(ਪਉੜੀ ੨੪)*

ਪ੍ਰੰਤੂ ਜੇ ਕੋਈ ਮਨੁੱਖ ਇਸ ਗੱਲ ਦਾ ਵਡੱਪਣ ਅਤੇ ਹੰਕਾਰ ਕਰੇ ਕਿ ਉਹ ਪਰਮਾਤਮਾ ਦੇ ਭੇਦਾਂ ਨੂੰ ਪਾ ਸਕਦਾ ਹੈ ਤਾਂ ਉਸਦਾ ਇਹ ਅਭਿਮਾਨ ਉਸਦੇ ਆਤਮਿਕ ਜੀਵਨ ਨੂੰ ਖ਼ਤਮ ਕਰ ਦਿੰਦਾ ਹੈ। ਰਾਗੁ ਮਾਰੂ ਸੋਲਹੇ ਵਿਚ ਗੁਰੂ ਨਾਨਕ ਦੇਵ ਜੀ ਦੇ ਹੀ ਬਚਨ ਹਨ :

ਪ੍ਰਭ ਕੀ ਗਤਿ ਮਿਤਿ ਕੋਇ ਨ ਪਾਵੈ॥
ਜੇ ਕੋ ਵਡਾ ਕਹਾਇ ਵਡਾਈ ਖਾਵੈ॥ *(ਅੰਗ ੧੦੨੫)*

ਹੁਣ ਆਮ ਮਨੁੱਖ ਦੇ ਮਨ ਅੰਦਰ ਸੰਸਾ ਪੈਦਾ ਹੋ ਸਕਦਾ ਹੈ ਕਿ ਐਨੇ ਗੁਣਾਂ ਵਾਲੀ ਕੋਈ ਹਸਤੀ ਹੈ ਵੀ ਜਾਂ ਕੇਵਲ ਮਨ ਨੂੰ ਸਮਝਾਉਣ ਵਾਲੀ ਗੱਲ ਹੀ ਹੈ। ਇੱਥੇ ਇਹ ਸਮਝਣ ਦੀ ਲੋੜ ਹੈ ਕਿ ਉਹ ਹਸਤੀ ਸਾਥੋਂ ਕੋਈ ਅੱਡਰੀ ਨਹੀਂ। ਜਿਸ ਤਰ੍ਹਾਂ ਅਸੀਂ ਆਪਣੀ ਹੋਂਦ ਨੂੰ ਅਨੁਭਵ ਕਰਦੇ ਹਾਂ ਇਸੇ ਪ੍ਰਕਾਰ ਅੰਤਰ-ਆਤਮੇ ਉਸ ਹੋਂਦ ਨੂੰ ਵੀ ਮਹਿਸੂਸ ਕੀਤਾ ਜਾ ਸਕਦਾ ਹੈ ਜੋ ਸਰਬ ਵਿਆਪਕ ਹੈ ਪਰ ਉਸ ਨੂੰ ਦੇਖਣ ਵਾਲੀ ਅਜਿਹੀ ਅੱਖ ਚਾਹੀਦੀ ਹੈ। ਗੁਰਵਾਕ ਹੈ :

ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥

(ਰਾਗੁ ਵਡਹੰਸੁ ਮਹਲਾ ੫, ਅੰਗ ੫੭੭)

ਜਦੋਂ ਅੱਖੀਆਂ ਪਤੀ-ਪ੍ਰਭੂ ਨਾਲ ਲੱਗ ਜਾਂਦੀਆਂ ਹਨ ਫਿਰ ਅਜਿਹੀ ਅਵਸਥਾ ਬਣ ਜਾਂਦੀ ਹੈ ਕਿ ਅੱਖਾਂ ਹਰ ਵੇਲੇ ਪਰਮਾਤਮਾ ਨੂੰ ਹੀ ਤੱਕਦੀਆਂ ਹਨ। ਕਿਸੇ ਹੋਰ ਚੀਜ਼ ਦੀ ਭੁੱਖ ਜਾਂ ਲਾਲਸਾ ਰਹਿੰਦੀ ਹੀ ਨਹੀਂ। ਹਰ ਥਾਂ ਮਾਲਕ ਪ੍ਰਭੂ ਹੀ ਦਿੱਸਦਾ ਹੈ। ਹੋਰ ਕਿਸੇ ਵੱਲ ਧਿਆਨ ਜਾਂਦਾ ਹੀ ਨਹੀਂ। ਗੁਰਵਾਕ ਹੈ :

ਲਗੜੀਆ ਪਿਰੀਅੰਨਿ ਪੇਖੰਦੀਆ ਨਾ ਤਿਪੀਆ॥
ਹਭ ਮਝਾਹੂ ਸੋ ਧਣੀ ਬਿਆ ਨ ਡਿਠੋ ਕੋਇ॥

(ਰਾਗੁ ਮਾਰੂ ਕੀ ਵਾਰ ਮਹਲਾ ੫, ਅੰਗ ੧੧੦੧)

ਹਭ ਮਝਾਹੂ ਤੋਂ ਅਰਥ ਹੈ ਸਭਨਾਂ ਵਿਚ।

ਪਰਮਾਤਮਾ ਨਾਲ ਜੁੜਿਆਂ ਮਨ ਅੰਦਰੋਂ ਦੁਬਿਧਾ ਦਾ ਨਾਸ ਹੋ ਜਾਂਦਾ ਹੈ ਜਦੋਂ ਦੁਬਿਧਾ ਦਾ ਨਾਸ ਹੋ ਗਿਆ ਜੀਵ ਨੂੰ ਉਸ ਮਾਲਕ ਪ੍ਰਭੂ ਦੇ ਭੇਦਾਂ ਦੀ ਕੁਝ ਕੁਝ ਸੋਝੀ ਪੈਣ ਲੱਗ ਪੈਂਦੀ ਹੈ। ਰਾਗੁ ਗਉੜੀ ਬਾਵਨ ਅੱਖਰੀ ਵਿਚ ਭਗਤ ਕਬੀਰ ਜੀ ਦਾ ਬੜਾ ਸੁੰਦਰ ਫ਼ਰਮਾਨ ਹੈ :

ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ॥ *(ਅੰਗ ੩੪੦)*

ਇਸ ਪ੍ਰਕਾਰ ਦੂਜੇ ਭਾਉ ਦੀ ਥਾਂ ਜਦੋਂ ਜੀਵ ਦੀ ਸਾਂਝ ਇਕ ਪ੍ਰਭੂ ਨਾਲ ਪੈ ਜਾਂਦੀ ਹੈ ਤਾਂ ਪਰਮਾਤਮਾ ਅਜਿਹੇ ਸਾਧਕਾਂ ਦੇ ਸਾਰੇ ਬੰਧਨ ਕੱਟ ਕੇ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ :

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥

(ਤ੍ਵਪ੍ਰਸਾਦਿ ਸਵਯੇ, ਪਾਤਸ਼ਾਹੀ ੧੦)

ਹੁਣ ਮਨੁੱਖ ਦੀ ਸਾਰੀ ਭਟਕਣਾ ਦੂਰ ਹੋ ਜਾਂਦੀ ਹੈ ਜਿਸ ਸਦਕਾ ਜੀਵ ਅਤੇ ਪਰਮਾਤਮਾ ਵਿਚਕਾਰ ਕੋਈ ਭੇਦ-ਭਾਵ ਨਹੀਂ ਰਹਿ ਜਾਂਦਾ :

ਜਬ ਇਸ ਤੇ ਸਭ ਬਿਨਸੇ ਭਰਮਾ॥
ਭੇਦੁ ਨਾਹੀ ਹੈ ਪਾਰਬ੍ਰਹਮਾ॥

(ਰਾਗੁ ਗਉੜੀ ਮਹਲਾ ੫, ਅੰਕ ੨੩੫)

ਗੁਰਮੁਖਿ ਪੰਥੁ ਸੁਗਖੜਾ ਮਨਮੁਖ ਬਾਰਹ ਵਾਟ ਫਿਰੰਦੇ॥ ਗੁਰਮੁਖਿ ਪਾਰਿ ਲੰਘਾਇਆ
ਮਨਮੁਖ ਭਵਜਲ ਵਿਚ ਡੁਬੰਦੇ॥ ਗੁਰਮੁਖਿ ਜੀਵਨ ਮੁਕਤਿ ਹੋਇ, ਮਨਮੁਖ ਫਿਰਿ ਫਿਰਿ
ਜਨਮ ਮਰੰਦੇ॥ ਗੁਰਮੁਖਿ ਸੁਖ ਫਲ ਪਾਇਦੇ ਮਨਮੁਖ ਦੁਖ ਫਲ ਦੁਖ ਲਹੰਦੇ॥
ਗੁਰਮੁਖਿ ਦਰਗਹ ਸੁਰਖਰੂ ਮਨਮੁਖ ਜਮਪੁਰਿ ਡੰਡ ਸਹੰਦੇ॥ ਗੁਰਮੁਖਿ
ਆਪੁ ਗਵਾਇਆ ਮਨਮੁਖਿ ਹਉਮੈ ਅਗਨਿ ਜਲੰਦੇ॥
ਘੇਰੀ ਅੰਦਰਿ ਵਿਰਲੇ ਬੰਦੇ॥ (16) — ਵਾਰ ੫, ਪਉੜੀ ੨੫॥

ਗੁਰਮੁਖ

ਗੁਰੂ ਸਾਹਿਬਾਨ ਨੇ ਗੁਰਮੁਖ ਦੇ ਗੁਣਾਂ ਅਤੇ ਲੱਛਣਾਂ ਬਾਰੇ ਬਹੁਤ ਸਾਰੇ ਪੂਰੇ ਦੇ ਪੂਰੇ ਸ਼ਬਦ ਉਚਾਰੇ ਹਨ। ਸਿਧ ਗੋਸਟਿ ਦੀਆਂ 73 ਪਉੜੀਆਂ ਵਿਚੋਂ 15 ਪਉੜੀਆਂ ਗੁਰੂ ਨਾਨਕ ਦੇਵ ਜੀ ਨੇ ਕੇਵਲ ਗੁਰਮੁਖ ਤੇ ਉਚਾਰੀਆਂ ਹਨ। ਥੋਹੜੇ ਸ਼ਬਦਾਂ ਵਿਚ ਜੋ ਪ੍ਰਾਣੀ ਗੁਰੂ ਦੇ ਸਨਮੁਖ ਰਹਿੰਦਾ ਹੈ, ਗੁਰੂ ਦੇ ਦੱਸੇ ਮਾਰਗ ਤੇ ਚਲਦਾ ਹੈ, ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਲਿਵ ਪ੍ਰਭੂ ਦੇ ਚਰਨਾਂ ਵਿਚ ਜੋੜਦਾ ਹੈ, ਉਹ ਗੁਰਮੁਖ ਹੈ।

ਗੂਜਰੀ ਕੀ ਵਾਰ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ ਕਿ ਜੋ ਵਿਅਕਤੀ ਤਨੋ ਮਨੋ ਗੁਰੂ ਦਾ ਹੋ ਜਾਂਦਾ ਹੈ ਉਹ ਮਨ ਤੇ ਕਾਬੂ ਪਾ ਕੇ ਕਪਟ ਅਤੇ ਵਿਕਾਰਾਂ ਦਾ ਨਾਸ ਕਰ ਦਿੰਦਾ ਹੈ। ਹਿਰਦੇ ਘਰ ਵਿਚ ਆਤਮਿਕ ਅਨੰਦ ਆ ਵਸਦਾ ਹੈ। ਸਾਰੇ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ। ਸਤ ਤੇ ਸੰਤੋਖ ਦਾ ਧਾਰਨੀ ਅਜਿਹਾ ਗੁਰਮੁਖ ਫਿਰ ਪਵਿੱਤਰ ਜੀਵਨ ਵਾਲਾ ਬਣ ਜਾਂਦਾ ਹੈ :

ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ॥
ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ॥
ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ॥ *(ਅੰਗ ੫੧੨)*

ਆਪ ਜੀ ਦੇ ਇਕ ਹੋਰ ਬਚਨ ਹਨ ਕਿ ਗੁਰੂ ਦੇ ਸਨਮੁਖ ਰਹਿਣ ਵਾਲੇ ਗੁਰਮੁਖਾਂ ਦੇ ਮਨ ਵਿਚ ਆਤਮਿਕ ਅਨੰਦ ਬਣਿਆ ਰਹਿੰਦਾ ਹੈ। ਦੁਖ ਕਦੀ ਉਨ੍ਹਾਂ ਦੇ ਨੇੜੇ ਨਹੀਂ ਆਉਂਦੇ। ਹਉਮੈ ਨੂੰ ਅਜਿਹੇ ਗੁਰਮੁਖਾਂ ਨੇ ਸਦਾ ਲਈ ਮਾਰ ਮੁਕਾਇਆ ਹੁੰਦਾ ਹੈ ਜਿਸ ਕਾਰਨ ਉਨ੍ਹਾਂ ਦਾ ਮਨ ਨਿਰਮਲ ਅਤੇ ਸਵੱਛ ਹੁੰਦਾ ਹੈ :

ਗੁਰਮੁਖਿ ਸੁਖੁ ਊਪਜੈ ਦੁਖੁ ਕਦੇ ਨਾ ਹੋਈ॥
ਗੁਰਮੁਖਿ ਹਉਮੈ ਮਾਰੀਐ ਮਨੁ ਨਿਰਮਲੁ ਹੋਈ॥
(ਰਾਗੁ ਆਸਾ, ਅੰਗ ੪੨੪)

ਇਸੇ ਵਿਚਾਰ ਨੂੰ ਗੁਰੂ ਜੀ ਨੇ ਰਾਗੁ ਮਾਝ ਵਿਚ ਇਸ ਪ੍ਰਕਾਰ ਪ੍ਰਗਟ ਕੀਤਾ ਹੈ :

ਗੁਰਮੁਖਿ ਦੂਖੁ ਕਦੇ ਨ ਲਗੈ ਸਰੀਰਿ॥
ਗੁਰਮੁਖਿ ਹਉਮੈ ਚੂਕੈ ਪੀਰ॥
ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ
ਗੁਰਮੁਖਿ ਸਹਜਿ ਸਮਾਵਣਿਆ॥ *(ਅੰਗ ੧੨੫)*

ਗੁਰਮੁਖ ਕਦੀ ਕਿਸੇ ਦਾ ਬੁਰਾ ਨਹੀਂ ਚਿਤਵਦੇ ਅਤੇ ਨਾ ਹੀ ਕਿਸੇ ਨਾਲ ਵੈਰ-ਵਿਰੋਧ ਕਰਦੇ ਹਨ। ਗੁਰਵਾਕ ਹੈ :

ਗੁਰਮੁਖਿ ਵੈਰ ਵਿਰੋਧ ਗਵਾਵੈ॥

ਗੁਰਮੁਖ ਦੇ ਲੱਛਣ ਦੇਖੋ — ਵਾਰ ੧੯ ਭਾ: ਗੁਰਦਾਸ ਜੀ

ਗੁਰਮੁਖ ਪੰਥ ਨਿਰੋਲ ਨ ਰਲੈ ਰਲਾਈਐ ॥ ਭਾਈ ਗੁਰਦਾਸ ਵਾਰ ੩ ॥

ਗੁਰਮੁਖਿ ਸਗਲੀ ਗਣਤ ਮਿਟਾਵੈ ॥

(ਪਉੜੀ ਨੰਬਰ ੩੭, ਸਿਧ ਗੋਸਟਿ, ਅੰਗ ੯੪੨)

ਗੁਰਮੁਖ ਅੰਦਰ ਮੇਰ-ਤੇਰ ਦੀ ਭਾਵਨਾ ਨਹੀਂ ਹੁੰਦੀ। ਉਹ ਸਾਰਿਆਂ ਜੀਵਾਂ ਵਿਚ ਇਕ ਪਰਮਾਤਮਾ ਦੀ ਜੋਤਿ ਦੇਖਦਾ ਹੋਇਆ, ਦੂਜਿਆਂ ਦੇ ਝਗੜਿਆਂ ਨੂੰ ਨਿਪਟਾਉਂਦਾ ਹੈ :

ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ ॥

(ਸੂਹੀ ਕੀ ਵਾਰ ਮਹਲਾ ੩, ਅੰਗ ੭੯੦)

ਗੁਰਮੁਖ ਦੀ ਸੁਰਤੀ ਪ੍ਰਭੂ ਚਰਨਾਂ ਵਿਚ ਜੁੜੀ ਰਹਿਣ ਕਰਕੇ ਉਸਦਾ ਮਨ ਅਤੇ ਤਨ ਸਭ ਪ੍ਰਭੂ ਨੂੰ ਅਰਪਨ ਹੁੰਦੇ ਹਨ ਜਿਸ ਕਰਕੇ ਉਸ ਅੰਦਰ ਕਿਸੇ ਪ੍ਰਕਾਰ ਦੀ ਚਿੰਤਾ ਜਾਂ ਸੰਸਾ ਨਹੀਂ ਰਹਿੰਦੀ। ਨਾਮ-ਰਸ ਨਾਲ ਉਸਦਾ ਹਿਰਦਾ ਸਦਾ ਸ਼ਾਂਤ ਰਹਿੰਦਾ ਹੈ :

ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ॥
ਨਾਮੁ ਚਿਤਵੈ ਨਾਮੋ ਪੜੈ ਨਾਮਿ ਰਹੈ ਲਿਵ ਲਾਇ ॥
ਨਾਮੁ ਪਦਾਰਥੁ ਪਾਈਐ ਚਿੰਤਾ ਗਈ ਬਿਲਾਇ ॥

(ਰਾਗੁ ਕਾਨੜਾ ਕੀ ਵਾਰ ਮਹਲਾ ੪, ਅੰਗ ੧੩੧੭)

ਅਥਵਾ :

ਗੁਰਮੁਖਿ ਸਾਂਤਿ ਸਦਾ ਸੁਖੁ ਪਾਏ ॥
ਗੁਰਮੁਖਿ ਹਿਰਦੈ ਨਾਮੁ ਵਸਾਏ ॥

(ਰਾਗੁ ਮਾਰੂ ਸੋਲਹੇ ਮਹਲਾ ੩, ਅੰਗ ੧੦੫੫)

ਇਜ ਪ੍ਰਭੂ ਵਿਚ ਲਿਵ ਜੋੜ ਕੇ ਗੁਰਮੁਖ ਕੇਵਲ ਆਪ ਹੀ ਭਵ-ਸਾਗਰ ਤੋਂ ਪਾਰ ਨਹੀਂ ਹੁੰਦਾ ਸਗੋਂ ਦੂਜਿਆਂ ਦਾ ਵੀ ਪਾਰ ਉਤਾਰਾ ਕਰ ਦਿੰਦਾ ਹੈ :

ਗੁਰਮੁਖਿ ਤਾਰੇ ਪਾਰਿ ਉਤਾਰੇ ॥
ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥

(ਸਿਧ ਗੋਸਟਿ ਮਹਲਾ ੧, ਅੰਗ ੯੪੧)

ਅਥਵਾ :

ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ॥
ਗੁਰਮੁਖਿ ਨਾਨਕ ਪਰਵਾਰੈ ਸਾਧਾਰੁ ॥

(ਰਾਗੁ ਵਡਹੰਸੁ ਮਹਲਾ ੩, ਅੰਗ ੫੬੦)

ਰਾਗੁ ਮਾਝ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਗੁਰੂ ਦੇ ਸਨਮੁਖ ਰਹਿਣ ਵਾਲਾ ਗੁਰਮੁਖ ਭਾਗਾਂ ਵਾਲਾ ਗ੍ਰਿਹਸਤੀ ਹੈ ਜੋ ਦੁਨਿਆਵੀ ਕਾਰ ਵਿਹਾਰ ਕਰਦਾ ਹੋਇਆ ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਅਜਿਹਾ ਪ੍ਰਾਣੀ ਮਨੁੱਖਾ ਜਨਮ ਦੀ ਬਾਜ਼ੀ ਜਿੱਤ ਕੇ ਜਾਂਦਾ ਹੈ :

ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ ॥

(ਅੰਗ ੧੩੧)

ਸਲੋਕ ਵਾਰਾਂ ਤੇ ਵਧੀਕ ਵਿਚ ਗੁਰਮੁਖ ਦੀ ਅਵਸਥਾ ਦਾ ਜ਼ਿਕਰ ਗੁਰੂ ਅਮਰਦਾਸ ਜੀ ਨੇ ਇਸ ਪ੍ਰਕਾਰ ਕੀਤਾ ਹੈ :

ਗੁਰਮੁਖਿ ਭੈਵਿਚ ਰੱਖਣਾ ਤੇ ਇਕੁ ਗਤਿ ਤੇ ਇਕੁ ਮੁਕਤੀ ਭ.ਗੁ. ੪੭/੧

ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ॥

(ਅੰਗ ੧੪੧੪)

ਭਾਵ ਜਿਹੜੇ ਪ੍ਰਾਣੀ ਗੁਰੂ ਦੇ ਦੱਸੇ ਮਾਰਗ ਤੇ ਚਲਦੇ ਹਨ, ਉਹ ਸਹਿਜ ਅਵਸਥਾ ਵਿਚ ਵਿਚਰਦੇ ਹਨ। ਉਨ੍ਹਾਂ ਅੰਦਰ ਆਤਮਿਕ ਅਡੋਲਤਾ ਬਣੀ ਰਹਿੰਦੀ ਹੈ। ਮਨ ਦਸਵੇਂ ਦੁਆਰ ਵਿਚ ਟਿਕ ਜਾਂਦਾ ਹੈ। ਇਹ ਉਹ ਅਵਸਥਾ ਹੈ ਜਦੋਂ ਗੁਰਮੁਖ ਪ੍ਰਾਣੀ ਉਤੇ ਮਾਇਆ ਕੋਈ ਅਸਰ ਨਹੀਂ ਕਰਦੀ। ਕਿਸੇ ਪ੍ਰਕਾਰ ਦਾ ਦੁੱਖ-ਸੁਖ ਵੀ ਪੋਂਹਦਾ ਨਹੀਂ। ਪ੍ਰਾਣੀ ਦੁੱਖ-ਸੁਖ ਦੋਨਾਂ ਨੂੰ ਸਮਾਨ ਕਰਕੇ ਜਾਣਦਾ ਹੈ। ਮਾਇਕ ਪਦਾਰਥਾਂ ਦੀ ਭੁੱਖ ਨਹੀਂ ਰਹਿੰਦੀ। ਕੇਵਲ ਇਕ ਨਾਮ ਦੀ ਭੁੱਖ ਹੀ ਰਹਿ ਜਾਂਦੀ ਹੈ।

ਭਾਈ ਗੁਰਦਾਸ ਜੀ ਨੇ ਗੁਰਮੁਖਾਂ ਦੇ ਗੁਣਾਂ ਅਤੇ ਲੱਛਣਾਂ ਬਾਰੇ ਆਪਣੀਆਂ ਵਾਰਾਂ ਵਿਚ ਵਿਸਥਾਰ ਪੂਰਵਕ ਚਾਨਣਾ ਪਾਇਆ ਹੈ। ਉਦਾਹਰਣ ਵਜੋਂ ਉਨ੍ਹਾਂ ਦੀ 19ਵੀਂ ਵਾਰ ਵਿਚੋਂ ਕੁਝ ਪ੍ਰਮਾਣ ਦਿੱਤੇ ਜਾਂਦੇ ਹਨ :

ਗੁਰਮੁਖ ਸਫਲ ਜਨੰਮ ਜਗ ਵਿਚ ਆਇਆ। *(ਪਉੜੀ ੧੦)*
ਗੁਰਮੁਖ ਪਰਉਪਕਾਰੀ ਵਿਰਲਾ ਆਇਆ। *(ਪਉੜੀ ੧੨)*
ਗੁਰਮੁਖ ਸਤ ਸੰਤੋਖ ਸਹਿਜ ਸਮਾਣਿਆ।
ਗੁਰਮੁਖ ਧੀਰਜ ਧਰਮ ਦਇਆ ਸੁਖ ਮਾਣਿਆ। *(ਪਉੜੀ ੧੩)*
ਗੁਰਮੁਖ ਜਨਮ ਸਵਾਰ ਦਰਗਹ ਚੱਲਿਆ।
ਸੱਚੀ ਦਰਗਹ ਜਾਇ ਸੱਚਾ ਪਿੜ ਮੱਲਿਆ। *(ਪਉੜੀ ੧੪)*
ਗੁਰਮੁਖ ਸੱਚ ਆਚਾਰ ਸੱਚ ਕਮਾਈਐ। *(ਪਉੜੀ ੧੬)*
ਗੁਰਮੁਖ ਹੱਸਦਾ ਜਾਇ ਅੰਤ ਨ ਰੋਈਐ। *(ਪਉੜੀ ੧੭)*
ਗੁਰਮੁਖ ਹੈ ਨਿਰਵੈਰ ਨ ਵੈਰ ਵਿਰੋਧੀਐ। *(ਪਉੜੀ ੧੮)*

ਗੁਰਮੁਖ ਦੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ। ਉਸਦੀ ਰਸਨਾ ਸਦਾ ਪ੍ਰਭੂ ਦੇ ਨਾਮ ਵਿਚ ਰੰਗੀ ਰਹਿੰਦੀ ਹੈ। ਉਹ ਲੋਕ ਅਤੇ ਪਰਲੋਕ ਦੋਨਾਂ ਵਿਚ ਸੋਭਾ ਖੱਟਦਾ ਹੈ। ਗੁਰਵਾਕ ਹੈ :

ਗੁਰਮੁਖਿ ਸਦਾ ਰਹੈ ਰੰਗਿ ਰਾਤੀ ਮਿਲਿ ਸਚੇ ਸੋਭਾ ਪਾਵਣਿਆ॥

(ਰਾਗੁ ਮਾਝ ਮਹਲਾ ੪, ਅੰਗ ੧੩੦)

ਗੁਰਮੁਖਿ ਹਰਿ ਦਰਿ ਸੋਭਾ ਪਾਏ॥
ਗੁਰਮੁਖਿ ਵਿਚਹੁ ਆਪੁ ਗਵਾਏ॥
ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ॥

(ਰਾਗੁ ਮਾਝ ਮਹਲਾ ੩, ਅੰਗ ੧੨੫)

ਭਾਵ ਗੁਰੂ ਦੇ ਦੱਸੇ ਮਾਰਗ ਤੇ ਚੱਲਣ ਵਾਲੇ ਪ੍ਰਾਣੀ ਨੂੰ ਪ੍ਰਭੂ ਦੇ ਦਰ ਉਤੇ ਸੋਭਾ ਤੇ ਮਾਣ ਮਿਲਦਾ ਹੈ। ਉਹ ਆਪਣਾ ਆਪਾ ਭਾਵ ਗੁਆ ਕੇ ਵਿਕਾਰਾਂ ਨੂੰ ਮਾਰ ਕੇ, ਆਪ ਹੀ ਭਵ-ਸਾਗਰ ਤੋਂ ਪਾਰ ਨਹੀਂ ਲੰਘਦਾ ਸਗੋਂ ਆਪਣੀ ਕੁਲ ਦਾ ਵੀ ਪਾਰ-ਉਤਾਰਾ ਕਰ ਦਿੰਦਾ ਹੈ। ਇੰਜ ਨਾਮ ਦੀ ਬਰਕਤ ਨਾਲ ਗੁਰਮੁਖ ਆਪਣਾ ਜੀਵਨ

ਸੰਵਾਰ ਲੈਂਦਾ ਹੈ।

ਗੁਰਮੁਖਾਂ ਤੇ ਕਦੀ ਬੁਢਾਪਾ ਨਹੀਂ ਆਉਂਦਾ। ਉਹ ਬੁਢਾਪੇ ਵਿਚ ਵੀ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਉਨ੍ਹਾਂ ਦਾ ਆਤਮਿਕ ਮਨੋਬਲ ਕਦੀ ਕਮਜ਼ੋਰ ਨਹੀਂ ਪੈਂਦਾ। ਸਲੋਕ ਵਾਰਾਂ ਤੇ ਵਧੀਕ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ ਕਿ ਅਜਿਹੇ ਪ੍ਰਾਣੀਆਂ ਨੂੰ ਹਰ ਇਕ ਵਿਚ ਇਕ ਪਰਮਾਤਮਾ ਦੀ ਜੋਤਿ ਹੀ ਦਿਖਾਈ ਦਿੰਦੀ ਹੈ। ਉਹ ਸਹਿਜ ਅਵਸਥਾ ਵਿਚ ਵਿਚਰਦੇ ਹੋਏ, ਦੁੱਖ ਸੁਖ ਨੂੰ ਇਕ ਸਮਾਨ ਸਮਝਦੇ ਹਨ। ਉਨ੍ਹਾਂ ਦੀ ਸੁਰਤ ਸਦਾ ਪ੍ਰਭੂ ਚਰਨਾਂ ਵਿਚ ਜੁੜੀ ਰਹਿੰਦੀ ਹੈ ਅਤੇ ਅਨੰਦ ਮਾਣਦੇ ਹਨ :

ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ॥
ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ॥
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ॥

(ਸਲੋਕ ਨੰਬਰ ੪੪, ਅੰਗ ੧੪੧੮)

ਅਰਥਾਤ

ਗੁਰਮੁਖਿ ਰਤਨੁ ਲਹੈ ਲਿਵ ਲਾਇ॥
ਗੁਰਮੁਖਿ ਪਰਖੈ ਰਤਨੁ ਸੁਭਾਇ॥

(ਪਉੜੀ ਨੰਬਰ ੩੫, ਸਿਧ ਗੋਸਟਿ, ਅੰਗ ੯੪੨)

ਭਾਵ ਗੁਰਮੁਖ ਪ੍ਰਾਣੀ ਆਪਣੀ ਸੁਰਤ ਨੂੰ ਪ੍ਰਭੂ ਚਰਨਾਂ ਵਿਚ ਜੋੜ ਕੇ ਨਾਮ-ਰੂਪੀ ਰਸ ਮਾਣਦਾ ਹੈ। ਉਸ ਨਾਮ-ਰਸ ਤੋਂ ਜੋ ਅਨੰਦ ਪ੍ਰਾਪਤ ਹੁੰਦਾ ਹੈ ਉਸ ਨੂੰ ਕੇਵਲ ਗੁਰਮੁਖ ਹੀ ਅਨੁਭਵ ਕਰ ਸਕਦਾ ਹੈ :

ਗੁਰਮੁਖਾਂ ਦੀ ਇਕ ਹੋਰ ਵਡਿਆਈ ਹੈ ਕਿ ਉਹ ਸਦਾ ਪ੍ਰਭੂ ਦੇ ਭਾਣੇ ਵਿਚ ਵਿਚਰਦੇ ਹਨ ਭਾਵੇਂ ਮਾਲਕ ਦੀ ਰਜ਼ਾ ਵਿਚ ਤੁਰਨਾ ਬੜਾ ਔਖਾ ਹੈ 'ਬਿਖਮ ਤੇਰਾ ਹੈ ਭਾਣਾ।' ਰਾਗੁ ਸਾਰਗ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ :

੧. **ਗੁਰਮੁਖਿ ਹੋਵੈ ਸੁ ਭਾਣਾ ਮੰਨੇ ਸਹਜੇ ਹਰਿ ਰਸੁ ਪੀਜੈ॥** *(ਅੰਗ ੧੨੪੬)*

ਗੁਰਮੁਖ ਕਦੀ ਪਰਾਏ ਧਨ ਵੱਲ ਨਹੀਂ ਤੱਕਦਾ। ਉਹ ਸਦਾ ਦਸਾਂ ਨਹੁੰਆਂ ਦੀ ਨੇਕ ਕਮਾਈ ਹੀ ਕਰਦਾ ਹੈ :

ਗੁਰਮੁਖਿ ਸਾਚੀ ਕਾਰ ਕਮਾਇ॥ *(ਸਿਧ ਗੋਸਟਿ, ਅੰਗ ੯੪੨)*

ਗੁਰਮਤਿ ਵਿਚ ਗੁਰਮੁਖ ਨੂੰ ਬੜਾ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਗੁਰਬਾਣੀ ਵਿਚ ਬੜੇ ਸਪੱਸ਼ਟ ਸ਼ਬਦਾਂ ਵਿਚ ਸੇਧ ਦਿੱਤੀ ਗਈ ਹੈ ਕਿ ਗੁਰਮੁਖਾਂ ਨਾਲ ਮਿੱਤਰਤਾ ਕੀਤਿਆਂ ਅਤੇ ਗੁਰੂ ਦੇ ਚਰਨਾਂ ਦਾ ਓਟ ਆਸਰਾ ਲੈਣ ਨਾਲ ਪ੍ਰਾਣੀ ਦੇ ਜਨਮ-ਮਰਨ ਦੇ ਗੇੜ ਕੱਟੇ ਜਾਂਦੇ ਹਨ ਅਤੇ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ :

ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥
ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ॥

(ਸਲੋਕ ਵਾਰਾਂ ਤੇ ਵਧੀਕ ਨੰਬਰ ੬੬, ਮਹਲਾ ੩, ਅੰਗ ੧੪੨੧)

੨. ਨਾਨਕ ਸੁਖਦਾਤਾ ਸਦਾ ਸਲਾਹਿਹੁ ਰਸਨਾ ਰਾਮੁ ਰਵੀਜੈ॥ ਮ: ੩॥

[illegible]

(17)

ਸਮਦਰਸ਼ੀ

equaility
Principle of equalism

ਸਮਦਰਸ਼ੀ ਸ਼ਬਦ ਦੋ ਅੱਖਰਾਂ ਸਮ ਅਤੇ ਦਰਸ਼ੀ ਦਾ ਸੁਮੇਲ ਹੈ। ਸਮ ਤੋਂ ਭਾਵ ਹੈ ਬਰਾਬਰ ਜਾਂ ਇਕ ਸਮਾਨ ਅਤੇ ਦਰਸ਼ੀ ਤੋਂ ਭਾਵ ਹੈ ਦੇਖਣ ਵਾਲਾ। ਸਭ ਨੂੰ ਇਕ ਸਮਾਨ ਜਾਂ ਇਕ ਨਜ਼ਰ ਨਾਲ ਦੇਖਣ ਵਾਲਾ ਸਮਦਰਸ਼ੀ ਹੈ। ਸਮਦਰਸ਼ੀ ਅੰਦਰ ਕਿਸੇ ਪ੍ਰਕਾਰ ਦਾ ਭੇਦ ਭਾਵ ਨਹੀਂ ਹੁੰਦਾ। ਗੁਰਬਾਣੀ ਵਿਚ ਸਮਦਰਸ਼ੀ ਸ਼ਬਦ ਦੀ ਵਰਤੋਂ ਭਿੰਨ-ਭਿੰਨ ਪ੍ਰਸੰਗਾਂ ਵਿਚ ਹੋਈ ਹੈ। ਅਕਾਲ ਪੁਰਖ ਵਾਹਿਗੁਰੂ, ਸਤਿਗੁਰੂ, ਬ੍ਰਹਮ ਗਿਆਨੀ ਜਾਂ ਗੁਰੂ ਪਿਆਰਿਆਂ ਨੂੰ ਸਮਦਰਸ਼ੀ ਕਰਕੇ ਉਨ੍ਹਾਂ ਦੀ ਸਲਾਹੁਨਾ ਕੀਤੀ ਗਈ ਹੈ।

ਵਾਹਿਗੁਰੂ ਦੀਆਂ ਨਜ਼ਰਾਂ ਵਿਚ ਸਭ ਜੀਵ ਇਕ ਸਮਾਨ ਹਨ ਪ੍ਰੰਤੂ ਇਸ ਗੱਲ ਦੀ ਸੋਝੀ ਉਸ ਮਨੁੱਖ ਨੂੰ ਹੁੰਦੀ ਹੈ ਜੋ ਗੁਰੂ ਦੇ ਦੱਸੇ ਮਾਰਗ ਤੇ ਚਲਦਾ ਹੋਇਆ ਪ੍ਰਭੂ ਦੇ ਨਾਮ ਨਾਲ ਜੁੜਦਾ ਹੈ। ਗੁਰਵਾਕ ਹੈ :

ਗੁਰਮੁਖਿ ਖੋਜਿ ਲਹਹਿ ਜਨ ਪੂਰੇ ਇਉ ਸਮਦਰਸੀ ਚੀਨਾ ਹੇ॥

(ਰਾਗੁ ਮਾਰੂ ਸੋਲਹੇ ਮਹਲਾ ੧, ਅੰਗ ੧੦੨੮)

ਪ੍ਰਭੂ ਤਾਂ ਸਭਨਾਂ ਦਾ ਮਾਂ-ਪਿਉ ਹੈ। ਬਿਨਾਂ ਕਿਸੇ ਵਿਤਕਰੇ ਜਾਂ ਭਿੰਨ-ਭੇਦ ਦੇ ਸਭਨਾਂ ਦੀ ਸੰਭਾਲ ਕਰਦਾ ਹੈ। ਸੋਰਠਿ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ :

ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ॥ *(ਅੰਗ ੬੫੩)*

ਗੁਰਬਾਣੀ ਵਿਚ ਸਤਿਗੁਰੂ ਜਾਂ ਗੁਰੂ ਨੂੰ ਵੀ ਸਮਦਰਸ਼ੀ ਕਰਕੇ ਗਰਦਾਨਿਆ ਗਿਆ ਹੈ। ਵਿਵੇਕ ਬੁੱਧੀ ਵਾਲਾ ਪੂਰਾ ਗੁਰੂ ਸਮਦਰਸ਼ੀ ਹੈ। ਉਸ ਨੂੰ ਮਿਲਿਆਂ ਮਨ ਦੇ ਸਾਰੇ ਸ਼ੰਕੇ ਤੇ ਭੁਲੇਖੇ ਦੂਰ ਹੋ ਜਾਂਦੇ ਹਨ। ਮਨ ਵਿਚ ਕੋਈ ਮੇਰ-ਤੇਰ ਨਹੀਂ ਰਹਿੰਦੀ ਅਤੇ ਪਰਮਪਦ ਦੀ ਪ੍ਰਾਪਤੀ ਹੁੰਦੀ ਹੈ:

ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ॥
ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ॥

(ਰਾਗੁ ਨਟ ਨਰਾਇਨ ਮਹਲਾ ੪, ਅੰਗ ੯੮੧)

ਅਥਵਾ :

ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ॥
ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ॥

(ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੦੦)

ਭਾਵ ਸਤਿਗੁਰੂ ਤਾਂ ਬੜਾ ਦਿਆਲੂ ਹੈ। ਉਸ ਲਈ ਸਭ ਸਮਾਨ ਹਨ। ਸਭ ਨੂੰ ਇਕੋ ਨਜ਼ਰ ਨਾਲ ਦੇਖਦਾ ਹੈ। ਸਤਿਗੁਰੂ ਸਮਦਰਸ਼ੀ ਹੈ ਪ੍ਰੰਤੂ ਜੀਵ ਦਾ ਪਾਰ ਉਤਾਰਾ ਆਪਣੇ ਮਨ ਦੀ ਭਾਵਨਾ ਕਰਕੇ ਹੁੰਦਾ ਹੈ। ਜਿਹੋ ਜਿਹੀ ਮਨ ਦੀ ਭਾਵਨਾ ਹੁੰਦੀ ਹੈ ਤਿਹੋ ਜਿਹੀ ਮੁਰਾਦ ਮਿਲਦੀ ਹੈ।

ਰਾਗੁ ਮਲਾਰ ਵਿਚ ਗੁਰੂ ਰਾਮਦਾਸ ਜੀ ਦੇ ਬਚਨ ਹਨ ਕਿ ਜਿਹੋ ਜਿਹੇ ਗੁਣ ਪ੍ਰਭੂ ਵਿਚ ਹੁੰਦੇ ਹਨ ਉਹੋ ਜਿਹੇ ਗੁਣ ਉਸ ਦੇ ਪਿਆਰੇ ਸੇਵਕਾਂ ਵਿਚ ਆ ਵੱਸਦੇ ਹਨ। ਪ੍ਰਭੂ ਆਪਣੇ ਆਪ ਨੂੰ ਆਪਣੇ ਪਿਆਰੇ ਜਨਾਂ ਦੇ ਹਿਰਦੇ ਵਿਚ ਟਿਕਾਈ ਰੱਖਦਾ ਹੈ। ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਸਾਰਿਆਂ ਅੰਦਰ ਇਕੋ ਹੀ ਜੋਤਿ ਨੂੰ ਵੇਖਿਆ। ਉਨ੍ਹਾਂ ਦੀ ਸਭ ਤੇ ਨਜ਼ਰ ਸਵੱਲੀ ਸੀ। ਉਨ੍ਹਾਂ ਦੀ ਉਪਮਾ ਕਥਨੀ ਤੋਂ ਬਾਹਰ ਹੈ। ਸਤਿਗੁਰਾਂ ਨੇ ਨਿੰਦਾ ਜਿਹੇ ਵਿਕਾਰਾਂ ਨੂੰ ਖ਼ਤਮ ਕਰਕੇ ਦੂਜਿਆਂ ਨੂੰ ਵੀ ਇਸ ਤੋਂ ਮੁਕਤ ਕੀਤਾ। ਉਨ੍ਹਾਂ ਦੀ ਕਮਾਈ ਧੰਨ ਹੈ :

ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ॥
ਧਨੁ ਧੰਨੁ ਗੁਰੂ ਨਾਨਕੁ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ॥

(ਅੰਗ ੧੨੬੪)

ਗੁਰੂ ਨਾਨਕ ਦੇਵ ਜੀ ਦੇ ਆਪਣੇ ਬਚਨ ਹਨ :

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥

(ਰਾਗੁ ਧਨਾਸਰੀ, ਅੰਗ ੬੬੩)

ਗੁਰਬਾਣੀ ਅਨੁਸਾਰ ਕੋਈ ਪਰਾਇਆ ਹੈ ਹੀ ਨਹੀਂ। ਸਭ ਆਪਣੇ ਹੀ ਸੱਜਣ-ਮਿੱਤਰ ਹਨ। ਗੁਰਵਾਕ ਹੈ :

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥

(ਰਾਗੁ ਧਨਾਸਰੀ ਮਹਲਾ ੫, ਅੰਗ ੬੭੧)

ਅਥਵਾ :

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥

(ਰਾਗੁ ਕਾਨੜਾ ਮਹਲਾ ੫, ਅੰਗ ੧੨੯੯)

ਸਾਰੇ ਜੀਵ ਪਰਮਾਤਮਾ ਦੇ ਪੈਦਾ ਕੀਤੇ ਹੋਏ ਹੀ ਹਨ। ਫਿਰ ਕਿਸ ਨੂੰ ਮੰਦਾ ਜਾਂ ਚੰਗਾ ਕਿਹਾ ਜਾਏ :

ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਾਰੇ॥

(ਰਾਗੁ ਆਸਾ ਮਹਲਾ ੫, ਅੰਗ ੩੮੩)

ਭਗਤ ਕਬੀਰ ਜੀ ਦਾ ਰਾਗੁ ਪ੍ਰਭਾਤੀ ਵਿਚ ਬੜਾ ਸੁੰਦਰ ਕਥਨ ਹੈ :

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥

(ਅੰਗ ੧੩੪੯)

ਭਗਤ ਜੀ ਕਿਸੇ ਨੂੰ ਓਪਰਾ ਜਾਂ ਬਿਗਾਨਾ ਨਹੀਂ ਸਮਝਦੇ। ਉਨ੍ਹਾਂ ਦੀ ਨਜ਼ਰ ਵਿਚ ਕੋਈ ਉੱਚਾ ਜਾਂ ਨੀਵਾਂ ਨਹੀਂ। ਕੋਈ ਚੰਗਾ ਜਾਂ ਮਾੜਾ ਨਹੀਂ ਕਿਉਂਕਿ ਸਾਰਿਆਂ ਦੀ ਉਪਜ ਇਕ ਨੂਰ ਤੋਂ ਹੀ ਹੋਈ ਹੈ ਜੋ ਸਮਦਰਸ਼ੀ ਹੈ, ਕਿਰਪਾਲੂ ਹੈ ਅਤੇ ਸਭ ਦੀ ਪਾਲਣਾ ਕਰਨ ਵਾਲਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਉਸਤਤਿ ਬਾਣੀ ਵਿਚ ਬੜੇ ਅੱਮੋਲਕ ਬਚਨ ਹਨ। ਆਪ ਜੀ ਸਾਰੀ ਮਨੁੱਖਤਾ ਨੂੰ ਇਕ ਸਮਾਨ ਸਮਝਦੇ ਹੋਏ ਫ਼ਰਮਾ ਰਹੇ ਹਨ ਕਿ

ਪੂਜਾ ਹੋਵੇ ਜਾਂ ਨਮਾਜ਼, ਮੰਦਰ ਹੋਵੇ ਜਾਂ ਮਸੀਤ ਭਾਵ ਕੋਈ ਵੀ ਧਾਰਮਿਕ ਅਸਥਾਨ ਹੋਵੇ ਸਭ ਵਿਚ ਭਗਤੀ ਜਾਂ ਅਬਾਦਤ ਤਾਂ ਇਕ ਪ੍ਰਭੂ ਦੀ ਹੀ ਹੁੰਦੀ ਹੈ। ਵੱਖ-ਵੱਖ ਫ਼ਿਰਕੇ, ਭੇਖਾਂ, ਰੂਪਾਂ-ਰੰਗਾਂ, ਨਸਲਾਂ, ਕੌਮਾਂ ਜਾਂ ਦੇਸ਼ਾਂ ਦੇ ਜੀਵਾਂ ਨੂੰ ਆਪ ਜੀ ਸਮ-ਦ੍ਰਿਸ਼ਟੀ ਨਾਲ ਦੇਖਦੇ ਹਨ :

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ।
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।

ਅਥਵਾ :

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਈ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ।

ਬ੍ਰਹਮਗਿਆਨੀ, ਗੁਰਮੁਖ, ਪੂਰਨ ਸੰਤ-ਜਨ ਆਦਿ ਵੀ ਸਭ ਨੂੰ ਇਕ ਸਮਾਨ ਸਮਝ ਕੇ ਪਿਆਰ ਕਰਦੇ ਹਨ। ਜਿਵੇਂ ਪਵਨ (ਹਵਾ), ਰਾਜਾ-ਰੰਕ, ਅਮੀਰ ਗਰੀਬ ਸਭ ਨੂੰ ਇਕ ਸਮਾਨ ਠੰਡਕ ਪਹੁੰਚਾਉਂਦੀ ਹੈ, ਇਸੇ ਪ੍ਰਕਾਰ ਬ੍ਰਹਮ ਗਿਆਨੀ ਸਭ ਨੂੰ ਇਕੋ ਦ੍ਰਿਸ਼ਟੀ ਨਾਲ ਦੇਖਦਾ ਹੈ। ਗੁਰੂ ਅਰਜਨ ਦੇਵ ਜੀ ਦਾ ਰਾਗੁ ਗਉੜੀ ਸੁਖਮਨੀ ਸਾਹਿਬ ਵਿਚ ਫ਼ਰਮਾਨ ਹੈ :

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥ *(ਅੰਗ ੨੭੨)*

ਸਭ ਨੂੰ ਇਕੋ ਜਿਹਾ ਜਾਣਨਾ ਅਤੇ ਸਭ ਨੂੰ ਇਕੋ ਨਜ਼ਰ ਨਾਲ ਵੇਖਣ ਵਾਲੇ ਗੁਣ ਉਸ ਮਨੁੱਖ ਅੰਦਰ ਆ ਵੱਸਦੇ ਹਨ ਜਿਨ੍ਹਾਂ ਦੀ ਸਾਂਝ ਪ੍ਰਭੂ ਨਾਲ ਪੈ ਜਾਂਦੀ ਹੈ। ਗੁਰਵਾਕ ਹੈ :

ਸੁੰਦਰੁ ਚਤੁਰੁ ਤਤ ਕਾ ਬੇਤਾ॥ ਸਮਦਰਸੀ ਏਕ ਦ੍ਰਿਸਟੇਤਾ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ॥
(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੯੬)

ਅਥਵਾ :

ਜਬ ਚੂਕੈ ਪੰਚ ਧਾਤੁ ਕੀ ਰਚਨਾ ਐਸੇ ਭਰਮੁ ਚੁਕਾਵਹਿਗੇ॥
ਦਰਸਨੁ ਛੋਡਿ ਭਏ ਸਮਦਰਸੀ ਏਕੋ ਨਾਮੁ ਧਿਆਵਹਿਗੇ॥ ੨॥
(ਰਾਗੁ ਮਾਰੂ ਕਬੀਰ ਜੀਉ, ਅੰਗ ੧੧੦੩)

ਭਾਵ ਜਦੋਂ ਤੋਂ ਮੇਰੀ ਸੁਰਤ ਪ੍ਰਭੂ ਦੇ ਚਰਨਾਂ ਵਿਚ ਜੁੜੀ ਹੈ ਮੇਰੇ ਪੰਜ ਭੌਤਿਕ ਸਰੀਰ ਦਾ ਮੋਹ ਜਾਂਦਾ ਰਿਹਾ ਹੈ। ਹੁਣ ਮਨ ਦੇ ਸਾਰੇ ਭਰਮ-ਭੁਲੇਖੇ ਦੂਰ ਹੋ ਗਏ ਹਨ ਅਤੇ ਸਭਨਾਂ ਅੰਦਰ ਇਕ ਪਰਮਾਤਮਾ ਦੀ ਜੋਤਿ ਦਿੱਸ ਰਹੀ ਹੈ। ਸਾਰੇ ਜੀਵ ਇਕ ਸਮਾਨ ਜਾਪਣ ਲੱਗ ਪਏ ਹਨ।

ਅਜਿਹਾ ਸਮਦਰਸ਼ੀ ਮਾਨੋ ਸਾਰੇ ਦੁਨਿਆਵੀ ਵਿਕਾਰਾਂ ਤੇ ਵਿਜੇ ਪ੍ਰਾਪਤ ਕਰ ਲੈਂਦਾ ਹੈ :

ਸੋ ਸਮਦਰਸੀ ਤਤ ਕਾ ਬੇਤਾ॥ ਨਾਨਕ ਸਗਲ ਸ੍ਰਿਸਟਿ ਕਾ ਜੇਤਾ॥
(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੯੨)

ਅਜੇਹੀ ਦਿੱਬ ਆਤਮਾ ਸੂਰਬੀਰ ਅਤੇ ਧੀਰਜਵਾਨ ਬੁੱਧੀ ਵਾਲਾ ਪੂਰਨ ਪੁਰਖ ਹੁੰਦਾ ਹੈ ਜਿਸਦੀ ਸੁਰਤ ਅੱਠੇ ਪਹਿਰ ਸਹਿਜ ਸਮਾਧੀ ਵਿਚ ਜੁੜੀ ਰਹਿੰਦੀ ਹੈ। ਇਹ ਅਨੰਦਮਈ ਅਵਸਥਾ ਹੈ। ਸੱਚੇ ਨਾਮ ਦਾ ਹਿਰਦੇ ਘਰ ਵਿਚ ਆ ਵੱਸਣ ਨਾਲ ਪ੍ਰਾਣੀ ਸੰਸਾਰਕ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਸੰਸਾਰ ਵਿਚ ਵਿਚਰਦਾ ਹੋਇਆ ਵੀ ਉਹ ਮਾਇਆ ਦੇ ਮੋਹ ਤੋਂ ਨਿਰਲੇਪ ਰਹਿੰਦਾ ਹੈ ਜਿਸ ਸਦਕਾ ਅਜਿਹਾ ਵਿਅਕਤੀ ਸਭਨਾਂ ਵਿਚ ਇਕ ਪਰਮਾਤਮਾ ਦੀ ਜੋਤਿ ਨੂੰ ਵੇਖਦਾ ਹੈ ਅਤੇ ਸਭ ਨੂੰ ਇਕ ਸਮਾਨ ਸਮਝਦਾ ਹੈ—ਸਭ ਨੂੰ ਇਕ ਹੀ ਨਜ਼ਰ ਨਾਲ ਤੱਕਦਾ ਹੈ। ਐਸੇ ਸਮਦਰਸ਼ੀ ਨੂੰ ਫਿਰ ਕੋਈ ਮਾਨਸਿਕ ਰੋਗ ਪੋਹ ਨਹੀਂ ਸਕਦਾ। ਉਸ ਨੂੰ ਜਿਵੇਂ ਸਾਰੇ ਸੁਖ ਪ੍ਰਾਪਤ ਹੋ ਗਏ ਹੋਣ। ਗੁਰਵਾਕ ਹੈ :

ਸੂਰਬੀਰ ਧੀਰਜ ਮਤਿ ਪੂਰਾ॥
ਸਹਜ ਸਮਾਧਿ ਧੁਨਿ ਗਹਿਰ ਗੰਭੀਰਾ॥
ਸਦਾ ਮੁਕਤੁ ਤਾ ਕੇ ਪੂਰੇ ਕਾਮ॥
ਜਾ ਕੈ ਰਿਦੈ ਵਸੈ ਹਰਿ ਨਾਮ॥
ਸਗਲ ਸੂਖ ਆਨੰਦ ਅਰੋਗ॥
ਸਮਦਰਸੀ ਪੂਰਨ ਨਿਰਜੋਗ॥

(ਰਾਗੁ ਰਾਮਕਲੀ ਮਹਲਾ ੫, ਅੰਗ ੮੯੦-੮੧)

ਜਦੋਂ ਜੋਗ ਕਮਾਉਣ ਦੀ ਗੱਲ ਆਉਂਦੀ ਹੈ ਤਾਂ ਵੀ ਗੁਰੂ ਨਾਨਕ ਦੇਵ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਫ਼ਰਮਾਇਆ ਹੈ ਕਿ ਅਸਲ ਜੋਗੀ ਉਹ ਹੈ ਜਿਸਦੇ ਮਨ ਅੰਦਰ ਕਿਸੇ ਲਈ ਭੇਦ-ਭਾਵ ਨਹੀਂ ਅਤੇ ਇਕੋ ਨਿਗਾਹ ਨਾਲ ਸਭ ਨੂੰ ਇਕ ਸਮਾਨ ਸਮਝਦਾ ਹੈ :

ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥

(ਰਾਗੁ ਸੂਹੀ, ਅੰਗ ੭੩੦)

ਪ੍ਰੰਤੂ ਸਭ ਨੂੰ ਇਕ ਨਜ਼ਰ ਨਾਲ ਦੇਖਣ ਵਾਲੇ ਸਮਦਰਸ਼ੀ ਪ੍ਰਾਣੀ ਕਰੋੜਾਂ ਵਿਚੋਂ ਕੋਈ ਵਿਰਲੇ ਹੀ ਹਨ। ਗੁਰਵਾਕ ਹੈ :

ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥

(ਸਿਰੀ ਰਾਗੁ ਮਹਲਾ ੫, ਅੰਗ ੫੧)

ਰਾਗੁ ਗੋਂਡ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਜਿਸ ਮਨੁੱਖ ਤੇ ਗੁਰੂ ਦੀ ਕਿਰਪਾ ਹੁੰਦੀ ਹੈ ਉਹ ਪ੍ਰਾਣੀ ਸਮਦਰਸ਼ੀ ਜਿਹੇ ਗੁਣਾਂ ਦਾ ਭਾਗੀ ਬਣਦਾ ਹੈ :

ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ॥ *(ਅੰਗ ੮੬੨)*

ਅਥਵਾ :

ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ
ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥

(ਰਾਗੁ ਵਡਹੰਸੁ ਕੀ ਵਾਰ ਮਹਲਾ ੪, ਅੰਗ ੫੯੪)

ਗੁਰੂ ਸਾਹਿਬਾਨ ਵਲੋਂ ਦਰਸਾਏ ਹੋਏ ਇਸ ਮਾਰਗ ਤੇ ਚਲਦੇ ਹੋਏ ਗੁਰਸਿੱਖ ਆਪਣੀ ਨਿੱਤ ਦੀ ਅਰਦਾਸ ਵਿਚ ਸਰਬੱਤ ਦਾ ਭਲਾ ਮੰਗਦੇ ਹਨ।

ਸਤ ਸੰਤੋਖ ਰਹਨੁ ਜਨ ਭਾਈ ॥ ਖਿਮਾ ਗਹਨੁ ਸਤਿਗੁਰ ਸਮਝਾਈ ॥
ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ ॥੪॥
(ਮਾਰੂ ਮ ੧ 1030)

(18)

ਸੰਤੋਖ

contentment — satisfaction

ਸੰਤੋਖ ਮਨ ਦੀ ਉਹ ਅਵਸਥਾ ਹੈ ਜਦੋਂ ਮਨ ਦੀ ਸਾਰੀ ਭਟਕਣਾ ਜਾਂਦੀ ਰਹਿੰਦੀ ਹੈ। ਲਾਲਸਾਵਾਂ ਦਾ ਨਾਸ ਹੋ ਜਾਂਦਾ ਹੈ। ਟਿਕਾਉ ਅਤੇ ਸ਼ਾਂਤੀ ਮਨ ਵਿਚ ਆ ਵੱਸਦੀ ਹੈ। ਸਬਰ ਅਤੇ ਸ਼ੁਕਰ ਦੀ ਭਾਵਨਾ ਪੈਦਾ ਹੋ ਜਾਂਦੀ ਹੈ।

ਰਾਗੁ ਬਸੰਤੁ ਵਿਚ ਗੁਰੂ ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਮਾਇਆ ਵੇੜਾ ਮਨੁੱਖ ਹਰ ਵੇਲੇ ਅਤ੍ਰਿਪਤ ਰਹਿੰਦਾ ਹੈ। ਉਸਦੇ ਮਨ ਅੰਦਰ ਕਦੀ ਸੰਤੋਖ ਨਹੀਂ ਉਪਜਦਾ। ਫਲਸਰੂਪ ਉਹ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਜਿਸ ਮਾਇਆ ਦੀ ਖ਼ਾਤਰ ਪ੍ਰਾਣੀ ਐਨੇ ਪਾਪ ਕਰਦਾ ਹੈ ਇਹ ਤਾਂ ਧੂੰਏਂ ਦੇ ਬੱਦਲਾਂ ਦੀ ਨਿਆਈਂ ਹੈ ਜੋ ਹਵਾ ਦੇ ਇਕ ਬੁੱਲੇ ਨਾਲ ਉੱਡ ਜਾਂਦੇ ਹਨ :

ਤ. ਗੋਵਿੰਦੁ ਭਜਹੁ ਮੇਰੇ ਸਦਾ ਮੀਤ ॥
ਸਾਚ ਸਬਦ ਕੀ ਸਦਾ ਪ੍ਰੀਤਿ ॥ ਰਹਾਉ ॥

੧ ਸੰਤੋਖ ਨ ਆਵਤ ਕਹੂੰ ਕਾਜ ॥
ਧੂੰਮ ਬਾਦਰ ਸਭਿ ਮਾਇਆ ਸਾਜ ॥
੨ ਪਾਪ ਕਰੰਤੌ ਨਹ ਸੰਗਾਇ ॥
ਬਿਖੁ·ਕਾ ਮਾਤਾ ਆਵੈ ਜਾਇ ॥ ਬਸੰਤੁ ਮਹਲਾ ੫ *(ਅੰਗ ੧੧੯੨)*

ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ, ਸੁਖ, ਸ਼ਾਂਤੀ ਅਤੇ ਸੰਤੋਖ ਦੀ ਪ੍ਰਾਪਤੀ ਲਈ ਕਈ ਤਰ੍ਹਾਂ ਦੇ ਕਾਰ-ਵਿਹਾਰ ਕਰਦਾ ਹੈ ਪਰ ਜੇ ਜ਼ਰਾ ਗਹੁ ਨਾਲ ਦੇਖੀਏ ਤਾਂ ਸੰਤੋਖ ਦਾ ਸੰਸਾਰਕ ਪਦਾਰਥਾਂ ਜਾਂ ਸੁਖਾਂ ਨਾਲ ਕੋਈ ਸੰਬੰਧ ਨਹੀਂ ਜਾਪਦਾ। ਅਨੁਭਵ ਦੱਸਦਾ ਹੈ ਕਿ ਜਿਉਂ-ਜਿਉਂ ਮਨੁੱਖ ਪਾਸ ਸੁਖ ਅਤੇ ਐਸ਼ੋ-ਆਰਾਮ ਦੇ ਸਾਧਨ ਵਧਦੇ ਜਾਂਦੇ ਹਨ ਉਸਦੀਆਂ ਲਾਲਸਾਵਾਂ ਵੀ ਵਧਦੀਆਂ ਜਾਂਦੀਆਂ ਹਨ। ਗੁਰੂ ਅਰਜਨ ਦੇਵ ਜੀ ਨੇ ਅਜਿਹੇ ਪ੍ਰਾਣੀ ਦੀ ਵਿਥਿਆ ਰਾਗੁ ਜੈਤਸਰੀ ਵਿਚ ਇਸ ਪ੍ਰਕਾਰ ਦਰਸਾਈ ਹੈ :

ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ ॥
ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ ॥
ਜੈਤਸਰੀ ਮ ੫ *(ਅੰਗ ੭੦੦)*

ਭਾਵ ਮੋਤੀਆਂ ਦੀ ਮਾਲਾ, ਸੋਨਾ (ਕਨਿਕ) ਲਾਲ, ਹੀਰੇ, ਮਨ ਨੂੰ ਖ਼ੁਸ਼ ਕਰਨ ਵਾਲੀ ਮਾਇਆ, ਇਹ ਸਾਰੀਆਂ ਮਨੋਰੰਜਨ ਦੀਆਂ ਚੀਜ਼ਾਂ ਹੁੰਦਿਆਂ ਹੋਇਆਂ ਵੀ ਮਨੁੱਖੀ ਮਨ ਕਦੀ ਰੱਜਦਾ ਨਹੀਂ। ਸਾਰੀ ਉਮਰ ਹਾਇ-ਹਾਇ ਕਰਦਾ ਹੀ ਲੰਘਾ ਦੇਂਦਾ ਹੈ, ਇਸ ਨੂੰ ਕਦੇ ਸਬਰ-ਸੰਤੋਖ ਨਹੀਂ ਆਉਂਦਾ।

ਮਨੁੱਖੀ ਮਨ ਦਾ ਸੁਭਾਅ ਹੀ ਅਜਿਹਾ ਹੈ ਕਿ ਸਦਾ ਆਪਣੇ ਨਾਲੋਂ ਉੱਪਰ ਵੱਲ ਦੇਖਦਾ ਹੈ। ਸੰਸਾਰਕ ਉੱਨਤੀ ਲਈ ਕਿਸੇ ਹੱਦ ਤੱਕ ਇਹ ਲਾਲਸਾ ਜ਼ਰੂਰੀ ਵੀ ਹੈ ਕਿਉਂਕਿ ਇਸ ਤਰ੍ਹਾਂ ਵਿਕਾਸ ਦੀ ਗਤੀ ਵਿਚ ਤੇਜ਼ੀ ਆਉਂਦੀ ਹੈ ਜੋ ਇਕ ਸਿਹਤਮੰਦ ਤੇ ਚੰਗੇ ਸਮਾਜ ਲਈ ਬੜੀ ਮਹੱਤਵਪੂਰਨ ਹੈ ਪਰ ਜਦੋਂ ਲੋੜੀਂਦੀਆਂ ਹੱਦਾਂ ਬੰਨੇ ਟੱਪ ਜਾਣ ਅਤੇ

ਮਨੁੱਖੀ ਮਨ ਦੀ ਲਾਲਸਾ ਵਧਦੀ ਜਾਵੇ ਤਾਂ ਮੋਹ-ਮਾਇਆ ਵਿਚ ਗ੍ਰਸਿਆ ਹੋਇਆ ਮਨੁੱਖ ਆਪਣੇ ਸੁਆਰਥ ਲਈ ਨਾ ਕੇਵਲ ਧਰਮ ਅਤੇ ਸੰਤੋਖ ਵਰਗੇ ਸਦਾਚਾਰਕ ਗੁਣਾਂ ਤੋਂ ਵਾਂਝਾ ਰਹਿ ਜਾਂਦਾ ਹੈ ਸਗੋਂ ਆਪਣੇ ਸਵੈ-ਮਾਣ ਨੂੰ ਗੁਆ ਕੇ ਲੋਭ-ਲਾਲਚ ਦਾ ਹਲਕਾਇਆ ਹੋਇਆ ਦਰ-ਦਰ ਦੀਆਂ ਠੋਕਰਾਂ ਖਾਂਦਾ ਹੈ। ਇਸ ਤਰ੍ਹਾਂ ਉਹ ਆਪਣੇ ਜੀਵਨ ਪੰਧ ਤੋਂ ਖੁੰਝ ਜਾਂਦਾ ਹੈ ਤੇ ਉਸ ਨੂੰ ਕਦੀ ਸੰਤੋਖ ਪ੍ਰਾਪਤ ਨਹੀਂ ਹੁੰਦਾ। ਗੁਰਵਾਕ ਹੈ :

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥

(ਰਾਗੁ ਆਸਾ ਮਹਲਾ ੯, ਅੰਗ ੪੧੧)

ਮਨੁੱਖ ਨੂੰ ਇਸ ਗੱਲ ਦੀ ਸੋਝੀ ਨਹੀਂ ਕਿ 'ਬਿਨਾ ਸੰਤੋਖ ਨਹੀਂ ਕੋਊ ਰਾਜੈ' ਭਾਵ ਸੰਤੋਖ ਤੋਂ ਬਿਨਾਂ ਕਦੀ ਰੱਜ ਨਹੀਂ ਆਉਂਦਾ। ਭਾਈ ਗੁਰਦਾਸ ਜੀ ਨੇ ਗੁਰਮੁਖ ਦੇ ਲੱਛਣ ਦੱਸਦੇ ਹੋਏ ਲਿਖਿਆ ਹੈ :

ਗੁਰਮੁਖਿ ਸਤ ਸੰਤੋਖ ਨ ਕਾਮ ਕਰੋਧੀਐ॥
ਗੁਰਮੁਖਿ ਹੈ ਨਿਰਵੈਰ ਨ ਵੈਰ ਵਿਰੋਧੀਐ॥ *(ਵਾਰ ੧੯, ਪਉੜੀ ੧੯)*

ਇਕ ਸਾਧਾਰਨ ਮਨੁੱਖ ਨਿੱਜੀ ਸੁਆਰਥ ਲਈ ਆਪਣਾ ਸਾਰਾ ਜੀਵਨ ਵਿਅਰਥ ਗੁਆ ਦਿੰਦਾ ਹੈ ਪ੍ਰੰਤੂ ਧਰਮੀ ਮਨੁੱਖ ਆਪਣੇ ਮਨ ਤੇ ਕਾਬੂ ਪਾ ਕੇ ਆਪਣੀਆਂ ਲੋੜਾਂ ਨੂੰ ਸੀਮਤ ਰੱਖ ਕੇ ਦੂਜਿਆਂ ਦੀ ਖ਼ਾਤਰ ਉੱਚੇ ਆਦਰਸ਼ਾਂ ਲਈ ਜੀਊਂਦਾ ਹੈ ਤੇ ਉੱਚੇ ਉਦੇਸ਼ਾਂ ਲਈ ਮਰਦਾ ਹੈ। ਉਸਦਾ ਮਨ ਐਨਾ ਸਬਰ ਤੇ ਸੰਤੋਖ ਵਾਲਾ ਹੁੰਦਾ ਹੈ ਕਿ ਉਹ 'ਸਭ ਕੈ ਮਧਿ ਸਗਲ ਤੇ ਉਦਾਸ' ਰਹਿ ਕੇ ਆਪਣੇ ਨਿੱਜੀ ਸੁਖ ਦੁੱਖ ਨੂੰ ਇਕ ਸਮਾਨ ਸਮਝਦਾ ਹੋਇਆ ਪ੍ਰਭੂ ਦੇ ਨਾਮ ਦੀ ਮਸਤੀ ਵਿਚ ਝੂਮ-ਝੂਮ ਕੇ ਗਾ ਉੱਠਦਾ ਹੈ :

ਮਾਈ ਮੈ ਧਨੁ ਪਾਇਓ ਹਰਿ ਨਾਮੁ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰ ਬੈਠੋ ਬਿਸਰਾਮੁ॥

(ਰਾਗੁ ਬਸੰਤ ਮਹਲਾ ੯, ਅੰਗ ੧੧੮੬)

ਅੱਜ ਮਨੁੱਖ ਭਾਵੇਂ ਬੌਧਿਕ ਪੱਖ ਤੋਂ ਉੱਨਤੀ ਦੀਆਂ ਸਿਖਰਾਂ ਤੇ ਪਹੁੰਚ ਗਿਆ ਹੈ ਪਰ ਮਾਨਸਿਕ ਖਲਾਅ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਸਬਰ, ਸੰਤੋਖ, ਸ਼ਾਂਤੀ ਤਾਂ ਮਾਨੋ ਖੰਭ ਲਾ ਕੇ ਉਡਦੇ ਜਾ ਰਹੇ ਹਨ। ਜਿੱਥੇ 'ਸਤਿਜੁਗਿ ਰਥ ਸੰਤੋਖ ਕਾ ਧਰਮ ਅਗੈ ਰਥਵਾਹੁ' ਸੀ ਉੱਥੇ ਅੱਜ 'ਕਲਜੁਗਿ ਰਥੁ ਅਗਨਿ ਕਾ ਕੂੜ ਅਗੈ ਰਥਵਾਹ' ਹੈ। ਜਿੱਥੇ ਨਿੱਜ ਸੁਆਰਥ ਕਾਰਨ ਅੱਜ ਭਰਾ-ਭਰਾ ਦਾ ਕਤਲ ਕਰਦਾ ਹੈ, ਪੁੱਤਰ ਪਿਉ ਨੂੰ ਨਹੀਂ ਪਹਿਚਾਣਦਾ ਪਰ ਫਿਰ ਵੀ ਇਸ ਕਲਜੁਗ ਵਿਚ ਧਰਮ, ਦਇਆ ਤੇ ਸੰਤੋਖ ਰੂਪੀ ਧੌਲ ਨੇ ਧਰਤੀ ਦੇ ਭਾਰ ਨੂੰ ਚੁਕਿਆ ਹੋਇਆ ਹੈ। ਜਪੁ ਜੀ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ :

ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ *(ਜਪੁ ਜੀ, ਪਉੜੀ ੧੬)*

ਜਦੋਂ ਪੰਡਤ ਨੇ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਾਉਣ ਲਈ ਕਿਹਾ ਸੀ ਤਾਂ ਗੁਰੂ ਜੀ ਨੇ ਪੰਡਤ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ ਕਿ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥ *(ਰਾਗੁ ਆਸਾ ਦੀ ਵਾਰ ਮਹਲਾ ੧, ਅੰਗ ੪੭੧)*

ਭਾਵ ਹੇ ਪੰਡਤ, ਜਿਹੜਾ ਜਨੇਊ ਆਤਮਾ ਦੇ ਕੰਮ ਆਉਣ ਵਾਲਾ ਹੋਵੇ, ਅਜਿਹਾ ਜਨੇਊ ਮੇਰੇ ਗਲ ਵਿਚ ਪਾ। ਉਹ ਜਨੇਊ ਅਜਿਹਾ ਹੋਵੇ ਜਿਸ ਦੀ ਕਪਾਹ ਦਇਆ ਨਾਲ ਭਰਪੂਰ ਹੋਵੇ, ਸੂਤ ਜਿਸ ਦਾ ਸੰਤੋਖ ਹੋਵੇ। ਗੰਢਾਂ ਜਤ ਦੀਆਂ ਹੋਣ ਅਤੇ ਉਸਦਾ ਵੱਟ ਉੱਚੇ ਆਚਰਣ ਵਾਲਾ ਹੋਵੇ। ਇਹ ਅਜਿਹਾ ਜਨੇਊ ਹੈ ਜੋ ਨਾ ਕਦੀ ਟੁੱਟਦਾ ਹੈ, ਨਾ ਕਦੀ ਇਸਨੂੰ ਮੈਲ ਲਗਦੀ ਹੈ ਅਤੇ ਨਾ ਹੀ ਇਹ ਕਦੀ ਸੜਦਾ ਅਤੇ ਗੁਆਚਦਾ ਹੈ।

'ਸਤੀਆ ਮਨਿ ਸੰਤੋਖ ਉਪਜੈ' ਦੇ ਮਹਾਂਵਾਕ ਅਨੁਸਾਰ ਇਸ ਸੰਸਾਰ ਵਿਚ ਪ੍ਰਭੂ ਦੀ ਮਹਿਮਾ ਕੇਵਲ ਉਹ ਗਾ ਸਕਦਾ ਹੈ ਜਿਨ੍ਹਾਂ ਦੇ ਮਨਾਂ ਅੰਦਰ ਜਤ-ਸਤ ਅਤੇ ਸੰਤੋਖ ਵਰਗੇ ਉੱਤਮ ਗੁਣ ਹੋਣ। ਰਾਗੁ ਸੋਰਠਿ ਵਿਚ ਗੁਰੂ ਜੀ ਨੇ ਸੰਤੋਖ ਸ਼ਬਦ ਦੀ ਵਰਤੋਂ ਕਿੰਨੇ ਸੁੰਦਰ ਢੰਗ ਨਾਲ ਕੀਤੀ ਹੈ। ਆਪ ਜੀ ਦਾ ਫ਼ਰਮਾਨ ਹੈ :

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥ *(ਅੰਗ ੫੯੫)*

ਭਾਵ ਜਿਵੇਂ ਪੈਲੀ ਵਿਚ ਬੀਜ ਨੂੰ ਪੰਛੀਆਂ ਤੋਂ ਬਚਾਉਣ ਲਈ ਸੁਹਾਗਾ ਫੇਰਨਾ ਜ਼ਰੂਰੀ ਹੈ, ਇਸੇ ਤਰ੍ਹਾਂ ਸਰੀਰ ਰੂਪੀ ਪੈਲੀ ਵਿਚ ਸੰਤੋਖ ਸੁਹਾਗਾ ਨਾਮ-ਬੀਜ ਨੂੰ ਮਾਇਆ ਦੀ ਤ੍ਰਿਸ਼ਨਾ ਤੋਂ ਬਚਾਈ ਰੱਖਦਾ ਹੈ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਗਉੜੀ ਵਿਚ ਬਚਨ ਹਨ ਕਿ ਸੰਤੋਖ ਵਾਲੇ ਵਿਅਕਤੀ ਦੇ ਮਨ ਵਿਚ ਬੜੀ ਦਇਆ ਹੁੰਦੀ ਹੈ। ਉਹ ਬਿਨਾਂ ਕਿਸੇ ਵਿਤਕਰੇ ਦੇ ਸਾਰਿਆਂ ਜੀਵਾਂ ਤੇ ਦਇਆ ਕਰਦਾ ਹੈ :

ਮਨਿ ਸੰਤੋਖੁ ਸਰਬ ਜੀਅ ਦਇਆ॥
ਇਨ ਬਿਧਿ ਬਰਤੁ ਸੰਪੂਰਨ ਕੀਆ॥ *(ਰਾਗੁ ਥਿਤੀ ਗਉੜੀ, ਪੰਨਾ ੨੯੯)*

ਸੰਤੋਖ ਤੋਂ ਬਿਨਾਂ ਇੰਦ੍ਰੀਆਂ ਨੂੰ ਵੱਸ ਨਹੀਂ ਕੀਤਾ ਜਾ ਸਕਦਾ। ਜੇਕਰ ਮਨ ਅੰਦਰ ਸੰਤੋਖ ਨਹੀਂ ਉਪਜਿਆ ਤਾਂ ਕੀਤਾ ਹੋਇਆ ਤਪ ਅਤੇ ਹੋਰ ਸਾਰੇ ਭੇਖ ਨਿਹਫਲ ਹਨ :

ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ॥
ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ ਦੋਖੁ॥ *(ਰਾਗੁ ਸੋਰਠਿ ਮਹਲਾ ੧, ਪੰਨਾ ੫੯੭)*

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਪ੍ਰਾਣੀ ਸੰਤੋਖ ਦੀ ਪ੍ਰਾਪਤੀ ਕਿਵੇਂ ਕਰ ਸਕਦਾ ਹੈ? ਇਸ ਸਬੰਧ ਵਿਚ ਗੁਰੂ ਅਰਜਨ ਦੇਵ ਜੀ ਦੇ ਮੁੰਦਾਵਣੀ ਮਹਲਾ ੫ ਵਿਚ ਬੜੇ ਸੁੰਦਰ ਬਚਨ ਹਨ ਕਿ ਜੋ ਮਨੁੱਖ ਅੰਮ੍ਰਿਤ ਨਾਮ ਦੀ ਬਰਕਤ ਨਾਲ ਉੱਚਾ ਆਚਰਣ, ਸੰਤੋਖ ਅਤੇ ਆਤਮਿਕ ਜੀਵਨ ਜਿਹੇ ਸ੍ਰੇਸ਼ਟ ਗੁਣਾਂ ਨੂੰ ਗ੍ਰਹਿਣ ਕਰਦਾ ਹੈ, ਇਨ੍ਹਾਂ ਨੂੰ ਆਪਣੇ ਹਿਰਦੇ ਰੂਪੀ ਘਰ ਵਿਚ ਸਾਂਭ ਕੇ ਰੱਖਦਾ ਹੈ ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ :

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥ *(ਅੰਗ ੧੪੨੯)*

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਸੰਤੋਖੀ ਮਨੁੱਖ ਦੇ ਲੱਛਣ ਦੱਸਦੇ ਹੋਏ ਫ਼ਰਮਾ ਰਹੇ ਹਨ ਕਿ ਜੋ ਪ੍ਰਾਣੀ ਪ੍ਰਭੂ ਦੇ ਚਰਨਾਂ ਵਿਚ ਲਿਵ ਲਾਈ ਰੱਖਦੇ ਹਨ ਉਹ ਬੜੇ ਸੰਤੋਖੀ ਹੁੰਦੇ ਹਨ। ਉਹ ਕਦੀ ਮਾੜਾ ਕੰਮ ਨਹੀਂ ਕਰਦੇ। ਭਲੇ ਕੰਮ ਕਰਦੇ ਹੋਏ ਧਾਰਮਿਕ ਜੀਵਨ ਬਤੀਤ ਕਰਦੇ ਹਨ। ਦੁਨਿਆਵੀ ਧੰਧਿਆਂ ਵਿਚ ਖਚਤ ਨਹੀਂ ਹੁੰਦੇ। ਉਹ ਚਸਕਿਆਂ ਲਈ ਨਹੀਂ ਸਗੋਂ ਸਰੀਰਕ ਨਿਰਬਾਹ ਕਰਨ ਲਈ ਲੋੜ ਅਨੁਸਾਰ ਖਾਂਦੇ ਹਨ :

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥ *(ਅੰਗ ੪੬੬)*

ਅਥਵਾ :

ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥
ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥
ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥

(ਸਿਰੀਰਾਗੁ ਮਹਲਾ ੧, ਅੰਗ ੬੨)

ਭਾਵ ਜੋ ਗੁਰਮੁਖ ਪ੍ਰਾਣੀ ਸਾਧ ਜਨਾਂ, ਭਲਿਆਂ ਮਹਾਂਪੁਰਖਾਂ ਦੀ ਪਤਿ ਸੰਗਤ ਕਰਦੇ ਹਨ ਉਹ ਆਪਣੇ ਜੀਵਨ ਨੂੰ ਗੁਰੂ ਆਸ਼ੇ ਅਨੁਸਾਰ ਢਾਲ ਲੈਂਦੇ ਹਨ, ਜਿਸ ਸਦਕਾ ਉਨ੍ਹਾਂ ਦੇ ਅੰਦਰ ਸੰਤੋਖ ਆ ਵਸਦਾ ਹੈ ਅਤੇ ਜਗਤ ਵਿਚ ਸੋਭਾ ਤੇ ਮਾਣ ਮਿਲਦਾ ਹੈ। ਫਿਰ ਉਹ ਸੁਰਖਰੂ ਹੋ ਕੇ ਸੱਚੇ ਦੇ ਦਰਬਾਰ ਜਾਂਦੇ ਹਨ।

ਗੁਰੂ ਪੰਚਮ ਪਾਤਸ਼ਾਹ ਦੇ ਰਾਗੁ ਗਉੜੀ ਥਿਤੀ ਵਿਚ ਬਚਨ ਹਨ ਕਿ ਸਤਿਗੁਰੂ ਦੀ ਬਖ਼ਸ਼ਿਸ਼ ਨਾਲ ਜਿਨ੍ਹਾਂ ਦੇ ਮਨਾਂ ਅੰਦਰ ਸੰਤੋਖ ਉਪਜਦਾ ਹੈ ਉਹ ਦਸੇ ਇੰਦ੍ਰਿਆਂ (ਦੋ ਕੰਨ, ਦੋ ਅੱਖਾਂ, ਦੋ ਨਾਸਾਂ, ਮੂੰਹ, ਗੁਦਾ, ਲਿੰਗ ਅਤੇ ਦਿਮਾਗ) 'ਤੇ ਕਾਬੂ ਪਾ ਲੈਂਦਾ ਹੈ :

ਦਸਮੀ ਦਸ ਦੁਆਰ ਬਸਿ ਕੀਨੇ ॥
ਮਨਿ ਸੰਤੋਖੁ ਨਾਮ ਜਪਿ ਲੀਨੇ ॥ *(ਅੰਗ ੨੯੮)*

ਜਦੋਂ ਮਨ ਅੰਦਰ ਸੰਤੋਖ ਆ ਗਿਆ ਫਿਰ ਪਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ :

ਸੰਤੋਖੁ ਆਇਆ ਮਨਿ ਪੂਰਾ ਪਾਇ ॥

(ਰਾਗੁ ਰਾਮਕਲੀ ਮਹਲਾ ੫, ਅੰਗ ੮੯੧)

ਇਸੇ ਲਈ ਗੁਰੂ ਅਰਜਨ ਦੇਵ ਜੀ ਪ੍ਰਭੂ ਪਾਸੋਂ ਨਾਮ ਦੀ ਦਾਤ ਮੰਗਦੇ ਹਨ ਤਾਂ ਕਿ ਮਨ ਵਿਚ ਸੰਤੋਖ ਆਉਣ ਨਾਲ ਸਾਰੀਆਂ ਤ੍ਰਿਸ਼ਨਾਵਾਂ ਜਾਂਦੀਆਂ ਰਹਿਣ :

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥

(ਰਾਗੁ ਰਾਮਕਲੀ ਕੀ ਵਾਰ ਮਹਲਾ ੫, ਅੰਗ ੯੫੮)

(19)

ਦਾਤਾਰ

ਦਾਤਾ ਜਾਂ ਦਾਤਾਰ ਤੋਂ ਭਾਵ ਹੈ ਦਾਨ ਦੇਣ ਵਾਲਾ—ਦਾਤਾਂ ਦੇਣ ਵਾਲਾ। ਗੁਰਬਾਣੀ ਅਨੁਸਾਰ ਸਰਬ ਵਿਆਪਕ ਪਰਮਾਤਮਾ ਸਭ ਨੂੰ ਦਾਤਾਂ ਦੇਣ ਵਾਲਾ ਹੈ। ਉਸ ਵਰਗਾ ਹੋਰ ਕੋਈ ਨਹੀਂ :

ਥਾਨ ਥਨੰਤਰਿ ਰਵਿ ਰਹਿਆ ਪਾਰਬ੍ਰਹਮੁ ਪ੍ਰਭੁ ਸੋਇ॥
ਸਭਨਾ ਦਾਤਾ ਏਕੁ ਹੈ ਦੂਜਾ ਨਾਹੀ ਕੋਇ॥

(ਸਿਰੀਰਾਗੁ ਮਹਲਾ ੫, ਅੰਗ ੪੫)

ਅਥਵਾ :

ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ॥

(ਰਾਗੁ ਸੋਰਠਿ ਮਹਲਾ ੪, ਅੰਗ ੬੫੨)

ਰਾਗੁ ਸੂਹੀ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ ਕਿ ਜਿਸ ਮਾਲਕ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਉਹ ਸਦਾ ਕਾਇਮ ਰਹਿਣ ਵਾਲਾ ਦਾਤਾਰ ਪ੍ਰਭੂ ਸਭ ਨੂੰ ਰਿਜਕ ਪਹੁੰਚਾਉਣ ਵਾਲਾ ਹੈ :

ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ॥
ਏਕੋ ਹੈ ਦਾਤਾਰੁ ਸਚਾ ਆਪਿ ਧਣੀ॥ *(ਅੰਗ ੭੫੫)*

ਬਾਕੀ ਸਾਰਾ ਜਗਤ ਭਿਖਾਰੀ ਹੈ। ਉਹ ਦਾਤਾਰ ਸਭ ਦੀਆਂ ਆਸਾਂ ਪੂਰੀਆਂ ਕਰਨ ਵਾਲਾ ਹੈ :

ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥

(ਰਾਗੁ ਧਨਾਸਰੀ ਮਹਲਾ ੩, ਅੰਗ ੬੬੬)

ਅਥਵਾ :

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥

(ਜਪੁ ਜੀ, ਪਉੜੀ ੪)

ਭਾਵ ਬੇਅੰਤ ਪ੍ਰਭੂ ਜੋ ਸਦਾ ਸੱਚਾ ਨਿਆਂ ਕਰਦਾ ਹੈ ਉਸਦੇ ਘਰ ਕਿਸੇ ਚੀਜ਼ ਦੀ ਘਾਟ ਨਹੀਂ। ਅਸੀਂ ਸਾਰੇ ਉਸਦੇ ਦਰ ਤੇ ਭਿਖਾਰੀ ਹਾਂ ਅਤੇ ਉਹ ਦਾਤਾਰ ਸਭ ਨੂੰ ਦਾਤਾਂ ਦੇਈ ਜਾ ਰਿਹਾ ਹੈ।

ਜਪੁ ਜੀ ਵਿਚ ਹੀ ਗੁਰੂ ਨਾਨਕ ਦੇਵ ਜੀ ਦੇ ਇਕ ਹੋਰ ਬਚਨ ਹਨ ਕਿ ਦਾਤਾਰ ਪ੍ਰਭੂ ਦੇ ਘਰ ਵਿਚ ਅਤੁੱਟ ਭੰਡਾਰ ਹੈ। ਜੁਗਾਂ ਜੁਗਾਤਰਾਂ ਤੋਂ ਉਹ ਸਭ ਜੀਵਾਂ ਨੂੰ ਰਿਜ਼ਕ ਪਹੁੰਚਾ ਰਿਹਾ ਹੈ। ਜੀਵ ਭਾਵੇਂ ਲੈ ਲੈ ਕੇ ਥੱਕ ਜਾਂਦੇ ਹਨ ਪਰ ਉਸਦੇ ਘਰ ਵਿਚ ਕਿਸੇ ਪ੍ਰਕਾਰ ਦੀ ਤੋਟ ਨਹੀਂ ਆਉਂਦੀ :

ਦੇਦਾ ਦੇ ਲੈਦੇ ਥਕਿ ਪਾਹਿ॥
ਜੁਗਾ ਜੁਗੰਤਰਿ ਖਾਹੀ ਖਾਹਿ॥ *(ਜਪੁਜੀ, ਪਉੜੀ ੩)*

ਰਾਗੁ ਬਿਹਾਗੜਾ ਵਿਚ ਗੁਰੂ ਰਾਮਦਾਸ ਜੀ ਦੇ ਬਚਨ ਹਨ ਕਿ ਸਭ ਨੂੰ ਬਣਾਉਣ ਅਤੇ ਨਾਸ ਕਰਨ ਵਾਲਾ ਉਹ ਪ੍ਰਭੂ ਆਪ ਹੀ ਹੈ। ਸਭ ਨੂੰ ਦਾਤਾਂ ਬਖ਼ਸ਼ਿਸ਼ ਕਰਨ ਵਾਲਾ ਉਹ ਦਾਤਾਰ ਆਪ ਹੀ ਹੈ। ਸਾਰੀ ਲੋਕਾਈ ਉਸ ਪਾਸੋਂ ਹੀ ਦਾਤਾਂ ਮੰਗਦੀ ਹੈ। ਖੰਡਾਂ, ਬ੍ਰਹਿਮੰਡਾਂ, ਪਾਤਾਲਾਂ, ਪੁਰੀਆਂ ਆਦਿ ਵਿਚ ਸਭ ਜੀਵਾਂ ਤੇ ਪਰਮਾਤਮਾ ਬਖ਼ਸ਼ਿਸ਼ਾਂ ਕਰਨ ਵਾਲਾ ਹੈ। ਉਸ ਤੋਂ ਬਿਨਾਂ ਹੋਰ ਕੋਈ ਐਡਾ ਵੱਡਾ ਦਾਨੀ ਨਹੀਂ :

ਤੂ ਭੰਨਣ ਘੜਣ ਸਮਰਥੁ ਦਾਤਾਰੁ ਹਹਿ
ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ॥
ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ
ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ॥
(ਅੰਗ ੫੪੯)

ਦਾਤਾਰ ਦੀਆਂ ਦਾਤਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਜੀਵ ਪੈਦਾ ਮਗਰੋਂ ਹੁੰਦਾ ਹੈ ਉਸਦੇ ਰਿਜ਼ਕ ਦਾ ਪ੍ਰਬੰਧ ਉਹ ਪਹਿਲਾਂ ਕਰ ਦਿੰਦਾ ਹੈ। ਬੱਚਾ ਪੈਦਾ ਹੋਣ ਦੇ ਨਾਲ ਹੀ ਮਾਂ ਦੀਆਂ ਦੁੱਧੀਆਂ ਵਿਚ ਦੁੱਧ ਆ ਜਾਂਦਾ ਹੈ। ਇਹ ਉਸ ਦਾਤਾਰ ਪ੍ਰਭੂ ਦੀਆਂ ਹੀ ਬਖ਼ਸ਼ਿਸ਼ਾਂ ਹਨ :

ਪਹਿਲੋ ਦੇ ਤੈਂ ਰਿਜਕੁ ਸਮਾਹਾ॥
ਪਿਛੋ ਦੇ ਤੈਂ ਜੰਤੁ ਉਪਾਹਾ॥
(ਰਾਗੁ ਮਾਝ ਮਹਲਾ ੫, ਅੰਗ ੧੩੦)

ਰਾਗੁ ਆਸਾ ਪਟੀ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ ਕਿ ਪਰਮਾਤਮਾ ਸ੍ਰਿਸ਼ਟੀ ਦੀ ਰਚਨਾ ਕਰਕੇ ਸਾਰੇ ਜੀਵਾਂ ਨੂੰ ਰਿਜ਼ਕ ਦੇ ਰਿਹਾ ਹੈ :

ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ॥
(ਅੰਗ ੪੩੪)

ਇਸੇ ਵਿਚਾਰ ਨੂੰ ਰਾਗੁ ਰਾਮਕਲੀ ਵਿਚ ਗੁਰੂ ਅਮਰਦਾਸ ਜੀ ਪ੍ਰਗਟ ਕਰ ਰਹੇ ਹਨ :

ਆਪੇ ਕਰਤਾ ਆਪੇ ਭੁਗਤਾ ਦੇਦਾ ਰਿਜਕੁ ਸਬਾਈ॥ *(ਅੰਗ ੯੧੨)*

ਅਥਵਾ :

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰ ਜੀਉ ਪਰਿਆ॥
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥
(ਰਾਗੁ ਗੂਜਰੀ ਮਹਲਾ ੫, ਅੰਗ ੪੯੫)

ਉਸ ਦਾਤਾਰ ਦੇ ਉਪਕਾਰਾਂ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਉਹ ਸਭ ਦੇ ਦੁਖ ਹਰਨ ਵਾਲਾ ਹੈ ਅਤੇ ਸਭ ਨੂੰ ਸੁਖ ਦੇਣ ਵਾਲਾ ਵੀ ਉਹ ਆਪ ਹੀ ਹੈ :

ਤੂ ਦਾਤਾ ਦਾਤਾਰੁ ਸਰਬ ਦੁਖ ਭੰਜਨੋ ਜੀਉ॥
ਦੁਖ ਹਰਤ ਕਰਤਾ ਸੁਖਹ ਸੁਆਮੀ ਸਰਣਿ ਸਾਧੂ ਆਇਆ॥
(ਰਾਗੁ ਧਨਾਸਰੀ ਮਹਲਾ ੫, ਅੰਗ ੬੯੧)

ਦਾਤਾਰ ਪ੍ਰਭੂ ਆਪ ਹੀ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ। ਆਪ ਹੀ ਇਨ੍ਹਾਂ ਨੂੰ ਦਾਤਾਂ ਦੇਣ ਵਾਲਾ ਹੈ ਅਤੇ ਆਪ ਹੀ ਫਿਰ ਇਨ੍ਹਾਂ ਨੂੰ ਹਰਨ ਵਾਲਾ ਭਾਵ ਮਾਰਨ ਵਾਲਾ ਹੈ। ਇਸ ਪ੍ਰਕਾਰ ਦਾਤਾਰ ਪ੍ਰਭੂ ਸਭ ਜੀਵਾਂ ਦਾ ਕਰਤਾ, ਹਰਤਾ ਅਤੇ ਪਾਲਣਹਾਰ ਹੈ :

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥

(ਰਾਗੁ ਆਸਾ ਕੀ ਵਾਰ ਮਹਲਾ ੧, ਅੰਗ ੪੬੩)

ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਪ੍ਰਾਚੀਨ ਭਾਰਤੀ ਸ਼ਾਸਤਰਾਂ ਅਨੁਸਾਰ ਸ੍ਰਿਸ਼ਟੀ ਨੂੰ ਪੈਦਾ ਕਰਨ, ਇਸਦਾ ਪ੍ਰਬੰਧ ਕਰਨ ਅਤੇ ਇਸ ਨੂੰ ਨਾਸ ਕਰਨ ਵਾਲੀਆਂ ਅੱਡ-ਅੱਡ ਹਸਤੀਆਂ ਹਨ ਪ੍ਰੰਤੂ ਗੁਰਮਤਿ ਅਨੁਸਾਰ ਇਸ ਸਭ ਕੁਝ ਦੀ ਦੇਖ ਭਾਲ ਕਰਨ ਵਾਲਾ ਕੇਵਲ ਇਕ ਦਾਤਾਰ ਪ੍ਰਭੂ ਹੀ ਹੈ।

ਅਸੀਂ ਕਈ ਵਾਰੀ ਅਣਭੋਲ ਕਹਿ ਦਿੰਦੇ ਹਾਂ ਕਿ ਫਲਾਂ ਪ੍ਰਾਣੀ ਬੜਾ ਦਾਨੀ ਹੈ। ਧਾਰਮਿਕ ਕਾਰਜਾਂ ਲਈ ਬੜੀ ਮਾਇਆ ਦਿੰਦਾ ਹੈ। ਗਰੀਬਾਂ ਅਤੇ ਲੋੜਵੰਦਾਂ ਦੀ ਬੜੀ ਸਹਾਇਤਾ ਕਰਦਾ ਹੈ। ਇੱਥੇ ਇਹ ਭੁੱਲਣਾ ਨਹੀਂ ਚਾਹੀਦਾ ਕਿ ਸਭ ਨੂੰ ਦਾਤਾਂ ਦੇਣ ਵਾਲਾ ਤਾਂ ਕੇਵਲ ਇਕ ਪ੍ਰਭੂ ਹੀ ਹੈ :

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥
ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥

(ਰਾਗੁ ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੭)

ਅਸਲ ਵਿਚ ਅਜਿਹਾ ਵਿਅਕਤੀ ਦਾਤਾਰ ਦੀਆਂ ਦਿੱਤੀਆਂ ਦਾਤਾਂ ਦਾ ਹੀ ਸਦ-ਉਪਯੋਗ ਕਰਦਾ ਹੈ। ਉਸਦੀ ਸਹੀ ਢੰਗ ਨਾਲ ਵਰਤੋਂ ਕਰਦਾ ਹੈ।

ਮਨੁੱਖ ਕਿੰਨਾ ਨਾਸ਼ੁਕਰਾ ਹੈ। ਦਾਤਾਰ ਵਲੋਂ ਦਿੱਤੀਆਂ ਗਈਆਂ ਦਾਤਾਂ ਤਾਂ ਉਸਨੂੰ ਪਿਆਰੀਆਂ ਲਗਦੀਆਂ ਹਨ। ਉਸ ਵਲੋਂ ਦਿੱਤੀਆਂ ਦਾਤਾਂ ਨਾਲ ਤਾਂ ਪਿਆਰ ਪਾਈ ਬੈਠਾ ਹੈ ਪਰ ਜਿਸ ਦਾਤਾਰ ਨੇ ਇਹ ਦਾਤਾਂ ਦਿੱਤੀਆਂ ਹਨ ਉਸਨੂੰ ਮਨੋਂ ਭੁਲਾਈ ਰਖਿਆ ਹੈ। ਉਸ ਨਾਲ ਪਿਆਰ ਨਹੀਂ ਪਾਉਂਦਾ। ਗੁਰਵਾਕ ਹੈ :

ਦਾਤਿ ਪਿਆਰੀ ਵਿਸਰਿਆ ਦਾਤਾਰਾ ॥

(ਰਾਗੁ ਧਨਾਸਰੀ ਮਹਲਾ ੫, ਅੰਗ ੬੭੬)

ਅਥਵਾ :

ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥
ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥
ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥
ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥

(ਰਾਗੁ ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੬੧)

ਭਾਵ ਮਨੁੱਖ ਕਿੰਨਾ ਅਕ੍ਰਿਤਘਣ ਹੈ, ਗੁਨਹਗਾਰ ਅਤੇ ਹੋਛੀ ਮੱਤ ਵਾਲਾ ਹੈ। ਜਿਸ ਦਾਤਾਰ ਨੇ ਸਰੀਰ ਅਤੇ ਸੁਖ ਦਿੱਤੇ ਹਨ ਉਹ ਚਿੱਤ ਚੇਤੇ ਹੀ ਨਹੀਂ। ਜਿਸ ਮਾਲਕ ਨੇ ਸਭ ਕੁਝ ਦਿੱਤਾ ਹੈ, ਪ੍ਰਾਣੀ ਉਸ ਨੂੰ ਕਦੀ ਪਲ ਭਰ ਲਈ ਵੀ ਨਹੀਂ ਸਿਮਰਦਾ। ਮਾਇਆ ਦੇ ਲੋਭ-ਲਾਲਚ ਵਿਚ ਫਸ ਕੇ ਇਧਰ-ਉਧਰ ਭਟਕਦਾ ਫਿਰਦਾ ਹੈ।

ਇਨ੍ਹਾਂ ਦੁਨਿਆਵੀ ਦਾਤਾਂ ਤੋਂ ਉੱਪਰ ਇਕ ਹੋਰ ਦਾਤ ਹੈ—ਨਾਮ ਦੀ ਦਾਤ। ਬਹੁਤੇ ਤਾਂ ਧਨ ਦੌਲਤ ਅਤੇ ਮਾਇਆ ਹੀ ਮੰਗਦੇ ਹਨ। ਪੁੱਤਰਾਂ ਅਤੇ ਧੀਆਂ ਦੀ ਕਾਮਨਾ ਕਰਦੇ ਹਨ, ਪ੍ਰੰਤੂ ਪ੍ਰਭੂ ਦੇ ਸੇਵਕ ਜਨ ਮਾਲਕ ਪ੍ਰਭੂ ਪਾਸੋਂ ਨਾਮ ਦਾ ਦਾਨ ਹੀ ਮੰਗਦੇ ਹਨ। ਗੁਰਵਾਕ ਹੈ :

ਨਾਮੁ ਦਾਨੁ ਦੀਜੈ ਨਾਨਕ ਕਉ ਤਿਸੁ ਪ੍ਰਭ ਅਗਮ ਅਗਾਧੇ ਜੀਉ ॥

(ਰਾਗੁ ਮਾਝ ਮਹਲਾ ੫, ਅੰਗ ੧੦੨)

ਮਨੁੱਖ ਆਪਣੇ ਅਸਲੇ ਨੂੰ ਭੁੱਲ ਕੇ ਦੂਜਿਆਂ ਨੂੰ ਆਪਣਾ ਗਰੀਬ ਨਿਵਾਜ ਬਣਾਈ ਬੈਠਾ ਹੈ। ਆਪਣੇ ਸੁਆਰਥ ਦੀ ਖਾਤਰ ਜਣੇ-ਖਣੇ ਦੀਆਂ ਚਾਅ ਪਲੋਸੀਆਂ ਕਰਦਾ ਹੈ। ਜਦੋਂ ਦਾਤਾਂ ਦੇਣ ਵਾਲਾ ਕੇਵਲ ਇਕ ਦਾਤਾਰ ਪ੍ਰਭੂ ਹੀ ਹੈ ਬਾਕੀ ਉਸ ਦੇ ਦਰ ਤੇ ਸਭ ਭਿਖਾਰੀ ਹਨ ਤਾਂ ਫਿਰ ਇਕ ਮਾਲਕ ਨੂੰ ਛੱਡ ਕੇ ਦੂਜਿਆਂ ਦੀ ਮੁਥਾਜੀ ਕਿਉਂ ਕੀਤੀ ਜਾਵੇ? ਕਿਉਂ ਨਾ ਇਕ ਮਾਲਕ ਪ੍ਰਭੂ ਦੀ ਸਿਫ਼ਤ-ਸਾਲਾਹ ਕੀਤੀ ਜਾਵੇ? ਜੋ ਸਭਨਾਂ ਦਾ ਦਾਤਾਰ ਅਤੇ ਓਟ ਆਸਰਾ ਹੈ। ਸਾਰਗ ਕੀ ਵਾਰ ਮਹਲਾ ੪ ਵਿਚ ਗੁਰੂ ਅੰਗਦ ਦੇਵ ਜੀ ਦਾ ਸਲੋਕ ਅੰਕਤ ਹੈ :

ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ ॥
ਨਾਨਕ ਏਕੀ ਬਾਹਰਾ ਦੂਜਾ ਦਾਤਾ ਨਾਹਿ ॥
ਕਰਤਾ ਸੋ ਸਾਲਾਹੀਐ ਜਿਨਿ ਕੀਤਾ ਆਕਾਰੁ ॥
ਦਾਤਾ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ॥ *(ਅੰਗ ੧੨੩੯)*

ਭਾਈ ਗੁਰਦਾਸ ਜੀ, ਜਿਨ੍ਹਾਂ ਦੀ ਰਚਨਾ ਨੂੰ ਗੁਰਬਾਣੀ ਦੀ ਕੁੰਜੀ ਕਰਕੇ ਮੰਨਿਆ ਜਾਂਦਾ ਹੈ, ਨੇ ਇਸ ਗੱਲ ਦੀ ਬੜੇ ਸੁੰਦਰ ਸ਼ਬਦਾਂ ਵਿਚ ਵਿਆਖਿਆ ਕੀਤੀ ਹੈ ਕਿ ਜੋ ਆਪ ਪ੍ਰਭੂ ਪਾਸੋਂ ਦਾਤਾਂ ਮੰਗਦੇ ਹਨ ਉਨ੍ਹਾਂ ਪਾਸੋਂ ਮੰਗਣ ਦਾ ਕੀ ਫਾਇਦਾ?

ਦਾਤਾ ਓਹੁ ਨ ਮੰਗੀਐ ਫਿਰਿ ਮੰਗਣਿ ਜਾਈਐ ॥

(ਵਾਰ ੨੭, ਪਉੜੀ ੧੫)

ਇਸ ਲਈ ਦਇਆਵਾਨ ਦਾਤਾਰ ਸੁਆਮੀ ਜੋ ਸਭਨਾਂ ਨੂੰ ਹਰੇਕ ਪਦਾਰਥ ਦੇ ਰਿਹਾ ਹੈ ਉਸ ਨੂੰ ਕਦੀ ਆਪਣੇ ਮਨ ਵਿਚੋਂ ਭੁਲਾਉਣਾ ਨਹੀਂ ਚਾਹੀਦਾ :

ਸਭੁ ਕਿਛੁ ਦੇ ਰਹਿਆ ਹਰਿ ਦੇਵਣਹਾਰਾ ॥
ਦਾਤਾਰੁ ਸਦਾ ਦਇਆਲੁ ਸੁਆਮੀ ਕਾਇ ਮਨਹੁ ਵਿਸਾਰੀਐ ॥

(ਰਾਗੁ ਆਸਾ ਮਹਲਾ ੫, ਛੰਤ, ਅੰਗ ੪੬੧)

ਅਥਵਾ :

ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥
ਸਭ ਘਟ ਭੀਤਰਿ ਹਾਟੁ ਚਲਾਵੈ ॥
ਕਰਿ ਬੰਦਿਗੀ ਛਾਡਿ ਮੈ ਮੇਰਾ ॥
ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥

(ਰਾਗੁ ਸੂਹੀ ਭਗਤ ਰਵਿਦਾਸ ਜੀ, ਅੰਗ ੭੯੪)

ਖੁਸ਼ੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥

(20)

ਸਹਿਨਸ਼ੀਲਤਾ

ਸਹਿਨਸ਼ੀਲਤਾ ਤੋਂ ਭਾਵ ਹੈ ਠੰਡਾ ਸੁਭਾਓ, ਬਰਦਾਸ਼ਤ ਕਰਨ ਦੀ ਸ਼ਕਤੀ ਅਤੇ ਹਰ ਔਖੀ ਤੋਂ ਔਖੀ ਘੜੀ ਵਿਚ ਧੀਰਜ ਤੇ ਸਬਰ ਬਣਾਈ ਰੱਖਣਾ। ਸਹਿਨਸ਼ੀਲ ਸੁਭਾਓ ਵਾਲੇ ਮਨੁੱਖ ਨੂੰ ਕਦੀ ਕ੍ਰੋਧ ਜਾਂ ਗੁੱਸਾ ਨਹੀਂ ਆਉਂਦਾ। ਉਸਦੇ ਮਨ ਅੰਦਰ ਬਦਲਾ ਲੈਣ ਦੀ ਭਾਵਨਾ ਕਦੀ ਉਤਪੰਨ ਨਹੀਂ ਹੁੰਦੀ। ਅਜਿਹਾ ਪ੍ਰਾਣੀ ਹਰ ਇਕ ਨੂੰ ਖਿਮਾ ਕਰਨ ਦੇ ਸਮਰੱਥ ਹੁੰਦਾ ਹੈ।

ਸਹਿਨਸ਼ੀਲਤਾ ਇਕ ਅਜਿਹਾ ਗੁਣ ਹੈ ਜਿਸ ਨਾਲ ਮਨ ਸਦਾ ਸ਼ਾਂਤ ਅਤੇ ਅਡੋਲ ਰਹਿੰਦਾ ਹੈ। ਨਿਮਰਤਾ, ਸਚਾਈ, ਨੇਕੀ, ਦਇਆ, ਪਰਉਪਕਾਰ, ਖਿਮਾ ਆਦਿ ਅਜਿਹੇ ਮਾਨਵੀ ਲੱਛਣ ਹਨ ਜੋ ਮਨੁੱਖ ਅੰਦਰ ਸਹਿਨਸ਼ੀਲਤਾ ਪੈਦਾ ਕਰਨ ਵਿਚ ਸਹਾਈ ਹੁੰਦੇ ਹਨ।

ਸਹਿਨਸ਼ੀਲਤਾ ਦੇ ਅਭਾਵ ਕਾਰਨ ਹੀ ਸੰਸਾਰ ਵਿਚ ਨਿੱਤ ਲੜਾਈ ਝਗੜੇ ਅਤੇ ਖ਼ੂਨ-ਖ਼ਰਾਬੇ ਹੁੰਦੇ ਹਨ, ਭਾਵੇਂ ਹਰ ਇਕ ਦੀ ਇੱਛਾ ਸੁਖੀ ਅਤੇ ਸ਼ਾਂਤਮਈ ਜੀਵਨ ਬਤੀਤ ਕਰਨ ਦੀ ਹੁੰਦੀ ਹੈ ਪ੍ਰੰਤੂ ਹਉਮੈ ਅਤੇ ਨਿੱਜੀ ਸੁਆਰਥਾਂ ਦੇ ਕਾਰਨ ਅਸੀਂ ਆਪਣੇ ਕਰਤੱਵਾਂ ਨੂੰ ਠੀਕ ਢੰਗ ਨਾਲ ਨਿਭਾਉਣ ਵਿਚ ਅਸਫਲ ਰਹਿੰਦੇ ਹਾਂ। ਦੂਜਿਆਂ ਨਾਲ ਨਫ਼ਰਤ ਅਤੇ ਈਰਖਾ ਕਰਦੇ ਹਾਂ। ਕੌੜੇ ਅਤੇ ਗੁਸੈਲੇ ਬੋਲ ਬੋਲਣ ਤੋਂ ਵੀ ਸੰਕੋਚ ਨਹੀਂ ਕਰਦੇ।

ਗੁਰਬਾਣੀ ਵਿਚ ਹਉਮੈ ਦੇ ਤਿਆਗ ਲਈ ਵਾਰ-ਵਾਰ ਉਪਦੇਸ਼ ਕੀਤਾ ਗਿਆ ਹੈ। ਜਦੋਂ ਤਾਈਂ ਹਉਮੈ ਤੋਂ ਛੁਟਕਾਰਾ ਨਹੀਂ ਪਾਇਆ ਜਾਂਦਾ ਉਦੋਂ ਤਾਈਂ ਮਨੁੱਖੀ ਮਨ ਅੰਦਰ ਕਦੀ ਨਿਮਰਤਾ ਉਤਪੰਨ ਨਹੀਂ ਹੋ ਸਕਦੀ ਅਤੇ ਇਸ ਨਿਮਰਤਾ ਸਦਕਾ ਹੀ ਸਹਿਨਸ਼ੀਲਤਾ ਜਿਹੇ ਗੁਣਾਂ ਨੂੰ ਗ੍ਰਹਿਣ ਕੀਤਾ ਜਾ ਸਕਦਾ ਹੈ। ਸਹਿਨਸ਼ੀਲਤਾ ਇਕ ਅਜਿਹਾ ਦੈਵੀ ਗੁਣ ਹੈ ਜਿਸ ਨਾਲ ਮਨੁੱਖ ਦਾ ਮਾਨਸਿਕ ਸੰਤੁਲਨ ਬਣਿਆ ਰਹਿੰਦਾ ਹੈ ਅਤੇ ਹਿਰਦੇ ਘਰ ਵਿਚ ਸ਼ਾਂਤੀ ਆ ਵੱਸਦੀ ਹੈ ਜਿਸਦੀ ਪ੍ਰਾਪਤੀ ਲਈ ਮਨੁੱਖ ਕੀ ਕੁਝ ਨਹੀਂ ਕਰਦਾ? ਪ੍ਰੰਤੂ ਕਿਸੇ ਵਲੋਂ ਕੀਤੀ ਵਧੀਕੀ ਨੂੰ ਸਹਿਨ ਕਰਕੇ ਉਸ ਨੂੰ ਖਿਮਾ ਕਰ ਦੇਣਾ, ਸਹਿਨਸ਼ੀਲਤਾ ਦੀ ਚਰਮ ਸੀਮਾ ਹੈ। ਸ਼ੇਖ਼ ਬਾਬਾ ਫਰੀਦ ਜੀ ਦਾ ਕਥਨ ਹੈ :

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁੰਮਿ ॥
ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ ॥

(ਸਲੋਕ ਨੰਬਰ ੭, ਅੰਗ ੧੩੭੮)

ਮਨੁੱਖ ਦੀ ਅਜਿਹੀ ਅਵਸਥਾ ਦਾ ਵਰਨਣ ਕਰਦੇ ਹੋਏ ਸ਼ਹੀਦਾਂ ਦੇ ਸਿਰਤਾਜ ਅਤੇ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ ਦੇ ਰਾਗੁ ਮਾਝ ਵਿਚ ਬਚਨ ਹਨ ਕਿ ਪਰਮਾਤਮਾ ਸੁਖ ਦੇਵੇ ਜਾਂ ਦੁੱਖ, ਮੈਂ ਉਸ ਨੂੰ ਸਦਾ ਸੁਖ ਸਮਝ ਕੇ ਸਹਾਰਦਾ ਹਾਂ :

ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ ॥
ਜੋ ਤੂੰ ਦੇਹਿ ਸੋਈ ਸੁਖੁ ਸਹਣਾ ॥ *(ਅੰਗ ੧੦੬)*

ਅਥਵਾ :

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ ੨॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥ ੩॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥ ੪॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥ ੫॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥ ੬॥

(ਰਾਗੁ ਸੂਹੀ ਮਹਲਾ ੪, ਅੰਗ ੭੫੭)

ਗੁਰੂ ਰਾਮਦਾਸ ਜੀ ਦੇ ਇਨ੍ਹਾਂ ਬਚਨਾਂ ਵਿਚ ਪ੍ਰਭੂ ਮਿਲਾਪ ਲਈ ਕਿੰਨੀ ਸਿੱਕ ਹੈ, ਕਿੰਨੀ ਤੜਪ ਹੈ ਜਿਸ ਲਈ ਉਹ ਹਰ ਪ੍ਰਕਾਰ ਦੇ ਦੁੱਖ ਸੁਖ, ਭੁੱਖ ਆਦਿ ਸਭ ਕੁਝ ਸਹਿਣ ਲਈ ਤਿਆਰ ਹਨ। ਸੰਗਤਾਂ ਦੀ ਹਰ ਪ੍ਰਕਾਰ ਦੀ ਸੇਵਾ ਕਰਦੇ ਹੋਏ ਲੋੜ ਪੈਣ ਤੇ ਆਪਣਾ ਸੀਸ ਤੱਕ ਕੱਟ ਕੇ ਅਰਪਨ ਕਰਨ ਲਈ ਤਿਆਰ ਹਨ।

ਸਲੋਕ ਸਹਸਕ੍ਰਿਤੀ ਵਿਚ ਪੰਚਮ ਗੁਰਦੇਵ ਦੇ ਬਚਨ ਹਨ ਕਿ ਪ੍ਰਭੂ ਦੇ ਭਗਤ ਜਨ ਸਹਿਨਸ਼ੀਲਤਾ ਦੇ ਪੁੰਜ ਹੁੰਦੇ ਹਨ ਜੋ ਮਿੱਤਰ ਅਤੇ ਭੈੜੀ ਮੱਤ ਵਾਲੇ ਦੁਰਜਨਾਂ ਨੂੰ ਇਕ ਸਮਾਨ ਸਮਝਦੇ ਹਨ ਅਤੇ ਦੂਜਿਆਂ ਦੀਆਂ ਵਧੀਕੀਆਂ ਨੂੰ ਸਹਾਰਨਾ ਉਨ੍ਹਾਂ ਦਾ ਸੁਭਾਉ ਬਣ ਜਾਂਦਾ ਹੈ :

ਸਹਣ ਸੀਲ ਸੰਤੰ ਸਮ ਮਿਤ੍ਰਸ੍ ਦੁਰਜਨਹ॥ *(ਅੰਗ ੧੩੫੬)*

ਆਪ ਜੀ ਦਾ ਫ਼ਰਮਾਨ ਹੈ ਕਿ ਭਲੇ ਲੋਕ ਤਾਂ ਇਨ੍ਹਾਂ ਸੰਤ ਜਨਾਂ ਲਈ ਅਨੇਕਾਂ ਪ੍ਰਕਾਰ ਦੇ ਭੋਜਨ ਲੈ ਕੇ ਆਉਂਦੇ ਹਨ ਅਤੇ ਜਿਹੜੇ ਨਿੰਦਕ ਹਨ ਉਹ ਪ੍ਰਭੂ ਦੇ ਪਿਆਰਿਆਂ ਨੂੰ ਮਾਰਨ ਲਈ ਸ਼ਸਤਰ ਲੈ ਕੇ ਆਉਂਦੇ ਹਨ ਪਰ ਫਿਰ ਵੀ ਇਹ ਸੰਤ-ਪੁਰਖ ਇਨ੍ਹਾਂ ਦੋਹਾਂ ਪ੍ਰਕਾਰ ਦੇ ਲੋਕਾਂ ਨੂੰ ਇਕੋ ਦ੍ਰਿਸ਼ਟੀ ਨਾਲ ਦੇਖਦੇ ਹਨ :

ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ ਹੋਇ ਉਪਤਿਸਟਤੇ॥

(ਅੰਗ ੧੩੫੬)

ਆਵਧ ਤੋਂ ਅਰਥ ਹੈ ਸ਼ਸਤ੍ਰ। ਉਪਤਿਸਟਤੇ—ਪਾਸ ਆਉਂਦੇ ਹਨ।

ਮੈਂ ਮੇਰੀ ਦੇ ਕਾਰਨ ਮਨੁੱਖ ਪਰਮਾਤਮਾ ਨਾਲੋਂ ਟੁੱਟਿਆ ਰਹਿੰਦਾ ਹੈ ਜਿਸ ਕਾਰਨ ਮਨ ਵਿਚੋਂ ਸਹਿਨਸ਼ੀਲਤਾ ਜਾਂਦੀ ਰਹਿੰਦੀ ਹੈ ਅਤੇ ਦੁਬਿਧਾ ਤੇ ਭਟਕਣਾ ਬਣੀ ਰਹਿੰਦੀ ਹੈ। ਜਦੋਂ ਮਨ ਨਾਮ ਵਿਚ ਜੁੜ ਗਿਆ ਤਾਂ ਮਨ ਅਤੇ ਤਨ ਦੋਨੋਂ ਹੀ ਸ਼ਾਂਤ ਹੋ ਜਾਂਦੇ ਹਨ। ਸਹਿਜ ਪਦ ਦੀ ਪ੍ਰਾਪਤੀ ਹੋਣ ਨਾਲ ਸਹਿਨਸ਼ੀਲਤਾ ਵਾਲੇ ਗੁਣ ਹਿਰਦੇ ਰੂਪੀ ਘਰ ਵਿਚ ਆ ਵੱਸਦੇ ਹਨ :

ਹਰਿ ਕੈ ਨਾਮਿ ਤਨੁ ਮਨੁ ਸੀਤਲੁ ਹੋਆ ਸਹਜੇ ਸਹਜਿ ਸਮਾਇਦਾ॥

(ਰਾਗੁ ਮਾਰੂ ਮਹਲਾ ੩, ਅੰਗ ੧੦੬੨)

ਗੁਰਮਤਿ ਵਿਚ ਸਹਿਨਸ਼ੀਲਤਾ ਨੂੰ ਬੜਾ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਗੁਰ ਇਤਿਹਾਸ ਵਿਚੋਂ ਅਜਿਹੀਆਂ ਅਣਗਿਣਤ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜਿੱਥੇ ਗੁਰੂ ਸਾਹਿਬਾਨ ਨੇ ਆਪਣੇ ਨਿੱਜੀ ਜੀਵਨ ਵਿਚ ਅੱਤ ਦਰਜੇ ਦੀ ਸਹਿਨਸ਼ੀਲਤਾ ਦਾ ਪ੍ਰਗਟਾਵਾ ਕੀਤਾ। ਗੋਇੰਦਵਾਲ ਸਾਹਿਬ ਵਿਚ ਦੀਵਾਨ ਸਜੇ ਹੋਏ ਸਨ। ਸੇਵਾ, ਨਿਮਰਤਾ ਅਤੇ ਸਹਿਨਸ਼ੀਲਤਾ ਦੇ ਪੁੰਜ ਗੁਰੂ ਅਮਰਦਾਸ ਜੀ ਆਪਣੇ ਬਚਨਾਂ ਦੁਆਰਾ

ਤਪਦਿਆਂ ਹਿਰਦਿਆਂ ਨੂੰ ਸ਼ਾਂਤ ਕਰ ਰਹੇ ਸਨ। ਐਨੇ ਨੂੰ ਈਰਖਾ ਅਤੇ ਕ੍ਰੋਧ ਨਾਲ ਭਰੇ ਹੋਏ ਗੁਰੂ ਅੰਗਦ ਦੇਵ ਜੀ ਦੇ ਸਪੁੱਤਰ ਦਾਤੂ ਜੀ ਦੀਵਾਨ ਵਿਚ ਆ ਕੇ ਗੁਰੂ ਜੀ ਨੂੰ ਬੁਰਾ ਭਲਾ ਕਹਿਣ ਲੱਗੇ। ਇਥੋਂ ਤੱਕ ਕਿ ਗੁਰੂ ਜੀ ਦੇ ਲੱਤ ਕੱਢ ਮਾਰੀ। ਉਸ ਨੂੰ ਗੁੱਸਾ ਸੀ ਕਿ ਗੁਰਗੱਦੀ ਉਸ ਨੂੰ ਮਿਲਣੀ ਚਾਹੀਦੀ ਸੀ। ਇਹ ਵੇਖ ਕੇ ਸੰਗਤਾਂ ਵਿਚ ਦਾਤੂ ਜੀ ਵਿਰੁੱਧ ਰੋਹ ਭੜਕ ਉੱਠਿਆ ਪ੍ਰੰਤੂ ਮਿਹਰਾਂ ਦੇ ਸਾਈਂ ਨੇ ਸਭ ਨੂੰ ਸ਼ਾਂਤ ਰਹਿਣ ਲਈ ਕਿਹਾ। ਆਪ ਜੀ ਦਾਤੂ ਦੇ ਪੈਰ ਪਕੜ ਕੇ ਦਬਾਉਣ ਲੱਗ ਪਏ ਅਤੇ ਕਹਿਣ ਲੱਗੇ ਕਿ ਸੇਵਾ ਕਰਦਿਆਂ ਕਰਦਿਆਂ ਮੇਰੇ ਵਿਚ ਹੱਡੀਆਂ ਹੀ ਰਹਿ ਗਈਆਂ ਹਨ ਜੋ ਬੁਢਾਪੇ ਵਿਚ ਬੜੀਆਂ ਸਖ਼ਤ ਤੇ ਕਰੜੀਆਂ ਹੋ ਗਈਆਂ ਹਨ। ਤੁਹਾਡੇ ਕੋਮਲ ਪੈਰਾਂ ਤੇ ਕਿਧਰੇ ਚੋਟ ਤੇ ਨਹੀਂ ਆਈ। ਗੁਰੂ ਸਾਹਿਬਾਨ ਨੇ ਅਜਿਹੇ ਮਾਰਗ ਤੇ ਚੱਲਣ ਲਈ ਗੁਰਸਿੱਖਾਂ ਨੂੰ ਪ੍ਰੇਰਿਆ ਹੈ :

ਇਕ ਤੋ ਸੇਵਾ ਕਰਤ ਰਹਯੋ ਹੋ।
ਦੁਤੀਏ ਬਯ ਤੇ ਬਿਰਧ ਭਯੋ ਹੋ।
ਯਾ ਤੇ ਅਧਿਕ ਸਰੀਰ ਕਠੋਰਾ।
ਤੁਮਰੈ ਚਰਨ ਮ੍ਰਿਦੁਲ ਨਹਿ ਥੋਰਾ।
ਲਗੀ ਹੋਹੁ ਕਿਛ ਚੋਟ ਮਹਾਨਾ।
ਖਿਮਾ ਕਰੋ ਗੁਰ ਸੁਤ ਬਲਵਾਨਾ। *(ਗੁਰ ਪ੍ਰਤਾਪ ਸੂਰਜ)*

ਜਦੋਂ ਪੈਂਦੇ ਖ਼ਾਂ ਨੇ ਕਰਤਾਰਪੁਰ ਵਿਖੇ 'ਦਲ ਭੰਜਨ ਗੁਰ ਸੂਰਮਾ ਬਡ ਜੋਧਾ ਬਹੁ ਪਰਉਪਕਾਰੀ'—ਗੁਰੂ ਹਰਿਗੋਬਿੰਦ ਸਾਹਿਬ ਨਾਲ ਝਗੜਾ ਕੀਤਾ ਸੀ ਅਤੇ ਉੱਚੇ-ਨੀਵੇਂ ਬੋਲ ਬੋਲੇ ਸਨ ਤਾਂ ਗੁਰੂ ਜੀ ਨੇ ਬੜਾ ਧੀਰਜ ਰੱਖਿਆ। ਗੁੱਸੇ ਵਿਚ ਨਹੀਂ ਆਏ। ਕੇਵਲ ਐਨਾ ਹੀ ਕਿਹਾ ਕਿ ਪੈਂਦੇ ਖ਼ਾਂ ਇਹ ਹਉਮੈ ਇਕ ਦਿਨ ਤੇਰੀ ਮੌਤ ਦਾ ਕਾਰਨ ਬਣੇਗੀ। ਇਸੇ ਤਰ੍ਹਾਂ ਜਦੋਂ ਆਪ ਜੀ ਪ੍ਰਿਥੀ ਚੰਦ ਦੇ ਪੁਤ੍ਰ ਮਿਹਰਬਾਨ ਨੂੰ ਮਿਲਣ ਗਏ ਤਾਂ ਗੁਰੂ ਜੀ ਨੇ ਅੰਤ ਦਰਜੇ ਦੀ ਨਿਮਰਤਾ ਅਤੇ ਸਹਿਣਸ਼ੀਲਤਾ ਦਾ ਸਬੂਤ ਦਿੱਤਾ। ਮਿਹਰਬਾਨ ਬੋਲ-ਕਬੋਲ ਬੋਲਿਆ, ਗੁਰੂ ਘਰ ਦੀ ਨਿੰਦਿਆ ਵੀ ਕੀਤੀ ਪਰ ਗੁਰੂ ਉਸਦੇ ਸਾਰੇ ਕੌੜੇ ਬੋਲ ਚੁੱਪ-ਚੁਪੀਤੇ ਪੀ ਗਏ ਅਤੇ ਆਪਣੇ ਸਿੱਖਾਂ ਨੂੰ ਸ਼ਾਂਤ ਰਹਿਣ ਲਈ ਆਖਿਆ।

ਜੀਵਨ ਵਿਚ ਸਦਾਚਾਰਕ ਉੱਚਤਾ ਵਾਸਤੇ ਨਿਮਰਤਾ, ਖ਼ਿਮਾ, ਸਬਰ-ਸੰਤੋਖ, ਸਹਿਨਸ਼ੀਲਤਾ ਵਰਗੇ ਸਦਗੁਣਾਂ ਦੀ ਬੜੀ ਲੋੜ ਹੈ। ਇਨ੍ਹਾਂ ਮਨੁੱਖੀ ਕਦਰਾਂ-ਕੀਮਤਾਂ ਦਾ ਗੁਰਬਾਣੀ ਵਿਚ ਬੜਾ ਮਹੱਤਵ ਦਰਸਾਇਆ ਗਿਆ ਹੈ। ਬਾਬਾ ਫਰੀਦ ਜੀ ਦਾ ਬੜਾ ਸੁੰਦਰ ਕਥਨ ਹੈ :

ਕਵਣੁ ਸੁ ਅਖਰੁ ਕਵਣ ਗੁਣੁ ਕਵਣੁ ਸੁ ਮਣੀਆ ਮੰਤੁ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥

(ਸਲੋਕ ਨੰਬਰ ੧੨੬, ਅੰਗ ੧੩੮੪)

ਇਸ ਸੁਆਲ ਦਾ ਉੱਤਰ ਬਾਬਾ ਫ਼ਰੀਦ ਜੀ ਆਪ ਹੀ ਅਗਲੇ ਸ਼ਲੋਕ ਵਿਚ ਦੇ ਕੇ ਪ੍ਰਾਣੀ ਨੂੰ ਸਮਝਾ ਰਹੇ ਹਨ ਕਿ ਨਿਮਰਤਾ, ਸਹਾਰਨਾ ਭਾਵ ਸਹਿਨਸ਼ੀਲਤਾ ਅਤੇ ਮਿੱਠਾ ਬੋਲਣਾ ਅਜਿਹੇ ਗੁਣ ਹਨ ਜਿਨ੍ਹਾਂ ਨਾਲ ਕੰਤ-ਪ੍ਰਭੂ ਨੂੰ ਰੀਝਾਇਆ ਜਾ ਸਕਦਾ ਹੈ :

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥

(ਸਲੋਕ ਨੰਬਰ ੧੨੭, ਅੰਗ ੧੩੮੪)

ਰਾਗੁ ਗਉੜੀ ਵਿਚ ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ ਕਿ ਜਿਹੜਾ ਪ੍ਰਾਣੀ ਦੂਜਿਆਂ ਵਲੋਂ ਕੀਤੀਆਂ ਵਧੀਕੀਆਂ ਨੂੰ ਖ਼ਿਮਾ ਕਰ ਦਿੰਦਾ ਹੈ ਅਤੇ ਠੰਡੇ-ਸੁਭਾਉ ਵਾਲਾ ਤੇ ਸੰਤੋਖੀ ਹੈ ਅਜਿਹਾ ਮਨੁੱਖ ਕਾਮਾਦਿਕ ਵਿਕਾਰਾਂ ਅਤੇ ਰੋਗਾਂ ਤੋਂ ਬਚਿਆ ਰਹਿੰਦਾ ਹੈ। ਜਮ ਦਾ ਦੰਡ ਫਿਰ ਉਸ ਨੂੰ ਸਤਾਉਂਦਾ ਨਹੀਂ ਭਾਵ ਉਸ ਦੇ ਮਨ ਵਿਚੋਂ ਮੌਤ ਦਾ ਭੈ ਲੱਥ ਜਾਂਦਾ ਹੈ :

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥
ਰੋਗੁ ਨ ਬਿਆਪੈ ਨਾ ਜਮ ਦੋਖੰ ॥ *(ਅੰਗ ੨੨੩)*

ਇਹੋ ਜਿਹੇ ਗੁਣ ਪ੍ਰਾਣੀ ਕਿਵੇਂ ਗ੍ਰਹਿਣ ਕਰ ਸਕਦਾ ਹੈ? ਰਾਗੁ ਗਉੜੀ ਵਿਚ ਗੁਰੂ ਅਰਜਨ ਦੇਵ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਜੋ ਜੀਵ ਪ੍ਰਭੂ ਦੇ ਨਾਮ ਧਨ ਨੂੰ ਆਪਣੀ ਰਾਸ-ਪੂੰਜੀ ਬਣਾਉਂਦੇ ਹਨ ਭਾਵ ਜੋ ਪ੍ਰਭੂ ਦੀ ਸਿਫ਼ਤ-ਸਾਲਾਹ ਕਰਦੇ ਹਨ ਉਨ੍ਹਾਂ ਅੰਦਰ ਖ਼ਿਮਾ, ਨਿਮਰਤਾ, ਅਨੰਦ ਅਤੇ ਆਤਮਿਕ ਅਡੋਲਤਾ ਜਿਹੇ ਗੁਣ ਆ ਜਾਂਦੇ ਹਨ :

ਖਰਚੁ ਖਜਾਨਾ ਨਾਮ ਧਨੁ ਇਆ ਭਗਤਨ ਕੀ ਰਾਸਿ ॥
ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣਤਾਸ ॥ *(ਅੰਗ ੨੫੩)*

ਇਥੇ ਇਹ ਕਹਿਣਾ ਬੜਾ ਯੋਗ ਹੋਵੇਗਾ ਕਿ ਸਹਿਨਸ਼ੀਲਤਾ ਕਮਜ਼ੋਰੀ ਦੀ ਨਿਸ਼ਾਨੀ ਨਹੀਂ। ਆਤਮਿਕ ਤੌਰ ਤੇ ਬਲਵਾਨ ਸੂਰਮੇ ਹੀ ਸਹਿਨਸ਼ੀਲ ਹੋ ਸਕਦੇ ਹਨ। ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ, ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਅਤੇ ਅਣਗਿਣਤ ਸਿੱਖ ਸੂਰਮਿਆਂ ਦੀਆਂ ਸ਼ਹਾਦਤਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਪ੍ਰੰਤੂ ਜਦੋਂ 7 ਅਤੇ 9 ਸਾਲ ਦੀਆਂ ਮਸੂਮ ਜਿੰਦਾਂ ਨੂੰ ਦੀਵਾਰਾਂ ਵਿਚ ਚਿਣ ਕੇ ਬੜੀ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਜਾਵੇ ਤਾਂ ਇਸ ਤੋਂ ਵੱਡਾ ਹੋਰ ਕੋਈ ਅਨਿਆਂ ਜਾਂ ਕਹਿਰ ਨਹੀਂ ਹੋ ਸਕਦਾ। ਅਜਿਹੇ ਸਮੇਂ ਜ਼ਾਲਮ ਨੂੰ ਵੰਗਾਰਨਾ ਬੜਾ ਉਚਿਤ ਹੈ :

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।

(ਵਿਜੈ ਪੱਤ੍ਰ–ਜ਼ਫਰਨਾਮਾ, ਦਸਮੇਸ਼ ਪਿਤਾ)

ਭਾਵ ਜਦੋਂ ਕੋਈ ਹੋਰ ਚਾਰਾ ਜਾਂ ਹੀਲਾ ਵਸੀਲਾ ਨਾ ਰਹੇ ਤਾਂ ਤਲਵਾਰ ਚੁੱਕਣੀ ਜਾਇਜ਼ ਹੈ।

(21)

ਸਚੁ

ਗੁਰਬਾਣੀ ਵਿਚ 'ਸਚੁ' ਅੱਖਰ ਦੀ ਵਰਤੋਂ ਦੋ ਤਰ੍ਹਾਂ ਨਾਲ ਹੋਈ ਹੈ। ਸਚੁ ਸ਼ਬਦ ਨੂੰ ਬਹੁਤਾ ਕਰਕੇ ਸਤਿ-ਪੁਰਖ ਭਾਵ ਸਦਾ-ਥਿਰ ਪ੍ਰਭੂ ਵਜੋਂ ਵਰਤਿਆ ਗਿਆ ਹੈ ਜਿਸਦੀ ਵਿਆਖਿਆ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਦੇ ਆਰੰਭ ਵਿਚ ਕੀਤੀ ਹੈ :

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ *(ਅੰਗ ੧)*

ਭਾਵ ਪਰਮਾਤਮਾ ਮੁੱਢ ਤੋਂ ਮੌਜੂਦ ਹੈ। ਜੁਗਾਂ ਦੇ ਮੁੱਢ ਤੋਂ ਹੋਂਦ ਵਾਲਾ ਹੈ। ਇਸ ਵੇਲੇ ਵੀ ਮੌਜੂਦ ਹੈ, ਅਗਾਂਹ ਨੂੰ ਵੀ ਮੌਜੂਦ ਰਹੇਗਾ।

ਗੁਰੂ ਰਾਮਦਾਸ ਜੀ ਨੇ 'ਸਚੁ' ਨੂੰ ਬੜੀ ਸੁੰਦਰਤਾ ਨਾਲ ਰਾਗੁ ਗਉੜੀ ਕੀ ਵਾਰ ਵਿਚ ਇਸ ਪ੍ਰਕਾਰ ਰੂਪਮਾਨ ਕੀਤਾ ਹੈ :

ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ॥
ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ ਸਚੁ ਰਵੇ॥
ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੇ॥
ਜਿਨ ਮਨਿ ਤਨਿ ਸਚਾ ਭਾਵਦਾ ਸੇ ਸਚੀ ਦਰਗਹ ਗਵੇ॥
ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ॥ *(ਅੰਗ ੩੧੨)*

ਇੰਜ ਜੋ ਮਨ ਕਰਕੇ ਅਤੇ ਤਨ ਕਰਕੇ ਸੱਚੇ ਦੀ ਯਾਦ ਵਿਚ ਜੁੜੇ ਰਹਿੰਦੇ ਹਨ ਉਹ ਅੰਤ ਵੇਲੇ ਸੱਚ ਦੀ ਦਰਗਾਹ ਵਿਚ ਪਹੁੰਚਦੇ ਹਨ।

ਅਜਿਹੇ ਮਨੁੱਖ ਜਿਨ੍ਹਾਂ ਦੇ ਹਿਰਦੇ ਵਿਚ 'ਸਚੁ' ਦਾ ਵਾਸਾ ਹੈ ਉਹ ਕਦੀ ਛੁਪੇ ਹੋਏ ਨਹੀਂ ਰਹਿੰਦੇ :

ਨਾਨਕ ਜਿਨ ਅੰਦਰਿ ਸਚੁ ਹੈ
ਸੇ ਜਨ ਛਪਹਿ ਨ ਕਿਸੈ ਦੇ ਛਪਾਏ॥
(ਰਾਗੁ ਬਿਲਾਵਲੁ ਕੀ ਵਾਰ ਮਹਲਾ ੪, ਸਲੋਕ ਮਹਲਾ ੩, ਅੰਗ ੮੫੦)

ਫਿਰ ਮਨ ਇੱਛੇ ਫਲ ਪ੍ਰਾਪਤ ਹੁੰਦੇ ਹਨ :

ਸਚਾ ਸਾਹਿਬੁ ਮਨਿ ਵਸੈ
ਤਾਂ ਮਨਿ ਚਿੰਦਿਆ ਫਲੁ ਪਾਇ॥
(ਰਾਗੁ ਮਲਾਰ ਕੀ ਵਾਰ ਮਹਲਾ ੧, ਸਲੋਕ ਮਹਲਾ ੩, ਅੰਗ ੧੨੮੧)

ਪ੍ਰੰਤੂ ਜਿਨ੍ਹਾਂ ਨੇ ਸੱਚੇ ਪ੍ਰਭੂ ਦੀ ਅਰਾਧਨਾ ਨਹੀਂ ਕੀਤੀ ਉਹ ਮਨਮੁਖ ਮੂਰਖ ਹਨ :

ਸਚੁ ਸਚਾ ਜਿਨੀ ਨ ਸੇਵਿਆ
ਸੇ ਮਨਮੁਖ ਮੂੜ ਬੇਤਾਲੇ॥ *(ਅੰਗ ੩੧੧)*

ਅਥਵਾ :

ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ ॥

(ਰਾਗੁ ਗੂਜਰੀ ਕੀ ਵਾਰ ਮਹਲਾ ੫, ਅੰਗ ੫੨੩)

ਗੁਰੂ ਨਾਨਕ ਦੇਵ ਜੀ ਦੇ ਸਿਰੀਰਾਗੁ ਵਿਚ ਬਚਨ ਹਨ ਕਿ ਜਿਨ੍ਹਾਂ ਪਾਸ ਸੱਚ ਦੀ ਪੂੰਜੀ ਨਹੀਂ ਹੈ ਉਨ੍ਹਾਂ ਨੂੰ ਸੁਖ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ :

ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥ *(ਅੰਗ ੨੩)*

ਦੂਜੇ ਬੰਨੇ ਉਹ ਧੰਨ ਹਨ ਜਿਨ੍ਹਾਂ ਨੇ ਸਚੁ ਨੂੰ ਪਛਾਣ ਲਿਆ ਹੈ। ਉਹ ਸੰਸਾਰ ਦੀ ਬਾਜ਼ੀ ਜਿੱਤ ਕੇ ਸੱਚੇ ਦੇ ਦਰਬਾਰ ਵਿਚ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਅਜਿਹੇ ਜੇਤੂਆਂ ਤੋਂ ਬਲਿਹਾਰੇ ਜਾਂਦੇ ਹਨ :

ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੇ ਜਾਸੁ ॥

(ਸਿਰੀਰਾਗੁ, ਅੰਗ ੫੭)

ਸਚੁ ਸਦਾ ਨਵਾਂ-ਨਰੋਆ ਰਹਿੰਦਾ ਹੈ। ਇਸ ਨੂੰ ਕਦੀ ਮੈਲ ਨਹੀਂ ਲਗਦੀ :

ਸਚੁ ਪੁਰਾਣਾ ਨ ਥੀਐ ਨਾਮੁ ਨ ਮੈਲਾ ਹੋਇ ॥

(ਰਾਗੁ ਸਾਰਗ ਕੀ ਵਾਰ ਮਹਲਾ ੪, ਸਲੋਕ ਮਹਲਾ ੩, ਅੰਗ ੧੨੪੯)

ਕਿਉਂਕਿ 'ਸਚੇ ਮੈਲੁ ਨ ਲਗਈ' ਇਸ ਲਈ 'ਸਚੁ' ਸਦਾ ਨਿਰਮਲ ਤੇ ਪਵਿੱਤਰ ਹੈ। ਜੋ ਇਸ ਨੂੰ ਸਲਾਹੁੰਦੇ ਹਨ ਉਹ ਵੀ ਪਵਿੱਤਰ ਹੋ ਜਾਂਦੇ ਹਨ :

ਸਚੁ ਸਦਾ ਹੈ ਨਿਰਮਲਾ ਭਾਈ ਨਿਰਮਲ ਸਾਚੇ ਸੋਇ ॥

(ਰਾਗੁ ਸੋਰਠਿ ਮਹਲਾ ੫, ਅੰਗ ੬੦੯)

'ਸਚੁ' ਘਟ ਘਟ ਵਿਚ ਸਮਾਇਆ ਹੋਇਆ ਹੈ ਅਤੇ ਸਾਰਿਆਂ ਦੀ ਪਾਲਣਾ ਕਰਦਾ ਹੈ :

ਏਕੋ ਸਚੁ ਵਰਤੈ ਸਭ ਅੰਤਰਿ ਸਭਨਾ ਕਰੇ ਪ੍ਰਤਿਪਾਲਾ ॥

(ਰਾਗੁ ਵਡਹੰਸੁ ਮਹਲਾ ੩, ਅੰਗ ੫੫੯)

ਜਿਨ੍ਹਾਂ ਨੇ ਸਦਾ-ਥਿਰ ਪ੍ਰਭੂ (ਸਚੁ) ਨੂੰ ਆਪਣੇ ਹਿਰਦੇ ਘਰ ਵਿਚ ਵਸਾਇਆ ਹੈ ਉਹ ਸਦਾ ਸੁਖ ਭੋਗਦੇ ਹਨ। ਉਨ੍ਹਾਂ ਦੇ ਅੰਦਰ ਸਦਾ ਅਨੰਦ ਬਣਿਆ ਰਹਿੰਦਾ ਹੈ :

ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥
ਹਉਮੈ ਤ੍ਰਿਸਨਾ ਮਾਰ ਕੈ ਸਚੁ ਰਖਿਆ ਉਰ ਧਾਰਿ ॥

(ਸਿਰੀਰਾਗੁ ਮਹਲਾ ੧, ਅੰਗ ੫੫)

ਅਜਿਹੇ ਪ੍ਰਾਣੀ ਪ੍ਰਭੂ ਦੀ ਦਰਗਾਹ ਵਿਚ ਸੁਰਖਰੂ ਹੋ ਕੇ ਜਾਂਦੇ ਹਨ :

ਸਚਿ ਰਤੇ ਮੁਖ ਉਜਲੇ ਤਿਤੁ ਸਾਚੈ ਦਰਬਾਰਿ ॥

(ਸਿਰੀਰਾਗੁ ਮਹਲਾ ੩, ਅੰਗ ੩੪)

'ਸਚੁ' ਭਾਵ ਸਦਾ-ਥਿਰ ਪ੍ਰਭੂ ਨੂੰ ਕਿਵੇਂ ਪਾਇਆ ਜਾ ਸਕਦਾ ਹੈ? ਇਸ ਸਬੰਧੀ ਗੁਰੂ ਨਾਨਕ ਦੇਵ ਜੀ ਦੇ ਰਾਗੁ ਆਸਾ ਦੀ ਵਾਰ ਵਿਚ ਬੜੇ ਸੁੰਦਰ ਬਚਨ ਹਨ। ਆਪ ਜੀ ਦਾ ਫ਼ਰਮਾਨ ਹੈ ਕਿ ਮਾਲਕ ਪ੍ਰਭੂ ਦੇ ਭੇਦਾਂ ਦੀ ਸੋਝੀ ਪ੍ਰਾਣੀ ਨੂੰ ਉਦੋਂ ਹੁੰਦੀ ਹੈ ਜਦੋਂ ਮਨੁੱਖ ਦਾ ਹਿਰਦਾ ਪਾਕ ਤੇ ਨਿਰਮਲ ਹੋ ਜਾਂਦਾ ਹੈ ਅਤੇ ਮਨ ਤੇ ਪਈ ਵਿਕਾਰਾਂ ਦੀ

ਮੈਲ ਧੁਲ ਕੇ ਸਰੀਰ ਨਵਾਂ ਤੇ ਨਰੋਆ ਹੋ ਜਾਂਦਾ ਹੈ:

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥ *(ਅੰਗ ੪੬੮)*

ਇਸੇ ਪ੍ਰਕਾਰ ਜਦੋਂ ਮਨੁੱਖ ਦੀ ਲਿਵ ਸੱਚੇ ਪ੍ਰਭੂ ਵਿਚ ਜੁੜਦੀ ਹੈ, ਮਾਲਕ ਪ੍ਰਭੂ ਦਾ ਸੱਚਾ ਨਾਮ ਸੁਣ ਕੇ ਮਨ ਬਿਗਸਦਾ ਹੈ ਅਤੇ ਪ੍ਰਾਣੀ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ ਤਾਂ ਸੱਚੇ ਮਾਲਕ ਦੀ ਸਮਝ ਪੈਂਦੀ ਹੈ :

ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥
ਨਾਉ ਸੁਣਿ ਮਨ ਰਹਸੀਐ ਤਾ ਪਾਏ ਮੋਖ ਦੁਆਰੁ॥ *(ਅੰਗ ੪੬੮)*

ਆਪ ਜੀ ਦਾ ਅਗਲੀਆਂ ਤੁਕਾਂ ਵਿਚ ਫ਼ਰਮਾਨ ਹੈ ਕਿ ਸੱਚੇ ਪ੍ਰਭੂ ਨਾਲ ਉਦੋਂ ਜਾਣ-ਪਛਾਣ ਪੈਂਦੀ ਹੈ ਜਦੋਂ ਗੁਰੂ ਦੀ ਸਿਖਿਆ ਤੇ ਚੱਲ ਕੇ ਪ੍ਰਾਣੀ ਦੂਜਿਆਂ ਤੇ ਦਇਆ ਕਰਨ ਦੀ ਜਾਚ ਸਿੱਖਦਾ ਹੈ ਅਤੇ ਲੋੜਵੰਦਾਂ ਦੀ ਦਾਨ-ਪੁੰਨ ਵਜੋਂ ਸਹਾਇਤਾ ਕਰਦਾ ਹੈ :

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥ *(ਅੰਗ ੪੬੮)*

'ਸਚੁ' ਦੇ ਦੂਜੇ ਰੂਪ ਅਨੁਸਾਰ ਪ੍ਰਾਣੀ ਨੇ ਸੰਸਾਰਕ ਕਾਰ-ਵਿਹਾਰ ਕਰਦੇ ਹੋਏ ਸੱਚ ਦੇ ਮਾਰਗ ਤੇ ਚਲਣਾ ਹੈ ਭਾਵ ਸੱਚ ਦੀ ਕਮਾਈ ਕਰਨੀ ਹੈ। ਕਾਮਾਦਿਕ ਵਿਕਾਰਾਂ ਤੋਂ ਬਚ ਕੇ ਸੱਚ ਦੇ ਧਾਰਨੀ ਬਣਨਾ ਹੈ ਤਾਂ ਹੀ ਜਗਤ ਵਿਚ ਸੋਭਾ ਤੇ ਮਾਣ ਮਿਲ ਸਕਦਾ ਹੈ :

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥
(ਰਾਗੁ ਮਾਝ ਬਾਰਹਮਾਹਾ ਮਹਲਾ ੫, ਅੰਗ ੧੩੬)

ਪ੍ਰੰਤੂ ਇਹ ਗੱਲ ਚੇਤੇ ਰੱਖਣੀ ਹੈ ਕਿ :

ਸੁਚਿ ਹੋਵੈ ਤਾ ਸਚੁ ਪਾਈਐ॥
(ਰਾਗੁ ਆਸਾ ਦੀ ਵਾਰ ਮਹਲਾ ੧, ਅੰਗ ੪੭੨)

ਅਰਥਾਤ ਜੇ ਮਨ ਸੁੱਚਾ ਤੇ ਨਿਰਮਲ ਹੈ ਤਾਂ ਹੀ ਸੱਚੇ ਦੀ ਪ੍ਰਾਪਤੀ ਹੋ ਸਕਦੀ ਹੈ।

ਇਸ ਵਿਚਾਰ ਨੂੰ ਗੁਰੂ ਜੀ ਨੇ ਹੋਰ ਸਪੱਸ਼ਟ ਕੀਤਾ ਹੈ ਤਾਂ ਕਿ ਪ੍ਰਾਣੀ ਅੰਦਰ ਕਿਸੇ ਪ੍ਰਕਾਰ ਦੀ ਸ਼ੰਕਾ ਜਾਂ ਭੁਲੇਖਾ ਨਾ ਰਹਿ ਜਾਏ। ਆਪ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ :

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥ *(ਅੰਗ ੪੭੨)*

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸੱਚ ਦੇ ਮਾਰਗ ਤੇ ਕਿਵੇਂ ਚੱਲਿਆ ਜਾਵੇ? ਮਨ ਸੁੱਚਾ ਕਿਵੇਂ ਹੋਵੇ? ਸਚਿਆਰ ਬਣਨ ਲਈ ਕੀ ਕਰੀਏ ਤਾਂਕਿ ਸਾਡੇ ਮਨ ਤੇ ਜੋ ਕੂੜ ਦਾ ਪੜਦਾ ਪਿਆ ਹੋਇਆ ਹੈ ਇਸ ਨੂੰ ਦੂਰ ਕੀਤਾ ਜਾ ਸਕੇ? ਇਸ ਸਬੰਧ ਵਿਚ ਗੁਰੂ ਨਾਨਕ ਦੇਵ ਜੀ ਵਲੋਂ ਬਾਣੀ ਜਪੁ ਜੀ ਵਿਚ ਕੀਤੇ ਇਸ ਪ੍ਰਸ਼ਨ ਵੱਲ ਧਿਆਨ ਦੇਣ ਦੀ ਲੋੜ ਹੈ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ *(ਅੰਗ ੧)*

ਜਗਤ ਗੁਰੂ ਬਾਬਾ ਇਸ ਦਾ ਉੱਤਰ ਆਪ ਹੀ ਦੇ ਰਹੇ ਹਨ :

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ *(ਅੰਗ ੧)*

ਇੰਜ ਗੁਰੂ ਦੇ ਭਾਣੇ ਵਿਚ ਰਹਿ ਕੇ ਸੱਚੀ ਕਮਾਈ ਕਰਦੇ ਹੋਏ ਪ੍ਰਭੂ ਦੀਂ ਸਿਫ਼ਤ ਸਾਲਾਹ ਕਰਨਾ ਸਭ ਤੋਂ ਉੱਤਮ ਕੰਮ ਹੈ :

ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ॥

(ਸਿਰੀਰਾਗੁ ਮਹਲਾ ੩, ਅੰਗ ੩੪)

ਅਕਾਲ ਪੁਰਖ ਦਾ ਇਹ ਬਿਰਦ ਹੈ ਕਿ ਸਚਿਆਰਾਂ ਨੂੰ ਉਹ ਸਦਾ ਵਡਿਆਈ ਬਖ਼ਸ਼ਦਾ ਹੈ :

ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ॥ [illegible]

[illegible]

(ਸਿਰੀਰਾਗੁ ਮਹਲਾ ੪, ਅੰਗ ੮੯)

ਅਥਵਾ :

ਸਚਿ ਮਿਲੈ ਸਚਿਆਰੁ ਕੂੜਿ ਨ ਪਾਈਐ॥
ਸਚੇ ਸਿਉ ਚਿਤੁ ਲਾਇ ਬਹੁੜਿ ਨ ਆਈਐ॥

(ਰਾਗੁ ਆਸਾ ਮਹਲਾ ੧, ਅੰਗ ੪੧੯)

ਸੱਚ ਦੇ ਪਾਂਧੀਆਂ ਦੀ ਸਦਾ ਜੈ ਜੈਕਾਰ ਹੁੰਦੀ ਹੈ। ਉਨ੍ਹਾਂ ਨੂੰ ਇੱਥੇ ਵੀ ਮਾਣ ਅਤੇ ਪਲੋਕ ਵਿਚ ਵੀ ਵਡਿਆਈ ਮਿਲਦੀ ਹੈ।

ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ॥

(ਗੂਜਰੀ ਕੀ ਵਾਰ ਮਹਲਾ ੩, ਅੰਗ ੫੧੯)

ਪ੍ਰੰਤੂ ਪਾਪ ਤੇ ਕੂੜ ਦੀ ਬੇੜੀ ਭਰ ਕੇ ਡੁੱਬਦੀ ਹੈ :

* **ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥**

(ਰਾਮਕਲੀ ਕੀ ਵਾਰ ਮਹਲਾ ੩, ਸਲੋਕ ਮਹਲਾ ੧, ਅੰਗ ੯੫੩)

ਰਾਗੁ ਆਸਾ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ ਕਿ ਜੋ ਸੱਚ ਦੀ ਕਮਾਈ ਕਰਦੇ ਹਨ ਅਜਿਹੇ ਸੱਚ ਦੇ ਵਪਾਰੀ ਸਦਾ-ਥਿਰ ਪ੍ਰਭੂ ਵਿਚ ਆਪਣੀ ਬਿਰਤੀ ਨੂੰ ਜੋੜੀ ਰੱਖਦੇ ਹਨ :

ਸਚੁ ਕਮਾਵਹਿ ਸਚਿ ਰਹਹਿ ਸਚੇ ਸਚਿ ਸਮਾਹਿ॥

(ਰਾਗੁ ਆਸਾ ਮਹਲਾ ੩, ਅੰਗ ੪੨੯)

ਸੱਚ ਸਾਰੇ ਪਾਪਾਂ ਤੇ ਵਿਕਾਰਾਂ ਦਾ ਨਾਸ ਕਰ ਦਿੰਦਾ ਹੈ :

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥

(ਆਸਾ ਦੀ ਵਾਰ ਮਹਲਾ ੧, ਅੰਗ ੪੬੮)

ਪ੍ਰੰਤੂ ਜਿਸ ਤੇ ਪ੍ਰਭੂ ਦੀ ਬਖ਼ਸ਼ਿਸ਼ ਹੁੰਦੀ ਹੈ ਉਸ ਨੂੰ ਹੀ ਸੱਚ ਦੀ ਪ੍ਰਾਪਤੀ ਹੁੰਦੀ ਹੈ :

ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸ ਬਖਸੇ ਸੋ ਜਨੁ ਪਾਵਹੇ॥

(ਰਾਗੁ ਰਾਮਕਲੀ ਮਹਲਾ ੩, ਅਨੰਦੁ, ਅੰਗ ੯੨੨)

[illegible]

ਸਲੋਕ ਮਹਲਾ ੫॥
ਰਤੇ ਸੇਈ ਜਿ ਮੁਖੁ ਨ ਮੋੜੰਨਿ, ਜਿਨ੍ਹੀ ਸਿਞਾਤਾ[1] ਸਾਈ॥ ਝੜਿ ਝੜਿ ਪਵਦੇ ਕਚੇ ਬਿਰਹੀ, ਜਿਨਾ ਕਾਰਿ[2] ਨ ਆਈ॥ ਧਣੀ[3] ਵਿਹੂਣਾ ਪਾਟ ਪਟੰਬਰ ਭਾਹੀ[4] ਸੇਤੀ ਜਾਲੇ। ਧੂੜੀ ਵਿਚ ਲੁਡੰਦੜੀ[5] ਸੋਹਾਂ, ਨਾਨਕ ਤੈ ਸਹ ਨਾਲੇ॥੨॥ ੧੪੨੫ (੬੦੧੪)

1. ਪਛਾਣਿਆ 2. ਪ੍ਰੇਮ ਦੀ ਕਾਰ 3. ਪਿਆਰੇ 4. ਅੱਗ 5. ਲੇਟਦੀ ਸੋਭਾ ਪਾਵਾਂ।

(22)

ਪੀਆ ਦੇ ਵਿਛੋੜੇ ਪਾਟ ਪਟੰਬਰ ਨ ਸੁਹਾਵਣੇ॥ ਗੁ.ਗ੍ਰੰ. ਜੀ

ਪ੍ਰੇਮ ਦਾ ਮਾਰਗ

ਪ੍ਰੇਮ ਦੇ ਮਾਰਗ ਤੋਂ ਭਾਵ ਹੈ ਪਿਆਰ, ਸਨੇਹ, ਨੇਕੀ, ਸੱਚ ਆਦਿ ਦਾ ਮਾਰਗ। ਦੁਨਿਆਵੀ ਅਤੇ ਅਧਿਆਤਮਿਕ ਪੱਖ ਤੋਂ ਇਹ ਸਭ ਤੋਂ ਉੱਤਮ ਮਾਰਗ ਹੈ। ਇਹ ਬਿਖਮ ਅਤੇ ਕਠਿਨ ਮਾਰਗ ਹੈ ਜਿਸ ਤੇ ਆਮ ਮਨੁੱਖ ਨਹੀਂ ਚੱਲ ਸਕਦਾ। ਸੁਖ, ਦੁੱਖ, ਭੁੱਖ, ਤ੍ਰਿਸ਼ਨਾਵਾਂ ਨੂੰ ਤਿਆਗ ਕੇ ਹੀ ਇਸ ਮਾਰਗ ਦੇ ਪਾਂਧੀ ਬਣਿਆ ਜਾ ਸਕਦਾ ਹੈ। ਇੱਥੇ ਹਰ ਅਵਸਥਾ ਵਿਚ ਸਾਧਕ ਪ੍ਰਭੂ ਦੀ ਰਜ਼ਾ ਜਾਂ ਭਾਣੇ ਵਿਚ ਰਹਿੰਦਾ ਹੋਇਆ ਆਪਣਾ ਤਨ, ਆਪਣਾ ਮਨ ਭਾਵ ਸਭ ਕੁਝ ਪਿਆਰੇ ਪ੍ਰਭੂ ਤੇ ਨਿਛਾਵਰ ਕਰ ਦਿੰਦਾ ਹੈ ਭਾਵੇਂ ਸਰੀਰ ਦੇ ਟੋਟੇ ਟੋਟੇ ਕਿਉਂ ਨਾ ਕਰ ਦਿੱਤੇ ਜਾਣ, ਸੇਵਕ ਦੀ ਲਿਵ ਪ੍ਰਭੂ ਚਰਨਾਂ ਵਿਚ ਹੀ ਇਕਸਾਰ ਜੁੜੀ ਰਹਿੰਦੀ ਹੈ :

> **ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ ੨॥**
> **ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥ ੩॥**
> **ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥ ੪॥**
> **ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥ ੫॥**
> **ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥ ੬॥**

(ਰਾਗੁ ਸੂਹੀ ਮਹਲਾ ੪, ਅੰਗ ੭੫੭)

ਬ੍ਰਹਮ ਗਿਆਨੀ ਭਾਈ ਮਨੀ ਸਿੰਘ ਜੀ ਦੇ ਅੰਗਾਂ ਨੂੰ ਜਦੋਂ ਜੱਲਾਦ ਨੇ ਕੱਟਣਾ ਸ਼ੁਰੂ ਕੀਤਾ ਤਾਂ ਭਾਈ ਜੀ ਨੇ ਜੱਲਾਦ ਨੂੰ ਕਿਹਾ ਸੀ ਕਿ ਤੇਰੇ ਮਾਲਕ ਵਲੋਂ ਮੇਰੇ ਬੰਦ ਬੰਦ ਕੱਟਣ ਦਾ ਹੁਕਮ ਹੈ ਤਾਂ ਫਿਰ ਤੂੰ ਆਪਣੇ ਮਾਲਕ ਦੀ ਹੁਕਮ ਅਦੂਲੀ ਕਿਉਂ ਕਰ ਰਿਹਾ ਹੈਂ? ਇਹ ਹੈ ਪ੍ਰੇਮ ਦਾ ਮਾਰਗ ਜਿਸ ਤੇ ਚਲਦੇ ਹੋਏ ਨਾਮ ਵਿਚ ਓਤ ਪੋਤ ਭਾਈ ਜੀ ਅਡੋਲ ਬੈਠੇ ਆਪਣੇ ਬੰਦ ਬੰਦ ਕਟਵਾਉਂਦੇ ਰਹੇ। ਸਿਰ ਤੇ ਆਰਾ ਚਲਦਾ ਪਿਆ ਹੈ ਪਰ ਭਾਈ ਮਤੀ ਦਾਸ ਜੀ ਦਾ ਸ਼ਾਂਤ ਮਨ ਪ੍ਰਭੂ ਚਰਨਾਂ ਵਿਚ ਜੁੜਿਆ ਹੋਇਆ ਹੈ। ਇਸੇ ਤਰ੍ਹਾਂ ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ, ਭਾਈ ਤਾਰੂ ਸਿੰਘ ਜੀ ਅਤੇ ਹੋਰ ਅਣਗਿਣਤ ਸੂਰਮਿਆਂ ਦੀ ਦਾਸਤਾਂ ਨਾਲ ਸਿੱਖ ਇਤਿਹਾਸ ਦੇ ਪੰਨੇ ਭਰੇ ਪਏ ਹਨ। ਬੀਬੀਆਂ ਅਤੇ ਮਾਤਾਵਾਂ ਨੇ ਆਪਣੇ ਬੱਚਿਆਂ ਦੇ ਟੋਟੇ-ਟੋਟੇ ਕਰਵਾ ਕੇ ਆਪਣੀਆਂ ਝੋਲੀਆਂ ਵਿਚ ਪਵਾਏ ਪਰ ਆਪ ਸਭ ਗੁਰੂ ਦੇ ਦਰਸਾਏ ਮਾਰਗ ਤੋਂ ਥਿੜਕੀਆਂ ਨਹੀਂ।

ਗੁਰੂ ਅਮਰਦਾਸ ਜੀ ਦੀ ਰਸਨਾ ਤੋਂ ਉਚਾਰੇ ਹੋਏ ਰਾਗੁ ਰਾਮਕਲੀ ਅਨੰਦੁ ਵਿਚ ਬਚਨ ਹਨ :

> **ਭਗਤਾ ਕੀ ਚਾਲ ਨਿਰਾਲੀ॥**
> **ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥**
> **ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥**
> **ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥**

ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥

(ਅੰਗ ੯੧੮)

ਭਾਵ ਪ੍ਰਭੂ ਦੇ ਪਿਆਰਿਆਂ ਦੀ ਜੀਵਨ ਜੁਗਤੀ ਦੂਜਿਆਂ ਨਾਲੋਂ ਵੱਖਰੀ ਹੁੰਦੀ ਹੈ। ਉਹ ਬਿਖਮ ਪੈਂਡਿਆਂ ਦੇ ਪਾਂਧੀ ਹੁੰਦੇ ਹਨ। ਲੋਭ, ਲਾਲਚ, ਅਹੰਕਾਰ, ਦੁਨਿਆਵੀ ਵਾਸ਼ਨਾਵਾਂ ਤੋਂ ਅਭਿੱਜ ਰਹਿੰਦੇ ਹਨ। ਇਸ ਵਿਚ ਕੋਈ ਸੰਦੇਹ ਵਾਲੀ ਗੱਲ ਨਹੀਂ ਕਿ ਇਹ ਤਾਂ ਖੰਡੇ ਦੀ ਤਿੱਖੀ ਧਾਰ ਜੋ ਵਾਲ ਨਾਲੋਂ ਵੀ ਬਰੀਕ ਹੈ ਉਸ ਤੇ ਚੱਲਣ ਵਾਲੀ ਗੱਲ ਹੈ ਅਰਥਾਤ ਇਨ੍ਹਾਂ ਔਖੀਆਂ ਘਾਟੀਆਂ 'ਚੋਂ ਬਚ ਨਿਕਲਣਾ ਬੜੀ ਕਠਿਨ ਗੱਲ ਹੈ। ਦੁਨਿਆਵੀ ਵਾਸ਼ਨਾਵਾਂ ਵਿਚ ਫਸ ਕੇ ਆਮ ਪ੍ਰਾਣੀ ਦਾ ਮਨ ਕਿਸੇ ਵੇਲੇ ਵੀ ਡੋਲ ਸਕਦਾ ਹੈ ਪਰ ਜਿਨ੍ਹਾਂ ਨੇ ਆਪਣੀ ਡੋਰੀ ਪ੍ਰਭੂ ਤੇ ਛੱਡੀ ਹੋਈ ਹੈ ਉਨ੍ਹਾਂ ਦੀਆਂ ਸਾਰੀਆਂ ਵਾਸ਼ਨਾਵਾਂ ਗੁਰੂ ਦੀ ਕਿਰਪਾ ਨਾਲ ਸੁਧੇ ਹੀ ਖ਼ਤਮ ਹੋ ਜਾਂਦੀਆਂ ਹਨ।

ਇਸ ਸਬੰਧੀ ਰਾਗੁ ਸੂਹੀ ਵਿਚ ਸ਼ੇਖ਼ ਬਾਬਾ ਫਰੀਦ ਜੀ ਦਾ ਕਥਨ ਹੈ :

ਵਾਟ ਹਮਾਰੀ ਖਰੀ ਉਡੀਣੀ॥
ਖੰਨਿਅਹੁ ਤਿਖੀ ਬਹੁਤੁ ਪਿਈਣੀ॥
ਉਸੁ ਊਪਰਿ ਹੈ ਮਾਰਗੁ ਮੇਰਾ॥
ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ॥

(ਅੰਗ ੭੯੪)

ਜੋ ਮੋਹ-ਮਾਇਆ ਵਿਚ ਫਸ ਕੇ ਸਦਾ ਜੀਊਣਾ ਲੋਚਦੇ ਹਨ ਅਤੇ ਮਰਨ ਤੋਂ ਡਰਦੇ ਹਨ ਉਹ ਇਸ ਮਾਰਗ ਦੇ ਰਾਹੀ ਨਹੀਂ ਹੋ ਸਕਦੇ। ਇੱਥੇ ਤਾਂ ਜੀਊਣ ਦੀ ਆਸ ਨੂੰ ਛੱਡ ਕੇ, ਸਭਨਾਂ ਦੀ ਚਰਨ-ਧੂੜ ਬਣ ਕੇ, ਮਾਲਕ ਦੇ ਦੇਸ ਜਾਣ ਲਈ ਹਰ ਵੇਲੇ ਤਿਆਰ ਰਹਿਣਾ ਪੈਂਦਾ ਹੈ ਤਾਂ ਹੀ ਉਸਦੀ ਦਰਗਾਹ ਵਿਚ ਪ੍ਰਵਾਨ ਚੜ੍ਹ ਸਕੀਦਾ ਹੈ :

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥

(ਰਾਗੁ ਮਾਰੂ ਕੀ ਵਾਰ ਮਹਲਾ ੫, ਅੰਗ ੧੧੦੨)

ਆਪ ਜੀ ਦੇ ਰਾਗੁ ਗਉੜੀ ਵਿਚ ਬਚਨ ਹਨ ਕਿ ਜੋ ਪਰਮਾਤਮਾ ਦੇ ਰਾਹ ਤੇ ਤੁਰ ਕੇ ਉਸਦੇ ਨਾਮ ਦਾ ਜਾਪ ਕਰਦੇ ਹਨ, ਉਨ੍ਹਾਂ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ। ਗੁਰਵਾਕ ਹੈ :

ਚਰਨ ਚਲਉ ਮਾਰਗਿ ਗੋਬਿੰਦ॥
ਮਿਟਹਿ ਪਾਪ ਜਪੀਐ ਹਰਿ ਬਿੰਦ॥

(ਅੰਗ ੨੮੧)

ਅਥਵਾ :

ਕਰ ਕਰਿ ਟਹਲ ਰਸਨਾ ਗੁਣ ਗਾਵਉ॥
ਚਰਨ ਠਾਕੁਰ ਕੈ ਮਾਰਗਿ ਧਾਵਉ॥

(ਰਾਗੁ ਗਉੜੀ ਮਹਲਾ ੫, ਅੰਗ ੧੮੯-੯੦)

ਸੰਤ-ਜਨਾਂ ਵਾਲਾ ਅਜਿਹਾ ਸੱਚ ਦਾ ਮਾਰਗ ਭਾਗਾਂ ਵਾਲਿਆਂ ਨੂੰ ਹੀ ਨਸੀਬ ਹੁੰਦਾ

ਹੈ। ਜੋ ਵੀ ਇਸ ਧਰਮ ਦੀ ਪਉੜੀ ਤੇ ਇਕ ਵਾਰੀ ਚੜ੍ਹ ਜਾਂਦਾ ਹੈ ਉਸਦੇ ਜਨਮਾਂ-ਜਨਮਾਤਰਾਂ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ :

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥
ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ॥

(ਰਾਗੁ ਸੋਰਠਿ ਮਹਲਾ ੫, ਅੰਗ ੬੨੨)

ਗੁਰੂ ਅਮਰਦਾਸ ਜੀ ਦੇ ਰਾਗੁ ਮਾਰੂ ਵਿਚ ਬਚਨ ਹਨ ਕਿ ਇਸ ਆਤਮਿਕ ਅਨੰਦ ਨੂੰ ਪ੍ਰੇਮ ਦਾ ਪਾਂਧੀ ਹੀ ਅਨੁਭਵ ਕਰ ਸਕਦਾ ਹੈ ਜਿਸ ਤੇ ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ :

ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ॥

(ਅੰਗ ੧੦੧੬)

ਪ੍ਰੰਤੂ ਜਿਹੜਾ ਪ੍ਰਾਣੀ ਇਸ ਪਉੜੀ ਤੋਂ ਖੁੰਝ ਜਾਂਦਾ ਹੈ ਉਹ ਜਨਮ-ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ ਅਤੇ ਦੁੱਖ ਭੋਗਦਾ ਹੈ :

ਇਸੁ ਪਉੜੀ ਤੇ ਜੋ ਨਰੁ ਚੂਕੈ
ਸੋ ਆਇ ਜਾਇ ਦੁਖੁ ਪਾਇਦਾ॥

(ਰਾਗੁ ਮਾਰੂ ਮਹਲਾ ੫, ਅੰਗ ੧੦੭੫)

ਇਸ ਤਰ੍ਹਾਂ ਮਨੁੱਖ ਦਾ ਸਾਰਾ ਜੀਵਨ ਪ੍ਰੇਮ-ਰੰਗ ਦਾ ਸੁਆਦ ਚੱਖੇ ਬਿਨਾਂ ਹੀ ਬੀਤ ਜਾਂਦਾ ਹੈ। ਮਨ ਵਿਚੋਂ ਮਾਇਆ ਦੀ ਭੁੱਖ ਕਦੀ ਮੁੱਕਦੀ ਨਹੀਂ। ਸਾਰਾ ਸਮਾਂ ਮਨ ਵਿਚ ਮਾਇਆ ਦੀ ਆਸ ਵਿਚ ਗੋਂਦਾਂ ਗੁੰਦਦਿਆਂ ਬੀਤ ਜਾਂਦਾ ਹੈ। ਆਖ਼ਰ ਜੁਆਨੀ ਢਲ ਜਾਂਦੀ ਹੈ ਅਤੇ ਅੰਤ ਨੇੜੇ ਆ ਜਾਂਦਾ ਹੈ :

ਮੈ ਪ੍ਰੇਮੁ ਨ ਚਾਖਿਆ ਮੇਰੇ ਪਿਆਰੇ ਭਾਉ ਕਰੇ॥
ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ ਨਿਤ ਆਸ ਕਰੇ॥
ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮੁ ਸਾਸ ਹਿਰੇ॥

(ਰਾਗੁ ਆਸਾ ਮਹਲਾ ੪, ਅੰਗ ੪੫੧)

ਇਸ ਲਈ ਦੁਨਿਆਵੀ ਲਾਲਸਾਵਾਂ ਨੂੰ ਮਾਰ ਕੇ ਮਨ ਅੰਦਰ ਸੱਚ ਨੂੰ ਵਸਾਉਣ ਦੀ ਲੋੜ ਹੈ :

ਜਿਸ ਦੈ ਅੰਦਰਿ ਸਚੁ ਹੈ
ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ
ਹੋਰਨਾ ਨੋ ਹਰਿ ਮਾਰਗਿ ਪਾਏ॥

(ਸਲੋਕ ਮਹਲਾ ੪, ਮਾਝ ਕੀ ਵਾਰ ਮਹਲਾ ੧, ਅੰਗ ੧੪੦)

ਭਾਵ ਸੱਚ ਦਾ ਧਾਰਨੀ ਸਦਾ ਸੱਚ ਹੀ ਬੋਲਦਾ ਹੈ। ਉਹ ਆਪ ਪਰਮਾਤਮਾ ਦੇ ਮਾਰਗ ਤੇ ਚਲਦਾ ਹੈ ਅਤੇ ਹੋਰਨਾਂ ਨੂੰ ਇਸ ਮਾਰਗ ਤੇ ਤੋਰਦਾ ਹੈ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਬਾਰਹਮਾਹਾ ਮਾਝ ਵਿਚ ਬਚਨ ਹਨ ਕਿ ਜੋ ਪ੍ਰਾਣੀ ਸੱਚ ਦੇ ਮਾਰਗ ਤੇ ਚਲਦੇ ਹਨ ਉਨ੍ਹਾਂ ਦੀ ਸਾਰੇ ਸੰਸਾਰ ਵਿਚ ਸੋਭਾ ਅਤੇ ਵਡਿਆਈ

ਹੁੰਦੀ ਹੈ :

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ *(ਅੰਗ ੧੩੬)*

ਪ੍ਰੇਮ ਦੇ ਮਾਰਗ ਤੇ ਚੱਲ ਕੇ ਹੀ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ। ਦਸਮੇਸ਼ ਪਿਤਾ ਜੀ ਦੇ ਬੜੇ ਅਨਮੋਲ ਬਚਨ ਹਨ :

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ
ਬੈਠਿ ਰਹਿਓ ਬਕ ਧਿਆਨ ਲਗਾਇਓ ॥
ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ
ਲੋਕ ਗਯੋ ਪਰਲੋਕ ਗਵਾਇਓ ॥
ਬਾਸ ਕੀਓ ਬਿਖਿਆਨ ਸੋ ਬੈਠ ਕੈ
ਐਸੇ ਹੀ ਐਸੇ ਸੁ ਬੈਸ ਬਿਤਾਇਓ ॥
ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

(ਤ੍ਵ ਪ੍ਰਸਾਦਿ ਸਵਯੇ, ਪਾਤਸ਼ਾਹੀ ੧੦)

ਪ੍ਰੇਮ ਦੇ ਮਾਰਗ ਤੇ ਚੱਲਣ ਵਾਲੇ ਪਰਵਾਨਿਆਂ ਦੀ ਇਕ ਹੋਰ ਬੜੀ ਅਦਭੁਤ ਦਾਸਤਾਂ ਹੈ ਜਦੋਂ 1699 ਵਾਲੀ ਵੈਸਾਖੀ ਵਾਲੇ ਦਿਨ ਦਸਮੇਸ਼ ਪਿਤਾ ਦੀ ਸ਼ਮਸ਼ੀਰ ਨੂੰ ਦੇਖ ਕੇ ਆਪਣੇ ਸੀਸ ਭੇਟ ਕਰਨ ਲਈ ਪੰਜ ਸੂਰਬੀਰ ਮੈਦਾਨ ਵਿਚ ਨਿੱਤਰੇ ਸਨ। ਨਾਮ ਤੋਂ ਸੱਖਣੇ ਅਤੇ ਆਤਮਿਕ ਤੌਰ ਤੇ ਲਿੱਸੇ ਅਤੇ ਕਮਜ਼ੋਰ ਪ੍ਰਾਣੀ ਕਦੀ ਅਜਿਹੇ ਅਦਭੁਤ ਕਾਰਨਾਮੇ ਨਹੀਂ ਕਰ ਸਕਦੇ। ਇਨ੍ਹਾਂ ਸੂਰਬੀਰਾਂ ਨੂੰ ਥਾਪੜਾ ਦੇ ਕੇ ਜਦੋਂ ਦਸਮੇਸ਼ ਪਿਤਾ ਨੇ ਉਨ੍ਹਾਂ ਦੇ ਸੀਸ ਤੇ ਹੱਥ ਰੱਖਿਆ ਤਾਂ ਉਹ ਗੁਰੂ ਦੇ ਪਿਆਰੇ ਬਣ ਗਏ। ਉਹ ਸਦਾ ਲਈ ਅਮਰ ਹੋ ਗਏ ਜਿਨ੍ਹਾਂ ਨੂੰ ਅੱਜ ਵੀ ਅਸੀਂ ਨਿੱਤ ਅਰਦਾਸ ਵਿਚ ਬੜੇ ਸਤਿਕਾਰ ਨਾਲ ਯਾਦ ਕਰਦੇ ਹਾਂ ਅਤੇ ਕਰਦੇ ਰਹਾਂਗੇ। ਗੁਰਮਤਿ ਵਿਚ ਭਗਤੀ ਅਤੇ ਸ਼ਕਤੀ ਦਾ ਇਹ ਸੁਮੇਲ ਪ੍ਰੇਮ ਦਾ ਮਾਰਗ ਹੈ ਜਿਸਦੀ ਕਲਪਨਾ ਗੁਰੂ ਨਾਨਕ ਦੇਵ ਜੀ ਨੇ ਪਹਿਲੇ ਜਾਮੇ ਵਿਚ ਕੀਤੀ ਸੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਅੰਗ ੧੪੧੨)

[illegible]

(23)

ਅਨੰਦ

ਅਨੰਦ ਦਾ ਅੱਖਰੀ ਅਰਥ ਹੈ ਪ੍ਰਸੰਨਤਾ, ਸਹਿਜ ਸੁਖ, ਆਤਮਿਕ ਖਿੜਾਓ ਜਾਂ ਖੇੜਾ। ਆਮ ਤੌਰ ਤੇ ਮਨੁੱਖ ਰੰਗ-ਰਲੀਆਂ ਜਾਂ ਰਾਗ ਤਮਾਸ਼ਿਆਂ ਨੂੰ ਮਾਣ ਕੇ ਜਾਂ ਸੁਆਦਲੇ ਭੋਜਨ ਆਦਿ ਖਾ ਕੇ ਮੌਜ-ਮਸਤੀਆਂ ਕਰਕੇ ਆਖਦਾ ਹੈ ਕਿ ਅੱਜ ਬੜਾ ਅਨੰਦ ਆਇਆ। ਪਰ ਇਹ ਸਾਰਾ ਅਨੰਦ ਥੋੜ੍ਹ-ਚਿਰਾ ਹੁੰਦਾ ਹੈ। ਇਸ ਅਨੰਦ ਦੀ ਮਸਤੀ ਬਹੁਤ ਦੇਰ ਨਹੀਂ ਰਹਿੰਦੀ ਭਾਵ ਦੁਨਿਆਵੀ ਪਦਾਰਥਾਂ ਦਾ ਸੁਖ ਸਦੀਵੀ ਸੁਖ ਨਹੀਂ। ਇਹ ਤਾਂ ਅੰਮ੍ਰਿਤ ਨੂੰ ਤਿਆਗ ਕੇ ਬਿਖ ਇਕੱਠਾ ਕਰਨ ਦੇ ਤੁੱਲ ਹੈ।

ਤਾਂ ਫਿਰ ਅਨੰਦ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ। ਸਾਡੇ ਚੰਗੇ ਭਾਗਾਂ ਨੂੰ ਗੁਰਬਾਣੀ ਵਿਚ ਥਾਂ ਪਰ ਥਾਂ ਇਸ ਸਬੰਧੀ ਸਦੀਵੀ ਸੇਧ ਦਿੱਤੀ ਗਈ ਹੈ। ਦੁਨਿਆਵੀ ਕੰਮ-ਧੰਦਿਆਂ ਵਿਚ ਫਸੇ ਹੋਏ ਮਨੁੱਖ ਨੂੰ ਉਸਦੀ ਅਸਲੀਅਤ ਜਾਣੂ ਕਰਵਾਉਂਦੇ ਹੋਏ ਰਾਗੁ ਪ੍ਰਭਾਤੀ ਵਿਚ ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ :

ਬਿਖੁ ਖਾਣਾ ਬਿਖੁ ਬੋਲਣਾ ਬਿਖੁ ਕੀ ਕਾਰ ਕਮਾਇ ॥
ਜਮ ਦਰਿ ਬਾਧੇ ਮਾਰੀਅਹਿ ਛੂਟਸਿ ਸਾਚੈ ਨਾਇ ॥ *(ਅੰਗ ੧੩੩੧)*

ਦੂਜੇ ਬੰਨੇ ਜਦੋਂ ਮਨੁੱਖ ਸਤਿਗੁਰੂ ਜੀ ਦਾ ਓਟ ਆਸਰਾ ਲੈ ਕੇ ਪ੍ਰਭੂ ਦੀ ਸਿਫ਼ਤ-ਸਾਲਾਹ ਵਿਚ ਜੁੜਦਾ ਹੈ ਤਾਂ ਉਸਦੇ ਮਨ ਵਿਚ ਸਹਿਜ ਸੁਖ ਅਤੇ ਅਨੰਦ ਦਾ ਵਾਸਾ ਹੁੰਦਾ ਹੈ ਅਤੇ ਉਸ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ :

ਸੂਖ ਸਹਜ ਆਨੰਦ ਘਨੇਰੇ ਸਤਿਗੁਰ ਦੀਆ ਦਿਲਾਸਾ ॥
ਜਿਣਿ ਘਰਿ ਆਏ ਸੋਭਾ ਸੇਤੀ ਪੂਰਨ ਹੋਈ ਆਸਾ ॥

(ਰਾਗੁ ਸੋਰਠਿ ਮਹਲਾ ੫, ਅੰਗ ੬੩੦)

ਹਜ਼ੂਰ ਪੰਚਮ ਪਾਤਸ਼ਾਹ ਰਾਗੁ ਸੋਰਠਿ ਵਿਚ ਹੀ ਮਨੁੱਖ ਨੂੰ ਦ੍ਰਿੜ੍ਹ ਕਰਵਾ ਰਹੇ ਹਨ ਕਿ ਅਨੰਦ ਦੀ ਪ੍ਰਾਪਤੀ ਉਦੋਂ ਹੁੰਦੀ ਹੈ ਜਦੋਂ ਪ੍ਰਭੂ ਦੀ ਬਖ਼ਸ਼ਿਸ਼ ਸਦਕਾ ਮਨੁੱਖ ਸਤਿਸੰਗਤ ਵਿਚ ਗੁਰਬਾਣੀ ਸਰਵਣ ਕਰਨ ਲਈ ਜੁੜਦਾ ਹੈ :

ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥
ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥

(ਅੰਗ ੬੧੪)

ਅਥਵਾ :

ਸਾਧਸੰਗਿ ਮਿਲਿ ਕਰਹੁ ਅਨੰਦ ॥
ਗੁਨ ਗਾਵਹੁ ਪ੍ਰਭ ਪਰਮਾਨੰਦ ॥

(ਰਾਗੁ ਗਉੜੀ ਸੁਖਮਨੀ, ਅੰਗ ੨੯੩)

ਭਾਵ ਭਲਿਆਂ ਸੰਤ ਜਨਾਂ ਦੀ ਸੰਗਤ ਕਰਕੇ ਉਸ ਅਕਾਲ ਪੁਰਖ, ਜੋ ਅਨੰਦ ਦਾ

ਸੋਮਾ ਹੈ, ਦੇ ਗੁਣ ਗਾ ਕੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

ਫਿਰ ਕੋਈ ਰੋਗ ਜਾਂ ਦੁੱਖ ਨਹੀਂ ਵਿਆਪਦਾ। ਜਨਮ ਮਰਨ ਦੇ ਗੇੜ ਵੀ ਕੱਟੇ ਜਾਂਦੇ ਹਨ :

ਸੂਖ ਸਹਜ ਆਨੰਦ ਭਵਨ॥
ਸਾਧਸੰਗਿ ਬੈਸਿ ਗੁਣ ਗਾਵਹਿ ਤਹ ਰੋਗ ਸੋਗ ਨਹੀ ਜਨਮ ਮਰਨ॥

(ਰਾਮਕਲੀ ਮਹਲਾ ੫, ਅੰਗ ੮੮੮)

ਪ੍ਰਭੂ ਦੀ ਆਗਿਆ ਵਿਚ ਰਿਹਾਂ ਪ੍ਰਾਣੀ ਤੇ ਹਰਖ-ਸੋਗ ਭਾਵ ਖੁਸ਼ੀ-ਗ਼ਮੀ, ਭੁੱਖ, ਚਿੰਤਾ ਆਦਿ ਦਾ ਕੋਈ ਅਸਰ ਨਹੀਂ ਹੁੰਦਾ। ਉਹ ਤਾਂ ਹਰ ਹਾਲਤ ਵਿਚ ਸੁਖ ਹੀ ਪ੍ਰਤੀਤ ਕਰਦਾ ਹੈ ਅਤੇ ਸਦਾ ਅਨੰਦ ਦੀ ਅਵਸਥਾ ਵਿਚ ਵਿਚਰਦਾ ਹੈ :

ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥

(ਰਾਗੁ ਮਾਰੂ ਮਹਲਾ ੫, ਅੰਗ ੧੦੦੦)

ਜੇਕਰ ਸਭ ਕੁਝ ਅਕਾਲ ਪੁਰਖ ਤੇ ਛੱਡ ਦਿੱਤਾ ਜਾਵੇ, ਉਸ ਤੋਂ ਬਿਨਾਂ ਹੋਰ ਕਿਸੇ ਵੱਲ ਨਾ ਝਾਕੀਏ ਫਿਰ ਤਾਂ ਮੌਤ ਵੀ ਅਨੰਦ ਬਣ ਜਾਂਦੀ ਹੈ :

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥

(ਸਲੋਕ ਨੰਬਰ ੨੨, ਭਗਤ ਕਬੀਰ ਜੀ, ਅੰਗ ੧੩੬੫)

ਜੇਕਰ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਹੋਵੇ, ਉਸਦੀ ਨਜ਼ਰ ਸਵੱਲੀ ਹੋਵੇ ਤਾਂ ਹੀ ਪ੍ਰਭੂ ਦੇ ਨਾਮ-ਮੰਤ੍ਰ ਦਾ ਜਾਪ ਕੀਤਾ ਜਾ ਸਕਦਾ ਹੈ ਜਿਸ ਸਦਕਾ ਫਿਰ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦੇ ਰਾਗੁ ਭੈਰਉ ਵਿਚ ਬਚਨ ਹਨ :

ਤੇਰੀ ਟੇਕ ਕਰਉ ਆਨੰਦ॥
ਤੇਰੀ ਟੇਕ ਜਪਉ ਗੁਰ ਮੰਤ॥ *(ਅੰਗ ੧੧੪੭)*

ਗੁਰੂ ਅਮਰਦਾਸ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਹੋਈ ਬਾਣੀ 'ਅਨੰਦੁ' ਇਸੇ ਗੱਲ ਦੀ ਪ੍ਰਤੀਕ ਹੈ। ਜੰਮਣ ਹੋਵੇ ਜਾਂ ਮਰਨ, ਖੁਸ਼ੀ ਹੋਵੇ ਜਾਂ ਗ਼ਮੀ ਗੁਰਸਿੱਖ ਵਲੋਂ ਰੱਖੇ ਹਰ ਸਮਾਗਮ ਦੀ ਸਮਾਪਤੀ ਅਨੰਦੁ ਸਾਹਿਬ ਦੇ ਪਾਠ ਨਾਲ ਹੁੰਦੀ ਹੈ। ਗੁਰਸਿੱਖ ਸਦਾ ਚੜ੍ਹਦੀ ਕਲਾ ਵਿਚ ਵਿਚਰਦਾ ਹੈ ਕਿਉਂਕਿ ਸੱਚੇ ਗੁਰੂ ਵਲੋਂ ਦਰਸਾਏ ਹੋਏ ਮਾਰਗ ਤੇ ਚਲਦਿਆਂ ਉਸਦੀ ਮੰਜ਼ਲ ਦਾ ਟੀਚਾ ਸਤਿਗੁਰੂ ਨੂੰ ਮਿਲ ਕੇ ਅਨੰਦ ਦੀ ਪ੍ਰਾਪਤੀ ਕਰਨਾ ਹੀ ਤਾਂ ਹੈ। ਗੁਰੂ ਪਾਤਸ਼ਾਹ ਦਾ 'ਅਨੰਦੁ' ਸਾਹਿਬ ਦੀ ਬਾਣੀ ਦੇ ਅਰੰਭ ਵਿਚ ਕਥਨ ਹੈ :

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥ *(ਅੰਗ ੯੧੭)*

ਇਸ ਤਰ੍ਹਾਂ ਸਤਿਗੁਰੂ ਨਾਲ ਜਦੋਂ ਮਿਲਾਪ ਹੋ ਗਿਆ ਤਾਂ ਮਨ ਅੰਦਰ ਪੂਰਨ ਤੌਰ ਤੇ ਖਿੜਾਓ ਪੈਦਾ ਹੋ ਜਾਂਦਾ ਹੈ। ਪਰਮਾਤਮਾ ਦੇ ਭੇਦਾਂ ਦੀ ਸੋਝੀ ਪੈ ਜਾਣ ਨਾਲ ਮਨ ਦੀ ਸਾਰੀ ਭਟਕਣਾ ਦੂਰ ਹੋ ਜਾਂਦੀ ਹੈ। ਦੁਨਿਆਵੀ ਪਦਾਰਥਾਂ ਦੀ ਭੁੱਖ ਲਹਿ ਜਾਂਦੀ ਹੈ। ਮਨ ਵਿਚ ਆਤਮਿਕ ਅਨੰਦ ਆ ਵੱਸਦਾ ਹੈ। ਮਾਨੋਂ ਜਿਵੇਂ ਕ੍ਰੋੜਾਂ ਬਾਦਸ਼ਾਹੀਆਂ ਦੇ ਸੁਖ ਪ੍ਰਾਪਤ ਹੋ ਗਏ ਹੋਣ :

ਮਾਈ ਮੇਰੇ ਮਨ ਕੋ ਸੁਖੁ॥
ਕੋਟਿ ਅਨੰਦ ਰਾਜ ਸੁਖੁ ਭੁਗਵੈ
ਹਰਿ ਸਿਮਰਤ ਬਿਨਸੈ ਸਭ ਦੁਖੁ॥ *(ਰਾਗੁ ਟੋਡੀ ਮਹਲਾ ੫, ਅੰਗ ੭੧੭)*

ਹੁਣ ਪ੍ਰਾਣੀ ਤੇ ਰਹਿਮਤਾਂ ਦੀ ਵਰਖਾ ਹੋਣ ਲਗਦੀ ਹੈ। ਜਸ, ਧਨ-ਦੌਲਤ, ਚੰਗੀ ਅਕਲ, ਵਡਿਆਈ, ਸੁਹੱਪਣ ਭਾਵ ਹਰ ਚੰਗੀ ਤੋਂ ਚੰਗੀ ਵਸਤੂ ਅਨੰਦ ਪ੍ਰਦਾਨ ਕਰਨ ਵਾਸਤੇ ਆਪਣੇ ਆਪ ਪੁੱਜ ਜਾਂਦੀ ਹੈ :

ਸੁਰਤਿ ਮਤਿ ਚਤੁਰਾਈ ਸੋਭਾ ਰੂਪੁ ਰੰਗੁ ਧਨੁ ਮਾਣੁ॥
ਸਰਬ ਸੂਖ ਆਨੰਦ ਨਾਨਕ ਜਪਿ ਰਾਮ ਨਾਮੁ ਕਲਿਆਣੁ॥
(ਰਾਗੁ ਕਲਿਆਨ ਮਹਲਾ ੫, ਅੰਗ ੧੩੨੩)

ਰਾਗੁ ਆਸਾ ਵਿਚ ਪੰਚਮ ਪਾਤਸ਼ਾਹ ਇਸ ਗੱਲ ਦੀ ਸੋਝੀ ਬਖ਼ਸ਼ ਰਹੇ ਹਨ ਕਿ ਸਤਿਗੁਰੂ ਜੀ ਦੇ ਦੱਸੇ ਮਾਰਗ ਤੇ ਚੱਲਣ ਨਾਲ ਜਦੋਂ ਸਤਿਗੁਰੂ ਪ੍ਰਸੰਨ ਹੋ ਕੇ ਜੀਵ ਦੇ ਹਿਰਦੇ ਰੂਪੀ ਘਰ ਵਿਚ ਪਰਮਾਤਮਾ ਦਾ ਮਿੱਠਾ ਨਾਮ-ਰਸ ਵਸਾਉਂਦਾ ਹੈ ਤਾਂ ਅਨੰਦ ਦੇ ਸੋਮੇ ਪ੍ਰਭੂ ਦੇ ਦਰਸ਼ਨ ਹੋਣ ਨਾਲ ਮਨ ਵਿਚ ਆਤਮਿਕ ਅਡੋਲਤਾ ਆ ਟਿਕਦੀ ਹੈ ਅਤੇ ਅਨੰਦ ਹੀ ਅਨੰਦ ਹਿਰਦੇ ਘਰ ਅੰਦਰ ਆ ਵੱਸਦਾ ਹੈ :

ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ॥
ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ॥
ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ॥
(ਅੰਗ ੪੫੨)

ਗੁਰੂ ਦੇ ਦੱਸੇ ਮਾਰਗ ਤੇ ਚੱਲ ਕੇ ਅਤੇ ਨਾਮ ਸਿਮਰਨ ਵਿਚ ਜੁੜ ਕੇ ਹੀ ਅਨੰਦ ਦੀ ਪ੍ਰਾਪਤੀ ਹੋ ਸਕਦੀ ਹੈ। ਹਿਰਦੇ ਘਰ ਵਿਚ ਆਤਮਿਕ ਅਨੰਦ ਵੱਸਣ ਨਾਲ ਫਿਰ ਜੀਵ ਦੀ ਸਾਰੀ ਦੌੜ-ਭੱਜ ਅਤੇ ਭਟਕਣਾ ਖ਼ਤਮ ਹੋ ਜਾਂਦੀ ਹੈ। ਸਾਰੀਆਂ ਚਿੰਤਾਵਾਂ ਅਤੇ ਝੋਰਿਆਂ ਤੋਂ ਮੁਕਤ ਹੋ ਜਾਈਦਾ ਹੈ। ਦੁੱਖ ਅਤੇ ਰੋਗਾਂ ਦਾ ਨਾਸ ਹੋ ਜਾਂਦਾ ਹੈ। ਮਨ ਇੱਛੇ ਫਲ ਪ੍ਰਾਪਤ ਹੋ ਜਾਂਦੇ ਹਨ ਭਾਵ ਸਾਰੇ ਸੰਕਲਪ ਪੂਰੇ ਹੋ ਜਾਂਦੇ ਹਨ। ਸਤਿਗੁਰੂ ਦੀ ਬਾਣੀ ਸੁਣਨ ਅਤੇ ਪੜ੍ਹਨ ਨਾਲ ਆਤਮਾ ਪਵਿੱਤਰ ਹੋ ਜਾਂਦੀ ਹੈ। ਇਹ ਸਾਰੀ ਸੋਝੀ ਗੁਰੂ ਅਮਰਦਾਸ ਜੀ 'ਅਨੰਦੁ' ਸਾਹਿਬ ਦੇ ਅੰਤਲੇ ਸ਼ਬਦ ਵਿਚ ਬਖ਼ਸ਼ਿਸ਼ ਕਰ ਰਹੇ ਹਨ :

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥

ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥

(ਅੰਗ ੯੨੨)

ਅਥਵਾ :

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥

(ਰਾਗੁ ਰਾਮਕਲੀ ਮਹਲਾ ੩, ਅੰਗ ੯੧੭-੯੧੮)

ਭਾਵ ਹਰ ਕੋਈ ਆਖਦਾ ਹੈ ਕਿ ਉਸਨੂੰ ਅਨੰਦ ਦੀ ਪ੍ਰਾਪਤੀ ਹੋ ਗਈ ਹੈ ਪਰ ਅਸਲ ਅਨੰਦ ਦੀ ਪ੍ਰਾਪਤੀ ਗੁਰੂ ਪਾਸੋਂ ਹੁੰਦੀ ਹੈ। ਜਿਸ ਤੇ ਗੁਰੂ ਕਿਰਪਾ ਕਰਦਾ ਹੈ ਉਸ ਨੂੰ ਹੀ ਅਨੰਦ ਦੀ ਸੋਝੀ ਪੈਂਦੀ ਹੈ। ਗੁਰੂ ਕਿਰਪਾ ਕਰਕੇ ਜਿਸਨੂੰ ਆਤਮਿਕ ਜੀਵਨ ਦੀ ਸੂਝ ਬਖ਼ਸ਼ਦਾ ਹੈ ਉਸਦੇ ਸਾਰੇ ਪਾਪ ਕੱਟੇ ਜਾਂਦੇ ਹਨ। ਜਿਨ੍ਹਾਂ ਨੇ ਆਪਣੇ ਅੰਦਰੋਂ ਮਾਇਆ ਦੇ ਮੋਹ ਨੂੰ ਮਾਰ ਮੁਕਾਇਆ ਹੈ ਸੱਚਾ ਥਿਰ ਰਹਿਣ ਵਾਲਾ ਪਰਮਾਤਮਾ ਉਨ੍ਹਾਂ ਦੀ ਬੋਲ-ਬਾਣੀ ਨੂੰ ਸੰਵਾਰ ਦਿੰਦਾ ਹੈ ਭਾਵ ਫਿਰ ਉਹ ਸਦਾ ਮਿੱਠੇ ਬੋਲ ਹੀ ਬੋਲਦੇ ਹਨ। ਇਹੋ ਹੀ ਅਸਲੀ ਅਨੰਦ ਹੈ ਅਤੇ ਇਸ ਦੀ ਸੂਝ ਗੁਰੂ ਪਾਸੋਂ ਹੀ ਮਿਲਦੀ ਹੈ।

ਇਥੇ ਇਸ ਗੱਲ ਦਾ ਜ਼ਿਕਰ ਕਰਨਾ ਬੜਾ ਜ਼ਰੂਰੀ ਹੈ ਕਿ ਬਹੁਤ ਸਾਰੇ ਸੱਜਣ ਪੁੱਛਦੇ ਹਨ ਕਿ ਕਿਹੋ ਜਿਹੇ ਗੁਰੂ ਤੋਂ ਨਾਮ ਲੈਣਾ ਚਾਹੀਦਾ ਹੈ? ਕਿਹੋ ਜਿਹੇ ਗੁਰੂ ਦੀ ਪੂਜਾ ਕਰਨੀ ਚਾਹੀਦੀ ਹੈ? ਪੂਰੇ ਗੁਰੂ ਦੀ ਕੀ ਨਿਸ਼ਾਨੀ ਹੈ?

ਇਸ ਸਬੰਧ ਵਿਚ ਬੇਨਤੀ ਹੈ ਕਿ ਗੁਰੂ ਨਾਨਕ ਦੇਵ ਜੀ ਜਗਤ ਗੁਰੂ ਹਨ। ਉਨ੍ਹਾਂ ਤੋਂ ਬਿਨਾਂ ਹੋਰ ਕੋਈ ਪੂਰਾ ਗੁਰੂ ਨਹੀਂ ਜਿਨ੍ਹਾਂ ਨੇ ਦਸਾਂ ਜਾਮਿਆਂ ਵਿਚ ਵਿਚਰ ਕੇ ਅਧਿਆਤਮਿਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਦਾਰਸ਼ਨਿਕ, ਆਰਥਿਕ ਭਾਵ ਮਨੁੱਖੀ ਜੀਵਨ ਦੇ ਹਰ ਪੱਖ ਤੋਂ ਲੋਕਾਈ ਨੂੰ ਸੇਧ ਦਿੱਤੀ ਅਤੇ ਦਸਵੇਂ ਜਾਮੇ ਵਿਚ (ਗੁਰੂ) ਗ੍ਰੰਥ ਸਾਹਿਬ ਨੂੰ ਗੁਰਿਆਈ ਪ੍ਰਦਾਨ ਕੀਤੀ। ਬਾਣੀ ਦੇ ਬੋਹਿਥ ਗੁਰੂ ਗ੍ਰੰਥ ਸਾਹਿਬ ਤੋਂ ਹੀ ਗੁਰਸਿੱਖ ਨੇ ਸੇਧ ਤੇ ਅਗਵਾਈ ਲੈਣੀ ਹੈ। ਜੋ ਜੋ ਵੀ ਪ੍ਰਾਣੀ ਇਸ ਵਿਚਲੇ ਗਿਆਨ ਭੰਡਾਰ ਨੂੰ ਦੂਜਿਆਂ ਨੂੰ ਸਮਝਾਉਂਦਾ ਹੈ ਜਾਂ ਇਸ 'ਤੇ ਚੱਲਣ ਲਈ ਪ੍ਰੇਰਦਾ ਹੈ ਉਸਨੂੰ ਗੁਰੂ ਜਾਂ ਗੁਰੂ ਵਾਲੀ ਪਦਵੀ ਨਹੀਂ ਦਿੱਤੀ ਜਾ ਸਕਦੀ। ਹਾਂ, ਉਸ ਨੂੰ ਗੁਰੂ ਦਾ ਸੇਵਕ ਜਾਂ ਚੰਗਾ ਵਿਚਾਰਵਾਨ ਕਿਹਾ ਜਾ ਸਕਦਾ ਹੈ। ਦਸਾਂ ਗੁਰੂ ਸਾਹਿਬਾਨ ਦੇ ਦਰਸਾਏ ਹੋਏ ਮਾਰਗ ਦਰਸ਼ਨ ਤੇ ਚਲਦੇ ਹੋਏ, ਗੁਰਸਿੱਖ ਨੇ ਸੇਧ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਤੋਂ ਲੈਣੀ ਹੈ। ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਤੋਂ ਬਾਅਦ ਗੁਰਮਤਿ ਵਿਚ ਅੱਗੇ ਤੋਂ ਦੇਹ-ਧਾਰੀ ਗੁਰੂ ਦਾ ਸੰਕਲਪ ਸਦਾ ਲਈ ਖ਼ਤਮ ਹੋ ਜਾਂਦਾ ਹੈ।

24

ਸਾਂਝੀਵਾਲਤਾ

ਸਾਂਝ, ਸਾਂਝੀਵਾਲ ਸ਼ਬਦਾਂ 'ਤੇ ਵਿਚਾਰ ਕਰਨ ਲਗਿਆਂ ਇਸ ਗੱਲ ਦਾ ਆਮ ਟਪਲਾ ਲੱਗ ਜਾਂਦਾ ਹੈ ਕਿ ਗੁਰੂ ਸਾਹਿਬਾਨ ਮਨੁੱਖ ਦੀ ਆਪਸੀ ਸਾਂਝ ਬਾਰੇ ਦਰਸਾ ਰਹੇ ਹਨ। ਗੁਰਬਾਣੀ ਵਿਚ ਜਿੱਥੇ ਜਿਥੇ ਵੀ ਸਾਂਝ, ਸਾਂਝੀ ਜਾਂ ਸਾਂਝੀਵਾਲਤਾ ਸ਼ਬਦ ਦਾ ਪ੍ਰਯੋਗ ਹੋਇਆ ਹੈ ਜੇਕਰ ਇਸ ਦੀਆਂ ਅਗਲੀਆਂ ਅਤੇ ਪਿਛਲੀਆਂ ਤੁਕਾਂ ਨੂੰ ਮਿਲਾ ਕੇ ਧਿਆਨ ਨਾਲ ਪਾਠ ਕਰੀਏ ਜਾਂ ਵਿਚਾਰੀਏ ਤਾਂ ਕਿਸੇ ਪ੍ਰਕਾਰ ਦੀ ਸ਼ੰਕਾ ਨਹੀਂ ਰਹਿ ਜਾਂਦੀ ਭਾਵ ਗੁਰੂ ਸਾਹਿਬਾਨ ਨੇ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਬਹੁਤਾ ਕਰਕੇ ਮਨੁੱਖ ਦੀ ਪਰਮਾਤਮਾ ਨਾਲ ਸਾਂਝ ਵਜੋਂ ਕੀਤਾ ਹੈ। ਸ਼ਬਦ ਸਾਂਝੀਵਾਲ ਦਾ ਪ੍ਰਯੋਗ ਗੁਰਬਾਣੀ ਵਿਚ ਕੇਵਲ ਇਕ ਵਾਰ ਹੀ ਹੋਇਆ ਹੈ ਜੋ ਰਾਗੁ ਮਾਝ ਵਿਚ ਆਉਂਦਾ ਹੈ। ਬਾਕੀ ਸਭਨੀਂ ਥਾਈਂ ਸਾਂਝ ਜਾਂ ਸਾਂਝੀ ਸ਼ਬਦ ਦੀ ਹੀ ਵਰਤੋਂ ਕੀਤੀ ਗਈ ਹੈ।

ਗੁਰੂ ਪੰਚਮ ਪਾਤਸ਼ਾਹ ਦੇ ਰਾਗੁ ਮਾਝ ਵਿਚ ਬਚਨ ਹਨ ਕਿ ਸਾਰੇ ਜੀਵ ਇਕ ਪ੍ਰਭੂ ਦੀ ਬਖਸ਼ਿਸ਼ ਦੀ ਆਸ ਵਿਚ ਜੀਉਂਦੇ ਹਨ ਜੋ ਘਟ-ਘਟ ਵਿਚ ਵੱਸ ਰਿਹਾ ਹੈ ਭਾਵ ਉਹ ਸਰਬ ਵਿਆਪਕ ਹੈ। ਜਗਤ ਦੇ ਸਾਰੇ ਜੀਵ ਪ੍ਰਭੂ ਨਾਲ ਸਾਂਝ ਰੱਖਣ ਵਾਲੇ ਅਖਵਾਉਂਦੇ ਹਨ। ਕੋਈ ਵੀ ਅਜਿਹਾ ਜੀਵ ਨਹੀਂ ਜਿਸ ਵਿਚ ਪਰਮਾਤਮਾ ਵੱਸਦਾ ਨਾ ਹੋਵੇ, ਕੋਈ ਵੀ ਜੀਵ ਮਾਲਕ-ਪ੍ਰਭੂ ਤੋਂ ਵੱਖਰਾ ਨਹੀਂ :

ਸਭੁ ਕੋ ਆਸੈ ਤੇਰੀ ਬੈਠਾ॥
ਘਟ ਘਟ ਅੰਤਰਿ ਤੂੰਹੈ ਵੁਠਾ॥
ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥

(ਅੰਗ ੯੭)

ਇਥੋਂ ਤੱਕ ਕਿ ਉਹ ਸਾਰਿਆਂ ਦਾ ਸਾਂਝਾ ਪਿਉ ਹੈ, ਉਸ ਨੂੰ ਸਭ ਦਾ ਫ਼ਿਕਰ ਹੈ। ਉਹ ਸਭ ਨੂੰ ਦਾਤਾਂ ਦੇਣ ਵਾਲਾ ਹੈ। ਉਸਦੇ ਘਰ ਵਿਚ ਜਗਤ ਦੇ ਸਾਰੇ ਖ਼ਜ਼ਾਨੇ ਮੌਜੂਦ ਹਨ ਜਿਨ੍ਹਾਂ ਵਿਚ ਕਦੀ ਤੋਟ ਨਹੀਂ ਆਉਂਦੀ। ਪ੍ਰਭੂ ਜਿਸ ਨੂੰ ਵੀ ਆਪਣੇ ਨਾਮ ਦੀ ਦਾਤ ਦਿੰਦਾ ਹੈ ਉਹ ਦੁਨੀਆਂ ਦੇ ਪਦਾਰਥਾਂ ਵਲੋਂ ਰੱਜ ਜਾਂਦਾ ਹੈ, ਤ੍ਰਿਪਤ ਹੋ ਜਾਂਦਾ ਹੈ :

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥
ਨਉ ਨਿਧਿ ਤੇਰੈ ਅਖੁਟ ਭੰਡਾਰਾ॥
ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ॥

(ਅੰਗ ੯੭)

ਗੁਰੂ ਅਰਜਨ ਦੇਵ ਜੀ ਦੇ ਰਾਗੁ ਮਾਝ ਵਿਚ ਇਕ ਹੋਰ ਬਚਨ ਹਨ ਕਿ ਪ੍ਰਭੂ ਸਾਡਾ ਕੇਵਲ ਪਿਤਾ ਜਾਂ ਮਾਤਾ ਹੀ ਨਹੀਂ, ਉਹ ਤਾਂ ਸਾਡਾ ਨੇੜਲਾ ਰਿਸ਼ਤੇਦਾਰ ਜਾਂ ਸਬੰਧੀ

ਵੀ ਹੈ। ਅਸਾਂ ਜੀਵਾਂ ਦੀ ਉਸ ਨਾਲ ਐਨੀ ਗੂੜ੍ਹੀ ਸਾਂਝ ਹੈ ਕਿ ਉਹ ਸਾਰਿਆਂ ਦੀ ਹਰ ਥਾਂ ਰੱਖਿਆ ਕਰਦਾ ਹੈ ਤਾਂ ਫਿਰ ਡਰ ਜਾਂ ਚਿੰਤਾ ਕਿਸ ਗੱਲ ਦੀ?

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥

(ਅੰਗ ੧੦੩)

ਦੁਨਿਆਵੀ ਸਾਂਝ ਸਦਾ ਨਿੱਜੀ ਸੁਆਰਥਾਂ ਤੇ ਆਧਾਰਿਤ ਹੁੰਦੀ ਹੈ। ਇਸ ਲਈ ਅਜਿਹੀ ਸਾਂਝ ਨੂੰ ਟੁੱਟਦਿਆਂ ਕੋਈ ਦੇਰ ਨਹੀਂ ਲਗਦੀ। ਇਸ ਗੱਲ ਦਾ ਨਿਰਣਾ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਫ਼ਰਮਾ ਰਹੇ ਹਨ ਕਿ ਮਾਇਆ ਦੇ ਮੋਹ ਵਿਚ ਫਸੇ ਹੋਏ ਪ੍ਰਾਣੀ ਦਾ ਕੋਈ ਇਤਬਾਰ ਨਹੀਂ ਕਿ ਉਸਨੇ ਕਿਸ ਵੇਲੇ ਧੋਖਾ ਦੇ ਦੇਣਾ ਹੈ :

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥

(ਸਲੋਕ ਵਾਰਾਂ ਤੇ ਵਧੀਕ, ਅੰਗ ੧੪੧੨)

ਇਸ ਪ੍ਰਥਾਏ ਰਾਗੁ ਬਿਹਾਗੜਾ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦੇ ਬਚਨ ਹਨ ਕਿ ਮਨ ਦੇ ਪਿੱਛੇ ਤੁਰਨ ਵਾਲੇ ਮਨਮੁਖ ਪ੍ਰਭੂ ਨਾਲੋਂ ਟੁੱਟੇ ਰਹਿੰਦੇ ਹਨ। ਉਹ ਹਰ ਵੇਲੇ ਲੋਭ ਤੇ ਹੰਕਾਰ ਵਿਚ ਗ੍ਰਸੇ ਰਹਿੰਦੇ ਹਨ। ਉਨ੍ਹਾਂ ਦਾ ਹਰ ਦਿਨ ਝਗੜੇ ਕਰਦਿਆਂ ਹੀ ਬਤੀਤ ਹੁੰਦਾ ਹੈ ਤਾਂ ਫਿਰ ਉਨ੍ਹਾਂ ਨੇ ਗੁਰੂ ਦੇ ਸ਼ਬਦ ਦੀ ਵਿਚਾਰ ਕੀ ਕਰਨੀ ਹੋਈ? ਵਿਕਾਰਾਂ ਵਿਚ ਗ੍ਰਸੇ ਰਹਿਣ ਕਰਕੇ ਅਜਿਹੇ ਪ੍ਰਾਣੀ ਸਦਾ ਮੰਦੇ ਬੋਲ ਹੀ ਬੋਲਦੇ ਹਨ ਜਿਸ ਕਾਰਨ ਉਨ੍ਹਾਂ ਦੀ ਅਕਲ ਤੇ ਹੋਸ਼ ਮਾਰੀ ਜਾਂਦੀ ਹੈ। ਤ੍ਰਿਸ਼ਨਾ ਕਾਰਨ ਉਨ੍ਹਾਂ ਦਾ ਮਨ ਕਦੇ ਰੱਜਦਾ ਨਹੀਂ। ਹਰ ਵੇਲੇ ਮਾਇਆ ਦੇ ਮੋਹ ਵਿਚ ਹੀ ਡੁੱਬੇ ਰਹਿੰਦੇ ਹਨ। ਇਸ ਲਈ ਅਜਿਹੇ ਮਨਮੁਖਾਂ ਨਾਲੋਂ ਸਾਂਝ ਜਾਂ ਸੰਬੰਧ ਤੋੜਨੇ ਹੀ ਚੰਗੇ ਹਨ :

ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ॥
ਝਗੜਾ ਕਰਦਿਆ ਅਨਦਿਨੁ ਗੁਦਰੈ
ਸਬਦਿ ਨ ਕਰੈ ਵੀਚਾਰੁ॥
ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ॥
ਦਿਤੈ ਕਿਤੈ ਨ ਸੰਤੋਖੀਅਨਿ
ਅੰਤਰਿ ਤ੍ਰਿਸਨਾ ਬਹੁਤੁ ਅਗ੍ਹਾਨੁ ਅੰਧਾਰੁ॥
ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ
ਜਿਨਾ ਮਾਇਆ ਮੋਹਿ ਪਿਆਰੁ॥

(ਅੰਗ ੫੪੯)

ਦੂਜੇ ਬੰਨੇ ਅਜਿਹੇ ਗੁਰਸਿੱਖ ਭਾਗਾਂ ਵਾਲੇ ਹਨ ਜੋ ਨਾਮ ਦੇ ਭੰਡਾਰ ਸਤਿਗੁਰੂ ਨਾਲ ਗੁਣਾਂ ਦੀ ਸਾਂਝ ਪਾਉਂਦੇ ਹਨ। ਹਰ ਵੇਲੇ ਉਠਦਿਆਂ ਬੈਠਦਿਆਂ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਹਨ :

ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ
ਵਡਭਾਗੀ ਸਿਖ ਗੁਣ ਸਾਂਝ ਕਰਾਵਹਿ॥

ਤਿਨਾ ਗੁਰਸਿਖਾ ਕੰਉ ਹਉ ਵਾਰਿਆ
ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ ॥

(ਵਡਹੰਸੁ ਕੀ ਵਾਰ ਮਹਲਾ ੪, ਅੰਗ ੫੯੦)

ਅਥਵਾ :

ਦਰਸਨੁ ਸਾਧ ਮਿਲਿਓ ਵਡਭਾਗੀ
ਸਭਿ ਕਿਲਬਿਖ ਗਏ ਗਵਾਝਾ ॥
ਸਤਿਗੁਰੁ ਸਾਹੁ ਪਾਇਆ ਵਡ ਦਾਣਾ
ਹਰਿ ਕੀਏ ਬਹੁ ਗੁਣ ਸਾਝਾ ॥

(ਰਾਗੁ ਜੈਤਸਰੀ ਮਹਲਾ ੪, ਅੰਗ ੬੯੭-੯੮)

ਭਾਵ ਗੁਰੂ ਦੇ ਦਰਸ਼ਨ ਵਡਭਾਗੀਆਂ ਨੂੰ ਪ੍ਰਾਪਤ ਹੁੰਦੇ ਹਨ। ਫਿਰ ਉਨ੍ਹਾਂ ਦੇ ਸਾਰੇ ਪਾਪ ਕੱਟੇ ਜਾਂਦੇ ਹਨ ਅਤੇ ਪ੍ਰਾਣੀ ਪਰਮਾਤਮਾ ਦੇ ਬਹੁਤੇ ਗੁਣਾਂ ਦਾ ਸਾਂਝੀਵਾਲ ਬਣ ਜਾਂਦਾ ਹੈ।

ਰਾਗੁ ਮਾਰੂ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਜਦੋਂ ਪ੍ਰਭੂ ਦੀ ਕਿਰਪਾ ਦੁਆਰਾ ਜੀਵ ਦੀ ਸਾਂਝ ਸਤਿਗੁਰ ਨਾਲ ਪੈ ਜਾਂਦੀ ਹੈ ਤਾਂ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ :

ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥ *(ਅੰਗ ੧੧੦੨)*

ਜਦੋਂ ਪ੍ਰਾਣੀ ਦੀ ਪਰਮਾਤਮਾ ਦੇ ਗੁਣਾਂ ਨਾਲ ਸਾਂਝ ਪੈ ਗਈ ਫਿਰ ਉਸ ਨੂੰ ਪਰਮਾਤਮਾ ਦੀ ਸਰਬ-ਵਿਆਪਕਤਾ ਬਾਰੇ ਗਿਆਨ ਹੋ ਜਾਂਦਾ ਹੈ ਭਾਵ ਉਸਨੂੰ ਹੁਣ ਹਰ ਥਾਂ ਪ੍ਰਭੂ ਹੀ ਦਿਸਦਾ ਹੈ :

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥
ਰਾਮ ਬਿਨਾ ਕੋ ਬੋਲੈ ਰੇ ॥

(ਰਾਗੁ ਮਾਲੀ ਗਉੜਾ, ਭਗਤ ਨਾਮਦੇਵ ਜੀ, ਅੰਗ ੯੮੮)

ਹੁਣ ਮਨ ਵਿਚੋਂ ਦੂਈ ਦਵੈਤ ਜਾਂਦੀ ਰਹਿੰਦੀ ਹੈ। ਕੋਈ ਬੇਗਾਨਾ ਜਾਂ ਪਰਾਇਆ ਜਾਪਦਾ ਹੀ ਨਹੀਂ। ਸਭ ਆਪਣੇ ਹੀ ਦਿਸਦੇ ਹਨ ਭਾਵ ਸਭਨਾਂ ਨਾਲ ਸਾਂਝ ਪੈ ਜਾਂਦੀ ਹੈ :

ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥

(ਰਾਗੁ ਕਾਨੜਾ ਮਹਲਾ ੫, ਅੰਗ ੧੨੯੯)

ਇਥੇ ਜਾਤੀ ਦੇ ਆਧਾਰ ਤੇ ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਰਹਿੰਦਾ ਕਿਉਂਕਿ ਪਰਮਾਤਮਾ ਦੇ ਨਾਮ ਸਿਮਰਨ ਦਾ ਉਪਦੇਸ਼ ਸਾਰੇ ਵਰਨਾਂ ਦੇ ਲੋਕਾਂ ਲਈ ਸਾਂਝਾ ਹੈ :

ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਝਾ ॥

(ਰਾਗੁ ਸੂਹੀ ਮਹਲਾ ੫, ਅੰਗ ੭੪੭-੪੮)

ਅਥਵਾ :

ਪਰਥਾਇ ਸਾਖੀ ਮਹਾ ਪੁਰਖ ਬੋਲਦੇ
ਸਾਝੀ ਸਗਲ ਜਹਾਨੈ ॥

(ਰਾਗੁ ਸੋਰਠਿ ਕੀ ਵਾਰ ਮਹਲਾ ੪, ਸਲੋਕ ਮਹਲਾ ੩, ਅੰਗ ੬੪੭)

ਭਾਵ ਦੁਨਿਆਵੀ ਜੀਵਾਂ ਲਈ ਮਹਾਂ-ਪੁਰਖ ਜੋ ਵੀ ਉਪਦੇਸ਼ ਕਰਦੇ ਹਨ ਉਹ ਸਭ ਲਈ ਸਾਂਝੇ ਹੁੰਦੇ ਹਨ।

ਆਪ ਜੀ ਦੇ ਰਾਗੁ ਮਲਾਰ ਵਿਚ ਬਚਨ ਹਨ ਕਿ ਜੋ ਪ੍ਰਾਣੀ ਪਰਮਾਤਮਾ ਦੇ ਸੇਵਕ-ਸੰਤ ਜਨਾਂ ਨਾਲ ਸਾਂਝ ਪਾ ਕੇ ਨਾਮ ਦਾ ਸਰਮਾਇਆ ਇਕੱਠਾ ਕਰਦੇ ਹਨ ਉਹ ਜਮਾਂ ਦੇ ਵੱਸ ਨਹੀਂ ਪੈਂਦੇ :

ਨਾਮੁ ਰਾਸਿ ਸਾਝੀ ਕਰਿ ਜਨ ਸਿਉ
ਜਾਂਉ ਨ ਜਮ ਕੈ ਘਾਟ ॥ *(ਅੰਗ ੧੨੬੯)*

ਪਰਮਾਤਮਾ ਨਾਲ ਸਾਂਝ ਬਣਾਈ ਰੱਖਣ ਬਾਰੇ ਭਗਤ ਕਬੀਰ ਜੀ ਨੇ ਆਪਣੇ 43ਵੇਂ ਸਲੋਕ ਵਿਚ ਬੜਾ ਸੁੰਦਰ ਵਿਚਾਰ ਦਿੱਤਾ ਹੈ। ਆਪ ਜੀ ਨੇ ਵਿਕਾਰਾਂ ਨੂੰ ਲੜਕੇ ਅਤੇ ਈਰਖਾਵਾਂ ਨੂੰ ਲੜਕੀਆਂ ਆਦਿ ਵਜੋਂ ਦਰਸਾਉਂਦੇ ਹੋਏ ਫ਼ਰਮਾਇਆ ਹੈ ਕਿ ਜਿਨ੍ਹਾਂ ਨੇ ਈਰਖਾ, ਬੁਰਿਆਈਆਂ ਨੂੰ ਤਿਆਗ ਕੇ ਨਾਮ ਦਾ ਵਣਜ ਕੀਤਾ ਹੈ, ਮੇਰੀ ਇੱਛਾ ਹੈ ਕਿ ਅਜਿਹੇ ਗੁਰਮੁਖਾਂ ਨਾਲ ਮੇਰੀ ਸਾਂਝ ਬਣੇ :

ਕੋ ਹੈ ਲਰਿਕਾ ਬੇਚਈ ਲਰਿਕੀ ਬੇਚੈ ਕੋਇ ॥
ਸਾਝਾ ਕਰੈ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ ॥ ੪੩ ॥

(ਅੰਗ ੧੩੬੬)

ਇਸ ਵਿਚ ਕੋਈ ਸ਼ੰਕਾ ਵਾਲੀ ਗੱਲ ਨਹੀਂ ਕਿ ਪ੍ਰਾਣੀ ਨੇ ਜਿੱਥੇ ਨਾਮ ਦੁਆਰਾ ਪ੍ਰਭੂ ਨਾਲ ਸਾਂਝ ਪਾਉਣੀ ਹੈ ਉੱਥੇ ਸੰਸਾਰ ਵਿਚ ਵਿਚਰਦੇ ਹੋਏ ਸਮਾਜਿਕ ਸਾਂਝ ਨੂੰ ਵੀ ਕਾਇਮ ਰੱਖਣਾ ਹੈ। ਇਹ ਆਪਸੀ ਸਾਂਝ ਕਿਹੋ ਜਿਹੀ ਹੋਣੀ ਚਾਹੀਦੀ ਹੈ ਇਸ ਸਬੰਧੀ ਗੁਰੂ ਅਰਜਨ ਦੇਵ ਜੀ ਰਾਗੁ ਸਾਰਗ ਵਿਚ ਉਪਦੇਸ਼ ਕਰ ਰਹੇ ਹਨ ਕਿ ਕਿਸੇ ਨਾਲ ਵੈਰ-ਵਿਰੋਧ ਨਾ ਕਰੋ ਅਤੇ ਨਾ ਹੀ ਕਿਸੇ ਨਾਲ ਠੱਗੀ ਕਰੋ ਕਿਉਂਕਿ ਪਰਮਾਤਮਾ ਤੁਹਾਡੇ ਅੰਗ-ਸੰਗ ਵੱਸ ਰਿਹਾ ਹੈ, ਉਹ ਸਭ ਕੁਝ ਦੇਖ ਰਿਹਾ ਹੈ। ਇਸ ਲਈ ਝੂਠ ਅਤੇ ਫਰੇਬ ਨੂੰ ਛੱਡ ਕੇ ਸੱਚਾ ਅਤੇ ਸੁੱਚਾ ਵਪਾਰ ਕਰੋ। ਅਜਿਹੇ ਪ੍ਰਾਣੀਆਂ ਨਾਲ ਸਾਂਝ ਪਾਉ ਜਿਨ੍ਹਾਂ ਅੰਦਰ ਕਿਸੇ ਪ੍ਰਕਾਰ ਦਾ ਕਪਟ ਨਹੀਂ। ਇੰਜ ਕੀਤਿਆਂ ਜੀਵਨ ਵਿਚ ਕਦੀ ਕੋਈ ਤੋਟ ਨਹੀਂ ਆਵੇਗੀ :

ਸਾਂਝੀ ਕਰਹੁ ਨਾਮ ਧਨੁ ਖਾਟਹੁ
ਗੁਰ ਕਾ ਸਬਦੁ ਵੀਚਾਰੇ ॥
ਛੋਡਹੁ ਕਪਟੁ ਹੋਇ ਨਿਰਵੈਰਾ
ਸੋ ਪ੍ਰਭੁ ਸੰਗਿ ਨਿਹਾਰੇ ॥
ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ
ਕਬਹੂ ਨ ਆਵਹੁ ਹਾਰੇ ॥ *(ਅੰਗ ੧੨੧੯-੨੦)*

ਦਇਆ ਸਿੰਘ ਦੇ ਰੂਪ ਵਿਚ ਦਇਆ ਆਦਿ [illegible] ਨੂੰ ਦੀ [illegible]
ਧਰਮ ਸਿੰਘ ਨਹੀਂ ਧਰਮ ਦੀ ਆਤਮਾ ਸੀ, ਤਾਹਿਓਂ ਹੋਣ ਤੇ ਧਰਮ ਦਾ ਸਾਥ ਦੇ ਗਏ।
ਹਿੰਮਤ ਆਦਿ ਆਦਿ ਹਿੰਮਤ ਸਿੰਘ ਬਣ ਕੇ [illegible] ਵਿਚ ਹੀ ਨੂੰ ਪਾਰ ਸਮਾਨ ਕਰ ਗਏ।
ਮੋਹਕਮ ਸਿੰਘ ਆਇਆ ਆਦਿ ਮੁਹਕਮਤਾ, ਮੁਹਕਮ ਹੋਣ ਦਾ [illegible] ਕਰ ਗਏ।
ਸਾਹਿਬ ਸਿੰਘ ਜਾਂ ਹੋਣ ਦੇ ਨਾਲ ਮਿਲਿਆ (25) [illegible] ਵਿਚ ਆਪ [illegible] ਹੋਏ।
ਤਾਹੀਓਂ ਉਨ੍ਹਾਂ ਨੇ [illegible] ਕੀਤੇ ਅੰਮ੍ਰਿਤ ਛਕ ਕੇ ਆਪ ਜੀ [illegible]।

ਅੰਮ੍ਰਿਤ

ਅੰਮ੍ਰਿਤ ਤੋਂ ਭਾਵ ਹੈ ਉਹ ਪਦਾਰਥ ਜਿਸਦੇ ਸੇਵਨ ਕਰਨ ਨਾਲ ਪ੍ਰਾਣੀ ਅਮਰ ਹੋ ਜਾਂਦਾ ਹੈ। ਉਸਨੂੰ ਫਿਰ ਕਦੀ ਆਤਮਿਕ ਮੌਤ ਨਹੀਂ ਆ ਸਕਦੀ। ਵੱਖ-ਵੱਖ ਧਰਮਾਂ ਨੇ ਅੰਮ੍ਰਿਤ ਨੂੰ ਆਪਣੀ-ਆਪਣੀ ਪਰਿਭਾਸ਼ਾ ਦਿੱਤੀ ਹੈ। ਪੁਰਾਣਾਂ ਅਨੁਸਾਰ ਜਦੋਂ ਦੇਵਤਿਆਂ ਨੇ ਸਮੁੰਦਰ ਨੂੰ ਰਿੜਕਿਆ ਤਾਂ ਉਸ ਵਿਚੋਂ 14 ਰਤਨ ਨਿਕਲੇ ਜਿਨ੍ਹਾਂ ਵਿਚ ਅੰਮ੍ਰਿਤ ਪ੍ਰਮੁੱਖ ਰਤਨ ਸੀ ਪ੍ਰੰਤੂ ਗੁਰੂ ਨਾਨਕ ਦੇਵ ਜੀ ਦੇ ਮੱਤ ਅਨੁਸਾਰ ਅੰਮ੍ਰਿਤ ਉਹ ਨਾਮ ਜਲ ਹੈ ਜਿਸ ਨੂੰ ਪੀਤਿਆਂ ਮਨੁੱਖ ਅਮਰਪਦ ਨੂੰ ਪ੍ਰਾਪਤ ਹੁੰਦਾ ਹੈ। ਉਸ ਨੂੰ ਫਿਰ ਕੋਈ ਵਿਸ਼ੇ-ਵਿਕਾਰ ਪੋਹ ਨਹੀਂ ਸਕਦੇ ਅਤੇ ਉਸਦੇ ਜਨਮ ਮਰਨ ਦੇ ਸਾਰੇ ਗੇੜ ਕੱਟੇ ਜਾਂਦੇ ਹਨ :

ਅੰਮ੍ਰਿਤੁ ਪੀ ਅਮਰਾ ਪਦੁ ਹੋਏ ਗੁਰ ਕੈ ਸਬਦਿ ਰਸੁ ਤਾਹਾ ਹੇ॥

(ਰਾਗੁ ਮਾਰੂ ਸੋਲਹੇ ਮਹਲਾ ੩, ਅੰਗ ੧੦੫੬)

ਅਥਵਾ :

ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ ਫਿਰਿ ਬਾਹੁੜਿ ਮਰਣੁ ਨ ਹੋਈ॥
ਹਰਿ ਹਰਿ ਨਾਮੁ ਅਮਰ ਪਦੁ ਪਾਇਆ ਹਰਿ ਨਾਮਿ ਸਮਾਵੈ ਸੋਈ॥

(ਰਾਗੁ ਆਸਾ ਮਹਲਾ ੪, ਛੰਤ, ਪੰਨਾ ੪੪੭)

ਗੁਰੂ ਅਮਰਦਾਸ ਜੀ ਦੇ ਰਾਗੁ ਮਾਝ ਵਿਚ ਬਚਨ ਹਨ ਕਿ ਪ੍ਰਭੂ ਦਾ ਨਾਮ ਸਾਰੇ ਸੁਖਾਂ ਦਾ ਖ਼ਜ਼ਾਨਾ ਹੈ। ਇਸ ਅੰਮ੍ਰਿਤ-ਜਲ ਨੂੰ ਪੀਤਿਆਂ ਮਾਇਆ ਦੀ ਸਾਰੀ ਭੁੱਖ ਲਹਿ ਜਾਂਦੀ ਹੈ :

ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ
ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ॥ *(ਅੰਗ ੧੧੯)*

ਆਪ ਜੀ ਦੇ ਰਾਗੁ ਮਾਝ ਵਿਚ ਇਕ ਹੋਰ ਬਚਨ ਹਨ ਕਿ ਆਤਮਿਕ ਜੀਵਨ ਦੇਣ ਵਾਲਾ ਨਾਮ-ਅੰਮ੍ਰਿਤ ਪੀ ਕੇ ਮਨੁੱਖ ਮਾਇਆ ਵਲੋਂ ਸਦਾ ਲਈ ਤ੍ਰਿਪਤ ਹੋ ਜਾਂਦਾ ਹੈ ਅਤੇ ਮਨ ਦੀ ਸਾਰੀ ਭਟਕਣਾ ਜਾਂਦੀ ਰਹਿੰਦੀ ਹੈ :

ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ
ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ॥ *(ਅੰਗ ੧੧੯)*

ਅਥਵਾ :

ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ॥
ਗੁਰਮੁਖਿ ਜਿਨ੍ਹੀ ਬੁਝਿਆ ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ॥
ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ॥
ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ॥

(ਰਾਗੁ ਮਲਾਰ ਕੀ ਵਾਰ ਮਹਲਾ ੧, ਅੰਗ ੧੨੮੧)

ਓਇਹਿ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨ ਮਨਹਿ ਪ੍ਰਗਟਾਇਓ॥
ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ॥੨
— ਸਵੈਯੇ ਮਹਲਾ ੫॥

ਭਾਵ ਅੰਮ੍ਰਿਤ ਦੀ ਵਰਖਾ ਤਾਂ ਸਦਾ ਹੋ ਰਹੀ ਹੈ ਪਰ ਇਸ ਗੱਲ ਦੀ ਸੋਝੀ ਕਿਸੇ ਗਿਆਨਵਾਨ ਨੂੰ ਹੀ ਹੁੰਦੀ ਹੈ। ਜਿਨ੍ਹਾਂ ਗੁਰਮੁਖਾਂ ਨੇ ਇਸ ਭੇਦ ਨੂੰ ਪਾਇਆ ਹੈ ਉਹ ਅੰਮ੍ਰਿਤ ਰੂਪੀ ਨਾਮ ਨੂੰ ਹਿਰਦੇ ਵਿਚ ਟਿਕਾਈ ਰੱਖਦੇ ਹਨ। ਇਸ ਤਰ੍ਹਾਂ ਨਾਮ ਦੇ ਰੰਗ ਵਿਚ ਰੰਗਣ ਨਾਲ ਹਉਮੈ ਅਤੇ ਮਾਇਆ ਦੀ ਤ੍ਰਿਸ਼ਨਾ ਖ਼ਤਮ ਹੋ ਜਾਂਦੀ ਹੈ। ਅਸਲ ਵਿਚ ਪ੍ਰਭੂ ਦਾ ਨਾਮ ਹੀ ਅੰਮ੍ਰਿਤ ਹੈ ਅਤੇ ਪ੍ਰਭੂ ਦੀ ਕਿਰਪਾ ਦੁਆਰਾ ਇਸਦੀ ਸਦਾ ਵਰਖਾ ਹੁੰਦੀ ਰਹਿੰਦੀ ਹੈ।

ਇਸੇ ਸਬੰਧ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ ਕਿ ਪਰਮਾਤਮਾ ਦਾ ਨਾਮ ਅਜਿਹਾ ਅੰਮ੍ਰਿਤ ਹੈ ਜਿਸਨੂੰ ਪੀਤਿਆਂ ਸਭ ਤ੍ਰਿਸ਼ਨਾਵਾਂ ਮਿਟ ਜਾਂਦੀਆਂ ਹਨ। ਫਿਰ ਕਿਸੇ ਚੀਜ਼ ਦੀ ਭੁੱਖ ਰਹਿੰਦੀ ਹੀ ਨਹੀਂ :

ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ॥
ਨਾਨਕ ਗੁਰਮੁਖਿ ਜਿਨ੍ ਪੀਆ ਤਿਨ੍ ਬਹੁੜਿ ਨ ਲਾਗੀ ਆਇ॥

(ਰਾਗੁ ਮਲਾਰ, ਅੰਗ ੧੨੮੩)

ਜੋ ਜੋ ਵੀ ਮਨੁੱਖ ਪ੍ਰਭੂ ਦੇ ਨਾਮ ਨੂੰ ਸਿਮਰਦਾ ਹੈ ਉਹ ਆਤਮਿਕ ਜੀਵਨ ਹਾਸਲ ਕਰ ਲੈਂਦਾ ਹੈ। ਪ੍ਰਭੂ ਦੀ ਮਿਹਰ ਸਦਕਾ ਜਦੋਂ ਪ੍ਰਾਣੀ ਨਾਮ ਵਿਚ ਜੁੜਦਾ ਹੈ ਉਹ ਪਵਿੱਤਰ ਜੀਵਨ ਵਾਲਾ ਬਣ ਜਾਂਦਾ ਹੈ। ਗੁਰਵਾਕ ਹੈ :

ਅੰਮ੍ਰਿਤ ਨਾਮੁ ਪਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ॥
ਜਿਸ ਨੋ ਕਰਮਿ ਪਰਾਪਤਿ ਹੋਵੈ ਸੋ ਜਨੁ ਨਿਰਮਲੁ ਥੀਵੈ॥

(ਰਾਗੁ ਸੋਰਠਿ ਮਹਲਾ ੫, ਅੰਗ ੬੧੬)

ਗੁਰੂ ਰਾਮਦਾਸ ਜੀ ਦੇ ਰਾਗੁ ਬਿਹਾਗੜਾ ਵਿਚ ਬਚਨ ਹਨ ਕਿ ਹਉਮੈ ਅਤੇ ਮਾਇਆ ਜ਼ਹਿਰ ਹਨ ਜੋ ਪ੍ਰਾਣੀ ਨੂੰ ਕਿਸੇ ਜੋਗਾ ਨਹੀਂ ਰਹਿਣ ਦਿੰਦੇ ਪ੍ਰੰਤੂ ਅੰਮ੍ਰਿਤ ਰੂਪੀ ਨਾਮ-ਜਲ ਪੀਤਿਆਂ ਇਹ ਸਾਰੀ ਜ਼ਹਿਰ ਕੱਟੀ ਜਾਂਦੀ ਹੈ :

ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥ *(ਅੰਗ ੫੩੮)*

ਰਾਗੁ ਮਾਝ ਵਿਚ ਗੁਰੂ ਅਮਰਦਾਸ ਜੀ ਵੀ ਇਹੋ ਸੋਧ ਬਖ਼ਸ਼ਿਸ਼ ਕਰ ਰਹੇ ਹਨ ਕਿ ਜੋ ਪ੍ਰਾਣੀ ਅੰਮ੍ਰਿਤ ਨਾਮ ਨੂੰ ਆਪਣੇ ਮਨ ਵਿਚ ਵਸਾਉਂਦਾ ਹੈ ਉਸਦੇ ਹਉਮੈ ਅਤੇ ਮਮਤਾ ਵਾਲੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਫਿਰ ਉਹ ਅੰਮ੍ਰਿਤਮਈ ਬਾਣੀ ਦੀ ਸਿਫ਼ਤ-ਸਾਲਾਹ ਸਦਕਾ ਹਰ ਵੇਲੇ ਨਾਮ-ਜਲ (ਅੰਮ੍ਰਿਤ) ਦੇ ਘੁੱਟ ਹੀ ਪੀਂਦਾ ਹੈ :

ਅੰਮ੍ਰਿਤ ਨਾਮੁ ਮੰਨਿ ਵਸਾਏ॥
ਹਉਮੈ ਮੇਰਾ ਸਭੁ ਦੁਖੁ ਗਵਾਏ॥
ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ॥

(ਅੰਗ ੧੧੮)

ਅੰਮ੍ਰਿਤ ਉਹ ਨਾਮ-ਰਸ ਹੈ ਜਿਸ ਨੂੰ ਮਾਣਿਆ ਤਾਂ ਜਾ ਸਕਦਾ ਹੈ ਪ੍ਰੰਤੂ ਇਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਜਿਨ੍ਹਾਂ ਜਿਨ੍ਹਾਂ ਨੇ ਸ਼ਬਦ ਦੀ ਕਮਾਈ ਕਰਕੇ ਇਸ ਨਾਮ-ਜਲ ਨੂੰ ਪੀਤਾ ਹੈ ਉਹ ਪ੍ਰਭੂ ਦੀ ਹਜ਼ੂਰੀ ਵਿਚ ਕਬੂਲ ਹੋ ਜਾਂਦੇ ਹਨ। ਗੁਰੂ ਅਮਰਦਾਸ ਜੀ ਦਾ ਸਿਰੀਰਾਗੁ ਵਿਚ ਫ਼ਰਮਾਨ ਹੈ :

ਅੰਮ੍ਰਿਤ ਰੂਪ ਅਤਿ ਦੀਪਕ ਬਲਿਓ ਗੁਰਿ ਗਿਰਦੇ ਦੀਓ ਪਰਗਾਸਾ।
ਦਾ. ਨਾਨਕ ਦਰਸੁ ਪੇਖਿ ਸੁਖੁ ਪਾਇਆ ਸਭ ਪੂਰਨ ਹੋਈ ਆਸਾ।
— ਸੋਰਠ ਮਹਲਾ ੫।

ਅੰਮ੍ਰਿਤੁ ਸਾਚਾ ਨਾਮੁ ਹੈ ਕਹਣਾ ਕਛੂ ਨ ਜਾਇ ॥
ਪੀਵਤ ਹੂ ਪਰਵਾਣੁ ਭਇਆ ਪੂਰੈ ਸਬਦਿ ਸਮਾਇ ॥ *(ਅੰਗ ੩੩)*

ਪਰਮਾਤਮਾ ਤਾਂ ਸਾਡੇ ਰੋਮ-ਰੋਮ ਵਿਚ ਵੱਸਦਾ ਹੈ ਭਾਵ ਸਾਡਾ ਅੰਦਰਲਾ ਤਾਂ ਅੰਮ੍ਰਿਤ ਨਾਮ ਨਾਲ ਭਰਪੂਰ ਹੈ ਪ੍ਰੰਤੂ ਇਸ ਗੱਲ ਦੀ ਸੋਝੀ ਪੈਣ ਤੇ ਹੀ ਇਸ ਦਾ ਸੁਆਦ ਮਾਣਿਆ ਜਾ ਸਕਦਾ ਹੈ। ਜਿਨ੍ਹਾਂ-ਜਿਨ੍ਹਾਂ ਨੇ ਵੀ ਇਸ ਨਾਮ-ਰਸ ਨੂੰ ਚੱਖਿਆ ਹੈ ਉਹ ਨਾਮ ਦੇ ਰਸੀਏ ਨਿਰਭਉ ਹੋ ਕੇ ਇਸ ਜਗਤ ਵਿਚ ਵਿਚਰਦੇ ਹਨ। ਉਨ੍ਹਾਂ ਨੂੰ ਫਿਰ ਕਿਸੇ ਪ੍ਰਕਾਰ ਦੀ ਚਿੰਤਾ ਜਾਂ ਭੈ ਪੋਹ ਨਹੀਂ ਸਕਦਾ। ਗੁਰਵਾਕ ਹੈ :

ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥
ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ ਧ੍ਰਾਪੈ ॥

(ਰਾਗੁ ਮਾਰੂ ਕੀ ਵਾਰ ਮਹਲਾ ੩, ਅੰਗ ੧੦੯੨)

ਪ੍ਰੰਤੂ ਅਸੀਂ ਕਿੰਨੇ ਅਭਾਗੇ ਔਗੁਣਾਂ ਨਾਲ ਭਰੇ ਹੋਏ ਹਾਂ। ਸਾਡੇ ਵਿਚ ਤਾਂ ਕੋਈ ਵੀ ਗੁਣ ਨਹੀਂ। ਅੰਮ੍ਰਿਤ ਨਾਮ-ਜਲ ਨੂੰ ਛੱਡ ਕੇ ਅਸੀਂ ਸਦਾ ਜ਼ਹਿਰ ਨੂੰ ਹੀ ਪੀਤਾ ਹੈ। ਮਾਇਆ ਅਤੇ ਪਰਿਵਾਰ ਦੇ ਮੋਹ ਅਤੇ ਭਰਮਾਂ ਆਦਿ ਵਿਚ ਫਸ ਕੇ ਅਸੀਂ ਅਸਲ ਜੀਵਨ ਤੋਂ ਕੁਰਾਹੇ ਪਏ ਹੋਏ ਹਾਂ :

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥

(ਕੀਰਤ ਭਟ ਜੀ, ਸਵੱਈਏ ਮਹਲੇ ੪ ਕੇ, ਅੰਗ ੧੪੦੬)

ਰਾਗੁ ਧਨਾਸਰੀ ਵਿਚ ਗੁਰੂ ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਖੋਤੇ ਤੇ ਜਿੰਨਾ ਮਰਜ਼ੀ ਚੰਦਨ ਦਾ ਲੇਪ ਪਏ ਕਰੀਏ ਉਹ ਤਾਂ ਮਿੱਟੀ ਵਿਚ ਲੇਟ ਕੇ ਹੀ ਖ਼ੁਸ਼ ਹੁੰਦਾ ਹੈ। ਇਹੋ ਹਾਲ ਉਸ ਪ੍ਰਾਣੀ ਦਾ ਹੈ ਜੋ ਆਤਮਿਕ ਜੀਵਨ ਦੇਣ ਵਾਲੇ ਨਾਮ-ਜਲ ਨੂੰ ਛੱਡ ਕੇ ਵਿਸ਼ਿਆਂ ਵਿਕਾਰਾਂ ਨਾਲ ਪਿਆਰ ਪਾਈ ਬੈਠਾ ਹੈ :

ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ ॥
ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ ॥ *(ਅੰਗ ੬੭੨)*

ਗਰਧਭ ਤੋਂ ਅਰਥ ਹੈ ਖੋਤਾ।

ਦੂਜੇ ਬੰਨੇ ਪਰਮਾਤਮਾ ਦੇ ਭਗਤ-ਜਨ ਆਤਮਿਕ ਜੀਵਨ ਦੇਣ ਵਾਲਾ ਨਾਮ ਜਲ ਹੀ ਸਦਾ ਪੀਂਦੇ ਹਨ। ਵਿਸ਼ੇ-ਵਿਕਾਰਾਂ ਵਲੋਂ ਅਡੋਲ ਰਹਿੰਦੇ ਹਨ ਭਾਵ ਵਿਸ਼ੇ ਵਿਕਾਰ ਉਨ੍ਹਾਂ ਤੇ ਪ੍ਰਭਾਵ ਨਹੀਂ ਪਾ ਸਕਦੇ। ਇਨ੍ਹਾਂ ਨੂੰ ਬੇਸੁਆਦਲਾ ਸਮਝ ਕੇ ਇਨ੍ਹਾਂ ਨੂੰ ਤਿਆਗ ਦਿੰਦੇ ਹਨ. ਇਨ੍ਹਾਂ ਨਾਲ ਮੋਹ ਨਹੀਂ ਪਾਉਂਦੇ :

ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ ਬਿਖੈ ਬਨੁ ਫੀਕਾ ਜਾਨਿਆ ॥

(ਸਿਰੀ ਰਾਗੁ ਛੰਤ ਮਹਲਾ ੫, ਅੰਗ ੮੧)

ਪ੍ਰਭੂ ਦਾ ਨਾਮ ਤਾਂ ਅੰਮ੍ਰਿਤ ਦਾ ਰੁੱਖ ਹੈ। ਜਿਨ੍ਹਾਂ ਨੇ ਇਸਦਾ ਰਸ ਪੀਤਾ ਹੈ ਉਹ ਤ੍ਰਿਪਤ ਹੋ ਗਏ ਹਨ। ਉਨ੍ਹਾਂ ਨੂੰ ਫਿਰ ਕਿਸੇ ਪ੍ਰਕਾਰ ਦੀ ਤ੍ਰਿਸ਼ਨਾ ਨਹੀਂ ਰਹਿੰਦੀ :

ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਸੀ ॥

(ਰਾਗੁ ਗੂਜਰੀ ਮਹਲਾ ੩, ਅੰਗ ੫੧੪)

ਅੰਮ੍ਰਿਤੁ ਨਾਮੁ ਪੀਆ ਮਨੁ ਤ੍ਰਿਪਤਿਆ ਆਘਾਏ ਰਸਨ ਚੁਖਾ ।।
ਕਹੁ ਨਾਨਕ ਸੁਖ ਸਹਜੁ ਮੈ ਪਾਇਆ ਗੁਰਿ ਲਾਹੀ ਸਗਲ ਤ੍ਰਿਖਾ ।।
— ਸਾਰਗ ਮ ੫

ਰਾਗੁ ਗੂਜਰੀ ਵਿਚ ਗੁਰੂ ਰਾਮਦਾਸ ਜੀ ਦਾ ਬੜਾ ਸੁੰਦਰ ਫ਼ਰਮਾਨ ਹੈ ਕਿ ਗੁਰਬਾਣੀ ਅੰਮ੍ਰਿਤ-ਮਈ ਬਚਨਾਂ ਨਾਲ ਭਰਪੂਰ ਹੈ ਕਿਉਂਕਿ ਸਤਿਗੁਰੂ ਦੇ ਇਹ ਬਚਨ ਨਾਮ-ਜਲ ਵਿਚ ਭਿੱਜੇ ਹੁੰਦੇ ਹਨ ਭਾਵ ਗੁਰਬਾਣੀ ਵਿਚ ਪ੍ਰਭੂ ਦੇ ਨਾਮ ਦੀ ਮਹਿਮਾ ਹੀ ਹੁੰਦੀ ਹੈ। ਇਸ ਲਈ ਜੋ ਗੁਰਬਾਣੀ ਪੜ੍ਹਦਾ ਹੈ ਉਹ ਮਨੁੱਖ ਆਤਮਿਕ ਜੀਵਨ ਦੇਣ ਵਾਲਾ ਨਾਮ-ਜਲ (ਅੰਮ੍ਰਿਤ) ਹੀ ਪੀਂਦਾ ਹੈ :

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ॥

(ਅੰਗ ੪੯੪)

ਅਥਵਾ :

ਅੰਮ੍ਰਿਤ ਬਚਨ ਸਾਧ ਕੀ ਬਾਣੀ॥
ਜੋ ਜੋ ਜਪੈ ਤਿਸ ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ॥

(ਰਾਗੁ ਸੂਹੀ ਮਹਲਾ ੫, ਪੰਨਾ ੭੪੪)

ਇਸੇ ਪ੍ਰਥਾਏ ਰਾਗੁ ਆਸਾ ਵਿਚ ਗੁਰੂ ਰਾਮਦਾਸ ਜੀ ਦੇ ਬਚਨ ਹਨ ਕਿ ਗੁਰੂ ਜੀ ਦੀ ਬਾਣੀ ਸੁਣ-ਸੁਣ ਕੇ ਜਿਸ ਮਨੁੱਖ ਦੇ ਹਿਰਦੇ ਵਿਚ ਆਤਮਿਕ ਜੀਵਨ ਦੇਣ ਵਾਲਾ ਨਾਮ-ਜਲ ਚੰਗਾ ਲੱਗਣ ਲੱਗ ਪੈਂਦਾ ਹੈ ਉਹ ਮਨੁੱਖ ਅਦ੍ਰਿਸ਼ਟ ਪਰਮਾਤਮਾ ਦੇ ਦਰਸ਼ਨ ਕਰ ਲੈਂਦਾ ਹੈ :

ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤੁ ਭਾਇਆ॥
ਗੁਰਬਾਣੀ ਹਰਿ ਅਲਖੁ ਲਖਾਇਆ॥ *(ਅੰਗ ੩੬੬)*

ਮੌਕੇ ਦੇ ਹਾਲਾਤ ਨੂੰ ਮੁੱਖ ਰੱਖਦੇ ਹੋਏ ਜਦੋਂ ਦਸਮੇਸ਼ ਪਿਤਾ ਨੇ ਆਪਣੇ ਸਿੱਖਾਂ ਲਈ ਖੰਡੇ ਬਾਟੇ ਦੁਆਰਾ ਸਵੱਛ-ਜਲ ਵਿਚ ਧੁਰ ਕੀ ਬਾਣੀ ਦੇ ਰਸ ਨੂੰ ਘੋਲ ਕੇ ਨਾਮ-ਜਲ ਰੂਪੀ ਅੰਮ੍ਰਿਤ ਤਿਆਰ ਕੀਤਾ, ਜਿਸ ਨੂੰ ਪੀ ਕੇ ਸਿੱਖ ਸੂਰਮਿਆਂ ਨੇ ਉਹ ਅਦਭੁਤ ਜੌਹਰ ਤੇ ਕਾਰਨਾਮੇ ਦਿਖਾਏ ਕਿ ਸਾਰੀ ਲੋਕਾਈ ਦੇਖ ਕੇ ਦੰਗ ਰਹਿ ਗਈ। ਆਪ ਜੀ ਨੇ ਆਪਣੇ ਸਿੱਖਾਂ ਨੂੰ ਪ੍ਰਭੂ ਦੇ ਅੰਮ੍ਰਿਤ-ਨਾਮ ਨੂੰ ਪੀਂਦੇ ਰਹਿਣ ਲਈ ਰਹਿਤਾਂ ਦੁਆਰਾ ਨਿੱਤ-ਨੇਮ ਦੀਆਂ ਬਾਣੀਆਂ ਨੂੰ ਪੜ੍ਹਨਾ ਜਾਂ ਸੁਣਨਾ ਜ਼ਰੂਰੀ ਕਰ ਦਿੱਤਾ।

ਇਸ ਲਈ ਅਕਾਲ ਪੁਰਖ ਦੇ ਗੁਣ ਗਾਉ ਜੋ ਅਮਰ ਕਰਨ ਵਾਲੇ ਬਚਨ ਹਨ। ਜੀਵਨ ਨੂੰ ਵਿਕਾਰਾਂ ਤੋਂ ਬਚਾਉਣ ਦਾ ਇਹ ਇਕੋ ਇਕ ਵਸੀਲਾ ਹੈ :

ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ॥
ਪ੍ਰਾਨ ਤਰਨ ਕਾ ਇਹੈ ਸੁਆਉ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਪੰਨਾ ੨੯੩)

ਪ੍ਰਭੂ ਦਾ ਅੰਮ੍ਰਿਤ ਨਾਮ ਸਾਰੀਆਂ ਚਿੰਤਾਵਾਂ ਨੂੰ ਦੂਰ ਕਰਨ ਵਾਲਾ ਹੈ :

ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ॥
ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ॥

(ਰਾਗੁ ਗੂਜਰੀ ਮਹਲਾ ੫, ਪੰਨਾ ੪੯੬)

(26)

ਧਰਮ

ਬੁਰਾਈਆਂ ਨੂੰ ਤਿਆਗ ਚੰਗੇ ਗੁਣਾਂ ਨੂੰ ਗ੍ਰਹਿਣ ਕਰਕੇ ਨਾਮ ਸਿਮਰਨ ਦੁਆਰਾ ਪਰਮਾਤਮਾ ਅਤੇ ਜੀਵ ਵਿਚਲੀ ਹਉਮੈ ਦੀ ਕੰਧ ਨੂੰ ਦੂਰ ਕਰਨਾ ਹੀ ਮਨੁੱਖੀ ਧਰਮ ਹੈ। ਇਨ੍ਹਾਂ ਚੰਗੇ ਗੁਣਾਂ ਦਾ ਘੇਰਾ ਬੜਾ ਵਿਸ਼ਾਲ ਹੈ ਜਿਸ ਵਿਚ ਮਨੁੱਖੀ ਕਦਰਾਂ-ਕੀਮਤਾਂ ਨੂੰ ਮਹੱਤਵ ਪੂਰਨ ਸਥਾਨ ਪ੍ਰਾਪਤ ਹੈ। ਆਮ ਲੋਕਾਂ ਦੀ ਅਗਿਆਨਤਾ ਕਾਰਨ ਕੁਝ ਬੁੱਧੀਮਾਨ ਲੋਕਾਂ ਨੇ ਇਨ੍ਹਾਂ ਕਦਰਾਂ-ਕੀਮਤਾਂ ਨੂੰ ਆਪਣੇ ਸੁਆਰਥ ਲਈ ਵਰਤ ਕੇ 'ਧਰਮ' ਨੂੰ ਨਵੇਂ ਅਰਥ ਦੇ ਦਿੱਤੇ। ਧਰਮ ਇਕ ਰਹੁ-ਰੀਤਾਂ, ਵਹਿਮਾਂ-ਭਰਮਾਂ, ਕਰਮ-ਕਾਂਡਾਂ ਆਦਿ ਦਾ ਗੋਰਖ ਧੰਦਾ ਬਣ ਕੇ ਰਹਿ ਗਿਆ। ਸਮਾਜ ਵੱਖ-ਵੱਖ ਵਰਗਾਂ, ਜਮਾਤਾਂ ਅਤੇ ਫਿਰਕਿਆਂ ਵਿਚ ਵੰਡਿਆ ਗਿਆ। ਪਰਮਾਤਮਾ ਨੂੰ ਰਿਝਾਉਣ ਲਈ ਹਰ ਜਮਾਤ ਦੇ ਚਤੁਰ ਆਗੂਆਂ ਨੇ ਆਪੋ-ਆਪਣੇ ਨਿਯਮ ਅਤੇ ਸਿਧਾਂਤ ਨਿਰਧਾਰਤ ਕਰ ਲਏ। ਪਰਮਾਤਮਾ ਦੇ ਨਾਂ ਤੇ ਇਕ ਦੂਜੇ ਤੇ ਆਪਣੇ ਵਿਚਾਰਾਂ ਨੂੰ ਠੋਸਣ ਦੀ ਕੋਸ਼ਿਸ਼ ਕੀਤੀ ਗਈ ਭਾਵੇਂ ਮੰਜ਼ਿਲ ਸਭ ਦੀ ਸਾਂਝੀ ਸੀ—ਇਕ ਹੀ ਈਸ਼ਵਰ ਦੀ ਪ੍ਰਾਪਤੀ।

ਇਸ ਦੌੜ ਵਿਚ ਸਭ ਤੋਂ ਵੱਧ ਉਨ੍ਹਾਂ ਲੋਕਾਂ ਦੇ ਸਮਾਜਿਕ ਜੀਵਨ ਤੇ ਪ੍ਰਭਾਵ ਪਿਆ ਜਿਨ੍ਹਾਂ ਪਾਸ ਰੋਜ਼ੀ ਰੋਟੀ ਦੇ ਸਾਧਨ ਬੜੇ ਸੀਮਤ ਸਨ। ਆਪਣਾ ਪੇਟ ਭਰਨ ਲਈ ਉਨ੍ਹਾਂ ਨੂੰ ਬੜੀ ਮੁਸ਼ੱਕਤ ਕਰਨੀ ਪੈਂਦੀ। ਇਨ੍ਹਾਂ ਭੋਲੇ ਭਾਲੇ ਅਤੇ ਸਾਊ ਲੋਕਾਂ ਨੂੰ ਉਹ ਕੰਮ ਵੀ ਕਰਨੇ ਪੈਂਦੇ ਜਿਨ੍ਹਾਂ ਨੂੰ ਸਮਾਜ ਘਟੀਆ ਸਮਝਦਾ ਸੀ। ਇਸ ਲਈ ਉਹ ਮੁੱਖ ਧਾਰਾ ਨਾਲੋਂ ਟੁੱਟ ਕੇ ਰਹਿ ਗਏ। ਭਾਰਤੀ ਸਮਾਜ ਦੇ ਨਾਂ ਤੇ ਇਹ ਇਕ ਬਹੁਤ ਵੱਡਾ ਕਲੰਕ ਸੀ ਕਿ ਇਨ੍ਹਾਂ ਲੋਕਾਂ ਨੂੰ ਪੂਜਣ ਵਾਲੇ ਸਥਾਨਾਂ ਤੋਂ ਵੀ ਵਾਂਝਿਆ ਰੱਖਿਆ ਗਿਆ। ਗੁਰਮਤਿ ਅਜਿਹੇ ਧਰਮ ਨੂੰ ਸਵੀਕਾਰ ਨਹੀਂ ਕਰਦੀ ਜਿਸ ਵਿਚ ਕਿਸੇ ਪ੍ਰਾਣੀ ਜਾਂ ਵਰਗ ਨੂੰ ਸਮਾਜ ਵਿਚ ਵਿਗਸਤ ਹੋਣ ਦੀ ਪੂਰਨ ਤੌਰ 'ਤੇ ਖੁਲ੍ਹ ਨਾ ਹੋਵੇ ਜਾਂ ਸਭ ਨੂੰ ਇਕੋ ਤਰ੍ਹਾਂ ਦੀਆਂ ਸਹੂਲਤਾਂ ਪ੍ਰਾਪਤ ਨਾ ਹੋਣ। ਧਰਮ ਦੇ ਨਾਂ 'ਤੇ ਅਜਿਹੇ ਕਿਰਤੀ ਲੋਕਾਂ ਦੇ ਹੋ ਰਹੇ ਸ਼ੋਸ਼ਣ ਵਿਰੁੱਧ ਗੁਰੂ ਨਾਨਕ ਦੇਵ ਜੀ ਨੇ ਆਵਾਜ਼ ਉਠਾਈ ਅਤੇ ਦਸਾਂ ਜਾਮਿਆਂ ਤੱਕ ਇਨ੍ਹਾਂ ਲੋਕਾਂ ਦੇ ਸੰਗੀ ਸਾਥੀ ਬਣ ਕੇ ਇਨ੍ਹਾਂ ਨੂੰ ਆਪਣੇ ਗਲ ਨਾਲ ਲਾਇਆ। ਆਪ ਜੀ ਨੇ ਬੁਲੰਦ ਆਵਾਜ਼ ਵਿਚ ਕਿਹਾ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚੁ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

(ਸਿਰੀ ਰਾਗੁ ਮਹਲਾ ੧, ਪੰਨਾ ੧੫)

ਜੇਕਰ ਸਤਿਗੁਰਾਂ ਦੇ ਇਨ੍ਹਾਂ ਬਚਨਾਂ ਤੇ ਗਹੁ ਨਾਲ ਵਿਚਾਰ ਕੀਤਾ ਜਾਏ ਤਾਂ ਕਾਦਰ ਦੀ ਬਣਾਈ ਹੋਈ ਇਸ ਧਰਤੀ ਤੇ ਕੋਈ ਉੱਚਾ-ਨੀਵਾਂ ਰਹੇ ਹੀ ਨਾ। ਆਪ ਜੀ ਅਨੁਸਾਰ ਵਾਹਿਗੁਰੂ ਦੀ ਮਿਹਰ ਦੀ ਉੱਥੇ ਨਜ਼ਰ ਹੁੰਦੀ ਹੈ ਜਿੱਥੇ ਗਰੀਬ ਦੀ ਸਾਰ ਲਈ ਜਾਂਦੀ

ਹੈ। ਸਾਨੂੰ ਸਤਿਗੁਰੂ ਸੱਚੇ ਪਾਤਸ਼ਾਹ ਨੇ ਅਜਿਹਾ ਧਰਮ ਕਮਾਉਣ ਦੀ ਸਿੱਖਿਆ ਦਿੱਤੀ।

ਗੁਰੂ ਨਾਨਕ ਦੇਵ ਜੀ ਦੇ ਧਰਮ ਦੀ ਬੁਨਿਆਦ ਈਸ਼ਵਰ ਤੇ ਅਥਾਹ ਸ਼ਰਧਾ ਹੈ ਤੇ ਮਨੁੱਖ ਈਸ਼ਵਰ ਦੀ ਹੀ ਬਨਾਵਟ ਹੈ ਭਾਵ ਈਸ਼ਵਰ ਇਸ ਦੇ ਅੰਦਰ ਹੀ ਹੈ। ਉਹ ਬਾਹਰ ਕਿਧਰੇ ਦੂਰ ਅਸਮਾਨਾਂ ਤੇ ਨਹੀਂ :

ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥

(ਰਾਗੁ ਗਉੜੀ ਕੀ ਵਾਰ ਮਹਲਾ ੪, ਪੰਨਾ ੩੦੯)

ਭਾਵ ਮਨੁੱਖ ਦਾ ਸਰੀਰ ਧਰਮ ਕਮਾਉਣ ਲਈ ਹੈ ਜਿਸ ਵਿਚ ਉਸ ਸੱਚੇ ਪ੍ਰਭੂ ਦੀ ਜੋਤਿ ਪ੍ਰਕਾਸ਼ਮਾਨ ਹੈ। ਇਸ ਸਰੀਰ ਵਿਚ ਦੈਵੀ ਗੁੱਝੇ ਰਤਨ ਲਾਲ ਲੁੱਕੇ ਪਏ ਹਨ ਜਿਸਨੂੰ ਗੁਰਮੁਖ ਜਨ ਹੀ ਭਾਲ ਕੱਢਦੇ ਹਨ।

ਇਸ ਪ੍ਰਕਾਰ ਇਨਸਾਨ ਦਾ ਸਰੀਰ ਹੀ ਹਰਿਮੰਦਰ ਹੈ—ਪਰਮਾਤਮਾ ਦਾ ਘਰ ਹੈ :

ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥

(ਰਾਗੁ ਪ੍ਰਭਾਤੀ ਮਹਲਾ ੩, ਪੰਨਾ ੧੩੪੬)

ਜੇਕਰ ਪ੍ਰਾਣੀ ਦਾ ਸਰੀਰ ਹੀ ਹਰਿਮੰਦਰ ਹੈ ਤਾਂ ਫਿਰ ਕਿਸੇ ਗੱਲ ਦਾ ਵਿਤਕਰਾ ਨਹੀਂ ਰਹਿ ਜਾਂਦਾ। ਮਨੁੱਖ ਬਤੌਰ ਮਨੁੱਖ ਦੇ ਮਨੁੱਖ ਹੈ ਉਸਦਾ ਕਿਸੇ ਵੀ ਧਰਮ ਜਾਂ ਮਜ਼ਹਬ ਵਿਚ ਵਿਸ਼ਵਾਸ ਕਿਉਂ ਨਾ ਹੋਵੇ, ਬੁਨਿਆਦ ਸਭ ਦੀ ਸਾਂਝੀ ਹੈ। ਜੇ ਅਬਾਦਤ ਇਕ ਈਸ਼ਵਰ ਦੀ ਹੀ ਹੋਣੀ ਹੈ ਤਾਂ ਫਿਰ ਉਹ ਅੱਲਾਹ ਹੋਵੇ ਜਾਂ ਰਾਮ, ਮਸਜਿਦ ਹੋਵੇ ਜਾਂ ਮੰਦਰ, ਗੁਰਦੁਆਰਾ ਜਾਂ ਚਰਚ :

ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ।
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।

(ਪਾਤਸ਼ਾਹੀ ੧੦, ਅਕਾਲ ਉਸਤਤਿ)

ਅਦੇਬ ਤੋਂ ਅਰਥ ਹੈ ਦੈਂਤ। ਜੱਛ—ਦੇਵਤੇ। ਗੰਧ੍ਰਬ—ਸਵਰਗ ਦੇ ਰਾਗੀ। ਬਾਦ—ਪੌਣ।

ਗੁਰਬਾਣੀ ਅਨੁਸਾਰ ਪ੍ਰਭੂ ਦੇ ਨਾਮ ਦਾ ਸਿਮਰਨ ਹੀ ਸੱਚਾ ਅਤੇ ਸਦਾ ਥਿਰ ਰਹਿਣ ਵਾਲਾ ਧਰਮ ਹੈ :

ਸਚੁ ਧਰਮੁ ਤਪੁ ਨਿਹਚਲੋ ਦਿਨੁ ਰੈਨਿ ਅਰਾਧਾ॥

(ਰਾਗੁ ਮਾਰੂ ਮਹਲਾ ੫, ਪੰਨਾ ੧੧੦੧)

ਆਪ ਜੀ ਦੇ ਰਾਗੁ ਬਸੰਤੁ ਵਿਚ ਵੀ ਬਚਨ ਹਨ ਕਿ ਨਾਮ ਸਿਮਰਨਾ ਸਾਰੇ ਧਰਮਾਂ ਵਿਚੋਂ ਸਭ ਤੋਂ ਉੱਤਮ ਅਤੇ ਸ੍ਰੇਸ਼ਟ ਧਰਮ ਹੈ। ਮਨੁੱਖ ਦਾ ਇਹ ਧਰਮ ਬਾਕੀ ਸਾਰੇ ਕਰਮਾਂ ਤੋਂ ਉੱਪਰ ਹੈ :

ਸਗਲ ਧਰਮ ਮਹਿ ਊਤਮ ਧਰਮ॥
ਕਰਮ ਕਰਤੂਤਿ ਕੈ ਊਪਰਿ ਕਰਮ॥ *(ਅੰਗ ੧੧੮੨)*

ਅਥਵਾ :

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥
(ਰਾਗੁ ਗਉੜੀ ਸੁਖਮਨੀ, ਪੰਨਾ ੨੬੬)

ਮਨੁੱਖ ਦਾ ਭਾਵੇਂ ਕਿਸੇ ਵਰਨ ਨਾਲ ਸੰਬੰਧ ਹੋਵੇ ਪਰਮਾਤਮਾ ਨਾਲ ਇਕ ਮਿੱਕ ਹੋਣਾ ਹੀ ਜੀਵਨ ਦਾ ਅਸਲ ਮਨੋਰਥ ਹੈ ਪ੍ਰੰਤੂ ਵਰਨ-ਵੰਡ ਵਾਲਿਆਂ ਨੇ ਇਸ ਸੱਚਾਈ ਨੂੰ ਅਨੁਭਵ ਨਹੀਂ ਕੀਤਾ। ਉਨ੍ਹਾਂ ਅਨੁਸਾਰ ਜੋਗੀ ਦਾ ਧਰਮ ਗਿਆਨ ਪ੍ਰਾਪਤ ਕਰਨਾ ਹੈ, ਬ੍ਰਾਹਮਣ ਦਾ ਧਰਮ ਵੇਦਾਂ ਦੀ ਵਿਚਾਰ ਕਰਨਾ ਹੈ। ਖੱਤ੍ਰੀਆਂ ਦਾ ਧਰਮ ਸੂਰਮਗਤੀ ਵਾਲੇ ਕੰਮ ਕਰਨਾ ਹੈ ਅਤੇ ਸ਼ੂਦਰਾਂ ਦਾ ਕੰਮ ਦੂਜਿਆਂ ਦੀ ਸੇਵਾ ਕਰਨਾ ਹੈ। ਇਸ ਗੱਲ ਦਾ ਵਰਨਣ ਗੁਰੂ ਨਾਨਕ ਦੇਵ ਜੀ ਨੇ ਸਲੋਕ ਸਹਸਕ੍ਰਿਤੀ ਵਿਚ ਇਸ ਪ੍ਰਕਾਰ ਕੀਤਾ ਹੈ :

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ॥
ਖ੍ਯ੍ਯਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥ *(ਅੰਗ ੧੩੫੩)*

ਸਬਦੰ ਦਾ ਅਰਥ ਹੈ ਧਰਮ।

ਸਲੋਕ ਦੇ ਅੰਤ ਵਿਚ ਆਪ ਜੀ ਦੇ ਬਚਨ ਹਨ ਕਿ ਸਭ ਤੋਂ ਸ੍ਰੇਸ਼ਟ ਧਰਮ ਤਾਂ ਪ੍ਰਭੂ ਦਾ ਨਾਮ ਸਿਮਰਨ ਕਰਨਾ ਹੈ। ਜੋ ਇਸ ਭੇਦ ਨੂੰ ਸਮਝ ਲਏ ਉਹ ਪ੍ਰਾਣੀ ਪ੍ਰਭੂ ਦਾ ਰੂਪ ਹੀ ਹੋ ਜਾਂਦਾ ਹੈ :

ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ॥
ਨਾਨਕ ਤਾ ਕੋ ਦਾਸੁ ਹੈ ਸੋਈ ਨਿਰੰਜਨ ਦੇਉ॥ *(ਅੰਗ ੧੩੫੩)*

ਗੁਰਮਤਿ ਵਿਚ ਦੂਜਿਆਂ ਧਰਮਾਂ ਪ੍ਰਤੀ ਕਿਸੇ ਪ੍ਰਕਾਰ ਦੇ ਭੇਦ-ਭਾਵ ਦੀ ਥਾਂ ਪੂਰਨ ਸਹਿਨਸ਼ੀਲਤਾ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਗਿਆ ਹੈ। ਰਾਗੁ ਮਾਝ ਕੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ ਕਿ ਸੱਚਾ ਮੁਸਮਲਾਨ ਉਹ ਹੈ ਜੋ ਆਪਣੇ ਧਰਮ ਨਾਲ ਪਿਆਰ ਕਰਦਾ ਹੈ ਅਤੇ ਆਪਣੀ ਕਿਰਤ ਕਮਾਈ ਨੂੰ ਲੋੜਵੰਦਾਂ ਵਿਚ ਵੰਡ ਕੇ ਮਾਇਆ ਦੇ ਹੰਕਾਰ ਤੋਂ ਮੁਕਤ ਹੁੰਦਾ ਹੈ। ਅੱਲਾਹ ਦੇ ਦਰਸਾਏ ਹੋਏ ਮਾਰਗ ਤੇ ਚਲਦਾ ਹੋਇਆ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ ਅਤੇ ਆਪਾ ਭਾਵ ਮਿਟਾ ਕੇ ਰੱਬ ਦੇ ਪੈਦਾ ਕੀਤੇ ਹੋਏ ਬੰਦਿਆਂ ਨਾਲ ਪਿਆਰ ਕਰਦਾ ਹੈ :

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥
(ਅੰਗ ੧੪੧)

ਇਸੇ ਤਰ੍ਹਾਂ ਇਕ ਸੱਚੇ ਪੰਡਿਤ ਦੇ ਗੁਣਾਂ ਦਾ ਪ੍ਰਗਟਾਵਾ ਕਰਦੇ ਹੋਏ ਉਸਦੀ ਮਹੱਤਤਾ

ਅਤੇ ਸ੍ਰੇਸ਼ਟਤਾ ਨੂੰ ਦਰਸਾਉਂਦੇ ਹਨ ਕਿ ਉਹੀ ਸੱਚਾ ਜਾਂ ਅਸਲ ਬ੍ਰਾਹਮਣ ਹੈ ਜੋ ਪਰਮਾਤਮਾ ਦੇ ਨਾਮ ਸਿਮਰਨ ਨੂੰ ਹੀ ਜਪ-ਤਪ ਸੰਜਮ ਸਮਝਦਾ ਹੈ। ਜੋ ਮਾਇਆ ਦੇ ਮੋਹ ਨੂੰ ਤਿਆਗ ਕੇ ਮਿੱਠੇ ਸੁਭਾਅ ਅਤੇ ਸੰਤੋਖੀ ਜੀਵਨ ਵਾਲਾ ਹੈ।

ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥
ਜਪੁ ਤਪੁ ਸੰਜਮੁ ਕਮਾਵੈ ਕਰਮੁ ॥
ਸੀਲ ਸੰਤੋਖ ਕਾ ਰਖੈ ਧਰਮੁ ॥
ਬੰਧਨ ਤੋੜੈ ਹੋਵੈ ਮੁਕਤੁ ॥
ਸੋਈ ਬ੍ਰਹਮਣੁ ਪੂਜਣ ਜੁਗਤੁ ॥

(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਪੰਨਾ ੧੪੧੧)

ਗੁਰੂ ਨਾਨਕ ਦੇਵ ਜੀ ਨੇ ਜਿਸ ਧਰਮ ਦੀ ਨੀਂਹ ਰੱਖੀ ਉਹ ਨਾਮ ਸਿਮਰਨ ਦੇ ਨਾਲ-ਨਾਲ ਪ੍ਰੇਮ, ਪਿਆਰ, ਮਨੁੱਖੀ ਭਾਈਚਾਰਾ, ਸਰਬ ਸਾਂਝੀਵਾਲਤਾ, ਸਹਿਨਸ਼ੀਲਤਾ ਤੇ ਆਧਾਰਿਤ ਹੈ। ਇੱਥੇ ਤਾਂ ਸਭ ਆਪਣੇ ਹੀ ਹਨ। ਕੋਈ ਪਰਾਇਆ ਹੈ ਹੀ ਨਹੀਂ :

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥

(ਰਾਗੁ ਕਾਨੜਾ ਮਹਲਾ ੫, ਪੰਨਾ ੧੨੯੯)

ਅਥਵਾ :

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥

(ਰਾਗੁ ਧਨਾਸਰੀ ਮਹਲਾ ੫, ਪੰਨਾ ੬੭੧)

ਅਤੇ

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥

(ਰਾਗੁ ਆਸਾ ਮਹਲਾ ੧, ਅੰਗ ੩੪੯)

ਗੁਰੂ ਪੰਚਮ ਪਾਤਸ਼ਾਹ ਦੇ ਸਲੋਕ ਸਹਸਕ੍ਰਿਤੀ ਵਿਚ ਬੜੇ ਅਨਮੋਲ ਬਚਨ ਹਨ ਕਿ ਧਰਮ ਕਮਾਉਣ ਵਲੋਂ ਕਦੀ ਦੇਰ ਨਹੀਂ ਕਰਨੀ ਚਾਹੀਦੀ ਪ੍ਰੰਤੂ ਪਾਪ ਕਮਾਉਣ ਵਿਚ ਢਿੱਲ ਜ਼ਰੂਰ ਕਰਨੀ ਚਾਹੀਦੀ ਹੈ। ਲੋਭ ਨੂੰ ਤਿਆਗ ਕੇ ਨਾਮ ਨੂੰ ਹਿਰਦੇ ਵਿਚ ਵਸਾਉਣਾ ਅਤੇ ਸੰਤ-ਜਨਾਂ ਦੀ ਸ਼ਰਨ ਪੈ ਕੇ ਪਾਪਾਂ ਦਾ ਨਾਸ ਕਰਨਾ, ਧਰਮ ਦੇ ਇਹ ਸਾਰੇ ਲੱਛਣ ਉਸ ਮਨੁੱਖ ਨੂੰ ਪ੍ਰਾਪਤ ਹੁੰਦੇ ਹਨ ਜਿਸ ਤੇ ਪਰਮਾਤਮਾ ਆਪ ਦਿਆਲ ਹੁੰਦਾ ਹੈ :

ਨਹ ਬਿਲੰਬ ਧਰਮੰ ਬਿਲੰਬ ਪਾਪੰ ॥
ਦ੍ਰਿੜੰਤ ਨਾਮੰ ਤਜੰਤ ਲੋਭੰ ॥
ਸਰਣਿ ਸੰਤੰ ਕਿਲਬਿਖ ਨਾਸੰ
ਪ੍ਰਾਪਤੰ ਧਰਮ ਲਖ੍ਹਿਣ ॥
ਨਾਨਕ ਜਿਹ ਸੁਪ੍ਰਸੰਨ ਮਾਧਵਹ ॥ *(ਅੰਗ ੧੩੫੪)*

(27)

ਦਇਆ

ਸਲੋਕ ਸਹਸਕ੍ਰਿਤੀ ਵਿਚ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ ਕਿ ਵਾਹਿਗੁਰੂ ਬੜਾ ਕਿਰਪਾਲੂ ਅਤੇ ਦਿਆਲੂ ਹੈ। ਉਹ ਰਹਿਮਤਾਂ ਦਾ ਭੰਡਾਰ ਹੈ ਅਤੇ ਸਭ ਜੀਵਾਂ ਦੀ ਪਾਲਣਾ ਕਰਨ ਵਾਲਾ ਹੈ।

ਦਇਆਲ ਏਕ ਭਗਵਾਨ ਪੁਰਖਹ ਨਾਨਕ ਸਰਬ ਜੀਅ ਪ੍ਰਤਿਪਾਲਕਹ॥

(ਅੰਗ ੧੩੫੫)

ਅਥਵਾ :

ਤੂ ਅਗਮ ਦਇਆਲ ਦਇਆ ਪਤਿ ਦਾਤਾ
ਸਭ ਦਇਆ ਧਾਰਿ ਰਖਿ ਲੀਜੈ॥
ਸਰਬ ਜੀਅ ਜਗਜੀਵਨੁ ਏਕੋ ਨਾਨਕ ਪ੍ਰਤਿਪਾਲ ਕਰੀਜੈ॥

(ਰਾਗੁ ਕਲਿਆਨ ਮਹਲਾ ੪, ਅੰਗ ੧੩੨੬)

ਭਾਵ ਦਇਆਵਾਨ ਪ੍ਰਭੂ ਦਾ ਕੋਈ ਅੰਤ ਨਹੀਂ ਪਾ ਸਕਦਾ। ਉਹ ਅਪਹੁੰਚ ਹੈ। ਸਭ ਤੇ ਦਇਆ ਕਰਨ ਵਾਲਾ ਅਤੇ ਸਭ ਦਾ ਰਖਵਾਲਾ ਹੈ। ਜਗਤ ਦੇ ਸਾਰੇ ਜੀਵਾਂ ਦਾ ਉਹ ਆਸਰਾ ਹੈ ਅਤੇ ਸਾਰਿਆਂ ਦੀ ਪਾਲਣਾ ਕਰਨ ਵਾਲਾ ਹੈ।

ਇਸ ਪ੍ਰਕਾਰ ਮਾਲਕ ਪ੍ਰਭੂ ਦੇ ਪੈਦਾ ਕੀਤੇ ਹੋਏ ਜੀਵਾਂ ਲਈ ਵੀ ਦਇਆ ਦੇ ਧਾਰਨੀ ਹੋਣਾ ਬੜਾ ਜ਼ਰੂਰੀ ਹੈ। ਜੇਕਰ ਸੰਸਾਰ ਵਿਚੋਂ ਦਇਆ ਉੱਡ ਜਾਵੇ ਤਾਂ ਇਹ ਸੰਸਾਰ ਨਰਕ ਬਣ ਕੇ ਰਹਿ ਜਾਵੇ। ਮਨੁੱਖ ਅਧਰਮੀ ਬਣ ਕੇ ਲੁੱਟ-ਖਸੁੱਟ ਦੁਆਰਾ ਇਸ 'ਸੱਚੇ ਦੀ ਕੋਠੜੀ' ਨੂੰ ਅੱਤਿਆਚਾਰਾਂ ਅਤੇ ਅਪਰਾਧਾਂ ਦਾ ਅਖਾੜਾ ਬਣਾ ਦੇਵੇ। ਪ੍ਰੰਤੂ ਦਇਆ ਦੇ ਹੁੰਦਿਆਂ ਧਰਮ ਸਦਾ ਕਾਇਮ ਰਹੇਗਾ ਕਿਉਂਕਿ ਦਇਆ ਤੋਂ ਹੀ ਧਰਮ ਪ੍ਰਫੁੱਲਤ ਹੁੰਦਾ ਹੈ :

ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ *(ਜਪੁਜੀ, ਪੰਨਾ ੩)*

ਪਰਮਾਤਮਾ ਸਾਡੇ ਸਾਰਿਆਂ ਦਾ ਰਖਵਾਲਾ ਹੈ। ਉਸਦਾ ਸਾਡੇ ਸਾਰਿਆਂ 'ਤੇ ਮਿਹਰ ਦਾ ਹੱਥ ਹੈ। ਉਹ ਦਇਆ ਦਾ ਸਾਗਰ ਹੈ। ਉਸਦਾ ਹਿਰਦਾ ਬੜਾ ਵਿਸ਼ਾਲ ਹੈ। ਗੁਰੂ ਅਰਜਨ ਦੇਵ ਜੀ ਪ੍ਰਭੂ-ਪਿਤਾ ਪਾਸੋਂ ਦਇਆ ਦੀ ਜਾਚਨਾ ਕਰਦੇ ਹੋਏ ਫ਼ਰਮਾ ਰਹੇ ਹਨ :

ਦਇਆ ਕਰਹੁ ਠਾਕੁਰ ਪ੍ਰਭ ਮੇਰੇ॥
ਗੁਣ ਗਾਵੈ ਨਾਨਕੁ ਨਿਤ ਤੇਰੇ॥

(ਰਾਗੁ ਭੈਰਉ, ਪੰਨਾ ੧੧੪੪)

ਰਾਗੁ ਗਉੜੀ ਸੁਖਮਨੀ ਵਿਚ ਵੀ ਗੁਰਦੇਵ ਇਹੋ ਸੇਧ ਬਖ਼ਸ਼ਿਸ਼ ਕਰ ਰਹੇ ਹਨ :

ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ॥
ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ॥

(ਅੰਗ ੨੮੫)

ਅਥਵਾ :

ਸੋ ਸੇਵਕੁ ਜਿਸੁ ਕਿਰਪਾ ਕਰੀ॥
ਨਿਮਖ ਨਿਮਖ ਜਪਿ ਨਾਨਕ ਹਰੀ॥

(ਅੰਗ ੨੮੯)

ਜਦੋਂ ਪ੍ਰਭੂ ਆਪਣੇ ਸੇਵਕ ਤੇ ਪ੍ਰਸੰਨ ਹੋ ਕੇ ਉਸ ਤੇ ਦਿਆਲੂ ਹੁੰਦਾ ਹੈ, ਉਸ ਤੇ ਮਿਹਰ ਜਾਂ ਕਿਰਪਾ ਕਰਦਾ ਹੈ ਤਾਂ ਪ੍ਰਾਣੀ ਦਾ ਅੰਦਰਲਾ ਰੌਸ਼ਨਾਇਆ ਜਾਂਦਾ ਹੈ। ਉਸਦਾ ਮਨ ਕਮਲ ਦੇ ਫੁੱਲ ਵਾਂਗ ਖਿੜ ਜਾਂਦਾ ਹੈ। ਉਸਨੂੰ ਸਾਰੇ ਖ਼ਜ਼ਾਨੇ ਪ੍ਰਾਪਤ ਹੋ ਜਾਂਦੇ ਹਨ ਜਿਨ੍ਹਾਂ ਨੂੰ ਮਨੁੱਖ ਆਪਣੇ ਯਤਨਾਂ ਦੁਆਰਾਂ ਪ੍ਰਾਪਤ ਨਹੀਂ ਕਰ ਸਕਦਾ :

ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ॥
ਪ੍ਰਭੂ ਦਇਆ ਤੇ ਕਮਲ ਬਿਗਾਸੁ॥
ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ॥
ਪ੍ਰਭ ਦਇਆ ਤੇ ਮਤਿ ਊਤਮ ਹੋਇ॥
ਸਰਬ ਨਿਧਾਨ ਪ੍ਰਭ ਤੇਰੀ ਮਇਆ॥
ਆਪਹੁ ਕਛੂ ਨ ਕਿਨਹੂ ਲਇਆ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਪੰਨਾ ੨੭੧)

ਅਜਿਹੀ ਅਵਸਥਾ ਤੇ ਅੱਪੜ ਕੇ ਪ੍ਰਾਣੀ ਉੱਤਮ ਮੱਤ ਵਾਲਾ ਹੋ ਜਾਂਦਾ ਹੈ। ਇਸ ਤਰ੍ਹਾਂ ਉਸ ਦੇ ਮਨ ਅੰਦਰ ਜੋ ਅੰਮ੍ਰਿਤ ਰਸ ਪੈਦਾ ਹੁੰਦਾ ਹੈ ਉਸ ਨੂੰ ਚਖ ਕੇ ਫਿਰ ਕੇਵਲ ਇਕ ਹੀ ਸਿੱਕ ਰਹਿ ਜਾਂਦੀ ਹੈ :

ਤੁਮ੍ ਕਰਹੁ ਦਇਆ ਮੇਰੇ ਸਾਈ॥
ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧੁ ਧਿਆਈ॥

(ਰਾਗੁ ਧਨਾਸਰੀ ਮਹਲਾ ੫, ਪੰਨਾ ੬੭੩)

ਮਾਲਕ ਪ੍ਰਭੂ ਦੀ ਕਿਰਪਾ ਤੇ ਮਿਹਰ ਸਦਕਾ ਹੀ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਉਸਦੀ ਦਇਆ ਹੋਵੇ ਤਾਂ ਹੀ ਪ੍ਰਾਣੀ ਇਸ ਸੰਸਾਰ ਸਮੁੰਦਰ 'ਚੋਂ ਪਾਰ ਲੰਘ ਸਕਦਾ ਹੈ। ਗੁਰਵਾਕ ਹੈ :

ਤੁਮਰੀ ਦਇਆ ਮਇਆ ਸੁਖੁ ਪਾਵਉ
ਹੋਹੁ ਕ੍ਰਿਪਾਲ ਤ ਭਉਜਲੁ ਤਰਨਾ॥

(ਰਾਗੁ ਕਾਨੜਾ ਮਹਲਾ ੫, ਪੰਨਾ ੧੨੯੯)

ਜਿਸ ਜਿਸ ਤੇ ਵੀ ਉਸ ਸਮੱਰਥ ਪ੍ਰਭੂ ਦੀ ਦਇਆ ਹੁੰਦੀ ਹੈ, ਕਿਰਪਾ ਦ੍ਰਿਸ਼ਟੀ ਹੁੰਦੀ ਹੈ ਉਸਦੇ ਸਾਰੇ ਰੋਣੇ-ਧੋਣੇ ਮੁੱਕ ਜਾਂਦੇ ਹਨ :

ਦਇਆ ਧਾਰੀ ਸਮਰਥਿ ਚੁਕੇ ਬਿਲ ਬਿਲਾਪ॥

(ਰਾਗੁ ਗੂਜਰੀ ਕੀ ਵਾਰ ਮਹਲਾ ੫, ਪੰਨਾ ੫੨੧)

ਸਤਿਗੁਰਾਂ ਦਾ ਰਾਗੁ ਭੈਰਉ ਵਿਚ ਬੜਾ ਸੁੰਦਰ ਫ਼ਰਮਾਨ ਹੈ ਕਿ ਪ੍ਰਭੂ ਦੀ ਦਇਆ ਹੋਣ ਨਾਲ ਸਾਰੇ ਦੁੱਖ ਅਤੇ ਰੋਗਾਂ ਦਾ ਨਾਸ਼ ਹੋ ਜਾਂਦਾ ਹੈ। ਉਸਦੀ ਮਿਹਰ ਸਦਕਾ ਹਿਰਦਾ ਕੌਲ ਫੁੱਲ ਵਾਂਗ ਖਿੜ ਜਾਂਦਾ ਹੈ :

ਤੁਮ੍ਰਰੀ ਦਇਆ ਤੇ ਹੋਇ ਦਰਦ ਬਿਨਾਸੁ ॥
ਤੁਮਰੀ ਮਇਆ ਤੇ ਕਮਲ ਬਿਗਾਸੁ ॥ *(ਅੰਗ ੧੧੪੪)*

ਦਇਆ ਦਾ ਇਕ ਹੋਰ ਪੱਖ ਵੀ ਹੈ। ਉਹ ਹੈ ਮਨੁੱਖ ਦਾ ਮਨੁੱਖ ਪ੍ਰਤੀ ਪਰਸਪਰ ਸੰਬੰਧ। ਇਸ ਸਬੰਧੀ ਗੁਰਮਤਿ ਵਲੋਂ ਦਰਸਾਇਆ ਗਿਆ ਸੱਚ ਦਾ ਮਾਰਗ ਹੀ ਮਨੁੱਖ ਦੀ ਸਹੀ ਅਰਥਾਂ ਵਿਚ ਰਹਿਨੁਮਾਈ ਕਰਦਾ ਹੈ। ਇਸ ਮਾਰਗ ਤੇ ਚਲਦਿਆਂ ਮਨੁੱਖ ਅੰਦਰ ਦੂਜਿਆਂ ਪ੍ਰਤੀ ਸਨੇਹ ਅਤੇ ਦਇਆ ਦੀ ਭਾਵਨਾ ਉਤਪੰਨ ਹੁੰਦੀ ਹੈ :

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
(ਆਸਾ ਦੀ ਵਾਰ ਮਹਲਾ ੧, ਪੰਨਾ ੪੬੮)

ਸਿਧ ਗੋਸਟਿ ਵਿਚ ਗੁਰੂ ਨਾਨਕ ਦੇਵ ਜੀ ਨੇ ਜੀਵਨ ਮਨੋਰਥ ਬਾਰੇ ਦਸਦੇ ਹੋਏ ਸਿੱਧਾਂ ਨੂੰ ਸਮਝਾਇਆ ਸੀ ਕਿ ਜੋ ਪ੍ਰਾਣੀ ਆਪਣੇ ਅੰਦਰ ਸਾਰੇ ਜੀਵਾਂ ਲਈ ਦਇਆ ਦੀ ਭਾਵਨਾ ਰੱਖਦਾ ਹੈ ਉਸਦੀ ਸੰਸਾਰ ਅੰਦਰ ਸੋਭਾ ਤੇ ਵਡਿਆਈ ਹੁੰਦੀ ਹੈ। ਅਜਿਹਾ ਪ੍ਰਾਣੀ ਸਭ ਵਿਚ ਉਹੋ ਜੋਤਿ ਦੇਖਦਾ ਹੈ ਜੋ ਉਸਦੇ ਆਪਣੇ ਅੰਦਰ ਹੁੰਦੀ ਹੈ :

ਜੀਵਤੁ ਮਰੈ ਤਾ ਸਭੁ ਕਿਛੁ ਸੂਝੈ
ਅੰਤਰਿ ਜਾਣੈ ਸਰਬ ਦਇਆ ॥
ਨਾਨਕ ਤਾ ਕਉ ਮਿਲੈ ਵਡਾਈ
ਆਪੁ ਪਛਾਣੈ ਸਰਬ ਜੀਆ ॥ *(ਅੰਗ ੯੪੦)*

ਦਇਆ ਤੋਂ ਸੱਖਣੇ ਨਿਰਦਈ ਮਨੁੱਖ ਸੰਸਾਰ ਵਿਚ ਮਨੁੱਖਾ ਜਨਮ ਲੈ ਕੇ ਵੀ ਕਦੀ ਕੋਈ ਚੰਗਾ ਕੰਮ ਨਹੀਂ ਕਰਦੇ। ਅਜਿਹੇ ਮਲੀਨ ਬੁੱਧੀ ਵਾਲੇ ਮਨੁੱਖਾਂ ਦੇ ਮਨ ਸਦਾ ਨਫ਼ਰਤ, ਜ਼ੁਲਮ, ਅਨਿਆਂ ਆਦਿ ਔਗੁਣਾਂ ਨਾਲ ਭਰੇ ਰਹਿੰਦੇ ਹਨ। ਇਥੋਂ ਤੱਕ ਕਿ ਅਜਿਹੇ ਅਭਾਗੇ ਮਨੁੱਖ ਸਤਿਸੰਗਤ ਵਿਚ ਜਾ ਕੇ ਵੀ ਕਦੀ ਪ੍ਰਭੂ ਨਾਲ ਨਹੀਂ ਜੁੜਦੇ ਭਾਵ ਉਨ੍ਹਾਂ ਦੇ ਮਨ ਅੰਦਰ ਸਤਿਸੰਗਤ ਕਰਨ ਦਾ ਕਦੀ ਸ਼ੌਕ ਪੈਦਾ ਹੀ ਨਹੀਂ ਹੁੰਦਾ। ਅਜਿਹੇ ਪ੍ਰਾਣੀ ਦੀ ਦਸ਼ਾ ਭਗਤ ਪਰਮਾਨੰਦ ਦੀ ਰਾਗੁ ਸਾਰਗ ਵਿਚ ਇਸ ਪ੍ਰਕਾਰ ਦਰਸਾ ਰਹੇ ਹਨ :

ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪ੍ਰਾਲੀ ॥
ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥
(ਅੰਗ ੧੨੫੩)

ਭਗਤ ਕਬੀਰ ਜੀ ਦਾ ਰਾਗੁ ਮਾਰੂ ਵਿਚ ਬੜਾ ਸੁੰਦਰ ਫ਼ਰਮਾਨ ਹੈ ਕਿ ਜਿਸ ਪ੍ਰਾਣੀ ਨੇ ਨਾ ਤਾਂ ਸਿਮਰਨ ਕੀਤਾ ਹੈ ਅਤੇ ਨਾ ਹੀ ਕਿਸੇ ਤੇ ਦਇਆ ਕੀਤੀ ਹੈ ਅਤੇ ਅੰਤ ਵੇਲੇ ਉਸ ਨੂੰ ਜਮ ਦੀ ਮਾਰ ਹੀ ਸਹਿਣੀ ਪਵੇਗੀ। ਮਰਨ ਵੇਲੇ ਦੁੱਖ ਹੀ ਭੋਗਣੇ ਪੈਣਗੇ। ਅਜਿਹਾ ਪ੍ਰਾਣੀ ਧਰਮਰਾਜ ਦੀ ਦਰਗਾਹ ਵਿਚ ਕੀ ਮੂੰਹ ਲੈ ਕੇ ਜਾਵੇਗਾ। ਆਪ ਜੀ ਅਖੀਰ ਵਿਚ ਇਸ ਗੱਲ ਦਾ ਨਿਸਤਾਰਾ ਕਰਦੇ ਹੋਏ ਫ਼ਰਮਾ ਰਹੇ ਹਨ ਕਿ ਸਾਧ ਸੰਗਤ

ਕੀਤਿਆਂ ਭਵ-ਸਾਗਰ ਤੋਂ ਪਾਰ ਤਰਿਆ ਜਾ ਸਕਦਾ ਹੈ :

ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ ॥
ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ ॥

(ਅੰਗ ੧੧੦੬)

ਆਪ ਜੀ ਰਾਗੁ ਰਾਮਕਲੀ ਵਿਚ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਪ੍ਰਭੂ ਨੂੰ ਹਿਰਦੇ ਘਰ ਵਿਚ ਵਸਾਉਣ ਨਾਲ ਧਰਮ ਤੇ ਦਇਆ ਦੋਨੋਂ ਹੀ ਮਨੁੱਖ ਅੰਦਰ ਆ ਵੱਸਦੇ ਹਨ ਜਿਸ ਸਦਕਾ ਅੰਤਰ-ਆਤਮਾ ਫਿਰ ਖੁਸ਼ੀ ਤੇ ਖੇੜੇ ਨਾਲ ਭਰਪੂਰ ਹੋ ਜਾਂਦਾ ਹੈ :

ਕਹਤੁ ਕਬੀਰ ਸੁਨਹੁ ਰੇ ਸੰਤਹੁ ਧਰਮੁ ਦਇਆ ਕਰਿ ਬਾੜੀ ॥

(ਅੰਗ ੯੭੦)

ਦਸਮ ਪਿਤਾ ਨੇ ਖਾਲਸਾ ਦੇ ਆਦਰਸ਼ਾਂ ਨੂੰ ਨੇਮ-ਬੱਧ ਕਰਦਿਆਂ, ਖਾਲਸਾ ਵਿਚ ਦਇਆ ਜਿਹੇ ਦੈਵੀ ਗੁਣਾਂ ਦਾ ਹੋਣਾ ਜ਼ਰੂਰੀ ਦਰਸਾਇਆ ਹੈ :

ਤੀਰਥ ਦਾਨ ਦਯਾ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸਾ ਤਾਹਿ ਨਖਾਲਸ ਜਾਨੈ ॥

(੩੩ ਸਵੈਯੇ, ਸ੍ਰੀ ਮੁਖਵਾਕ ਪਾਤਿਸ਼ਾਹੀ ੧੦)

ਰਾਗੁ ਰਾਮਕਲੀ ਵਿਚ ਆਪ ਜੀ ਦੇ ਬਚਨ ਹਨ :

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਬੋ ਹ੍ਵੈਬੋ ਤ੍ਰਿਗੁਣ ਅਤੀਤਿ ॥

ਜਦੋਂ ਪ੍ਰਾਣੀ ਪਰਾਈ ਨਿੰਦਾ ਕਰਨੀ ਅਤੇ ਦੂਜਿਆਂ ਦਾ ਬੁਰਾ ਤੱਕਣ ਵਰਗੇ ਔਗੁਣਾਂ ਨੂੰ ਨਾਮ ਦੁਆਰਾ ਸਾੜ ਦਿੰਦਾ ਹੈ ਤਾਂ ਦਇਆ ਅਤੇ ਤਰਸ ਕਰਨ ਦੀ ਭਾਵਨਾ ਮਨੁੱਖ ਅੰਦਰ ਉਤਪੰਨ ਹੁੰਦੀ ਹੈ :

ਨਿੰਦ ਚਿੰਦ ਪਰ ਦੂਖਨਾ ਏ ਖਿਨ ਮਹਿ ਜਾਰੀ ॥
ਦਇਆ ਮਇਆ ਅਰੁ ਨਿਕਟਿ ਪੇਖੁ ਨਾਹੀ ਦੂਰਾਰੀ ॥

(ਰਾਗੁ ਬਿਲਾਵਲੁ ਮਹਲਾ ੫, ਪੰਨਾ ੮੧੦)

ਰਾਗੁ ਮਾਰੂ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਦਇਆ ਅਤੇ ਧਰਮ ਵਰਗੇ ਗੁਣ ਭਾਗਾਂ ਵਾਲੇ ਪ੍ਰਾਣੀ ਨੂੰ ਨਸੀਬ ਹੁੰਦੇ ਹਨ :

ਦਇਆ ਧਰਮੁ ਤਪੁ ਨਿਹਚਲੋ ਜਿਸੁ ਕਰਮਿ ਲਿਖਾਧਾ ॥ *(ਅੰਗ ੧੧੦੧)*

ਉਹ ਪ੍ਰਾਣੀ ਤਾਂ ਸਭ ਤੋਂ ਚੰਗੇ ਅਤੇ ਸ੍ਰੇਸ਼ਟ ਹਨ ਜਿਨ੍ਹਾਂ ਅੰਦਰ ਦਇਆ ਅਤੇ ਖ਼ਿਮਾ ਕਰਨ ਵਾਲੇ ਦੈਵੀ ਗੁਣ ਵੱਸਦੇ ਹਨ :

ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥

(ਸਲੋਕ ਮਹਲਾ ੧, ਰਾਗੁ ਸਾਰਗ ਕੀ ਵਾਰ ਮਹਲਾ ੪, ਪੰਨਾ ੧੨੪੫)

(28)

ਮਿੱਠਾ ਬੋਲਣਾ

ਮਿੱਠੇ ਬੋਲ ਬੋਲਣਾ ਪਿਆਰ ਤੇ ਸਨੇਹ ਦੀ ਨਿਸ਼ਾਨੀ ਹੈ। ਮਿੱਠਾ ਬੋਲਣ ਨਾਲ ਕਿਸੇ ਪ੍ਰਕਾਰ ਦਾ ਮੁੱਲ ਨਹੀਂ ਲਗਦਾ ਪ੍ਰੰਤੂ ਇਸਦਾ ਦੂਜਿਆਂ ਤੇ ਬੜਾ ਚੰਗਾ ਪ੍ਰਭਾਵ ਪੈਂਦਾ ਹੈ। ਜਿੱਥੇ ਕੌੜੇ ਤੇ ਖਰ੍ਹਵੇ ਬੋਲ ਵੈਰੀ ਤੇ ਦੁਸ਼ਮਣ ਪੈਦਾ ਕਰਦੇ ਹਨ ਉੱਥੇ ਮਿੱਠੀ ਤੇ ਮਧੁਰ ਬਾਣੀ ਮਿੱਤਰਾਂ ਤੇ ਸਨੇਹੀਆਂ ਵਿਚ ਵਾਧਾ ਕਰਦੀ ਹੈ। ਫਿੱਕੇ ਬੋਲ ਬਣਿਆ ਬਣਾਇਆ ਕੰਮ ਖ਼ਰਾਬ ਕਰ ਦਿੰਦੇ ਹਨ ਜਦੋਂ ਕਿ ਮਿੱਠੇ ਬੋਲਾਂ ਨਾਲ ਵਿਗੜਿਆ ਕੰਮ ਵੀ ਸੰਵਰ ਜਾਂਦਾ ਹੈ। ਇਸ ਲਈ ਅਜਿਹੇ ਬੋਲ ਹੀ ਬੋਲਣੇ ਚਾਹੀਦੇ ਹਨ ਜਿਸ ਨਾਲ ਪ੍ਰਭੂ ਦੀ ਦਰਗਾਹ ਵਿਚ ਇੱਜ਼ਤ ਤੇ ਮਾਣ ਮਿਲੇ। ਫਿੱਕੇ ਬੋਲ ਬੋਲ ਕੇ ਤਾਂ ਖੁਆਰ ਹੀ ਹੋਣਾ ਪੈਂਦਾ ਹੈ। ਗੁਰਵਾਕ ਹੈ :

ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥

(ਸਿਰੀਰਾਗੁ ਮਹਲਾ ੧, ਅੰਗ ੧੫)

ਅਥਵਾ :

ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥
ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥

(ਸਿਰੀਰਾਗੁ ਮਹਲਾ ੧, ਅੰਗ ੧੭-੧੮)

ਭਾਵ ਜੇਕਰ ਨਾਮ ਵਿਚ ਰੱਤੀਆਂ ਹੋਈਆਂ ਜੀਵ-ਇਸਤ੍ਰੀਆਂ ਪਾਸੋਂ ਪੁੱਛੀਏ ਕਿ ਪ੍ਰਭੂ ਪਤੀ ਦਾ ਮਿਲਾਪ ਤੁਹਾਨੂੰ ਕਿਨ੍ਹਾਂ ਗੁਣਾਂ ਕਰਕੇ ਪ੍ਰਾਪਤ ਹੋਇਆ ਹੈ ਤਾਂ ਅਗੋਂ ਇਹ ਉੱਤਰ ਮਿਲੇਗਾ ਕਿ ਗੁਰੂ ਦੇ ਸ਼ਬਦ ਦੁਆਰਾ ਅਡੋਲਤਾ, ਸੰਤੋਖ, ਮਿੱਠੀ ਬੋਲ-ਬਾਣੀ ਜਿਹੇ ਗੁਣਾਂ ਨੂੰ ਧਾਰਨ ਕੀਤਿਆਂ ਹੀ ਪ੍ਰਭੂ ਮਿਲਦਾ ਹੈ।

ਮਿੱਠੇ ਬੋਲਾਂ ਨਾਲ ਕੂੜ-ਕਪਟ ਅਤੇ ਕਲਾ-ਕਲੇਸ਼ ਦਾ ਨਾਸ ਹੋ ਕੇ ਪਰਮਾਤਮਾ ਨਾਲ ਪ੍ਰੀਤੀ ਤੇ ਪਿਆਰ ਪੈਦਾ ਹੁੰਦਾ ਹੈ ਕਿਉਂਕਿ ਪਿਆਰ ਦਾ ਆਧਾਰ ਹੀ ਮਿੱਠੇ ਬੋਲ ਹਨ :

ਗੰਢੁ ਪਰੀਤੀ ਮਿਠੇ ਬੋਲ ॥

(ਮਾਝ ਕੀ ਵਾਰ ਮਹਲਾ ੧, ਅੰਗ ੧੪੩)

ਰਾਗੁ ਸੂਹੀ ਵਿਚ ਗੁਰੂ ਪੰਚਮ ਪਾਤਸ਼ਾਹ ਦੇ ਬੜੇ ਅਨਮੋਲ ਬਚਨ ਹਨ ਕਿ ਪਰਮਾਤਮਾ ਸਦਾ ਮਿੱਠੇ ਬੋਲ ਹੀ ਬੋਲਦਾ ਹੈ ਭਾਵ ਉਹ ਸਭ ਨੂੰ ਪਿਆਰ ਕਰਦਾ ਹੈ :

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥ *(ਅੰਗ ੭੮੪)*

ਅਥਵਾ :

ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ॥

(ਭਗਤ ਨਾਮਦੇਵ ਜੀ, ਰਾਗੁ ਤਿਲੰਗ, ਅੰਗ ੭੨੭)

ਰਾਗੁ ਵਡਹੰਸੁ ਵਿਚ ਪਹਿਲੇ ਗੁਰਦੇਵ ਜੀ ਦਾ ਫ਼ਰਮਾਨ ਹੈ :

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥ *(ਅੰਗ ੫੬੭)*

ਇਸੇ ਤਰ੍ਹਾਂ ਜੋ ਗੁਰਮੁਖ ਪਿਆਰੇ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾਉਂਦੇ ਹਨ, ਉਹ ਨਿਉਂ ਕੇ ਰਹਿੰਦੇ ਹਨ ਅਤੇ ਹਰੇਕ ਨਾਲ ਮਿੱਠੇ ਬੋਲ ਬੋਲਦੇ ਹਨ। ਉਹ ਸਭਨਾਂ ਨੂੰ ਪਿਆਰ ਕਰਦੇ ਹਨ ਅਤੇ ਜਗ ਵਿਚ ਸੋਭਾ ਖੱਟਦੇ ਹਨ :

ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰ ਧਾਰਿ॥
ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ॥

(ਸਿਰੀ ਰਾਗ ਮਹਲਾ ੩, ਅੰਗ ੩੧)

ਇਸਦੇ ਉਲਟ ਬੁਰੇ ਜਾਂ ਰੁੱਖੇ ਬੋਲਾਂ ਨਾਲ ਪਿਆਰ ਟੁੱਟਦਾ ਹੈ :

ਟੂਟਿ ਪਰੀਤਿ ਗਈ ਬੁਰ ਬੋਲਿ॥

(ਰਾਗੁ ਰਾਮਕਲੀ ਮਹਲਾ ੧, ਅੰਗ ੯੩੩)

ਜਿਸ ਜੀਵ-ਇਸਤ੍ਰੀ ਦੇ ਬੋਲਾਂ ਵਿਚ ਮਿਠਾਸ ਨਹੀਂ ਅਤੇ ਰਸਨਾ ਖਰਵਾ ਤੇ ਕੌੜਾ ਬੋਲਦੀ ਹੈ, ਖੇੜਾ ਜਾਂ ਖੁਸ਼ੀ ਦੀ ਥਾਂ ਅਜਿਹੀ ਜੀਵ ਇਸਤ੍ਰੀ ਹਰ ਵੇਲੇ ਗੁੱਸੇ ਨਾਲ ਭਰੀ ਰਹਿੰਦੀ ਹੈ ਅਤੇ ਉਸਦੇ ਮੱਥੇ ਤੇ ਤਿਊੜੀਆਂ ਪਈਆਂ ਰਹਿੰਦੀਆਂ ਹਨ। ਉਸਦੀ ਮਾਇਆ ਦੀ ਭੁੱਖ ਕਦੀ ਮਰਦੀ ਨਹੀਂ, ਜਿਸ ਕਾਰਨ ਪ੍ਰਭੂ-ਪਤੀ ਨੂੰ ਆਪਣੇ ਹਿਰਦੇ ਘਰ ਅੰਦਰ ਅਨੁਭਵ ਕਰਨ ਦੀ ਥਾਂ ਉਸਨੂੰ ਕਿਧਰੇ ਦੂਰ ਦੁਰਾਡੇ ਵਸਦਾ ਸਮਝਦੀ ਹੈ।

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ॥
ਬੋਲੈ ਕਉੜਾ ਜਿਹਬਾ ਕੀ ਫੂੜਿ॥
ਸਦਾ ਭੂਖੀ ਪਿਰੁ ਜਾਨੈ ਦੂਰਿ॥ *(ਰਾਗੁ ਆਸਾ ਮਹਲਾ ੫, ਅੰਗ ੩੯੪)*

ਕਰੂਰਿ ਤੋਂ ਅਰਥ ਹੈ ਗੁੱਸੇ ਵਿਚ, ਫੂੜਿ—ਖਰਵੀ।

ਇਸੇ ਲਈ ਬਾਬਾ ਫਰੀਦ ਜੀ ਜੀਵ ਨੂੰ ਸਮਝਾ ਰਹੇ ਹਨ ਕਿ ਕਿਸੇ ਨੂੰ ਕੌੜੇ ਜਾਂ ਫਿੱਕੇ ਬੋਲ ਬੋਲਣੇ ਨਹੀਂ ਚਾਹੀਦੇ ਕਿਉਂਕਿ ਸਭਨਾਂ ਵਿਚ ਸੱਚਾ ਮਾਲਕ ਵੱਸ ਰਿਹਾ ਹੈ ਅਤੇ ਇਹ ਸਾਰੇ ਅਮੋਲਕ ਮੋਤੀ ਵਾਂਗ ਹਨ। ਫਿੱਕਾ ਬੋਲ ਕੇ ਕਿਸੇ ਦਾ ਦਿਲ ਨਾ ਦੁਖਾਓ :

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥

(ਸਲੋਕ ਨੰਬਰ ੧੨੯, ਅੰਗ ੧੩੮੪)

ਗੁਰੂ ਨਾਨਕ ਦੇਵ ਜੀ ਦੇ ਰਾਗੁ ਆਸਾ ਦੀ ਵਾਰ ਵਿਚ ਬਚਨ ਹਨ ਕਿ ਰੁੱਖੇ ਭਾਵ ਫਿੱਕੇ ਸ਼ਬਦ ਬੋਲਣ ਨਾਲ ਪ੍ਰਾਣੀ ਦੇ ਮਨ ਅਤੇ ਤਨ ਦੋਨੋਂ ਫਿੱਕੇ ਹੋ ਜਾਂਦੇ ਹਨ। ਉਸਦੇ ਅੰਦਰੋਂ ਪ੍ਰੇਮ ਤੇ ਪਿਆਰ ਜਾਂਦਾ ਰਹਿੰਦਾ ਹੈ ਅਤੇ ਲੋਕਾਂ ਵਿਚ ਅਜਿਹਾ ਪ੍ਰਾਣੀ ਰੁੱਖਾ ਕਰਕੇ ਜਾਣਿਆ ਜਾਂਦਾ ਹੈ। ਸਾਰੇ ਉਸ ਨੂੰ ਮੂਰਖ ਆਖਦੇ ਹਨ। ਦਰਗਾਹ ਵਿਚ ਵੀ ਉਸਨੂੰ

ਢੋਈ ਨਹੀਂ ਮਿਲਦੀ, ਸਗੋਂ ਫਿਟਕਾਰਾਂ ਪੈਂਦੀਆਂ ਹਨ :

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥ *(ਅੰਗ ੪੭੩)*

ਆਪ ਜੀ ਆਸਾ ਦੀ ਵਾਰ ਵਿਚ ਸਿੰਮਲ ਦੇ ਰੁੱਖ ਦੀ ਉਦਾਹਰਣ ਦਿੰਦੇ ਹੋਏ ਫ਼ਰਮਾ ਰਹੇ ਹਨ ਕਿ ਸਿੰਮਲ ਦਾ ਰੁੱਖ ਭਾਵੇਂ ਕਿੰਨਾ ਸਿੱਧਾ, ਲੰਮਾ ਅਤੇ ਮੋਟਾ ਹੁੰਦਾ ਹੈ ਪ੍ਰੰਤੂ ਉਸ ਤੇ ਆ ਕੇ ਜੋ ਪੰਛੀ ਬੈਠਦੇ ਹਨ ਉਨ੍ਹਾਂ ਨੂੰ ਨਿਰਾਸ ਹੋ ਕੇ ਹੀ ਜਾਣਾ ਪੈਂਦਾ ਹੈ ਕਿਉਂਕਿ ਉਸਦੇ ਫਲਾਂ ਵਿਚ ਮਿਠਾਸ ਨਹੀਂ ਹੁੰਦੀ। ਉਸਦੇ ਫਲ ਫਿੱਕੇ ਹੁੰਦੇ ਹਨ, ਫੁੱਲ ਬਕਬਕੇ ਭਾਵ ਬੇਸੁਆਦਲੇ ਅਤੇ ਪੱਤੇ ਵੀ ਕਿਸੇ ਕੰਮ ਨਹੀਂ ਆਉਂਦੇ :

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥

(ਅੰਗ ੪੭੦)

ਪ੍ਰੰਤੂ ਮਿੱਠਾ ਬੋਲਣ ਵਾਲੇ ਵਿਅਕਤੀ ਨੂੰ ਹਰ ਥਾਂ ਸਤਿਕਾਰ ਮਿਲਦਾ ਹੈ। ਜ਼ਬਾਨ ਦੀ ਮਿਠਾਸ ਇਕ ਅਜਿਹਾ ਗੁਣ ਹੈ ਜਿਸ ਨਾਲ ਹਰ ਕੋਈ ਕੀਲਿਆ ਜਾਂਦਾ ਹੈ। ਮਿੱਠਾ ਬੋਲਣ ਵਾਲਾ ਵਿਅਕਤੀ ਹਰ ਵੇਲੇ ਆਤਮਿਕ ਅਡੋਲਤਾ ਵਿਚ ਰਹਿੰਦਾ ਹੈ ਅਤੇ ਚੜ੍ਹਦੀ ਕਲਾ ਵਿਚ ਵਿਚਰਦਾ ਹੈ। ਇਸੇ ਲਈ ਮਿੱਠਤ ਅਤੇ ਨਿਮਰਤਾ ਨੂੰ ਗੁਰੂ ਅਰਜਨ ਦੇਵ ਜੀ ਗੁਣਾਂ ਅਤੇ ਚੰਗਿਆਈਆਂ ਦਾ ਤੱਤ ਦਰਸਾਉਂਦੇ ਹਨ :

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥

(ਰਾਗੁ ਆਸਾ ਦੀ ਵਾਰ ਮਹਲਾ ੧, ਅੰਗ ੪੭੦)

ਰਾਗੁ ਸੂਹੀ ਕੀ ਵਾਰ ਮਹਲਾ ੩ ਵਿਚ ਗੁਰੂ ਨਾਨਕ ਦੇਵ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦਾ ਕਥਨ ਹੈ ਕਿ ਜਿਸ ਮਨੁੱਖ ਨੇ ਕਦੀ ਨਾਮ-ਰਸ ਦਾ ਸੁਆਦ ਨਹੀਂ ਚੱਖਿਆ ਉਸਦੀ ਰਸਨਾ ਸਦਾ ਫਿੱਕੇ ਬੋਲ ਬੋਲਦੀ ਹੈ। ਫਲਸਰੂਪ ਅਜਿਹਾ ਪ੍ਰਾਣੀ ਸਦਾ ਖੁਆਰ ਹੁੰਦਾ ਹੈ :

ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ॥
ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ॥

(ਅੰਗ ੭੯੧)

ਅਥਵਾ :

ਦੋਹਾਗਣੀ ਮਹਲੁ ਨ ਪਾਇਨ੍ਹੀ ਨ ਜਾਣਨਿ ਪਿਰ ਕਾ ਸੁਆਉ॥
ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ॥

(ਰਾਗੁ ਆਸਾ ਮਹਲਾ ੩, ਅੰਗ ੪੨੬)

ਭਾਵ ਜੋ ਜੀਵ-ਇਸਤ੍ਰੀ ਖਰ੍ਹਵਾ ਬੋਲਦੀ ਹੈ, ਨਿਵ ਕੇ ਚੱਲਣਾ ਨਹੀਂ ਜਾਣਦੀ ਅਤੇ ਪਰਮਾਤਮਾ ਨੂੰ ਛੱਡ ਕੇ ਮਾਇਆ ਨਾਲ ਪਿਆਰ ਪਾਈ ਰੱਖਦੀ ਹੈ ਉਹ ਪ੍ਰਭੂ ਦਾ ਟਿਕਾਣਾ ਨਹੀਂ ਲੱਭ ਸਕਦੀ ਅਤੇ ਨਾ ਹੀ ਉਸਦੇ ਮਿਲਾਪ ਦਾ ਅਨੰਦ ਮਾਣ ਸਕਦੀ ਹੈ।

* ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥

ਪ੍ਰੰਤੂ ਜੋ ਜੀਵ-ਇਸਤ੍ਰੀ ਕੋਇਲ ਦੀ ਮਧੁਰ ਬੋਲੀ ਕੂ ਕੂ ਵਾਂਗ ਵੈਰਾਗ ਵਿਚ ਆ ਕੇ ਮਿੱਠੇ ਸੁਰ ਵਿਚ ਪ੍ਰਭੂ-ਪਤੀ ਨੂੰ ਯਾਦ ਕਰਦੀ ਹੈ ਉਹ ਜੀਵ-ਇਸਤ੍ਰੀ ਪ੍ਰਭੂ ਮਿਲਾਪ ਦੇ ਅਨੰਦ ਨੂੰ ਮਾਣਦੀ ਹੈ। ਅਜਿਹੀ ਜੀਵ-ਇਸਤ੍ਰੀ ਭਾਗਾਂ ਵਾਲੀ ਹੈ ਜੋ ਫਿਰ ਸਦਾ ਪ੍ਰਭੂ-ਚਰਨਾਂ ਨਾਲ ਜੁੜੀ ਰਹਿੰਦੀ ਹੈ। ਗੁਰਵਾਕ ਹੈ :

ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ ॥
ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ ॥
ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ ॥

(ਰਾਗੁ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ, ਅੰਗ ੧੧੦੭)

ਇਸ ਸਬੰਧੀ ਬਾਬਾ ਫਰੀਦ ਜੀ ਦਾ ਬੜਾ ਸੁੰਦਰ ਕਥਨ ਹੈ ਕਿ ਨਿਵ ਕੇ ਰਹਿਣ ਅਤੇ ਸਹਿਨਸ਼ੀਲਤਾ ਜਿਹੇ ਗੁਣਾਂ ਦੇ ਨਾਲ-ਨਾਲ ਜੇਕਰ ਜ਼ਬਾਨ ਵਿਚ ਮਿਠਾਸ ਵਾਲੇ ਗੁਣ ਹਨ ਤਾਂ ਪ੍ਰਭੂ-ਪਤੀ ਨੂੰ ਸਹਿਜੇ ਹੀ ਵੱਸ ਵਿਚ ਕੀਤਾ ਜਾ ਸਕਦਾ ਹੈ ਭਾਵ ਪਰਮਾਤਮਾ ਸਹਿਜੇ ਹੀ ਹਿਰਦੇ ਘਰ ਵਿਚ ਆ ਵੱਸਦਾ ਹੈ :

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥

(ਸਲੋਕ ਨੰਬਰ ੧੨੭, ਅੰਗ ੧੩੮੪)

ਪ੍ਰੰਤੂ ਜੇਕਰ ਮਨੁੱਖ ਦੇ ਹਿਰਦੇ ਅੰਦਰ ਵੈਰ-ਵਿਰੋਧ ਦੀ ਭਾਵਨਾ ਹੈ ਤਾਂ ਉਹ ਦੇਖਣ ਨੂੰ ਭਾਵੇਂ ਕਿੰਨਾ ਸੋਹਣਾ ਹੋਵੇ, ਮਿੱਠੀ ਬੋਲ ਬਾਣੀ ਵਾਲਾ ਹੋਵੇ ਅਤੇ ਨਿਵ ਕੇ ਰਹਿਣ ਵਾਲੇ ਗੁਣਾਂ ਦਾ ਮਾਲਕ ਵੀ ਹੋਵੇ ਤਾਂ ਵੀ ਇਹ ਸਭ ਕੁਝ ਵਿਅਰਥ ਹੈ। ਗੁਰਵਾਕ ਹੈ :

ਸਿਆਮਲੰ ਮਧੁਰ ਮਾਨੁਖੰ ਰਿਦਯੰ ਭੂਮਿ ਵੈਰਣਹ ॥
ਨਿਵੰਤਿ ਹੋਵੰਤਿ ਮਿਥਿਆ ਚੇਤਨੰ ਸੰਤ ਸ੍ਵਜਨਹ ॥

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ ੧੩੫੯)

ਸਿਆਮਲੰ ਤੋਂ ਅਰਥ ਹੈ ਸੁੰਦਰ।

ਦੂਜੇ ਪਾਸੇ ਜਿਨ੍ਹਾਂ ਨੇ ਗੁਰੂ ਦੇ ਸ਼ਬਦ ਦਾ ਸੁਆਦ ਨਹੀਂ ਚੱਖਿਆ ਅਤੇ ਨਾਮ ਨਾਲ ਨਹੀਂ ਜੁੜੇ, ਅਜਿਹੇ ਪ੍ਰਾਣੀ ਕਦੀ ਮਿੱਠੇ ਬੋਲ ਨਹੀਂ ਬੋਲਦੇ। ਉਹ ਫਿੱਕੇ ਬੋਲਾਂ ਕਾਰਨ ਸਦਾ ਖੁਆਰ ਹੁੰਦੇ ਰਹਿੰਦੇ ਹਨ। ਵਡਹੰਸੁ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ :

ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥
ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥ *(ਅੰਕ ੫੯੪)*

ਪ੍ਰੰਤੂ ਜਿਨ੍ਹਾਂ ਜੀਵ-ਇਸਤਰੀਆਂ ਦੇ ਬੋਲਾਂ ਵਿਚ ਮਿਠਾਸ ਹੈ ਉਨ੍ਹਾਂ ਦਾ ਸੁਹਾਗ ਸਦਾ ਬਣਿਆ ਰਹਿੰਦਾ ਹੈ ਭਾਵ ਉਹ ਪ੍ਰਭੂ-ਪਤੀ ਦੇ ਦਰ ਤੇ ਪ੍ਰਵਾਨ ਹੋ ਜਾਂਦੀਆਂ ਹਨ :

ਮਧੁਰ ਬਾਨੀ ਪਿਰਹਿ ਮਾਨੀ ਥਿਰੁ ਸੋਹਾਗੁ ਤਾ ਕਾ ਬਣਾ ॥

(ਰਾਗੁ ਆਸਾ ਮਹਲਾ ੫, ਅੰਗ ੪੫੭)

29

ਨਿਮਰਤਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਮਰਤਾ ਅੱਖਰ ਮੂਲ ਰੂਪ ਵਿਚ ਦੋ ਵਾਰੀ ਆਇਆ ਹੈ। ਗੁਰੂ ਅਰਜਨ ਦੇਵ ਜੀ ਦਾ ਸਹਸਕ੍ਰਿਤੀ ਸਲੋਕਾਂ ਵਿਚ ਫ਼ਰਮਾਨ ਹੈ :

ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ॥

(ਸਲੋਕ ਨੰਬਰ ੨੯, ਅੰਗ ੧੩੫੬)

ਭਾਵ ਸਾਧੂ ਤੇ ਸੰਤ-ਜਨ ਇਕ ਅਜਿੱਤ ਸੂਰਮਿਆਂ ਦੀ ਸੈਨਾ ਹੈ ਜਿਨ੍ਹਾਂ ਤੇ ਕੋਈ ਵਿਕਾਰ ਪ੍ਰਭਾਵ ਨਹੀਂ ਪਾ ਸਕਦਾ ਕਿਉਂਕਿ ਗਰੀਬੀ ਸੁਭਾਉ ਭਾਵ ਨਿਮਰਤਾ ਵਾਲੀ ਸੰਜੋਆ ਉਨ੍ਹਾਂ ਨੇ ਆਪਣੇ ਸਰੀਰ ਉੱਤੇ ਪਹਿਨ ਰੱਖੀ ਹੈ। ਉਨ੍ਹਾਂ ਦਾ ਸੁਭਾਉ ਪੂਰਨ ਤੌਰ ਤੇ ਨਿਮਰਤਾ ਵਾਲਾ ਹੈ।

ਦੂਜੀ ਵਾਰ ਇਹ ਅੱਖਰ ਚਉਬੋਲੇ ਬਾਣੀ ਵਿਚ ਨਿਮ੍ਰਿਤ ਰੂਪ ਵਿਚ ਆਇਆ ਹੈ :

ਲਖ ਘਾਟੀਂ ਊਂਚੌ ਘਨੋ ਚੰਚਲ ਚੀਤ ਬਿਹਾਲ॥
ਨੀਚ ਕੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ॥

(ਮਹਲਾ ੫, ਅੰਗ ੧੩੬੪)

ਭਾਵ ਜੀਵ ਦਾ ਮਨ ਸਦਾ ਉੱਚੀਆਂ ਉਡਾਰੀਆਂ ਮਾਰਦਾ ਹੈ। ਉੱਚੀਆਂ ਚੋਟੀਆਂ ਵੱਲ ਹੀ ਤੱਕਦਾ ਹੈ ਪਰ ਜਦੋਂ ਕੁਝ ਪ੍ਰਾਪਤ ਨਹੀਂ ਹੁੰਦਾ ਤਾਂ ਦੁਖੀ ਹੁੰਦਾ ਹੈ। ਦੂਜੇ ਬੰਨੇ ਨੀਵੇਂ ਥਾਂ ਚਿੱਕੜ ਵਿਚ ਬੜੀ ਨਿਮਰਤਾ ਹੁੰਦੀ ਹੈ ਜਿਸ ਵਿਚ ਕੋਮਲ ਸੁੰਦਰਤਾ ਵਾਲੇ ਕਮਲ ਦੇ ਫੁੱਲ ਉੱਗਦੇ ਹਨ। ਜਮਾਲ ਤੋਂ ਅਰਥ ਹੈ ਕੋਮਲ ਸੁੰਦਰਤਾ।

ਗੁਰਬਾਣੀ ਵਿਚ ਆਮ ਤੌਰ ਤੇ ਨਿਮਰਤਾ ਅੱਖਰ ਨੂੰ ਗਰੀਬੀ ਸੁਭਾਉ, ਨਿੰਮਰ, ਨਿਵਣ, ਨਿਮਾਣੀ, ਮਸਕੀਨ, ਹਲੇਮੀ (ਹਲੀਮੀ) ਆਦਿ ਸ਼ਬਦਾਂ ਦੁਆਰਾ ਪ੍ਰਗਟ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ 'ਹਉ ਢਾਢੀ', 'ਨਾਨਕ ਦਾਸ', 'ਨੀਚਾ ਅੰਦਰ ਨੀਚ' ਕਰਕੇ ਲਿਖਿਆ ਹੈ। ਆਪ ਜੀ ਭਾਵੇਂ ਉੱਚੀ ਸਮਝੀ ਜਾਂਦੀ ਖੱਤਰੀ ਜਾਤੀ ਵਿਚੋਂ ਸਨ ਪਰ ਜਦੋਂ ਉਹ ਆਪਣੇ ਆਪ ਨੂੰ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ' ਕਰਕੇ ਲਿਖਦੇ ਹਨ ਤਾਂ ਨਿਸ਼ਚੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸਤਿਗੁਰਾਂ ਵਿਚ ਕਿੰਨੀ ਕੁ ਨਿਮਰਤਾ ਸੀ। ਆਪ ਜੀ ਦੇ ਇਕ ਹੋਰ ਬਚਨ ਹਨ :

ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥

(ਆਸਾ ਦੀ ਵਾਰ, ਅੰਗ ੪੬੮)

ਗੁਰੂ ਰਾਮਦਾਸ ਜੀ ਦੇ ਸਿਰੀ ਰਾਗੁ ਕੀ ਵਾਰ ਵਿਚ ਬਚਨ ਹਨ :

ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥
ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥ *(ਅੰਗ ੯੧)*

ਭੱਟ ਕਲਸਹਾਰ ਨੇ ਸਵੱਈਏ ਮਹਲੇ ਦੂਜੇ ਕੇ ਵਿਚ ਨਿਮਰਤਾ ਨੂੰ ਨਿੰਮਰੀ ਸ਼ਬਦ ਵਜੋਂ ਵਰਤਿਆ ਹੈ। ਆਪ ਜੀ ਦਾ ਕਥਨ ਹੈ ਕਿ ਜਿਵੇਂ ਸਤਿਸੰਗਤ ਦੀ ਬਰਕਤ ਨਾਲ ਸਹਜ ਪਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨ ਅੰਦਰ ਪਿਆਰ ਅਤੇ ਨਿਮਰਤਾ ਜਿਹੇ ਦੈਵੀ ਗੁਣ ਆ ਵੱਸਦੇ ਹਨ ਇਸੇ ਪ੍ਰਕਾਰ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਆਉਣ ਨਾਲ ਗੁਰੂ ਅੰਗਦ ਦੇਵ ਜੀ ਦੀ ਸੋਭਾ ਸਾਰੇ ਸੰਸਾਰ ਵਿਚ ਪਸਰ ਰਹੀ ਹੈ :

ਸਤਸੰਗਤਿ ਸਹਜ ਸਾਰਿ ਜਾਗੀਲੇ ਗੁਰ ਬੀਚਾਰਿ
ਨਿੰਮਰੀ ਭੂਤ ਸਦੀਵ ਪਰਮ ਪਿਆਰਿ॥
ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ
ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ॥ *(ਅੰਗ ੧੩੯੧)*

ਗੁਰੂ ਅਮਰਦਾਸ ਜੀ ਨੂੰ ਭਰੇ ਦੀਵਾਨ ਵਿਚ ਦਾਤੂ ਜੀ ਨੇ ਲੱਤ ਕੱਢ ਮਾਰੀ। ਸੇਵਾ ਤੇ ਨਿਮਰਤਾ ਦੇ ਪੁੰਜ ਸਤਿਗੁਰੂ ਜੀ ਨੇ ਗੁੱਸਾ ਨਹੀਂ ਕੀਤਾ ਸਗੋਂ ਦਾਤੂ ਜੀ ਦੇ ਪੈਰ ਦਬਾਉਣ ਲੱਗ ਪਏ ਤੇ ਬੜੀ ਨਿਮਰਤਾ ਸਹਿਤ ਕਿਹਾ ਕਿ ਮੇਰੇ ਬੁੱਢੇ ਸਰੀਰ ਦੀਆਂ ਹੱਡੀਆਂ ਸਖ਼ਤ ਹੋ ਗਈਆਂ ਹਨ ਆਪ ਜੀ ਨੂੰ ਕਿਧਰੇ ਸੱਟ ਤਾਂ ਨਹੀਂ ਲੱਗੀ। ਇਸ ਤੇ ਦਾਤੂ ਜੀ ਬੜੇ ਛਿੱਥੇ ਪਏ। ਸੰਗਤਾਂ ਨੂੰ ਗੁੱਸੇ ਵਿਚ ਦੇਖ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਸ਼ਾਂਤ ਰਹਿਣ ਲਈ ਕਿਹਾ। ਇਸੇ ਲਈ ਭੱਟ ਭਲ ਜੀ ਗੁਰੂ ਅਮਰਦਾਸ ਜੀ ਦੀ ਉਪਮਾ ਕਰਨ ਦੇ ਅਸਮਰਥ ਹਨ :

ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥
(ਅੰਗ ੧੩੯੬)

ਗੁਰੂ ਅਰਜਨ ਦੇਵ ਜੀ ਦੇ ਰਾਗੁ ਗਉੜੀ ਸੁਖਮਨੀ ਵਿਚ ਬਚਨ ਹਨ ਕਿ ਜੋ ਮਨੁੱਖ ਰਾਜ-ਭਾਗ ਦਾ ਮਾਣ ਕਰਦਾ ਹੈ ਕਿ ਉਹ ਨਰਕਾਂ ਦਾ ਭਾਗੀ ਬਣਦਾ ਹੈ। ਉਸਨੂੰ ਕੁੱਤੇ ਵਾਂਗ ਦਰ ਦਰ ਭਟਕਣਾ ਪੈਂਦਾ ਹੈ :

ਜਿਸ ਕੈ ਅੰਤਰਿ ਰਾਜ ਅਭਿਮਾਨੁ॥
ਸੋ ਨਰਕਪਾਤੀ ਹੋਵਤ ਸੁਆਨੁ॥ *(ਅੰਗ ੨੭੮)*

ਜਿਹੜਾ ਮਨੁੱਖ ਧਨ-ਦੌਲਤ ਅਤੇ ਜ਼ਮੀਨ ਜਾਇਦਾਦ ਦਾ ਗਰਬ ਕਰਦਾ ਹੈ ਉਹ ਮੂਰਖ ਤੇ ਅਗਿਆਨੀ ਹੈ :

ਧਨ ਭੂਮਿ ਕਾ ਜੋ ਕਰੈ ਗੁਮਾਨੁ॥
ਸੋ ਮੂਰਖੁ ਅੰਧਾ ਅਗਿਆਨੁ॥ *(ਅੰਗ ੨੭੮)*

ਪ੍ਰੰਤੂ ਜਿਸ ਮਨੁੱਖ ਤੇ ਉਸ ਮਾਲਕ ਦੀ ਕਿਰਪਾ ਹੁੰਦੀ ਹੈ ਉਸਦੇ ਹਿਰਦੇ ਵਿਚ ਗਰੀਬੀ ਅਤੇ ਨਿਮਰਤਾ ਆ ਵੱਸਦੀ ਹੈ। ਅਜਿਹਾ ਪ੍ਰਾਣੀ ਇਸ ਜੀਵਨ ਵਿਚ ਹੀ ਵਿਕਾਰਾਂ ਤੋਂ ਬਚਿਆ ਨਹੀਂ ਰਹਿੰਦਾ ਸਗੋਂ ਪਰਲੋਕ ਵਿਚ ਵੀ ਉਸ ਨੂੰ ਮਾਣ ਤੇ ਸੁਖ ਮਿਲਦਾ ਹੈ :

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥ *(ਅੰਗ ੨੭੮)*

ਨਿਮਰਤਾ ਤੋਂ ਭਾਵ ਕਿਸੇ ਕਿਸਮ ਦੀ ਕਮਜ਼ੋਰੀ ਨਹੀਂ ਸਗੋਂ ਬਡੱਪਣ ਹੈ। ਗੁਰ-ਇਤਿਹਾਸ ਵਿਚ ਇਕ ਸਾਖੀ ਆਉਂਦੀ ਹੈ। ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਇਕ ਵਾਰੀ ਗੁਰੂ ਰਾਮਦਾਸ ਜੀ ਨੂੰ ਮਿਲਣ ਆਏ। ਗੁਰੂ ਜੀ ਦਾ

ਲੰਬਾ ਦਾਹੜਾ ਦੇਖ ਕੇ ਵਿਅੰਗ ਵਿਚ ਕਹਿਣ ਲੱਗੇ ਕਿ ਗੁਰਮੁਖਾ ਦਾਹੜੀ ਬੜੀ ਵਧਾਈ ਹੋਈ ਹੈ ਤਾਂ ਗੁਰੂ ਰਾਮਦਾਸ ਜੀ ਜਿਨ੍ਹਾਂ ਦਾ ਹਿਰਦਾ ਨਿਮਰਤਾ, ਹਲੀਮੀ ਅਤੇ ਸੇਵਾ ਨਾਲ ਭਰਪੂਰ ਸੀ, ਨੇ ਕਿਹਾ ਕਿ ਬਾਬਾ ਜੀ, ਆਪ ਜੀ ਜਿਹੇ ਮਹਾਂਪੁਰਸ਼ਾਂ ਦੇ ਚਰਨ ਝਾੜਨ ਲਈ। ਬਾਬਾ ਸ੍ਰੀ ਚੰਦ ਜੀ ਨੂੰ ਅਗੋਂ ਕੋਈ ਗੱਲ ਨਾ ਸੁੱਝੀ। ਮਨ ਹੀ ਮਨ ਵਿਚ ਕਹਿਣ ਲੱਗੇ ਕਿ ਨਿਮਰਤਾ ਅਤੇ ਗਰੀਬੀ ਸੁਭਾਉ ਦੀ ਅਣਹੋਂਦ ਕਾਰਨ ਹੀ ਸ਼ਾਇਦ ਅਸੀਂ ਗੁਰੂ-ਪਿਤਾ ਦੀਆਂ ਨਜ਼ਰਾਂ ਵਿਚ ਪ੍ਰਵਾਨ ਨਹੀਂ ਹੋ ਸਕੇ।

ਰਾਗੁ ਗਉੜੀ ਵਿਚ ਗੁਰੂ ਰਾਮਦਾਸ ਜੀ ਬੜੇ ਆਜਿਜ਼ ਹੋ ਕੇ ਨਿਮਰਤਾ ਤੇ ਅਧੀਨਗੀ ਸਹਿਤ ਪ੍ਰਭੂ ਅੱਗੇ ਤਰਲਾ ਕਰ ਰਹੇ ਹਨ ਕਿ ਹੇ ਗਰੀਬ ਨਿਵਾਜ ਅਸੀਂ ਗਰੀਬ ਮੰਗਤੇ ਤੇਰੀ ਸ਼ਰਨ ਆਏ ਹਾਂ। ਸਾਨੂੰ ਮਸਕੀਨਾਂ ਨੂੰ ਵਿਕਾਰਾਂ ਤੋਂ ਬਚਾ ਲਓ :

ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ॥

(ਅੰਗ ੧੭੧)

ਭਗਤ ਨਾਮਦੇਵ ਜੀ ਦੀ ਵੀ ਰਾਗੁ ਤਿਲੰਗ ਵਿਚ ਇਹੋ ਹੀ ਲੋਚਾ ਹੈ :

ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥
ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ॥ *(ਅੰਗ ੭੨੭)*

ਦਰਅਸਲ ਨਿਮਰਤਾ ਸਾਰੇ ਗੁਣਾਂ ਦਾ ਤੱਤ ਹੈ। ਅਮਲੀ ਜੀਵਨ ਵਿਚ ਇਸਦੀ ਬਹੁਤ ਮਹੱਤਤਾ ਹੈ। ਸ਼ੇਖ ਬਾਬਾ ਫਰੀਦ ਜੀ ਜੀਵ-ਇਸਤਰੀ ਨੂੰ ਸੇਧ ਦੇ ਰਹੇ ਹਨ ਕਿ ਜੇਕਰ ਤੂੰ ਪ੍ਰਭੂ-ਪਤੀ ਨੂੰ ਵੱਸ ਵਿਚ ਕਰਨਾ ਹੈ ਭਾਵ ਆਪਣੇ ਹਿਰਦੇ ਵਿਚ ਵਸਾਉਣਾ ਚਾਹੁੰਦੀ ਹੈਂ ਤਾਂ ਨਿਉਂ ਭਾਵ ਨਿਮਰਤਾ, ਸਹਾਰਨਾ ਭਾਵ ਸਹਿਨ-ਸ਼ਕਤੀ ਅਤੇ ਮਿੱਠੇ ਬੋਲ ਬੋਲਣ ਵਾਲੇ ਗੁਣਾਂ ਨੂੰ ਗ੍ਰਹਿਣ ਕਰ :

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥

(ਸਲੋਕ ਨੰਬਰ ੧੨੭, ਅੰਗ ੧੩੮੪)

ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ ਕਿ ਨਿਮਰਤਾ ਵਾਲਾ ਵਿਅਕਤੀ ਦੂਜਿਆਂ ਦੀ ਤੁਲਨਾ ਵਿਚ ਸਦਾ ਵੱਡਾ ਤੇ ਸ੍ਰੇਸ਼ਟ ਗੁਣਾਂ ਵਾਲਾ ਹੁੰਦਾ ਹੈ। ਰਾਗੁ ਆਸਾ ਦੀ ਵਾਰ ਵਿਚ ਤੱਕੜੀ ਦੀ ਉਦਾਹਰਣ ਦੇ ਕੇ ਆਪ ਜੀ ਇਹ ਸੇਧ ਦੇ ਰਹੇ ਹਨ ਕਿ ਤੱਕੜੀ ਦੇ ਜਿਸ ਪਲੜੇ ਵਿਚ ਬਹੁਤੀ ਵਸਤੂ ਹੁੰਦੀ ਹੈ। ਉਹ ਦੂਜੇ ਪਲੜੇ ਨਾਲੋਂ ਬਹੁਤਾ ਝੁਕਦਾ ਹੈ :

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥ *(ਅੰਗ ੪੭੦)*

ਪ੍ਰੰਤੂ ਜੇਕਰ ਮਨ ਵਿਕਾਰਾਂ ਨਾਲ ਭਰਿਆ ਹੋਇਆ ਹੈ ਤਾਂ ਵਿਖਾਵੇ ਲਈ ਜਾਂ ਸੁਆਰਥ ਲਈ ਨਿਵਣਾ ਕਿਸੇ ਕੰਮ ਨਹੀਂ। ਇਸਦਾ ਕੋਈ ਲਾਭ ਨਹੀਂ। ਇਹ ਨਿਰਾ ਵਿਖਾਵਾ ਤੇ ਪਾਖੰਡ ਹੈ। ਨਿਮਰਤਾ ਤਾਂ ਦਿਲੋਂ ਉਪਜਣੀ ਚਾਹੀਦੀ ਹੈ :

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥

(ਆਸਾ ਦੀ ਵਾਰ ਮਹਲਾ ੧, ਅੰਗ ੪੭੦)

ਇਕ ਚੰਗਾ ਜੀਵਨ ਜੀਊਣ ਲਈ ਹੋਰ ਗੁਣਾਂ ਦੇ ਨਾਲ-ਨਾਲ ਮਨੁੱਖ ਅੰਦਰ

ਨਿਮਰਤਾ ਜਿਹੇ ਗੁਣਾਂ ਦਾ ਹੋਣਾ ਬੜਾ ਜ਼ਰੂਰੀ ਹੈ। ਗੁਰਮਤਿ ਅਨੁਸਾਰ ਪ੍ਰਭੂ ਦੀ ਭਜਨ ਬੰਦਗੀ, ਸੰਤੋਖ, ਹਲੀਮੀ ਭਾਵ ਨਿਮਰਤਾ, ਸਭਨਾਂ ਦਾ ਭਲਾ ਮੰਗਣ ਅਤੇ ਪੰਜੇ ਵਿਕਾਰਾਂ ਤੇ ਕਾਬੂ ਪਾਈ ਰੱਖਣ ਵਾਲੇ ਮਨੁੱਖ ਦਾ ਜੀਵਨ ਬੜਾ ਉੱਚਾ ਤੇ ਸ੍ਰੇਸ਼ਟ ਹੁੰਦਾ ਹੈ :

ਅਵਲਿ ਸਿਫਤਿ ਦੂਜੀ ਸਾਬੂਰੀ॥
ਤੀਜੈ ਹਲੇਮੀ ਚਉਥੈ ਖੈਰੀ॥
ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ॥

(ਰਾਗੁ ਮਾਰੂ ਸੋਲਹੇ ਮਹਲਾ ੫, ਅੰਗ ੧੦੮੪)

ਆਪ ਜੀ ਦਾ ਰਾਗੁ ਗਉੜੀ ਬਾਵਨ ਅੱਖਰੀ ਵਿਚ ਵੀ ਕਥਨ ਹੈ ਕਿ ਗਰੀਬੀ ਸੁਭਾਉ ਵਾਲੇ ਪ੍ਰਾਣੀ ਪਰਮਾਤਮਾ ਦੇ ਦਰ ਤੇ ਕਬੂਲ ਹੁੰਦੇ ਹਨ। ਮਾਲਕ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਦੁਆਰਾ ਉਹ ਭਵ-ਸਾਗਰ 'ਚੋਂ ਪਾਰ ਲੰਘ ਜਾਂਦੇ ਹਨ :

ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ॥ *(ਅੰਗ ੨੫੯)*

ਅਥਵਾ :

ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ॥

(ਰਾਗੁ ਆਸਾ ਮਹਲਾ ੫, ਅੰਗ ੩੭੭)

ਗੁਰੂ ਪੰਚਮ ਪਾਤਸ਼ਾਹ ਦੇ ਰਾਗੁ ਗਉੜੀ ਸੁਖਮਨੀ ਵਿਚ ਵੀ ਬਚਨ ਹਨ ਕਿ ਮਾਲਕ ਪ੍ਰਭੂ ਦੀ ਮਿਹਰ ਦੀ ਨਿਗਾਹ ਸਦਕਾ ਜਿਸ ਪ੍ਰਾਣੀ ਦਾ ਸੁਭਾਉ ਨਿਮਰਤਾ ਵਾਲਾ ਬਣ ਜਾਂਦਾ ਹੈ ਉਹ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ ਅਤੇ ਲੋਕ ਪ੍ਰਲੋਕ ਵਿਚ ਸੁਖ ਭੋਗਦਾ ਹੈ :

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥ *(ਅੰਗ ੨੭੮)*

ਰਾਗੁ ਗਉੜੀ ਸੁਖਮਨੀ ਵਿਚ ਹੀ ਆਪ ਜੀ ਦੇ ਇਕ ਹੋਰ ਬਚਨ ਹਨ ਕਿ ਗਰੀਬੀ ਸੁਭਾਉ ਵਾਲਾ ਪ੍ਰਾਣੀ ਆਪਾ-ਭਾਵ ਗੁਆ ਕੇ ਅਤੇ ਨੀਵਾਂ ਰਹਿ ਕੇ ਸੁਖੀ ਵਸਦਾ ਹੈ ਪ੍ਰੰਤੂ ਵੱਡੇ-ਵੱਡੇ ਹੰਕਾਰੀ ਲੋਕ ਗਰਬ ਭਾਵ ਹੰਕਾਰ ਵਿਚ ਹੀ ਗਲ ਕੇ ਖ਼ਤਮ ਹੋ ਜਾਂਦੇ ਹਨ :

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥ *(ਅੰਗ ੨੭੮)*

ਗੁਰੂ ਅਮਰਦਾਸ ਜੀ ਨੇ ਪਿੰਡ ਗੁੰਮਟਾਲਾ, ਤੁੰਗ ਸੁਲਤਾਨ ਵਿੰਡ ਤੇ ਗਿਲਵਾਲੀ ਆਦਿ ਪਿੰਡਾਂ ਦੇ ਚੌਂਧਰ ਤੇ ਮੁਖੀਏ ਸਦਵਾ ਕੇ [illegible] ਗੁਰੂ-ਚੱਕ ਦੀ ਨੀਂਹ ਰਖ ਦਿਤੀ। ਨਗਰ ਦੀ ਉਸਾਰੀ, ਜੂਨ ਸੰਨ 1570 ਨੂੰ ਗੁਰੂ ਰਾਮਦਾਸ ਜੀ ਨੇ ਸ਼ੁਰੂ ਕਰਵਾਈ।।

(30)

ਅੰਮ੍ਰਿਤਸਰ

ਸ਼ਬਦ ਅੰਮ੍ਰਿਤਸਰ ਤੇ ਵਿਚਾਰ ਕਰਨ ਲੱਗਿਆਂ ਇਕ ਗੱਲ ਬੜੀ ਸਪੱਸ਼ਟ ਹੈ ਕਿ ਗੁਰਬਾਣੀ ਵਿਚ ਜਿੱਥੇ-ਜਿੱਥੇ ਵੀ ਅੰਮ੍ਰਿਤਸਰੁ ਸ਼ਬਦ ਆਇਆ ਹੈ ਉਸ ਤੋਂ ਭਾਵ ਅੰਮ੍ਰਿਤਸਰ ਸ਼ਹਿਰ ਨਹੀਂ ਹੈ। ਅੰਮ੍ਰਿਤਸਰ ਸ਼ਹਿਰ ਗੁਰੂ ਅਮਰਦਾਸ ਜੀ ਦੀ ਆਗਿਆ ਨਾਲ ਗੁਰੂ ਰਾਮਦਾਸ ਜੀ ਨੇ ਵਸਾਇਆ ਸੀ ਜਿਸਦਾ ਨਾਮ ਗੁਰੂ ਕਾ ਚੱਕ ਰਖਿਆ ਗਿਆ। ਬਾਅਦ ਵਿਚ ਨਗਰ ਦਾ ਨਾਮ ਰਾਮਦਾਸਪੁਰ ਅਤੇ ਫਿਰ ਅੰਮ੍ਰਿਤਸਰ ਪੈ ਗਿਆ।

ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਕੁਝ ਮਹੀਨੇ ਪਹਿਲਾਂ ਦੁਖ ਭੰਜਨੀ ਬੇਰੀ ਪਾਸ ਸੰਨ 1577 ਵਿਚ ਗੁਰੂ ਰਾਮਦਾਸ ਜੀ ਨੇ ਸਰੋਵਰ ਦਾ ਟੱਕ ਲਾਇਆ। ਸਰੋਵਰ ਨੂੰ ਵਧੇਰੇ ਡੂੰਘਾ ਅਤੇ ਪੱਕਾ ਕਰਨ ਦਾ ਕੰਮ ਸੰਨ 1586 ਵਿਚ ਗੁਰੂ ਅਰਜਨ ਦੇਵ ਜੀ ਨੇ ਅਰੰਭ ਕੀਤਾ। ਸਰੋਵਰ ਸੰਪੂਰਨ ਹੋਣ ਤੇ ਇਸ ਦਾ ਨਾਮ ਗੁਰੂ ਜੀ ਨੇ ਅੰਮ੍ਰਿਤਸਰ ਰੱਖਿਆ। ਇਸ ਤੋਂ ਹੀ ਰਾਮਦਾਸਪੁਰ ਨਗਰ ਦਾ ਨਾਮ ਅੰਮ੍ਰਿਤਸਰ ਪਿਆ।

ਅੰਮ੍ਰਿਤਸਰ ਸ਼ਬਦ ਤੋਂ ਭਾਵ ਹੈ ਅੰਮ੍ਰਿਤ-ਸਰ ਅਰਥਾਤ ਅੰਮ੍ਰਿਤ (ਨਾਮ ਜਲ) ਦਾ ਸਰੋਵਰ ਜਿਸ ਵਿਚ ਇਸ਼ਨਾਨ ਕਰਨ ਨਾਲ ਮਨ ਦੀ ਸਾਰੀ ਮੈਲ ਧੁਲ ਜਾਂਦੀ ਹੈ ਅਤੇ ਪ੍ਰਾਣੀ ਅਮਰ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਰਾਗੁ ਮਾਰੂ ਸੋਲਹੇ ਵਿਚ ਬੜੇ ਅਨਮੋਲ ਬਚਨ ਹਨ ਕਿ ਗੁਰੂ ਜੋ ਅੰਮ੍ਰਿਤ ਦਾ ਸਾਗਰ ਹੈ ਉਸਦੀ ਸ਼ਰਨ ਪਇਆਂ ਅੰਮ੍ਰਿਤ-ਨਾਮ ਵਿਚ ਰੰਗੀਜ ਕੇ ਅਮਰ ਹੋ ਜਾਈਦਾ ਹੈ ਅਤੇ ਮਨ-ਇੱਛਤ ਫਲ ਪ੍ਰਾਪਤ ਹੁੰਦੇ ਹਨ :

ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ ॥
ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ ॥

(ਅੰਗ ੧੦੧੧-੧੨)

ਆਪ ਜੀ ਦਾ ਰਾਗੁ ਮਾਰੂ ਵਿਚ ਇਕ ਹੋਰ ਫ਼ਰਮਾਨ ਹੈ ਕਿ ਨਾਮ ਜਲ ਸਰੋਵਰ ਵਿਚ ਇਸ਼ਨਾਨ ਕੀਤਿਆਂ ਪਾਪਾਂ ਦੀ ਸਾਰੀ ਮੈਲ ਧੋਤੀ ਜਾਂਦੀ ਹੈ। ਮੋਹ-ਮਾਇਆ ਦੇ ਸਾਰੇ ਬੰਧਨ ਕੱਟੇ ਜਾਂਦੇ ਹਨ ਅਤੇ ਸਾਰੀਆਂ ਤ੍ਰਿਸ਼ਨਾਵਾਂ ਖ਼ਤਮ ਹੋ ਜਾਂਦੀਆਂ ਹਨ। ਫਿਰ ਗੁਰੂ ਦੀ ਕਿਰਪਾ ਨਾਲ ਪ੍ਰਾਣੀ ਨੂੰ ਸੰਤੋਖ ਪ੍ਰਾਪਤ ਹੋ ਜਾਂਦਾ ਹੈ ਅਤੇ ਜੀਵਨ ਵਿਚ ਕਿਸੇ ਪ੍ਰਕਾਰ ਦੀ ਘਾਟ ਨਹੀਂ ਰਹਿੰਦੀ :

ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ ॥

(ਅੰਗ ੧੦੪੩)

ਅਥਵਾ :

ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥

(ਰਾਗੁ ਮਾਝ ਮਹਲਾ ੩, ਅੰਗ ੧੧੩)

ਆਪ ਜੀ ਦੇ ਇਕ ਹੋਰ ਬਚਨ ਹਨ :

ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ॥

(ਰਾਗੁ ਗੂਜਰੀ ਕੀ ਵਾਰ ਮਹਲਾ ੩, ਅੰਗ ੫੧੦)

ਇਸ ਪ੍ਰਕਾਰ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਵਲੋਂ ਅੰਮ੍ਰਿਤਸਰ ਸ਼ਬਦ ਗੁਰਬਾਣੀ ਵਿਚ ਉਚਾਰਿਆ ਜਾ ਚੁਕਿਆ ਸੀ।

ਗੁਰੂ ਰਾਮਦਾਸ ਜੀ ਸਿਰੀ ਰਾਗੁ ਵਿਚ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਸਤਿਗੁਰੂ, ਜੋ ਅਕਾਲ ਪੁਰਖ ਦਾ ਹੀ ਸਰੂਪ ਹੈ, ਅੰਮ੍ਰਿਤ ਦਾ ਸਰੋਵਰ ਹੈ। ਜਿਹੜੇ ਮਨੁੱਖ ਇਸ ਨਾਮ-ਜਲ ਤੀਰਥ ਤੇ ਇਸ਼ਨਾਨ ਕਰਦੇ ਹਨ ਉਹ ਵਡਭਾਗੀ ਹਨ। ਮਨ ਵਿਚ ਇਸ ਤਰ੍ਹਾਂ ਪ੍ਰਭੂ ਦੇ ਸੱਚੇ ਨਾਮ ਨੂੰ ਦ੍ਰਿੜ੍ਹ ਕਰਨ ਨਾਲ ਇਨ੍ਹਾਂ ਵਡਭਾਗੀਆਂ ਦੀ ਜਨਮਾਂ-ਜਨਮਾਤਰਾਂ ਦੀ ਵਿਕਾਰਾਂ ਦੀ ਮੈਲ ਧੁਲ ਜਾਂਦੀ ਹੈ :

ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ॥
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ॥

(ਅੰਗ ੪੦)

ਗੁਰਬਾਣੀ ਇਸ ਸੰਕਲਪ ਨੂੰ ਸਵੀਕਾਰ ਨਹੀਂ ਕਰਦੀ ਕਿ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਮਨੁੱਖ ਦੇ ਕੀਤੇ ਸਾਰੇ ਪਾਪ ਧੁਲ ਜਾਂਦੇ ਹਨ। ਇਸ ਨਾਲ ਤਨ ਦੀ ਮੈਲ ਤਾਂ ਧੋਤੀ ਜਾਂਦੀ ਹੈ ਪ੍ਰੰਤੂ ਮਨ ਦੀ ਮੈਲ ਨੂੰ ਸਾਫ਼ ਨਹੀਂ ਕੀਤਾ ਜਾ ਸਕਦਾ। ਮਨ ਨੂੰ ਸਾਫ ਤਾਂ ਕੇਵਲ ਨਾਮ ਦੁਆਰਾ ਹੀ ਕੀਤਾ ਜਾ ਸਕਦਾ ਹੈ। ਗੁਰਵਾਕ ਹੈ :

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥

(ਰਾਗੁ ਧਨਾਸਰੀ ਮਹਲਾ ੧, ਅੰਗ ੬੮੭)

ਗੁਰੂ ਜੀ ਪਰਮਾਤਮਾ ਦੇ ਨਾਮ ਨੂੰ ਤੀਰਥ ਆਖ ਰਹੇ ਹਨ ਜਿਸਦੀ ਬਰਕਤ ਨਾਲ ਮਾਲਕ ਪ੍ਰਭੂ ਨਾਲ ਡੂੰਘੀ ਸਾਂਝ ਪੈ ਜਾਂਦੀ ਹੈ। ਸਾਰਾ ਜਗਤ ਵਿਕਾਰਾਂ ਵਿਚ ਰੋਗੀ ਹੋਇਆ ਪਿਆ ਹੈ ਜਦੋਂ ਕਿ ਪਰਮਾਤਮਾ ਦਾ ਨਾਮ ਇਨ੍ਹਾਂ ਰੋਗਾਂ ਦਾ ਦਾਰੂ ਹੈ। ਸੱਚੇ ਪ੍ਰਭੂ ਦੇ ਨਾਮ ਤੋਂ ਬਿਨਾਂ ਮਨ ਨੂੰ ਵਿਕਾਰਾਂ ਦੀ ਮੈਲ ਲੱਗ ਜਾਂਦੀ ਹੈ। ਗੁਰੂ ਦਾ ਪਵਿੱਤਰ ਸ਼ਬਦ ਮਨੁੱਖ ਨੂੰ ਸਦਾ ਆਤਮਿਕ ਚਾਨਣ ਦਿੰਦਾ ਹੈ। ਇਹੋ ਸਦਾ ਕਾਇਮ ਰਹਿਣ ਵਾਲਾ ਤੀਰਥ ਹੈ ਅਤੇ ਇਹੀ ਤੀਰਥ ਇਸ਼ਨਾਨ ਹੈ।

ਰਾਗੁ ਵਡਹੰਸੁ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦਾ ਕਥਨ ਹੈ ਕਿ ਮਨੁੱਖ ਅੰਦਰ ਹੀ ਗਿਆਨ-ਰੂਪੀ ਤੀਰਥ ਹੈ। ਜੋ ਅਜਿਹੇ ਅੰਮ੍ਰਿਤ ਸਰੋਵਰ ਦੇ ਤੀਰਥ ਤੇ ਇਸ਼ਨਾਨ ਕਰਦੇ ਹਨ ਉਨ੍ਹਾਂ ਦੀ ਵਿਕਾਰਾਂ ਦੀ ਸਾਰੀ ਮੈਲ ਸਾਫ਼ ਹੋ ਜਾਂਦੀ ਹੈ ਅਤੇ ਮਨ ਪਵਿੱਤਰ ਤੇ ਨਿਰਮਲ ਹੋ ਜਾਂਦਾ ਹੈ :

ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ॥
ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ॥

(ਅੰਗ ੫੮੭)

ਰਾਗੁ ਆਸਾ ਵਿਚ ਵੀ ਆਪ ਜੀ ਦਾ ਕਥਨ ਹੈ ਕਿ ਆਤਮਿਕ ਜੀਵਨ ਦੇਣ ਵਾਲੇ ਪ੍ਰਭੂ ਦੇ ਨਾਮ ਜਲ ਵਿਚ ਇਸ਼ਨਾਨ ਕੀਤਿਆਂ ਪ੍ਰਾਣੀ ਦਾ ਹਿਰਦਾ ਸ਼ੁੱਧ ਤੇ ਨਿਰਮਲ ਹੋ ਜਾਂਦਾ ਹੈ। ਉਸਦਾ ਅੰਤਰ-ਆਤਮਾ ਧੋਤਾ ਜਾਂਦਾ ਹੈ ਅਤੇ ਜੀਵ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ :

ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ॥
ਸਦਾ ਸੂਚੇ ਸਾਚਿ ਸਮਾਏ॥ *(ਅੰਗ ੩੬੩)*

ਗੁਰਬਾਣੀ ਅਨੁਸਾਰ ਜੋ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ ਵਿਕਾਰਾਂ ਦੇ ਹੱਲਿਆਂ ਤੋਂ ਬਚਿਆ ਰਹਿੰਦਾ ਹੈ ਉਹੀ ਪੂਰਨ ਮਨੁੱਖ ਹੈ। ਉਸ ਮਨੁੱਖ ਦੇ ਹਿਰਦੇ ਵਿਚ ਪਵਿੱਤਰ ਕਰਨ ਵਾਲਾ ਸੱਚੇ ਪ੍ਰਭੂ ਦੇ ਨਾਮ-ਜਲ ਦਾ ਚਸ਼ਮਾ ਫੁੱਟ ਪੈਂਦਾ ਹੈ ਜਿਸ ਵਿਚੋਂ ਫਿਰ ਉਹ ਸਹਿਜੇ ਹੀ ਨਾਮ-ਜਲ ਪੀਂਦਾ ਰਹਿੰਦਾ ਹੈ ਭਾਵ ਪ੍ਰਾਣੀ ਦੀ ਸੁਰਤੀ ਸੱਚੇ ਨਾਮ ਵਿਚ ਜੁੜ ਜਾਂਦੀ ਹੈ :

ਸਬਦਿ ਮਰੈ ਸੋਈ ਜਨੁ ਪੂਰਾ॥
ਸਤਿਗੁਰੁ ਆਖਿ ਸੁਣਾਏ ਸੂਰਾ॥
ਕਾਇਆ ਅੰਦਰਿ ਅੰਮ੍ਰਿਤ ਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ॥

(ਰਾਗੁ ਮਾਰੂ ਸੋਲਹੇ ਮਹਲਾ ੩, ਅੰਗ ੧੦੪੬)

ਅਭਾਗਾ ਜੀਵ ਪਾਪ ਕਰ ਕਰਕੇ ਆਪਣਾ ਹਿਰਦਾ ਪਾਪਾਂ ਨਾਲ ਭਰ ਲੈਂਦਾ ਹੈ ਪ੍ਰੰਤੂ ਜਦੋਂ ਵਾਹਿਗੁਰੂ ਦੀ ਨਜ਼ਰ ਸਵੱਲੀ ਹੁੰਦੀ ਹੈ ਤਾਂ ਜੀਵ ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਆਤਮਿਕ ਬਲ ਦੇਣ ਵਾਲੇ ਨਾਮ-ਜਲ ਦੇ ਸਰੋਵਰ ਵਿਚ ਇਸ਼ਨਾਨ ਕਰਦਾ ਹੈ ਜਿਸ ਸਦਕਾ ਜੀਵ ਦੇ ਹਿਰਦੇ ਵਿਚੋਂ ਪਾਪਾਂ ਦੀ ਸਾਰੀ ਮੈਲ ਲਹਿ ਜਾਂਦੀ ਹੈ :

ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ॥
ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ॥

(ਰਾਗੁ ਸੂਹੀ ਮਹਲਾ ੪, ਅੰਗ ੭੩੨)

ਅਥਵਾ :

ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ ਪੰਚਹੁ ਕਾ ਮਿਟ ਨਾਵਉ॥
ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰ ਕਢਾਵਉ॥

(ਰਾਗੁ ਧਨਾਸਰੀ ਭਗਤ ਨਾਮਦੇਵ ਜੀ, ਅੰਗ ੬੯੩)

ਭਗਤ ਜੀ ਦਾ ਫ਼ਰਮਾਨ ਹੈ ਕਿ ਜਦੋਂ ਦਾ ਮੇਰਾ ਮਨ ਪ੍ਰਭੂ ਦੇ ਰੰਗ ਵਿਚ ਰੰਗਿਆ ਗਿਆ ਹੈ ਮੈਂ ਆਪਣੀਆਂ ਦੱਸੇ ਇੰਦ੍ਰੀਆਂ ਨੂੰ ਵੱਸ ਵਿਚ ਕਰ ਲਿਆ ਹੈ ਅਤੇ ਪੰਜੇ ਵਿਕਾਰਾਂ ਤੋਂ ਮੁਕਤ ਹੋ ਗਿਆ ਹਾਂ। ਹੁਣ ਮੇਰਾ ਰੋਮ ਰੋਮ ਅੰਮ੍ਰਿਤ-ਨਾਮ ਰਸ ਨਾਲ ਭਰਪੂਰ ਹੋ ਗਿਆ ਹੈ ਜਿਸ ਸਦਕਾ ਮੇਰੇ ਅੰਦਰੋਂ ਮਾਇਆ ਰੂਪੀ ਜ਼ਹਿਰ ਦਾ ਨਾਸ ਹੋ ਗਿਆ ਹੈ।

ਸਤਰਿ ਦੋਇ ਤੋਂ ਅਰਥ ਹੈ ਜੋਗੀਆਂ ਵਲੋਂ ਸਰੀਰ ਦੀਆਂ ਮੰਨੀਆਂ ਮੁੱਖ ਬਹੱਤਰ ਨਾੜੀਆਂ।

ਰਾਗੁ ਗੂਜਰੀ ਵਿਚ ਗੁਰੂ ਰਾਮਦਾਸ ਜੀ ਨਾਮ ਵਿਚ ਰੰਗੇ ਹੋਏ ਸਤਿਗੁਰੂ ਨੂੰ ਅੰਮ੍ਰਿਤਸਰ ਭਾਵ ਅੰਮ੍ਰਿਤ-ਨਾਮ ਦਾ ਸਰੋਵਰ ਆਖਦੇ ਹਨ ਜਿਸਦੇ ਰਸ ਨੂੰ ਮਾਨਣ ਨਾਲ ਕਾਂ ਵੀ ਹੰਸ ਹੋ ਜਾਂਦੇ ਹਨ ਭਾਵ ਨਾਮ ਰਸ ਨੂੰ ਪੀ ਕੇ ਵਿਕਾਰਾਂ ਵਿਚ ਫਸੇ ਹੋਏ ਜੀਵ ਵੀ ਉਜਲੇ ਤੇ ਪਵਿੱਤਰ ਹੋ ਜਾਂਦੇ ਹਨ :

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥

(ਅੰਗ ੪੯੩)

ਪਾਖੰਡ ਅਤੇ ਵਿਖਾਵਿਆਂ ਦੇ ਕਾਰਨ ਵਿਕਾਰਾਂ ਵਿਚ ਫਸ ਕੇ ਪ੍ਰਾਣੀ ਦਾ ਮਨ ਬੇਮੁਹਾਰਾ ਭਟਕਦਾ ਰਹਿੰਦਾ ਹੈ ਪਰ ਜਦੋਂ ਇਹ ਸਤਿ ਸੰਗਤ ਵਿਚ ਜੁੜਦਾ ਹੈ ਤਾਂ ਇੱਥੇ ਨਾਮ-ਜਲ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਇਸ ਦੀ ਵਿਕਾਰਾਂ ਦੀ ਸਾਰੀ ਮੈਲ ਧੋਤੀ ਜਾਂਦੀ ਹੈ :

ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥
ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥

(ਰਾਗੁ ਗਉੜੀ ਮਹਲਾ ੪, ਕਰਹਲੇ, ਅੰਗ ੨੩੪)

ਗੁਰੂ ਅਰਜਨ ਦੇਵ ਜੀ ਵੀ ਸਤਿਗੁਰੂ ਨੂੰ ਅੰਮ੍ਰਿਤ-ਨਾਮ ਦਾ ਸਰੋਵਰ ਆਖ ਕੇ ਸਲਾਹੁੰਦੇ ਹਨ ਜੋ ਸੁਖਾਂ ਦਾ ਖ਼ਜ਼ਾਨਾ ਅਤੇ ਸਭਨਾਂ ਦੀਆਂ ਆਸਾਂ ਪੂਰੀਆਂ ਕਰਨ ਵਾਲਾ ਹੈ :

ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ ॥
ਮਨਸਾ ਕਾ ਦਾਤਾ ਸਭ ਸੁਖ ਨਿਧਾਨੁ ਅੰਮ੍ਰਿਤਸਰਿ ਸਦ ਹੀ ਭਰਪੂਰਾ ॥

(ਰਾਗੁ ਆਸਾ, ਅੰਗ ੩੭੫)

ਹੁਣ ਪ੍ਰਾਣੀ ਦੇ ਸਾਰੇ ਪਾਪਾਂ ਦਾ ਨਾਸ ਹੋ ਜਾਂਦਾ ਹੈ :

ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ ॥
ਸਤਿਗੁਰਿ ਗਿਆਨੁ ਮਜਨੁ ਹੈ ਨੀਕੋ ਮਿਲਿ ਕਲਮਲ ਪਾਪ ਉਤਾਰੇ ॥

(ਰਾਗੁ ਨਟ ਨਾਰਾਇਣ, ਮਹਲਾ ੪, ਅੰਗ ੯੮੧)

ਇਸ ਸਾਰੀ ਵਿਚਾਰ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਸ਼ਬਦ ਅੰਮ੍ਰਿਤਸਰੁ ਜਾਂ ਅੰਮ੍ਰਿਤਸਰਿ ਤੋਂ ਭਾਵ ਅੰਮ੍ਰਿਤਸਰ ਸ਼ਹਿਰ ਨਹੀਂ ਸਗੋਂ ਗੁਰੂ ਸਾਹਿਬਾਨ ਅੰਮ੍ਰਿਤ-ਨਾਮ ਸਰੋਵਰ ਬਾਰੇ ਸੋਝੀ ਬਖ਼ਸ਼ਿਸ਼ ਕਰ ਰਹੇ ਹਨ ਜੋ ਅਮਰ ਅਤੇ ਪਵਿੱਤਰ ਕਰਨ ਵਾਲਾ ਹੈ। ਗੁਰਸਿੱਖ ਦੀ ਨਿੱਤ ਕਰਨੀ ਬਾਰੇ ਦਰਸਾਉਂਦੇ ਹੋਏ ਸੋਢੀ ਪਾਤਸ਼ਾਹ ਗੁਰੂ ਰਾਮਦਾਸ ਜੀ ਰਾਗੁ ਗਉੜੀ ਕੀ ਵਾਰ ਵਿਚ ਫ਼ਰਮਾ ਰਹੇ ਹਨ ਕਿ ਗੁਰਸਿੱਖ ਨਿਤਾ-ਪ੍ਰਤੀ ਸਵੇਰੇ ਉਠ ਕੇ ਪ੍ਰਭੂ ਦੇ ਨਾਮ ਵਿਚ ਜੁੜਦਾ ਹੈ। ਹਰ ਰੋਜ਼ ਅੰਮ੍ਰਿਤ ਵੇਲੇ ਉਠਣ ਦਾ ਉੱਦਮ ਕਰਦਾ ਹੈ। ਇਸ਼ਨਾਨ ਕਰਕੇ ਫਿਰ ਅੰਮ੍ਰਿਤ-ਨਾਮ ਰੂਪੀ ਸਰੋਵਰ ਵਿਚ ਟੁੱਭੀ ਲਾਉਂਦਾ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥

(ਅੰਗ ੩੦੫)

ਗੁਰਮੁਖ-ਮਨਮੁਖ ...

ਸਹਤ ਸਿੱਖ ਵਾਸਤੇ ਵੇਖੋ ਵਾਰ ੩ ॥ ਪਉੜੀ ੨੦

ਗੁਰ ਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ ॥
ਉਥੇ ਟਿਕੇ ਨ ਭੁਣਹਣਾ ਚੱਲ ਨ ਸਕੇ ਉਪਰ ਕੀੜੀ ॥

(31)

ਗੁਰਸਿੱਖ

ਸੱਚੇ ਗੁਰਸਿੱਖ ਦੀ ਪਰਿਭਾਸ਼ਾ ਕੀ ਹੈ? ਗੁਰਸਿੱਖ ਕਿਹੋ ਜਿਹਾ ਹੁੰਦਾ ਹੈ? ਇਸਦਾ ਉੱਤਰ ਗੁਰਬਾਣੀ ਵਿਚ ਬੜੇ ਵਿਸਥਾਰ ਨਾਲ ਦਿੱਤਾ ਗਿਆ ਹੈ। ਗੁਰਸਿੱਖ ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਕਰਕੇ ਨਾਮ ਦਾ ਸਿਮਰਨ ਕਰਦਾ ਹੈ ਭਾਵ ਨਾਮ-ਰੂਪੀ ਅੰਮ੍ਰਿਤ ਸਰੋਵਰ ਵਿਚ ਟੁੱਭੀ ਲਾਉਂਦਾ ਹੈ। ਗੁਰਬਾਣੀ ਪੜ੍ਹਦਾ ਹੈ। ਭਾਵੇਂ ਉਹ ਦੁਨਿਆਵੀ ਕਾਰ-ਵਿਹਾਰ ਵੀ ਕਰਦਾ ਹੈ ਪਰ ਉਹ ਆਪਣੇ ਮਨ ਨੂੰ ਸਦਾ ਪ੍ਰਭੂ ਨਾਲ ਜੋੜੀ ਰੱਖਦਾ ਹੈ। ਇਸ ਤਰ੍ਹਾਂ ਉਸ ਦੇ ਨੇੜੇ ਵਿਕਾਰ ਨਹੀਂ ਆਉਂਦੇ। ਅਜਿਹਾ ਸਿੱਖ ਹੀ ਸਤਿਗੁਰੂ ਨੂੰ ਭਾਉਂਦਾ ਹੈ, ਚੰਗਾ ਲਗਦਾ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥

(ਗਉੜੀ ਕੀ ਵਾਰ ਮਹਲਾ ੪, ਅੰਗ ੩੦੫)

ਅਥਵਾ :

ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ ਗੁਰੁ ਪੂਜਣ ਆਵਹਿ ॥
ਹਰਿ ਨਾਮੁ ਵਣੰਜਹਿ ਰੰਗ ਸਿਉ ਲਾਹਾ ਹਰਿ ਨਾਮੁ ਲੈ ਜਾਵਹਿ ॥
ਗੁਰਸਿਖਾ ਕੇ ਮੁਖ ਉਜਲੇ ਹਰਿ ਦਰਗਹ ਭਾਵਹਿ ॥
ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ ਵਡਭਾਗੀ ਸਿਖ ਗੁਣ ਸਾਂਝ ਕਰਾਵਹਿ ॥
ਤਿਨਾ ਗੁਰਸਿਖਾ ਕੰਉ ਹਉ ਵਾਰਿਆ
ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ ॥

(ਰਾਗੁ ਵਡਹੰਸੁ ਕੀ ਵਾਰ ਮਹਲਾ ੪, ਅੰਗ ੫੯੦)

ਦੂਜਿਆਂ ਮਨੁੱਖਾਂ ਵਾਂਗ ਗੁਰਸਿੱਖ ਮਾਇਆ ਦੇ ਬੰਧਨਾਂ ਵਿਚ ਨਹੀਂ ਪੈਂਦਾ। ਮਾਇਆ ਨਾਲ ਪ੍ਰੀਤ ਪਾਉਣ ਦੀ ਥਾਂ ਉਹ ਤਾਂ ਉਦੋਂ ਪ੍ਰਸੰਨ ਹੁੰਦਾ ਹੈ ਜਦੋਂ ਉਸਦਾ ਸੱਚਾ ਗੁਰੂ ਉਸ ਨੂੰ ਆਪਣੇ ਗਲੇ ਨਾਲ ਲਾ ਲਵੇ।

ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ ॥
ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ ॥

(ਰਾਗੁ ਗਉੜੀ ਮਹਲਾ ੪, ਅੰਗ ੧੬੪)

ਆਪ ਜੀ ਦਾ ਰਾਗੁ ਆਸਾ ਵਿਚ ਵੀ ਕਥਨ ਹੈ ਕਿ ਗੁਰਸਿੱਖ ਦੇ ਮਨ ਵਿਚ ਸਦਾ

ਪ੍ਰਭੂ ਲਈ ਪ੍ਰੀਤ ਬਣੀ ਰਹਿੰਦੀ ਹੈ। ਉਸ ਦੇ ਮਨ ਵਿਚ ਹਰ ਵੇਲੇ ਹਰੀ ਦਾ ਨਾਮ ਟਿਕਿਆ ਰਹਿੰਦਾ ਹੈ। ਫਿਰ ਉਸ ਨੂੰ ਕਿਸੇ ਪ੍ਰਕਾਰ ਦੀ ਭੁੱਖ ਜਾਂ ਤ੍ਰਿਸ਼ਨਾ ਨਹੀਂ ਰਹਿੰਦੀ। ਸੱਚੇ ਵਾਹਿਗੁਰੂ ਦੀ ਸੇਵਾ ਕਰਨ ਸਦਕਾ ਮਨ ਪੂਰਨ ਤੌਰ ਤੇ ਤ੍ਰਿਪਤ ਹੋ ਜਾਂਦਾ ਹੈ। ਅਜਿਹੇ ਗੁਰਸਿੱਖ ਦੀ ਸੰਗਤ ਕਰਕੇ ਅਣਗਿਣਤ ਪ੍ਰਾਣੀਆਂ ਨੂੰ ਨਾਮ ਵਿਚ ਜੁੜਣ ਲਈ ਪ੍ਰੇਰਨਾ ਮਿਲਦੀ ਹੈ :

ਗੁਰਸਿਖਾ ਮਨਿ ਹਰਿ ਪ੍ਰੀਤਿ ਹੈ ਹਰਿ ਨਾਮ ਹਰਿ ਤੇਰੀ ਰਾਮ ਰਾਜੇ॥
ਕਰਿ ਸੇਵਹਿ ਪੂਰਾ ਸਤਿਗੁਰੂ ਭੁਖ ਜਾਇ ਲਹਿ ਮੇਰੀ॥
ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ॥

(ਅੰਗ ੪੫੦-੫੧)

ਅਜਿਹਾ ਗੁਰੂ ਦਾ ਸਿੱਖ ਦੁਨਿਆਵੀ ਪਦਾਰਥਾਂ ਦੀ ਕਾਮਨਾ ਨਹੀਂ ਕਰਦਾ। ਉਸਦਾ ਮਨ ਤਾਂ ਸਦਾ ਆਪਣੇ ਗੁਰੂ ਦੇ ਦਰਸ਼ਨਾਂ ਲਈ ਵਿਆਕੁਲ ਰਹਿੰਦਾ ਹੈ ਜਿਵੇਂ ਮੰਗਤਾ ਜਾਂ ਭੁੱਖਾ ਮਨੁੱਖ ਭਿਖਿਆ ਜਾਂ ਅੰਨ ਮਿਲਣ ਤੇ ਖੁਸ਼ ਹੁੰਦਾ ਹੈ ਇਸੇ ਤਰ੍ਹਾਂ ਗੁਰੂ ਦੇ ਦਰਸ਼ਨ ਕਰਨ ਨਾਲ ਗੁਰੂ ਦੇ ਸਿੱਖ ਦੀ ਤ੍ਰਿਪਤੀ ਹੁੰਦੀ ਹੈ। ਗੁਰਵਾਕ ਹੈ :

ਭੀਖਕ ਪ੍ਰੀਤਿ ਭੀਖ ਪ੍ਰਭ ਪਾਇ॥
ਭੂਖੇ ਪ੍ਰੀਤਿ ਹੋਵੈ ਅੰਨੁ ਖਾਇ॥
ਗੁਰਸਿਖ ਪ੍ਰੀਤਿ ਗੁਰ ਮਿਲਿ ਆਘਾਇ॥

(ਰਾਗੁ ਗਉੜੀ ਮਹਲਾ ੪, ਅੰਗ ੧੬੪)

ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਆਖਿਆ ਜਾਂਦਾ ਹੈ। ਆਪ ਜੀ ਦੀਆਂ ਵਾਰਾਂ ਵਿਚ ਗੁਰਸਿੱਖੀ ਦੀ ਭਰਪੂਰ ਵਿਆਖਿਆ ਕੀਤੀ ਗਈ ਹੈ। ਗੁਰਸਿੱਖ ਦੀ ਨਿੱਤ ਦੀ ਕਾਰੀ ਬਾਰੇ ਆਪ ਜੀ ਦਾ 28ਵੀਂ ਵਾਰ ਵਿਚ ਕਥਨ ਹੈ :

ਗੁਰਸਿੱਖੀ ਦਾ ਨ੍ਹਾਵਣਾ ਗੁਰਮਤਿ ਲੈ ਦੁਰਮਤਿ ਮਲ ਧੋਵੈ॥
ਗੁਰਸਿੱਖੀ ਦਾ ਪੂਜਣਾ ਗੁਰਸਿਖ ਪੂਜ ਪਿਰਮ ਰਸ ਭੋਵੈ॥
ਗੁਰਸਿੱਖੀ ਦਾ ਮੰਨਣਾ ਗੁਰ ਬਚਨੀ ਗਲ ਹਾਰ ਪਰੋਵੈ॥
ਗੁਰਸਿੱਖੀ ਦਾ ਜੀਵਣਾ ਜੀਵੰਦਿਆ ਮਰ ਹਉਮੈ ਖੋਵੈ॥
ਸਾਧ ਸੰਗਤਿ ਗੁਰ ਸ਼ਬਦ ਵਿਲੋਵੈ॥ *(ਪਉੜੀ ੯)*

ਅਥਵਾ :

ਪਿੱਛਲ ਰਾਤੀ ਜਾਗਣਾ ਨਾਮ ਦਾਨ ਇਸ਼ਨਾਨ ਦ੍ਰਿੜਾਏ॥
ਮਿੱਠਾ ਬੋਲਣ ਨਿਵ ਚਲਣ ਹੱਥਹੁੰ ਦੇ ਕੈ ਭਲਾ ਮਨਾਏ॥
ਥੋੜਾ ਸਵਣਾ ਖਾਵਣਾ ਥੋੜਾ ਬੋਲਨ ਗੁਰਮਤਿ ਪਾਏ॥
ਘਾਲ ਖਾਇ ਸੁਕ੍ਰਿਤ ਕਰੇ ਵਡਾ ਹੋਇ ਨ ਆਪ ਗਣਾਏ॥
ਸਾਧ ਸੰਗਤਿ ਮਿਲ ਗਾਂਵਦੇ ਰਾਤ ਦਿਹੋਂ ਨਿਤ ਚਲ ਚਲ ਜਾਏ॥
ਸ਼ਬਦ ਸੁਰਤਿ ਪਰਚਾ ਕਰੇ ਸਤਿਗੁਰੁ ਪਰਚੈ ਮਨ ਪਰਚਾਏ॥
ਆਸਾ ਵਿਚ ਨਿਰਾਸ ਵਲਾਏ॥ *(ਪਉੜੀ ੧੫)*

ਰਾਗੁ ਗਉੜੀ ਵਿਚ ਗੁਰੂ ਰਾਮਦਾਸ ਜੀ ਦੇ ਬਚਨ ਹਨ, ਜਿਸ ਵਿਚ ਆਪ ਜੀ ਗੁਰਸਿੱਖਾਂ ਨੂੰ ਉਪਦੇਸ਼ ਕਰ ਰਹੇ ਹਨ ਕਿ ਨਾਮ ਦਾ ਸਿਮਰਨ ਕੀਤਾ ਕਰੋ। ਨਾਮ-ਸਿਮਰਨ

ਦੀ ਬਰਕਤ ਨਾਲ ਸਾਰੇ ਪਾਪ ਧੁਲ ਜਾਂਦੇ ਹਨ :

ਗੁਰਸਿਖ ਹਰਿ ਬੋਲਹੁ ਮੇਰੇ ਭਾਈ॥
ਹਰਿ ਬੋਲਤ ਸਭ ਪਾਪ ਲਹਿ ਜਾਈ॥ *(ਅੰਗ ੧੬੫)*

ਅਥਵਾ :

ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ
ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ॥
(ਰਾਗੁ ਨਟ ਨਾਰਾਇਨ ਮਹਲਾ ੫, ਅੰਗ ੯੮੮)

ਹੇ ਮੇਰੇ ਪਿਆਰੇ ਸਿੱਖੋ! ਆਪਣੇ ਮਨ ਅੰਦਰੋਂ ਵਲ-ਛਲ ਦੂਰ ਕਰਕੇ, ਨਿਰਛਲ ਹੋ ਕੇ ਪਰਮਾਤਮਾ ਦੇ ਨਾਮ ਦੀ ਘਾਲਣਾ ਘਾਲੋ। ਇਸ ਤਰ੍ਹਾਂ ਤੁਸੀਂ ਨਿਹਾਲ ਹੋ ਜਾਵੋਗੇ। ਤੁਹਾਡਾ ਹਿਰਦਾ ਸ਼ੁੱਧ ਹੋ ਜਾਵੇਗਾ, ਪ੍ਰਸੰਨ ਹੋ ਜਾਵੇਗਾ।

ਜਿਨ੍ਹਾਂ ਜਿਨ੍ਹਾਂ ਨੇ ਵੀ ਸਿੱਖੀ ਦੀ ਕਮਾਈ ਕੀਤੀ ਹੈ ਉਹ ਧੰਨਤਾਯੋਗ ਹਨ। ਗੁਰੂ ਸਾਹਿਬ ਉਨ੍ਹਾਂ ਨੂੰ ਕਿੰਨੀਆਂ ਵਡਿਆਈਆਂ ਬਖ਼ਸ਼ਦੇ ਹਨ। ਰਹਿਮਤਾਂ ਦੇ ਮਾਲਕ ਸਤਿਗੁਰੂ ਅਜਿਹੇ ਗੁਰਸਿੱਖਾਂ ਪਾਸੋਂ ਆਪ ਨਾਮ ਦੀ ਦਾਤ ਮੰਗਦੇ ਹਨ ਜੋ ਹਰ ਵੇਲੇ ਸਰਬ ਵਿਆਪਕ ਪਰਮਾਤਮਾ ਨੂੰ ਸਿਮਰਦੇ ਹਨ :

ਗੁਰਮੁਖਿ ਸਖੀ ਸਹੇਲੀ ਮੇਰੀ ਮੋ ਕਉ ਦੇਵਹੁ ਦਾਨੁ ਹਰਿ ਪ੍ਰਾਨ ਜੀਵਾਇਆ॥
ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ
ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ॥
(ਰਾਗੁ ਗੂਜਰੀ ਮਹਲਾ ੪, ਅੰਗ ੪੯੩)

ਗੁਰਸਿੱਖਾਂ ਦੀ ਸੰਗਤਿ ਕੀਤਿਆਂ ਪ੍ਰਾਣੀ ਦਾ ਮਨ ਨਾਮ ਵਿਚ ਗਿੱਝ ਜਾਂਦਾ ਹੈ ਅਤੇ ਮਨ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਫਿਰ ਕੋਈ ਮਨੋ-ਕਾਮਨਾ ਰਹਿੰਦੀ ਹੀ ਨਹੀਂ :

ਗੁਰਸਿਖ ਮੇਲਿ ਮੇਰੀ ਸਰਧਾ ਪੂਰੀ ਅਨਦਿਨੁ ਰਾਮ ਗੁਣ ਗਾਏ॥
(ਰਾਗੁ ਵਡਹੰਸੁ ਛੰਤ ਮਹਲਾ ੪, ਅੰਗ ੫੭੩)

ਉਹ ਗੁਰਸਿੱਖ ਤਾਂ ਮਾਨੋ ਸੰਤ-ਸਰੂਪ ਹਨ ਜੋ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਤੇ ਆਸ ਨਹੀਂ ਰੱਖਦੇ :

ਤੇ ਸੰਤ ਭਲੇ ਗੁਰਸਿਖ ਹੈ ਜਿਨ ਨਾਹੀ ਚਿੰਤ ਪਰਾਈ ਚੁਖਾ॥
(ਰਾਗੁ ਵਡਹੰਸੁ ਕੀ ਵਾਰ, ਮਹਲਾ ੪, ਅੰਗ ੫੮੮)

ਚਿੰਤ ਤੋਂ ਭਾਵ ਆਸ। ਚੁਖਾ-ਰਤਾ ਵੀ।

ਰਾਗੁ ਵਡਹੰਸੁ ਵਿਚ ਹੀ ਆਪ ਜੀ ਦੇ ਇਕ ਹੋਰ ਬਚਨ ਹਨ ਕਿ ਜਿਨ੍ਹਾਂ ਗੁਰਸਿੱਖਾਂ ਨੇ ਚਿੱਤ ਲਾ ਕੇ ਸਤਿਗੁਰੂ ਦੇ ਉਪਦੇਸ਼ਾਂ ਨੂੰ ਸੁਣਿਆ ਹੈ ਉਹ ਸਲਾਹੁਣਯੋਗ ਹਨ। ਅਜਿਹੇ ਗੁਰਸਿੱਖ ਆਪਣੇ ਅੰਦਰੋਂ ਹਉਮੈ ਤੇ ਦੁਬਿਧਾ ਮਾਰ ਮੁਕਾਉਂਦੇ ਹਨ :

ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ॥
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹਉਮੈ ਦੁਬਿਧਾ ਭੰਨੀ॥
(ਅੰਗ ੫੯੦)

ਗੁਰੂ ਘਰ ਵਿਚ ਗੁਰਸਿੱਖਾਂ ਨੂੰ ਬੜਾ ਮਾਣ ਤੇ ਸਤਿਕਾਰ ਪ੍ਰਾਪਤ ਹੈ। ਰਹਿਮਤਾਂ ਦੇ

ਮਾਲਕ ਅਤੇ ਲੋੜਵੰਦਾਂ ਦੀਆਂ ਝੋਲੀਆਂ ਦਾਤਾਂ ਨਾਲ ਭਰਨ ਵਾਲੇ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਦੇ ਮਹਲ ਮਾਤਾ ਗੰਗਾ ਜੀ ਪੁੱਤਰ ਦੀ ਦਾਤ ਲਈ ਬਾਬਾ ਬੁੱਢਾ ਜੀ ਪਾਸ ਗਏ ਜੋ ਗੁਰੂ ਘਰ ਵਲੋਂ ਵਰੋਸਾਏ ਹੋਏ ਗੁਰਸਿੱਖ ਸਨ। ਮਾਤਾ ਜੀ ਦੀ ਵੇਦਨਾ ਸੁਣ ਕੇ ਬਾਬਾ ਬੁੱਢਾ ਜੀ ਦੀ ਬਿਰਤੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਜੁੜ ਗਈ। ਮਨ ਵਿਚ ਆਖਣ ਲੱਗੇ ਕਿ ਸਤਿਗੁਰੂ ਜੀ ਨਿਮਾਣੇ ਬੁੱਢੇ ਨੂੰ ਐਨਾ ਮਾਣ ਦਿੰਦੇ ਹਨ। ਮਿੱਸੀਆਂ ਰੋਟੀਆਂ, ਅਚਾਰ, ਗੰਢਾ ਅਤੇ ਲੱਸੀ ਨਾਲ ਪ੍ਰਸੰਨ ਹੋ ਕੇ ਕਹਿਣ ਲੱਗੇ, "ਮਾਤਾ ਜੀ, ਜਿਸ ਗੁਰੂ ਘਰ ਤੋਂ ਆਪ ਜੀ ਆਏ ਹੋ, ਮੈਂ ਵੀ ਨਿਮਾਣੇ ਸਿੱਖ ਨੇ ਉਸ ਸਮਰੱਥ ਸਤਿਗੁਰੂ ਪਾਸ ਹੀ ਪੁੱਤਰ ਦੀ ਦਾਤ ਲਈ ਅਰਦਾਸ ਕਰਨੀ ਹੈ।"

ਗੁਰ-ਇਤਿਹਾਸ ਵਿਚ ਇਹ ਘਟਨਾ ਬੜੀ ਮਹੱਤਵਪੂਰਨ ਹੈ। ਗੁਰੂ ਘਰ ਨੇ ਆਪਣੇ ਆਪ ਨੂੰ ਕਦੀ ਵਡਿਆਇਆ ਨਹੀਂ। ਸਦਾ ਸੇਵਕਾਂ ਤੇ ਸਾਧਕਾਂ ਨੂੰ ਹੀ ਵਡਿਆਈ ਦਿੱਤੀ ਹੈ। ਗੁਰੂ ਅਮਰਦਾਸ ਜੀ ਦਾ ਰਾਗੁ ਮਾਰੂ ਵਿਚ ਕਥਨ ਹੈ :

ਗੁਰ ਕਿਰਪਾ ਤੇ ਮਿਲੈ ਵਡਿਆਈ
ਹਉਮੈ ਰੋਗੁ ਨ ਤਾਹਾ ਹੇ॥ *(ਅੰਗ ੧੦੫੮)*

ਰਾਗੁ ਭੈਰਉ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ :

ਗੁਰ ਕਿਰਪਾ ਤੇ ਪਰਮ ਪਦੁ ਪਾਇਆ॥ *(ਅੰਗ ੧੧੨੮)*

ਜਦੋਂ ਸਾਧਕ ਪਰਮਪਦ ਤੇ ਪੁੱਜ ਜਾਂਦਾ ਹੈ ਤਾਂ "ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ" ਵਾਲੀ ਅਵਸਥਾ ਬਣ ਜਾਂਦੀ ਹੈ।

ਗੁਰੂ ਦਸਮ ਪਾਤਸ਼ਾਹ ਦੇ ਆਪਣੇ ਗੁਰਸਿੱਖਾਂ ਪ੍ਰਤੀ ਉਚਾਰੇ ਹੋਏ ਬੜੇ ਅਮੋਲਕ ਬਚਨ ਹਨ :

ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੇ ਗ਼ਰੀਬ ਕਰੋਰ ਪਰੇ॥
(ਗਿਆਨ ਪ੍ਰਬੋਧ ਪਾਤਸ਼ਾਹੀ ੧੦)

ਅਥਵਾ :

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸਾ ਮਹਿ ਹੌ ਕਰੌ ਨਿਵਾਸ॥ *(ਸਰਬ ਲੋਹ ਗ੍ਰੰਥ 'ਚੋਂ)*

ਸੰਸਾਰ ਦੇ ਇਤਿਹਾਸ ਵਿਚ ਇਹੋ ਜਿਹਾ ਮਾਣ ਤੇ ਸਨਮਾਨ ਅੱਜ ਤਾਈਂ ਕਿਸੇ ਰਹਿਬਰ ਨੇ ਆਪਣੇ ਸੇਵਕਾਂ ਜਾਂ ਸ਼ਰਧਾਲੂਆਂ ਨੂੰ ਨਹੀਂ ਦਿੱਤਾ।

ਆਪਣੀ ਬੁੱਕਲ ਵਿਚ ਝਾਤ ਮਾਰ ਕੇ ਸਾਨੂੰ ਸੋਚਣਾ ਚਾਹੀਦਾ ਹੈ ਕਿ ਜਿਨ੍ਹਾਂ ਗੁਰਸਿੱਖਾਂ ਦੀ ਸਤਿਗੁਰੂ ਚਰਨ-ਧੂੜੀ ਮੰਗਦੇ ਹਨ ਉਨ੍ਹਾਂ ਗੁਰਸਿੱਖਾਂ ਵਲੋਂ ਪਾਏ ਹੋਏ ਪੂਰਨਿਆਂ ਤੇ ਅੱਜ ਅਸੀਂ ਕਿੰਨਾ ਕੁ ਪੂਰੇ ਉਤਰਦੇ ਹਾਂ :

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥
(ਸਲੋਕ ਵਾਰਾਂ ਤੇ ਵਧੀਕ ਮਹਲਾ ੪, ਅੰਗ ੧੪੨੪)

ਅਥਵਾ :

ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥
(ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੦੬)

(32)

ਨਦਰਿ

'ਨਦਰਿ' ਦੇ ਅੱਖਰੀ ਅਰਥ ਹਨ ਨਜ਼ਰ ਜਾਂ ਨਿਗਾਹ ਪ੍ਰੰਤੂ ਗੁਰਬਾਣੀ ਵਿਚ 'ਨਦਰ' ਸ਼ਬਦ ਦੀ ਵਰਤੋਂ ਕਿਰਪਾ ਦ੍ਰਿਸ਼ਟੀ, ਕਿਰਪਾ ਦੀ ਨਿਗਾਹ, ਰਹਿਮਤ ਜਾਂ ਮਿਹਰ ਆਦਿ ਸ਼ਬਦਾਂ ਵਜੋਂ ਕੀਤੀ ਗਈ ਹੈ। ਪਰਮਾਤਮਾ ਦਾ ਇਹ ਬਿਰਦ ਹੈ ਕਿ ਉਹ ਹਰ ਇਕ ਨੂੰ ਮਿਹਰ ਦੀ ਨਜ਼ਰ ਨਾਲ ਤੱਕਦਾ ਹੈ। ਹਰ ਇਕ ਤੇ ਉਸ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ। ਉਸਦਾ ਕਿਸੇ ਨਾਲ ਵੈਰ-ਵਿਰੋਧ ਨਹੀਂ। ਸ੍ਰਿਸ਼ਟੀ ਦੀ ਰਚਨਾ ਕਰਕੇ ਆਪਣੀ ਮਿਹਰ ਦੀ ਨਜ਼ਰ ਨਾਲ ਇਸ ਦੀ ਸਾਂਭ-ਸੰਭਾਲ ਵੀ ਕਰਦਾ ਹੈ :

ਕਰਿ ਕਰਿ ਵੇਖੈ ਨਦਰਿ ਨਿਹਾਲ॥

(ਜਪੁ ਜੀ, ਪਉੜੀ ੩੭)

ਅਥਵਾ :

ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ॥

(ਰਾਗੁ ਮਲਾਰ ਕੀ ਵਾਰ ਮਹਲਾ ੧, ਅੰਗ ੧੨੮੮)

ਉਸਦੀ ਰੱਤੀ ਭਰ ਕਿਰਪਾ ਦ੍ਰਿਸ਼ਟੀ ਨਾਲ ਉਸਦੇ ਭਗਤ ਜਨ ਨਿਹਾਲ ਹੋ ਜਾਂਦੇ ਹਨ। ਗੁਰਵਾਕ ਹੈ :

ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਉ॥

(ਰਾਗੁ ਮਾਝੁ ਮਹਲਾ ੫, ਅੰਗ ੧੦੨)

ਗੁਰੂ ਅਮਰਦਾਸ ਜੀ ਦੇ ਰਾਗੁ ਵਡਹੰਸੁ ਵਿਚ ਬਚਨ ਹਨ ਕਿ ਸਤਿਗੁਰੂ ਦੀ ਕਿਰਪਾ ਦ੍ਰਿਸ਼ਟੀ ਹੋਵੇ ਤਾਂ ਹੀ ਸੇਵਾ ਅਤੇ ਭਗਤੀ ਵਿਚ ਜੁੜਿਆ ਜਾ ਸਕਦਾ ਹੈ। ਮਾਲਕ-ਪ੍ਰਭੂ ਦੀ ਨਜ਼ਰ ਸਵੱਲੀ ਹੋਵੇ ਤਾਂ ਹੀ ਮਨ ਵਿਕਾਰਾਂ ਤੋਂ ਬਚ ਕੇ ਪਵਿੱਤਰ ਹੁੰਦਾ ਹੈ :

ਨਦਰੀ ਸਤਗੁਰੁ ਸੇਵੀਐ ਨਦਰੀ ਸੇਵਾ ਹੋਇ॥
ਨਦਰੀ ਇਹੁ ਮਨੁ ਵਸਿ ਆਵੈ ਨਦਰੀ ਮਨੁ ਨਿਰਮਲੁ ਹੋਇ॥

(ਅੰਗ ੫੫੮)

ਸਤਿਗੁਰੂ ਦੀ ਮਿਹਰ ਦੀ ਇਕ ਤੱਕਣੀ ਨਾਲ ਖੁਸ਼ੀਆਂ ਅਤੇ ਖੇੜਿਆਂ ਦੀਆਂ ਝੜੀਆਂ ਲੱਗ ਜਾਂਦੀਆਂ ਹਨ। ਮਾਨੋ ਸਾਰੀਆਂ ਪਾਤਸ਼ਾਹੀਆਂ ਮਿਲ ਗਈਆਂ ਹੋਣ। ਵਿਕਾਰਾਂ ਦਾ ਨਾਸ ਹੋ ਕੇ ਮਨ ਤੇ ਤਨ ਦੋਨੋਂ ਸ਼ਾਂਤ ਹੋ ਜਾਂਦੇ ਹਨ :

ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥
ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ॥

(ਸਿਰੀਰਾਗੁ ਮਹਲਾ ੫, ਅੰਗ ੪੪)

ਆਪ ਜੀ ਦਾ ਰਾਗੁ ਰਾਮਕਲੀ ਕੀ ਵਾਰ ਵਿਚ ਫ਼ਰਮਾਨ ਹੈ ਕਿ ਜਿਸ ਪ੍ਰਾਣੀ ਤੇ

ਪ੍ਰਭੂ ਦੀ ਮਿਹਰ ਦੀ ਨਿਗਾਹ ਹੁੰਦੀ ਹੈ ਉਸ ਪਾਸੋਂ ਧਰਮ ਰਾਏ ਵੀ ਕੀਤੇ ਕੰਮਾਂ ਦਾ ਲੇਖਾ ਤੱਕ ਨਹੀਂ ਮੰਗਦਾ। ਉਸ ਨੂੰ ਨਾਮ-ਰੂਪੀ ਖ਼ਜ਼ਾਨਾ ਮਿਲ ਜਾਂਦਾ ਹੈ ਭਾਵ ਉਹ ਭਗਤੀ ਵਿਚ ਜੁੜ ਜਾਂਦਾ ਹੈ ਅਤੇ ਭਗਤਾਂ ਨੂੰ ਕਦੀ ਕਿਸੇ ਦੀ ਮੁਹਤਾਜੀ ਨਹੀਂ ਹੁੰਦੀ:

ਜਿਸ ਨੋ ਤੇਰੀ ਨਦਰਿ ਨ ਲੇਖਾ ਪੁਛੀਐ ॥
ਜਿਸ ਨੋ ਤੇਰੀ ਖੁਸੀ ਤਿਨਿ ਨਉ ਨਿਧਿ ਭੁੰਚੀਐ ॥
ਜਿਸ ਨੋ ਤੂ ਪ੍ਰਭ ਵਲਿ ਤਿਸੁ ਕਿਆ ਮੁਹਛੰਦਗੀ ॥
ਜਿਸ ਨੋ ਤੇਰੀ ਮਿਹਰ ਸੁ ਤੇਰੀ ਬੰਦਿਗੀ ॥ *(ਅੰਗ ੯੬੧)*

ਇਕ ਦਿਬ-ਦ੍ਰਿਸ਼ਟੀ ਵਾਲੀ ਨਦਰਿ ਗੁਰੂ ਨਾਨਕ ਦੇਵ ਜੀ ਦੀ ਗੁਰੂ ਅੰਗਦ ਦੇਵ ਜੀ ਤੇ ਪਈ ਸੀ। ਜਦੋਂ ਗੁਰੂ ਅੰਗਦ ਦੇਵ ਜੀ ਨੇ ਆਪਣੇ ਮੁਰਸ਼ਿਦ ਜਗਤ ਗੁਰੂ ਬਾਬੇ ਦੇ ਦਰਸ਼ਨ ਕੀਤੇ ਤਾਂ ਉਨ੍ਹਾਂ ਦਾ ਸਾਰਾ ਅੰਦਰਲਾ ਧੋਤਾ ਗਿਆ। ਗੁਰੂ ਬਾਬੇ ਨੇ ਪੁੱਛਿਆ ਕਿ ਭਾਈ ਤੇਰਾ ਨਾਮ ਕੀ ਹੈ ਤਾਂ ਗੁਰੂ ਅੰਗਦ ਦੇਵ ਜੀ ਨੇ ਕਿਹਾ ਕਿ ਮੇਰਾ ਨਾਮ ਲਹਿਣਾ ਹੈ। ਸਤਿਗੁਰਾਂ ਨੇ ਅਗੋਂ ਹੱਸ ਕੇ ਕਿਹਾ ਕਿ ਜੇ ਭਾਈ ਤੂੰ ਲਹਿਣਾ ਹੈ ਤਾਂ ਅਸੀਂ ਤੇਰਾ ਦੇਣਾ ਹੈ। ਲਹਿਣਾ ਜੀ ਗੁਰੂ ਜੀ ਦੀ ਹਰ ਪ੍ਰੀਖਿਆ 'ਚੋਂ ਪੂਰੇ ਉਤਰੇ ਅਤੇ ਗੁਰੂ ਜੋਗੇ ਹੀ ਹੋ ਕੇ ਰਹਿ ਗਏ। ਸਮਾਂ ਆਉਣ ਤੇ ਸਤਿਗੁਰਾਂ ਨੇ ਆਪਣਾ ਸਭ ਕੁਝ ਭਾਈ ਲਹਿਣਾ ਜੀ ਨੂੰ ਸੌਂਪ ਦਿੱਤਾ ਤੇ ਉਹ ਭਾਈ ਲਹਿਣਾ ਤੋਂ ਗੁਰੂ ਅੰਗਦ ਦੇਵ ਜੀ ਬਣ ਗਏ :

ਜਿਨ ਕਉ ਆਪਿ ਦੇਇ ਵਡਿਆਈ
ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ ॥

(ਗਉੜੀ ਕੀ ਵਾਰ ਮਹਲਾ ੪, ਅੰਗ ੩੦੮)

ਭਾਈ ਜੇਠਾ ਜੀ ਦੇ ਬਚਪਨ ਵਿਚ ਮਾਤਾ-ਪਿਤਾ ਚੜ੍ਹਾਈ ਕਰ ਗਏ ਸਨ। ਆਪ ਜੀ ਘੁੰਘਣੀਆਂ ਵੇਚ ਕੇ ਗੁਜ਼ਾਰਾ ਕਰਿਆ ਕਰਦੇ ਸਨ। ਗੁਜ਼ਾਰੇ ਲਈ ਜਿੰਨਿਆਂ ਪੈਸਿਆਂ ਦੀ ਲੋੜ ਹੁੰਦੀ ਵੱਟ ਕੇ, ਬਾਕੀ ਘੁੰਘਣੀਆਂ ਲੋੜਵੰਦਾਂ ਵਿਚ ਵੰਡ ਦਿੰਦੇ। ਨਿਤਾ-ਪ੍ਰਤੀ ਗੁਰੂ ਦਰਬਾਰ ਵਿਚ ਹਾਜ਼ਰੀ ਭਰਦੇ। ਲੰਗਰ ਦੀ ਤਨ, ਮਨ ਅਤੇ ਧਨ ਨਾਲ ਸੇਵਾ ਕਰਦੇ। ਮਨ ਨਾਮ ਵਿਚ ਰੰਗਿਆ ਗਿਆ। ਕਹਿੰਦੇ ਹਨ ਕਿ ਲਾਲ ਗੋਦੜੀਆਂ 'ਚੋਂ ਹੀ ਪਹਿਚਾਣੇ ਜਾਂਦੇ ਹਨ। ਗੁਰੂ ਅਮਰਦਾਸ ਜੀ ਦੀ ਭਾਈ ਜੇਠਾ ਜੀ ਤੇ ਨਜ਼ਰ ਸਵੱਲੀ ਹੋਈ। ਮਿਹਰਾਂ ਦੇ ਸਾਈਂ ਨੇ ਬਖ਼ਸ਼ਿਸ਼ ਕੀਤੀ। ਉਨ੍ਹਾਂ ਨਾਲ ਆਪਣੀ ਸੁਸ਼ੀਲ ਸਪੁੱਤਰੀ ਬੀਬੀ ਭਾਨੀ ਜੀ ਨੂੰ ਪ੍ਰਣਾਇਆ ਹੀ ਨਹੀਂ ਸਗੋਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ ਵਾਰਿਸ ਬਣਾ ਕੇ ਭਾਈ ਜੇਠਾ ਜੀ ਤੋਂ ਗੁਰੂ ਰਾਮਦਾਸ ਦੀ ਪਦਵੀ ਪ੍ਰਦਾਨ ਕੀਤੀ ਤੇ ਆਪ ਜੀ ਸੋਢੀ ਪਾਤਸ਼ਾਹ ਸਤਿਗੁਰੂ ਰਾਮਦਾਸ ਕਹਾਏ :

ਬੈਠਾ ਸੋਢੀ ਪਾਤਸ਼ਾਹ ਰਾਮਦਾਸ ਸਤਿਗੁਰੂ ਕਹਾਵੈ ॥
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤਿ ਜਗਾਵੈ ॥

(ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੭)

ਸਤਿਗੁਰਾਂ ਦੇ ਰਾਗੁ ਗਉੜੀ ਵਿਚ ਬਚਨ ਹਨ:

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ *(ਅੰਗ ੧੬੭)*

ਗੁਰੂ ਰਾਮਦਾਸ ਜੀ ਦੇ ਉਚਾਰੇ ਹੋਏ ਇਹ ਬਚਨ ਆਪ ਜੀ ਦੇ ਸਮੁੱਚੇ ਜੀਵਨ ਦੀ ਝਾਕੀ ਦਰਸਾਉਂਦੇ ਹਨ ਜਿਸ ਤੋਂ ਪਾਠਕ ਸਹਿਜੇ ਹੀ ਅਨੁਮਾਨ ਲਗਾ ਸਕਦੇ ਹਨ ਕਿ ਆਪਣੇ ਸਤਿਗੁਰੂ ਜੀ ਦੀਆਂ ਨਜ਼ਰਾਂ ਵਿਚ ਪਰਵਾਣ ਚੜ੍ਹਨ ਤੋਂ ਪਹਿਲਾਂ ਸੋਢੀ ਪਾਤਸ਼ਾਹ ਜੀਵਨ ਦੀਆਂ ਕਿਨ੍ਹਾਂ ਕਿਨ੍ਹਾਂ ਤਲਖ ਸੱਚਾਈਆਂ ਵਿਚੋਂ ਲੰਘੇ ਹੋਣਗੇ। ਆਪਾ ਭਾਵ ਗੁਆ ਕੇ ਤਨ, ਮਨ ਅਤੇ ਸਭ ਕੁਝ ਆਪਣੇ ਸਤਿਗੁਰੂ ਨੂੰ ਅਰਪਨ ਕਰਨ ਨਾਲ ਹੀ ਇਹ ਵਡਿਆਈ ਮਿਲਦੀ ਹੈ :

ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ ਦੇਵਾਏ॥

(ਰਾਗੁ ਸੂਹੀ ਮਹਲਾ ੪, ਅੰਗ ੭੩੫)

'ਕੀਰੇ ਹਮ ਥਾਪੇ' ਉਚਾਰਨ ਵਾਲੇ ਸਤਿਗੁਰੂ ਦਾ ਨਾਮ ਅੱਜ ਅੰਮ੍ਰਿਤਸਰ ਦੀਆਂ ਗਲੀਆਂ, ਕੂਚਿਆਂ, ਮੁਹੱਲਿਆਂ ਗੱਲ ਕੀ ਸ਼ਹਿਰ ਦੇ ਕੋਨੇ-ਕੋਨੇ ਵਿਚ 'ਧੰਨ ਗੁਰੂ ਰਾਮਦਾਸ', 'ਧੰਨ ਗੁਰੂ ਰਾਮਦਾਸ' ਵਜੋਂ ਅੱਠੇ ਪਹਿਰ ਗੂੰਜਦਾ ਹੈ ਅਤੇ ਆਪ ਜੀ ਵਲੋਂ ਵਸਾਏ ਇਸ ਨਗਰ ਨੂੰ ਸੰਸਾਰ ਦੇ ਨਕਸ਼ੇ 'ਤੇ ਇਕ ਨਿਵੇਕਲਾ ਸਥਾਨ ਪ੍ਰਾਪਤ ਹੈ।

ਨੇਕੀ ਤੇ ਸਚਾਈ ਦੇ ਮਾਰਗ ਤੇ ਚਲਦੇ ਹੋਏ ਸਰੀਰਕ ਇੰਦ੍ਰੀਆਂ ਨੂੰ ਕਾਬੂ ਵਿਚ ਰੱਖ ਕੇ, ਧੀਰਜ ਤੇ ਸੰਤੋਖ ਨੂੰ ਧਾਰਨ ਕਰਕੇ, ਗਿਆਨ ਦੀ ਪ੍ਰਾਪਤੀ ਦੇ ਨਾਲ-ਨਾਲ ਗੁਰੂ ਦੇ ਦੱਸੇ ਮਾਰਗ ਤੇ ਚਲਦੇ ਹੋਏ ਪਰਮਾਤਮਾ ਦੇ ਡਰ ਤੇ ਭੈ ਵਿਚ ਰਹਿ ਕੇ ਸਰੀਰ ਨੂੰ ਪ੍ਰੇਮ-ਰੂਪੀ ਭਾਂਡਾ ਬਣਾ ਕੇ ਗੁਰੂ ਦੇ ਸ਼ਬਦ ਦੀ ਕਮਾਈ ਕੀਤਿਆਂ ਪ੍ਰਾਣੀ ਉਤੇ ਅਕਾਲ ਪੁਰਖ ਦੀ ਅਜਿਹੀ ਮਿਹਰ ਦੀ ਦ੍ਰਿਸ਼ਟੀ ਹੁੰਦੀ ਹੈ ਕਿ ਉਹ ਨਿਹਾਲ ਨਿਹਾਲ ਹੋ ਜਾਂਦਾ ਹੈ। ਕੋਈ ਕਾਮਨਾ ਰਹਿੰਦੀ ਹੀ ਨਹੀਂ। ਮਨ ਟਿਕਾਉ ਵਿਚ ਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦਾ ਬਾਣੀ ਜਪੁ ਜੀ ਵਿਚ ਫ਼ਰਮਾਨ ਹੈ :

ਜਤੁ ਪਾਹਾਰਾ ਧੀਰਜੁ ਸੁਨਿਆਰੁ॥
ਅਹਰਣਿ ਮਤਿ ਵੇਦੁ ਹਥੀਆਰੁ॥
ਭਉ ਖਲਾ ਅਗਨਿ ਤਪ ਤਾਉ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥
ਘੜੀਐ ਸਬਦੁ ਸਚੀ ਟਕਸਾਲ॥
ਜਿਨ ਕਉ ਨਦਰਿ ਕਰਮੁ ਤਿਨ ਕਾਰ॥
ਨਾਨਕ ਨਦਰੀ ਨਦਰਿ ਨਿਹਾਲ॥

(ਜਪੁ ਜੀ, ਪਉੜੀ ੩੮)

ਪਉੜੀ ਵਿਚ ਗੁਰੂ ਜੀ ਨੇ ਸੁਨਿਆਰੇ ਵਲੋਂ ਵੱਖ-ਵੱਖ ਪ੍ਰਕਾਰ ਦੇ ਵਰਤੇ ਜਾਂਦੇ ਹਥਿਆਰਾਂ (ਅਹਿਰਣਿ, ਧੌਂਕਣੀ ਜਿਸ ਨਾਲ ਫੂਕ ਮਾਰੀ ਜਾਂਦੀ ਹੈ, ਹਥੌੜਾ, ਕੁਠਾਲੀ ਆਦਿ) ਦਾ ਜ਼ਿਕਰ ਕਰਕੇ ਮਨੁੱਖ ਨੂੰ ਸੱਚ ਦੇ ਮਾਰਗ ਤੇ ਚੱਲਣ ਲਈ ਸੇਧ ਦਿੱਤੀ ਹੈ ਤਾਂ ਕਿ ਉਹ ਪਰਮਾਤਮਾ ਦੀ ਮਿਹਰ ਦਾ ਪਾਤਰ ਬਣ ਸਕੇ।

ਗੁਰੂ ਅਰਜਨ ਦੇਵ ਜੀ ਦਾ ਰਾਗੁ ਆਸਾ ਵਿਚ ਬੜਾ ਸੁੰਦਰ ਫ਼ਰਮਾਨ ਹੈ ਕਿ ਜਦੋਂ ਤਾਈਂ ਪਰਮਾਤਮਾ ਦੀ ਆਪਣੀ ਕਿਰਪਾ ਦ੍ਰਿਸ਼ਟੀ ਨਾ ਹੋਵੇ ਮਨੁੱਖ ਵਲੋਂ ਕੀਤੀਆਂ ਜਾਂਦੀਆਂ ਚਤੁਰਾਈਆਂ ਜਾਂ ਸਿਆਣਪਾਂ ਕਿਸੇ ਕੰਮ ਨਹੀਂ ਆਉਂਦੀਆਂ। ਮਿਲਣਾ ਕੇਵਲ ਉਹੀ ਕੁਝ ਹੈ ਜੋ ਕੁਝ ਉਹ ਪ੍ਰਸੰਨ ਹੋ ਕੇ ਦਿੰਦਾ ਹੈ :

ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥
ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ ॥ *(ਅੰਗ ੩੯੬)*

ਅਥਵਾ :

ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥
(ਰਾਗੁ ਤਿਲੰਗ ਮਹਲਾ ੫, ਅੰਗ ੭੨੪)

ਹਜ਼ੂਰ ਪੰਚਮ ਪਾਤਸ਼ਾਹ ਦਾ ਫ਼ਰਮਾਨ ਹੈ ਕਿ ਘੜੀਆਂ, ਪਹਿਰ, ਦਿਨ-ਦਿਹਾੜੇ, ਮਹੀਨਿਆਂ ਆਦਿ ਦਾ ਭਰਮ ਜਾਂ ਵਹਿਮ ਕਰਨਾ ਸਭ ਵਿਅਰਥ ਹੈ, ਉਸ ਦੀ ਕਿਰਪਾ-ਦ੍ਰਿਸ਼ਟੀ ਚਾਹੀਦੀ ਹੈ ਇਹ ਸਭ ਮਹੂਰਤ ਸੁਲੱਖਣੇ ਹੀ ਹਨ :

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥
(ਰਾਗੁ ਮਾਝ ਬਾਰਹਮਾਹਾ ਮਹਲਾ ੫, ਅੰਗ ੧੩੬)

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ ਕਿ ਅਕਾਲ ਪੁਰਖ ਦੇ ਚੋਜਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਜੇਕਰ ਕਿਧਰੇ ਉਹ ਕਿਸੇ ਤੋਂ ਨਜ਼ਰ ਫੇਰ ਲਏ ਤਾਂ ਪਾਤਸ਼ਾਹਾਂ ਨੂੰ ਕੰਗਲੇ ਬਣਾ ਦਿੰਦਾ ਹੈ ਜਿਨ੍ਹਾਂ ਨੂੰ ਕਿਧਰੋਂ ਫਿਰ ਮੰਗਿਆਂ ਭੀਖ ਤੱਕ ਨਹੀਂ ਮਿਲਦੀ :

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥
ਦਰਿ ਮੰਗਨਿ ਭਿਖ ਨ ਪਾਇਦਾ ॥ *(ਅੰਗ ੪੭੨)*

ਇਸ ਲਈ ਪ੍ਰਭੂ ਪਾਸੋਂ ਦੋਨੋਂ ਹੱਥ ਜੋੜ ਕੇ ਇਹ ਜਾਚਨਾ ਕਰਨੀ ਚਾਹੀਦੀ ਹੈ ਕਿ ਹੇ ਸੱਚੇ ਪਾਤਸ਼ਾਹ, ਪਤਾ ਨਹੀਂ ਅਸੀਂ ਨਿੱਤ ਕਿੰਨੇ ਗੁਨਾਹ ਤੇ ਪਾਪ ਕਰਦੇ ਹਾਂ। ਸਾਡੇ ਪਾਪਾਂ ਨੂੰ ਨਾ ਚਿਤਾਰਦੇ ਹੋਏ ਸਾਡੇ ਤੇ ਕਿਰਪਾ ਦ੍ਰਿਸ਼ਟੀ ਰੱਖੋ ਅਤੇ ਅਗੋਂ ਤੋਂ ਸਾਨੂੰ ਬੁਰੇ ਕੰਮ ਕਰਨ ਤੋਂ ਹੋੜੋ। ਗੁਰੂ ਨਾਨਕ ਦੇਵ ਜੀ ਰਾਗੁ ਗਉੜੀ ਵਿਚ ਭੁੱਲੇ ਭਟਕਿਆਂ ਨੂੰ ਇਹੋ ਸੇਧ ਦੇ ਰਹੇ ਹਨ :

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥
(ਅੰਗ ੧੫੬)

ਅਥਵਾ :

ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥
ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥
(ਸਲੋਕ ਵਾਰਾਂ ਤੇ ਵਧੀਕ ਮਹਲਾ ੩, ਅੰਗ ੧੪੧੬)

Energetic Efforts — ਉੱਦਮ

ਉੱਦਮ ਤੋਂ ਭਾਵ ਹੈ ਕਿਸੇ ਕੰਮ ਨੂੰ ਜੀਅ ਲਾ ਕੇ ਕਰਨਾ, ਚੰਗੀ ਭਾਵਨਾ ਨਾਲ ਮਨ ਲਾ ਕੇ ਯਤਨ ਕਰਨਾ, ਚਾਅ ਤੇ ਉਤਸ਼ਾਹ ਨਾਲ ਕੋਸ਼ਿਸ਼ ਕਰਨੀ ਜਾਂ ਘਾਲਣਾ ਘਾਲਣੀ। ਉੱਦਮ ਤੋਂ ਬਿਨਾਂ ਜੀਵਨ ਵਿਚ ਕੋਈ ਪ੍ਰਾਪਤੀ ਸੰਭਵ ਨਹੀਂ। ਇਥੋਂ ਤੱਕ ਕਿ ਜੇਕਰ ਥਾਲੀ ਵਿਚ ਸਾਹਮਣੇ ਭੋਜਨ ਪਰੋਸਿਆ ਪਿਆ ਹੋਵੇ ਤਾਂ ਉਸ ਭੋਜਨ ਨੇ ਆਪਣੇ ਆਪ ਮੂੰਹ ਵਿਚ ਨਹੀਂ ਪੈ ਜਾਣਾ। ਉਸ ਭੋਜਨ ਨੂੰ ਮੂੰਹ ਵਿਚ ਪਾਉਣ ਲਈ ਮਨੁੱਖ ਨੂੰ ਯਤਨ ਜਾਂ ਉੱਦਮ ਕਰਨਾ ਪਏਗਾ। ਮਨੁੱਖ ਦਾ ਸਰਬ ਪੱਖੀ ਵਿਕਾਸ ਉੱਦਮ ਸਦਕਾ ਹੀ ਸੰਭਵ ਹੈ। ਉੱਦਮ ਸਦਕਾ ਹੀ ਜੀਵਨ ਵਿਚ ਖੇੜੇ ਤੇ ਸੁਖਾਂ ਨੂੰ ਮਾਣੀਦਾ ਹੈ। ਸਾਰੀਆਂ ਚਿੰਤਾਵਾਂ ਅਤੇ ਝੋਰਿਆਂ ਤੋਂ ਬਚਿਆ ਰਹੀਦਾ ਹੈ :

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥

(ਰਾਗੁ ਗੂਜਰੀ ਮਹਲਾ ੫, ਅੰਗ ੫੨੨)

ਗੁਰੂ ਰਾਮਦਾਸ ਜੀ ਕਿਸਾਨ ਦਾ ਦ੍ਰਿਸ਼ਟਾਂਤ ਦੇ ਕੇ ਸੇਧ ਦੇ ਰਹੇ ਹਨ ਕਿ ਜਿਵੇਂ ਕਿਸਾਨ ਖੇਤੀ ਦਾ ਕੰਮ ਬੜੀ ਲਗਨ ਅਤੇ ਮਿਹਨਤ ਨਾਲ ਕਰਦਾ ਹੈ, ਉਸ ਦੇ ਮਨ ਅੰਦਰ ਇਹ ਤਾਂਘ ਹੁੰਦੀ ਹੈ ਕਿ ਉਸ ਦੀ ਫ਼ਸਲ ਚੰਗੀ ਹੋਵੇ ਤਾਂ ਕਿ ਉਸਦੇ ਪਰਿਵਾਰ ਦਾ ਨਿਰਬਾਹ ਠੀਕ ਢੰਗ ਨਾਲ ਹੋ ਸਕੇ, ਇਸੇ ਤਰ੍ਹਾਂ ਪਰਮਾਤਮਾ ਦੇ ਸੇਵਕ-ਜਨ ਨਾਮ ਦਾ ਸਿਮਰਨ ਕਰਨ ਦਾ ਉੱਦਮ ਕਰਦੇ ਹਨ ਤਾਂ ਕਿ ਅੰਤ ਵੇਲੇ ਪਰਮਾਤਮਾ ਉਨ੍ਹਾਂ ਦਾ ਸਹਾਈ ਹੋਵੇ :

ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ ॥
ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ ॥
ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ ॥

(ਰਾਗੁ ਗਉੜੀ ਬੈਰਾਗਣਿ, ਅੰਗ ੧੬੬)

ਉੱਦਮ ਕਰਨ ਵਾਲੇ ਪ੍ਰਾਣੀ ਦੇ ਮਨ ਅੰਦਰ ਠੰਡ ਵਰਤੀ ਰਹਿੰਦੀ ਹੈ ਅਤੇ ਉਸਦੇ ਸਾਰੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ :

ਉਦਮੁ ਕਰਤ ਸੀਤਲ ਮਨ ਭਏ ॥
ਮਾਰਗਿ ਚਲਤ ਸਗਲ ਦੁਖ ਗਏ ॥

(ਰਾਗੁ ਗਉੜੀ ਮਹਲਾ ੫, ਅੰਗ ੨੦੧)

ਅਥਵਾ :

ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥

(ਰਾਗੁ ਬਿਲਾਵਲੁ ਮਹਲਾ ੫, ਅੰਗ ੮੧੫)

ਅਪਣੇ ਦਾਸ ਕਉ ਕਿਰਪਾ ਧਾਰੀਐ ॥ ਕਿਤੁ ਸਿਮਰਤਿ ਦਰਸਨ ਸੁਖ ਭੁੰਚਾਏ
ਸਦਾ ਸਦਾ ਸੁਖੁ ਪਾਈਐ ॥ ਸੋਰਠਿ ਮ ੫॥

ਉੱਦਮ ਦੋ ਪ੍ਰਕਾਰ ਦੇ ਹਨ। ਇਕ ਦੁਨਿਆਵੀ ਅਤੇ ਦੂਜਾ ਅਧਿਆਤਮਿਕ। ਮਨੁੱਖ ਜੀਵਨ ਨਿਰਬਾਹ ਲਈ ਆਪਣਾ ਅਤੇ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਈ ਤਰ੍ਹਾਂ ਦੇ ਉੱਦਮ, ਕੰਮ-ਕਾਰ, ਆਹਰ ਜਾਂ ਮਿਹਨਤ ਤੇ ਮੁਸ਼ੱਕਤ ਕਰਦਾ ਹੈ। ਆਪਣੇ ਉੱਦਮ ਸਦਕਾ ਮਨੁੱਖ ਨੇ ਵੱਡੀਆਂ-ਵੱਡੀਆਂ ਖੋਜਾਂ ਤੇ ਕਾਢਾਂ ਕੱਢੀਆਂ ਹਨ ਤਾਂ ਕਿ ਉਹ ਸੁਖ ਤੇ ਆਰਾਮ ਵਾਲਾ ਜੀਵਨ ਬਤੀਤ ਕਰ ਸਕੇ। ਇਹ ਦੁਨਿਆਵੀ ਉੱਦਮ ਹਨ ਪ੍ਰੰਤੂ ਜੇਕਰ ਦੁਨਿਆਵੀ ਉੱਦਮ ਦੇ ਨਾਲ-ਨਾਲ ਮਨੁੱਖ ਪ੍ਰਭੂ ਨੂੰ ਸਿਮਰਨ ਦਾ ਉੱਦਮ ਨਹੀਂ ਕਰਦਾ ਤਾਂ ਇਹ ਕੀਤੇ ਦੁਨਿਆਵੀ ਉੱਦਮ ਵਿਸ਼ੇ-ਵਿਕਾਰਾਂ ਅਤੇ ਮੋਹ-ਮਾਇਆ ਦਾ ਕਾਰਨ ਬਣ ਕੇ ਰਹਿ ਜਾਂਦੇ ਹਨ। ਰਾਗੁ ਜੈਤਸਰੀ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ :

ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ ॥
ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ ॥ *(ਅੰਗ ੭੦੫)*

ਭਾਵ ਜਿਹੜੇ ਮਨੁੱਖ ਬਾਕੀ ਤਾਂ ਅਨੇਕਾਂ ਉੱਦਮ ਕਰਦੇ ਹਨ ਪਰ ਜੇਕਰ ਉਹ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਦਾ ਉੱਦਮ ਨਹੀਂ ਕਰਦੇ ਤਾਂ ਉਨ੍ਹਾਂ ਦੀ ਖ਼ਲਾਸੀ ਨਹੀਂ ਹੋ ਸਕਦੀ। ਉਹ ਜਨਮ-ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ।

ਰਾਗੁ ਜੈਤਸਰੀ ਵਿਚ ਹੀ ਗੁਰੂ ਪੰਚਮ ਪਾਤਸ਼ਾਹ ਦੇ ਇਕ ਹੋਰ ਬਚਨ ਹਨ ਕਿ ਪ੍ਰਾਣੀ ਆਪਣੇ ਸੁਖ ਆਰਾਮ ਲਈ ਕਈ ਪ੍ਰਕਾਰ ਦੇ ਯਤਨ ਜਾਂ ਉੱਦਮ ਕਰਦਾ ਹੈ। ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਾਇਆ ਵਾਸਤੇ ਕੀ ਕੁਝ ਨਹੀਂ ਕਰਦਾ ਪਰ ਜੇਕਰ ਉਹ ਪ੍ਰਭੂ ਦੇ ਨਾਮ ਦਾ ਸਿਮਰਨ ਨਹੀਂ ਕਰਦਾ ਭਾਵ ਭਗਤੀ ਤੋਂ ਸੱਖਣਾ ਰਹਿੰਦਾ ਹੈ ਤਾਂ ਉਸ ਨੂੰ ਭੂਤ-ਪ੍ਰੇਤ ਹੀ ਕਿਹਾ ਜਾ ਸਕਦਾ ਹੈ :

ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ ॥
ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ ॥
(ਅੰਗ ੭੦੬)

ਗੁਰਬਾਣੀ ਵਿਚ ਉੱਦਮ ਸ਼ਬਦ ਦੀ ਵਰਤੋਂ ਬਹੁਤਾ ਕਰਕੇ ਅਧਿਆਤਮਿਕ ਪੱਖ ਤੋਂ ਹੀ ਕੀਤੀ ਗਈ ਹੈ। ਰਾਗੁ ਗਉੜੀ ਸੁਖਮਨੀ ਵਿਚ ਗੁਰੂ ਅਰਜਨ ਦੇਵ ਜੀ ਦਾ ਬੜਾ ਸੁੰਦਰ ਫ਼ਰਮਾਨ ਹੈ ਕਿ ਪ੍ਰਭੂ ਦੇ ਨਾਮ ਦਾ ਜਾਪ ਕਰਨਾ ਸਾਰੇ ਉੱਦਮਾਂ ਵਿਚੋਂ ਸ੍ਰੇਸ਼ਟ ਉੱਦਮ ਹੈ :

ਸਗਲ ਉਦਮ ਮਹਿ ਉਦਮੁ ਭਲਾ ॥
ਹਰਿ ਕਾ ਨਾਮੁ ਜਪਹੁ ਜੀਅ ਸਦਾ ॥ *(ਅੰਗ ੨੬੬)*

ਭਾਵ ਹਰੀ ਦਾ ਨਾਮ ਜਪਣਾ ਸਭ ਤੋਂ ਸ੍ਰੇਸ਼ਟ ਉੱਦਮ ਹੈ। ਜੋ ਮਨੁੱਖ ਅਜਿਹੇ ਉੱਦਮ ਕਰਦੇ ਹਨ ਉਹ ਬੜੇ ਭਾਗਾਂ ਵਾਲੇ ਹਨ। ਉਨ੍ਹਾਂ ਦੇ ਦੁੱਖ ਦਰਦ ਸਭ ਦੂਰ ਹੋ ਜਾਂਦੇ ਹਨ। ਸਾਰੀ ਭਟਕਣਾ ਮੁੱਕ ਜਾਂਦੀ ਹੈ ਅਤੇ ਹਿਰਦੇ ਘਰ ਵਿਚ ਸੁਖ ਆ ਵੱਸਦਾ ਹੈ। ਰਾਗੁ ਆਸਾ ਵਿਚ ਗੁਰੂ ਜੀ ਦੇ ਬੜੇ ਸੁੰਦਰ ਬਚਨ ਹਨ :

ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥
ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ ॥
(ਅੰਗ ੪੫੬)

ਉੱਦਮ ਸਬੰਧੀ ਮਨੁੱਖ ਅੰਦਰ ਪਏ ਭਰਮ-ਭੁਲੇਖਿਆਂ ਨੂੰ ਦੂਰ ਕਰਨ ਲਈ ਗੁਰੂ ਅਰਜਨ ਦੇਵ ਜੀ ਦੇ ਰਾਗੁ ਗੂਜਰੀ ਵਿਚ ਬੜੇ ਸੁੰਦਰ ਬਚਨ ਹਨ :

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ੧ ॥

(ਅੰਗ ੪੯੫)

ਇਨ੍ਹਾਂ ਤੁਕਾਂ ਨੂੰ ਲੈ ਕੇ ਆਲਸੀ ਲੋਕ ਇਹ ਸਮਝ ਬੈਠਦੇ ਹਨ ਕਿ ਜਦੋਂ ਪਰਮਾਤਮਾ ਨੂੰ ਸਾਰਿਆਂ ਦੀ ਰੋਜ਼ੀ ਰੋਟੀ ਦਾ ਆਪ ਫ਼ਿਕਰ ਹੈ ਤਾਂ ਉੱਦਮ ਕਰਨ ਦੀ ਕੀ ਲੋੜ ਹੈ? ਦਰਅਸਲ ਅਸੀਂ ਆਪਣੀ ਲੋੜ ਅਨੁਸਾਰ ਸ਼ਬਦਾਂ ਦੇ ਬਾਹਰਮੁਖੀ ਅਰਥ ਕੱਢ ਲੈਂਦੇ ਹਾਂ। ਉਸਦਾ ਅੰਤਰੀਵ ਭਾਵ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਜੇ ਜ਼ਰਾ ਧਿਆਨ ਨਾਲ ਸ਼ਬਦ ਨੂੰ ਵਿਚਾਰਿਆ ਜਾਵੇ ਤਾਂ ਗੁਰੂ-ਪਿਤਾ ਦਾ ਆਸ਼ਾ ਬੜਾ ਸਪੱਸ਼ਟ ਹੈ। ਆਪ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਉੱਦਮ ਨੂੰ ਚਿਤਵਨਾ ਹੀ ਨਹੀਂ ਸਗੋਂ ਇਸ ਨੂੰ ਅਮਲੀ ਰੂਪ ਵੀ ਦੇਣਾ ਹੈ। ਚਿੰਤਾ ਛੱਡ ਕੇ ਉੱਦਮ ਕਰਨਾ ਹੈ ਕਿਉਂਕਿ ਚਿੰਤਾ ਤਾਂ ਪਰਮਾਤਮਾ ਦੀ ਸਾਰਿਆਂ ਨੂੰ ਆਪ ਹੈ। ਉਹ ਤਾਂ ਐਨਾ ਦਇਆਲੂ ਹੈ ਕਿ ਪਹਾੜਾਂ ਅਤੇ ਪੱਥਰਾਂ ਵਿਚ ਪੈਦਾ ਹੋਏ ਜੀਵਾਂ ਨੂੰ ਵੀ ਰਿਜ਼ਕ ਪਹੁੰਚਾ ਰਿਹਾ ਹੈ।

ਜਿਥੇ ਉੱਦਮ ਹੈ ਉੱਥੇ ਆਲਸ ਦਾ ਕੀ ਕੰਮ? ਉੱਦਮੀ ਮਨੁੱਖ ਪ੍ਰਭੂ ਦੇ ਰੰਗ ਵਿਚ ਰੰਗਿਆ ਰਹਿਣ ਕਰਕੇ ਆਲਸ ਤੋਂ ਸਦਾ ਮੁਕਤ ਰਹਿੰਦਾ ਹੈ :

ਤੇਰਾ ਜਨੁ ਰਾਮ ਨਾਮ ਰੰਗਿ ਜਾਗਾ ॥
ਆਲਸੁ ਛੀਜਿ ਗਇਆ ਸਭੁ ਤਨ ਤੇ ਪ੍ਰੀਤਮ ਸਿਉ ਮਨੁ ਲਾਗਾ ॥

(ਰਾਗੁ ਧਨਾਸਰੀ ਮਹਲਾ ੫, ਅੰਗ ੬੮੨)

ਭਾਈ ਰੇ ਇਸੁ ਮਨ ਕਉ ਸਮਝਾਇ ॥
ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ ॥

(ਸਿਰੀ ਰਾਗੁ ਮਹਲਾ ੩, ਅੰਗ ੨੮)

ਗੁਰਸਿੱਖ ਲਈ ਉੱਦਮ ਕਰਨਾ ਗੁਰੂ ਦੀ ਬਖ਼ਸ਼ਿਸ਼ ਹੈ। ਉਸਦੀ ਨਿੱਤ ਦੀ ਕਿਰਿਆ ਦਾ ਵਰਨਣ ਕਰਦੇ ਹੋਏ ਰਾਗੁ ਗਉੜੀ ਵਿਚ ਗੁਰੂ ਰਾਮਦਾਸ ਜੀ ਬਚਨ ਕਰ ਰਹੇ ਹਨ ਕਿ ਸਤਿਗੁਰੂ ਦਾ ਸੱਚਾ ਸਿੱਖ ਹਰ ਰੋਜ਼ ਬਿਨਾਂ ਨਾਗਾ ਸਵੇਰੇ ਉੱਠ ਕੇ ਇਸ਼ਨਾਨ ਕਰ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਦਾ ਉੱਦਮ ਕਰਦਾ ਹੈ ਅਤੇ ਨਾਮ-ਰੂਪੀ ਅੰਮ੍ਰਿਤ-ਸਰੋਵਰ ਵਿਚ ਟੁੱਭੀ ਲਾਉਂਦਾ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥

(ਅੰਗ ੩੦੫)

ਇਸ ਪ੍ਰਕਾਰ ਪ੍ਰਭੂ ਦੇ ਨਾਮ ਦਾ ਉੱਦਮ ਕਰਨ ਨਾਲ ਮਨ ਦੀ ਸਾਰੀ ਮੈਲ ਧੋਤੀ ਜਾਂਦੀ ਹੈ। ਮਨ ਨਿਰਮਲ ਹੋ ਜਾਂਦਾ ਹੈ। ਸਾਰੇ ਭਰਮ-ਭੁਲੇਖੇ ਅਤੇ ਦੁੱਖ ਦੂਰ ਹੋ ਜਾਂਦੇ ਹਨ :

ਉਦਮੁ ਕਰਤ ਮਨੁ ਨਿਰਮਲੁ ਹੋਆ ॥
ਹਰਿ ਮਾਰਗਿ ਚਲਤੁ ਭ੍ਰਮੁ ਸਗਲਾ ਖੋਇਆ ॥

(ਰਾਗੁ ਮਾਝ ਮਹਲਾ ੫, ਅੰਗ ੯੯)

ਹੁਣ ਕਾਮਾਦਿਕ ਪੰਜੇ ਵਿਕਾਰ ਵੱਸ ਵਿਚ ਆ ਜਾਂਦੇ ਹਨ। ਮਾਲਕ ਪ੍ਰਭੂ ਦਾ ਮਨ ਵਿਚ ਵਾਸਾ ਹੋ ਜਾਂਦਾ ਹੈ ਅਤੇ ਮਨ ਵਿਸਮਾਦ ਵਿਚ ਆ ਕੇ ਝੂਮ ਉੱਠਦਾ ਹੈ :

ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥
ਪੰਜ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ ॥

(ਰਾਗੁ ਆਸਾ ਮਹਲਾ ੫, ਅੰਗ ੩੮੧)

ਸੁਆਲ ਪੈਦਾ ਹੁੰਦਾ ਹੈ ਕਿ ਉੱਦਮੀ ਬਣਨ ਦੀ ਪ੍ਰੇਰਨਾ ਕਿਥੋਂ ਮਿਲਦੀ ਹੈ? ਇਸ ਪ੍ਰਸ਼ਨ ਦਾ ਉੱਤਰ ਗੁਰੂ ਅਰਜਨ ਦੇਵ ਜੀ ਦੇ ਇਨ੍ਹਾਂ ਬਚਨਾਂ ਤੋਂ ਭਲੀ-ਭਾਂਤ ਮਿਲ ਜਾਂਦਾ ਹੈ :

ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ ॥
ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ *(ਰਾਗੁ ਸੋਰਠਿ, ਅੰਗ ੬੧੯)*
ਅਥਵਾ : ਤਰਿਆ ਭਾਈ ॥੧॥ — ਸੋਰਠਿ ਮਹਲਾ ੫ ॥

ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥
ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥

(ਸਿਰੀ ਰਾਗੁ ਮਹਲਾ ੫, ਅੰਗ ੪੮)

ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਜੀਵ ਨੇ ਤਾਂ ਉੱਦਮ ਕਰਦੇ ਰਹਿਣਾ ਹੈ ਪ੍ਰੰਤੂ ਸਭ ਕੁਝ ਕਰਨ ਕਰਾਉਣ ਵਾਲਾ ਤਾਂ ਘਟ ਘਟ ਦੀਆਂ ਜਾਣਨ ਵਾਲਾ ਪ੍ਰਭੂ ਆਪ ਹੀ ਹੈ :

ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ ॥

(ਰਾਗੁ ਬਿਲਾਵਲੁ ਮਹਲਾ ੪, ਅੰਗ ੭੯੮)

ਇਸ ਲਈ ਪ੍ਰਭੂ ਪਾਸੋਂ ਇਹ ਮੰਗ ਮੰਗਣੀ ਚਾਹੀਦੀ ਹੈ ਕਿ ਸਾਨੂੰ ਅਜਿਹਾ ਉੱਦਮ ਬਖ਼ਸ਼ ਜਿਸ ਸਦਕਾ ਅਸੀਂ ਬੈਠਦੇ ਉੱਠਦੇ ਹਰ ਵੇਲੇ ਤੇਰੇ ਗੀਤ ਗਾਉਂਦੇ ਰਹੀਏ ਭਾਵ ਤੇਰੀ ਹਰ ਵੇਲੇ ਸਿਫ਼ਤ-ਸਾਲਾਹ ਕਰਦੇ ਰਹੀਏ :

ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ ॥
ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ ॥

(ਰਾਗੁ ਗੂਜਰੀ ਕੀ ਵਾਰ ਮਹਲਾ ੫, ਅੰਗ ੫੧੯)

ਅੰਤ ਵਿਚ ਇਹ ਗੱਲ ਵਰਣਨ ਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਮੂਲ ਰੂਪ ਵਿਚ ਉੱਦਮ ਸ਼ਬਦ ਦੀ ਵਰਤੋਂ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਹੀ ਕੀਤੀ ਹੈ।

ਗੁਰੂ ਅਰਜਨ ਦੇਵ ਜੀ ਦੇ ਇਸ਼ਾਰੇ ਮੁਤਾਬਕ, ਸ੍ਰੀ ਅੰਮ੍ਰਿਤਸਰ ਨੂੰ ਵਧਾਇਆ, ਤਰਨਤਾਰਨ, [illegible] (ਜਲੰਧਰ), ਅੰਮ੍ਰਿਤਸਰ [illegible]। [illegible], ਰਾਮਸਰ, [illegible] ਭਾਈ ਦਾ ਖੂਹ, ਗੁਰੂ ਦਾ ਖੂਹ, ਤਰਨਤਾਰਨ

(34)

ਹਰਿ ਮੰਦਰ

ਹਰਿਮੰਦਰ ਤੋਂ ਭਾਵ ਹੈ ਪਰਮਾਤਮਾ ਦਾ ਨਿਵਾਸ ਅਸਥਾਨ–ਉਹ ਸਥਾਨ ਜਿੱਥੇ ਪਰਮਾਤਮਾ ਵੱਸਦਾ ਹੈ। ਜਿੱਥੇ ਪ੍ਰਭੂ ਦਾ ਵਾਸਾ ਹੈ, ਉਸ ਨਾਲੋਂ ਸੋਹਣੀ ਜਗ੍ਹਾ ਹੋਰ ਕਿਹੜੀ ਹੋ ਸਕਦੀ ਹੈ ? ਅਜਿਹੇ ਅਸਥਾਨ ਦੀ ਉਪਮਾ ਕੀਤੀ ਨਹੀਂ ਜਾ ਸਕਦੀ। ਗੁਰੂ ਨਾਨਕ ਦੇਵ ਜੀ ਦੇ ਸਿਰੀ ਰਾਗੁ ਵਿਚ ਬਚਨ ਹਨ ਕਿ ਜਿੱਥੇ ਪ੍ਰਭੂ ਵੱਸਦਾ ਹੈ ਉਹ ਇਕ ਅਜਿਹਾ ਸੁੰਦਰ ਅਸਥਾਨ ਹੈ ਜੋ ਹਰ ਸੋਹਣੀ ਤੋਂ ਸੋਹਣੀ ਚੀਜ਼ ਨਾਲ ਭਰਪੂਰ ਹੈ ਤਾਂ ਫਿਰ ਅਜਿਹੇ ਕਿਲ੍ਹੇ-ਰੂਪੀ ਹਰਿ ਮੰਦਰ ਤੇ ਅੱਪੜਿਆ ਕਿਵੇਂ ਜਾ ਸਕਦਾ ਹੈ ? ਗੁਰੂ ਪਾਤਸ਼ਾਹ ਜੀ ਸੋਧ ਬਖ਼ਸ਼ਿਸ਼ ਕਰ ਰਹੇ ਹਨ ਕਿ ਜੇਕਰ ਗੁਰੂ ਦਾ ਓਟ ਆਸਰਾ ਲਿਆ ਜਾਵੇ ਤਾਂ ਗੁਰੂ ਉਸ ਹਰਿਮੰਦਰ ਰੂਪੀ ਅਸਥਾਨ ਤੇ ਪਹੁੰਚਾਣ ਦੇ ਸਮਰੱਥ ਹੈ :

ਪ੍ਰਭੁ ਹਰਿ ਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ॥
ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ॥
ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ॥

(ਅੰਗ ੧੭)

ਗੁਰਮਤਿ ਅਨੁਸਾਰ ਇਹ ਸਾਰਾ ਸੰਸਾਰ ਹੀ ਹਰਿਮੰਦਰ ਹੈ ਭਾਵ ਪਰਮਾਤਮਾ ਦੇ ਰਹਿਣ ਦਾ ਘਰ ਹੈ ਪਰ ਗੁਰੂ ਦੀ ਸ਼ਰਨ ਆਉਣ ਤੋਂ ਬਿਨਾਂ ਇਸ ਗੱਲ ਦੀ ਸੋਝੀ ਨਹੀਂ ਪੈਂਦੀ। ਮਨਮੁਖ ਅਭਾਗਾ ਪ੍ਰਾਣੀ ਇਸ ਤੱਤ ਨੂੰ ਸਮਝਣ ਦੀ ਬਜਾਏ ਭਟਕਣਾ ਵਿਚ ਪੈ ਕੇ ਇਕ ਪ੍ਰਭੂ ਦਾ ਸਿਮਰਨ ਕਰਨ ਦੀ ਥਾਂ ਦੂਜਿਆਂ ਦੀ ਪੂਜਾ ਕਰਦਾ ਹੈ ਜਿਥੋਂ ਕੁਝ ਵੀ ਪੱਲੇ ਨਹੀਂ ਪੈਂਦਾ :

ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ॥
ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ॥

(ਰਾਗੁ ਪ੍ਰਭਾਤੀ ਬਿਭਾਸ, ਮਹਲਾ ੩, ਅੰਗ ੧੩੪੬)

ਅੰਮ੍ਰਿਤਸਰ ਵਿਖੇ ਵਿਸ਼ਵ ਪ੍ਰਸਿੱਧ 'ਹਰਿਮੰਦਰ' ਸਾਹਿਬ ਵੀ ਇਸੇ ਗੱਲ ਦਾ ਲਖਾਇਕ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਰਮਾਤਮਾ ਸਰਬ-ਵਿਆਪਕ ਹੈ ਪਰ ਇਸ 'ਹਰਿਮੰਦਰ' ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਇਹ ਉਹ ਘਰ ਹੈ ਜਿੱਥੇ ਅੰਮ੍ਰਿਤ ਵੇਲੇ ਤੋਂ ਲੈ ਕੇ ਰਾਤ ਤੱਕ ਕੇਵਲ ਇਕ ਪ੍ਰਭੂ ਦਾ ਜਸ ਗਾਇਆ ਜਾਂਦਾ ਹੈ। ਕੇਵਲ ਉਸ ਦੇ ਇਕ ਨਾਮ ਦਾ ਹੀ ਕੀਰਤਨ ਹੁੰਦਾ ਹੈ। ਕਿਸੇ ਦੀ ਸ਼ਖ਼ਸੀ ਪੂਜਾ ਨਹੀਂ ਕੀਤੀ ਜਾਂਦੀ। ਹਰ ਪ੍ਰਾਣੀ ਉਹ ਕਿਸੇ ਵੀ ਵਰਗ, ਜਮਾਤ ਜਾਂ ਜਾਤ ਦਾ ਕਿਉਂ ਨਾ ਹੋਵੇ, ਇਸ ਸੱਚਖੰਡ ਵਿਚ ਸਭ ਇਕ ਸਮਾਨ ਹਨ। ਇਸਦੇ ਚਾਰੋਂ ਦਿਸ਼ਾਵਾਂ ਵਿਚ ਖੁਲ੍ਹਦੇ ਕਿਵਾੜ ਵੀ ਇਸੇ ਗੱਲ ਦੇ ਸੂਚਕ ਹਨ। ਸਰੋਵਰ ਵਿਚਕਾਰ ਸਥਿਤ 'ਹਰਿਮੰਦਰ' 'ਚੋਂ ਉਭਰ ਕੇ ਗੁਰਬਾਣੀ ਕੀਰਤਨ ਦੀਆਂ ਮਧੁਰ ਸੁਰਾਂ ਸਰੋਵਰ ਦੀਆਂ ਲਹਿਰਾਂ ਅਤੇ ਇਸ ਦੇ ਜਲ ਨੂੰ ਆਪਣੀ ਛੁਹ ਪ੍ਰਦਾਨ ਕਰਦੀਆਂ ਹੋਈਆਂ ਸਾਰੀ ਕਾਇਨਾਤ ਵਿਚ ਅੰਮ੍ਰਿਤ ਧਾਰਾ ਦੀ ਵਰਖਾ

ਕਰਦੀਆਂ ਹਨ। ਇਸੇ ਲਈ ਇਹ ਅੰਮ੍ਰਿਤ ਸਰੋਵਰ ਹੈ ਅਤੇ ਬਾਕੀ ਸਰੋਵਰਾਂ ਨਾਲੋਂ ਇਹੋ ਇਸ ਅੰਮ੍ਰਿਤ ਸਰੋਵਰ ਦੀ ਵੱਡੀ ਵਿਲੱਖਣਤਾ ਹੈ।

ਗੁਰਬਾਣੀ ਵਿਚ ਮਨੁੱਖੀ ਸਰੀਰ ਨੂੰ ਵੀ 'ਹਰਿਮੰਦਰ' ਕਰਕੇ ਸਾਲਾਹਿਆ ਗਿਆ ਹੈ ਪਰ ਅਸਲ ਵਿਚ ਉਹੀ ਸਰੀਰ 'ਹਰਿਮੰਦਰ' ਹੈ ਜਿਸ ਨੂੰ ਗੁਰੂ ਦੇ ਹੁਕਮ ਤੇ ਚੱਲ ਕੇ ਪਰਮਾਤਮਾ ਦੀ ਪਛਾਣ ਹੋ ਜਾਂਦੀ ਹੈ ਅਤੇ ਉਸ ਨੂੰ ਫਿਰ ਪ੍ਰਭੂ ਦੀ ਜੋਤਿ ਹਰ ਥਾਂ ਵਿਆਪਕ ਦਿਸਦੀ ਹੈ। ਰਾਗੁ ਰਾਮਕਲੀ ਕੀ ਵਾਰ ਮਹਲਾ ੩ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ ਕਿ ਸਿਰਜਨਹਾਰ ਪਰਮਾਤਮਾ ਜੀਵ ਦੇ ਸਰੀਰ ਵਿਚ ਹੀ ਵੱਸ ਰਿਹਾ ਹੈ। ਇਸ ਲਈ ਉਸ ਨੂੰ ਬਾਹਰ ਢੂੰਡਣ ਦੀ ਕੋਈ ਲੋੜ ਨਹੀਂ। ਇਹ ਵੱਖਰੀ ਗੱਲ ਹੈ ਕਿ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨਮੁਖ ਇਸ ਭੇਦ ਨੂੰ ਨਹੀਂ ਸਮਝਦੇ। ਉਹ ਆਪਣਾ ਸਾਰਾ ਮਨੁੱਖਾ ਜੀਵਨ ਆਪਣੇ ਮਨ ਪਿੱਛੇ ਲੱਗ ਕੇ ਵਿਅਰਥ ਗੁਆ ਲੈਂਦੇ ਹਨ :

ਰਾਮਕਲੀ ਵਾਰ ਮਹਲਾ ੩
ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ॥
ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ॥
ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ॥
ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ॥

(ਅੰਗ ੯੫੩)

ਅਥਵਾ :

ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ॥

(ਰਾਗੁ ਪ੍ਰਭਾਤੀ ਬਿਭਾਸ, ਮਹਲਾ ੩, ਅੰਗ ੧੩੪੬)

ਜਦੋਂ ਘਰ ਭਾਵ ਸਰੀਰ ਵਿਚ ਹੀ ਪਰਮਾਤਮਾ ਵੱਸ ਰਿਹਾ ਹੋਵੇ ਉਸ ਨੂੰ ਫਿਰ ਬਾਹਰ ਹੋਰ ਕਿਧਰੇ ਢੂੰਡਣ ਨਾਲ ਭਰਮ-ਭੁਲੇਖਿਆਂ ਵਿਚ ਪੈਣ ਵਾਲੀ ਗੱਲ ਹੀ ਹੈ। ਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਨੂੰ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ ਉਨ੍ਹਾਂ ਦਾ ਜੀਵਨ ਬੜਾ ਸੁਖਾਵਾਂ ਬਣ ਜਾਂਦਾ ਹੈ :

ਸਭ ਕਿਛੁ ਘਰ ਮਹਿ ਬਾਹਰਿ ਨਾਹੀ॥
ਬਾਹਰਿ ਟੋਲੈ ਸੋ ਭਰਮਿ ਭੁਲਾਹੀ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ॥

(ਰਾਗੁ ਮਾਝ, ਮਹਲਾ ੫, ਅੰਗ ੧੦੨)

ਗੁਰੂ ਅਰਜਨ ਦੇਵ ਜੀ ਦੇ ਰਾਗੁ ਬਿਹਾਗੜਾ ਵਿਚ ਬੜੇ ਅਨਮੋਲ ਬਚਨ ਹਨ ਕਿ ਜਿਸ ਪਰਮਾਤਮਾ ਦਾ ਸਾਡੇ ਹਿਰਦੇ ਘਰ ਵਿਚ ਹੀ ਵਾਸਾ ਹੈ ਉਸ ਦੀ ਖੋਜ ਵਿਚ ਜੀਵ ਥਾਂ-ਥਾਂ ਭਟਕਦਾ ਫਿਰਦਾ ਹੈ। ਪ੍ਰੰਤੂ ਇਹ ਸੋਝੀ ਸੱਚੇ ਗੁਰੂ ਦੀ ਸ਼ਰਨ ਪਿਆਂ ਹੀ ਪੈਂਦੀ ਹੈ ਕਿ ਪਰਮਾਤਮਾ ਨੇ ਤਾਂ ਮਨੁੱਖੀ ਸਰੀਰ ਵਿਚ ਆਪਣਾ ਘਰ ਬਣਾਇਆ ਹੋਇਆ ਹੈ ਭਾਵ ਮਨੁੱਖੀ ਸਰੀਰ ਹੀ 'ਹਰਿਮੰਦਰ' ਹੈ, ਜਿੱਥੇ ਪ੍ਰਭੂ ਦਾ ਵਾਸਾ ਹੈ :

ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ
ਹਰਿ ਪਾਇਅੜਾ ਘਰਿ ਆਏ ਰਾਮ॥
ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ

ਹਰਿ ਤਿਸੁ ਮਹਿ ਰਹਿਆ ਸਮਾਏ ਰਾਮ॥
ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ॥

(ਅੰਗ ੫੪੨)

ਮਨੁੱਖਾ ਸਰੀਰ ਮਾਨੋਂ ਇਕ ਕਿਲ੍ਹੇ ਵਾਂਗ ਪਰਮਾਤਮਾ ਦਾ ਦਿੱਸਦਾ ਸਰੂਪ ਹੈ ਪਰ ਜੇਕਰ ਪਰਮਾਤਮਾ ਨੂੰ ਪਛਾਣਨ ਦੀ ਥਾਂ ਜੀਵ ਮਾਇਆ ਦੇ ਮੋਹ ਵਿਚ ਹੀ ਗ਼ਲਤਾਨ ਰਹਿੰਦਾ ਹੈ, ਪਰਮਾਤਮਾ ਦੀ ਸਿਫ਼ਤ-ਸਾਲਾਹ ਨਹੀਂ ਕਰਦਾ ਤਾਂ ਇਹ ਕੇਵਲ ਮਿੱਟੀ ਦੀ ਢੇਰੀ ਬਣ ਕੇ ਰਹਿ ਜਾਂਦਾ ਹੈ ਭਾਵ ਆਪਣਾ ਅਮੋਲਕ ਜੀਵਨ ਮਿੱਟੀ ਖੇਹ ਵਿਚ ਹੀ ਰੋਲ ਦਿੰਦਾ ਹੈ। ਗੁਰਵਾਕ ਹੈ :

ਕਾਇਆ ਕੋਟੁ ਹੈ ਆਕਾਰਾ॥
ਮਾਇਆ ਮੋਹੁ ਪਸਰਿਆ ਪਾਸਾਰਾ॥
ਬਿਨੁ ਸਬਦੈ ਭਸਮੈ ਕੀ ਢੇਰੀ ਖੇਹੂ ਖੇਹ ਰਲਾਇਦਾ॥

(ਰਾਗੁ ਮਾਰੂ ਸੋਲਹੇ ਮਹਲਾ ੩, ਅੰਗ ੧੦੫੯)

ਅਸਲ ਵਿਚ ਇਹ 'ਹਰਿਮੰਦਰ' ਭਾਵ ਮਨੁੱਖ ਦਾ ਸਰੀਰ ਰੂਪੀ ਘਰ ਪ੍ਰਭੂ ਦਾ ਨਾਮ ਜਪਣ ਲਈ ਹੀ ਬਣਾਇਆ ਗਿਆ ਹੈ ਜਿਸ ਨਾਲ ਸਭ ਪਾਪਾਂ ਦਾ ਨਾਸ ਹੋ ਜਾਂਦਾ ਹੈ :

ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ॥
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ॥

(ਰਾਗੁ ਸੂਹੀ ਛੰਤ ਮਹਲਾ ੫, ਅੰਗ ੭੮੧)

ਗੁਰੂ ਅਮਰਦਾਸ ਜੀ ਰਾਗੁ ਮਾਰੂ ਸੋਹਲੇ ਵਿਚ ਸੋਧ ਬਖ਼ਸ਼ਿਸ਼ ਕਰ ਰਹੇ ਹਨ ਕਿ ਮਨੁੱਖ ਦਾ ਸਰੀਰ ਤਾਂ ਪਰਮਾਤਮਾ ਦਾ ਪਵਿੱਤਰ ਘਰ ਹੈ ਕਿਉਂਕਿ ਇਸ ਵਿਚ ਉਹ ਆਪ ਵੱਸਦਾ ਹੈ ਇਸੇ ਲਈ ਇਸ ਨੂੰ ਸਾਜ-ਸੰਵਾਰ ਕੇ ਸੋਹਣਾ ਬਣਾਇਆ ਹੈ। ਜਿਸ ਜਿਸ ਨੂੰ ਗੁਰੂ ਦੇ ਸ਼ਬਦ ਰਾਹੀਂ ਇਸ ਗੱਲ ਦੀ ਸੋਝੀ ਪੈਂਦੀ ਹੈ ਉਸ ਉੱਤੇ ਪ੍ਰਭੂ ਦੀ ਮਿਹਰ ਦੀ ਨਿਗਾਹ ਹੁੰਦੀ ਹੈ :

ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥
ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ॥

(ਅੰਗ ੧੦੫੯)

ਅਥਵਾ :

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ, ਤਿਸੁ ਮਹਿ ਰਾਖੀ ਜੋਤਿ ਅਪਾਰ॥
ਨਾਨਕ ਗੁਰਮੁਖਿ ਮਹਲਿ ਬੁਲਾਈਐ, ਹਰਿ ਮੇਲੇ ਮੇਲਣਹਾਰ॥

(ਰਾਗੁ ਮਲਾਰ ਮਹਲਾ ੧, ਅੰਗ ੧੨੫੬)

ਰਾਗੁ ਪ੍ਰਭਾਤੀ ਬਿਭਾਸ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ ਕਿ ਇਹ ਸਭ ਕੁਝ ਗੁਰੂ ਦੀ ਕਿਰਪਾ ਸਦਕਾ ਹੀ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ ਤਾਂ ਹੀ ਜੀਵ ਨੂੰ ਇਸ ਗੱਲ ਦੀ ਸੋਝੀ ਪੈਂਦੀ ਹੈ ਕਿ ਪਰਮਾਤਮਾ ਦਾ ਘਰ 'ਹਰਿਮੰਦਰ' ਉਸ ਦੇ ਅੰਦਰ ਹੀ ਹੈ। ਜੋ ਪ੍ਰਾਣੀ ਗੁਰੂ ਦੇ ਸ਼ਬਦ ਦੁਆਰਾ ਪਰਮਾਤਮਾ ਦੇ ਨਾਮ-ਰੰਗ ਵਿਚ ਰੰਗਿਆ

ਜਾਂਦਾ ਹੈ ਉਸਦਾ ਸਰੀਰ ਅਜਿਹਾ 'ਹਰਿਮੰਦਰ' ਬਣ ਜਾਂਦਾ ਹੈ ਜੋ ਫਿਰ ਕਦੀ ਡੋਲਦਾ ਨਹੀਂ :

ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ॥
ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹਾਲਿ॥
ਮਨ ਮੇਰੇ ਸਬਦਿ ਰਪੈ ਰੰਗੁ ਹੋਇ॥
ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ॥ *(ਅੰਗ ੧੩੪੬)*

ਇਸੇ ਵਿਚਾਰ ਨੂੰ ਗੁਰੂ ਜੀ ਨੇ ਸਲੋਕ ਵਾਰਾਂ ਤੇ ਵਧੀਕ ਮਹਲਾ ੩ ਵਿਚ ਬੜੇ ਸੁੰਦਰ ਢੰਗ ਨਾਲ ਇਸ ਪ੍ਰਕਾਰ ਰੂਪਮਾਨ ਕੀਤਾ ਹੈ :

ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ॥
ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ॥
ਹਰਿ ਮੰਦਰਿ ਵਸਤੁ ਅਨੇਕ ਹੈ ਨਵ ਨਿਧਿ ਨਾਮੁ ਸਮਾਲਿ॥
ਧਨੁ ਭਗਵੰਤੀ ਨਾਨਕਾ ਜਿਨਾ ਗੁਰਮੁਖਿ ਲਧਾ ਹਰਿ ਭਾਲਿ॥
ਵਡਭਾਗੀ ਗੜ ਮੰਦਰੁ ਖੋਜਿਆ ਹਰਿ ਹਿਰਦੈ ਪਾਇਆ ਨਾਲਿ॥ ੪੮॥
(ਅੰਗ ੧੪੧੮)

ਭਾਵ ਮਨੁੱਖਾ ਸਰੀਰ-ਰੂਪੀ 'ਹਰਿਮੰਦਰ' ਵਿਚ ਪਰਮਾਤਮਾ ਆਪ ਵੱਸਦਾ ਹੈ ਪਰ ਇਸ ਗੱਲ ਦੀ ਸੋਝੀ ਉਸ ਨੂੰ ਪੈਂਦੀ ਹੈ ਜਿਸ ਨੇ ਗੁਰੂ ਦੀ ਮੱਤ ਤੇ ਤੁਰ ਕੇ ਆਪਣੇ ਅੰਦਰੋਂ ਮਾਇਆ ਦੇ ਮੋਹ ਨੂੰ ਸਾੜ ਸੁੱਟਿਆ ਹੈ। ਪਰਮਾਤਮਾ ਦਾ ਨਾਮ ਜੋ ਅਨੇਕਾਂ ਗੁਣਾਂ ਨਾਲ ਭਰਪੂਰ ਹੈ ਇਸ ਨੂੰ ਹਿਰਦੇ ਵਿਚ ਸੰਭਾਲਿਆਂ ਸਰੀਰ 'ਹਰਿਮੰਦਰ' ਵਿਚੋਂ ਅਨੇਕਾਂ ਕੀਮਤੀ ਗੁਣ ਲੱਭ ਪੈਂਦੇ ਹਨ। ਅਜਿਹੇ ਭਾਗਾਂ ਵਾਲੇ ਜੀਵ ਧੰਨ ਹਨ ਜਿਨ੍ਹਾਂ ਨੇ ਗੁਰੂ ਦਾ ਓਟ ਆਸਰਾ ਲੈ ਕੇ ਇਸ ਸਰੀਰ-ਰੂਪੀ 'ਹਰਿਮੰਦਰ' ਵਿਚ ਵੱਸਦੇ ਪਰਮਾਤਮਾ ਨੂੰ ਖੋਜ ਲੱਭਿਆ ਹੈ।

ਇਸੇ ਲਈ ਸ਼ੇਖ਼ ਬਾਬਾ ਫਰੀਦ ਜੀ ਮਨੁੱਖ ਨੂੰ ਸੁਚੇਤ ਕਰ ਰਹੇ ਹਨ ਕਿ ਸਾਰਿਆਂ ਜੀਵਾਂ ਅੰਦਰ ਇਕ ਸੱਚਾ ਪ੍ਰਭੂ ਵੱਸ ਰਿਹਾ ਹੈ। ਕਿਸੇ ਨੂੰ ਫਿੱਕੇ ਬੋਲ ਬੋਲਣੇ ਨਹੀਂ ਚਾਹੀਦੇ, ਕਿਸੇ ਦਾ ਦਿਲ ਦੁਖਾਉਣਾ ਨਹੀਂ ਚਾਹੀਦਾ। ਪਰਮਾਤਮਾ ਦੇ ਪੈਦਾ ਕੀਤੇ ਹੋਏ ਜੀਵ ਸਭ ਅਨਮੋਲ ਮੋਤੀ ਹਨ :

ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥

(ਸਲੋਕ ਨੰਬਰ ੧੨੯, ਅੰਗ ੧੩੮੪)

ਅਥਵਾ :

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥

(ਸਲੋਕ ਨੰ: ੧੩੦, ਅੰਗ ੧੩੮੪)

ਠਾਹਣੁ ਤੋਂ ਅਰਥ ਹੈ ਦੁਖਾਉਣਾ ਜਾਂ ਢਾਹੁਣਾ। ਮਚਾਂਗਵਾ—ਚੰਗਾ ਨਹੀਂ।

1. [illegible] ਆਵੈ [illegible] ਤਨੁ ਮਨੁ ਸੀਤਲੁ ਹੋਇ ॥ ਸ਼ਾਂਤੀ ਦੇ ਪ੍ਰਮਾਣ
2. ਨਿਵਲੀ ਕਰਮ ਆਸਣ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ ॥
3. [illegible] ਸਾਂਤਿ ਨ ਆਵੈ ਜੋਗੀ [illegible] ਜੀਉ।
4. ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ ॥
5. ਗੁਰ ਮਿਲਿ ਸੀਤਲ ਅਗਨਿ ਬੁਝਾਈ ॥
6. [illegible] ਤਾ ਸਾਂਤਿ ਆਵੈ [illegible]।

(35)

ਆਤਮਿਕ ਸ਼ਾਂਤੀ

ਇਕ ਚੰਗੇ ਸਵੱਛ ਜੀਵਨ ਲਈ ਮਨ ਦਾ ਟਿਕਾਉ ਵਿਚ ਰਹਿਣਾ ਬੜਾ ਜ਼ਰੂਰੀ ਹੈ। ਜੇਕਰ ਅੰਦਰਲਾ ਸ਼ਾਂਤ ਹੈ ਤਾਂ ਸਰੀਰ ਹੀ ਅਰੋਗ ਨਹੀਂ ਰਹਿੰਦਾ ਸਗੋਂ ਦਿਲ ਅਤੇ ਦਿਮਾਗ਼ ਦੀ ਸੋਚਣੀ ਵਿਚ ਵੀ ਇਕਸੁਰਤਾ ਬਣੀ ਰਹਿੰਦੀ ਹੈ ਜਿਸ ਸਦਕਾ ਹਰ ਕੰਮ ਨੂੰ ਬੜੀ ਸਰਲਤਾ ਨਾਲ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਘਰ ਵਿਚ ਸਦਾ ਖ਼ੁਸ਼ੀ ਅਤੇ ਖੇੜੇ ਵਾਲਾ ਮਾਹੌਲ ਬਣਿਆ ਰਹਿੰਦਾ ਹੈ। ਜੀਵਨ ਵਿਚ ਕਿਸੇ ਪ੍ਰਕਾਰ ਦਾ ਵਿਘਨ ਨਹੀਂ ਪੈਂਦਾ ਕਿਉਂਕਿ ਮਨ ਦੀ ਅਜਿਹੀ ਸਥਿਤੀ ਵਿਚ ਪ੍ਰਾਣੀ ਦੁੱਖ-ਸੁਖ, ਹਰਖ-ਸੋਗ ਨੂੰ ਇਕ ਸਮਾਨ ਸਮਝਦਾ ਹੋਇਆ ਸਦਾ ਪ੍ਰਭੂ ਦੀ ਰਜ਼ਾ ਨੂੰ ਮਿੱਠਾ ਕਰਕੇ ਮੰਨਦਾ ਹੈ। ਰਾਗੁ ਗਉੜੀ ਸੁਖਮਨੀ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ :

ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥ *(ਅੰਗ ੨੭੫)*

ਜਿਥੇ ਅਭਿਮਾਨ ਜਾਂ ਹਉਮੈ ਹੈ ਉਸ ਹਿਰਦੇ ਵਿਚ ਕਦੀ ਸ਼ਾਂਤੀ ਸਥਾਪਤ ਨਹੀਂ ਹੋ ਸਕਦੀ। ਹਉਮੈ ਨੂੰ ਤਿਆਗ ਕੇ ਹੀ ਆਤਮਿਕ ਸ਼ਾਂਤੀ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਪ੍ਰਭੂ ਆਪਣੀ ਕਿਰਪਾ ਦੁਆਰਾ ਜਿਸ ਮਨੁੱਖ ਦੀ ਹਉਮੈ ਨੂੰ ਦੂਰ ਕਰ ਦਿੰਦਾ ਹੈ ਉਸ ਮਨੁੱਖ ਦੇ ਹਿਰਦੇ ਘਰ ਵਿਚ ਸ਼ਾਂਤੀ ਆ ਵਸਦੀ ਹੈ। ਮੱਤ ਨਿਰਮਲ ਹੋ ਜਾਂਦੀ ਹੈ ਭਾਵ ਉਸਦਾ ਮਨ ਫਿਰ ਕਦੀ ਡੋਲਦਾ ਨਹੀਂ :

ਤਿਸੁ ਜਨ ਸਾਂਤਿ ਸਦਾ ਮਤਿ ਨਿਹਚਲ ਜਿਸ ਕਾ ਅਭਿਮਾਨੁ ਗਵਾਏ ॥
(ਰਾਗੁ ਗੂਜਰੀ ਮਹਲਾ ੩, ਅੰਗ ੪੯੧)

ਗੁਰੂ ਪੰਚਮ ਪਾਤਸ਼ਾਹ ਦੇ ਰਾਗੁ ਆਸਾ ਵਿਚ ਬਚਨ ਹਨ ਕਿ ਸੰਤ ਜਨਾਂ ਦੀ ਸੰਗਤ ਕੀਤਿਆਂ ਪ੍ਰਾਣੀ ਨੂੰ ਆਤਮਿਕ ਸ਼ਾਂਤੀ ਮਿਲਦੀ ਹੈ। ਮਨ ਪ੍ਰਭੂ ਚਰਨਾਂ ਵਿਚ ਜੁੜਦਾ ਹੈ। ਫਿਰ ਮਾਇਆ ਦੀ ਭਟਕਣਾ, ਦੁਨਿਆਵੀ ਮੋਹ, ਵਿਕਾਰ, ਮੇਰ-ਤੇਰ ਮਨ ਵਿਚੋਂ ਸਭ ਜਾਂਦੇ ਰਹਿੰਦੇ ਹਨ। ਮਨ ਅੰਦਰ ਸਹਿਜ ਅਨੰਦ ਆ ਵਸਦਾ ਹੈ :

ਸਾਧਸੰਗਿ ਹਰਿ ਕੈ ਰੰਗਿ ਗੋਬਿੰਦ ਸਿਮਰਣ ਲਾਗਿਆ ॥
ਭਰਮੁ ਮੋਹੁ ਵਿਕਾਰੁ ਦੂਜਾ ਸਗਲ ਤਿਨਹਿ ਤਿਆਗਿਆ ॥
ਮਨਿ ਸਾਂਤਿ ਸਹਜੁ ਸੁਭਾਉ ਵੂਠਾ ਅਨਦ ਮੰਗਲ ਗੁਣ ਗਾਇਆ ॥
(ਅੰਗ ੪੫੭)

ਸਤਿਗੁਰੂ ਦੀ ਸੇਵਾ ਵਿਚ ਲੱਗਿਆਂ ਅਤੇ ਸਤਿਗੁਰੂ ਨਾਲ ਪ੍ਰੀਤ ਪਾਉਣ ਨਾਲ ਵੀ ਆਤਮਿਕ ਸ਼ਾਂਤੀ ਮਿਲਦੀ ਹੈ। ਰਾਗੁ ਵਡਹੰਸੁ ਵਿਚ ਗੁਰੂ ਰਾਮਦਾਸ ਜੀ ਦਾ ਫ਼ਰਮਾਨ

ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ ॥
ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ ॥ [illegible]

ਹੈ :

ਊਠਤ ਬੈਠਤ ਸਤਿਗੁਰੁ ਸੇਵਹ ਜਿਤੁ ਸੇਵਿਐ ਸਾਂਤਿ ਪਾਈ॥
ਮੇਰੈ ਮਨਿ ਮੇਰੈ ਮਨਿ ਸਤਿਗੁਰ ਪ੍ਰੀਤਿ ਲਗਾਈ॥ *(ਅੰਗ ੫੭੨)*

ਅਥਵਾ :

ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ ਬੂਝਹੁ ਕਰਿ ਬੀਚਾਰੁ॥
ਸਦਾ ਸਾਂਤਿ ਸੁਖੁ ਮਨਿ ਵਸੈ ਚੂਕੈ ਕੂਕ ਪੁਕਾਰ॥

(ਸਲੋਕ ਮਹਲਾ ੩, ਸਿਰੀ ਰਾਗੁ ਵਾਰ ਮਹਲਾ ੪, ਅੰਗ ੮੬)

ਸਤਿਗੁਰੂ ਦਾ ਦੀਦਾਰ ਕੀਤਿਆਂ ਸਾਰੀਆਂ ਤ੍ਰਿਸ਼ਨਾਵਾਂ ਮਿੱਟ ਜਾਂਦੀਆਂ ਹਨ ਅਤੇ ਮਨ ਨਾਮ ਵਿਚ ਗਿੱਝ ਜਾਂਦਾ ਹੈ। ਫਿਰ ਹਿਰਦੇ ਰੂਪੀ ਘਰ ਵਿਚ ਸੁਖ ਅਤੇ ਸ਼ਾਂਤੀ ਆ ਵੱਸਦੀ ਹੈ। ਗੁਰਵਾਕ ਹੈ :

ਸਤਿਗੁਰ ਮਿਲੈ ਸਭ ਤ੍ਰਿਸਨ ਬੁਝਾਏ॥
ਨਾਨਕ ਨਾਮਿ ਸਾਂਤਿ ਸੁਖੁ ਪਾਏ॥

(ਰਾਗੁ ਧਨਾਸਰੀ ਮਹਲਾ ੩, ਅੰਗ ੬੬੪)

ਪਿਆਰੇ ਗੁਰੂ ਦੇ ਦਰਸ਼ਨ ਤੋਂ ਬਿਨਾਂ ਸਿੱਖ ਨੂੰ ਚੈਨ ਤੇ ਸ਼ਾਂਤੀ ਕਿਵੇਂ ਆ ਸਕਦੀ ਹੈ? ਉਸਦਾ ਹਾਲ ਤਾਂ ਉਸ ਪਪੀਹੇ ਵਾਂਗ ਹੈ ਜੋ ਸ੍ਵਾਂਤੀ ਬੂੰਦ ਲਈ ਤਰਲੇ ਲੈਂਦਾ ਹੈ। ਗੁਰੂ ਅਰਜਨ ਦੇਵ ਜੀ ਦੇ ਰਾਗੁ ਮਾਝ ਵਿਚ ਕਿੰਨੇ ਸੁੰਦਰ ਬਚਨ ਹਨ :

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥

(ਅੰਗ ੯੬)

ਇਸਦੇ ਉਲਟ ਜੋ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਨਾਮ ਤੋਂ ਸੱਖਣੇ ਮਨਮੁਖ ਹਨ ਉਨ੍ਹਾਂ ਦੀ ਮਾਇਆ ਦੀ ਭੁੱਖ ਕਦੀ ਮਿਟਦੀ ਨਹੀਂ। ਉਨ੍ਹਾਂ ਨੂੰ ਤਾਂ ਹਰ ਵੇਲੇ ਮਾਇਆ ਦੀ ਭਟਕਣਾ ਹੀ ਲੱਗੀ ਰਹਿੰਦੀ ਹੈ। ਫਿਰ ਅਜਿਹੇ ਮਨਮੁਖਾਂ ਦੇ ਮਨ ਅੰਦਰ ਸੁਖ ਤੇ ਸ਼ਾਂਤੀ ਕਿਥੋਂ ਆਉਣੀ ਹੈ?

ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ॥
ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ॥
ਸਾਂਤਿ ਨ ਕਦੇ ਆਵਈ ਨਹ ਸੁਖੁ ਵਸੈ ਮਨਿ ਆਇ॥

(ਰਾਗੁ ਮਾਰੂ ਮਹਲਾ ੩, ਅੰਗ ੧੦੯੨)

ਅਥਵਾ :

ਮਨਮੁਖੁ ਰੋਗੀ ਹੈ ਸੰਸਾਰਾ॥
ਸੁਖਦਾਤਾ ਵਿਸਰਿਆ ਅਗਮ ਅਪਾਰਾ॥
ਦੁਖੀਏ ਨਿਤਿ ਫਿਰਹਿ ਬਿਲਲਾਦੇ ਬਿਨੁ ਗੁਰ ਸਾਂਤਿ ਨ ਪਾਵਣਿਆ॥

(ਰਾਗੁ ਮਾਝ ਮਹਲਾ ੩, ਅੰਗ ੧੧੮)

ਤ੍ਰਿਸ਼ਨਾਲੂ ਮਨੁੱਖ ਦਾ ਵੀ ਇਹੋ ਹਾਲ ਹੈ। ਉਸਨੂੰ ਵੀ ਹਰ ਵੇਲੇ ਭਟਕਣਾ ਲੱਗੀ

ਰਹਿੰਦੀ ਹੈ। ਉਹ ਕਦੀ ਰੱਜਦਾ ਨਹੀਂ। ਉਸਦੀ ਭੁੱਖ ਕਦੇ ਮਿਟਦੀ ਨਹੀਂ। ਤ੍ਰਿਸ਼ਨਾ ਕਾਰਨ ਮਨੁੱਖ ਕਾਮ, ਕ੍ਰੋਧ ਜਿਹੇ ਵਿਕਾਰਾਂ ਵਿਚ ਗ੍ਰਸਿਆ ਰਹਿੰਦਾ ਹੈ ਜਿਸ ਕਾਰਨ ਉਸਦਾ ਅੰਦਰਲਾ ਸੜ ਜਾਂਦਾ ਹੈ। ਫਿਰ ਉਸਨੂੰ ਆਪਣੇ ਪਰਾਏ ਦੀ ਸਮਝ ਨਹੀਂ ਰਹਿੰਦੀ ਅਤੇ ਮਨੁੱਖ ਦੀ ਸ਼ਾਂਤੀ ਅਤੇ ਸੁਖ ਜਾਂਦੇ ਰਹਿੰਦੇ ਹਨ। ਰਾਗੁ ਸਾਰਗ ਵਿਚ ਹਜ਼ੂਰ ਪੰਚਮ ਪਾਤਸ਼ਾਹ ਜੀ ਦੇ ਬਚਨ ਹਨ :

ਤ੍ਰਿਸਨਾ ਚਲਤ ਬਹੁ ਪਰਕਾਰਿ ॥
ਪੂਰਨ ਹੋਤ ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ ॥ ੧ ॥
ਸਾਂਤਿ ਸੂਖ ਨ ਸਹਜੁ ਉਪਜੈ ਇਹੈ ਇਸੁ ਬਿਉਹਾਰਿ ॥
ਆਪ ਪਰ ਕਾ ਕਛੁ ਨ ਜਾਨੈ ਕਾਮ ਕ੍ਰੋਧਹਿ ਜਾਰਿ ॥

(ਅੰਗ ੧੨੨੪-੨੫)

ਰਾਗੁ ਮਾਝ ਵਿਚ ਆਪ ਜੀ ਦਾ ਫ਼ਰਮਾਨ ਹੈ ਕਿ ਭੇਖਾਂ ਅਤੇ ਮਿੱਥੇ ਹੋਏ ਧਾਰਮਿਕ ਕਰਮਾਂ-ਕਾਂਡਾਂ ਨਾਲ ਵੀ ਆਤਮਿਕ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ ਭਾਵੇਂ ਮਨੁੱਖ ਸ਼ਾਸਤਰਾਂ ਦਾ ਕਿੰਨਾ ਵੀ ਗਿਆਤਾ ਕਿਉਂ ਨਾ ਹੋਵੇ :

ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥
ਪੂਜਾ ਤਿਲਕੁ ਤੀਰਥ ਇਸਨਾਨਾ ॥
ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ ॥

(ਅੰਗ ੯੮)

ਗੁਰੂ ਜੀ ਦੇ ਰਾਗੁ ਮਾਰੂ ਵਿਚ ਬੜੇ ਅਨਮੋਲ ਬਚਨ ਹਨ ਕਿ ਮੈਂ ਸਾਰੀ ਸ੍ਰਿਸ਼ਟੀ ਨੂੰ ਭਾਲ ਦੇਖਿਆ ਹੈ ਇਕ ਪ੍ਰਭੂ ਨਾਮ ਤੋਂ ਬਿਨਾਂ ਹੋਰ ਕਿਧਰੋਂ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਉਸਦੇ ਨਾਮ ਨਾਲ ਹੀ ਹਿਰਦੇ ਵਿਚ ਠੰਡ ਪੈਂਦੀ ਹੈ :

ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ ॥
ਆਉ ਸਜਣ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਢਾ ਹੋਇ ॥

(ਅੰਗ ੧੧੦੦)

ਇਸ ਲਈ ਲੋੜ ਕੇਵਲ ਇਕ ਪਰਮਾਤਮਾ ਨਾਲ ਸਾਂਝ ਪਾਉਣ ਦੀ ਹੈ। ਫਿਰ ਮਨ ਤੇ ਕਿਸੇ ਪ੍ਰਕਾਰ ਦੇ ਵਿਕਾਰ ਹਾਵੀ ਨਹੀਂ ਹੋ ਸਕਦੇ। ਮਨੁੱਖ ਦਾ ਮਨ ਭਟਕਣਾ ਵਿਚ ਇਧਰ-ਉਧਰ ਨਹੀਂ ਭੱਜਦਾ। ਮਨ ਵਿਚ ਸ਼ਾਂਤੀ ਆ ਵਸਦੀ ਹੈ ਅਤੇ ਪ੍ਰਭੂ ਦੀ ਦਰਗਾਹ ਵਿਚ ਕਬੂਲ ਹੋ ਜਾਈਦਾ ਹੈ :

ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥
ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥

(ਰਾਗ ਆਸਾ ਮਹਲਾ ੩ ਛੰਤ, ਅੰਗ ੪੪੧)

ਬਹੁਤ ਵਾਰੀ ਕਈ ਸੱਜਣ ਪ੍ਰਸ਼ਨ ਕਰਦੇ ਹਨ ਕਿ ਰੋਜ਼ ਨਿੱਤਨੇਮ ਵੀ ਕਰਦੇ ਹਾਂ। ਬਿਨਾਂ ਨਾਗਾ ਗੁਰਦੁਆਰੇ ਵੀ ਜਾਂਦੇ ਹਾਂ। ਘਰ ਵਿਚ ਸਤਿਗੁਰਾਂ ਦਾ ਸਰੂਪ ਵੀ ਹੈ। ਨਿੱਤ ਸਵੇਰੇ ਉੱਠ ਕੇ ਇਸ਼ਨਾਨ ਕਰਕੇ ਵਾਕ ਵੀ ਲੈਂਦੇ ਹਾਂ ਪਰ ਫਿਰ ਵੀ ਮਨ ਨੂੰ ਟਿਕਾਉ ਨਹੀਂ ਆਉਂਦਾ, ਸੁਰਤੀ ਨਾਮ ਵਿਚ ਨਹੀਂ ਜੁੜਦੀ, ਮਨ ਅਸ਼ਾਂਤ ਰਹਿੰਦਾ ਹੈ, ਮਨ

ਦੀ ਭਟਕਣਾ ਦੂਰ ਨਹੀਂ ਹੁੰਦੀ ਆਦਿ। ਦਰਅਸਲ ਜੋ ਅਸੀਂ ਨਾਮ ਜਪਦੇ ਹਾਂ, ਬਹੁਤਾ ਕਰਕੇ ਮੂੰਹ ਨਾਲ ਹੀ ਇਸਦਾ ਸਿਮਰਨ ਕਰਦੇ ਹਾਂ। ਨਾਮ ਨੂੰ ਹਿਰਦੇ ਵਿਚ ਨਹੀਂ ਉਤਾਰਦੇ ਜਿਸ ਸਦਕਾ ਹਿਰਦਾ ਨਿਰਮਲ ਨਹੀਂ ਹੁੰਦਾ। ਦੂਜੇ ਗੁਰੂ ਦੇ ਦੱਸੇ ਮਾਰਗ ਤੇ ਆਪਣੇ ਜੀਵਨ ਨੂੰ ਨਹੀਂ ਢਾਲਦੇ। ਮਨ ਵਿਚੋਂ ਮੇਰ ਤੇਰ ਵਾਲੀ ਭਾਵਨਾ ਨੂੰ ਖ਼ਤਮ ਨਹੀਂ ਕਰਦੇ। ਸਦਾ ਉਤਾਂਹ ਵੱਲ ਤੱਕਦੇ ਹਾਂ। ਜੋ ਸਾਡੇ ਨਾਲੋਂ ਬਹੁਤੇ ਲੋੜਵੰਦ ਹਨ ਉਨ੍ਹਾਂ ਦੀਆਂ ਬੇ-ਬਸੀਆਂ ਬਾਰੇ ਅਸੀਂ ਕਦੇ ਸੋਚਦੇ ਨਹੀਂ। ਗੁਰੂ ਨਾਨਕ ਦੇਵ ਜੀ ਕੋਹੜੀਆਂ ਦੀਆਂ ਝੁਗੀਆਂ ਵਿਚ ਜਾ ਕੇ ਉਨ੍ਹਾਂ ਦੇ ਜ਼ਖਮਾਂ ਨੂੰ ਆਪਣੇ ਹੱਥੀਂ ਧੋਂਦੇ ਰਹੇ। ਅਸੀਂ ਕਿੰਨੇ ਕੁ ਹਾਂ ਜਿਨ੍ਹਾਂ ਨੇ ਦੂਜਿਆਂ ਦੇ ਜ਼ਖ਼ਮਾਂ ਤੇ ਮੱਲ੍ਹਮ ਪੱਟੀ ਕਰਨ ਦਾ ਕਦੀ ਕੋਈ ਉਪਰਾਲਾ ਕੀਤਾ ਹੋਵੇ। ਅਸੀਂ ਕਿਰਤੀ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨਾਲੋਂ ਮਲਕ ਭਾਗੋ ਦੇ ਭੋਜ ਤੇ ਜਾਣ ਨੂੰ ਤਰਜੀਹ ਦਿੰਦੇ ਹਾਂ। ਫਿਰ ਆਤਮਿਕ ਸ਼ਾਂਤੀ ਕਿਥੋਂ ਮਿਲਣੀ ਹੈ?

ਅਸੀਂ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਸਰਲ ਤੇ ਸੁਖੈਨ ਮਾਰਗ ਤੋਂ ਭਟਕ ਗਏ ਹਾਂ ਅਤੇ ਗੁਰੂ ਪੰਚਮ ਪਾਤਸ਼ਾਹ ਦੇ ਭਾਣਾ ਮੰਨਣ ਦੇ ਸਿਧਾਂਤ ਤੋਂ ਖਿੜਕ ਚੁੱਕੇ ਹਾਂ। ਸਰਬੰਸ ਦਾਨੀ ਦੇ ਉਪਕਾਰਾਂ ਨੂੰ ਭੁਲਦੇ ਜਾ ਰਹੇ ਹਾਂ। ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਜ਼ਰੂਰ ਟੇਕਦੇ ਹਾਂ ਪਰ 'ਪ੍ਰਗਟ ਗੁਰਾਂ ਕੀ ਦੇਹ' ਵਜੋਂ ਸਤਿਕਾਰ ਨਹੀਂ ਦਿੰਦੇ ਤਾਂ ਫਿਰ ਆਤਮਿਕ ਸ਼ਾਂਤੀ ਕਿਥੋਂ ਮਿਲਣੀ ਹੈ? ਮਨ ਟਿਕਾਉ ਵਿਚ ਕਿਵੇਂ ਰਹਿ ਸਕਦਾ ਹੈ?

ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ॥
ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ॥
ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ॥

(ਸਿਰੀਰਾਗੁ ਮਹਲਾ ੩, ਅੰਗ ੬੬)

ਪੰਚਮ ਪਾਤਸ਼ਾਹ ਸੋਧ ਬਖ਼ਸ਼ਿਸ਼ ਕਰ ਰਹੇ ਹਨ ਕਿ ਸਤਿਸੰਗਤ ਵਿਚ ਪਰਮਾਤਮਾ ਦੀ ਸਿਫ਼ਤ-ਸਾਲਾਹ ਕਰਨ ਨਾਲ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ਹਿਰਦੇ ਰੂਪੀ ਘਰ ਵਿਚ ਅਡੋਲਤਾ, ਅਨੰਦ ਅਤੇ ਆਤਮਿਕ ਸ਼ਾਂਤੀ ਬਣੀ ਰਹਿੰਦੀ ਹੈ ਅਤੇ ਮਨ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ :

ਸਾਂਤਿ ਸਹਜੁ ਆਨਦੁ ਘਨਾ ਪੂਰਨ ਭਈ ਆਸ॥
ਸੁਖੁ ਪਾਇਆ ਹਰਿ ਸਾਧਸੰਗਿ ਸਿਮਰਤ ਗੁਣਤਾਸ॥

(ਰਾਗੁ ਬਿਲਾਵਲੁ, ਅੰਗ ੮੧੯)

ਅਥਵਾ :

ਪ੍ਰਗਟੇ ਗੁਪਾਲ ਗੋਬਿੰਦ ਲਾਲਨ ਸਾਧਸੰਗਿ ਵਖਾਣਿਆ॥
ਆਚਰਜੁ ਡੀਠਾ ਅਮਿਉ ਵੂਠਾ ਗੁਰ ਪ੍ਰਸਾਦੀ ਜਾਣਿਆ॥
ਮਨਿ ਸਾਂਤਿ ਆਈ ਵਜੀ ਵਧਾਈ ਨਹ ਅੰਤੁ ਜਾਈ ਪਾਇਆ॥
ਬਿਨਵੰਤਿ ਨਾਨਕ ਸੁਖ ਸਹਜਿ ਮੇਲਾ ਪ੍ਰਭੂ ਆਪਿ ਬਣਾਇਆ॥

(ਰਾਗੁ ਆਸਾ, ਮਹਲਾ ੫ ਛੰਤ, ਅੰਗ ੪੬੦)

ਅਮਿਉ ਤੋਂ ਅਰਥ ਹੈ ਅੰਮ੍ਰਿਤ, ਆਤਮਿਕ ਜੀਵਨ ਪ੍ਰਦਾਨ ਕਰਨ ਵਾਲਾ ਨਾਮ-ਜਲ।

(36)

ਧੀਰਜ

ਮਨੁੱਖ ਦੇ ਜੀਵਨ ਵਿਚ ਸੁਖਾਂ ਨਾਲੋਂ ਦੁੱਖ ਵਧੇਰੇ ਹਨ। ਜੀਵਨ ਵਿਚ ਮਨੁੱਖ ਨੂੰ ਕਈ ਪ੍ਰਕਾਰ ਦੀਆਂ ਮੁਸੀਬਤਾਂ, ਔਕੜਾਂ, ਝਗੜੇ, ਬੀਮਾਰੀਆਂ ਆਦਿ ਨਾਲ ਜੂਝਣਾ ਪੈਂਦਾ ਹੈ। ਇਹ ਮੁਸੀਬਤਾਂ ਕੁਝ ਤਾਂ ਕੁਦਰਤ ਦੀ ਦੇਣ ਹੁੰਦੀਆਂ ਹਨ ਅਤੇ ਬਹੁਤੀਆਂ ਮਨੁੱਖ ਦੀਆਂ ਆਪਣੀਆਂ ਸਹੇੜੀਆਂ ਹੋਈਆਂ ਹਨ। ਇਨ੍ਹਾਂ ਦਾ ਜੇਕਰ ਸਾਹਸ ਅਤੇ ਹੌਸਲੇ ਨਾਲ ਸਾਹਮਣਾ ਕੀਤਾ ਜਾਵੇ ਤਾਂ ਸਹੀ ਢੰਗ ਨਾਲ ਜੀਵਨ ਜੀਵਿਆ ਜਾ ਸਕਦਾ ਹੈ ਭਾਵ ਮੁਸੀਬਤਾਂ ਦੇ ਹੁੰਦਿਆਂ ਹੋਇਆਂ ਵੀ ਬਿਨਾਂ ਰੁਕਾਵਟ ਦੇ ਜੀਵਨ ਦੀ ਗਤੀ ਚਲਦੀ ਰਹਿੰਦੀ ਹੈ। ਜੀਵਨ ਵਿਚ ਉਤਰਾਅ-ਚੜ੍ਹਾਅ ਬੜੇ ਸੁਭਾਵਿਕ ਹਨ ਜਿਸ ਤੋਂ ਆਮ ਮਨੁੱਖ ਬਚ ਨਹੀਂ ਸਕਦਾ ਪ੍ਰੰਤੂ ਕਾਲੀ ਰਾਤ ਮਗਰੋਂ ਸਵੇਰ ਦਾ ਪ੍ਰਕਾਸ਼ ਜ਼ਰੂਰ ਹੁੰਦਾ ਹੈ ਤੇ ਦਿਨ ਮਗਰੋਂ ਰਾਤ ਦਾ ਹਨੇਰਾ ਆਉਣਾ ਅਟੱਲ ਸਚਾਈ ਹੈ। ਕੁਦਰਤ ਦੇ ਇਨ੍ਹਾਂ ਨਿਯਮਾਂ ਨੂੰ ਬਦਲਿਆ ਨਹੀਂ ਜਾ ਸਕਦਾ।

ਮਨੁੱਖ ਦੇ ਦੁੱਖਾਂ ਅਤੇ ਮੁਸੀਬਤਾਂ ਦਾ ਕਾਰਨ ਬਹੁਤਾ ਕਰਕੇ ਇਸ ਦਾ ਮਨ ਹੈ ਜੋ ਵਿਕਾਰਾਂ ਵਿਚ ਫਸ ਕੇ ਮਨੁੱਖ ਨੂੰ ਆਪਣੇ ਅਸਲੇ ਨਾਲੋਂ ਤੋੜੀ ਰੱਖਦਾ ਹੈ। ਫਲਸਰੂਪ ਅਜਿਹੇ ਪ੍ਰਾਣੀ ਦਾ ਮਨ ਸਥਿਰ ਨਹੀਂ ਰਹਿੰਦਾ। ਸਦਾ ਡਾਵਾਂ-ਡੋਲ ਵਾਲੀ ਸਥਿਤੀ ਬਣੀ ਰਹਿੰਦੀ ਹੈ। ਦੂਜੇ ਬੰਨੇ ਜੋ ਪ੍ਰਾਣੀ ਵਾਹਿਗੁਰੂ ਦੇ ਭਾਣੇ ਵਿਚ ਵਿਚਰਦਾ ਹੈ ਉਸ ਲਈ ਦੁੱਖ-ਸੁਖ, ਹਰਖ-ਸੋਗ ਇਕ ਸਮਾਨ ਹੁੰਦੇ ਹਨ। ਉਨ੍ਹਾਂ ਦਾ ਮਨ ਕਿਸੇ ਸਥਿਤੀ ਵਿਚ ਵੀ ਡੋਲਦਾ ਨਹੀਂ ਭਾਵੇਂ ਕਿੰਨੀਆਂ ਹਨੇਰੀਆਂ ਜਾਂ ਝੱਖੜ ਕਿਉਂ ਨਾ ਆਉਣ। ਇਨ੍ਹਾਂ ਮੁਸੀਬਤਾਂ, ਦੁੱਖਾਂ ਜਾਂ ਕਲੇਸ਼ਾਂ ਵਿਚ ਮਨ ਦੀ ਸਥਿਤੀ ਜਾਂ ਮਨ ਦਾ ਟਿਕਾਓ ਰੱਖਣਾ ਹੀ 'ਧੀਰਜ' ਹੈ। ਪਰ ਮਨ ਨੂੰ ਟਿਕਾਓ ਵਿਚ ਰੱਖਣਾ ਕੋਈ ਐਨੀ ਸੌਖੀ ਗੱਲ ਨਹੀਂ। ਇਸ ਲਈ ਘਾਲਣਾ ਘਾਲਣੀ ਪੈਂਦੀ ਹੈ। ਨਾਮ ਦੀ ਕਮਾਈ ਦੁਆਰਾ ਹੀ ਮਨੁੱਖ ਆਪਣੇ ਅੰਦਰ 'ਧੀਰਜ' ਜਿਹੇ ਦੈਵੀ ਗੁਣ ਗ੍ਰਹਿਣ ਕਰ ਸਕਦਾ ਹੈ। ਰਾਗੁ ਗੂਜਰੀ ਵਿਚ ਗੁਰੂ ਰਾਮਦਾਸ ਜੀ ਦੇ ਬਚਨ ਹਨ :

ਧੀਰਜੁ ਧਰਮੁ ਗੁਰਮਤਿ ਹਰਿ ਪਾਇਆ
ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ॥ *(ਅੰਗ ੪੯੪)*

ਅਥਵਾ :

ਸੂਰਬੀਰ ਧੀਰਜ ਮਤਿ ਪੂਰਾ॥
ਸਹਜ ਸਮਾਧਿ ਧੁਨਿ ਗਹਿਰ ਗੰਭੀਰਾ॥
ਸਦਾ ਮੁਕਤੁ ਤਾ ਕੇ ਪੂਰੇ ਕਾਮ॥
ਜਾ ਕੈ ਰਿਦੈ ਵਸੈ ਹਰਿ ਨਾਮ॥

(ਰਾਮ ਰਾਮਕਲੀ ਮਹਲਾ ੫, ਅੰਗ ੮੯੦-੯੧)

ਜਦੋਂ ਤਾਈਂ ਮਨ ਗਰਬ ਜਾਂ ਗੁਮਾਨ ਨਾਲ ਭਰਿਆ ਹੋਇਆ ਹੈ, ਮਨੁੱਖ ਨੂੰ ਕਦੀ ਧੀਰਜ ਨਹੀਂ ਆ ਸਕਦਾ। ਰਾਗੁ ਗਉੜੀ ਵਿਚ ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ ਕਿ ਆਪਾ-ਭਾਵ ਗੁਆ ਕੇ ਹਉਮੈ ਅਤੇ ਹੰਕਾਰ ਜਿਹੇ ਵਿਕਾਰਾਂ ਨੂੰ ਮਾਰ ਕੇ ਹੀ ਧੀਰਜ ਜਿਹੇ ਉੱਚੇ ਧਰਮ ਨੂੰ ਧਾਰਿਆ ਜਾ ਸਕਦਾ ਹੈ :

ਬਿਨੁ ਗੁਰ ਗਰਬੁ ਨ ਮੇਟਿਆ ਜਾਇ॥
ਗੁਰਮਤਿ ਧਰਮੁ ਧੀਰਜੁ ਹਰਿ ਨਾਇ॥ *(ਅੰਗ ੨੨੫)*

ਅਥਵਾ :

ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ॥
ਅੰਤਰਿ ਚੋਰੁ ਕਿਉ ਸਾਦੁ ਲਹੀਜੈ॥
ਗੁਰਮੁਖਿ ਹੋਇ ਕਾਇਆ ਗੜੁ ਲੀਜੈ॥

(ਰਾਗੁ ਰਾਮਕਲੀ ਮਹਲਾ ੧, ਅੰਗ ੯੦੫)

ਭਾਵ ਜਿੰਨਾ ਚਿਰ ਕਾਮਾਦਿਕ ਪੰਜੇ ਵਿਕਾਰਾਂ ਦੀ ਅੱਗ ਮਨੁੱਖ ਦੇ ਅੰਤਰ-ਆਤਮੇ ਭੜਕ ਰਹੀ ਹੈ ਅਤੇ ਮੋਹ ਮਾਇਆ ਦਾ ਚੋਰ ਹਿਰਦੇ ਵਿਚ ਵੱਸਦਾ ਹੈ ਉੱਨੀ ਦੇਰ ਮਨ ਨੂੰ ਕਦੀ ਧੀਰਜ ਨਹੀਂ ਮਿਲ ਸਕਦਾ।

ਦਰਅਸਲ ਦਿੱਬ ਆਤਮਾ ਅਤੇ ਸੂਰਬੀਰ ਮਹਾਂਬਲੀ ਹੀ ਧੀਰਜ ਵਰਗੇ ਗੁਣਾਂ ਦੇ ਧਾਰਨੀ ਹੋ ਸਕਦੇ ਹਨ। ਇੱਥੇ ਮਰਦ-ਅਗੰਮੜਾ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ 'ਚੋਂ ਇਕ ਝਾਕੀ ਦੇਣੀ ਉਚਿਤ ਹੋਵੇਗੀ। ਚਮਕੌਰ ਦੀ ਜੰਗ ਤੋਂ ਬਾਅਦ ਉੱਚ ਦੇ ਪੀਰ ਮਾਛੀਵਾੜਾ ਦੇ ਜੰਗਲਾਂ ਵਿਚੋਂ ਹੁੰਦੇ ਹੋਏ, ਆਲਮਗੀਰ ਦੀ ਧਰਤੀ ਨੂੰ ਭਾਗ ਲਾਉਂਦੇ ਹੋਏ ਜਦੋਂ ਰਾਇਕੋਟ ਪੁੱਜੇ ਤਾਂ ਇੱਥੇ ਸਤਿਗੁਰਾਂ ਨੂੰ ਨੂਰਾ ਮਾਹੀ ਨੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਅਤੇ ਮਾਤਾ ਜੀ ਦੀ ਸ਼ਹੀਦੀ ਦੀ ਵਾਰਤਾ ਸੁਣਾਈ। ਹੰਝੂ ਕੇਰਦੇ ਹੋਏ ਭਰੇ ਗਲੇ ਨਾਲ ਜਦੋਂ ਨੂਰਾ ਮਾਹੀ ਨੇ ਸਾਹਿਬਜ਼ਾਦਿਆਂ ਤੇ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਂ ਵਲੋਂ ਕੀਤੇ ਕਹਿਰ ਦਾ ਸਾਕਾ ਸੁਣਾਇਆ ਤਾਂ ਸੰਗਤਾਂ ਭੁੱਬਾਂ ਮਾਰ ਕੇ ਰੋਣ ਲੱਗ ਪਈਆਂ ਪ੍ਰੰਤੂ ਦਸਮੇਸ਼ ਪਿਤਾ ਬੜੇ ਧੀਰਜ ਨਾਲ ਸਭ ਕੁਝ ਸੁਣਦੇ ਰਹੇ ਅਤੇ ਪਾਸ ਇਕ ਉੱਗੇ ਕਾਹੀ ਦੇ ਬੂਟੇ ਦੀਆਂ ਜੜ੍ਹਾਂ ਨੂੰ ਸਹਿਜ ਸੁਭਾਏ ਤੀਰ ਦੀ ਨੋਕ ਨਾਲ ਫਰੋਲਦੇ ਰਹੇ। ਜਦੋਂ ਨੂਰਾ ਮਾਹੀ ਸਾਰੀ ਵਿਥਿਆ ਸੁਣਾ ਚੁੱਕਿਆ ਤਾਂ ਸਤਿਗੁਰਾਂ ਨੇ ਕਾਹੀ ਦੇ ਬੂਟੇ ਨੂੰ ਜੜ੍ਹੋਂ ਪੁੱਟ ਕੇ ਬਚਨ ਕੀਤੇ ਕਿ ਹੁਣ ਸਮਝੋ ਜ਼ੁਲਮ ਦੀ ਜੜ੍ਹ ਪੁੱਟੀ ਗਈ। ਸੰਗਤਾਂ ਨੂੰ ਧੀਰਜ ਦਿੱਤਾ ਅਤੇ ਕਿਹਾ ਕਿ ਸਾਹਿਬਜ਼ਾਦੇ ਸ਼ਹਾਦਤ ਦਾ ਜਾਮ ਪੀ ਕੇ ਆਪਣਾ ਜੀਵਨ ਕੌਮ ਤੇ ਦੇਸ਼ ਦੇ ਲੇਖੇ ਲਾ ਗਏ ਹਨ। ਉਨ੍ਹਾਂ ਦੀ ਸ਼ਹਾਦਤ ਰੰਗ ਲਿਆਏਗੀ ਅਤੇ ਉਹ ਸਦਾ ਮੇਰੇ ਸਿੱਖ ਸੂਰਮਿਆਂ ਦੇ ਦਿਲਾਂ ਅੰਦਰ ਜੀਵਤ ਰਹਿਣਗੇ। ਸੰਸਾਰ ਦੇ ਇਤਿਹਾਸ ਵਿਚ 'ਧੀਰਜ' ਦੀ ਇਹ ਇਕ ਅਦਭੁਤ ਮਿਸਾਲ ਹੈ।

ਦਸਮੇਸ਼ ਪਿਤਾ ਜੀ ਨੇ ਆਪਣੀ ਬਾਣੀ ਕ੍ਰਿਸ਼ਨ ਅਵਤਾਰ ਵਿਚ ਅਜਿਹੇ ਮਨੁੱਖ ਨੂੰ ਧੰਨ ਧੰਨ ਅਤੇ ਆਦਰਸ਼ ਪ੍ਰਾਣੀ ਆਖਿਆ ਹੈ ਜੋ ਹਰ ਔਖੀ ਘੜੀ ਵਿਚ 'ਧੀਰਜ' ਨੂੰ ਧਾਰਨ ਕਰੀ ਰੱਖਦਾ ਹੈ। ਆਪ ਜੀ ਦੇ ਬਚਨ ਹਨ :

ਸਵੈਯਾ :

ਧੰਨ ਜੀਓੁ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥
ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜੀਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥

ਪ੍ਰਭੂ ਦੇ ਸੇਵਕਾਂ ਦਾ ਉਸਦੇ ਦਰਸ਼ਨਾਂ ਤੋਂ ਬਿਨਾਂ ਹਰ ਵੇਲੇ ਜੀਉੜਾ ਬਿਹਬਲ ਰਹਿੰਦਾ ਹੈ। ਉਹ ਤਾਂ ਪਰਮਾਤਮਾ ਦੇ ਦਰਸ਼ਨਾਂ ਤੋਂ ਬਿਨਾਂ ਇਕ ਪਲ ਲਈ ਵੀ ਧੀਰਜ ਨਹੀਂ ਕਰ ਸਕਦੇ। ਸਿਰੀਰਾਗੁ ਵਿਚ ਗੁਰੂ ਅਰਜਨ ਦੇਵ ਜੀ ਦੇ ਬੜੇ ਅਨਮੋਲ ਬਚਨ ਹਨ :

ਦਾਸਾ ਨਹ ਭਾਵਏ ਬਿਨੁ ਦਰਸਾਵਏ
ਇਕ ਖਿਨੁ ਧੀਰਜੁ ਕਿਉ ਕਰੈ॥ *(ਅੰਗ ੮੦)*

ਅਥਵਾ :

ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ
ਹਉ ਕਿਉ ਕਰਿ ਧੀਰਜੁ ਪਾਵਾ॥

(ਰਾਗੁ ਵਡਹੰਸੁ ਮਹਲਾ ੪, ਅੰਗ ੫੬੧)

ਪ੍ਰਭੂ ਦੇ ਦਰਸ਼ਨ ਕਿਵੇਂ ਹੋ ਸਕਦੇ ਹਨ ਤਾਂ ਕਿ ਮਨ ਵਿਚ ਧੀਰਜ ਬਣਿਆ ਰਹੇ। ਰਾਗੁ ਆਸਾ ਵਿਚ ਗੁਰੂ ਅਰਜਨ ਦੇਵ ਜੀ ਸੇਧ ਦੇ ਰਹੇ ਹਨ ਕਿ ਸਤਿ ਸੰਗਤਿ ਕੀਤਿਆਂ, ਮਨ ਭਗਤੀ ਵਿਚ ਜੁੜਦਾ ਹੈ ਜਿਸ ਸਦਕਾ ਧਰਮ ਤੇ ਧੀਰਜ ਦੀ ਪ੍ਰਾਪਤੀ ਹੁੰਦੀ ਹੈ। ਮਨ ਦੇ ਸਾਰੇ ਸ਼ੰਕੇ ਤੇ ਭੁਲੇਖੇ ਦੂਰ ਹੋ ਜਾਂਦੇ ਹਨ। ਮਨੁੱਖ ਵਿਚ ਆਤਮਿਕ ਅਡੋਲਤਾ ਪੈਦਾ ਹੁੰਦੀ ਹੈ। ਧੀਰਜ ਸਦਕਾ ਹਿਰਦੇ ਘਰ ਵਿਚ ਸਹਿਜ ਸੁਖ ਆ ਵੱਸਦਾ ਹੈ :

ਧਰਮ ਧੀਰਜ ਸਹਜ ਸੁਖੀਏ ਸਾਧਸੰਗਤਿ ਹਰਿ ਭਜੇ॥

(ਅੰਗ ੪੬੦)

ਅਥਵਾ :

ਕਰਿ ਕਿਰਪਾ ਮੋਹਿ ਸਾਧੁ ਮਿਲਾਇਆ॥
ਮਨੁ ਤਨੁ ਸੀਤਲੁ ਧੀਰਜੁ ਪਾਇਆ॥

(ਰਾਗੁ ਮਾਝ ਮਹਲਾ ੫, ਅੰਗ ੯੮)

ਭਾਵ ਪਰਮਾਤਮਾ ਦੀ ਕਿਰਪਾ ਸਦਕਾ ਸੰਤ ਜਨਾਂ ਨਾਲ ਮੇਰਾ ਮਿਲਾਪ ਹੋ ਗਿਆ ਹੈ, ਜਿਸ ਨਾਲ ਮੇਰੇ ਮਨ ਨੂੰ ਧੀਰਜ ਆ ਗਿਆ ਹੈ ਤੇ ਮੇਰਾ ਹਿਰਦਾ ਠੰਡਾ-ਠਾਰ ਹੋ ਗਿਆ ਹੈ।

ਰਾਗੁ ਗਉੜੀ ਵਿਚ ਵੀ ਪੰਚਮ ਪਾਤਸ਼ਾਹ ਇਸੇ ਵਿਚਾਰ ਨੂੰ ਦ੍ਰਿੜ ਕਰਵਾ ਰਹੇ ਹਨ :

ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ॥

(ਅੰਗ ੨੦੬)

ਭਗਤ ਨਾਮਦੇਵ ਜੀ ਆਪਣੇ ਅਨੁਭਵ ਦਰਸਾ ਰਹੇ ਹਨ ਕਿ ਪ੍ਰਭੂ ਦੇ ਨਾਮ ਜਪਣ ਨਾਲ ਮੇਰੇ ਅੰਦਰ ਠੰਡ ਪੈ ਜਾਂਦੀ ਹੈ ਅਤੇ ਮਨ ਨੂੰ ਧੀਰਜ ਆ ਜਾਂਦਾ ਹੈ :

ਜਬ ਦੇਖਾ ਤਬ ਗਾਵਾ॥
ਤਉ ਜਨ ਧੀਰਜੁ ਪਾਵਾ॥

(ਰਾਗੁ ਸੋਰਠਿ, ਅੰਗ ੬੫੬-੬੫੭)

ਧੀਰਜ ਇਕ ਅਜਿਹਾ ਦੈਵੀ ਗੁਣ ਹੈ ਜਿਸ ਨਾਲ ਪ੍ਰਾਣੀ ਦੇ ਹਿਰਦੇ ਵਿਚ ਸ਼ਾਂਤੀ ਤੇ ਠੰਡ ਤਾਂ ਵਰਤਦੀ ਹੀ ਹੈ ਪ੍ਰੰਤੂ ਅਜਿਹੇ ਧੀਰਜ ਵਾਲੇ ਮਨੁੱਖ ਦਾ ਹਰ ਕੋਈ ਸਤਿਕਾਰ ਕਰਦਾ ਹੈ ਭਾਵ ਉਸ ਦੀ ਹਰ ਪਾਸੇ ਸੋਭਾ ਤੇ ਪ੍ਰਸੰਸਾ ਹੁੰਦੀ ਹੈ। ਗੁਰਵਾਕ ਹੈ :

ਧੀਰਜੁ ਜਸੁ ਸੋਭਾ ਤਿਹ ਬਨਿਆ॥
ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ॥

(ਰਾਗੁ ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੭)

ਪ੍ਰਭੂ ਦਾ ਓਟ-ਆਸਰਾ ਲੈਣ ਵਾਲੇ ਮਨੁੱਖ ਦਾ ਸੁਭਾਅ ਧੀਰਜ ਵਾਲਾ ਬਣ ਜਾਂਦਾ ਹੈ। ਉਸ ਤੇ ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ ਜਿਸ ਸਦਕਾ ਉਹ ਜੀਵਨ-ਮੁਕਤ ਹੋ ਜਾਂਦਾ ਹੈ। ਨਾਮ ਜਪ ਕੇ ਉਹ ਕੇਵਲ ਆਪ ਇਸ ਭਵ-ਸਾਗਰ ਤੋਂ ਨਹੀਂ ਤਰਦਾ ਸਗੋਂ ਦੂਜਿਆਂ ਦਾ ਬੇੜਾ ਵੀ ਬੰਨੇ ਲਾ ਦਿੰਦਾ ਹੈ। ਕਲਹ-ਕਲੇਸ਼ਾਂ ਵਿਚ ਵੀ ਮਨ ਦਾ ਟਿਕਾਓ ਬਣਿਆ ਰਹਿੰਦਾ ਹੈ ਅਤੇ ਲਿਵ ਪ੍ਰਭੂ ਦੇ ਚਰਨਾਂ ਵਿਚ ਜੁੜੀ ਰਹਿੰਦੀ ਹੈ :

ਕਰਹਿ ਸੁ ਹੋਈਐ ਹਾਂ॥
ਸਹਜਿ ਸੁਖਿ ਸੋਈਐ ਹਾਂ॥
ਧੀਰਜ ਮਨਿ ਭਏ ਹਾਂ॥
ਪ੍ਰਭ ਕੈ ਦਰਿ ਪਏ ਮੇਰੇ ਮਨਾ॥

(ਰਾਗੁ ਆਸਾ ਮਹਲਾ ੫, ਅੰਗ ੪੧੦)

ਭੱਟ ਕਲਸਹਾਰ ਜੀ ਦਾ 'ਸਵਈਏ ਮਹਲੇ ਤੀਜੇ ਕੇ' ਦੇ 7ਵੇਂ ਸਵਈਏ ਵਿਚ ਕਥਨ ਹੈ ਕਿ ਸਤਿ ਦੇ ਸੂਰਮੇ, ਸੀਲਵੰਤ, ਸ਼ਾਂਤ-ਸੁਭਾਉ ਅਤੇ ਡੂੰਘੀ ਮੱਤ ਵਾਲੇ ਗੁਰੂ ਅਮਰਦਾਸ ਜੀ ਦੀ ਲਿਵ ਹਰ ਵੇਲੇ ਹਰੀ ਦੇ ਨਾਮ ਵਿਚ ਲੀਨ ਰਹਿੰਦੀ ਹੈ। ਉਨ੍ਹਾਂ ਦਾ ਧੀਰਜ-ਰੂਪੀ ਝੰਡਾ ਬੈਕੁੰਠ ਦੇ ਪੁਲ ਤੇ ਬਣਿਆ ਹੋਇਆ ਹੈ ਜਿਸ ਤੋਂ ਪ੍ਰੇਰਨਾ ਲੈ ਕੇ ਸਿੱਖ ਸੇਵਕ ਭਵ-ਸਾਗਰ ਤੋਂ ਪਾਰ ਹੋ ਕੇ ਮੁਕਤ ਹੋ ਜਾਂਦੇ ਹਨ। ਭਾਵ ਗੁਰੂ ਅਮਰਦਾਸ ਜੀ ਦਾ ਧੀਰਜ ਵਾਲਾ ਸੁਭਾਉ ਸੇਵਕਾਂ ਨੂੰ ਝੰਡਾ-ਰੂਪ ਹੋ ਕੇ ਮਾਰਗ ਦਰਸ਼ਨ ਦਿਖਾ ਰਿਹਾ ਹੈ :

ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ
ਸਘਨ ਗਰੂਅ ਮਤਿ ਨਿਰਵੈਰਿ ਲੀਣਾ॥
ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ॥
ਪਰਸਹਿ ਸੰਤ ਪਿਆਰੁ ਜਿਹ ਕਰਤਾਰਹ ਸੰਜੋਗੁ॥
ਸਤਿਗੁਰੂ ਸੇਵਿ ਸੁਖੁ ਪਾਇਓ ਅਮਰਿ ਗੁਰਿ ਕੀਤਉ ਜੋਗੁ॥

(ਅੰਗ ੧੩੯੩)

(37)

ਪੁੰਨ-ਦਾਨ

ਦਾਨ ਤੋਂ ਭਾਵ ਹੈ ਕਿਸੇ ਲੋੜਵੰਦ ਦੀ ਜਾਂ ਲੋਕ ਭਲਾਈ ਦੇ ਕੰਮਾਂ ਲਈ ਸਹਾਇਤਾ ਕਰਨਾ। ਇਹ ਤਨ, ਮਨ ਜਾਂ ਧਨ ਕਿਸੇ ਪ੍ਰਕਾਰ ਦੀ ਹੋ ਸਕਦੀ ਹੈ। ਵੱਖ-ਵੱਖ ਆਸ਼ਰਮ, ਧਾਰਮਿਕ ਅਸਥਾਨ ਦਾਨ ਦੁਆਰਾ ਹੀ ਚਲਦੇ ਹਨ। ਵਿੱਦਿਆ ਅਤੇ ਸਿਹਤ ਸੰਸਥਾਵਾਂ ਦੇ ਪਰਸਾਰ ਵਿਚ ਦਾਨ ਦਾ ਬੜਾ ਮਹੱਤਵ ਹੈ। ਇਹ ਤਨ ਜਾਂ ਧਨ ਦਾ ਸੰਸਾਰੀ ਦਾਨ ਹੈ ਜਿਸ ਦੁਆਰਾ ਪ੍ਰਾਣੀ ਆਪਣਾ ਅਗਲਾ ਸੁਆਰਨਾ ਚਾਹੁੰਦਾ ਹੈ ਜਾਂ ਫਿਰ ਕੀਤੇ ਗੁਨਾਹਾਂ ਦੇ ਭਾਰ ਨੂੰ ਹੌਲਾ ਕਰਨਾ ਤਾਂ ਕਿ ਅੱਗੇ ਜਾ ਕੇ ਉਸ ਨੂੰ ਇਸ ਕੀਤੇ ਦਾਨ ਦਾ ਫਲ ਮਿਲ ਸਕੇ। ਕੁਝ ਧਾਰਮਿਕ ਰੁਚੀ ਵਾਲੇ ਅਜਿਹੇ ਵਿਅਕਤੀ ਵੀ ਹਨ ਜਿਨ੍ਹਾਂ ਦਾ ਸੁਭਾਉ ਹੀ ਅਜਿਹਾ ਹੁੰਦਾ ਹੈ ਕਿ ਉਹ ਬਿਨਾਂ ਕਿਸੇ ਲਾਲਚ ਜਾਂ ਸੁਆਰਥ ਦੇ ਦੂਜਿਆਂ ਦੀ ਸਹਾਇਤਾ ਕਰਦੇ ਹਨ।

ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣਾ ਗੁਰਮਤਿ ਦੇ ਤਿੰਨ ਮਹੱਤਵਪੂਰਨ ਸਿਧਾਂਤ ਹਨ। ਕੀਤੀ ਕਿਰਤ ਕਮਾਈ ਭਾਵੇਂ ਉਹ ਧਨ-ਦੌਲਤ ਹੈ ਜਾਂ ਕੋਈ ਹੋਰ ਵਿੱਦਿਆ ਆਦਿਕ ਦਾ ਗੁਣ, ਉਸਨੂੰ ਦੂਜਿਆਂ ਨਾਲ ਸਾਂਝਾ ਕਰਨਾ ਕਲਿਆਣਕਾਰੀ ਸਿਧਾਂਤਾਂ ਦਾ ਪ੍ਰਤੀਕ ਹੈ। ਪਰਮਾਤਮਾ ਵਲੋਂ ਦਿੱਤੀਆਂ ਗਈਆਂ ਦਾਤਾਂ ਨੂੰ ਜੇ ਜੀਵ ਆਪ ਮਾਣਦੇ ਹੋਏ ਇਨ੍ਹਾਂ ਨੂੰ ਦੂਜਿਆਂ ਵਿਚ ਵਰਤੀਂਦੇ ਹਨ ਉਨ੍ਹਾਂ ਪਾਸ ਫਿਰ ਕਿਸੇ ਪ੍ਰਕਾਰ ਦੀ ਕਮੀ ਜਾਂ ਤੋਟ ਨਹੀਂ ਰਹਿੰਦੀ ਸਗੋਂ ਇਹ ਭੰਡਾਰ ਵਧਦੇ ਹੀ ਜਾਂਦੇ ਹਨ। ਗੁਰਵਾਕ ਹੈ :

ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥

(ਰਾਗੁ ਗਉੜੀ ਮਹਲਾ ੫, ਅੰਗ ੧੮੬)

ਪੁੰਨ ਦਾਨ ਦਿੱਤਾ ਉਹੀ ਸਫ਼ਲ ਹੈ ਜੋ ਕੀਤੀ ਹੋਈ ਕਿਰਤ ਦੀ ਕਮਾਈ ਭਾਵ ਧਰਮ ਦੀ ਕਮਾਈ ਵਿਚੋਂ ਦਿੱਤਾ ਜਾਵੇ। ਦੂਜਿਆਂ ਦਾ ਹੱਕ ਖੋਹ ਕੇ, ਵੱਢੀਆਂ, ਰਿਸ਼ਵਤਾਂ ਆਦਿ ਦੁਆਰਾ ਇਕੱਠੇ ਕੀਤੇ ਧਨ ਵਿਚੋਂ ਦਾਨ ਦੇਣਾ ਪ੍ਰਵਾਨ ਨਹੀਂ। ਗੁਰਵਾਕ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

(ਸਲੋਕ ਮਹਲਾ ੧, ਰਾਗੁ ਸਾਰਗ ਕੀ ਵਾਰ ਮਹਲਾ ੪, ਪੰਨਾ ੧੨੪੫)

ਇਸੇ ਲਈ ਗੁਰੂ ਨਾਨਕ ਦੇਵ ਜੀ ਮਲਕ ਭਾਗੋ ਦੇ ਭੋਜ ਤੇ ਨਹੀਂ ਗਏ ਸਨ ਕਿਉਂਕਿ ਮਲਕ ਭਾਗੋ ਦੇ ਮਾਲ੍ਹ ਪੂੜੇ ਗਰੀਬਾਂ ਕਿਰਤੀਆਂ ਦੀ ਖ਼ੂਨ ਪਸੀਨੇ ਦੀ ਕੀਤੀ ਕਮਾਈ 'ਚੋਂ ਤਿਆਰ ਕੀਤੇ ਹੋਏ ਸਨ।

ਦਾਨ ਜਾਤ ਜਾਂ ਕੁਲ ਦੇਖ ਕੇ ਨਹੀਂ ਦੇਣਾ ਚਾਹੀਦਾ। ਲੋੜਵੰਦਾਂ ਨੂੰ ਹੀ ਦੇਣਾ ਚਾਹੀਦਾ ਹੈ। ਅੱਜਕੱਲ੍ਹ ਬਹੁਤ ਸਾਰੇ ਅਜਿਹੇ ਟਰੱਸਟ ਅਤੇ ਸੰਸਥਾਵਾਂ ਬਣੀਆਂ ਹੋਈਆਂ

ਹਨ ਜੋ ਕਿਸੇ ਵਿਸ਼ੇਸ਼ ਵਰਗ ਜਾਂ ਸ਼੍ਰੇਣੀ ਦੇ ਲੋਕਾਂ ਨੂੰ ਹੀ ਸਹੂਲਤਾਂ ਜਾਂ ਸਹਾਇਤਾ ਦਿੰਦੀਆਂ ਹਨ। ਗੁਰਮਤਿ ਅਜਿਹੇ ਪੱਖਪਾਤ ਅਤੇ ਸੌੜੇ ਨਜ਼ਰੀਏ ਨੂੰ ਨਹੀਂ ਕਬੂਲਦੀ। ਤਨਖ਼ਾਹਨਾਮੇ ਵਿਚ ਅੰਕਤ ਹੈ ਕਿ ਜੋ ਲੋੜਵੰਦਾਂ ਦੀ ਸਹਾਇਤਾ ਨਹੀਂ ਕਰਦੇ ਉਨ੍ਹਾਂ ਨੂੰ ਪਰਮਾਤਮਾ ਦੀ ਦਰਗਾਹ ਵਿਚ ਢੋਈ ਨਹੀਂ ਮਿਲਦੀ। ਮਾਣ-ਸਨਮਾਨ ਪ੍ਰਾਪਤ ਨਹੀਂ ਹੁੰਦਾ :

ਅਤਿਥਿ ਦੇਖ ਨਹਿ ਦੇਵੈ ਦਾਨ॥
ਸੋ ਨਹਿ ਪਾਵੈ ਦਰਗਹਿ ਮਾਨ॥

ਉੱਚੀ ਜਾਤੀ ਦਾ ਅਭਿਮਾਨ ਕਰਨ ਵਾਲੇ ਪਰੋਹਤਾਂ ਨੂੰ ਦਾਨ ਦੇਣ ਦੀ ਬਜਾਏ ਦਸਮੇਸ਼ ਪਿਤਾ ਉਨ੍ਹਾਂ ਗੁਰਸਿੱਖਾਂ ਨੂੰ ਦਾਨ ਦੇਣਾ ਭਲਾ ਸਮਝਦੇ ਹਨ ਜੋ ਸਿਦਕੀ ਸੂਰਮੇ ਆਪਾ ਵਾਰ ਕੇ ਵੀ ਦੂਜਿਆਂ ਦੀ ਰੱਖਿਆ ਕਰਦੇ ਹਨ :

ਦਾਨ ਦਯੋ ਇਨ ਹੀ ਕੋ ਭਲੋ
ਅਰੁ ਆਨ ਕੋ ਦਾਨ ਨ ਲਾਗਤ ਨੀਕੋ॥

(ਗਿਆਨ ਪ੍ਰਬੋਧ, ਪਾਤਸ਼ਾਹੀ ੧੦)

ਸਮਾਜ ਵਲੋਂ ਲਿਤਾੜੇ ਹੋਏ ਲੋਕਾਂ ਨੂੰ ਐਨਾ ਮਾਣ ਅਤੇ ਸਨਮਾਨ ਦੇਣਾ ਭਾਰਤੀ ਇਤਿਹਾਸ ਵਿਚ ਇਕ ਬਹੁਤ ਵੱਡਾ ਕ੍ਰਾਂਤੀਕਾਰੀ ਪਰਿਵਰਤਨ ਸੀ ਜਿਸ ਤੇ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਬੁਨਿਆਦ ਰੱਖੀ ਸੀ। ਸਿੱਖ ਧਰਮ ਦਾ ਤਾਂ ਆਸ਼ਾ ਹੈ :

ਕਹੇ ਗੋਬਿੰਦ ਨੰਦ ਲਾਲ ਜੀ ਸਿਖ ਧਰਮ ਹੈ ਇਹ।
ਨਾਮ ਦਾਨ ਇਸ਼ਨਾਨ ਬਿਨ ਕਰੇ ਨ ਕਬ ਸਿਉਂ ਨੇਹ।

ਆਦਿ ਤੋਂ ਹੀ ਪ੍ਰਾਣੀ ਸਚਿਆਰ ਦੀ ਭਾਲ ਵਿਚ ਲੱਗਾ ਹੋਇਆ ਹੈ। ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਬੜੇ ਅਨਮੋਲ ਬਚਨ ਹਨ ਕਿ ਜੀਵਾਂ ਤੇ ਤਰਸ ਅਤੇ ਦਇਆ ਕੀਤਿਆਂ ਅਤੇ ਲੋੜਵੰਦਾਂ ਨੂੰ ਪੁੰਨ-ਦਾਨ ਕਰਨ ਨਾਲ ਉਸ ਸਚਿਆਰ ਪ੍ਰਭੂ ਦੇ ਭੇਦਾਂ ਨੂੰ ਪਾ ਸਕੀਦਾ ਹੈ :

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥ *(ਅੰਗ ੪੬੮)*

ਗੁਰੂ ਅਰਜਨ ਦੇਵ ਜੀ ਰਾਗੁ ਟੋਡੀ ਵਿਚ ਪ੍ਰਾਣੀ ਨੂੰ ਸੁਚੇਤ ਕਰ ਰਹੇ ਹਨ ਕਿ ਦਿਨ ਰਾਤ ਦੌੜ-ਭੱਜ ਕਰਕੇ ਸੂਮਾਂ ਵਾਂਗ ਮਾਇਆ ਇਕੱਠਿਆਂ ਕਰਨ ਦਾ ਕੀ ਲਾਭ ਜੇਕਰ ਅਜਿਹੀ ਕੀਤੀ ਕਮਾਈ ਵਿਚੋਂ ਪ੍ਰਾਣੀ ਪੁੰਨ-ਦਾਨ ਨਹੀਂ ਕਰਦਾ :

ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ॥
ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ॥

(ਅੰਗ ੭੧੨)

ਇਹ ਭੁੱਲਣਾ ਨਹੀਂ ਚਾਹੀਦਾ ਕਿ ਸਾਰਿਆਂ ਨੂੰ ਦਾਤਾਂ ਦੇਣ ਵਾਲਾ ਤਾਂ ਪ੍ਰਭੂ ਆਪ ਹੈ। ਅਸੀਂ ਤਾਂ ਸਾਰੇ ਉਸਦੇ ਦਰ ਤੇ ਭਿਖਾਰੀ ਹਾਂ। ਜੋ ਕੁਝ ਅਸੀਂ ਕਿਸੇ ਨੂੰ ਦਾਨ ਵਜੋਂ ਦਿੰਦੇ ਹਾਂ ਸਭ ਉਸਦੀਆਂ ਬਖ਼ਸ਼ਿਸ਼ ਕੀਤੀਆਂ ਦਾਤਾਂ ਵਿਚੋਂ ਹੀ ਦਿੰਦੇ ਹਾਂ :

ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ॥

(ਰਾਗੁ ਸੋਰਠਿ ਮਹਲਾ ੧, ਅੰਗ ੫੯੭)

ਦਾਨ ਦੇਣ ਲੱਗਿਆਂ ਮਨ ਵਿਚ ਹਉਮੈ ਜਾਂ ਹੰਕਾਰ ਨਹੀਂ ਆਉਣਾ ਚਾਹੀਦਾ। ਦਿੱਤੇ

ਹੋਏ ਦਾਨ ਦਾ ਢੰਡੋਰਾ ਨਹੀਂ ਪਿੱਟਣਾ ਚਾਹੀਦਾ। ਆਮ ਦੇਖਿਆ ਗਿਆ ਹੈ ਕਿ ਜਦੋਂ ਵਿਅਕਤੀ ਦਾਨ ਦੁਆਰਾ ਕਿਸੇ ਲੋੜਵੰਦ ਜਾਂ ਕਿਸੇ ਸੰਸਥਾ ਦੀ ਸਹਾਇਤਾ ਕਰਦਾ ਹੈ ਤਾਂ ਬੜੇ ਅਡੰਬਰ ਰਚੇ ਜਾਂਦੇ ਹਨ। ਵਿਅਕਤੀ ਦੇ ਗਲ ਵਿਚ ਫੁੱਲਾਂ ਦੇ ਹਾਰ ਪਾ ਕੇ ਸਟੇਜਾਂ ਤੇ ਜੈਕਾਰੇ ਛੱਡੇ ਜਾਂਦੇ ਹਨ। ਦਾਨੀ ਦੇ ਨਾਂ ਤੇ ਪੱਥਰ ਲਗਾਏ ਜਾਂਦੇ ਹਨ। ਅਖ਼ਬਾਰਾਂ ਵਿਚ ਫੋਟੋਆਂ ਦਿੱਤੀਆਂ ਜਾਂਦੀਆਂ ਹਨ। ਇਹ ਦਾਨ ਨਹੀਂ ਸਗੋਂ ਆਪਣੀ ਵਾਹ-ਵਾਹ ਕਰਵਾਉਣੀ ਹੁੰਦੀ ਹੈ ਜੋ ਹਉਮੈ ਨੂੰ ਜਨਮ ਦਿੰਦੀ ਹੈ ਅਤੇ ਵਿਅਕਤੀ ਦੇ ਕੀਤੇ ਉੱਦਮ ਨਿਸਫਲ ਜਾਂਦੇ ਹਨ :

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥

(ਸਲੋਕ ਨੰਬਰ ੪੬, ਮਹਲਾ ੯, ਅੰਗ ੧੪੨੮)

ਭਾਵ ਤੀਰਥ ਇਸ਼ਨਾਨ ਕਰਨ, ਵਰਤ ਰੱਖਣ ਜਾਂ ਪੁੰਨ-ਦਾਨ ਕਰਨ ਨਾਲ ਜੇਕਰ ਇਨ੍ਹਾਂ ਦਾ ਮਨ ਵਿਚ ਹੰਕਾਰ ਜਾਂ ਗੁਮਾਨ ਆ ਜਾਂਦਾ ਹੈ ਤਾਂ ਇਹ ਕੀਤੇ ਕਰਮ ਸਭ ਵਿਅਰਥ ਹਨ। ਇਹ ਤਾਂ ਉਸ ਹਾਥੀ ਵਾਂਗ ਹੈ ਜੋ ਨਹਾ ਕੇ ਬਾਅਦ ਵਿਚ ਆਪਣੇ ਸਰੀਰ ਤੇ ਮਿੱਟੀ ਘੱਟਾ ਪਾ ਲੈਂਦਾ ਹੈ ਅਰਥਾਤ ਉਸਦਾ ਇਸ਼ਨਾਨ ਦਾ ਕੀਤਾ ਉੱਦਮ ਨਿਹਫਲ ਜਾਂਦਾ ਹੈ।

ਇਸ ਵਿਚ ਕੋਈ ਸ਼ੰਕਾ ਵਾਲੀ ਗੱਲ ਨਹੀਂ ਕਿ ਦਾਨ ਦੀ ਬੜੀ ਸਮਾਜਿਕ ਮਹੱਤਤਾ ਹੈ ਪਰ ਗੁਰਬਾਣੀ ਵਿਚ ਧਨ-ਪਦਾਰਥਾਂ ਦੇ ਦਾਨ ਨਾਲੋਂ ਨਾਮ ਦਾਨ ਦੀ ਬੜੀ ਵਡਿਆਈ ਹੈ। ਨਾਮ ਦੁਆਰਾ ਜੀਵ ਨੂੰ ਪ੍ਰਭੂ ਨਾਲ ਜੋੜਣਾ ਹੀ ਸਭ ਤੋਂ ਮਹਾਨ ਦਾਨ ਕਰਕੇ ਜਾਣਿਆ ਜਾਂਦਾ ਹੈ। ਗੁਰੂ ਪੰਚਮ ਪਾਤਸ਼ਾਹ ਦੇ ਰਾਗੁ ਮਾਝ ਬਾਰਹਮਾਹਾ ਵਿਚ ਬਚਨ ਹਨ ਕਿ ਪਰਮਾਤਮਾ ਦੀ ਸਿਫ਼ਤ-ਕੀਤਿਆਂ ਅਤੇ ਦੂਜਿਆਂ ਨੂੰ ਇਹ ਨਾਮ ਦੀ ਦਾਤ ਵੰਡਣ ਨਾਲ ਜੀਵ ਦੀ ਜਨਮਾਂ ਜਨਮਾਤਰਾਂ ਦੇ ਕੀਤੇ ਕਰਮਾਂ ਤੋਂ ਪੈਦਾ ਹੋਈ ਵਿਕਾਰਾਂ ਦੀ ਮੈਲ ਮਨ ਤੋਂ ਲਹਿ ਜਾਂਦੀ ਹੈ ਅਤੇ ਹਉਮੈ ਜਾਂਦੀ ਰਹਿੰਦੀ ਹੈ :

ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥ *(ਅੰਗ ੧੩੫)*

ਅਥਵਾ :

ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ
ਐਸੋ ਦਾਨੁ ਨਿਤ ਨਿਤਹਿ ਕੀਜੈ॥
ਆਤਮ ਜਉ ਨਿਰਮਾਇਲੁ ਕੀਜੈ
ਆਪ ਬਰਾਬਰਿ ਕੰਚਨੁ ਦੀਜੈ
ਰਾਮ ਨਾਮ ਸਰਿ ਤਊ ਨ ਪੂਜੈ॥

(ਰਾਗੁ ਰਾਮਕਲੀ ਭਗਤ ਨਾਮਦੇਵ ਜੀ, ਅੰਗ ੯੭੩)

ਭਾਵ ਭਾਵੇਂ ਘੋੜੇ, ਹਾਥੀ, ਜ਼ਮੀਨ ਅਤੇ ਆਪਣਾ ਸਭ ਕੁਝ ਦਾਨ ਕਰ ਦੇਈਏ। ਆਪਣੇ ਬਰਾਬਰ ਸੋਨਾ ਤੋਲ ਕੇ ਵੀ ਦਾਨ ਕਰ ਦੇਈਏ ਅਤੇ ਸਦਾ ਅਜਿਹਾ ਦਾਨ ਕਰਦੇ ਰਹੀਏ ਫਿਰ ਵੀ ਇਹ ਸਭ ਦਾਨ ਪ੍ਰਭੂ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ।

ਇਸ ਪ੍ਰਕਾਰ ਪੁੰਨ-ਦਾਨ ਬਾਰੇ ਲੋਕਾਂ ਦੇ ਮਨਾਂ ਅੰਦਰ ਪਏ ਭਰਮ ਭੁਲੇਖਿਆਂ ਨੂੰ

ਦੂਰ ਕਰਨ ਲਈ ਗੁਰਬਾਣੀ ਵਿਚ ਮਨੁੱਖ ਨੂੰ ਵਾਰ-ਵਾਰ ਸੁਚੇਤ ਕੀਤਾ ਗਿਆ ਹੈ ਕਿ ਸਿਮਰਨ ਤੋਂ ਬਿਨਾਂ ਭਲਾਈ ਦੇ ਕੀਤੇ ਚੰਗੇ ਕੰਮ ਅਤੇ ਪੁੰਨ ਦਾਨ ਆਦਿ ਕੋਈ ਐਨੀ ਮਹੱਤਤਾ ਨਹੀਂ ਰੱਖਦੇ ਭਾਵ ਪ੍ਰਾਣੀ ਨੇ ਜਿੱਥੇ ਪੁੰਨ ਦਾਨ ਅਤੇ ਹੋਰ ਚੰਗੇ ਕੰਮ ਕਰਨੇ ਹਨ, ਉੱਥੇ ਪ੍ਰਭੂ ਦੇ ਨਾਮ ਵਿਚ ਜੁੜਨ ਦਾ ਉੱਦਮ ਵੀ ਕਰਨਾ ਹੈ :

ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥

(ਸਿਰੀਰਾਗੁ ਅਸਟਪਦੀਆ, ਮਹਲਾ ੧, ਅੰਗ ੫੬)

ਅਥਵਾ :

ਪੁੰਨ ਦਾਨ ਨ ਤੁਲਿ ਕਿਰਿਆ
ਹਰਿ ਸਰਬ ਪਾਪਾ ਹੰਤ ਜੀਉ ॥

(ਰਾਗੁ ਰਾਮਕਲੀ ਛੰਤ ਮਹਲਾ ੫, ਅੰਗ ੯੨੭)

ਭਾਵ ਪਰਮਾਤਮਾ ਦਾ ਨਾਮ ਸਾਰੇ ਪਾਪਾਂ ਨੂੰ ਨਾਸ ਕਰਨ ਵਾਲਾ ਹੈ। ਪੁੰਨ-ਦਾਨ ਜਾਂ ਕੋਈ ਧਾਰਮਿਕ ਕੰਮ ਨਾਮ-ਸਿਮਰਨ ਦੇ ਬਰਾਬਰ ਨਹੀਂ ਹਨ।

ਇਸੇ ਲਈ ਰਾਗੁ ਗਉੜੀ ਸੁਖਮਨੀ ਵਿਚ ਸਤਿਗੁਰੂ ਜੀ ਭਿਖਾਰੀ (ਜਾਚਕ) ਦੇ ਰੂਪ ਵਿਚ ਪਰਮਾਤਮਾ ਦੇ ਦਰ ਤੋਂ ਨਾਮ ਦਾਨ ਦੀ ਜਾਚਨਾ ਕਰ ਰਹੇ ਹਨ :

ਜਾਚਕ ਜਨੁ ਜਾਚੈ ਪ੍ਰਭ ਦਾਨੁ ॥
ਕਰਿ ਕਿਰਪਾ ਦੇਵਹੁ ਹਰਿ ਨਾਮੁ ॥ *(ਅੰਗ ੨੮੯)*

ਅਥਵਾ :

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

(ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੦੬)

ਰਾਗੁ ਸਾਰਗ ਕੀ ਵਾਰ ਮਹਲਾ ੪ ਵਿਚ ਗੁਰੂ ਨਾਨਕ ਦੇਵ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦਾ ਫ਼ਰਮਾਨ ਹੈ ਕਿ ਪਰਮਾਤਮਾ ਦਾ ਨਾਮ-ਸਿਮਰਨ ਕਰਨਾ ਬੜੀ ਅਕਲ ਵਾਲੀ ਗੱਲ ਹੈ ਜਿਸ ਕਾਰਨ ਬੜੀ ਇੱਜ਼ਤ ਤੇ ਮਾਣ ਮਿਲਦਾ ਹੈ। ਜੇਕਰ ਇਸੇ ਅਕਲ ਨੂੰ ਵਾਦ-ਵਿਵਾਦ ਵਿਚ ਗੁਆ ਦੇਈਏ ਤਾਂ ਇਸ ਨੂੰ ਅਕਲ ਵਾਲੀ ਗੱਲ ਨਹੀਂ ਕਿਹਾ ਜਾ ਸਕਦਾ। ਅਕਲ ਤਾਂ ਇਸ ਵਿਚ ਹੈ ਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੀਏ। ਉਸਦੇ ਗੁੱਝੇ ਭੇਦਾਂ ਨੂੰ ਸਮਝੀਏ ਅਤੇ ਦੂਜਿਆਂ ਨੂੰ ਸਮਝਾਈਏ :

ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥
ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥ *(ਅੰਗ ੧੨੪੫)*

ਇਸ ਲਈ ਸੁਖੀ ਜੀਵਨ ਜੀਊਣ ਲਈ ਦੁਨਿਆਵੀ ਧਨ-ਪਦਾਰਥਾਂ ਦੇ ਨਾਲ ਨਾਲ, ਨਿੱਤ ਦੀ ਕੀਤੀ ਅਰਦਾਸ 'ਦਾਨਾਂ ਸਿਰ ਦਾਨ ਨਾਮ ਦਾਨ' ਦੇ ਮਹਾਤਮ ਨੂੰ ਸਦਾ ਚੇਤੇ ਰੱਖਣਾ ਚਾਹੀਦਾ ਹੈ।

38

ਕੀਰਤਨ

ਗੁਰਬਾਣੀ ਨੂੰ ਰਾਗੁ, ਸੁਰ, ਤਾਲ ਜਾਂ ਲੈਅ ਵਿਚ ਗਾਉਣ ਨੂੰ ਕੀਰਤਨ ਜਾਂ ਸ਼ਬਦ ਕੀਰਤਨ ਕਹਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀਆਂ ਨੂੰ ਛੱਡ ਕੇ ਬਾਕੀ ਸਾਰੀ ਬਾਣੀ ਰਾਗਾਂ ਵਿਚ ਉਚਾਰੀ ਹੋਈ ਹੈ ਪ੍ਰੰਤੂ ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਰਾਗੁ ਰਹਿਤ ਬਾਣੀ ਦੀ ਆਤਮਾ ਤੇ ਸਰੂਪ ਸੰਗੀਤ ਨਾਲ ਭਰਪੂਰ ਹੈ ਭਾਵ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਸਾਰੀ ਬਾਣੀ ਦਾ ਗਾ ਕੇ ਕੀਰਤਨ ਕੀਤਾ ਜਾ ਸਕਦਾ ਹੈ। ਗੁਰਮਤਿ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਦੇ ਨਾਲ-ਨਾਲ ਦਸਮ ਪਿਤਾ ਦੀ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿਤ ਅਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਦਾ ਕੀਤਾ ਹੋਇਆ ਗਾਇਨ ਨਿਰੋਲ ਕੀਰਤਨ ਮੰਨਿਆ ਜਾਂਦਾ ਹੈ।

ਖ਼ੁਸ਼ੀ ਹੋਵੇ ਜਾਂ ਗ਼ਮੀ, ਜੰਮਣ ਹੋਵੇ ਜਾਂ ਮਰਨ ਜਾਂ ਕੋਈ ਹੋਰ ਕੰਮ ਧੰਧਾ ਸ਼ੁਰੂ ਕਰਨਾ ਹੋਵੇ, ਗੁਰ ਮਰਯਾਦਾ ਅਨੁਸਾਰ ਵਾਹਿਗੁਰੂ ਅੱਗੇ ਜੋਦੜੀ ਕੀਰਤਨ ਦੁਆਰਾ ਹੀ ਕੀਤੀ ਜਾਂਦੀ ਹੈ। ਵੱਖ-ਵੱਖ ਗੁਰਧਾਮਾਂ ਤੋਂ ਨਿੱਤ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਕੀਰਤਨ ਸਰਵਣ ਕਰਦੀਆਂ ਹਨ। ਗੁਰਦੁਆਰਿਆਂ ਵਿਚ ਸਵੇਰੇ ਸ਼ਾਮ ਕੀਰਤਨ ਹੁੰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਤੜਕਸਾਰ ਤੋਂ ਲੈ ਕੇ ਰਾਤ ਤੱਕ ਕੀਰਤਨ ਦਾ ਪ੍ਰਵਾਹ ਚਲਦਾ ਹੈ। ਇਜ ਕੀਰਤਨ ਗੁਰਮਤਿ ਦਾ ਇਕ ਅਨਿੱਖੜਵਾਂ ਅੰਗ ਹੈ।

ਅਲਾਹੀ ਬਾਣੀ ਦਾ ਕੀਰਤਨ ਮਨੁੱਖ ਦੀਆਂ ਅੰਤਰੀਵ ਭਾਵਨਾਵਾਂ ਨੂੰ ਟੁੰਬਦਾ ਹੈ ਅਤੇ ਵਾਹਿਗੁਰੂ ਵਿਚ ਸੁਰਤ ਜੋੜਨ ਵਿਚ ਬੜਾ ਸਹਾਈ ਹੁੰਦਾ ਹੈ। ਗੁਰੂ ਅਮਰਦਾਸ ਜੀ ਸਿੱਖ ਸੰਗਤਾਂ ਨੂੰ ਬਾਣੀ ਦਾ ਕੀਰਤਨ ਕਰਨ ਲਈ ਪ੍ਰੇਰਦੇ ਹੋਏ ਬਚਨ ਕਰ ਰਹੇ ਹਨ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥

(ਰਾਗੁ ਰਾਮਕਲੀ ਅਨੰਦੁ, ਅੰਗ ੯੨੦)

ਬਾਣੀ ਨੂੰ ਗਾਉਣ ਜਾਂ ਕੀਰਤਨ ਕਰਨ ਦੀ ਪਿਰਤ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਪੈ ਚੁੱਕੀ ਸੀ। ਜਦੋਂ ਗੁਰੂ ਜੀ ਇਕ ਮਨ ਹੋ ਕੇ ਪ੍ਰਭੂ ਨਾਲ ਲਿਵ ਜੋੜਦੇ ਤਾਂ ਭਾਈ ਮਰਦਾਨਾ ਜੀ ਨੂੰ ਆਖਦੇ ਕਿ ਮਰਦਾਨਿਆਂ ਰਬਾਬ ਛੇੜ ਬਾਣੀ ਆਈ ਹੈ। ਜੰਗਲ ਬੀਆਬਾਨ ਵਿਚ ਜਦੋਂ ਭਾਈ ਮਰਦਾਨਾ ਜੀ ਰਬਾਬ ਵਜਾਉਂਦੇ ਅਤੇ ਗੁਰੂ ਜੀ ਧੁਰ ਕੀ ਬਾਣੀ ਦਾ ਕੀਰਤਨ ਕਰਦੇ ਹੋਣਗੇ ਤਾਂ ਗੁਰੂ ਬਾਬੇ ਦੇ ਮਿੱਠੇ ਬੋਲਾਂ ਨਾਲ ਨਿਸ਼ਚੇ ਹੀ ਸਾਰੀ ਕਾਇਨਾਤ ਵਿਚ ਠੰਡ ਤੇ ਸ਼ਾਂਤੀ ਵਰਤ ਜਾਂਦੀ ਹੋਵੇਗੀ।

ਭਾਈ ਗੁਰਦਾਸ ਜੀ ਨੇ ਗੁਰੂ ਜੀ ਵੇਲੇ ਪ੍ਰਚਲਤ ਹੋਏ ਕੀਰਤਨ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ :

ਘਰਿ ਘਰਿ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ॥

(ਵਾਰ ੧, ਪਉੜੀ ੨੭)

ਗੁਰੂ ਅਮਰਦਾਸ ਜੀ ਜਦੋਂ ਜੋਤੀ-ਜੋਤਿ ਸਮਾਉਣ ਲੱਗੇ ਤਾਂ ਸੰਗਤਾਂ ਨੂੰ ਗੁਰੂ ਰਾਮਦਾਸ ਜੀ ਦੇ ਲੜ ਲਾ ਕੇ, ਸਭ ਨੂੰ ਉਪਦੇਸ਼ ਕੀਤਾ ਸੀ ਕਿ ਉਨ੍ਹਾਂ ਦੇ ਪਿਛੋਂ ਕਿਸੇ ਨੇ ਰੋਣਾ ਜਾਂ ਵਿਰਲਾਪ ਨਹੀਂ ਕਰਨਾ ਸਗੋਂ ਨਿਰੋਲ (ਨਿਰਬਾਣ) ਕੀਰਤਨ ਕਰਨਾ ਹੈ :

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥

(ਰਾਮਕਲੀ ਸਦੁ, ਅੰਗ ੯੨੩)

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜੋਤੀ ਜੋਤਿ ਸਮਾਉਣ ਵੇਲੇ ਭਰੀ ਸੰਗਤ ਵਿਚ ਇੱਛਾ ਪ੍ਰਗਟ ਕੀਤੀ ਸੀ ਕਿ ਤੁਸੀਂ ਸਾਰੇ ਮਿਲ ਕੇ ਕੀਰਤਨ ਕਰੋ। ਜਦੋਂ ਤਾਈਂ ਅਸੀਂ ਸਰੀਰਕ ਚੋਲਾ ਨਾ ਛੱਡ ਦੇਈਏ ਤੁਸੀਂ ਕੀਰਤਨ ਦੀ ਲੜੀ ਨੂੰ ਜਾਰੀ ਰੱਖਣਾ। ਇਹ ਕਹਿ ਕੇ ਆਪ ਜੀ ਇਕ ਕੋਠੇ ਵਿਚ ਜਾ ਬੈਠੇ। ਪ੍ਰਭੂ ਚਰਨਾਂ ਵਿਚ ਅਖੰਡ ਸਮਾਧੀ ਲਾ ਕੇ ਕੀਰਤਨ ਦੇ ਅੰਮ੍ਰਿਤ ਰਸ ਨੂੰ ਮਾਣਦੇ ਰਹੇ। ਤੀਜੇ ਦਿਨ ਸਤਿਗੁਰਾਂ ਦੇ ਸੁਆਸਾਂ ਦੀ ਜੋਤੀ ਕੀਰਤਨ ਦੇ ਰਸ ਨੂੰ ਮਾਣਦੀ ਹੋਈ ਜੋਤਿ ਨਾਲ ਜਾ ਰਲੀ :

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

(ਰਾਗੁ ਬਿਲਾਵਲੁ ਮਹਲਾ ੫, ਅੰਗ ੮੪੬)

ਰਾਗ ਗਉੜੀ ਵਿਚ ਗੁਰੂ ਅਰਜਨ ਦੇਵ ਜੀ ਦਾ ਬੜਾ ਸੁੰਦਰ ਫ਼ਰਮਾਨ ਹੈ ਕਿ ਕੀਰਤਨ ਦੁਆਰਾ ਦੁੱਖਾਂ ਦੀ ਨਵਿਰਤੀ ਅਤੇ ਸੁਖਾਂ ਦੀ ਪਰਵਿਰਤੀ ਹੁੰਦੀ ਹੈ :

ਨਾਨਕ ਸੁਖੁ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ॥

(ਅੰਗ ੨੧੩)

ਕੀਰਤਨ ਕਰਨ ਅਤੇ ਸੁਣਨ ਨਾਲ ਮਨੁੱਖ ਦੀ ਖੋਟੀ ਮੱਤ ਨਾਸ ਹੋ ਜਾਂਦੀ ਹੈ ਅਤੇ ਮਨ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ।

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ॥
ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ॥

(ਰਾਗ ਕਾਨੜਾ ਮਹਲਾ ੧, ਅੰਗ ੧੩੦੦)

ਅਥਵਾ :

ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ॥
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ॥

(ਰਾਗ ਗਉੜੀ ਮਹਲਾ ੫, ਅੰਗ ੧੯੦)

ਆਪ ਜੀ ਦੇ ਰਾਗ ਸੂਹੀ ਵਿਚ ਹੋਰ ਬਚਨ ਹਨ ਕਿ ਪ੍ਰਭੂ ਦਾ ਜਸ ਗਾਉਣ ਨਾਲ ਵਿਕਾਰ ਨੇੜੇ ਨਹੀਂ ਆਉਂਦੇ :

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ॥ ੧॥

(ਅੰਗ ੭੪੭)

ਅਥਵਾ :

ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ॥

(ਗਉੜੀ ਕੀ ਵਾਰ ਮਹਲਾ ੫, ਅੰਗ ੩੨੨)

ਫਿਰ ਪ੍ਰਭੂ ਦੀ ਅਜਿਹੀ ਕਿਰਪਾ ਹੁੰਦੀ ਹੈ ਕਿ ਮਨ ਅੰਦਰੋਂ ਜਮ ਦਾ ਡਰ ਨਿਕਲ ਜਾਂਦਾ ਹੈ :

ਜੋ ਜਨੁ ਕਰੈ ਕੀਰਤਨੁ ਗੋਪਾਲ॥
ਤਿਸ ਕਉ ਪੋਹਿ ਨ ਸਕੈ ਜਮਕਾਲੁ॥ *(ਰਾਗੁ ਗੋਂਡ ਮਹਲਾ ੫, ਅੰਗ ੮੬੭)*

ਅਥਵਾ :

ਹਰਿ ਦਿਨੁ ਰੈਨਿ ਕੀਰਤਨੁ ਗਾਈਐ॥
ਬਹੁੜਿ ਨ ਜੋਨੀ ਪਾਈਐ॥ *(ਰਾਗੁ ਸੋਰਠਿ ਮਹਲਾ ੫, ਅੰਗ ੬੨੨)*

ਭਾਵ ਪ੍ਰਭੂ ਦੇ ਨਾਮ ਦਾ ਕੀਰਤਨ ਕਰਨ ਨਾਲ ਜਮ ਦੀ ਫਾਹੀ ਤੋਂ ਬਚੇ ਰਹੀਦਾ ਹੈ। ਪ੍ਰਾਣੀ ਨੂੰ ਜੂਨਾਂ ਵਿਚ ਭਟਕਣਾ ਨਹੀਂ ਪੈਂਦਾ। ਕੀਰਤਨ ਦੀ ਬਰਕਤ ਨਾਲ ਜਨਮ ਮਰਨ ਦਾ ਗੇੜ ਕੱਟਿਆ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਰਾਗੁ ਆਸਾ ਵਿਚ ਪ੍ਰਭੂ ਪਾਸੋਂ ਜਾਚਨਾ ਕਰ ਰਹੇ ਹਨ ਕਿ ਹੇ ਪ੍ਰਭੂ, ਉਹ ਕਿਹੜਾ ਪਾਵਨ ਅਸਥਾਨ ਹੈ ਜਿੱਥੇ ਹਰ ਵੇਲੇ ਤੇਰੇ ਨਾਮ ਦਾ ਕੀਰਤਨ ਹੁੰਦਾ ਹੈ :

ਸੋ ਅਸਥਾਨੁ ਬਤਾਵਹੁ ਮੀਤਾ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ॥ *(ਅੰਗ ੩੮੫)*

ਗੁਰਦੇਵ ਇਸਦਾ ਉੱਤਰ ਆਪ ਹੀ ਦਿੰਦੇ ਹਨ ਕਿ ਅਜਿਹਾ ਅਸਥਾਨ ਗੁਰੂ ਦੀ ਮਿਹਰ ਸਦਕਾ ਹੀ ਮਿਲਦਾ ਹੈ ਜਦੋਂ ਪ੍ਰਾਣੀ ਸਤਿਸੰਗਤ ਵਿਚ ਜੁੜ ਕੇ ਹਰੀ-ਜਸ ਦਾ ਕੀਰਤਨ ਕਰਦਾ ਹੈ, ਉਸਦੀ ਸਿਫ਼ਤ ਸਾਲਾਹ ਕਰਦਾ ਹੈ :

ਸਾਧਸੰਗਿ ਹਰਿ ਕੀਰਤਨੁ ਗਾਈਐ॥
ਇਹੁ ਅਸਥਾਨੁ ਗੁਰੂ ਤੇ ਪਾਈਐ॥ *(ਅੰਗ ੩੮੫)*

ਅਜਿਹਾ ਅਸਥਾਨ ਜਿੱਥੇ ਪ੍ਰਭੂ ਦੀ ਸਿਫ਼ਤ-ਸਾਲਾਹ ਹੁੰਦੀ ਹੈ, ਜਿੱਥੇ ਉਸਦੇ ਨਾਮ ਦੀ ਕੀਰਤੀ ਹੁੰਦੀ ਹੈ ਉਹ ਤਾਂ ਮਾਨੋ ਬੈਕੁੰਠ ਹੈ :

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥

(ਰਾਗੁ ਸੂਹੀ ਮਹਲਾ ੫, ਅੰਗ ੭੪੯)

ਕੀਰਤਨ ਦੀ ਵਡਿਆਈ ਕਥਨ ਤੋਂ ਬਾਹਰ ਹੈ। ਇਹ ਤਾਂ ਨਿਰਮੋਲਕ ਹੀਰਾ ਹੈ ਜਿਸਦਾ ਮੁੱਲ ਨਹੀਂ ਪਾਇਆ ਜਾ ਸਕਦਾ :

ਕੀਰਤਨੁ ਨਿਰਮੋਲਕ ਹੀਰਾ॥
ਆਨੰਦ ਗੁਣੀ ਗਹੀਰਾ॥ *(ਰਾਗੁ ਰਾਮਕਲੀ ਮਹਲਾ ੫, ਅੰਗ ੮੯੩)*

ਜੋ ਪ੍ਰਾਣੀ ਮਾਇਕ ਪਦਾਰਥਾਂ ਤੋਂ ਉਤਾਂਹ ਉੱਠ ਕੇ ਹਰੀ ਨਾਮ ਦਾ ਕੀਰਤਨ ਕਰਦੇ ਹਨ ਉਨ੍ਹਾਂ ਕੀਰਤਨ ਕਰਨ ਵਾਲੇ ਕੀਰਤਨੀਆਂ ਨੂੰ ਗੁਰੂ ਅਰਜਨ ਦੇਵ ਜੀ ਨੇ ਭਲੇ ਪੁਰਖ ਕਹਿ ਕੇ ਨਿਵਾਜਿਆ ਹੈ :

ਭਲੋ ਭਲੋ ਰੇ ਕੀਰਤਨੀਆ॥ ਰਾਮ ਰਮਾ ਰਾਮਾ ਗੁਨ ਗਾਉ॥
ਛੋਡਿ ਮਾਇਆ ਕੇ ਧੰਧ ਸੁਆਉ॥

(ਰਾਗੁ ਰਾਮਕਲੀ ਮਹਲਾ ੫, ਅੰਗ ੮੮੫)

ਗੁਰੂ ਜੀ ਨੇ ਪ੍ਰਭੂ ਦੇ ਨਾਮ ਦਾ ਕੀਰਤਨ ਕਰਨ ਵਾਲਿਆਂ ਨੂੰ ਕਿੰਨਾ ਮਾਣ ਅਤੇ ਸਤਿਕਾਰ ਦਿੱਤਾ ਹੈ ਪ੍ਰੰਤੂ ਸਤਿਗੁਰਾਂ ਨੇ ਨਾਲ ਇਹ ਵੀ ਬਚਨ ਕਰ ਦਿੱਤੇ ਹਨ ਕਿ ਕੀਰਤਨੀਆ ਤਾਂ ਹੀ ਭਲਾ ਹੈ ਜੇਕਰ ਉਹ ਮਾਇਆ ਦੇ ਪਿੱਛੇ ਨਹੀਂ ਦੌੜਦਾ।

ਸਤਿਗੁਰੂ ਜੀ ਰਾਗੁ ਗਉੜੀ ਵਿਚ ਜੀਵ ਨੂੰ ਸੁਚੇਤ ਕਰ ਰਹੇ ਹਨ ਕਿ ਵਿਕਾਰਾਂ ਤੋਂ ਬਚਣ ਲਈ ਪ੍ਰਭੂ ਦਾ ਕੀਰਤਨ ਕਰਨਾ ਸਭ ਤੋਂ ਉੱਤਮ ਕੰਮ ਹੈ ਜਿਸ ਨਾਲ ਮਨ ਤੇ ਲੱਗੀ ਹੋਈ ਮੈਲ ਧੋਤੀ ਜਾਂਦੀ ਹੈ :

ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ॥
ਹਰਿ ਕੀਰਤਨ ਮਹਿ ਏਹੁ ਮਨੁ ਜਾਗੈ॥ *(ਅੰਗ ੧੯੯)*

ਗੁਰਬਾਣੀ ਅਨੁਸਾਰ ਉਹ ਜੀਭਾ ਧੰਨ ਹੈ, ਭਾਗਾਂ ਵਾਲੀ ਹੈ ਜੋ ਪਰਮਾਤਮਾ ਦੇ ਗੁਣਾਂ ਦਾ ਗਾਇਣ ਕਰਦੀ ਹੈ ਅਤੇ ਉਹ ਕੰਨ ਬੜੇ ਸੋਹਣੇ ਅਤੇ ਸ਼ੋਭਨੀਕ ਹਨ ਜੋ ਮਾਲਕ ਪ੍ਰਭੂ ਦੇ ਨਾਮ ਦਾ ਕੀਰਤਨ ਸ੍ਰਵਣ ਕਰਦੇ ਹਨ :

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ
ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥
ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ
ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ॥
(ਰਾਗੁ ਬਿਹਾਗੜਾ ਮਹਲਾ ੪, ਅੰਗ ੫੪੦)

ਰਾਗੁ ਜੈਤਸਰੀ ਵਿਚ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ ਕਿ ਜੋ ਜੋ ਵੀ ਪ੍ਰਭੂ ਦਾ ਜਸ ਗਾਉਂਦੇ ਹਨ, ਉਸ ਦੇ ਨਾਮ ਦੀ ਸਿਫ਼ਤ-ਸਾਲਾਹ ਕਰਦੇ ਹਨ ਪ੍ਰਭੂ ਅਜਿਹੇ ਜੀਵਾਂ ਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ। ਉਸਦੀ ਮਿਹਰ ਸਦਕਾ ਪ੍ਰਾਣੀ ਦੇ ਸਾਰੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ ਅਤੇ ਫਿਰ ਉਹ ਮਾਇਆ ਦੇ ਚੱਕਰ ਅਤੇ ਮੋਹ ਵਿਚ ਨਹੀਂ ਫਸਦਾ :

ਦਇਆ ਕਰਣੰ ਦੁਖ ਹਰਣੰ ਉਚਰਣੰ ਨਾਮ ਕੀਰਤਨਹ॥
ਦਇਆਲ ਪੁਰਖ ਭਗਵਾਨਹ ਨਾਨਕ ਲਿਪਤ ਨ ਮਾਇਆ॥
(ਅੰਗ ੭੦੯-੧੦)

ਅਥਵਾ

ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥
(ਰਾਗੁ ਗਉੜੀ ਮਹਲਾ ੫, ਅੰਗ ੨੧੪)

ਆਪ ਜੀ ਦੇ ਇਕ ਹੋਰ ਬਚਨ ਹਨ :

ਗੁਰਬਾਣੀ ਗਾਵਹ ਭਾਈ॥
ਓਹ ਸਫਲ ਸਦਾ ਸੁਖਦਾਈ॥ *(ਰਾਗੁ ਸੋਰਠਿ, ਅੰਗ ੬੨੮)*

ਅਥਵਾ :

ਕਰਿ ਕੀਰਤਨੁ ਮਨ ਸੀਤਲ ਭਏ॥ ਜਨਮ ਜਨਮ ਕੇ ਕਿਲਵਿਖ ਗਏ॥
ਸਰਬ ਨਿਧਾਨ ਪੇਖੇ ਮਨ ਮਾਹਿ॥ ਅਬ ਢੂਢਨ ਕਾਹੇ ਕਉ ਜਾਹਿ॥
(ਰਾਗੁ ਗਉੜੀ ਮਹਲਾ ੫, ਅੰਗ ੧੭੮)

39

ਅੰਮ੍ਰਿਤ ਵੇਲਾ

ਰੌਲੇ ਰੱਪੇ ਭਰੇ ਜੀਵਨ ਵਿਚ ਜਿੱਥੇ ਮਨੁੱਖ ਚਿੰਤਾਵਾਂ ਅਤੇ ਬੇਚੈਨੀ ਵਿਚ ਸਾਰਾ ਦਿਨ ਡੁੱਬਿਆ ਰਹਿੰਦਾ ਹੈ ਉੱਥੇ ਅੰਮ੍ਰਿਤ ਵੇਲੇ ਸਾਰੀ ਕਾਇਨਾਤ ਵਿਚ ਸ਼ਾਂਤ ਅਤੇ ਸੁਵੱਛਮਈ ਵਾਤਾਵਰਨ ਮਨੁੱਖੀ ਮਨ ਨੂੰ ਸ਼ਾਂਤੀ ਅਤੇ ਸਕੂਨ ਪ੍ਰਦਾਨ ਕਰਦਾ ਹੈ। ਮਾਨਸਿਕ ਇਕਾਗਰਤਾ ਦੇ ਪੱਖ ਤੋਂ ਇਸ ਤੋਂ ਚੰਗਾ ਹੋਰ ਕੋਈ ਵੇਲਾ ਨਹੀਂ। ਇਕ ਪ੍ਰਸਿੱਧ ਅਖਾਣ ਹੈ ਕਿ ਸੁਵੱਖਤੇ ਸੌਣ ਅਤੇ ਸੁਵੱਖਤੇ ਉੱਠਣ ਨਾਲ ਮਨੁੱਖ ਰਿਸ਼ਟ-ਪੁਸ਼ਟ, ਧਨਵਾਨ ਅਤੇ ਬੁੱਧੀਮਾਨ ਹੁੰਦਾ ਹੈ।

ਜਪੁ ਜੀ ਦੀ ਚੌਥੀ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਆਪ ਹੀ ਪਹਿਲਾਂ ਬਚਨ ਕਰ ਰਹੇ ਹਨ ਕਿ ਪ੍ਰਭੂ ਨੂੰ ਕਿਹੜੀ ਚੀਜ਼ ਅਰਪਨ ਕਰੀਏ ਜਿਸ ਨਾਲ ਉਸ ਦੇ ਦਰਬਾਰ ਦੇ ਦਰਸ਼ਨ ਹੋ ਸਕਣ ਅਤੇ ਮੂੰਹ ਤੋਂ ਕੀ ਕੁਝ ਬੋਲੀਏ ਜਿਸ ਨਾਲ ਪ੍ਰਭੂ ਸਾਨੂੰ ਪਿਆਰ ਕਰੇ। ਇਸ ਦੇ ਉੱਤਰ ਵਿਚ ਆਪ ਜੀ ਆਪ ਹੀ ਪ੍ਰਾਨੀ ਨੂੰ ਦ੍ਰਿੜ੍ਹ ਕਰਵਾ ਰਹੇ ਹਨ ਕਿ ਅੰਮ੍ਰਿਤ ਵੇਲੇ ਉੱਠ ਕੇ ਉਸਦੀ ਵਡਿਆਈ ਅਤੇ ਸਿਫ਼ਤ-ਸਾਲਾਹ ਕਰਨ ਨਾਲ ਪ੍ਰਭੂ ਦੀ ਮਿਹਰ ਦੀ ਨਿਗਾਹ ਹੁੰਦੀ ਹੈ ਅਤੇ ਉਸ ਦੇ ਦਰ ਤੇ ਪ੍ਰਵਾਨ ਚੜ੍ਹੀਦਾ ਹੈ :

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥ *(ਅੰਗ ੨)*

ਮਾਝ ਕੀ ਵਾਰ ਵਿਚ ਵੀ ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ ਕਿ ਜੋ ਮਨੁੱਖ ਸਵੇਰੇ ਅੰਮ੍ਰਿਤ ਵੇਲੇ ਪ੍ਰਭੂ ਦੀ ਸਿਫ਼ਤ ਕਰਦੇ ਹਨ, ਆਲਸ ਨੂੰ ਤਿਆਗ ਕੇ ਪ੍ਰਭੂ ਦੇ ਨਾਮ ਵਿਚ ਜੁੜਦੇ ਹਨ ਉਹ ਪੂਰੇ ਸ਼ਾਹ ਤੇ ਧਨੀ ਹਨ। ਦਿਨ ਚੜ੍ਹਿਆਂ ਜੀਵ ਦੌੜ-ਭੱਜ ਵਿਚ ਰੁੱਝ ਜਾਂਦਾ ਹੈ। ਦੁਨਿਆਵੀ ਕੰਮ ਧੰਦਿਆਂ ਵਿਚ ਅਜਿਹਾ ਗ਼ਲਤਾਨ ਹੁੰਦਾ ਹੈ ਕਿ ਸਾਰਾ ਦਿਨ ਮਨ ਦੀ ਬਿਰਤੀ ਨਹੀਂ ਜੁੜਦੀ ਭਾਵ ਮਨ ਦੀ ਡਾਵਾਂ-ਡੋਲ ਵਾਲੀ ਹਾਲਤ ਬਣੀ ਰਹਿੰਦੀ ਹੈ। ਪੇਟ ਦੀ ਭੁੱਖ ਮਿਟਾਉਣ ਲਈ ਖਾਣ-ਪੀਣ ਦੇ ਆਹਰ ਖ਼ਤਮ ਹੀ ਨਹੀਂ ਹੁੰਦੇ। ਪਹਿਲਾ ਖਾਣਾ ਹਜ਼ਮ ਹੋ ਗਿਆ ਤੇ ਦੂਜੇ ਸਮੇਂ ਦੇ ਖਾਣੇ ਦਾ ਫ਼ਿਕਰ ਪੈ ਜਾਂਦਾ ਹੈ। ਇਸ ਤਰ੍ਹਾਂ ਰਾਤ ਪੈਣ ਤੇ ਥੱਕੇ ਟੁੱਟੇ ਨੂੰ ਨੀਂਦਰ ਆ ਦਬਾਉਂਦੀ ਹੈ। ਨੀਂਦਰ ਤੋਂ ਜਾਗ ਖੁਲ੍ਹਦੀ ਹੈ, ਪਹਿਲਾਂ ਵਾਲੇ ਧੰਧਿਆਂ ਦਾ ਝਮੇਲਾ ਫਿਰ ਸ਼ੁਰੂ ਹੋ ਜਾਂਦਾ ਹੈ। ਜੀਵਨ ਵਿਚ ਇਹ ਚੱਕਰ ਸਾਰੀ ਉਮਰ ਇਵੇਂ ਹੀ ਚਲਦਾ ਰਹਿੰਦਾ ਹੈ।

ਦੁਨਿਆਵੀ ਦੌੜ-ਭੱਜ ਵਿਚ ਅੰਮ੍ਰਿਤ ਵੇਲਾ ਹੀ ਇਕ ਅਜਿਹਾ ਸਮਾਂ ਹੈ ਜਦੋਂ ਮਨ ਤੇ ਕਿਸੇ ਪ੍ਰਕਾਰ ਦਾ ਬੋਝ ਨਹੀਂ ਹੁੰਦਾ। ਮਨ ਸੰਸਾਰਕ ਝਮੇਲਿਆਂ ਤੋਂ ਪੂਰੀ ਤਰ੍ਹਾਂ ਸੁਤੰਤਰ ਹੁੰਦਾ ਹੈ। ਸੁਭਾਵਿਕ ਹੈ ਕਿ ਇਸ ਸਮੇਂ ਜੀਵ ਦੀ ਸੁਰਤੀ ਪ੍ਰਭੂ ਚਰਨਾਂ ਵਿਚ ਸੁਧੇ ਹੀ

ਜੁੜ ਸਕਦੀ ਹੈ। ਮਨ ਇਕਾਗਰ ਹੋ ਕੇ ਨਾਮ-ਰਸ ਨੂੰ ਮਾਣ ਸਕਦਾ ਹੈ। ਦੂਜੇ ਅੰਮ੍ਰਿਤ ਵੇਲੇ ਸਿਮਰਨ ਦੇ ਅਭਿਆਸ ਸਦਕਾ ਫਿਰ ਅੱਠੇ ਪਹਿਰ ਪਰਮਾਤਮਾ ਦਾ ਨਾਮ ਮਨ ਵਿਚ ਵਸਿਆ ਰਹਿੰਦਾ ਹੈ। ਰਾਗੁ ਮਾਝ ਕੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਬੜੇ ਸੁੰਦਰ ਬਚਨ ਹਨ :

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ॥
ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ॥
ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ॥
ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ॥
ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ॥
ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ॥
ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ॥
ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ॥
ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ॥
ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ॥ *(ਅੰਗ ੧੪੫-੪੬)*

ਗੁਰਮਤਿ ਵਿਚ ਅੰਮ੍ਰਿਤ ਵੇਲੇ ਦਾ ਬੜਾ ਮਹਾਤਮ ਹੈ। ਗੁਰਬਾਣੀ ਅਨੁਸਾਰ ਗੁਰਸਿੱਖ ਅੰਮ੍ਰਿਤ ਵੇਲਾ ਕਦੀ ਨਹੀਂ ਖੁੰਝਾਉਂਦਾ। ਗੁਰੂ ਦੇ ਸੱਚੇ ਸਿੱਖ ਦੀ ਨਿੱਤ ਦੀ ਕਿਰਿਆ ਸਵੇਰੇ ਉੱਠ ਕੇ ਇਸ਼ਨਾਨ ਕਰਨ ਉਪਰੰਤ ਨਾਮ ਸਿਮਰਨ ਵਿਚ ਜੁੜਨ ਨਾਲ ਹੀ ਅਰੰਭ ਹੁੰਦੀ ਹੈ। ਫਿਰ ਸਾਰਾ ਦਿਨ ਦੁਨਿਆਵੀ ਕਾਰ-ਵਿਹਾਰ ਕਰਦਿਆਂ ਉੱਠਦਿਆਂ-ਬੈਠਦਿਆਂ ਭਾਵ ਹਰ ਵੇਲੇ ਉਸ ਦੀ ਬਿਰਤੀ ਪ੍ਰਭੂ ਚਰਨਾਂ ਵਿਚ ਲੱਗੀ ਰਹਿੰਦੀ ਹੈ। ਇਸ ਤਰ੍ਹਾਂ ਉਸ ਦੇ ਸਾਰੇ ਪਾਪ ਤੇ ਵਿਕਾਰ ਧੁੱਲ ਜਾਂਦੇ ਹਨ। ਗੁਰੂ ਰਾਮਦਾਸ ਜੀ ਦਾ ਰਾਗੁ ਗਉੜੀ ਕੀ ਵਾਰ ਵਿਚ ਫ਼ਰਮਾਨ ਹੈ ਕਿ ਅਜਿਹਾ ਗੁਰਸਿਖ ਹੀ ਸਤਿਗੁਰੂ ਦੀਆਂ ਨਜ਼ਰਾਂ ਵਿਚ ਪਰਵਾਨ ਚੜ੍ਹਦਾ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥ *(ਅੰਗ ੩੦੫-੦੬)*

ਰਾਗੁ ਸੂਹੀ ਵਿਚ ਗੁਰੂ ਰਾਮਦਾਸ ਜੀ ਕਿਸਾਨ ਵਲੋਂ ਠੀਕ ਸਮੇਂ ਤੇ ਬੀਜੀ ਖੇਤੀ ਦੀ ਉਦਾਹਰਣ ਦੇ ਕੇ ਫ਼ਰਮਾ ਰਹੇ ਹਨ ਕਿ ਖੇਤ ਵਿਚ ਵੱਤਰ ਆਉਣ ਤੇ ਜੇਕਰ ਸਮੇਂ ਸਿਰ ਖੇਤੀ ਬੀਜੀ ਜਾਏ ਤਾਂ ਹੀ ਕਿਸਾਨ ਨੂੰ ਪੂਰੀ ਪੈਦਾਵਾਰ ਦਾ ਲਾਹਾ ਮਿਲ ਸਕਦਾ

ਹੈ। ਇਸੇ ਤਰ੍ਹਾਂ ਪ੍ਰਭੂ ਦੇ ਚਰਨਾਂ ਵਿਚ ਜੁੜਨ ਦਾ ਢੁਕਵਾਂ ਸਮਾਂ ਅੰਮ੍ਰਿਤ ਵੇਲਾ ਹੈ, ਜਦੋਂ ਆਤਮਿਕ ਜੀਵਨ ਪੱਲਰਦਾ ਹੈ ਭਾਵ ਇਸ ਸਮੇਂ ਨਾਮ-ਰੂਪੀ ਬੀਜਿਆ ਬੀਜ ਐਨਾ ਪ੍ਰਫੁੱਲਤ ਹੁੰਦਾ ਹੈ ਕਿ ਫਿਰ ਇਹ ਨਾਮ ਧਨ ਮੁੱਕਦਾ ਹੀ ਨਹੀਂ :

ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ
ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ॥
ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥ *(ਅੰਗ ੭੩੪)*

ਰਾਗੁ ਮਲਾਰ ਕੀ ਵਾਰ ਮਹਲਾ ੧ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਸਤਿਗੁਰਾਂ ਨੇ ਅੰਮ੍ਰਿਤ ਵੇਲੇ ਉੱਠ ਕੇ ਪ੍ਰਭੂ ਨਾਲ ਲਿਵ ਜੋੜਨ ਅਤੇ ਉਸ ਅੱਗੇ ਅਰਦਾਸ ਕਰਨ ਦੀ ਮਹਿਮਾ ਨੂੰ ਦਰਸਾਇਆ ਹੈ। ਆਪ ਜੀ ਦਾ ਫ਼ਰਮਾਨ ਹੈ ਕਿ ਜਦੋਂ ਜੀਵ-ਪਪੀਹਾ ਅੰਮ੍ਰਿਤ ਵੇਲੇ ਉੱਠ ਕੇ ਪ੍ਰਭੂ ਅੱਗੇ ਅਰਜ਼ੋਈ ਕਰਦਾ ਹੈ ਤਾਂ ਇਹ ਅਰਦਾਸ ਪ੍ਰਭੂ ਦੀ ਦਰਗਾਹ ਵਿਚ ਸੁਣੀ ਜਾਂਦੀ ਹੈ। ਫਿਰ ਪ੍ਰਭੂ ਦੀ ਨਜ਼ਰ ਸਵੱਲੀ ਹੁੰਦੀ ਹੈ ਅਤੇ ਜੀਵ ਤੇ ਨਾਮ ਜਲ ਦੀ ਵਰਖਾ ਹੁੰਦੀ ਹੈ, ਜਿਸ ਨਾਲ ਉਸਦਾ ਅੰਦਰਲਾ ਤ੍ਰਿਪਤ ਹੋ ਜਾਂਦਾ ਹੈ :

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥
ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥
ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ॥
ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ॥

(ਅੰਗ ੧੨੮੫)

ਪਹੁ ਫੁੱਟੀ ਤੇ ਤਾਂ ਪੰਛੀ ਵੀ ਚਹਿਕਣਾ ਸ਼ੁਰੂ ਕਰ ਦਿੰਦੇ ਹਨ। ਇਸ ਤੋਂ ਮਨੁੱਖ ਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ ਕਿ ਇਹ ਸੁਹਾਵਣਾ ਵੇਲਾ ਸੌਂ ਕੇ ਗੁਆਉਣ ਦਾ ਨਹੀਂ ਸਗੋਂ ਉਸ ਅਸਚਰਜ ਪ੍ਰਭੂ ਦੇ ਗੁਣ ਗਾਉਣ ਦਾ ਹੈ। ਗੁਰਵਾਕ ਹੈ :

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥

(ਗਉੜੀ ਕੀ ਵਾਰ ਮਹਲਾ ੫, ਅੰਗ ੩੧੮)

ਅਥਵਾ :

ਭਿੰਨੀ ਰੈਨੜੀਐ ਚਾਮਕਨਿ ਤਾਰੇ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥

(ਰਾਗੁ ਆਸਾ ਮਹਲਾ ੫, ਅੰਗ ੪੫੯)

ਗੁਰਬਾਣੀ ਵਿਚ ਪਰਭਾਤ, ਪਿਛਲ ਰਾਤ, ਝਾਲਾਘੇ, ਸਾਬਾਹੀ, ਪਹੁ ਫੁਟੀ, ਪਹਿਲਾ ਪਹਿਰ ਆਦਿ ਸ਼ਬਦ ਅੰਮ੍ਰਿਤ ਵੇਲੇ ਵਜੋਂ ਵਰਤੇ ਗਏ ਹਨ। ਅੰਮ੍ਰਿਤ ਵੇਲੇ ਦੀ ਵਡਿਆਈ ਦੱਸਦੇ ਹੋਏ ਰਾਗੁ ਬਸੰਤੁ ਵਿਚ ਹਜ਼ੂਰ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ ਕਿ ਪਰਭਾਤ ਵੇਲੇ ਜਾਗ ਕੇ ਨਾਮ-ਜਲ ਵਿਚ ਚੁੱਭੀ ਲਾਇਆਂ ਮਨੁੱਖੀ ਆਤਮਾ ਵਿਕਾਰਾਂ ਤੋਂ ਛੁਟਕਾਰਾ ਪਾ ਕੇ ਸਹਿਜ ਸੁਖ ਦਾ ਅਨੰਦ ਮਾਣਦੀ ਹੈ :

ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥

(ਅੰਗ ੧੧੮੫)

ਪਰਭਾਤੇ ਇਸ ਤਰ੍ਹਾਂ ਕੀਤੀ ਕਮਾਈ ਸਦਕਾ ਜੀਵ ਦੇ ਮਨ ਤੇ ਪਈ ਜਨਮਾਂ-ਜਨਮਾਂਤਰਾਂ ਦੀ ਮੈਲ ਧੁਲ ਜਾਂਦੀ ਹੈ :

ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ ॥
ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ ॥

(ਰਾਗੁ ਮਾਰੂ ਵਾਰ ਡਖਣੇ ਮਹਲਾ ੫, ਪੰਨਾ ੧੦੯੯)

ਬਾਬਾ ਫਰੀਦ ਜੀ ਸਲੋਕ ਨੰਬਰ ੧੦੭ ਵਿਚ ਮਨੁੱਖ ਨੂੰ ਤਾੜਨਾ ਕਰ ਰਹੇ ਹਨ ਕਿ ਹੇ ਜੀਵ, ਜੇਕਰ ਤੂੰ ਅੰਮ੍ਰਿਤ ਵੇਲੇ ਨਹੀਂ ਜਾਗਦਾ ਤਾਂ ਤੇਰਾ ਕੀ ਜੀਊਣਾ ਹੈ ? ਤੂੰ ਤਾਂ ਜੀਊਂਦਾ ਹੋਇਆ ਵੀ ਆਤਮਿਕ ਮੌਤ ਸਹੇੜੀ ਬੈਠਾ ਹੈਂ :

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥

(ਅੰਗ ੧੩੮੩)

ਪ੍ਰੰਤੂ ਜੋ ਪਹਿਲੇ ਪਹਿਰ ਭਾਵ ਅੰਮ੍ਰਿਤ ਵੇਲੇ ਜਾਗਦੇ ਹਨ, ਪਰਮਾਤਮਾ ਉਨ੍ਹਾਂ ਤੇ ਬਖ਼ਸ਼ਿਸ਼ਾਂ ਦੀ ਝੜੀ ਲਾ ਦਿੰਦਾ ਹੈ :

ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥
ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ ॥

(ਸਲੋਕ ਨੰਬਰ ੧੧੨, ਬਾਬਾ ਫਰੀਦ ਜੀ, ਪੰਨਾ ੧੩੮੪)

ਗੁਰੂ ਅਰਜਨ ਦੇਵ ਜੀ ਨੇ ਰਾਗੁ ਗਉੜੀ ਬਾਵਨ ਅਖਰੀ ਵਿਚ ਅੰਮ੍ਰਿਤ ਵੇਲੇ ਲਈ ਝਾਲਾਘੇ ਸ਼ਬਦ ਦੀ ਵਰਤੋਂ ਕੀਤੀ ਹੈ। ਆਪ ਜੀ ਦਾ ਫ਼ਰਮਾਨ ਹੈ ਕਿ ਕੇਵਲ ਅੰਮ੍ਰਿਤ ਵੇਲੇ ਹੀ ਪ੍ਰਭੂ ਦੇ ਨਾਮ ਦੀ ਅਰਾਧਨਾ ਨਹੀਂ ਕਰਨੀ ਸਗੋਂ ਦਿਨ-ਰਾਤ ਹਰ ਵੇਲੇ ਉਸ ਨੂੰ ਯਾਦ ਕਰਨਾ ਹੈ। ਇਸ ਨਾਲ ਸਾਰੀਆਂ ਚਿੰਤਾਵਾਂ ਦਾ ਨਾਸ ਹੋ ਜਾਂਦਾ ਹੈ ਅਤੇ ਮਨ ਅੰਦਰੋਂ ਵੈਰ-ਵਿਰੋਧ ਵਾਲੀ ਭਾਵਨਾ ਵੀ ਖ਼ਤਮ ਹੋ ਜਾਂਦੀ ਹੈ :

ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥
ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥ *(ਅੰਗ ੨੫੫)*

ਭਾਈ ਗੁਰਦਾਸ ਜੀ ਉਨ੍ਹਾਂ ਗੁਰਸਿੱਖਾਂ ਤੋਂ ਸਦਕੇ ਜਾਂਦੇ ਹਨ ਜੋ ਗੁਰਮਤਿ ਅਨੁਸਾਰ ਅੰਮ੍ਰਿਤ ਵੇਲੇ ਦਾ ਪੂਰਾ-ਪੂਰਾ ਲਾਭ ਉਠਾਉਂਦੇ ਹਨ :

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠ ਬਹੰਦੇ ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤ ਵੇਲੇ ਸਰ ਨਾਵੰਦੇ ॥

(ਵਾਰ ੧੨, ਪਉੜੀ ੨)

ਜੈਸੇ ਘਰਿ ਲਾਗੈ ਆਗਿ [illegible] ॥ (ਕ. ਭ.)
[illegible] ॥
ਜੈਸੇ [illegible] ॥
[illegible] ॥
ਜੈਸੇ [illegible]
[illegible] ॥
ਤੈਸੇ [illegible] ॥
[illegible] ॥

(40)

ਸੱਚਾ ਵਪਾਰ

ਸਲੋਕ ਵਾਰਾਂ ਤੇ ਵਧੀਕ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਆਮ ਵਪਾਰੀ ਲੋਕ ਤ੍ਰੈ-ਗੁਣੀ ਮਾਇਆ ਦੇ ਪ੍ਰਭਾਵ ਹੇਠ ਦੁਨਿਆਵੀ ਕਾਰ-ਵਿਹਾਰ ਜਾਂ ਲੈਣ-ਦੇਣ ਕਰਦੇ ਹਨ ਪਰ ਅਸਲ ਵਾਪਾਰੀ ਉਹ ਹਨ ਜੋ ਦੁਨਿਆਵੀ ਵਸਤਾਂ ਨੂੰ ਭੋਗਦੇ ਹੋਏ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਨਾਮ ਦਾ ਵਣਜ ਵੀ ਕਰਦੇ ਹਨ :

ਤਿਹਟੜੇ ਬਾਜਾਰ ਸਉਦਾ ਕਰਨਿ ਵਣਜਾਰਿਆ॥
ਸਚੁ ਵਖਰੁ ਜਿਨੀ ਲਦਿਆ ਸੇ ਸਚੜੇ ਪਾਸਾਰ॥

(ਸਲੋਕ ਨੰਬਰ ੧੭, ਅੰਗ ੧੪੨੬)

ਭਾਵੇਂ ਨਾਮ ਦਾ ਵਣਜ ਕਰਨ ਵਾਲੇ ਵਪਾਰੀ ਜਗਤ ਵਿਚ ਵਿਰਲੇ ਹੀ ਹਨ ਪਰ ਜਿਹੜਾ ਇਸ ਵਣਜ ਨੂੰ ਕਰਦਾ ਹੈ ਉਹ ਉੱਚੀ ਆਤਮਿਕ ਅਵਸਥਾ ਦਾ ਲਾਭ ਖੱਟਦਾ ਹੈ :

ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ॥

(ਰਾਗੁ ਮਾਰੂ ਸੋਲਹੇ ਮਹਲਾ ੧, ਅੰਗ ੧੦੨੮)

ਸੌਦਾਗਰ (ਵਪਾਰੀ) ਸੌਦਾਗਰੀ (ਵਪਾਰ) ਵਿਚ ਧਨ ਖੱਟਦਾ ਹੈ ਪਰ ਉਸਦੀ ਕਦੀ ਤ੍ਰਿਪਤੀ ਨਹੀਂ ਹੁੰਦੀ ਅਤੇ ਉਹ ਹੋਰ ਧਨ ਦੀ ਆਸ ਕਰਦਾ ਰਹਿੰਦਾ ਹੈ। ਜਿਉਂ ਜਿਉਂ ਉਸਦੀ ਖੱਟੀ ਵਧਦੀ ਹੈ ਤਿਉਂ-ਤਿਉਂ ਉਸਦਾ ਮਾਇਆ ਦਾ ਮੋਹ ਵਧਦਾ ਜਾਂਦਾ ਹੈ। ਉਸਦੀ ਮਾਇਆ ਦੀ ਭੁੱਖ ਵਧਦੀ ਜਾਂਦੀ ਹੈ ਪ੍ਰੰਤੂ ਪ੍ਰਭੂ ਦੇ ਭਗਤ ਜਨ ਉਸਦਾ ਨਾਮ ਸਿਮਰ ਸਿਮਰ ਕੇ ਆਤਮਿਕ ਅਨੰਦ ਮਾਣਦੇ ਹਨ ਭਾਵ ਨਾਮ ਦਾ ਵਣਜ ਕਰਨ ਵਾਲੇ ਸਦਾ ਸੁਖ ਭੋਗਦੇ ਹਨ :

ਲੈ ਤੁਰੇ ਸਉਦਾਗਰੀ ਸਉਦਾਗਰੁ ਧਾਵੈ॥
ਧਨੁ ਖਟੈ ਆਸਾ ਕਰੈ ਮਾਇਆ ਮੋਹੁ ਵਧਾਵੈ॥
ਤਿਉ ਹਰਿ ਜਨੁ ਹਰਿ ਹਰਿ ਬੋਲਤਾ ਹਰਿ ਬੋਲਿ ਸੁਖੁ ਪਾਵੈ॥

(ਰਾਗੁ ਗਉੜੀ ਮਹਲਾ ੪, ਅੰਗ ੧੬੬)

ਅਥਵਾ :

ਆਨ ਬਾਪਾਰ ਬਨਜ ਜੋ ਕਰੀਅਹਿ ਤੇਤੇ ਦੂਖ ਸਹਾਮਾ॥
ਗੋਬਿਦ ਭਜਨ ਕੇ ਨਿਰਭੈ ਵਾਪਾਰੀ ਹਰਿ ਰਾਸਿ ਨਾਨਕ ਰਾਮ ਨਾਮਾ॥

(ਰਾਗ ਸਾਰਗ ਮਹਲਾ ੫, ਅੰਗ ੧੨੧੧)

ਇੰਜ ਪਰਮਾਤਮਾ ਦੇ ਨਾਮ ਦਾ ਵਪਾਰ ਕਰਨ ਵਾਲੇ ਪ੍ਰਾਣੀ ਜਗਤ ਵਿਚ ਨਿਰਭੈ ਹੋ ਕੇ ਵਿਚਰਦੇ ਹਨ ਕਿਉਂਕਿ ਉਨ੍ਹਾਂ ਪਾਸ ਪਰਮਾਤਮਾ ਦੇ ਨਾਮ ਦਾ ਸਰਮਾਇਆ ਟਿਕਿਆ ਰਹਿੰਦਾ ਹੈ। ਦੂਜੇ ਬੰਨੇ ਜਿਹੜੇ ਹੋਰ ਹੋਰ ਵਣਜ ਹੀ ਕਰਦੇ ਹਨ ਉਹ ਦੁਖੀ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਦਾ ਰਾਗ ਰਾਮਕਲੀ ਦਖਣੀ ਓਅੰਕਾਰ ਵਿਚ ਫ਼ਰਮਾਨ ਹੈ ਕਿ ਜੋ ਪ੍ਰਾਣੀ ਨਾਮ ਜਿਹੇ ਸੱਚੇ ਵਪਾਰ ਨੂੰ ਤਿਆਗ ਕੇ ਹੋਰ ਹੋਰ ਵਣਜਾਂ ਵਿਚ ਪਿਆ ਰਹਿੰਦਾ ਹੈ, ਉਸਦੀ ਅੰਤ ਵੇਲੇ ਪ੍ਰਭੂ ਦੀ ਦਰਗਾਹ ਵਿਚ ਕੋਈ ਪੁੱਛ ਪ੍ਰਤੀਤ ਨਹੀਂ ਹੁੰਦੀ :

ਵਣਜੁ ਵਾਪਾਰੁ ਵਣਜੈ ਵਾਪਾਰੀ॥
ਵਿਣੁ ਨਾਵੈ ਕੈਸੀ ਪਤਿ ਸਾਰੀ॥ *(ਅੰਗ ੯੩੧)*

ਤਾਂ ਫਿਰ ਅਜਿਹੀ ਵਸਤ ਦਾ ਹੀ ਵਣਜ ਕਰਨਾ ਚਾਹੀਦਾ ਹੈ ਜੋ ਅੰਤ ਵੇਲੇ ਨਾਲ ਨਿਭੇ, ਪ੍ਰਾਣੀ ਦੀ ਸਹਾਈ ਹੋਵੇ। ਮਾਲਕ ਪ੍ਰਭੂ ਬੜਾ ਸਿਆਣਾ ਹੈ। ਉਸ ਨੂੰ ਖੋਟੇ ਖਰੇ ਦੀ ਸਮਝ ਹੈ। ਉਹ ਸਾਡੇ ਸੌਦੇ ਨੂੰ ਪੂਰੀ ਤਰ੍ਹਾਂ ਨਾਲ ਪਰਖ ਕੇ ਹੀ ਪ੍ਰਵਾਨ ਕਰੇਗਾ :

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ॥
(ਸਿਰੀਰਾਗੁ ਮਹਲਾ ੧, ਅੰਗ ੨੨)

ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਪ੍ਰਸ਼ਨ ਕੀਤਾ ਸੀ :

ਕਿਸੁ ਵਖਰ ਕੇ ਤੁਮ ਵਣਜਾਰੇ॥
ਕਿਉ ਕਰਿ ਸਾਥੁ ਲੰਘਾਵਹੁ ਪਾਰੇ॥
(ਸਿਧ ਗੋਸਟਿ, ਪੰਨਾ ੯੩੯)

ਤਾਂ ਸਤਿਗੁਰਾਂ ਨੇ ਬੜੇ ਸਰਲ ਪਰ ਭਾਵ-ਪੂਰਤ ਸ਼ਬਦਾਂ ਵਿਚ ਉੱਤਰ ਦਿੱਤਾ ਸੀ :

ਸਾਚ ਵਖਰ ਕੇ ਹਮ ਵਣਜਾਰੇ॥
ਨਾਨਕ ਗੁਰਮੁਖਿ ਉਤਰਸਿ ਪਾਰੇ॥ *(ਸਿਧ ਗੋਸਟਿ, ਪੰਨਾ ੯੩੯)*

ਭਾਵ ਸੱਚੇ ਪ੍ਰਭੂ ਦੇ ਨਾਮ-ਸੌਦੇ ਦੇ ਅਸੀਂ ਵਪਾਰੀ ਹਾਂ ਅਤੇ ਜੋ ਮਨੁੱਖ ਗੁਰੂ ਦੇ ਦੱਸੇ ਮਾਰਗ ਤੇ ਚਲਦਾ ਹੈ ਉਹ ਭਵ-ਸਾਗਰ ਤੋਂ ਪਾਰ ਲੰਘ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਇਨ੍ਹਾਂ ਬਚਨਾਂ ਨੂੰ ਕੇਂਦਰ ਬਿੰਦੂ ਸਮਝ ਕੇ 'ਸੱਚੇ ਵਪਾਰ' ਦੀ ਗੁਰਬਾਣੀ ਵਿਚ ਭਰਪੂਰ ਵਿਆਖਿਆ ਕੀਤੀ ਗਈ ਹੈ। ਇਸ ਵਿਚ ਕੋਈ ਸ਼ੰਕਾ ਵਾਲੀ ਗੱਲ ਨਹੀਂ ਕਿ ਗ੍ਰਿਹਸਤ ਵਿਚ ਰਹਿੰਦੇ ਹੋਏ ਗੁਰਮਤਿ ਦੇ ਧਾਰਨੀ ਨੇ ਆਪਣੀ ਤੇ ਆਪਣੇ ਪਰਿਵਾਰ ਦੀ ਉਪਜੀਵਕਾ ਲਈ ਵੱਖ-ਵੱਖ ਪ੍ਰਕਾਰ ਦੇ ਕੰਮ-ਧੰਦੇ ਕਰਨੇ ਹਨ, ਸੱਚੀ ਤੇ ਸੁੱਚੀ ਕਿਰਤ ਕਮਾਈ ਕਰ ਕੇ ਆਪਣੀਆਂ ਪਰਿਵਾਰਕ ਲੋੜਾਂ ਨੂੰ ਪੂਰਾ ਕਰਨਾ ਹੈ ਪ੍ਰੰਤੂ ਇਨ੍ਹਾਂ ਵਿਚ ਐਨਾ ਖਚਿਤ ਨਹੀਂ ਹੋ ਜਾਣਾ ਕਿ ਜੋ ਦਾਤਾਂ ਦੇਣ ਵਾਲਾ ਹੈ ਉਸ ਨੂੰ ਹੀ ਭੁੱਲ ਜਾਈਏ। ਗੁਰੂ ਰਾਮਦਾਸ ਜੀ ਦੇ ਰਾਗੁ ਗਉੜੀ ਵਿਚ ਬੜੇ ਅਨਮੋਲ ਬਚਨ ਹਨ ਕਿ ਜਿਸ ਜੀਵ ਨੇ ਮਾਲਕ ਪ੍ਰਭੂ ਦੇ ਨਾਮ ਦਾ ਲਾਹਾ ਖੱਟਿਆ ਹੈ, ਨਾਮ-ਧਨ ਦਾ ਸੌਦਾ ਵਣਜਿਆ ਹੈ ਉਹ ਮਨੁੱਖ ਸਦਾ ਥਿਰ ਰਹਿਣ ਵਾਲੇ ਪ੍ਰਭੂ ਨੂੰ ਚੰਗਾ ਲਗਦਾ ਹੈ। ਅਜਿਹੇ ਪ੍ਰਾਣੀ ਦੇ ਫਿਰ ਜਮਦੂਤ ਨੇੜੇ ਨਹੀਂ ਆ ਸਕਦੇ ਭਾਵ ਉਹ ਜਨਮ-ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ :

ਲਾਹਾ ਹਰਿ ਭਗਤਿ ਧਨੁ ਖਟਿਆ ਹਰਿ ਸਚੇ ਸਾਹ ਮਨਿ ਭਾਇਆ॥
ਹਰਿ ਜਪਿ ਹਰਿ ਵਖਰੁ ਲਦਿਆ ਜਮੁ ਜਾਗਾਤੀ ਨੇੜਿ ਨ ਆਇਆ॥
(ਅੰਗ ੧੬੫)

ਭਗਤ ਕਬੀਰ ਜੀ ਵੀ ਰਾਗੁ ਕੇਦਾਰਾ ਵਿਚ ਇਸੇ ਵਿਚਾਰ ਨੂੰ ਪ੍ਰਗਟਾ ਰਹੇ ਹਨ ਕਿ ਮਨੁੱਖ ਕਈ ਪ੍ਰਕਾਰ ਦੇ ਕਾਰ-ਵਿਹਾਰ ਤੇ ਵਣਜ ਕਰਦਾ ਹੈ ਪ੍ਰੰਤੂ ਪ੍ਰਭੂ ਦੇ ਸੰਤ ਜਨ ਕੇਵਲ ਉਸਦੇ ਨਾਮ ਦਾ ਹੀ ਵਣਜ ਕਰਦੇ ਹਨ। ਉਸਦੇ ਸੇਵਕ ਜਨ ਕੇਵਲ ਸੱਚੇ ਨਾਮ ਦੇ ਹੀ ਵਪਾਰੀ ਹਨ :

ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥
ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ॥ *(ਅੰਗ ੧੧੨੩)*

ਰਾਗੁ ਸਾਰਗ ਵਿਚ ਗੁਰੂ ਅਰਜਨ ਦੇਵ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਪਰਮਾਤਮਾ ਤੁਹਾਡੇ ਮਨਾਂ ਦੀਆਂ ਜਾਣਨ ਵਾਲਾ ਹੈ ਅਤੇ ਤੁਹਾਡੇ ਹਰੇਕ ਕੰਮ ਨੂੰ ਵੇਖ ਰਿਹਾ ਹੈ। ਇਸ ਲਈ ਆਪਣੇ ਮਨਾਂ ਅੰਦਰੋਂ ਵਲ-ਫਰੇਬ ਅਤੇ ਵੈਰ-ਵਿਰੋਧ ਨੂੰ ਤਿਆਗ ਕੇ ਸਦਾ ਕਾਇਮ ਰਹਿਣ ਵਾਲੇ ਨਾਮ-ਧਨ ਦਾ ਸੱਚਾ ਵਣਜ ਕਰੋ। ਜੀਵਨ ਵਿਚ ਫਿਰ ਕਦੀ ਤੋਟ ਨਹੀਂ ਆਵੇਗੀ :

ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ॥
ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ॥
(ਅੰਗ ੧੨੨੦)

ਅਥਵਾ :

ਸਚਾ ਸਉਦਾ ਹਰਿ ਨਾਮੁ ਹੈ ਸਚਾ ਵਾਪਾਰਾ ਰਾਮ॥
ਗੁਰਮਤੀ ਹਰਿ ਨਾਮੁ ਵਣਜੀਐ ਅਤਿ ਮੋਲੁ ਅਫਾਰਾ ਰਾਮ॥
(ਰਾਗੁ ਵਡਹੰਸੁ ਮਹਲਾ ੩, ਅੰਗ ੫੭੦)

ਭਾਵ ਪਰਮਾਤਮਾ ਦਾ ਨਾਮ ਹੀ ਸਦਾ ਨਾਲ ਨਿਭਣ ਵਾਲਾ ਸੱਚਾ ਸੌਦਾ ਤੇ ਸੱਚਾ ਵਪਾਰ ਹੈ, ਜਿਸ ਨੂੰ ਗੁਰੂ ਦੇ ਦੱਸੇ ਮਾਰਗ ਤੇ ਚੱਲ ਕੇ ਹੀ ਵਣਜਿਆ ਜਾ ਸਕਦਾ ਹੈ। ਇਹ ਇਕ ਅਜਿਹਾ ਅਮੋਲਕ ਰਤਨ ਹੈ ਜਿਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ।

ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇ ਪ੍ਰਾਣੀ ਆਪਾ ਭਾਵ ਗੁਆ ਕੇ, ਹਉਮੈ ਨੂੰ ਤਿਆਗ ਕੇ, ਗੁਰ ਸ਼ਬਦ ਦਾ ਓਟ-ਆਸਰਾ ਲੈ ਕੇ, ਲਿਵ ਨੂੰ ਪ੍ਰਭੂ ਚਰਨਾਂ ਵਿਚ ਜੋੜੇ ਅਤੇ ਭਲੇ ਪੁਰਖਾਂ ਦੀ ਸੰਗਤ ਕਰਕੇ ਨਾਮ ਨੂੰ ਵਣਜੇ। ਅਜਿਹਾ ਪ੍ਰਾਣੀ ਸੱਚਾ ਵਪਾਰੀ ਹੋ ਨਿਬੜਦਾ ਹੈ। ਇਸ ਪ੍ਰਥਾਏ ਰਾਗੁ ਮਾਝ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ :

ਆਪੁ ਵੰਞਾਏ ਤਾ ਸਭ ਕਿਛੁ ਪਾਏ॥
ਗੁਰ ਸਬਦੀ ਸਚੀ ਲਿਵ ਲਾਏ॥
ਸਚੁ ਵਣੰਜਹਿ ਸਚੁ ਸੰਘਰਹਿ ਸਚੁ ਵਾਪਾਰੁ ਕਰਾਵਣਿਆ॥ *(ਅੰਗ ੧੧੫)*

ਰਾਗੁ ਗਉੜੀ ਸੁਖਮਨੀ ਵਿਚ ਗੁਰੂ ਅਰਜਨ ਦੇਵ ਜੀ ਦ੍ਰਿੜ੍ਹ ਕਰਵਾ ਰਹੇ ਹਨ ਕਿ ਹੇ ਵਣਜਾਰੇ ਜੀਵ, ਸੱਚਾ ਵਪਾਰ ਕਰ। ਇੰਜ ਵਾਹਿਗੁਰੂ ਦੇ ਦਰ ਤੇ ਪ੍ਰਵਾਨ ਹੋ ਜਾਈਦਾ ਹੈ ਭਾਵ ਕੀਤੇ ਸੱਚੇ ਸੌਦੇ ਦਾ ਪ੍ਰਭੂ ਦੀ ਦਰਗਾਹ ਵਿਚ ਮੁੱਲ ਪੈਂਦਾ ਹੈ :

ਸਚੁ ਵਾਪਾਰੁ ਕਰਹੁ ਵਾਪਾਰੀ॥
ਦਰਗਹ ਨਿਬਹੈ ਖੇਪ ਤੁਮਾਰੀ॥ *(ਅੰਗ ੨੯੩)*

ਪ੍ਰੰਤੂ ਸੱਚ ਦੇ ਮਾਰਗ ਤੋਂ ਭਟਕ ਕੇ ਖੋਟੇ ਵਪਾਰ ਵਿਚ ਪੈ ਜਾਣ ਨਾਲ ਜੀਵ ਦਾ ਮਨ ਅਤੇ ਤਨ ਦੋਨੋਂ ਖੋਟੇ ਹੋ ਜਾਂਦੇ ਹਨ। ਪ੍ਰਾਣੀ ਦੀ ਦਸ਼ਾ ਉਸ ਹਿਰਨ ਵਾਂਗ ਹੋ ਜਾਂਦੀ

ਹੈ ਜੋ ਸ਼ਿਕਾਰੀ ਦੀ ਫਾਹੀ ਵਿਚ ਫਸ ਕੇ ਕਿਧਰੋਂ ਬਾਹਰ ਨਹੀਂ ਨਿਕਲ ਸਕਦਾ ਅਤੇ ਦੁਖੀ ਹੁੰਦਾ ਹੈ। ਤਿਵੇਂ ਹੀ ਖੋਟੇ ਵਪਾਰ ਵਿਚ ਪੈ ਕੇ ਪ੍ਰਾਣੀ ਬੜੇ ਦੁੱਖ ਭੋਗਦਾ ਹੈ। ਗੁਰੂ ਨਾਨਕ ਦੇਵ ਜੀ ਦੇ ਸਿਰੀ ਰਾਗੁ ਵਿਚ ਬਚਨ ਹਨ :

ਖੋਟੇ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ॥
ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ॥ *(ਅੰਗ ੨੩)*

ਗੁਰ ਇਤਿਹਾਸ ਵਿਚ ਅਜਿਹੇ ਗੁਰਮੁਖਾਂ ਦੀ ਘਾਟ ਨਹੀਂ ਜੋ ਨਾਮ ਧਨ ਦੇ ਨਾਲ-ਨਾਲ ਸੱਚਾ ਅਤੇ ਸੁੱਚਾ ਦੁਨਿਆਵੀ ਵਪਾਰ ਵੀ ਕਰਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਇਕ ਅਜਿਹੇ ਗੁਰਮੁਖ ਭਾਈ ਕਟਾਰੂ ਜੀ ਹੋਏ ਹਨ ਜੋ ਕਾਬਲ ਵਿਚ ਦੁਕਾਨਦਾਰੀ ਕਰਦੇ ਸਨ ਅਤੇ ਗੁਰੂ ਘਰ ਦੇ ਬੜੇ ਪ੍ਰੇਮੀ ਸਨ। ਸੱਚੀ ਸੁੱਚੀ ਕਮਾਈ ਕਰਕੇ ਵਿੱਤੋਂ ਵੱਧ ਲੋੜਵੰਦਾਂ ਦੀ ਸਹਾਇਤਾ ਕਰਦੇ ਅਤੇ ਬਿਨਾਂ ਨਾਗਾ ਸਤਿਸੰਗਤ ਵਿਚ ਜੁੜਦੇ। ਇਮਾਨਦਾਰ ਹੋਣ ਕਰਕੇ ਦੁਕਾਨ ਬੜੀ ਚਲਦੀ ਸੀ। ਲਾਗਲੇ ਦੁਕਾਨਦਾਰ ਨੇ ਇਕ ਦਿਨ ਈਰਖਾ ਵਜੋਂ ਮੌਕਾ ਪਾ ਕੇ ਉਸਦਾ ਵੱਟਾ ਚੁਰਾ ਕੇ ਘੱਟ ਤੋਲ ਵਾਲਾ ਵੱਟਾ ਰੱਖ ਦਿੱਤਾ ਅਤੇ ਸਰਕਾਰੇ ਸ਼ਿਕਾਇਤ ਕਰ ਦਿੱਤੀ। ਸਰਕਾਰੀ ਕਰਮਚਾਰੀ ਭਾਈ ਜੀ ਨੂੰ ਵੱਟੇ ਸਮੇਤ ਕੋਤਵਾਲੀ ਲੈ ਗਏ। ਕੋਈ ਚਾਰਾ ਨਾ ਚਲਦਾ ਦੇਖ ਭਾਈ ਕਟਾਰੂ ਜੀ ਨੇ ਅੰਤਰ ਧਿਆਨ ਹੋ ਕੇ ਅਰਦਾਸ ਕੀਤੀ ਕਿ ਹੇ ਪ੍ਰਭੂ, ਅੱਜ ਤੱਕ ਕੋਈ ਅਜਿਹਾ ਪਾਪ ਨਹੀਂ ਕੀਤਾ, ਮੇਰੀ ਲਾਜ ਰੱਖਣਾ। ਉਸ ਨੂੰ ਇਸ ਗੱਲ ਦਾ ਪਤਾ ਲੱਗ ਚੁੱਕਾ ਸੀ ਕਿ ਵੱਟਾ ਬਦਲਿਆ ਗਿਆ ਹੈ ਪਰ ਫਿਰ ਵੀ ਉਸ ਨੂੰ ਆਪਣੇ ਗੁਰੂ ਤੇ ਭਰੋਸਾ ਸੀ। ਜਦੋਂ ਕੋਤਵਾਲੀ ਵਿਚ ਵੱਟਾ ਤੋਲਿਆ ਗਿਆ ਤਾਂ ਉਹ ਪੂਰੇ ਤੋਲ ਦਾ ਨਿਕਲਿਆ। ਇਂਜ ਸੱਚ ਦੇ ਵਪਾਰੀ ਭਾਈ ਕਟਾਰੂ ਜੀ ਦੀ ਪ੍ਰਭੂ ਨੇ ਆਪਣਾ ਹੱਥ ਦੇ ਕੇ ਰੱਖਿਆ ਕੀਤੀ :

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ ੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ॥

(ਰਾਗ ਆਸਾ ਮਹਲਾ ੫, ਅੰਗ ੪੦੩)

ਗੁਰੂ ਨਾਨਕ ਦੇਵ ਜੀ ਨੇ 20 ਰੁਪਿਆਂ ਨਾਲ ਲੋਕਾਈ ਨੂੰ ਸੱਚਾ ਸੌਦਾ ਕਰਨ ਦੀ ਜਾਚ ਸਿਖਾਈ।

ਗੁਰੂ ਅਮਰਦਾਸ ਜੀ ਦੇ ਰਾਗੁ ਮਾਰੂ ਵਿਚ ਬੜੇ ਅਨਮੋਲ ਬਚਨ ਹਨ ਕਿ ਕੂੜਾ ਤੇ ਝੂਠਾ ਲੋਭ-ਲਾਲਚ ਛੱਡ ਕੇ, ਖੋਟੇ ਵਪਾਰ ਨੂੰ ਤਿਆਗ ਕੇ, ਸੱਚਾ ਤੇ ਸੁੱਚਾ ਵਪਾਰ ਕਰਨ ਨਾਲ ਜੀਵਨ ਵਿਚ ਕਿਸੇ ਪ੍ਰਕਾਰ ਦੀ ਕਦੀ ਕੋਈ ਤੋਟ ਨਹੀਂ ਆਉਂਦੀ :

ਸਚਾ ਸਉਦਾ ਸਚੁ ਵਾਪਾਰਾ॥
ਨ ਤਿਥੈ ਭਰਮੁ ਨ ਦੂਜਾ ਪਸਾਰਾ॥
ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ ਬੂਝੈ ਕੋ ਵੀਚਾਰੀ ਹੇ॥

(ਅੰਗ ੧੦੫੦)

41

ਨਿਰਮਲਤਾ

ਨਿਰਮਲ ਤੋਂ ਅਰਥ ਹੈ ਸਾਫ਼-ਸੁਥਰਾ, ਪਵਿੱਤਰ, ਮੈਲ-ਰਹਿਤ, ਸ਼ੁੱਧ ਜਿਸ ਵਿਚ ਕਿਸੇ ਪ੍ਰਕਾਰ ਦੀ ਮਿਲਾਵਟ ਜਾਂ ਖੋਟ ਨਾ ਹੋਵੇ। ਨਿਰਮਲਤਾ ਇਕ ਦੈਵੀ-ਗੁਣ ਹੈ ਜਿਸਨੂੰ ਗ੍ਰਹਿਣ ਕਰਨ ਲਈ ਪ੍ਰਾਣੀ ਨੇ ਇਸ ਸੰਸਾਰ-ਰੂਪੀ ਸਾਗਰ ਵਿਚ ਦੁਨਿਆਵੀ ਕਾਰ-ਵਿਹਾਰ ਕਰਦੇ ਹੋਏ ਕਮਲ ਦੇ ਫੁੱਲ ਵਾਂਗ ਅਭਿੱਜ ਰਹਿਣਾ ਹੈ। ਮੋਹ-ਮਾਇਆ ਵਿਚ ਵਿਚਰਦੇ ਹੋਏ ਇਸਦੇ ਪ੍ਰਭਾਵ ਤੋਂ ਨਿਰਲੇਪ ਰਹਿਣਾ ਹੈ। ਕੁਕਰਮਾਂ ਦੀ ਮੈਲ ਤੋਂ ਬਚ ਕੇ ਤਨ ਦੀ ਮੈਲ ਦੇ ਨਾਲ-ਨਾਲ ਮਨ ਦੀ ਮੈਲ ਨੂੰ ਵੀ ਧੋਣਾ ਹੈ। ਮਨ ਦੀ ਮੈਲ ਧੁਲਣ ਨਾਲ ਹੀ ਅੰਦਰਲਾ ਸ਼ੁੱਧ ਅਤੇ ਨਿਰਮਲ ਹੁੰਦਾ ਹੈ ਜਿਸ ਦੀ ਪ੍ਰਾਪਤੀ ਗੁਰੂ ਦੇ ਦੱਸੇ ਮਾਰਗ ਤੇ ਚੱਲ ਕੇ ਹੀ ਸੰਭਵ ਹੈ :

ਜੀਅਹੁ ਨਿਰਮਲ ਬਾਹਰਹੁ ਨਿਰਮਲ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ
ਸਤਿਗੁਰ ਤੇ ਕਰਣੀ ਕਮਾਣੀ॥
ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ॥
ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ
ਸਦਾ ਰਹਹਿ ਗੁਰ ਨਾਲੇ॥

(ਰਾਗੁ ਰਾਮਕਲੀ ਮਹਲਾ ੩, ਅਨੰਦੁ, ਅੰਗ ੯੧੯)

ਪ੍ਰੰਤੂ ਜੋ ਬਾਹਰੋਂ ਤਾਂ ਸਾਫ਼-ਸੁਥਰੇ ਜਾਪਦੇ ਹਨ ਪਰ ਅੰਦਰੋਂ ਮੈਲ ਅਤੇ ਕਪਟ ਨਾਲ ਭਰੇ ਹੋਏ ਹਨ ਉਹ ਜੀਵਨ ਦੀ ਬਾਜ਼ੀ ਹਾਰ ਕੇ ਜਾਂਦੇ ਹਨ :

ਜੀਅਹੁ ਮੈਲੇ ਬਾਹਰਹੁ ਨਿਰਮਲ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ
ਤਿਨੀ ਜਨਮੁ ਜੂਐ ਹਾਰਿਆ॥

(ਅੰਗ ੯੧੯)

ਅਥਵਾ :

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥

(ਰਾਗੁ ਆਸਾ, ਸੇਖ ਫਰੀਦ ਜੀ, ਅੰਗ ੪੮੮)

ਗੁਰੂ ਨਾਨਕ ਦੇਵ ਜੀ ਦੇ ਸਿਰੀ ਰਾਗੁ ਵਿਚ ਬੜੇ ਅਨਮੋਲ ਬਚਨ ਹਨ ਕਿ ਸਦਾ ਥਿਰ ਰਹਿਣ ਵਾਲਾ ਇਕ ਪ੍ਰਭੂ ਹੀ ਪਵਿੱਤਰ ਅਤੇ ਨਿਰਮਲ ਹੈ ਬਾਕੀ ਸਾਰੇ ਮਾਇਆ ਦੇ ਮੋਹ ਦੀ ਮੈਲ ਨਾਲ ਭਰੇ ਹੋਏ ਹਨ :

ਨਿਰਮਲੁ ਸਾਚਾ ਏਕੁ ਤੂ ਹੋਰ ਮੈਲੁ ਭਰੀ ਸਭ ਜਾਇ॥ *(ਅੰਗ ੫੭)*

ਪਰਮਾਤਮਾ ਦੀ ਪਵਿੱਤਰ ਜੋਤ ਸਭ ਜੀਆਂ ਅੰਦਰ ਵਸੀ ਹੋਈ ਹੈ। ਜੋ ਇਸਨੂੰ ਅਨੁਭਵ ਕਰਕੇ ਉਸਦੇ ਪਵਿੱਤਰ ਸ਼ਬਦ ਅਤੇ ਬਾਣੀ ਦੀ ਸਿਫ਼ਤ-ਸਾਲਾਹ ਕਰਦੇ ਹਨ ਉਹ ਮਨ ਦੀ ਸਾਰੀ ਮੈਲ ਗੁਆ ਕੇ ਨਿਰਮਲ ਹੋ ਜਾਂਦੇ ਹਨ।

ਨਿਰਮਲ ਸਬਦੁ ਨਿਰਮਲ ਹੈ ਬਾਣੀ॥
ਨਿਰਮਲ ਜੋਤਿ ਸਭ ਮਾਹਿ ਸਮਾਣੀ॥
ਨਿਰਮਲ ਬਾਣੀ ਹਰਿ ਸਾਲਾਹੀ
ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ॥

(ਰਾਗੁ ਮਾਝ ਮਹਲਾ ੩, ਅੰਗ ੧੨੧)

ਅਥਵਾ :

ਸਚੁ ਸਦਾ ਹੈ ਨਿਰਮਲਾ ਭਾਈ ਨਿਰਮਲ ਸਾਚੇ ਸੋਇ॥

(ਰਾਗੁ ਸੋਰਠਿ ਮਹਲਾ ੫, ਅੰਗ ੬੦੯)

ਜਦੋਂ ਮਨ ਤੇ ਤਨ ਪਵਿੱਤਰ ਹੋ ਜਾਂਦੇ ਹਨ ਤਾਂ ਮਾਇਆ ਦਾ ਮੋਹ ਜਾਂਦਾ ਰਹਿੰਦਾ ਹੈ :

ਨਿਰਮਲ ਨਾਮੁ ਵਸਿਆ ਮਨਿ ਆਏ॥
ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ॥

(ਰਾਗੁ ਮਾਝ ਮਹਲਾ ੩, ਅੰਗ ੧੨੧)

ਅਥਵਾ :

ਸੋ ਨਿਰਮਲੁ ਜੋ ਸਬਦੇ ਸੋਹੈ॥
ਨਿਰਮਲੁ ਨਾਮਿ ਮਨੁ ਤਨੁ ਮੋਹੈ॥ *(ਅੰਗ ੧੨੧)*

ਗੁਰੂ ਦੇ ਸ਼ਬਦ ਦੀ ਬਰਕਤ ਨਾਲ ਹਉਮੈ ਦੀ ਮੈਲ ਧੋਤੀ ਜਾਂਦੀ ਹੈ। ਮਨ ਅੰਦਰ ਹੁਣ ਨਿਰੰਤਰ ਪਵਿੱਤਰ ਬਾਣੀ ਦਾ ਇਕ ਰਸ ਪ੍ਰਵਾਹ ਚਲਦਾ ਰਹਿੰਦਾ ਹੈ ਜਿਸ ਸਦਕਾ ਮਾਲਕ ਪ੍ਰਭੂ ਦੇ ਦਰ ਤੇ ਸੋਭਾ ਮਿਲਦੀ ਹੈ। ਗੁਰਵਾਕ ਹੈ :

ਹਉਮੈ ਮੈਲੁ ਗੁਰ ਸਬਦੇ ਧੋਵੈ॥
ਨਿਰਮਲ ਵਾਜੈ ਅਨਹਦ ਧੁਨਿ ਬਾਣੀ
ਦਰਿ ਸਚੈ ਸੋਭਾ ਪਾਵਣਿਆ॥ *(ਅੰਗ ੧੨੧)*

ਜਿਉਂ-ਜਿਉਂ ਫਿਰ ਪ੍ਰਾਣੀ ਮਨ ਨੂੰ ਪ੍ਰਭੂ ਦੇ ਸ਼ਬਦ ਵਿਚ ਜੋੜਦਾ ਹੈ ਉਸਦਾ ਮਨ ਪਵਿੱਤਰ ਤੇ ਨਿਰਮਲ ਹੋ ਜਾਂਦਾ ਹੈ। ਪ੍ਰਭੂ ਨਾਮ ਵਿਚ ਜੁੜਨ ਦਾ ਇਹ ਅਵਸਰ ਭਾਗਾਂ ਵਾਲਿਆਂ ਨੂੰ ਹੀ ਪ੍ਰਾਪਤ ਹੁੰਦਾ ਹੈ ਅਤੇ ਜਿਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ ਉਨ੍ਹਾਂ ਦਾ ਜੀਅੜਾ ਸੁਤੇ-ਸਿਧ ਹੀ ਨਿਰਮਲ ਅਤੇ ਸੋਹਣਾ ਬਣ ਜਾਂਦਾ ਹੈ :

ਨਿਰਮਲ ਤੇ ਸਭ ਨਿਰਮਲ ਹੋਵੈ॥
ਨਿਰਮਲੁ ਮਨੂਆ ਹਰਿ ਸਬਦਿ ਪਰੋਵੈ॥
ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ॥

(ਅੰਗ ੧੨੧)

ਮਾਇਆ ਦੇ ਪ੍ਰਭਾਵ ਹੇਠ ਪ੍ਰਾਣੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜਿਹੇ ਪੰਜਾਂ

ਵਿਕਾਰਾਂ ਵਿਚ ਗ੍ਰਸਿਆ ਰਹਿੰਦਾ ਹੈ ਪ੍ਰੰਤੂ ਜਿਸ ਨੂੰ ਮਹਾਂਪੁਰਖਾਂ ਸੰਤ ਜਨਾਂ ਦੀ ਸੰਗਤ ਨਸੀਬ ਹੋ ਜਾਂਦੀ ਹੈ ਉਹ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੰਗਿਆ ਜਾਂਦਾ ਹੈ ਅਤੇ ਉਸਦਾ ਜੀਵਨ ਨਿਰਮਲ ਤੇ ਪਵਿੱਤਰ ਹੋ ਜਾਂਦਾ ਹੈ। ਗੁਰਵਾਕ ਹੈ :

ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ॥
ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ॥

(ਰਾਗੁ ਗਉੜੀ ਮਹਲਾ ੫, ਅੰਗ ੨੫੭)

ਆਪ ਜੀ ਦਾ 'ਸਲੋਕ ਸਹਸਕ੍ਰਿਤੀ' ਵਿਚ ਇਕ ਹੋਰ ਕਥਨ ਹੈ ਕਿ ਸਿਮਰਨ ਸਦਕਾ ਮਨੁੱਖ ਅੰਦਰੋਂ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਆਤਮਿਕ ਸੂਝ ਦਾ ਚਾਨਣ ਹੋਣ ਨਾਲ ਪਾਪਾਂ ਦਾ ਨਾਸ ਹੋ ਜਾਂਦਾ ਹੈ। ਮਨੁੱਖ ਦਾ ਜੀਵਨ ਹੁਣ ਐਨਾ ਸੁੱਚਾ ਤੇ ਨਿਰਮਲ ਹੋ ਜਾਂਦਾ ਹੈ ਕਿ ਉਸਦੇ ਨੇੜੇ ਆਉਣ ਤੋਂ ਜਮਦੂਤ ਵੀ ਡਰਦੇ ਹਨ :

ਅੰਧਕਾਰ ਸਿਮਰਤ ਪ੍ਰਕਾਸੰ ਗੁਣ ਰਮੰਤ ਅਘ ਖੰਡਨਹ॥
ਰਿਦ ਬਸੰਤਿ ਭੈ ਭੀਤ ਦੂਤਹ ਕਰਮ ਕਰਤ ਮਹਾ ਨਿਰਮਲਹ॥

(ਅੰਗ ੧੩੫੫)

ਗੁਰੂ ਰਾਮਦਾਸ ਜੀ ਦੇ ਰਾਗੁ ਬਿਲਾਵਲੁ ਵਿਚ ਬੜੇ ਅਨਮੋਲ ਬਚਨ ਹਨ ਕਿ ਜਿਵੇਂ ਮੀਂਹ ਪੈਣ ਤੇ ਗਲੀਆਂ, ਨਾਲੀਆਂ, ਛੱਪੜਾਂ ਆਦਿ ਦਾ ਪਾਣੀ ਗੰਗਾ ਦੇ ਦਰਿਆ ਦੇ ਪਾਣੀ ਵਿਚ ਮਿਲ ਕੇ, ਗੰਗਾ ਦੇ ਪਾਣੀ ਵਾਂਗ ਨਿਰਮਲ ਤੇ ਸਵੱਛ ਹੋ ਜਾਂਦਾ ਹੈ, ਇਹੋ ਵਡਿਆਈ ਨਿਰਵੈਰ ਸਤਿਗੁਰੂ ਦੀ ਹੈ ਜਿਸਦੇ ਦਰਸ਼ਨ ਕੀਤਿਆਂ ਸਾਰੀਆਂ ਤ੍ਰਿਸ਼ਨਾਵਾਂ ਅਤੇ ਭੁੱਖਾਂ ਦੂਰ ਹੋ ਕੇ ਪ੍ਰਾਣੀ ਦੇ ਅੰਦਰ-ਆਤਮੇ ਠੰਡ ਪੈ ਜਾਂਦੀ ਹੈ ਭਾਵ ਸਤਿਗੁਰੂ ਸੱਚੇ ਦੀ ਅਜਿਹੀ ਕਿਰਪਾ ਹੁੰਦੀ ਹੈ ਕਿ ਮਲੀਨ ਬੁੱਧੀ ਵਾਲਾ ਪ੍ਰਾਣੀ ਵੀ ਨਿਰਮਲ ਬੁੱਧ ਵਾਲਾ ਹੋ ਜਾਂਦਾ ਹੈ :

ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ
ਜਲੁ ਜਾਇ ਪਵੈ ਵਿਚਿ ਸੁਰਸਰੀ
ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ॥
ਇਹ ਵਡਿਆਈ ਸਤਿਗੁਰ ਨਿਰਵੈਰ ਵਿਚਿ
ਜਿਤੁ ਮਿਲਿਐ ਤਿਸਨਾ ਭੁਖ ਉਤਰੈ
ਹਰਿ ਸਾਂਤਿ ਤੜ ਆਵੈ॥ *(ਅੰਗ ੮੫੫)*

ਪ੍ਰੰਤੂ ਪਵਿੱਤਰ ਪ੍ਰਭੂ ਨਾਲੋਂ ਟੁੱਟੇ ਹੋਏ ਮਨੁੱਖ ਜੋ ਪ੍ਰਭੂ ਨੂੰ ਵਿਸਾਰ ਕੇ ਮਾਇਆ ਨਾਲ ਮੋਹ ਪਾਈ ਰੱਖਦੇ ਹਨ ਉਨ੍ਹਾਂ ਦੀ ਸੁਰਤ ਸਦਾ ਮੈਲੇ ਥਾਂ ਹੀ ਟਿਕੀ ਰਹਿੰਦੀ ਹੈ। ਵਿਕਾਰਾਂ ਦੀ ਇਹ ਮੈਲ ਵਧਦੀ ਜਾਂਦੀ ਹੈ ਅਤੇ ਮੈਲ ਨਾਲ ਭਰੇ ਹੋਏ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨਮੁਖ ਫਿਰ ਦੁੱਖ ਹੀ ਭੋਗਦੇ ਹਨ। ਗੁਰਵਾਕ ਹੈ :

ਮਨੁ ਮੈਲਾ ਹੈ ਦੂਜੈ ਭਾਇ॥
ਮੈਲਾ ਚਉਕਾ ਮੈਲੈ ਥਾਇ॥
ਮੈਲਾ ਖਾਇ ਫਿਰਿ ਮੈਲੁ ਵਧਾਏ
ਮਨਮੁਖ ਮੈਲੁ ਦੁਖੁ ਪਾਵਣਿਆ॥

(ਰਾਗੁ ਮਾਝ ਮਹਲਾ ੩, ਅੰਗ ੧੨੧)

ਦੂਜੇ ਬੰਨੇ ਜਿਨ੍ਹਾਂ ਨੂੰ ਨਾਮ ਦਾ ਰੰਗ ਚੜ੍ਹਦਾ ਹੈ ਉਨ੍ਹਾਂ ਦਾ ਸਰੀਰ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ। ਹਿਰਦਾ ਪਵਿੱਤਰ ਹੋ ਜਾਂਦਾ ਹੈ ਅਤੇ ਆਤਮਿਕ ਅਨੰਦ ਤੇ ਸੁਖ ਭੋਗਦੇ ਹਨ :

ਨਾਮਿ ਰਤੇ ਤਿਨ ਨਿਰਮਲ ਦੇਹਾ॥
ਨਿਰਮਲ ਹੰਸਾ ਸਦਾ ਸੁਖੁ ਨੇਹਾ॥

(ਰਾਗੁ ਮਾਰੂ ਮਹਲਾ ੩, ਅੰਗ ੧੦੬੪)

ਨਿਰਮਲਾ ਸੰਪ੍ਰਦਾਇ ਨਿਰਮਲਤਾ ਦਾ ਹੀ ਪ੍ਰਤੀਕ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੱਖਾਂ ਨੂੰ ਸੰਸਕ੍ਰਿਤ ਵਿਚ ਵਿਦਿਆ ਪ੍ਰਾਪਤ ਕਰਨ ਲਈ ਕਾਂਸ਼ੀ ਭੇਜਿਆ ਸੀ ਜਿਨ੍ਹਾਂ ਦੇ ਨਾਮ ਇਤਿਹਾਸਕਾਰਾਂ ਅਨੁਸਾਰ ਇਸ ਪ੍ਰਕਾਰ ਸਨ—ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ ਅਤੇ ਸੋਭਾ ਸਿੰਘ। ਇਹ ਸਿੱਖ, ਬ੍ਰਹਮਚਾਰੀ ਭੇਸ ਵਿਚ ਗਏ ਸਨ। ਉਸ ਵੇਲੇ ਸੰਸਕ੍ਰਿਤ, ਜਿਸ ਨੂੰ ਪੰਡਤ ਲੋਕ ਦੇਵ ਭਾਸ਼ਾ ਆਖਦੇ ਸਨ, ਨੂੰ ਹਰ ਕੋਈ ਪੜ੍ਹ ਜਾਂ ਲਿਖ ਨਹੀਂ ਸਕਦਾ ਸੀ। ਇਨ੍ਹਾਂ ਵਿਦਵਾਨਾਂ ਨੇ ਬੜੀ ਲਗਨ ਅਤੇ ਪ੍ਰੇਮ ਪੂਰਬਕ ਉਥੋਂ ਵਿਦਿਆ ਪ੍ਰਾਪਤ ਕੀਤੀ ਅਤੇ ਨਿਰਮਲੇ ਕਰਕੇ ਪ੍ਰਸਿੱਧ ਹੋਏ।

ਸਿੱਖ ਜਗਤ ਵਿਚ ਇਸ ਸਮੇਂ ਤੱਕ ਭਗਤੀ ਅਤੇ ਸ਼ਕਤੀ ਦਾ ਸੁਮੇਲ ਤਾਂ ਪੂਰਨ ਤੌਰ ਤੇ ਸਥਾਪਤ ਹੋ ਚੁੱਕਾ ਸੀ ਪ੍ਰੰਤੂ ਇਨ੍ਹਾਂ ਵਿਦਵਾਨਾਂ ਨੇ ਗੁਰਮਤਿ ਅਤੇ ਵਿਦਿਆ ਦਾ ਪ੍ਰਚਾਰ ਬੜੀ ਨਿਸਚਾ ਅਤੇ ਦ੍ਰਿੜ੍ਹਤਾ ਨਾਲ ਕੀਤਾ। ਬਾਅਦ ਵਿਚ ਜਿਨ੍ਹਾਂ ਪ੍ਰੇਮੀਆਂ ਨੇ ਇਨ੍ਹਾਂ ਪਾਸੋਂ ਵਿਦਿਆ ਪ੍ਰਾਪਤ ਕਰਕੇ ਧਰਮ ਦਾ ਪ੍ਰਚਾਰ ਕੀਤਾ ਉਨ੍ਹਾਂ ਨੂੰ ਵੀ ਨਿਰਮਲੇ ਆਖਿਆ ਜਾਣ ਲੱਗਾ। ਇੰਜ ਹੌਲੀ-ਹੌਲੀ ਇਹ ਇਕ ਸੰਪ੍ਰਦਾ ਦਾ ਰੂਪ ਧਾਰਨ ਕਰ ਗਿਆ। ਨਿਰਮਲਤਾ ਸਬੰਧੀ ਗੁਰੂ ਅਮਰਦਾਸ ਜੀ ਵਲੋਂ ਦਿੱਤੀ ਗਈ ਇਹ ਸੇਧ ਸਦਾ ਮਨ ਵਿਚ ਵਸਾਉਣ ਦੀ ਲੋੜ ਹੈ ਤਾਂ ਹੀ ਲੋਕ ਸੁਖੀਏ ਤੇ ਪ੍ਰਲੋਕ ਸੁਹੇਲੇ ਹੋ ਸਕਦੇ ਹਾਂ :

ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ॥

(ਰਾਗੁ ਮਾਝ, ਅੰਗ ੧੨੧)

ਪ੍ਰੰਤੂ ਇਹ ਨਾਮ ਦੀ ਦਾਤ ਉਸਨੂੰ ਪ੍ਰਾਪਤ ਹੁੰਦੀ ਹੈ ਜਿਸਤੇ ਗੁਰੂ ਦੀ ਨਜ਼ਰ ਸਵੱਲੀ ਹੁੰਦੀ ਹੈ ਭਾਵੇਂ ਅਜਿਹੇ ਭਾਗਾਂ ਵਾਲੇ ਮਨੁੱਖ ਕ੍ਰੋੜਾਂ ਵਿਚ ਵਿਰਲੇ ਹੀ ਹੁੰਦੇ ਹਨ। ਪੰਜਵੀਂ ਨਾਨਕ ਜੋਤਿ ਬਚਨ ਕਰ ਰਹੇ ਹਨ ਕਿ ਜੋ ਪ੍ਰਾਣੀ ਪਰਮਾਤਮਾ ਦੀ ਸਿਫ਼ਤ-ਸਾਲਾਹ ਸੁਣ ਸੁਣ ਕੇ ਨਾਮ ਰੰਗ ਵਿਚ ਰੰਗਿਆ ਜਾਂਦਾ ਹੈ ਉਸਦਾ ਮਨ ਅਤੇ ਤਨ ਦੋਨੋਂ ਨਿਰਮਲ ਹੋ ਜਾਂਦੇ ਹਨ :

ਨਦਰਿ ਕਰੇ ਜਿਸੁ ਆਪਣੀ ਭਾਈ ਤਿਸੁ ਪਰਾਪਤਿ ਹੋਇ॥
ਕੋਟਿ ਮਧੇ ਜਨੁ ਪਾਈਐ ਭਾਈ ਵਿਰਲਾ ਕੋਈ ਕੋਇ॥
ਨਾਨਕ ਰਤਾ ਸਚਿ ਨਾਮਿ ਭਾਈ ਸੁਣਿ ਮਨੁ ਤਨੁ ਨਿਰਮਲੁ ਹੋਇ॥

(ਰਾਗੁ ਸੋਰਠਿ, ਅੰਗ ੬੦੯)

42

ਇਸ਼ਨਾਨ

ਮਨੁੱਖੀ ਜੀਵਨ ਵਿਚ ਨਹਾਉਣ ਜਾਂ ਇਸ਼ਨਾਨ ਦੀ ਬੜੀ ਮਹੱਤਤਾ ਹੈ। ਜਿਹੜਾ ਪ੍ਰਾਣੀ ਬਿਨਾਂ ਨਾਗਾ ਰੋਜ਼ ਇਸ਼ਨਾਨ ਨਹੀਂ ਕਰਦਾ, ਉਹ ਸਾਰਾ ਦਿਨ ਆਲਸੀ, ਸੁਸਤ ਅਤੇ ਦਲਿੱਦਰੀ ਬਣਿਆ ਰਹਿੰਦਾ ਹੈ। ਇਸ਼ਨਾਨ ਕੀਤਿਆਂ ਸਰੀਰ ਦੀ ਮੈਲ ਧੁਲਣ ਦੇ ਨਾਲ ਜਿੱਥੇ ਮਨੁੱਖ ਸਾਰਾ ਦਿਨ ਹਲਕਾ ਫੁਲਕਾ ਮਹਿਸੂਸ ਕਰਦਾ ਹੈ ਅਤੇ ਕਈਆਂ ਬੀਮਾਰੀਆਂ ਤੋਂ ਬਚਿਆ ਰਹਿੰਦਾ ਹੈ ਉੱਥੇ ਮਨ ਦੀ ਇਕਾਗਰਤਾ ਵੀ ਬਣੀ ਰਹਿੰਦੀ ਹੈ ਭਾਵ ਮਨ ਸਦਾ ਸੁਚੇਤ ਰਹਿੰਦਾ ਹੈ :

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥

(ਰਾਗੁ ਸੋਰਠਿ ਮਹਲਾ ੫, ਅੰਗ ੬੧੧)

ਭਾਵ ਇਸ਼ਨਾਨ ਕਰਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਨਾਲ ਸਰੀਰ ਅਤੇ ਮਨ ਦੋਨੋਂ ਨਰੋਏ ਰਹਿੰਦੇ ਹਨ। ਦੇਹ ਅਰੋਗਤਾ ਅਤੇ ਮਾਨਸਿਕ ਪਵਿੱਤਰਤਾ ਬਣੀ ਰਹਿੰਦੀ ਹੈ। ਜੀਵਨ ਦੇ ਰਾਹ ਵਿਚ ਆਉਣ ਵਾਲੀਆਂ ਸਾਰੀਆਂ ਔਕੜਾਂ ਅਤੇ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ ਅਤੇ ਪਰਮਾਤਮਾ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋ ਜਾਂਦਾ ਹੈ।

'ਸਵਈਏ ਮਹਲੇ ਚੌਥੇ ਕੇ' ਵਿਚ ਭੱਟ ਗਯੰਦ ਜੀ ਦਾ ਕਥਨ ਹੈ ਕਿ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਜੋ ਜੋਤਿ-ਰੂਪੀ ਗੁਰੂ ਚਰਨਾਂ ਵਿਚ ਧਿਆਨ ਧਰਦੇ ਹਨ ਉਨ੍ਹਾਂ ਦਾ ਸਰੀਰ ਕੰਚਨ ਵਾਂਗ ਹੋ ਜਾਂਦਾ ਹੈ :

ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ॥
ਕੰਚਨੁ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧ੍ਯਾਨੁ ਧਰੰ॥

(ਅੰਗ-੧੪੦੨)

ਇੰਜ ਗੁਰਮਤਿ ਵਿਚ ਇਸ਼ਨਾਨ ਨੂੰ ਧਾਰਮਿਕ ਜੀਵਨ ਦਾ ਬੜਾ ਮਹੱਤਵਪੂਰਨ ਅੰਗ ਮੰਨਿਆ ਗਿਆ ਹੈ। ਇਹ ਵੀ ਸੇਧ ਦਿੱਤੀ ਗਈ ਹੈ ਕਿ ਇਸ਼ਨਾਨ ਅੰਮ੍ਰਿਤ ਵੇਲੇ ਕਰਨਾ ਹੈ ਕਿਉਂਕਿ ਸਿਮਰਨ ਵਿਚ ਜੁੜਨ ਦਾ ਇਹ ਸਭ ਤੋਂ ਉੱਤਮ ਸਮਾਂ ਮੰਨਿਆ ਗਿਆ ਹੈ। ਰਾਗੁ ਗਉੜੀ ਵਿਚ ਗੁਰੂ ਰਾਮਦਾਸ ਜੀ ਦੇ ਬੜੇ ਸੁੰਦਰ ਬਚਨ ਹਨ ਕਿ ਗੁਰੂ ਦਾ ਸਿੱਖ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਦਾ ਉੱਦਮ ਕਰਦਾ ਹੈ, ਫਿਰ ਨਾਮ-ਰੂਪੀ ਸਰੋਵਰ ਵਿਚ ਚੁੱਭੀ ਲਾਉਂਦਾ ਹੈ ਭਾਵ ਨਾਮ-ਸਿਮਰਨ ਵਿਚ ਜੁੜਦਾ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ *(ਅੰਗ ੩੦੫)*

ਭਾਈ ਗੁਰਦਾਸ ਜੀ, ਜਿਨ੍ਹਾਂ ਦੀਆਂ ਰਚਨਾਵਾਂ ਨੂੰ ਗੁਰਬਾਣੀ ਦੀ ਕੁੰਜੀ ਆਖਿਆ ਜਾਂਦਾ ਹੈ, ਨੇ ਗੁਰਸਿੱਖ ਦੀ ਨਿੱਤ ਦੀ ਕਾਰ ਬਾਰੇ ਦਰਸਾਇਆ ਹੈ :

ਗੁਰਸਿਖ ਭਲਕੇ ਉੱਠ ਕਰ ਅੰਮ੍ਰਿਤ ਵੇਲੇ ਸਰ ਨਾਵੰਦਾ॥
ਗੁਰ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ॥

(ਵਾਰ ੪੦, ਪਉੜੀ ੧੧)

ਅਥਵਾ :

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿੱਛਲ ਰਾਤੀਂ ਉਠ ਬਹੰਦੇ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤ ਵੇਲੇ ਸਰ ਨਾਵੰਦੇ॥

(ਵਾਰ ੧੨, ਪਉੜੀ ੨)

ਗੁਰੂ ਨਾਨਕ ਦੇਵ ਜੀ ਦੀ ਨਿੱਤ ਦੀ ਕਿਰਿਆ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਤੋਂ ਬਾਅਦ ਅਰੰਭ ਹੁੰਦੀ ਸੀ ਜੋ ਬਾਕੀ ਗੁਰੂ ਸਾਹਿਬਾਨ ਦੇ ਕਾਲ ਸਮੇਂ ਨਿਰੰਤਰ ਜਾਰੀ ਰਹੀ ਅਤੇ ਅੱਜ ਤੱਕ ਗੁਰਸਿੱਖਾਂ ਵਿਚ ਪ੍ਰਚੱਲਤ ਹੈ। ਸੁਲਤਾਨਪੁਰ ਲੋਧੀ ਵਿਚ ਸਵਾ ਪਹਿਰ ਰਹਿੰਦੇ ਅੰਮ੍ਰਿਤ ਵੇਲੇ ਕਾਲੀ ਵੇਈਂ ਵਿਚ ਇਸ਼ਨਾਨ ਕਰਨ ਉਪਰੰਤ ਗੁਰੂ ਨਾਨਕ ਦੇਵ ਜੀ ਪ੍ਰਭੂ ਚਰਨਾਂ ਨਾਲ ਲਿਵ ਜੋੜਦੇ। ਭਾਈ ਮਰਦਾਨਾ ਜੀ ਰਬਾਬ ਨੂੰ ਛੇੜਦੇ ਅਤੇ ਗੁਰੂ ਜੀ ਜਦੋਂ ਧੁਰ ਕੀ ਬਾਣੀ ਨੂੰ ਰਬਾਬ ਦੀਆਂ ਸੁਰਾਂ ਤੇ ਅਲਾਪਦੇ ਹੋਣਗੇ ਤਾਂ ਨਿਸ਼ਚੇ ਹੀ ਸਾਰੀ ਕਾਇਨਾਤ ਵਿਚ ਅੰਮ੍ਰਿਤ-ਧਾਰਾ ਦੀ ਵਰਖਾ ਹੁੰਦੀ ਹੋਵੇਗੀ।

ਨਿਮਾਣਿਆਂ ਦੇ ਮਾਣ, ਨਿਆਸਰਿਆਂ ਦੇ ਆਸਰੇ ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਲਗਭਗ 11 ਵਰ੍ਹੇ ਮੀਂਹ-ਝੱਖੜ, ਗਰਮੀ-ਸਰਦੀ ਆਦਿ ਦੀ ਪ੍ਰਵਾਹ ਨਾ ਕਰਦੇ ਹੋਏ ਬਿਨਾਂ ਨਾਗਾ ਅੰਮ੍ਰਿਤ ਵੇਲੇ ਬਿਆਸ ਦਰਿਆ 'ਚੋਂ ਪਾਣੀ ਦੀ ਗਾਗਰ ਭਰ ਕੇ ਲਿਆ ਕੇ, ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾਉਂਦੇ ਰਹੇ। ਜਦੋਂ ਆਪ ਜੀ ਦੀ ਇਹ ਸੇਵਾ ਗੁਰੂ ਘਰ ਵਿਚ ਪ੍ਰਵਾਨ ਚੜ੍ਹੀ ਤਾਂ ਮਿਹਰਾਂ ਦੇ ਸਾਈਂ ਗੁਰੂ ਅੰਗਦ ਦੇਵ ਜੀ ਨੇ ਜਗਤ ਗੁਰੂ ਬਾਬੇ ਵਲੋਂ ਚਲਾਏ ਨਿਰਾਲੇ ਪੰਥ ਨੂੰ ਗੁਰੂ ਅਮਰਦਾਸ ਜੀ ਦੀ ਝੋਲੀ ਪਾ ਦਿੱਤਾ।

ਭਾਈ ਨੰਦ ਲਾਲ ਜੀ ਦਸਮੇਸ਼ ਪਿਤਾ ਦੇ ਅਨਿੰਨ ਸੇਵਕ ਅਤੇ ਪ੍ਰਸਿੱਧ ਕਵੀ ਹੋਏ ਹਨ। ਆਪ ਜੀ ਨੇ ਆਪਣੇ ਰਹਿਤ ਨਾਮਾ ਅਤੇ ਤਨਖਾਹ-ਨਾਮਾ ਵਿਚ ਗੁਰਸਿੱਖ ਦੀ ਨਿੱਤ ਦੀ ਕਿਰਿਆ ਬਾਰੇ ਦਰਸਾਉਂਦੇ ਹੋਏ ਨਾਮ ਅਤੇ ਇਸ਼ਨਾਨ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ :

ਨੰਦ ਲਾਲ ਤੁਮ ਬਚਨ ਸੁਨਹੁ ਸਿਖ ਕਰਮ ਹੈ ਏਹੁ।
ਨਾਮ ਦਾਨ ਇਸਨਾਨ ਬਿਨ ਕਰੇ ਨਾ ਅਨ ਸਿਉਂ ਨੇਹੁ।

(ਤਨਖ਼ਾਹ ਨਾਮਾ, ਪ੍ਰਸ਼ਨ ਉੱਤਰ)

ਅਥਵਾ :

ਗੁਰਸਿਖ ਰਹਿਤ ਸੁਨਹੁ ਰੇ ਮੀਤ।
ਉਠਿ ਪਰਭਾਤੇ ਕਰੇ ਨਿਤ ਚੀਤ।
ਵਾਹਿਗੁਰੂ ਗੁਰ ਮੰਤ੍ਰ ਸੁ ਜਾਪ।
ਕਰਿ ਇਸਨਾਨ ਪੜੇ ਜਪੁ ਜਾਪ।

(ਰਹਿਤ ਨਾਮਾ—ਪ੍ਰਸ਼ਨ ਉੱਤਰ)

ਭਾਵ ਗੁਰਸਿੱਖ ਦੀ ਕਰਨੀ ਅਜਿਹੀ ਹੋਣੀ ਚਾਹੀਦੀ ਹੈ ਕਿ ਉਹ ਨਿੱਤ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਕੇ, ਇਕ ਮਨ, ਇਕ ਚਿੱਤ ਹੋ ਕੇ ਗੁਰਮੰਤ੍ਰ ਦਾ ਜਾਪ ਕਰੇ। ਜਪੁ ਜੀ, ਜਾਪ ਸਾਹਿਬ ਭਾਵ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰੇ।

ਇੰਜ ਗੁਰਮਤਿ ਵਿਚ ਅੰਮ੍ਰਿਤ ਵੇਲੇ ਕੀਤੇ ਇਸ਼ਨਾਨ ਦੀ ਬੜੀ ਮਹੱਤਤਾ ਹੈ। ਅੰਮ੍ਰਿਤ ਵੇਲੇ ਹੀ ਮਨ ਨੂੰ ਇਕਾਗਰ ਕਰਕੇ ਪਰਮਾਤਮਾ ਨਾਲ ਇਕ-ਮਿਕ ਹੋਇਆ ਜਾ ਸਕਦਾ ਹੈ। ਗਾਫ਼ਲ ਮਨੁੱਖ ਤਾਂ ਅਜਿਹੇ ਵੇਲੇ ਉੱਠ ਕੇ ਇਸ਼ਨਾਨ ਅਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਦੀ ਥਾਂ ਲੰਮੀਆਂ ਤਾਣ ਕੇ ਬੇਖ਼ਬਰ ਹੋ ਕੇ ਸੁੱਤਾ ਰਹਿੰਦਾ ਹੈ :

ਬੁਰੇ ਕਾਮ ਕਉ ਊਠਿ ਖਲੋਇਆ॥
ਨਾਮ ਕੀ ਬੇਲਾ ਪੈ ਪੈ ਸੋਇਆ॥

(ਰਾਗੁ ਸੂਹੀ ਮਹਲਾ ੫, ਅੰਗ ੭੩੮)

ਇਥੇ ਇਕ ਗੱਲ ਚੇਤੇ ਰੱਖਣ ਵਾਲੀ ਹੈ ਕਿ ਗੁਰਬਾਣੀ ਵਿਚ ਇਸ ਗੱਲ ਦੀ ਵਾਰ-ਵਾਰ ਤਾਕੀਦ ਕੀਤੀ ਗਈ ਹੈ ਕਿ ਕੇਵਲ ਤਨ ਜਾਂ ਸਰੀਰ ਨੂੰ ਸਾਫ ਰੱਖਣ ਨਾਲ ਸੁੱਚੇ ਨਹੀਂ ਹੋ ਜਾਈਦਾ। ਸੁੱਚੇ ਤਾਂ ਹੀ ਬਣਾਂਗੇ ਜੇਕਰ ਤਨ ਨੂੰ ਧੋਣ ਦੇ ਨਾਲ ਨਾਲ ਮਨ ਨੂੰ ਵੀ ਧੋਤਾ ਜਾਏ ਭਾਵ ਹਿਰਦੇ ਰੂਪੀ ਘਰ ਵਿਚ ਪ੍ਰਭੂ ਨੂੰ ਵਸਾਇਆ ਜਾਵੇ। ਮਾਲਕ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਾ ਜਾਵੇ। ਰਾਗੁ ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਬੜੇ ਅਨਮੋਲ ਬਚਨ ਹਨ :

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥

(ਅੰਗ ੪੭੨)

ਜੇਕਰ ਮਨ ਹੀ ਮੈਲਾ ਹੈ। ਹਰ ਵੇਲੇ ਦੂਜਿਆਂ ਦਾ ਬੁਰਾ ਚਿਤਵਦਾ ਹੈ, ਕਾਮਾਦਿਕ ਵਿਕਾਰਾਂ ਨਾਲ ਭਰਿਆ ਪਿਆ ਹੈ, ਕਦੀ ਕਿਸੇ ਦਾ ਭਲਾ ਨਹੀਂ ਕੀਤਾ ਤਾਂ ਸਰੀਰ ਦੇ ਧੋਤਿਆਂ ਮਨ ਧੋਤਾ ਨਹੀਂ ਜਾ ਸਕਦਾ :

ਮਨਿ ਮੈਲੈ ਸਭੁ ਕਿਛੁ ਮੈਲਾ
ਤਨਿ ਧੋਤੈ ਮਨੁ ਹਛਾ ਨ ਹੋਇ॥

(ਰਾਗੁ ਵਡਹੰਸੁ ਮਹਲਾ ੩, ਅੰਗ ੫੫੮)

ਭਗਤ ਕਬੀਰ ਜੀ ਦਾ ਰਾਗੁ ਗਉੜੀ ਵਿਚ ਕਥਨ ਹੈ ਕਿ ਜਿਹੜੇ ਸਵੇਰੇ ਸ਼ਾਮ ਦੋਨੋਂ ਵੇਲੇ ਨਿਰਾ ਇਸ਼ਨਾਨ ਹੀ ਕਰਦੇ ਹਨ ਪਰ ਮਨ ਦੀ ਮੈਲ ਨੂੰ ਨਹੀਂ ਧੋਂਦੇ ਉਹ ਇਵੇਂ ਹਨ ਜਿਵੇਂ ਪਾਣੀ ਵਿਚ ਡੱਡੂ ਵੱਸਦੇ ਹਨ :

ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ॥
ਜਿਉ ਭਏ ਦਾਦੁਰ ਪਾਨੀ ਮਾਹੀ॥

(ਅੰਗ ੩੨੪)

ਰਾਗੁ ਆਸਾ ਵਿਚ ਗੁਰ ਪੰਚਮ ਪਾਤਸ਼ਾਹ ਸੋਧ ਬਖ਼ਸ਼ਿਸ਼ ਕਰ ਰਹੇ ਹਨ ਕਿ ਪ੍ਰਾਣੀ ਨੇ ਇਸ਼ਨਾਨ ਵੀ ਕੀਤਾ, ਪੂਜਾ-ਪਾਠ ਵੀ ਕੀਤਾ, ਗਿਆਨ ਦੀਆਂ ਗੱਲਾਂ ਵੀ ਕਰਦਾ ਹੈ ਪਰ ਇਸ ਦੀ ਇਹ ਬਦਕਿਸਮਤੀ ਹੈ ਕਿ ਲੋਭ-ਲਾਲਚ ਅਤੇ ਹਉਮੈ ਵਿਚ ਗ੍ਰਸੇ ਰਹਿਣ ਕਾਰਨ ਉਸਦਾ ਇਹ ਕੀਤਾ ਕਰਾਇਆ ਸਭ ਵਿਅਰਥ ਹੀ ਜਾਂਦਾ ਹੈ :

ਕਰਿ ਇਸਨਾਨੁ ਪੂਜਾ ਤਿਲਕੁ ਲਾਲ॥
ਗਲੀ ਗਰਬਹਿ ਮੁਖਿ ਗੋਵਹਿ ਗਿਆਨ॥
ਸਭਿ ਬਿਧਿ ਖੋਈ ਲੋਭਿ ਸੁਆਨ॥ *(ਅੰਗ ੩੭੪)*

ਅਥਵਾ :

ਪੂਜਾ ਤਿਲਕ ਕਰਤ ਇਸਨਾਨਾਂ॥
ਛੁਰੀ ਕਾਢਿ ਲੇਵੈ ਹਥਿ ਦਾਨਾ॥

(ਰਾਗੁ ਗਉੜੀ ਮਹਲਾ ੫, ਅੰਗ ੨੦੧)

ਆਪ ਜੀ ਦੇ ਰਾਗੁ ਗਉੜੀ ਵਿਚ ਇਕ ਹੋਰ ਬਚਨ ਹਨ ਕਿ ਮਨੁੱਖ ਨਹਾ ਧੋ ਕੇ ਸੋਹਣੇ ਚਿੱਟੇ ਕੱਪੜੇ ਪਹਿਨਦਾ ਹੈ ਅਤੇ ਅਤਰ ਚੰਦਨ ਆਦਿ ਖ਼ੁਸ਼ਬੂਦਾਰ ਚੀਜ਼ਾਂ ਲਾਉਂਦਾ ਹੈ ਤਾਂ ਕਿ ਉਹ ਸੋਹਣਾ ਲੱਗੇ। ਪ੍ਰੰਤੂ ਜੇਕਰ ਪ੍ਰਾਣੀ ਨੇ ਲਿਵ ਨੂੰ ਪਰਮਾਤਮਾ ਵਿਚ ਨਹੀਂ ਜੋੜਿਆ ਤਾਂ ਕੀਤੇ ਇਹ ਉੱਦਮ ਸਭ ਬੇਕਾਰ ਹਨ। ਇਹ ਤਾਂ ਮਾਨੋ ਹਾਥੀ ਨੂੰ ਨੁਹਾਉਣ ਵਾਲੀ ਗੱਲ ਹੈ ਜੋ ਮੁੜ ਆਪਣੇ ਤੇ ਹੀ ਮਿੱਟੀ ਘੱਟਾ ਪਾ ਲੈਂਦਾ ਹੈ। ਉਸ ਨੂੰ ਨੁਹਾਇਆ ਜਿਹਾ ਨਾ ਨੁਹਾਇਆ :

ਪਹਿਰੈ ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਏ॥
ਨਿਰਭਉ ਨਿਰੰਕਾਰ ਨਹੀ ਚੀਨਿਆ ਜਿਉ ਹਸਤੀ ਨਾਵਾਏ॥

(ਅੰਗ ੨੧੩)

ਇਸ ਲਈ ਦੇਹੀ ਇਸ਼ਨਾਨ ਕਰਨ ਦੇ ਨਾਲ-ਨਾਲ ਮਨ ਤੇ ਜੋ ਹਉਮੈ ਦੀ ਮੈਲ ਚੜ੍ਹੀ ਹੋਈ ਹੈ ਉਸ ਨੂੰ ਵਾਹਿਗੁਰੂ ਦੇ ਨਾਮ-ਰੂਪੀ ਸਾਗਰ ਵਿਚ ਧੋਣਾ ਹੈ :

ਇਸਨਾਨੁ ਕਰਹਿ ਸਦਾ ਦਿਨੁ ਰਾਤੀ
ਹਉਮੈ ਮੈਲੁ ਚੁਕਾਵਣਿਆ॥

(ਰਾਗੁ ਮਾਝ ਮਹਲਾ ੩, ਅੰਗ ੧੨੮)

ਗੁਰੂ ਅਰਜਨ ਦੇਵ ਜੀ ਦੇ ਰਾਗੁ ਬਸੰਤੁ ਵਿਚ ਬੜੇ ਸੁੰਦਰ ਬਚਨ ਹਨ ਕਿ ਜਿਹੜੇ ਪ੍ਰਭੂ ਦੇ ਸੇਵਕ-ਜਨ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਹਰ ਵੇਲੇ ਹਰੀ ਦੀ ਅਰਾਧਨਾ ਕਰਦੇ ਹਨ ਉਹ ਸਹਿਜ-ਅਵਸਥਾ ਵਿਚ ਵਿਚਰਦੇ ਹਨ। ਵੱਡੀਆਂ ਤੋਂ ਵੱਡੀਆਂ ਮੁਸੀਬਤਾਂ ਵੇਲੇ ਪ੍ਰਭੂ ਉਨ੍ਹਾਂ ਦਾ ਸਹਾਈ ਹੁੰਦਾ ਹੈ। ਉਨ੍ਹਾਂ ਨੂੰ ਹੱਥ ਦੇ ਕੇ ਰੱਖਦਾ ਹੈ ਅਤੇ ਉਨ੍ਹਾਂ ਤੇ ਕਿਸੇ ਪ੍ਰਕਾਰ ਦੀ ਆਂਚ ਨਹੀਂ ਆਉਣ ਦਿੰਦਾ :

ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ
ਸੁਖ ਸਹਜ ਸੇਤੀ ਘਰਿ ਜਾਤੇ॥ *(ਅੰਗ ੧੧੮੫)*

43

ਲੰਗਰ

ਸਿੱਖ ਧਰਮ ਵਿਚ ਲੰਗਰ ਦੀ ਬੜੀ ਮਹੱਤਤਾ ਹੈ। ਇਸ ਨੂੰ ਗੁਰੂ ਕਾ ਲੰਗਰ ਵੀ ਆਖਿਆ ਜਾਂਦਾ ਹੈ ਜਿੱਥੇ ਬਿਨਾਂ ਕਿਸੇ ਭਿੰਨ-ਭੇਦ ਦੇ ਗਰੀਬ-ਅਮੀਰ, ਲੋੜਵੰਦ, ਮੁਸਾਫਰ, ਸੰਤ-ਫਕੀਰ ਆਦਿ ਕਤਾਰਾਂ ਵਿਚ ਇਕੱਠਿਆਂ ਬੈਠ ਕੇ ਸਾਰੇ ਭੋਜਨ ਛਕਦੇ ਹਨ। ਗੁਰੂ ਦਾ ਸਿੱਖ ਲੰਗਰ ਵਿਚ ਪ੍ਰਸ਼ਾਦ ਛੱਕ ਕੇ ਬੜਾ ਗਰਬ ਮਹਿਸੂਸ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਇਸ ਮਹੱਤਵਪੂਰਨ ਸੰਸਥਾ ਦੀ ਨੀਂਹ ਵੰਡ-ਛਕਣ ਦੇ ਉੱਤਮ ਨੇਮ ਤੇ ਰੱਖੀ। ਇਸ ਸੰਸਥਾ ਨੂੰ ਪ੍ਰਚਲਤ ਕਰਨ ਵਿਚ ਆਪ ਜੀ ਦਾ ਇਕ ਲਕਸ਼ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨਾ ਵੀ ਸੀ ਜੋ ਸਮਾਜਿਕ ਢਾਂਚੇ ਨੂੰ ਖੋਖਲਿਆਂ ਕਰ ਰਹੀਆਂ ਸਨ। ਜਾਤੀ ਭੇਦ-ਭਾਵ, ਊਚ-ਨੀਚ, ਇਸਤ੍ਰੀ-ਮਰਦ ਅਸਮਾਨਤਾ ਸਮਾਜ ਵਿਚ ਘਰ ਕਰ ਚੁੱਕੇ ਸਨ। ਗੁਰੂ ਨਾਨਕ ਦੇਵ ਜੀ ਨੇ ਸੰਗਤ ਅਤੇ ਪੰਗਤ ਦਾ ਉਪਦੇਸ਼ ਅਮਲੀ ਰੂਪ ਵਿਚ ਇਸ ਸੰਸਥਾ ਦੁਆਰਾ ਰੂਪਮਾਨ ਕੀਤਾ।

ਗੁਰੂ ਜੀ ਨੇ ਸਭ ਤੋਂ ਪਹਿਲਾਂ 20 ਰੁਪਿਆਂ ਨਾਲ ਚੂੜਕਾਣਾ, ਜ਼ਿਲ੍ਹਾ ਸ਼ੇਖੂਪੁਰਾ (ਹੁਣ ਪਾਕਿਸਤਾਨ) ਵਿਖੇ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਗੁਰੂ ਕੇ ਲੰਗਰ ਦਾ ਮੁੱਢ ਬੰਨ੍ਹਿਆ ਜੋ ਸੱਚਾ ਸੌਦਾ ਕਰਕੇ ਪ੍ਰਸਿੱਧ ਹੈ। ਸੁਲਤਾਨਪੁਰ ਲੋਧੀ ਮੋਦੀਖਾਨੇ ਦੀ ਨੌਕਰੀ ਤੋਂ ਜੋ ਕੁਝ ਮਿਲਦਾ ਗੁਰੂ ਜੀ ਆਪਣੀਆਂ ਸੀਮਤ ਘਰੇਲੂ ਲੋੜਾਂ ਨੂੰ ਪੂਰਿਆਂ ਕਰਕੇ ਬਾਕੀ ਲੋੜਵੰਦਾਂ ਵਿਚ ਵਰਤਾ ਦਿੰਦੇ। ਆਖਰੀ ਵਰ੍ਹਿਆਂ ਵਿਚ ਜਦੋਂ ਆਪ ਜੀ ਕਰਤਾਰਪੁਰ (ਹੁਣ ਪਾਕਿਸਤਾਨ) ਆ ਟਿਕੇ ਤਾਂ ਸੰਗਤਾਂ ਦੀ ਗਿਣਤੀ ਬਹੁਤ ਵਧ ਚੁੱਕੀ ਸੀ। ਦੇਸ਼ ਦੇ ਦੂਰ-ਦੁਰਾਡੇ ਤੋਂ ਭਾਰੀ ਗਿਣਤੀ ਵਿਚ ਸੰਗਤਾਂ ਗੁਰੂ ਬਾਬੇ ਦੇ ਦਰਸ਼ਨਾਂ ਲਈ ਆਉਂਦੀਆਂ। ਭਾਵੇਂ ਸ਼ਰਧਾਲੂਆਂ ਵਲੋਂ ਵੀ ਭੇਟਾ ਦਿੱਤੀ ਜਾਂਦੀ ਸੀ ਪਰ ਲੰਗਰ ਲਈ ਰਸਦ ਬਹੁਤਾ ਕਰਕੇ ਗੁਰੂ ਜੀ ਵਲੋਂ ਕੀਤੀ ਕਿਰਤ-ਕਮਾਈ 'ਚੋਂ ਹੀ ਆਉਂਦੀ। ਕਿਰਸਾਨੀ ਕੁਲ ਵਿਚੋਂ ਨਾ ਹੁੰਦੇ ਹੋਏ ਵੀ ਜਗਤ ਗੁਰੂ ਬਾਬੇ ਨੇ ਹਲ ਵਾਹਿਆ, ਹੱਥੀਂ ਖੇਤੀ ਕੀਤੀ। ਸਵੇਰ ਸ਼ਾਮ ਸੰਗਤਾਂ ਜੁੜਦੀਆਂ ਅਤੇ ਪੰਗਤਾਂ ਲੱਗਦੀਆਂ।

ਗੁਰੂ ਨਾਨਕ ਦੇਵ ਜੀ ਜੀਵਨ ਭਰ ਜਾਤ-ਪਾਤ, ਊਚ-ਨੀਚ, ਮਨੁੱਖੀ ਅਸਮਾਨਤਾ ਆਦਿ ਵਿਰੁੱਧ ਜੂਝਦੇ ਰਹੇ। ਆਪ ਜੀ ਨੇ ਬੇਬਸ ਲੋਕਾਂ ਦੀ ਹੋ ਰਹੀ ਲੁੱਟ-ਖਸੁੱਟ ਵਿਰੁੱਧ ਬੁਲੰਦ ਆਵਾਜ਼ ਉਠਾਈ ਜਿਸ ਨੂੰ ਸਾਰੇ ਗੁਰੂ ਸਾਹਿਬਾਨ ਨੇ ਜਾਰੀ ਰੱਖਿਆ। ਇਸ ਕਾਰਜ ਨੂੰ ਸਿਰੇ ਚਾੜ੍ਹਣ ਲਈ ਲੰਗਰ ਦੀ ਪ੍ਰਥਾ ਅਮਲੀ ਤੌਰ ਤੇ ਬੜੀ ਸਹਾਇਕ ਸਿੱਧ ਹੋਈ।

ਜਿਥੇ ਗੁਰੂ ਜੀ ਆਏ ਸਿੱਖ ਸੇਵਕਾਂ ਨੂੰ ਨਾਮ ਬਾਣੀ ਨਾਲ ਜੋੜਦੇ, ਕਰਮ-ਕਾਂਡਾਂ ਅਤੇ ਵਹਿਮਾਂ ਭਰਮਾਂ ਨੂੰ ਤਿਆਗ ਕੇ ਇਕ ਅਕਾਲ ਪਰਖ ਦੀ ਅਰਾਧਨਾ ਲਈ ਪ੍ਰੇਰਦੇ ਉੱਥੇ ਪੰਗਤ ਦੁਆਰਾ ਲੋਕਾਂ ਦੇ ਮਨਾਂ ਅੰਦਰ ਸਾਂਝੀਵਾਲਤਾ, ਭਰਾਤਰੀ-ਭਾਵ ਆਦਿ ਜਿਹੇ ਗੁਣ ਪੁੰਗਰਣ ਲੱਗੇ। ਜਾਤੀ ਭੇਦ-ਭਾਵ, ਊਚ-ਨੀਚ ਜਿਹੀਆਂ ਸਮਾਜਿਕ ਕੁਰੀਤੀਆਂ ਵਾਲੀ ਦੀਵਾਰ ਢਹਿ ਢੇਰੀ ਹੋਣ ਲੱਗੀ।

ਗੁਰੂ ਅੰਗਦ ਦੇਵ ਜੀ ਵੇਲੇ ਲੰਗਰ ਬਾਕਾਇਦਾ ਇਕ ਸੰਸਥਾ ਦਾ ਰੂਪ ਧਾਰਨ ਕਰ ਚੁੱਕਾ ਸੀ। ਉਨ੍ਹਾਂ ਵਲੋਂ ਚਲਾਏ ਜਾ ਰਹੇ ਲੰਗਰ ਦਾ ਹਵਾਲਾ 'ਸਤੇ ਬਲਵੰਡ ਦੀ ਵਾਰ' 'ਚੋਂ ਮਿਲਦਾ ਹੈ। ਲੰਗਰ ਵਿਚ ਬੜੇ ਚੰਗੇ ਪਦਾਰਥ ਵਰਤੀਂਦੇ ਸਨ ਜਿਨ੍ਹਾਂ ਵਿਚੋਂ ਇਕ ਘਿਉ ਵਾਲੀ ਖੀਰ ਹੁੰਦੀ ਸੀ ਅਤੇ ਗੁਰੂ ਜੀ ਦੇ ਮਹਲ, ਮਾਤਾ ਖੀਵੀ ਜੀ ਨੇ ਲੰਗਰ ਵਿਚ ਸੇਵਾ ਪਾ ਕੇ ਬੜਾ ਨਾਮਣਾ ਖੱਟਿਆ :

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ *(ਅੰਗ ੯੬੭)*

ਗੁਰੂ ਅਮਰਦਾਸ ਜੀ ਵੇਲੇ ਲੰਗਰ ਵਿਚ ਘਿਉ, ਮੈਦਾ, ਖੰਡ ਆਦਿ ਸੁਆਦਲੇ ਪਦਾਰਥਾਂ ਦੀ ਵਰਤੋਂ ਹੁੰਦੀ ਸੀ :

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥ *(ਅੰਗ ੯੬੮)*

ਐਨਾ ਉੱਤਮ ਲੰਗਰ ਵਰਤੇ ਜਾਣ ਦੇ ਬਾਵਜੂਦ ਗੁਰੂ ਜੀ ਆਪ ਬੜਾ ਸਾਦਾ ਭੋਜਨ-ਅਲੂਣੀ ਖਿਚੜੀ ਖਾ ਕੇ ਹੀ ਪਰਮਾਤਮਾ ਦਾ ਸ਼ੁਕਰਾਨਾ ਕਰਦੇ। ਨਿਆਸਰਿਆਂ ਨੂੰ ਆਸਰਾ ਦੇਣ ਵਾਲੇ ਸਤਿਗੁਰੂ ਕਿਹਾ ਕਰਦੇ ਸਨ ਕਿ ਜੋ ਕੁਝ ਮੇਰੇ ਸਿੱਖ ਖਾਂਦੇ ਹਨ ਉਸਦਾ ਸੁਆਦ ਮੈਂ ਆਪ ਹੀ ਤਾਂ ਮਾਣਦਾ ਹਾਂ। ਆਪ ਜੀ ਦੇ ਲੰਗਰ ਵਿਚ ਰਾਤ ਨੂੰ ਜੋ ਕੁਝ ਵੀ ਬਚਦਾ ਉਹ ਸਭ ਗਰੀਬਾਂ ਅਤੇ ਲੋੜਵੰਦਾਂ ਵਿਚ ਵੰਡ ਦਿੱਤਾ ਜਾਂਦਾ। ਦੂਜੇ ਦਿਨ ਵਾਸਤੇ ਕੁਝ ਵੀ ਬਚਾ ਕੇ ਨਾ ਰੱਖਿਆ ਜਾਂਦਾ। ਵਰਣ-ਆਸ਼ਰਮ ਅਤੇ ਊਚ-ਨੀਚ ਵਾਲੇ ਵਿਤਕਰੇ ਦੂਰ ਕਰਨ ਲਈ ਆਪ ਜੀ ਦਾ ਆਦੇਸ਼ ਸੀ ਕਿ ਦੀਵਾਨ ਵਿਚ ਆਉਣ ਤੋਂ ਪਹਿਲਾਂ ਹਰ ਕੋਈ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਣ ਤੋਂ ਬਾਅਦ ਹੀ ਸਾਡੇ ਦਰਸ਼ਨਾਂ ਨੂੰ ਆਏ। ਇੱਥੇ ਇਹ ਵਰਨਣਯੋਗ ਹੈ ਕਿ ਜਦੋਂ ਮੁਗਲ ਸ਼ਹਿਨਸ਼ਾਹ ਅਕਬਰ ਗੁਰੂ ਜੀ ਦੇ ਦਰਸ਼ਨਾਂ ਲਈ ਗੋਇੰਦਵਾਲ ਆਇਆ ਤਾਂ ਪਹਿਲਾਂ ਉਸਨੇ ਬਾਕੀ ਸਾਰਿਆਂ ਨਾਲ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਿਆ।

ਗੁਰੂ ਰਾਮਦਾਸ ਜੀ ਦੇ ਮਹਲ ਬੀਬੀ ਭਾਨੀ ਜੀ ਜਿਨ੍ਹਾਂ ਵਿਚ ਪਿਤਾ ਗੁਰੂ ਅਮਰਦਾਸ ਜੀ ਵਾਲੇ ਸਾਰੇ ਸੰਸਕਾਰ ਮੌਜੂਦ ਸਨ, ਨੇ ਗੁਰੂ-ਘਰ ਦੀ ਤਨ-ਮਨ ਨਾਲ ਸੇਵਾ ਕੀਤੀ ਅਤੇ ਗੁਰੂ ਕੇ ਲੰਗਰ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਉਣ ਲਈ ਬੜਾ ਯੋਗਦਾਨ ਪਾਇਆ। ਗੁਰੂ ਕਾ ਚੱਕ (ਅੰਮ੍ਰਿਤਸਰ) ਨਗਰ ਦੀ ਦਿਨੋਂ ਦਿਨ ਵਸੋਂ ਵਧਣ ਨਾਲ ਵੱਡੀ ਗਿਣਤੀ ਵਿਚ ਗੁਰੂ ਦੇ ਦਰਸ਼ਨਾਂ ਨੂੰ ਸੰਗਤ ਦੇ ਆਉਣ ਕਾਰਨ ਲੰਗਰ ਵੀ ਸਹਿਜੇ ਸਹਿਜੇ ਵਿਸਥਾਰ ਰੂਪ ਧਾਰਦਾ ਗਿਆ।

ਅੱਜ ਇਸੇ ਅਸਥਾਨ ਤੇ ਨਿਤਾ ਪ੍ਰਤੀ ਸਾਰਾ ਦਿਨ ਲੰਗਰ ਦਾ ਪ੍ਰਵਾਹ ਚਲਦਾ ਹੈ ਜਿੱਥੇ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਯਾਤਰੂ ਅਤੇ ਹੋਰ ਲੋੜਵੰਦ ਪ੍ਰਾਣੀ ਪੰਗਤਾਂ ਵਿਚ ਬੈਠ ਕੇ ਪ੍ਰਸ਼ਾਦ ਛਕਦੇ ਹਨ। ਲੰਗਰ ਵਰਤਾਉਣ ਵੇਲੇ ਇਹ ਸ਼ਬਦ ਉੱਚੀ-ਉੱਚੀ ਪੜ੍ਹਿਆ ਜਾਂਦਾ ਹੈ :

ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ
ਆਪੇ ਹੀ ਬਹਿ ਖਾਵੈ॥
ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ॥
ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ॥

ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ
ਤਿਸ ਨੋ ਹੁਕਮੁ ਮਨਾਵੈ ॥

(ਰਾਗੁ ਬਿਹਾਗੜਾ ਕੀ ਵਾਰ ਮਹਲਾ ੪, ਅੰਗ ੫੫੦-੫੧)

ਛਿੰਗਾ ਤੋਂ ਅਰਥ ਹੈ ਦੰਦਾਂ ਵਿਚ ਫਸਿਆ ਹੋਇਆ ਅੰਨ ਕੱਢਣ ਵਾਲਾ ਤੀਲਾ।

ਪੰਜਵੇਂ ਜਾਮੇ ਵਿਚ ਵੱਡੇ ਭਰਾ ਪ੍ਰਿਥੀ ਚੰਦ ਦੇ ਵਿਰੋਧ ਅਤੇ ਔਕੜਾਂ ਖੜ੍ਹੀਆਂ ਕਰਨ ਦੇ ਬਾਵਜੂਦ ਲੰਗਰ ਉਸੇ ਤਰ੍ਹਾਂ ਚਲਦਾ ਰਿਹਾ। ਕਈ ਵਾਰੀ ਆਪਣੇ ਆਦਮੀਆਂ ਨੂੰ ਨਾਲ ਲੈ ਕੇ ਪ੍ਰਿਥੀ ਚੰਦ ਦੀਵਾਨ ਵਿਚੋਂ ਚੜ੍ਹਾਵਾ ਚੁੱਕ ਕੇ ਲੈ ਜਾਇਆ ਕਰਦਾ। ਗੁਰੂ ਜੀ ਨੇ ਵੱਡਾ ਭਰਾ ਸਮਝ ਕੇ ਉਸਨੂੰ ਕਦੀ ਟੋਕਿਆ ਨਹੀਂ ਪਰ ਲੰਗਰ ਨਿਰਵਿਘਨ ਚਲਦੇ ਰਹੇ ਭਾਵੇਂ ਸ੍ਰੀ ਹਰਿਮੰਦਰ ਸਾਹਿਬ ਦੀ ਚੱਲ ਰਹੀ ਉਸਾਰੀ ਕਾਰਨ ਲੰਗਰ ਵਿਚੋਂ ਪ੍ਰਸ਼ਾਦ ਛਕਣ ਵਾਲਿਆਂ ਦੀ ਗਿਣਤੀ ਬਹੁਤ ਵਧ ਚੁੱਕੀ ਸੀ। ਲੰਗਰ ਛਕਣ ਤੋਂ ਬਾਅਦ ਸ਼ੁਕਰਾਨੇ ਵਜੋਂ ਸੰਗਤਾਂ ਇਸ ਪਦੇ ਦਾ ਪਾਠ ਕਰਦੀਆਂ :

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੬੯)

ਗੁਰੂ ਅਰਜਨ ਦੇਵ ਜੀ ਦੇ ਮਹਲ ਮਾਤਾ ਗੰਗਾ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਗੁਰੂ ਕੇ ਲੰਗਰ ਦੀ ਵਧ ਚੜ੍ਹ ਕੇ ਸੇਵਾ ਕੀਤੀ। ਭਾਈ ਲੰਗਾਹ ਜੀ, ਭਾਈ ਮੰਝ ਜਿਹੇ ਗੁਰਸਿੱਖਾਂ ਨੇ ਗੁਰੂ ਕੇ ਲੰਗਰ ਦੀ ਸੇਵਾ ਵਿਚ ਬੜਾ ਯੋਗਦਾਨ ਪਾਇਆ। ਦਸਵੰਧ ਦੇ ਨੇਮ ਜਾਰੀ ਕਰਨ ਨਾਲ ਸਿੱਖ ਸੰਗਤਾਂ ਵਲੋਂ ਧਾਰਮਿਕ ਕਾਰਜਾਂ ਅਤੇ ਲੰਗਰ ਲਈ ਬਾਕਾਇਦਾ ਮਾਇਕ ਸਹਾਇਤਾ ਆਉਣੀ ਅਰੰਭ ਹੋ ਗਈ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੌਕੇ ਦੇ ਹਾਲਾਤ ਨੂੰ ਦੇਖ ਕੇ ਜਦੋਂ ਫੌਜੀ ਗਠਨ ਅਰੰਭ ਕੀਤਾ ਤਾਂ ਨੌਜੁਆਨ ਖਾਣਾ ਦੋਨੋਂ ਵਕਤ ਲੰਗਰ 'ਚੋਂ ਹੀ ਖਾਂਦੇ।

ਗੁਰੂ ਹਰਿ ਰਾਇ ਜੀ ਨੇ ਸੰਗਤ ਨੂੰ ਇਕ ਵਾਰੀ ਉਪਦੇਸ਼ ਦੇਂਦਿਆਂ ਆਖਿਆ ਸੀ ਕਿ ਜੋ ਜੋ ਵੀ ਗੁਰੂ ਦੇ ਨਾਮ ਤੇ ਲੰਗਰ ਚਲਾਏਗਾ, ਮੁਕਤੀ ਨੂੰ ਪ੍ਰਾਪਤ ਹੋਵੇਗਾ। ਆਪ ਜੀ ਦੇ ਅਨਿਨ ਸੇਵਕ ਭਾਈ ਗੋਂਦਾ ਜੀ ਨੇ ਕਾਬਲ ਵਿਚ ਗੁਰੂ ਦੇ ਨਾਮ ਤੇ ਲੰਗਰ ਚਲਾਇਆ।

ਗੁਰੂ ਹਰਿਕ੍ਰਿਸ਼ਨ ਜੀ ਨੇ ਕੀਰਤਪੁਰ ਅਤੇ ਦਿੱਲੀ ਵਿਖੇ ਲੰਗਰ ਦਾ ਪ੍ਰਵਾਹ ਚਲਾਇਆ।

ਗੁਰੂ ਤੇਗ ਬਹਾਦਰ ਜੀ ਦੇ ਸਮੇਂ ਅਨੰਦਪੁਰ ਸਾਹਿਬ ਲੰਗਰ ਚਲਦੇ ਰਹੇ। ਆਪ ਜੀ ਨੇ ਆਸਾਮ ਯਾਤਰਾ ਦੌਰਾਨ ਵੱਖ-ਵੱਖ ਰਾਜਾਂ ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਆਸਾਮ ਆਦਿ ਸ਼ਹਿਰਾਂ ਵਿਚ ਲੰਗਰ ਕਾਇਮ ਕੀਤੇ।

ਦਸਮੇਸ਼ ਪਿਤਾ ਜੀ ਨੇ ਅਨੰਦਪੁਰ ਸਾਹਿਬ ਤੋਂ ਨਾਂਦੇੜ ਜਾਂਦੇ ਹੋਏ ਰਸਤੇ ਵਿਚ ਜਿੱਥੇ ਜਿੱਥੇ ਕੁਝ ਦਿਨਾਂ ਲਈ ਪੜਾਅ ਕੀਤਾ ਉੱਥੇ ਲੰਗਰ ਚਲਦੇ ਰਹੇ। ਆਪ ਜੀ ਨੇ 'ਦੇਗ ਤੇਗ ਜਗ ਮਹਿ ਦੋਊ ਚਲਹਿ' ਨੂੰ ਪੱਕੀਆਂ ਲੀਹਾਂ ਤੇ ਪਾਉਣ ਲਈ 'ਦੇਗ ਤੇਗ ਫਤਹਿ' ਦੇ ਸਿਧਾਂਤ ਨੂੰ ਆਪਣੇ ਸਿੱਖਾਂ ਦੇ ਮਨਾਂ ਅੰਦਰ ਦ੍ਰਿੜ੍ਹ ਕਰਵਾਇਆ ਜੋ ਅੱਜ ਸਿੱਖਾਂ ਦੀ ਅਰਦਾਸ ਦਾ ਅੰਗ ਹੈ।

ਗੁਰੂ ਕੇ ਲੰਗਰ ਲਈ ਮਹਾਰਾਜਾ ਰਣਜੀਤ ਸਿੰਘ ਨੇ ਥਾਉਂ ਥਾਈਂ ਗੁਰਦੁਆਰਿਆਂ ਦੇ ਨਾਮ ਜਗੀਰਾਂ ਲਾਈਆਂ ਅਤੇ ਅੱਜ ਅਣਗਿਣਤ ਦਾਨੀ ਸੱਜਣ ਲੰਗਰਾਂ ਲਈ ਮਾਇਆ ਭੇਟ ਕਰਦੇ ਹਨ ਜਿਸ ਸਦਕਾ ਸੰਸਾਰ ਵਿਚ ਜਿੱਥੇ ਜਿੱਥੇ ਵੀ ਗੁਰੂ ਨਾਨਕ ਨਾਮ ਲੇਵਾ ਸੇਵਕ ਬੈਠੇ ਹਨ, ਲੰਗਰ ਬਾਕਾਇਦਾ ਚੱਲਦੇ ਹਨ ਜਿੱਥੇ ਹਜ਼ਾਰਾਂ ਦੀ ਗਿਣਤੀ ਵਿਚ ਪ੍ਰਾਣੀ ਹਰ ਰੋਜ਼ ਲੰਗਰ ਛਕਦੇ ਹਨ।

ਸਿੱਖੀ ਵਿਚ ਲੰਗਰ ਦੀ ਸੇਵਾ ਨੂੰ ਬੜਾ ਉੱਤਮ ਸਮਝਿਆ ਜਾਂਦਾ ਹੈ। ਇਸ ਲਈ ਵੱਖ-ਵੱਖ ਗੁਰਦੁਆਰਿਆਂ ਵਿਚ ਜਾ ਕੇ ਸੰਗਤਾਂ ਲੰਗਰ ਦੀ ਸੇਵਾ ਕਰਦੀਆਂ ਹਨ। ਜਿੱਥੇ ਜਿੱਥੇ ਵੀ ਗੁਰੂ ਕੇ ਲੰਗਰ ਚਲਦੇ ਹਨ ਹਰ ਕੋਈ ਬਿਨਾਂ ਕਿਸੇ ਭੇਦ-ਭਾਵ ਦੇ ਪ੍ਰਸ਼ਾਦ ਛਕ ਸਕਦਾ ਹੈ। ਅਸਲ ਵਿਚ ਇਹ ਸਾਂਝੀਵਾਲਤਾ ਦਾ ਅੰਨਪੂਰਨਾ ਹੈ ਅਤੇ ਸਭ ਨੂੰ ਇਕੱਠੇ ਮਿਲ ਬੈਠਣ ਦਾ ਸੰਦੇਸ਼ ਦਿੰਦਾ ਹੈ।

ਗੁਰੂ ਕੇ ਲੰਗਰ ਵਿਚ ਜਦੋਂ ਵੱਖ-ਵੱਖ ਧਰਮ ਅਤੇ ਭਿੰਨ-ਭਿੰਨ ਕੌਮਾਂ ਅਤੇ ਜਮਾਤਾਂ ਦੇ ਪ੍ਰਾਣੀ ਇਕੱਠੇ ਹੋ ਕੇ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਦੇ ਹਨ ਤਾਂ ਇੰਜ ਜਾਪਦਾ ਹੈ ਜਿਵੇਂ ਕਾਦਰ ਦੇ ਪੈਦਾ ਕੀਤੇ ਹੋਏ ਸਭ ਪ੍ਰਾਣੀ ਇਕ ਸਮਾਨ ਹਨ।

ਸਾਧੂ ਸੰਤਾਂ ਨੂੰ ਭੋਜਨ ਛਕਾ ਕੇ ਗੁਰੂ ਨਾਨਕ ਦੇਵ ਜੀ ਨੇ 20 ਰੁਪਿਆਂ ਨਾਲ ਸੱਚੇ ਸੌਦੇ ਵਾਲੀ ਜੋ ਜੋਤਿ ਜਗਾਈ ਸੀ ਅੱਜ ਗੁਰੂ ਕੇ ਸਿੱਖ ਸਾਰੇ ਸੰਸਾਰ ਵਿਚ ਉਸ ਜੋਤਿ ਨੂੰ ਗੁਰੂ ਕੇ ਲੰਗਰ ਵਿਚ ਜਗਾਈ ਤੁਰੇ ਆਉਂਦੇ ਹਨ ਅਤੇ 'ਲੋਹ ਲੰਗਰ ਤਪਦੇ ਰਹਿਣ' ਦੀ ਭਾਵਨਾ ਨਾਲ ਨਿੱਤ ਅਰਦਾਸ ਵਿਚ 'ਦੇਗ ਤੇਗ ਫਤਹਿ' ਦੀ ਕਾਮਨਾ ਕਰਦੇ ਹਨ।

ਜਿੱਥੇ ਗੁਰੂ ਕੇ ਲੰਗਰ ਵਿਚ ਲੋੜਵੰਦਾਂ ਅਤੇ ਭੁੱਖਿਆਂ ਨੂੰ ਢਿੱਡ ਭਰਨ ਲਈ ਭੋਜਨ ਮਿਲਦਾ ਹੈ ਅਤੇ ਜਾਤੀ ਭੇਦ-ਭਾਵ, ਊਚ ਨੀਚ ਦੂਰ ਹੋਣ ਦੇ ਨਾਲ-ਨਾਲ ਵੰਡ ਛਕਣ ਵਾਲੀ ਪ੍ਰਥਾ ਉਤਸ਼ਾਹਿਤ ਹੁੰਦੀ ਹੈ, ਉੱਥੇ ਗੁਰੂ ਘਰ ਵਿਚ ਇਕ ਹੋਰ ਲੰਗਰ ਵੀ ਵਰਤੀਂਦਾ ਹੈ। ਉਹ ਹੈ ਸ਼ਬਦ ਦਾ ਲੰਗਰ ਜੋ ਪ੍ਰਾਣੀ ਦੀ ਆਤਮਾ ਦੀ ਖ਼ੁਰਾਕ ਹੈ :

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ॥

(ਰਾਗੁ ਰਾਮਕਲੀ ਸਤੇ ਬਲਵੰਡ ਦੀ ਵਾਰ, ਅੰਗ ੯੬੭)

ਭਾਵ ਪਰਮਾਤਮਾ ਦੀ ਨਾਮ ਸ਼ਬਦ ਦੀ ਦਿੱਤੀ ਹੋਈ ਦਾਤ ਦੇ ਗੱਫੇ ਗੁਰੂ ਸਾਹਿਬ ਸਭ ਵਿਚ ਵੰਡ ਰਹੇ ਹਨ। ਇਹ ਦਾਤ ਅਮੁੱਕ ਹੈ। ਦੂਜਿਆਂ ਵਿਚ ਵੰਡਣ ਨਾਲ ਇਸ ਵਿਚ ਕਿਸੇ ਪ੍ਰਕਾਰ ਦੀ ਘਾਟ ਜਾਂ ਕਮੀ ਨਹੀਂ ਆਉਂਦੀ।

ਗੁਰੂ ਅਰਜਨ ਦੇਵ ਜੀ ਦੀ ਉਪਮਾ ਕਰਦੇ ਹੋਏ ਭਾਈ ਗੁਰਦਾਸ ਜੀ ਨੇ ਸ਼ਬਦ ਦੇ ਲੰਗਰ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ :

ਚਾਰੇ ਚੱਕ ਨਿਵਾਇਓਨ ਸਿਖ ਸੰਗਤਿ ਆਵੈ ਅਣਗੱਤਾ॥
ਲੰਗਰ ਚੱਲੈ ਸ਼ਬਦ ਗੁਰ ਪੂਰੇ ਪੂਰੀ ਬਣੀ ਬਣੱਤਾ॥

(ਵਾਰ ੨੪, ਪਉੜੀ ੨੦)

ਚੱਕ ਤੋਂ ਭਾਵ ਹੈ ਦਿਸ਼ਾ। ਅਣਗੱਤਾ–ਅਣਗਿਣਤ।

(44)

ਭਾਣਾ

ਭਾਣਾ ਤੋਂ ਭਾਵ ਹੈ ਹੁਕਮ, ਰਜ਼ਾ ਜਾਂ ਮਰਜ਼ੀ। ਇਹ ਹੁਕਮ ਅਤੇ ਰਜ਼ਾ ਕਿਸੇ ਰਾਜ-ਦਰਬਾਰ ਜਾਂ ਸਰਕਾਰੀ ਅਹਿਲਕਾਰ ਦਾ ਨਹੀਂ ਸਗੋਂ ਉਸ ਪਰਵਰਦਿਗਾਰ ਦਾ ਹੈ ਜੋ ਸਦਾ ਅਟੱਲ ਹੈ। ਇਸ ਤੇ ਕੋਈ ਕਿੰਤੂ ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਇਸ ਸੰਸਾਰ ਵਿਚ ਜੋ ਕੁਝ ਵੀ ਹੋ ਰਿਹਾ ਹੈ ਇਹ ਸਭ ਕੁਝ ਪ੍ਰਭੂ ਦੀ ਰਜ਼ਾ ਵਿਚ ਹੀ ਹੋ ਰਿਹਾ ਹੈ। ਉਸ ਦੇ ਹੁਕਮ ਜਾਂ ਮਰਜ਼ੀ ਅਨੁਸਾਰ ਹੀ ਹੋ ਰਿਹਾ ਹੈ। ਗੁਰਵਾਕ ਹੈ :

ਜੋ ਕਿਛੁ ਵਰਤੈ ਸਭ ਤੇਰਾ ਭਾਣਾ॥

(ਰਾਗੁ ਗਉੜੀ ਮਹਲਾ ੫, ਅੰਗ ੧੯੩)

ਅਗਲੀ ਤੁਕ ਵਿਚ ਆਪ ਜੀ ਦਾ ਫ਼ਰਮਾਨ ਹੈ :

ਹੁਕਮੁ ਬੂਝੈ ਸੋ ਸਚਿ ਸਮਾਣਾ॥

ਭਾਵ ਜੋ ਉਸਦੀ ਰਜ਼ਾ ਨੂੰ ਸਮਝ ਲੈਂਦਾ ਹੈ ਉਹ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ। ਆਪ ਜੀ ਦੇ ਇਕ ਹੋਰ ਬਚਨ ਹਨ :

ਜੋ ਕਿਛੁ ਕਰੈ ਸੋਈ ਭਲ ਮਾਨਉ ਤਾ ਮਨੁ ਸਹਜਿ ਸਮਾਣਾ॥

(ਰਾਗੁ ਸੂਹੀ ਮਹਲਾ ੫, ਅੰਗ ੭੮੨)

ਗੁਰੂ ਅਮਰਦਾਸ ਜੀ ਦੇ ਰਾਗੁ ਆਸਾ ਵਿਚ ਬੜੇ ਅਨਮੋਲ ਬਚਨ ਹਨ ਕਿ ਵਾਹਿਗੁਰੂ ਦੇ ਭਾਣੇ ਨੂੰ ਮੰਨਿਆਂ ਹੀ ਉਸਦੀ ਸੇਵਾ ਭਗਤੀ ਕੀਤੀ ਜਾ ਸਕਦੀ ਹੈ ਅਤੇ ਸੱਚੇ ਦੇ ਭੇਦਾਂ ਨੂੰ ਸਮਝਿਆ ਜਾ ਸਕਦਾ ਹੈ। ਉਸ ਦੇ ਭਾਣੇ ਵਿਚ ਰਿਹਾਂ ਹੀ ਸਹਿਜ ਸੁਖ ਦੀ ਪ੍ਰਾਪਤੀ ਹੋ ਸਕਦੀ ਹੈ :

ਹਰਿ ਕੈ ਭਾਣੈ ਜਨੁ ਸੇਵਾ ਕਰੈ ਬੂਝੈ ਸਚੁ ਸੋਈ॥
ਹਰਿ ਕੈ ਭਾਣੈ ਸਾਲਾਹੀਐ ਭਾਣੈ ਮੰਨਿਐ ਸੁਖੁ ਹੋਈ॥ *(ਅੰਗ ੩੬੫)*

ਇਸ ਸਬੰਧੀ ਰਾਗੁ ਪ੍ਰਭਾਤੀ ਵਿਚ ਭਗਤ ਕਬੀਰ ਜੀ ਦਾ ਕਥਨ ਹੈ :

ਜੋ ਕਿਛੁ ਹੋਆ ਸੁ ਤੇਰਾ ਭਾਣਾ॥
ਜੋ ਇਵ ਬੂਝੈ ਸੁ ਸਹਜਿ ਸਮਾਣਾ॥ *(ਅੰਗ ੧੩੪੯)*

ਗੁਰੂ ਨਾਨਕ ਦੇਵ ਜੀ ਦੇ ਰਾਗੁ ਆਸਾ ਦੀ ਵਾਰ ਵਿਚ ਬਚਨ ਹਨ ਕਿ ਜੀਵ ਪਰਮਾਤਮਾ ਦੇ ਹੁਕਮ ਅਨੁਸਾਰ ਜੰਮਦਾ ਤੇ ਮਰਦਾ ਹੈ। ਪ੍ਰਭੂ ਦੇ ਭਾਣੇ ਵਿਚ ਇਸ ਸੰਸਾਰ ਤੇ ਆਉਂਦਾ ਹੈ ਤੇ ਉਸ ਦੇ ਭਾਣੇ ਅਨੁਸਾਰ ਹੀ ਇੱਥੋਂ ਤੁਰ ਜਾਂਦਾ ਹੈ :

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥ *(ਅੰਗ ੪੭੨)*

ਧਰਮੀ ਮਨੁੱਖ ਕਰਤੇ ਵਲੋਂ ਮਿਲੀ ਹਰ ਖ਼ੁਸ਼ੀ ਜਾਂ ਗ਼ਮੀ, ਸੁਖ ਜਾਂ ਦੁੱਖ ਨੂੰ ਸਦਾ ਸਤਿ ਕਰ ਕੇ ਮੰਨਦੇ ਹਨ। ਉਨ੍ਹਾਂ ਦੇ ਮਨਾਂ ਅੰਦਰ ਕਦੀ ਗਿਲਾ ਜਾਂ ਸ਼ਿਕਵਾ ਨਹੀਂ ਹੁੰਦਾ। ਉਹ ਇਸ ਗੱਲ ਦੇ ਧਾਰਨੀ ਹੁੰਦੇ ਹਨ ਕਿ ਵਾਹਿਗੁਰੂ ਕਦੀ ਕਿਸੇ ਦਾ ਬੁਰਾ ਨਹੀਂ

ਚਿਤਵਦਾ। ਉਹ ਸਭਨਾਂ ਦਾ ਭਲਾ ਹੀ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਮਨੁੱਖ ਸਦਾ ਚੰਗੇ ਤੇ ਨੇਕ ਕੰਮ ਕਰਨ। ਗੁਰਵਾਕ ਹੈ :

ਜੋ ਕਿਛੁ ਕੀਓ ਸੋਈ ਭਲ ਮਾਨੈ ਐਸੀ ਭਗਤਿ ਕਮਾਨੀ॥

(ਰਾਗੁ ਗੂਜਰੀ ਮਹਲਾ ੫, ਅੰਗ ੪੯੬)

ਗੁਰੂ ਰਾਮਦਾਸ ਜੀ ਰਾਗੁ ਸਾਰਗ ਵਿਚ ਸੇਧ ਦੇ ਰਹੇ ਹਨ ਕਿ ਨਾਮ ਦੀ ਕਮਾਈ ਇਸ ਤਰ੍ਹਾਂ ਕਰਨੀ ਚਾਹੀਦੀ ਹੈ ਤਾਂ ਜੋ ਪ੍ਰਭੂ ਦੇ ਭਾਣੇ ਵਿਚ ਰਹਿੰਦੇ ਹੋਏ ਪ੍ਰਾਣੀ ਦੀ ਲਿਵ ਪਰਮਾਤਮਾ ਵਿਚ ਜੁੜੀ ਰਹੇ :

ਗੋਬਿਦ ਕੀ ਐਸੀ ਕਾਰ ਕਮਾਇ॥
ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ ਗੁਰਮੁਖਿ ਨਾਮਿ ਰਹਹੁ ਲਿਵ ਲਾਇ॥

(ਅੰਗ ੧੧੯੯)

ਆਪ ਜੀ ਦੇ ਰਾਗੁ ਕਾਨੜਾ ਵਿਚ ਵੀ ਬਚਨ ਹਨ ਕਿ ਜੋ ਪ੍ਰਾਣੀ ਗੁਰੂ ਦੀ ਮੱਤ ਲੈ ਕੇ ਭਾਣੇ ਵਿਚ ਵਿਚਰਦਾ ਹੈ ਉਸਦੇ ਸਾਰੇ ਦੁੱਖ-ਕਲੇਸ਼ ਅਤੇ ਦਲਿਦਰ ਦੂਰ ਹੋ ਜਾਂਦੇ ਹਨ :

ਸਤਿਗੁਰ ਕੈ ਭਾਣੈ ਜੋ ਚਲੈ ਤਿਨ ਦਾਲਦੁ ਦੁਖੁ ਲਹਿ ਜਾਇ॥

(ਅੰਗ ੧੩੧੩)

ਪ੍ਰਭੂ ਦਾ ਭਾਣਾ ਮੰਨਣ ਵਾਲਾ ਪ੍ਰਾਣੀ ਕਦੀ ਡੋਲਦਾ ਨਹੀਂ। ਔਖੀ ਤੋਂ ਔਖੀ ਘੜੀ ਵਿਚ ਵੀ ਉਸਦਾ ਮਾਨਸਿਕ ਸੰਤੁਲਨ ਬਣਿਆ ਰਹਿੰਦਾ ਹੈ ਅਤੇ ਆਤਮਿਕ ਅਨੰਦ ਤੇ ਸੁਖ ਮਾਣਦਾ ਹੈ। ਅਜਿਹੇ ਪ੍ਰਾਣੀ ਹਰ ਵੇਲੇ ਖੇੜੇ ਦੀ ਅਵਸਥਾ ਵਿਚ ਰਹਿੰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜਿਹੇ ਪ੍ਰਾਣੀ ਹੈਨ ਬਹੁਤ ਥੋੜ੍ਹੇ। ਗੁਰਵਾਕ ਹੈ :

ਜੋ ਤੁਧੁ ਕਰਣਾ ਸੋ ਕਰਿ ਪਾਇਆ॥
ਭਾਣੇ ਵਿਚਿ ਕੋ ਵਿਰਲਾ ਆਇਆ॥
ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ॥

(ਰਾਗੁ ਮਾਰੂ ਮਹਲਾ ੩, ਅੰਗ ੧੦੬੩)

ਅਥਵਾ :

ਤਿਸ ਕਾ ਭਾਣਾ ਲਾਗੈ ਮੀਠਾ॥
ਗੁਰ ਪ੍ਰਸਾਦਿ ਵਿਰਲੇ ਮਨਿ ਵੂਠਾ॥

(ਰਾਗੁ ਰਾਮਕਲੀ ਮਹਲਾ ੫, ਅੰਗ ੮੯੬)

ਇਸਦੇ ਉਲਟ ਜੋ ਪ੍ਰਾਣੀ ਆਪ ਹੁਦਰੇ ਹੁੰਦੇ ਹਨ ਆਪਣੇ ਆਪ ਨੂੰ ਚਤੁਰ ਸਮਝਦੇ ਹਨ, ਆਪਣੀ ਮਨ-ਮਰਜ਼ੀ ਕਰਦੇ ਹਨ ਪ੍ਰਭੂ-ਪਤੀ ਅਜਿਹੇ ਜੀਵਾਂ ਤੇ ਖ਼ੁਸ਼ ਨਹੀਂ ਹੁੰਦਾ। ਉਨ੍ਹਾਂ ਤੇ ਫਿਰ ਉਸਦੀ ਨਜ਼ਰ ਸਵੱਲੀ ਨਹੀਂ ਹੁੰਦੀ ਅਤੇ ਉਹ ਸਦਾ ਦੁਖ ਹੀ ਦੁਖ ਭੋਗਦੇ ਹਨ। ਗੁਰੂ ਅਮਰਦਾਸ ਜੀ ਦੇ ਰਾਗੁ ਮਾਰੂ ਵਿਚ ਬਚਨ ਹਨ :

ਮਨਮੁਖੁ ਅੰਧੁ ਕਰੇ ਚਤੁਰਾਈ॥
ਭਾਣਾ ਨ ਮੰਨੇ ਬਹੁਤੁ ਦੁਖੁ ਪਾਈ॥ *(ਅੰਗ ੧੦੬੪)*

ਆਪ ਜੀ ਦੇ ਇਕ ਹੋਰ ਬਚਨ ਹਨ :

ਆਪਣਾ ਭਾਣਾ ਤੁਮ ਕਰਹੁ ਤਾ ਫਿਰਿ ਸਹ ਖੁਸੀ ਨ ਆਵਏ॥

(ਰਾਗੁ ਆਸਾ, ਅੰਗ ੪੪੦)

ਰਾਗੁ ਸੋਰਠਿ ਵਿਚ ਆਪ ਜੀ ਜੀਵ ਨੂੰ ਸੁਚੇਤ ਕਰ ਰਹੇ ਹਨ ਕਿ ਜੋ ਮਨੁੱਖ ਮਨ ਮਰਜ਼ੀ ਕਰਦਾ ਹੈ ਉਹ ਪ੍ਰਭੂ ਤੋਂ ਵਿਛੜਿਆ ਰਹਿੰਦਾ ਹੈ ਅਤੇ ਦੁੱਖ ਭੋਗਦਾ ਹੈ :

ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥ *(ਅੰਗ ੬੦੧)*

ਅਥਵਾ :

ਭਾਣੈ ਚਲੈ ਆਪਣੈ ਬਹੁਤੀ ਲਹੈ ਸਜਾਇ॥
ਰੈਣਾਇਰ ਮਹਿ ਸਭੁ ਕਿਛੁ ਹੈ ਕਰਮੀ ਪਲੈ ਪਾਇ॥
ਨਾਨਕ ਨਉ ਨਿਧਿ ਪਾਈਐ ਜੇ ਚਲੈ ਤਿਸੈ ਰਜਾਇ॥

(ਰਾਗੁ ਰਾਮਕਲੀ ਕੀ ਵਾਰ ਮਹਲਾ ੩, ਅੰਗ ੯੪੯)

ਰੈਣਾਇਰ ਤੋਂ ਅਰਥ ਹੈ ਸੰਸਾਰ-ਰੂਪੀ ਸਮੁੰਦਰ।

ਪ੍ਰੰਤੂ ਜਿਹੜਾ ਪ੍ਰਾਣੀ ਗੁਰੂ ਦੇ ਭਾਣੇ ਵਿਚ ਰਹਿੰਦਾ ਹੈ ਗੁਰੂ ਅਮਰਦਾਸ ਜੀ ਉਸਨੂੰ ਮਿੱਤਰ, ਸੰਬੰਧੀ ਅਤੇ ਭਾਈ ਆਖਦੇ ਹਨ :

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥

(ਅੰਗ ੬੦੧)

ਸਾਰੇ ਧਰਮ ਪਰਮਾਤਮਾ ਦਾ ਭਾਣਾ ਜਾਂ ਰਜ਼ਾ ਮੰਨਣ ਬਾਰੇ ਪ੍ਰੇਰਦੇ ਹਨ ਪ੍ਰੰਤੂ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਬੜੀ ਔਖੀ ਅਤੇ ਬਿਖਮ ਘਾਟੀ ਹੈ ਜਿਸਨੂੰ ਪਾਰ ਕਰਨ ਦੀ ਜਾਚ ਗੁਰਮਤਿ ਨੇ ਸਿਖਾਈ ਹੈ। ਸੁਰਖ ਤੱਤੀ ਤਵੀ ਤੇ ਬੈਠ ਕੇ 'ਤੇਰਾ ਭਾਣਾ ਮੀਠਾ ਲਾਗੈ ਹਰਿ ਨਾਮੁ ਪਦਾਰਥੁ ਨਾਨਕ ਮਾਗੈ' ਦਾ ਅਰਸ਼ੀ ਨਾਦ ਕੇਵਲ ਦਿਬ ਦ੍ਰਿਸ਼ਟੀ ਦੇ ਮਾਲਕ ਹੀ ਗੁੰਜਾ ਸਕਦੇ ਹਨ। ਹਾੜ ਮਹੀਨੇ ਦੀ ਕੜਕਦੀ ਧੁੱਪ ਵਿਚ ਸਿਰ ਤੇ ਸੜਦੀ ਰੇਤ ਦੇ ਕੜਛੇ ਪੈ ਰਹੇ ਹਨ ਪ੍ਰੰਤੂ ਸ਼ਾਂਤੀ ਦੇ ਪੁੰਜ ਸਤਿਗੁਰੂ ਜੀ ਪ੍ਰਭੂ ਵਿਚ ਲਿਵ ਜੋੜੀ ਬੈਠੇ ਹਨ। ਸਾਈਂ ਮੀਆਂ ਮੀਰ ਜੀ ਹੱਥ ਜੋੜੀ ਖੜ੍ਹੇ ਹਨ ਅਤੇ ਕਹਿ ਰਹੇ ਹਨ ਕਿ ਐ ਦੀਨ-ਏ-ਅਲਾਹੀ ਇਹ ਕੀ ਕੌਤਕ ਰਚਾ ਰਹੇ ਹੋ? ਤਾਂ ਸੀਤਲ ਸੁਭਾ, ਸ਼ਹੀਦਾਂ ਦੇ ਸਿਰਤਾਜ, ਮਿੱਠ ਬੋਲੜੇ ਗੁਰੂ ਜੋਤਿ ਨੇ ਕਿਹਾ ਸੀ ਕਿ ਸਾਈਂ ਜੀ, ਅਸੀਂ ਉਸਦੇ ਭਾਣੇ ਵਿਚ ਬੱਝੇ ਹੋਏ ਹਾਂ। ਇੰਜ ਆਪਣੇ ਸਰੀਰ ਦੀ ਆਹੂਤੀ ਦੇ ਕੇ ਪੰਚਮ ਗੁਰਦੇਵ, ਨਿਰੰਕਾਰ ਦੇ ਭਾਣੇ ਨੂੰ ਮਿੱਠਾ ਮੰਨਣ ਲਈ ਆਪਣੇ ਸਿੱਖਾਂ ਨੂੰ ਜਾਚ ਸਿਖਾ ਗਏ। ਆਪ ਜੀ ਦਾ ਕਥਨ ਹੈ ਕਿ ਜੋ ਸਾਧਕ ਪ੍ਰਭੂ ਚਰਨਾਂ ਵਿਚ ਹਰ ਵੇਲੇ ਧਿਆਨ ਲਾਈ ਰੱਖਦਾ ਹੈ ਉਹ ਪਰਮਾਤਮਾ ਦੇ ਭਾਣੇ ਨੂੰ ਸਦਾ ਮਿੱਠਾ ਕਰਕੇ ਮੰਨਦਾ ਹੈ :

ਆਠ ਪਹਰ ਨਿਕਟਿ ਕਰਿ ਜਾਨੈ॥
ਪ੍ਰਭ ਕਾ ਕੀਆ ਮੀਠਾ ਮਾਨੈ॥

(ਰਾਗੁ ਆਸਾ ਮਹਲਾ ੫, ਅੰਗ ੩੯੨)

ਅਜਿਹੇ ਮਹਾਂ-ਪੁਰਖ ਜੋ ਹਰ ਵੇਲੇ ਪ੍ਰਭੂ ਦੇ ਭਾਣੇ ਵਿਚ ਰਹਿੰਦੇ ਹਨ ਉਨ੍ਹਾਂ ਨੂੰ ਫਿਰ ਮੌਤ ਦਾ ਡਰ ਕਿਵੇਂ ਪੋਹ ਸਕਦਾ ਹੈ। ਉਨ੍ਹਾਂ ਦੇ ਹਿਰਦਿਆਂ ਵਿਚ ਤਾਂ ਰੱਬੀ ਜੋਤਿ ਜਗਮਗ ਜਗਮਗ ਕਰਦੀ ਹੁੰਦੀ ਹੈ :

ਸਤਿਗੁਰ ਕੈ ਭਾਣੈ ਜੋ ਚਲੈ ਹਰਿ ਸੇਤੀ ਰਲਿਆ॥
ਜਮਕਾਲੁ ਜੋਹਿ ਨ ਸਕਈ ਘਟਿ ਚਾਨਣੁ ਬਲਿਆ॥

(ਰਾਗੁ ਸਾਰਗ ਮਹਲਾ ੪, ਅੰਗ ੧੨੪੫)

ਅਥਵਾ :

ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ॥

(ਸਲੋਕ ਮਹਲਾ ੩, ਰਾਗੁ ਮਲਾਰ ਕੀ ਵਾਰ ਮਹਲਾ ੧, ਅੰਗ ੧੨੮੦)

ਭਾਵ ਜੋ ਮਨੁੱਖ ਪ੍ਰਭੂ ਦੀ ਰਜ਼ਾ ਵਿਚ ਤੁਰਦਾ ਹੈ, ਉਹ ਅਨੰਦ ਮਾਣਦਾ ਹੈ।

ਜਦੋਂ ਬਾਬਾ ਅਟੱਲ ਰਾਏ ਜੀ ਨੇ ਆਪਣੇ ਮਿੱਤਰ ਮੋਹਨੀ ਨੂੰ ਜੀਉਂਦਾ ਕਰ ਦਿੱਤਾ ਤਾਂ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਬਾ ਜੀ ਨੂੰ ਕਿਹਾ ਸੀ ਕਿ ਪੁੱਤਰ ਜੀ, ਤੁਸੀਂ ਚੰਗਾ ਨਹੀਂ ਕੀਤਾ। ਇਹ ਅਕਾਲ ਪੁਰਖ ਦੇ ਭਾਣੇ ਵਿਚ ਰੋੜਾ ਅੜਕਾਉਣ ਵਾਲੀ ਗੱਲ ਹੈ। ਤਾਂ ਬਾਬਾ ਜੀ ਨੇ ਪਛਤਾਵੇ ਵਜੋਂ ਆਪਣਾ ਸਰੀਰ ਤਿਆਗ ਦਿੱਤਾ। ਇਹ ਹੈ ਗੁਰਮਤਿ ਦੇ ਭਾਣੇ ਦਾ ਮਾਰਗ। ਸਿੱਖ ਇਤਿਹਾਸ ਅਨੇਕਾਂ ਮਰਜੀਵੜਿਆਂ ਦੀਆਂ ਦਾਸਤਾਨਾਂ ਨਾਲ ਭਰਿਆ ਪਿਆ ਹੈ ਜਿੱਥੇ ਪ੍ਰਭੂ ਦੇ ਭਾਣੇ ਨੂੰ ਸਿਰ-ਮੱਥੇ ਮੰਨ ਕੇ ਧਰਮੀ ਯੋਧਿਆਂ ਨੇ ਸ਼ਹਾਦਤ ਦੇ ਜਾਮ ਪੀਤੇ ਅਤੇ ਪਰਮਪਦ ਨੂੰ ਪ੍ਰਾਪਤ ਹੋਏ।

ਭਾਣਾ ਮੰਨਣ ਦਾ ਉਹ ਸਿਖਰ ਸੀ ਜਦੋਂ ਦਸਮੇਸ਼ ਪਿਤਾ ਨੇ ਭਰੇ ਦੀਵਾਨ ਵਿਚ ਮਾਤਾ ਜੀ ਨੂੰ ਸੰਬੋਧਨ ਕਰਦੇ ਹੋਇਆਂ ਇਹ ਬਚਨ ਉਚਾਰੇ ਸਨ :

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ॥
ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ॥

ਗੁਰੂ ਦਾ ਸਿੱਖ ਸਦਾ ਭਾਣੇ ਵਿਚ ਵਿਚਰਦਾ ਹੈ। ਇਹੋ ਕਾਰਨ ਹੈ ਕਿ ਸਿੱਖ ਆਪਣੀ ਨਿੱਤ ਦੀ ਅਰਦਾਸ ਵਿਚ ਵੀ ਇਸੇ ਦੀ ਹੀ ਕਾਮਨਾ ਕਰਦਾ ਹੈ—'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ।'

ਇੰਜ ਜੋ ਪ੍ਰਾਣੀ ਅਕਾਲ ਪੁਰਖ ਦੇ ਭਾਣੇ ਨੂੰ ਸਤਿ ਕਰਕੇ ਮੰਨਦੇ ਹਨ ਉਨ੍ਹਾਂ ਨੂੰ ਪ੍ਰਭੂ ਦੀ ਦਰਗਾਹ ਵਿਚ ਮਾਣ ਤੇ ਸਤਿਕਾਰ ਮਿਲਦਾ ਹੈ। ਗੁਰਵਾਕ ਹੈ :

ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ॥

(ਰਾਗੁ ਭੈਰਉ ਮਹਲਾ ੩, ਅੰਗ ੧੧੨੯)

ਗੁਰੂ ਪੰਚਮ ਪਾਤਸ਼ਾਹ ਜੀਵ ਨੂੰ ਉਪਦੇਸ਼ ਕਰ ਰਹੇ ਹਨ :

ਪ੍ਰਭ ਕਾ ਭਾਣਾ ਸਤਿ ਕਰਿ ਸਹਹੁ॥

(ਰਾਗੁ ਭੈਰਉ, ਅੰਗ ੧੧੩੮)

ਅਥਵਾ :

ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ॥
ਦਇਆ ਕਰਹੁ ਨਾਨਕ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ॥

(ਰਾਗੁ ਸੂਹੀ ਮਹਲਾ ੫, ਅੰਗ ੭੪੮)

45

ਸ਼ਬਦ ਗੁਰੂ

ਗੁਰੂ ਜੋ ਵੀ ਮੁਖਾਰਬਿੰਦ ਤੋਂ ਉਚਾਰਦਾ ਹੈ ਉਹ ਗੁਰਬਾਣੀ ਹੈ, ਉਹ ਸ਼ਬਦ ਹੈ ਜਿਸ ਵਿਚ ਜੀਵਨ ਦੀਆਂ ਅਟੱਲ ਸੱਚਾਈਆਂ ਨੂੰ ਦਰਸਾਇਆ ਹੁੰਦਾ ਹੈ। ਗੁਰਵਾਕ ਹੈ :

> **ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
> **ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥**

(ਰਾਗੁ ਨਟ ਨਾਰਾਇਨ ਮਹਲਾ ੪, ਅੰਗ ੯੮੨)

ਗੁਰੂ ਸਾਹਿਬਾਨ ਵਲੋਂ ਦਰਸਾਏ ਗਏ ਮਾਰਗ ਦਰਸ਼ਨ ਨੂੰ ਸਿੱਖ ਧਰਮ ਵਿਚ ਗੁਰਮਤਿ ਕਰਕੇ ਜਾਣਿਆ ਜਾਂਦਾ ਹੈ। ਗੁਰਮਤਿ ਦਾ ਕੇਂਦਰ ਬਿੰਦੂ ਨਾਮ ਹੈ ਜਿਸਦੀ ਪ੍ਰਾਪਤੀ ਗੁਰੂ ਦੇ ਸ਼ਬਦ ਦੁਆਰਾ ਹੁੰਦੀ ਹੈ। ਗੁਰਵਾਕ ਹੈ :

> **ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥**
> **ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥**

(ਰਾਗੁ ਮਾਰੂ ਸੋਲਹੇ ਮਹਲਾ ੩, ਅੰਗ ੧੦੫੭)

ਅਥਵਾ :

> **ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥**
> **ਅਨਦਿਨੁ ਹਰਿ ਕਾ ਨਾਮੁ ਵਖਾਣੀ ॥**

(ਰਾਗੁ ਮਾਰੂ ਸੋਲਹੇ ਮਹਲਾ ੩, ਅੰਗ ੧੦੫੭)

ਗੁਰੂ ਨਾਨਕ ਦੇਵ ਜੀ ਦੇ ਰਾਗੁ ਰਾਮਕਲੀ ਵਿਚ ਬੜੇ ਪਵਿੱਤਰ ਬਚਨ ਹਨ ਕਿ ਗੁਰੂ ਦੇ ਸ਼ਬਦ ਦੇ ਰਾਹੀਂ ਭਵ-ਸਾਗਰ ਤੋਂ ਪਾਰ ਤਰ ਜਾਈਦਾ ਹੈ। ਜਿਸ ਮਨੁੱਖ ਨੂੰ ਸ਼ਬਦ ਦੀ ਸੋਝੀ ਪੈ ਜਾਂਦੀ ਹੈ ਉਸ ਤੇ ਮਾਇਆ ਦਾ ਪ੍ਰਭਾਵ ਨਹੀਂ ਪੈਂਦਾ। ਅਜਿਹਾ ਪ੍ਰਾਣੀ ਆਪਾ-ਭਾਵ ਮਿਟਾ ਕੇ ਮੇਰ-ਤੇਰ ਤੋਂ ਬਚਿਆ ਰਹਿੰਦਾ ਹੈ :

> **ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ ॥**
> **ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥**

(ਅੰਗ ੯੪੪)

ਰਾਗੁ ਸੋਰਠਿ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਕਿ ਕੇਵਲ ਬਾਣੀ ਹੀ ਗੁਰੂ ਹੈ। ਇਸ ਲਈ ਗੁਰੂ ਦੇ ਸ਼ਬਦ ਨੂੰ ਹੀ ਵਿਚਾਰੋ। ਇਹੋ ਸੱਚਾ ਸੌਦਾ ਹੈ। ਨਾਮ-ਰੂਪੀ ਬਾਣੀ ਰਤਨਾਂ ਦਾ ਭੰਡਾਰ ਹੈ ਜੋ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ :

> **ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥**
> **ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥**
> **ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥** *(ਅੰਗ ੬੪੬)*

ਇੰਜ ਗੁਰੂ ਦੀ ਕਿਰਪਾ ਤੋਂ ਬਿਨਾਂ ਨਾ ਤਾਂ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਾ ਹੀ ਪਰਮਾਤਮਾ ਨਾਲ ਮਿਲਾਪ। ਗੁਰੂ ਤੋਂ ਬਿਨਾਂ ਮਨੁੱਖ ਦੇ ਜੀਵਨ ਵਿਚ ਹਨ੍ਹੇਰਾ ਹੀ ਹਨ੍ਹੇਰਾ ਹੈ। ਇਸ ਹਨ੍ਹੇਰੇ ਦੇ ਹੁੰਦਿਆਂ ਪਰਮਾਤਮਾ ਦੇ ਭੇਦਾਂ ਦੀ ਸੋਝੀ ਫਿਰ ਕਿਵੇਂ ਪੈ ਸਕਦੀ ਹੈ? ਗੁਰਵਾਕ ਹੈ :

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥

(ਭੱਟ ਕਲੁ ਜੀ, ਸਵਈਏ ਮਹਲੇ ਚਉਥੇ ਕੇ, ਅੰਗ ੧੩੯੯)

ਇਹ ਅਜਿਹਾ ਹਨ੍ਹੇਰਾ ਹੈ ਜਿਸ ਨੂੰ ਸੌ ਚੰਦਾਂ ਅਤੇ ਹਜ਼ਾਰਾਂ ਸੂਰਜਾਂ ਦੀ ਰੋਸ਼ਨੀ ਵੀ ਦੂਰ ਨਹੀਂ ਕਰ ਸਕਦੀ :

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

(ਸਲੋਕ ਮਹਲਾ ੨, ਆਸਾ ਦੀ ਵਾਰ, ਅੰਗ ੪੬੩)

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜਿਸ ਗੁਰੂ ਦੀ ਐਨੀ ਮਹਿਮਾ ਤੇ ਵਡਿਆਈ ਕੀਤੀ ਗਈ ਹੈ ਉਹ ਗੁਰੂ ਕਿਹੋ ਜਿਹਾ ਹੈ। ਇਸ ਪ੍ਰਸ਼ਨ ਦਾ ਉੱਤਰ ਬਾਣੀ ਸਿਧ ਗੋਸਟਿ ਵਿਚੋਂ ਸਹਿਜੇ ਹੀ ਮਿਲ ਜਾਂਦਾ ਹੈ। ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਪੁਛਿਆ :

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥ *(ਅੰਗ ੯੪੨)*

ਤਾਂ ਗੁਰੂ ਬਾਬੇ ਨੇ ਉੱਤਰ ਦਿੱਤਾ ਸੀ :

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ *(ਅੰਗ ੯੪੩)*

ਮਨੁੱਖ ਦੀ ਆਪਸੀ ਬੋਲ-ਚਾਲ ਸ਼ਬਦ ਦੁਆਰਾ ਹੀ ਹੁੰਦੀ ਹੈ। ਸ਼ਬਦ ਦੁਆਰਾ ਹੀ ਪਰਮਾਤਮਾ ਨਾਲ ਜੁੜਿਆ ਜਾਂਦਾ ਹੈ। ਪਰਮਾਤਮਾ ਦਾ ਨਾਮ ਸਿਮਰਨ ਸ਼ਬਦ ਦੁਆਰਾ ਹੀ ਕੀਤਾ ਜਾਂਦਾ ਹੈ। ਗੁਰੂ ਦੇ ਸ਼ਬਦ ਰਾਹੀਂ ਹੀ ਪ੍ਰਭੂ ਦੇ ਨਾਮ ਨੂੰ ਸੁਣਿਆ ਅਤੇ ਸਮਝਿਆ ਜਾਂਦਾ ਹੈ :

ਸਬਦਿ ਸੁਣੀਐ ਸਬਦਿ ਬੁਝੀਐ ਸਚਿ ਰਹੈ ਲਿਵ ਲਾਇ॥

(ਰਾਗੁ ਆਸਾ ਮਹਲਾ ੩, ਅੰਗ ੪੨੯)

ਅਥਵਾ :

ਅਖਰੀ ਨਾਮੁ ਅਖਰੀ ਸਾਲਾਹ॥
ਅਖਰੀ ਗਿਆਨੁ ਗੀਤ ਗੁਣ ਗਾਹ॥
ਅਖਰੀ ਲਿਖਣੁ ਬੋਲਣੁ ਬਾਣਿ॥
ਅਖਰਾ ਸਿਰਿ ਸੰਜੋਗੁ ਵਖਾਣਿ॥ *(ਜਪੁ ਜੀ, ਅੰਗ ੪)*

ਭਾਵ ਪ੍ਰਭੂ ਦਾ ਨਾਮ ਅੱਖਰਾਂ (ਸ਼ਬਦ) ਰਾਹੀਂ ਹੀ ਲਿਆ ਜਾਂਦਾ ਹੈ। ਉਸ ਦੀ ਸਿਫ਼ਤ-ਸਾਲਾਹ ਅੱਖਰਾਂ ਦੁਆਰਾ ਕੀਤੀ ਜਾਂਦੀ ਹੈ। ਉਸਦਾ ਗਿਆਨ ਅੱਖਰਾਂ ਦੁਆਰਾ ਹੀ ਪ੍ਰਾਪਤ ਕੀਤਾ ਜਾਂਦਾ ਹੈ। ਉਸਦੇ ਗੁਣਾਂ ਨੂੰ ਵੀ ਅੱਖਰਾਂ ਦੁਆਰਾ ਗਾਇਨ ਕੀਤਾ ਜਾਂਦਾ ਹੈ। ਸ਼ਬਦ ਦੁਆਰਾ ਹੀ ਬਾਣੀ ਨੂੰ ਲਿਖਿਆ ਤੇ ਬੋਲਿਆ ਜਾਂਦਾ ਹੈ :

ਰਾਗੁ ਸੋਰਠਿ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ

ਅੰਕਤ ਹੈ :

ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥
ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥

(ਅੰਗ ੬੪੪)

ਸਿਰੀ ਰਾਗੁ ਵਿਚ ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ ਕਿ ਗੁਰੂ ਦੇ ਸ਼ਬਦ ਤੋਂ ਬਿਨਾਂ ਸੰਸਾਰੀ ਜੀਵ ਜੀਵਨ ਮਾਰਗ ਤੋਂ ਕੁਰਾਹੇ ਪੈ ਕੇ ਭਟਕਦੇ ਰਹਿੰਦੇ ਹਨ ਅਤੇ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ :

ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥ *(ਅੰਗ ੫੮)*

ਅਥਵਾ :

ਬਿਨੁ ਸਬਦੈ ਅੰਤਰਿ ਆਨੇਰਾ ॥
ਨ ਵਸਤੁ ਲਹੈ ਨ ਚੂਕੈ ਫੇਰਾ ॥ *(ਰਾਗੁ ਮਾਝ ਮਹਲਾ ੩, ਅੰਗ ੧੨੪)*

ਭਾਵ ਗੁਰੂ ਦੇ ਸ਼ਬਦ ਤੋਂ ਬਿਨਾਂ ਪ੍ਰਾਣੀ ਦੇ ਹਿਰਦੇ ਵਿਚ ਮੋਹ-ਮਾਇਆ ਦਾ ਹਨ੍ਹੇਰਾ ਬਣਿਆ ਰਹਿੰਦਾ ਹੈ ਜਿਸ ਕਾਰਨ ਉਸਨੂੰ ਆਪਣੇ ਅੰਦਰੋਂ ਨਾਮ ਪਦਾਰਥ ਨਹੀਂ ਲੱਭਦਾ ਤੇ ਉਹ ਜਨਮ-ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ।

ਸ਼ਬਦ ਦਾ ਓਟ ਆਸਰਾ ਲੈਣ ਲਈ ਗੁਰੂ ਪੰਚਮ ਪਾਤਸ਼ਾਹ ਸਿੱਖ ਸੇਵਕਾਂ ਨੂੰ ਇਸ ਪ੍ਰਕਾਰ ਉਪਦੇਸ਼ ਕਰ ਰਹੇ ਹਨ :

ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥
ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ ॥

(ਰਾਗੁ ਰਾਮਕਲੀ, ਅੰਗ ੯੧੬)

ਸਿੱਖਾਂ ਦੀ ਭਗਤ-ਮਾਲਾ ਵਿਚ ਇਕ ਸਾਖੀ ਦਰਜ ਹੈ। ਭਾਈ ਪ੍ਰਿਥਾ ਅਤੇ ਭਾਈ ਖੇੜਾ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਕਰਤਾਰਪੁਰ ਆਏ। ਬੇਨਤੀ ਕੀਤੀ ਕਿ ਹੇ ਗਰੀਬ ਨਿਵਾਜ ਜਦੋਂ ਤੁਹਾਡੇ ਦਰਸ਼ਨਾਂ ਦੀ ਇੱਛਾ ਹੋਵੇ ਤਾਂ ਇਸ ਨੂੰ ਕਿਵੇਂ ਪੂਰਾ ਕਰੀਏ। ਅਗੋਂ ਸਤਿਗੁਰਾਂ ਬਚਨ ਕੀਤੇ ਕਿ ਸੰਤਾਂ ਵਿਚ, ਸਤਿਗੁਰ ਵਿਚ ਤੇ ਪਰਮੇਸਰ ਵਿਚ ਕੋਈ ਭੇਦ ਨਹੀਂ ਹੁੰਦਾ...ਸਰੀਰ ਮੇਰਾ ਸਰਗੁਣ ਰੂਪ ਹੈ ਤੇ ਸ਼ਬਦ ਮੇਰਾ ਰਿਦਾ ਹੈ। ਨਿਰਗੁਣ ਰੂਪ ਹੈ। ਸਰੀਰ ਨਾਲ ਮਿਲੋਗੇ ਤਾਂ ਫਿਰ ਵੀ ਵਿਛੜੋਗੇ ਤੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ।

ਇਸ ਪ੍ਰਕਾਰ ਗੁਰੂ ਨਿਰਗੁਣ, ਸਰਗੁਣ ਅਤੇ ਸ਼ਬਦ ਭਾਵ ਤਿੰਨਾਂ ਸਰੂਪਾਂ ਵਿਚ ਵਿਚਰਦਾ ਹੈ।

ਤੀਨ ਰੂਪ ਹੈ ਮੋਹਿ ਕੋ ਸੁਨਹੁ ਨੰਦ ਚਿਤ ਲਾਇ ॥
ਨਿਰਗੁਣ ਸਰਗੁਣ ਗੁਰ ਸ਼ਬਦ ਕਹੈ ਤੋਹਿ ਸਮਝਾਇ ॥

(ਰਹਿਤਨਾਮਾ ਭਾਈ ਨੰਦ ਲਾਲ ਜੀ)

ਗੁਰੂ ਨਿਰੰਕਾਰ ਨਾਲ ਅਭੇਦ ਹੋਣ ਕਰਕੇ ਨਿਰਗੁਣ, ਸਰਗੁਣ ਸਰੂਪ ਦਾ ਧਾਰਨੀ ਹੁੰਦਾ ਹੈ। ਗੁਰੂ ਜੋ ਬਾਣੀ ਉਚਾਰਦਾ ਹੈ ਕਰਤਾ ਪੁਰਖ ਉਸ ਦੇ ਮੁੱਖ ਤੋਂ ਆਪ ਕਢਵਾਉਂਦਾ ਹੈ ਭਾਵ ਕਰਤੇ ਦੀ ਮਰਜ਼ੀ ਅਨੁਸਾਰ ਹੀ ਗੁਰੂ ਬਾਣੀ ਉਚਾਰਦਾ ਹੈ। ਇਸ ਲਈ ਬਾਣੀ ਜਾਂ ਸ਼ਬਦ ਤੀਜਾ ਸਰੂਪ ਹੈ :

ਗੁਰੁ ਪਰਮੇਸਰੁ ਏਕੋ ਜਾਣੁ॥ ਜੋ ਤਿਸੁ ਭਾਵੈ ਸੋ ਪਰਵਾਣੁ॥ ਗਉੜੀ ਮਹਲਾ ੫॥
ਗੁਰ ਕੀ ਮਹਿਮਾ ਕਥਨੁ ਨ ਜਾਇ॥ ਪਾਰਬ੍ਰਹਮੁ ਗੁਰੁ ਰਹਿਆ ਸਮਾਇ॥

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ॥

(ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੦੮)

ਅਥਵਾ :

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥

(ਰਾਗੁ ਸੂਹੀ ਮਹਲਾ ੫ ਗੁਣਵੰਤੀ, ਅੰਗ ੭੬੩)

ਭਾਵ ਮੇਰੀ ਆਪਣੇ ਵਿਚ ਬੋਲਣ ਦੀ ਕੋਈ ਸਮਰੱਥਾ ਨਹੀਂ। ਜੋ ਕੁਝ ਵਾਹਿਗੁਰੂ ਦਾ ਹੁਕਮ ਹੁੰਦਾ ਹੈ ਮੈਂ ਉਹੀ ਕੁਝ ਕਹਿੰਦਾ ਹਾਂ।

ਤਾਂ ਤੇ ਫਿਰ ਲਿਵ ਨੂੰ ਗੁਰਬਾਣੀ ਜਾਂ ਸ਼ਬਦ ਵਿਚ ਜੋੜਨ ਨਾਲ ਭਵ-ਸਾਗਰ ਤੋਂ ਪਾਰ ਉਤਾਰਾ ਹੋ ਸਕਦਾ ਹੈ :

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥

(ਸਿਧ ਗੋਸਟਿ, ਅੰਗ ੯੩੮)

ਗੁਰੂ ਦੇਹ ਕਰਕੇ ਨਹੀਂ ਬਲਕਿ ਸ਼ਬਦ ਕਰਕੇ ਹੀ ਸਰਬ-ਵਿਆਪਕ ਹੈ ਅਤੇ ਅਬਿਨਾਸੀ ਪਾਰਬ੍ਰਹਮ ਹੁੰਦਾ ਹੈ। 'ਗੁਰੂ ਮੇਰੈ ਸੰਗਿ ਸਦਾ ਹੈ ਨਾਲੇ' ਵਿਚ ਸਿੱਖ ਦੇ ਅੰਗ-ਸੰਗ ਰਹਿਣ ਵਾਲਾ ਗੁਰੂ ਦਾ ਸਰੀਰ ਨਹੀਂ, ਸਗੋਂ ਸ਼ਬਦ ਹੈ।

ਗੁਰੂ ਅਰਜਨ ਦੇਵ ਜੀ ਨੇ ਪੋਥੀ (ਗੁਰੂ ਗ੍ਰੰਥ ਸਾਹਿਬ) ਨੂੰ 'ਪਰਮੇਸਰੁ ਕਾ ਥਾਨੁ' ਆਖ ਕੇ ਸਲਾਹਿਆ ਹੈ।

ਪੋਥੀ ਪਰਮੇਸਰ ਕਾ ਥਾਨੁ॥ *(ਰਾਗੁ ਸਾਰਗ ਮਹਲਾ ੫, ਅੰਗ ੧੨੨੬)*

ਜੋਤੀ ਜੋਤਿ ਸਮਾਉਣ ਤੋਂ ਇਕ ਦਿਨ ਪਹਿਲਾਂ ੬ ਅਕਤੂਬਰ ੧੭੦੮ ਨੂੰ 'ਸ਼ਬਦ ਗੁਰੂ' ਦੇ ਫਲਸਫੇ ਨੂੰ ਅਮਲੀ ਰੂਪ ਦੇਣ ਲਈ, ਦਸਮੇਸ਼ ਪਿਤਾ ਨੇ ਪੰਜ ਪੈਸੇ ਤੇ ਨਰੇਲ ਗੁਰੂ ਗ੍ਰੰਥ ਸਾਹਿਬ ਅੱਗੇ ਰੱਖ ਕੇ ਮੱਥਾ ਟੇਕ ਦਿੱਤਾ ਅਤੇ ਖਾਲਸਾ ਪੰਥ ਨੂੰ ਅੱਗੇ ਤੋਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਆਦੇਸ਼ ਦਿੱਤਾ। ਖਾਲਸਾ ਪੰਥ ਨੂੰ ਗੁਰਤਾ ਤਾਂ ਆਪ ਜੀ ਚਮਕੌਰ ਦੀ ਗੜ੍ਹੀ ਛੱਡਣ ਵੇਲੇ ਦੇ ਆਏ ਸਨ। ਹੁਣ ਹੁਕਮ ਕੀਤਾ ਕਿ ਅੱਗੇ ਤੋਂ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੇਠ ਪੰਥ ਗੁਰੂ ਹੋਵੇਗਾ। ਖਾਲਸੇ ਨੇ ਸੇਧ ਗੁਰੂ ਗ੍ਰੰਥ ਸਾਹਿਬ ਤੋਂ ਲੈਣੀ ਹੈ ਅਤੇ ਅੱਗੇ ਤੋਂ ਕੋਈ ਦੇਹਧਾਰੀ ਗੁਰੂ ਨਹੀਂ ਹੋਵੇਗਾ। ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕਿਸੇ ਨੂੰ ਗੁਰੂ ਵਜੋਂ ਮੱਥਾ ਨਹੀਂ ਟੇਕਣਾ। ਉਦੋਂ ਤੋਂ ਅੱਜ ਤੱਕ ਨਿੱਤ ਸਵੇਰੇ ਤੇ ਸ਼ਾਮ ਹਰ ਗੁਰੂ ਘਰ ਵਿਚ ਇਹ ਨਾਦ ਗੂੰਜਦਾ ਹੈ ਅਤੇ ਰਹਿੰਦੀ ਦੁਨੀਆਂ ਤੱਕ ਗੂੰਜਦਾ ਰਹੇਗਾ :

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ॥
ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕਉ ਮਿਲਬੋ ਚਹੈ ਖੋਜ ਸਬਦ ਮੈ ਲੇਹ॥

ਸਬਦ ਸੁਰਤਿ ਸਿਖੀਏ ਪਰਚੀਏ ਕਹੇ, ਪੂਰਨ ਬ੍ਰਹਮ ਏਕੈ ਏਕ ਧਰਿ ਮਨੀਐ॥
ਭਾ.ਗੁ. 147॥

[illegible] ਨਿਹਾਲ ॥੧॥
ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ ॥ ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ ॥ ਜੇ ਤਿਸੁ ਭਾਵੈ ਊਜਲੀ ਸਤ ਸਰਿ ਨਾਵਣ ਜਾਉ ॥੨॥
-ਸਿਰੀਰਾਗੁ ਮ: ੧

(46)

ਮੁਕਤੀ

ਆਮ ਤੌਰ ਤੇ ਧਾਰਮਿਕ ਗ੍ਰੰਥਾਂ ਅਤੇ ਵੱਖ-ਵੱਖ ਧਰਮਾਂ ਦੇ ਅਨੁਆਈਆਂ ਨੇ ਮਨੁੱਖੀ ਜੀਵਨ ਦਾ ਅੰਤ ਹੋਣ ਤੇ ਸਵਰਗ ਦੀ ਪ੍ਰਾਪਤੀ ਨੂੰ ਮੁਕਤੀ ਮੰਨਿਆ ਹੈ ਪ੍ਰੰਤੂ ਗੁਰਬਾਣੀ ਵਿਚ ਮੁਕਤੀ ਦੀ ਪਰਿਭਾਸ਼ਾ ਇਸ ਤੋਂ ਨਿਵੇਕਲੀ ਹੈ। ਗੁਰਮਤਿ ਨੇ ਮਨੁੱਖ ਨੂੰ ਕਿਸੇ ਸਵਰਗ ਜਾਂ ਇੰਦਰਪੁਰੀ ਦਾ ਲਾਲਚ ਨਹੀਂ ਦਿੱਤਾ। ਮੁਕਤ ਤਾਂ ਮਨੁੱਖ ਨੇ ਮੋਹ-ਮਾਇਆ ਦੇ ਬੰਧਨਾਂ ਤੋਂ ਹੋਣਾ ਹੈ। ਵਿਸ਼ੇ ਵਿਕਾਰਾਂ ਤੋਂ ਛੁਟਕਾਰਾ ਪਾਉਣਾ ਹੈ। ਗੁਰਮੁਖਾਂ ਅਤੇ ਸੰਤ-ਜਨਾਂ ਦੀ ਸੰਗਤ ਕਰਕੇ, ਨਾਮ ਦੇ ਅਭਿਆਸ ਦੁਆਰਾ ਅਕਾਲ ਪੁਰਖ ਨਾਲ ਲਿਵ ਜੋੜਨੀ ਹੈ। ਗੁਰੂ ਦੇ ਦੱਸੇ ਮਾਰਗ ਤੇ ਚੱਲਦਿਆਂ, ਹਉਮੈ ਨੂੰ ਤਿਆਗ ਕੇ ਪਰਉਪਕਾਰੀ ਜੀਵਨ ਬਤੀਤ ਕਰਨਾ ਹੈ। ਅਗਿਆਨਤਾ ਅਤੇ ਭਰਮ-ਭੁਲੇਖਿਆਂ ਵਿਚੋਂ ਨਿਕਲ ਕੇ ਮਨੁੱਖੀ ਜੀਵਨ ਨੂੰ ਕਿਸੇ ਲੇਖੇ ਲਾਉਣਾ ਹੈ। ਐਸਾ ਵਿਅਕਤੀ ਦੁੱਖ-ਸੁਖ ਨੂੰ ਇਕ ਸਮਾਨ ਸਮਝ ਕੇ, ਬਿਪਤਾ ਆ ਪੈਣ ਤੇ ਵੀ ਸਦਾ ਅਨੰਦ-ਮਈ ਅਵਸਥਾ ਵਿਚ ਵਿਚਰਦਾ ਹੈ। ਨਿੰਦਿਆ ਅਤੇ ਉਸਤਤਿ ਤੋਂ ਅਭਿੱਜ ਰਹਿੰਦਾ ਹੈ। ਇਸ ਸਭ ਕੁਝ ਦੀ ਪ੍ਰਾਪਤੀ ਜੀਵਨ ਵਿਚ ਹੀ ਸੰਭਵ ਹੈ। ਇਹੋ ਮੁਕਤ ਅਵਸਥਾ ਜਾਂ ਜੀਵਨ ਮੁਕਤੀ ਹੈ। ਰਾਗੁ ਗਉੜੀ ਸੁਖਮਨੀ ਵਿਚ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ :

ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥

(ਅੰਗ ੨੭੫)

ਭਾਵ ਮੁਕਤ ਅਵਸਥਾ ਵਿਚ ਪਹੁੰਚ ਕੇ ਪ੍ਰਾਣੀ ਲਈ ਦੁੱਖ-ਸੁੱਖ, ਹਰਖ-ਸੋਗ, ਰਾਜਾ-ਰੰਕ, ਬਿਖ ਅੰਮ੍ਰਿਤ, ਮਿੱਟੀ-ਸੋਨਾ ਕੋਈ ਅਰਥ ਨਹੀਂ ਰੱਖਦੇ। ਪ੍ਰਭੂ ਚਰਨਾਂ ਵਿਚ ਮਨ ਨੂੰ ਜੋੜਨਾ ਅਤੇ ਉਸ ਦੀ ਮਿਹਰ ਸਦਕਾ ਦੁਨਿਆਵੀ ਬੰਧਨਾਂ ਤੋਂ ਛੁਟਕਾਰਾ ਪਾਉਣ ਨੂੰ ਗੁਰਬਾਣੀ ਨੇ ਜੀਵਨ ਮੁਕਤ ਗਰਦਾਨਿਆ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਪਹਿਲੀ ਪੌੜੀ ਸਿਮਰਨ ਹੈ। ਗੁਰੂ ਪਾਤਸ਼ਾਹ ਇਸੇ ਗੱਲ ਤੇ ਰਾਗੁ ਰਾਮਕਲੀ ਵਿਚ ਜ਼ੋਰ ਦੇ ਰਹੇ

ਹਨ ਕਿ ਪ੍ਰਭੂ ਦੇ ਨਾਮ ਤੋਂ ਬਿਨਾਂ ਬੰਧਨਾਂ ਤੋਂ ਖਲਾਸੀ ਨਹੀਂ ਹੋ ਸਕਦੀ :

ਸੋਧਤ ਸੋਧਤ ਸੋਧਿ ਬੀਚਾਰਾ॥
ਬਿਨੁ ਹਰਿ ਭਗਤਿ ਨਹੀ ਛੁਟਕਾਰਾ॥ *(ਅੰਗ ੮੯੧)*

ਰਾਗੁ ਮਾਰੂ ਸੋਲਹੇ ਵਿਚ ਗੁਰੂ ਨਾਨਕ ਦੇਵ ਜੀ ਦੇ ਪਾਵਨ ਬਚਨ ਹਨ ਕਿ ਮਨੁੱਖ ਪੁੰਨ-ਦਾਨ ਆਦਿ ਧਾਰਮਿਕ ਕਰਮ-ਕਾਂਡਾਂ ਦੁਆਰਾ ਮੁਕਤੀ ਪ੍ਰਾਪਤ ਕਰਨਾ ਚਾਹੁੰਦਾ ਹੈ ਪ੍ਰੰਤੂ ਨਾਮ ਪਦਾਰਥ ਤੋਂ ਬਿਨਾਂ ਇਹ ਸੰਭਵ ਨਹੀਂ ਅਤੇ ਨਾਮ ਦੀ ਪ੍ਰਾਪਤੀ ਗੁਰੂ ਦੇ ਸ਼ਬਦ ਦੀ ਕਮਾਈ ਕੀਤਿਆਂ ਹੀ ਹੋ ਸਕਦੀ ਹੈ। ਇਸ ਤੋਂ ਛੁੱਟ ਬਾਕੀ ਸਭ ਭਰਮ-ਭੁਲੇਖਿਆਂ ਵਿਚ ਪੈਣ ਵਾਲੀ ਗੱਲ ਹੀ ਹੈ :

ਕਰਮ ਧਰਮ ਕਰਿ ਮੁਕਤਿ ਮੰਗਾਹੀ॥
ਮੁਕਤਿ ਪਦਾਰਥੁ ਸਬਦਿ ਸਲਾਹੀ॥
ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ॥
(ਅੰਗ ੧੦੨੪)

ਭਗਤ ਨਾਮਦੇਵ ਜੀ ਨੂੰ ਅਖੌਤੀ ਨੀਵੀਂ ਜਾਤੀ ਦਾ ਸਮਝ ਕੇ ਪਾਂਡਿਆਂ ਨੇ ਧੱਕੇ ਮਾਰ ਕੇ ਮੰਦਰ 'ਚੋਂ ਬਾਹਰ ਕੱਢ ਦਿੱਤਾ। ਭਗਤ ਜੀ ਨੇ ਪ੍ਰਭੂ ਅੱਗੇ ਜੋਦੜੀ ਕੀਤੀ ਕਿ ਹੇ ਪ੍ਰਭੂ! ਮੈਂ ਕੇਵਲ ਤੇਰੇ ਨਾਮ ਦਾ ਹੀ ਓਟ ਆਸਰਾ ਲਿਆ ਹੈ ਪਰ ਫਿਰ ਵੀ ਅਭਿਮਾਨੀ ਪੰਡਤਾਂ ਨੇ ਮੈਨੂੰ ਨੀਚ ਸਮਝ ਕੇ ਮੰਦਰ 'ਚੋਂ ਧੱਕੇ ਮਾਰ ਕੇ ਬਾਹਰ ਕੱਢ ਦਿਤਾ ਹੈ। ਜੇਕਰ ਇਸ ਸਮੇਂ ਤੂੰ ਮੇਰੀ ਲਾਜ ਨਾ ਰੱਖੀ ਤਾਂ ਮਰਨ ਤੋਂ ਬਾਅਦ ਮੈਨੂੰ ਮੁਕਤੀ ਮਿਲੀ ਜਾਂ ਨਾ ਮਿਲੀ, ਉਹ ਮੇਰੇ ਕਿਸ ਕੰਮ? ਮਰਨ ਉਪਰੰਤ ਮੈਨੂੰ ਮਿਲੀ ਮੁਕਤੀ ਦਾ ਇਨ੍ਹਾਂ ਅਭਿਮਾਨੀਆਂ ਨੂੰ ਅਹਿਸਾਸ ਕਿਵੇਂ ਹੋਵੇਗਾ? ਭਾਵ ਮੁਕਤੀ ਉਹ ਜੋ ਜੀਉਂਦਿਆਂ ਨਸੀਬ ਹੋਵੇ। ਰਾਗੁ ਮਲਾਰ ਵਿਚ ਭਗਤ ਜੀ ਦੇ ਬਚਨ ਹਨ :

ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥
ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥
ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥
(ਅੰਗ ੧੨੯੨)

ਪਿਛੰਉਡੀ ਹੋਇਲਾ ਤੋਂ ਅਰਥ ਹੈ ਪਿੱਛੇ ਪੈ ਰਹੀ ਹੈ, ਘੱਟ ਰਹੀ ਹੈ।

ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ ਕਿ ਪ੍ਰਭੂ ਦੇ ਸੇਵਕ-ਜਨ ਕਿਸੇ ਰਾਜ-ਭਾਗ ਜਾਂ ਸਵਰਗ ਤੇ ਬਹਿਸ਼ਤ ਦੀ ਲੋਚਾ ਨਹੀਂ ਰੱਖਦੇ। ਉਨ੍ਹਾਂ ਦੀ ਤਾਂ ਇਕੋ ਹੀ ਤੜਪ ਹੁੰਦੀ ਹੈ ਕਿ ਮਨ ਪ੍ਰਭੂ ਦੇ ਚਰਨ-ਕਮਲਾਂ ਨਾਲ ਜੁੜਿਆ ਰਹੇ। ਉਨ੍ਹਾਂ ਲਈ ਇਸ ਤੋਂ ਵੱਡਾ ਹੋਰ ਕੋਈ ਸਵਰਗ ਨਹੀਂ :

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥
(ਰਾਗੁ ਦੇਵਗੰਧਾਰੀ, ਅੰਗ ੫੩੪)

ਗੁਰਬਾਣੀ ਵਿਚ ਪਰਮਪਦ, ਪਰਮਗਤ, ਪਦ-ਨਿਰਬਾਣ, ਮੋਖ ਆਦਿ ਸ਼ਬਦਾਂ ਨੂੰ ਮੁਕਤੀ ਦੇ ਸਮਾਨਾਂਤਰ ਸ਼ਬਦਾਂ ਵਜੋਂ ਵਰਤਿਆ ਗਿਆ ਹੈ। ਉਦਾਹਰਣ ਵਜੋਂ :

(ੳ) ਸਾਧਸੰਗਤਿ ਪਾਈ ਪਰਮ ਗਤੇ॥
(ਰਾਗੁ ਮਲਾਰ ਭਗਤ ਰਵਿਦਾਸ ਜੀ, ਅੰਗ ੧੨੯੩)

(ਅ) ਸੰਤ ਚਰਣ ਗੁਰ ਸੇਵਾ ਲਾਗੇ ਤਿਨੀ ਪਰਮ ਪਦ ਪਾਏ ਰਾਮ॥

(ਰਾਗੁ ਸੂਹੀ ਮਹਲਾ ੫, ਅੰਗ ੭੮੦)

(ੲ) ਰੇ ਮਨ ਓਟ ਲੇਹੁ ਹਰਿ ਨਾਮਾ॥
ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ॥

(ਰਾਗੁ ਰਾਮਕਲੀ ਮਹਲਾ ੯, ਅੰਗ ੯੦੧)

(ਸ) ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ॥

(ਸਿਰੀਰਾਗੁ ਮਹਲਾ ੩, ਅੰਗ ੩੩)

ਸੱਚੇ ਮਨ ਨਾਲ ਪ੍ਰਭੂ ਦਾ ਨਾਮ ਸਿਮਰਿਆਂ, ਸਾਰੇ ਬੰਧਨਾਂ ਤੋਂ ਮੁਕਤ ਹੋ ਜਾਈਦਾ ਹੈ।

ਰਾਗੁ ਰਾਮਕਲੀ ਵਿਚ ਭਗਤ ਕਬੀਰ ਜੀ ਵੀ ਇਹੋ ਵਿਚਾਰ ਦੇ ਰਹੇ ਹਨ ਕਿ ਸਿਮਰਨ ਤੋਂ ਬਿਨਾਂ ਮਾਇਆ ਦੇ ਬੰਧਨਾਂ ਤੋਂ ਖਲਾਸੀ ਨਹੀਂ ਮਿਲ ਸਕਦੀ :

ਬਿਨੁ ਸਿਮਰਨ ਮੁਕਤਿ ਕਤ ਨਾਹਿ॥ *(ਅੰਗ ੯੭੧)*

ਗੁਰੂ ਤੇਗ ਬਹਾਦਰ ਜੀ ਦੇ ਰਾਗੁ ਬਿਲਾਵਲੁ ਵਿਚ ਬੜੇ ਸੁੰਦਰ ਬਚਨ ਹਨ। ਆਪ ਜੀ ਦਾ ਫ਼ਰਮਾਨ ਹੈ ਕਿ ਜੋ ਪ੍ਰਾਣੀ ਹੰਕਾਰ ਅਤੇ ਮਾਇਆ ਦੇ ਮੋਹ ਨੂੰ ਤਿਆਗ ਕੇ ਪਰਮਾਤਮਾ ਦਾ ਸਿਮਰਨ ਕਰਦਾ ਹੈ ਉਸਦੀ ਸਿਫ਼ਤ-ਸਾਲਾਹ ਦੇ ਗੀਤ ਗਾਉਂਦਾ ਹੈ, ਉਹ ਜੀਵਨ-ਮੁਕਤ ਹੋ ਜਾਂਦਾ ਹੈ :

ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥
ਕਹੁ ਨਾਨਕ ਇਹਿ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ॥

(ਅੰਗ ੮੩੧)

ਇਸ ਲਈ ਦੁਨਿਆਵੀ ਬੰਧਨਾਂ ਤੋਂ ਛੁਟਕਾਰਾ ਪਾਉਣ ਲਈ ਜਿੱਥੇ ਪ੍ਰਭੂ ਦੇ ਨਾਮ ਵਿਚ ਲਿਵ ਜੋੜਨੀ ਹੈ, ਉੱਥੇ ਮਨ ਦੀ ਹਉਮੈ ਨੂੰ ਵੀ ਮਾਰਨਾ ਹੈ ਤਾਂ ਹੀ ਜੀਵਨ ਵਿਚ ਮੁਕਤੀ ਸੰਭਵ ਹੈ :

ਤਜਿ ਅਭਿਮਾਨੁ ਸਰਣਿ ਸੰਤਨ ਗਹੁ ਮੁਕਤਿ ਹੋਹਿ ਛਿਨ ਮਾਹੀ॥

(ਰਾਗ ਸਾਰਗ ਮਹਲਾ ੯, ਅੰਗ ੧੨੩੧)

ਅਥਵਾ :

ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ॥

(ਰਾਗੁ ਮਾਰੂ ਮਹਲਾ ੧, ਅੰਗ ੧੦੦੯-੧੦੧੦)

ਇਸ ਲਈ ਹਉਮੈ ਨੂੰ ਮਾਰ ਕੇ ਜੋ ਪ੍ਰਾਣੀ ਆਤਮਿਕ ਜੀਵਨ ਜੀਊਂਦਾ ਹੈ ਉਹ ਸੰਸਾਰ ਵਿਚ ਕਾਰ-ਵਿਹਾਰ ਕਰਦਾ ਹੋਇਆ ਵੀ ਮਾਇਆ ਦੇ ਬੰਧਨਾਂ ਤੋਂ ਬਚਿਆ ਰਹਿੰਦਾ ਹੈ ਭਾਵ ਉਹ ਜੀਵਨ-ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਗੁਰਵਾਕ ਹੈ :

ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥

(ਰਾਗੁ ਆਸਾ ਮਹਲਾ ੪, ਅੰਗ ੪੪੯)

ਅਥਵਾ :

ਗੁਰ ਪਰਸਾਦੀ ਜੀਵਤ ਮਰੈ ਮਰਿ ਜੀਵੈ ਸਬਦੁ ਕਮਾਇ॥
ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ॥

(ਰਾਗੁ ਮਲਾਰ ਅਸਟਪਦੀਆ ਮਹਲਾ ੩, ਅੰਗ ੧੨੭੬)

ਅਜਿਹਾ ਪ੍ਰਾਣੀ ਕੇਵਲ ਆਪਣੇ ਬਾਰੇ ਹੀ ਨਹੀਂ ਸੋਚਦਾ। ਉਹ ਤਾਂ ਸਭਨਾਂ ਦਾ ਭਲਾ ਮਨਾਉਂਦਾ ਹੈ। ਸਭ ਤੇ ਪਰਉਪਕਾਰ ਕਰਦਾ ਹੈ. ਉਹ ਕੇਵਲ ਆਪ ਜੀਵਨ ਮੁਕਤ ਭਾਵ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਨਹੀਂ ਪਾਉਂਦਾ ਸਗੋਂ ਦੂਜਿਆਂ ਨੂੰ ਵੀ ਇਸ ਤੋਂ ਮੁਕਤ ਕਰਦਾ ਹੈ। ਰਾਗੁ ਗਉੜੀ ਸੁਖਮਨੀ ਵਿਚ ਹਜ਼ੂਰ ਪੰਚਮ ਪਾਤਸ਼ਾਹ ਦਾ ਫ਼ਰਮਾਨ ਹੈ :

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥ *(ਅੰਗ ੨੯੫)*

ਅਥਵਾ :

ਆਪਿ ਮੁਕਤੁ ਸੰਗੀ ਤਰੇ ਕੁਲ ਕੁਟੰਬ ਉਧਾਰੇ॥
ਸਫਲ ਸੇਵਾ ਗੁਰਦੇਵ ਕੀ ਨਿਰਮਲ ਦਰਬਾਰੇ॥
(ਰਾਗੁ ਬਿਲਾਵਲੁ ਮਹਲਾ ੫, ਅੰਗ ੮੧੪)

ਗੁਰ ਇਤਿਹਾਸ ਵਿਚ ਮੁਕਤੀ ਦੀ ਇਕ ਬੜੀ ਪ੍ਰਸਿੱਧ ਦਾਸਤਾਂ ਹੈ ਜਿਸਨੂੰ ਨਿਤਾ-ਪ੍ਰਤੀ ਅਰਦਾਸ ਵਿਚ ਦੁਹਰਾਇਆ ਜਾਂਦਾ ਹੈ। ਇਹ ਦਾਸਤਾਂ ਉਨ੍ਹਾਂ 40 ਸ਼ਹੀਦ ਸੂਰਬੀਰਾਂ ਦੀ ਹੈ ਜਿਨ੍ਹਾਂ ਨੇ ਸੀਸ ਭੇਟ ਕਰਕੇ ਆਪਣੀ ਭੁੱਲ ਨੂੰ ਬਖਸ਼ਾਇਆ ਅਤੇ 40 ਮੁਕਤਿਆਂ ਵਜੋਂ ਮੁਕਤੀ ਨੂੰ ਪ੍ਰਾਪਤ ਹੋਏ। ਕਲਗੀਧਰ ਪਿਤਾ ਨੇ ਇਨ੍ਹਾਂ ਸੂਰਮਿਆਂ ਨੂੰ ਮੁਕਤੀ ਪਦਵੀ ਬਖਸ਼ ਕੇ ਇਨ੍ਹਾਂ ਦੀ ਯਾਦ ਵਿਚ ਯੁੱਧ-ਅਸਥਾਨ ਦਾ ਨਾਂ ਮੁਕਤਸਰ ਰੱਖਿਆ ਜਿੱਥੇ ਇਨ੍ਹਾਂ ਯੋਧਿਆਂ ਨੇ ਸੂਬਾ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਂ ਦੀਆਂ ਫ਼ੌਜਾਂ ਵਿਰੁੱਧ ਜੂਝਦੇ ਹੋਏ ਕੌਮ ਅਤੇ ਦੇਸ਼ ਤੇ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ ਸਨ।

ਸੰਖੇਪ ਵਿਚ ਨਾਮ-ਸਿਮਰਨ, ਸ਼ਬਦ ਦੇ ਅਭਿਆਸ, ਹੁਕਮ ਰਜਾਈ ਚਲਣਾ, ਸਤਿਸੰਗਤ ਕਰਨ, ਕਮਲ ਦੇ ਫੁੱਲ ਵਾਂਗ ਅਲਿਪਤ ਰਹਿ ਕੇ, ਸਹਿਜ ਅਵਸਥਾ ਵਿਚ ਵਿਚਰਦਿਆਂ, ਹਉਮੈ ਨੂੰ ਤਿਆਗ ਕੇ ਕਰਮ-ਕਾਂਡ, ਪਾਖੰਡ ਅਤੇ ਆਡੰਬਰਾਂ ਤੋਂ ਬਚ ਕੇ ਮਨੁੱਖ ਜੀਵਨ-ਮੁਕਤੀ ਦੀ ਪ੍ਰਾਪਤੀ ਕਰ ਸਕਦਾ ਹੈ। ਇਸ ਸਭ ਕੁਝ ਦੀ ਪੂਰਤੀ ਪ੍ਰਾਨੀ ਨੇ ਸੰਸਾਰ ਵਿਚ ਵਿਚਰਦਿਆਂ ਹੀ ਕਰਨੀ ਹੈ। ਗੁਰਬਾਣੀ ਦਾ ਮੁੱਖ ਵਿਸ਼ਾ ਅਧਿਆਤਮਵਾਦ ਹੈ ਪ੍ਰੰਤੂ ਇਹ ਮਨੁੱਖ ਨੂੰ ਪੂਰਨ ਤੌਰ ਤੇ ਸਮਾਜਿਕ ਢਾਂਚੇ ਨਾਲ ਜੋੜੀ ਰੱਖਦੀ ਹੈ। ਗੁਰਬਾਣੀ ਅਨੁਸਾਰ ਮਨੁੱਖ ਸੱਚ ਦੇ ਮਾਰਗ ਤੇ ਚਲਦਾ ਹੋਇਆ, ਖਾਂਦਿਆਂ, ਪਹਿਨਦਿਆਂ, ਹੱਸਦਿਆਂ ਅਤੇ ਖੇਡਾਂ ਖੇਡਦਾ ਹੋਇਆ ਮੁਕਤੀ ਪ੍ਰਾਪਤ ਕਰ ਸਕਦਾ ਹੈ। ਗੂਜਰੀ ਕੀ ਵਾਰ ਮਹਲਾ ੫ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ :

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥
(ਅੰਗ ੫੨੨)

47

ਦੁਬਿਧਾ

ਦੁਬਿਧਾ ਤੋਂ ਭਾਵ ਹੈ ਦੁਚਿੱਤਾ-ਪਨ। ਮਨ ਦੀ ਉਹ ਅਵਸਥਾ ਜਦੋਂ ਦੁਨਿਆਵੀ ਮੋਹ-ਮਾਇਆ ਵਿਚ ਭਟਕਦਾ ਮਨ ਟਿਕਾਣੇ ਵਿਚ ਨਹੀਂ ਰਹਿੰਦਾ। ਅਸ਼ਾਂਤੀ ਕਾਰਨ ਕਿਸੇ ਨਿਰਣੇ ਤੇ ਪੁੱਜਣ ਦੇ ਅਸਮਰੱਥ ਰਹਿੰਦਾ ਹੈ। ਮਨੁੱਖ ਦੀ ਸੋਚਣ ਸ਼ਕਤੀ ਵਿਚ ਸਮਾਨਤਾ ਤੇ ਸਪੱਸ਼ਟਤਾ ਨਹੀਂ ਰਹਿੰਦੀ। ਸਹਿਜੇ ਕਰਕੇ ਉਹ ਛੋਟੀ ਤੋਂ ਛੋਟੀ ਸਮੱਸਿਆ ਨੂੰ ਵੀ ਸੁਲਝਾ ਨਹੀਂ ਸਕਦਾ। ਮਨ ਅੰਦਰ ਵਿਰੋਧੀ ਵਿਚਾਰ ਉਪਜਦੇ ਰਹਿੰਦੇ ਹਨ ਕਿ ਇਹ ਕੀਤਾ ਜਾਵੇ ਜਾਂ ਨਾ ਕੀਤਾ ਜਾਵੇ। ਇਨ੍ਹਾਂ ਘੁੰਮਣ ਘੇਰੀਆਂ ਵਿਚ ਹੀ ਮਨੁੱਖ ਫਸਿਆ ਰਹਿੰਦਾ ਹੈ। ਇਹ ਦੁਚਿੱਤਾਪਨ ਮਨੁੱਖ ਨੂੰ ਕਿਸੇ ਮੰਜ਼ਲ 'ਤੇ ਪੁੱਜਣ ਨਹੀਂ ਦਿੰਦਾ। ਸਿੱਟੇ ਵਜੋਂ ਜੀਵ ਵਿਚ ਖੁਸ਼ੀਆਂ ਤੇ ਖੇੜਿਆਂ ਦੀ ਬਜਾਏ ਨਿਰਾਸ਼ਾ ਅਤੇ ਅਸਫ਼ਲਤਾਵਾਂ ਹਾਵੀ ਹੋ ਜਾਂਦੀਆਂ ਹਨ। ਮਨੁੱਖ ਆਤਮ-ਵਿਸ਼ਵਾਸ ਗੁਆ ਕੇ ਜੀਵਨ ਵਿਚ ਕੁਝ ਕਰਨ ਜੋਗਾ ਨਹੀਂ ਰਹਿੰਦਾ।

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਹਉਮੈ ਨੂੰ 'ਦੀਰਘ ਰੋਗੁ' ਆਖਿਆ ਹੈ। ਭੈਰਉ ਰਾਗੁ ਵਿਚ ਆਪ ਜੀ ਦੁਬਿਧਾ ਨੂੰ 'ਅਧਿਕ ਵਡੇਰਾ' ਭਾਵ ਬਹੁਤ ਵੱਡਾ ਰੋਗ ਦਸਦੇ ਹਨ। ਆਪ ਜੀ ਦੇ ਬਚਨ ਹਨ ਕਿ ਦੁਚਿੱਤੀ ਵਿਚ ਫਸਿਆ ਹੋਇਆ ਮਨੁੱਖ ਪ੍ਰਭੂ ਨੂੰ ਵਿਸਾਰ ਕੇ ਮਾਇਆ ਦੇ ਮੋਹ ਵਿਚ ਗ੍ਰਸਿਆ ਰਹਿੰਦਾ ਹੈ :

ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ॥

(ਅੰਗ ੧੧੫੩)

ਆਪ ਜੀ ਨੇ ਦੁਬਿਧਾ ਨੂੰ ਬਉਰੀ, ਦੁਰਮਤਿ ਅਤੇ ਅੰਧਲੇ ਕਾਰ ਵਾਲੀ ਕਰਕੇ ਗਰਦਾਨਿਆ ਹੈ ਜਿਸ ਦੇ ਝੂਠੇ ਲਾਲਚ ਵਿਚ ਫਸ ਕੇ ਅਗਿਆਨੀ ਮਨੁੱਖ ਆਪਣਾ ਜਨਮ ਅੰਵਾਈਂ ਗੁਆ ਲੈਂਦਾ ਹੈ :

ਦੁਬਿਧਾ ਬਉਰੀ ਮਨੁ ਬਉਰਾਇਆ॥
ਝੂਠੈ ਲਾਲਚਿ ਜਨਮੁ ਗਵਾਇਆ॥ *(ਰਾਗੁ ਪ੍ਰਭਾਤੀ, ਅੰਗ ੧੩੪੨)*

ਅਥਵਾ :

ਦੁਬਿਧਾ ਦੁਰਮਤਿ ਅਧੁਲੀ ਕਾਰ॥
ਮਨਮੁਖਿ ਭਰਮੈ ਮਝਿ ਗੁਬਾਰ॥ *(ਰਾਗੁ ਬਸੰਤੁ, ਅੰਗ ੧੧੯੦)*

ਰਾਗੁ ਮਾਝ ਵਿਚ ਗੁਰੂ ਅਮਰਦਾਸ ਜੀ ਦਾ ਫ਼ਰਮਾਨ ਹੈ ਕਿ ਦੁਬਿਧਾ ਦੇ ਕਾਰਨ ਚੰਚਲ ਮਨ ਕਾਬੂ ਵਿਚ ਨਹੀਂ ਰਹਿੰਦਾ ਭਾਵ ਸਦਾ ਡਾਵਾਂ-ਡੋਲ ਵਾਲੀ ਸਥਿਤੀ ਵਿਚ ਰਹਿੰਦਾ ਹੈ ਜਿਸ ਕਾਰਨ ਇਹ ਚੌਹੀਂ ਪਾਸੀਂ ਭਟਕਦਾ ਫਿਰਦਾ ਹੈ ਤੇ ਇਸ ਨੂੰ ਕਿਧਰੇ ਟਿਕਾਉ ਨਹੀਂ ਆਉਂਦਾ :

ਇਹੁ ਮਨੁ ਚੰਚਲੁ ਵਸਿ ਨ ਆਵੈ॥
ਦੁਬਿਧਾ ਲਾਗੈ ਦਹ ਦਿਸਿ ਧਾਵੈ॥ *(ਅੰਗ ੧੨੭)*

ਜਦੋਂ ਤਾਈਂ ਮਨ ਵਿਚ ਦੁਚਿੱਤਾਪਨ ਹੈ, ਮਨ ਵਿਚ ਕੋਈ ਹੋਰ ਝਾਕ ਹੈ ਜਾਂ ਪ੍ਰਾਣੀ ਕਿਸੇ ਹੋਰ ਆਸਰੇ ਦੀ ਤਾਕ ਵਿਚ ਹੈ ਉਦੋਂ ਤੱਕ ਮਨ ਬਿਰਹੋਂ ਰੰਗ ਵਿਚ ਰੰਗਿਆ ਨਹੀਂ ਜਾ ਸਕਦਾ। ਗੁਰਵਾਕ ਹੈ :

ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ ॥

(ਰਾਗੁ ਸੋਰਠਿ ਮਹਲਾ ੧, ਅੰਗ ੬੩੪)

ਆਪ ਜੀ ਨੇ ਰਾਗੁ ਪ੍ਰਭਾਤੀ ਵਿਚ ਪ੍ਰਾਣੀ ਨੂੰ ਸੁਚੇਤ ਕੀਤਾ ਹੈ ਕਿ ਗੁਰੂ ਦੇ ਸ਼ਬਦ ਨਾਲ ਸਾਂਝ ਪਾ ਕੇ ਜਦੋਂ ਮਨ ਪਰਮਾਤਮਾ ਨੂੰ ਸਰਬ ਵਿਆਪਕ ਸਮਝਣ ਲੱਗ ਪੈਂਦਾ ਹੈ ਤਾਂ ਦੂਜਿਆਂ ਦਾ ਆਸਰਾ ਤੱਕਣੋਂ ਹਟ ਜਾਂਦਾ ਹੈ ਭਾਵ ਮਨ ਵਿਚੋਂ ਦੁਬਿਧਾ ਖਤਮ ਹੋ ਜਾਂਦੀ ਹੈ। ਦੂਜੇ ਬੰਨੇ ਜਿਹੜਾ ਮਨੁੱਖ ਗੁਰੂ ਦੇ ਸ਼ਬਦ ਨੂੰ ਵਿਸਾਰ ਕੇ ਪ੍ਰਭੂ ਦੇ ਨਾਮ ਨੂੰ ਭੁਲਾ ਕੇ ਹੋਰ ਹੋਰ ਆਸਰਿਆਂ ਵੱਲ ਝਾਕਦਾ ਹੈ ਉਸਦੇ ਸਿਰ ਸੁਆਹ ਹੀ ਪੈਂਦੀ ਹੈ ਭਾਵ ਉਹ ਖੱਜਲ-ਖੁਆਰ ਹੀ ਹੁੰਦਾ ਹੈ :

ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥
ਘਰਿ ਬਾਹਰਿ ਏਕੋ ਕਰਿ ਜਾਣੁ ॥
ਏਹਾ ਮਤਿ ਸਬਦੁ ਹੈ ਸਾਰੁ ॥
ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥ *(ਅੰਗ ੧੩੪੩)*

ਸਾਕਤ ਮਨੁੱਖ ਜੋ ਪ੍ਰਭੂ ਨਾਲੋਂ ਟੁੱਟਿਆ ਹੋਇਆ ਹੈ ਉਸ ਦਾ ਵੀ ਇਹੋ ਹਾਲ ਹੈ। ਦੁਚਿੱਤੀ ਦੇ ਕਾਰਨ ਉਸ ਨੂੰ ਵੀ ਕਿਧਰੇ ਟਿਕਾਉ ਨਹੀਂ ਮਿਲਦਾ। ਫਲਸਰੂਪ ਉਹ ਆਵਾਗਵਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਦੂਜੇ ਬੰਨੇ ਜੋ ਮਨੁੱਖ ਗੁਰੂ ਦੇ ਦੱਸੇ ਮਾਰਗ ਤੇ ਚਲਦੇ ਹਨ ਉਹ ਦੁਬਿਧਾ ਤੋਂ ਬਚੇ ਰਹਿੰਦੇ ਹਨ। ਗੁਰਵਾਕ ਹੈ :

ਸਾਕਤ ਕੂੜੇ ਸਚੁ ਨ ਭਾਵੈ ॥
ਦੁਬਿਧਾ ਬਾਧਾ ਆਵੈ ਜਾਵੈ ॥
ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥

(ਰਾਗੁ ਮਾਝ ਮਹਲਾ ੧, ਅੰਗ ੧੦੯)

ਦੁਬਿਧਾ ਵਿਚ ਫਸੇ ਮਨੁੱਖ ਦੀ ਨਾ ਇਸ ਸੰਸਾਰ ਵਿਚ ਪੁੱਛ-ਪ੍ਰਤੀਤ ਹੈ ਅਤੇ ਨਾ ਹੀ ਪਰਲੋਕ ਵਿਚ ਉਸ ਨੂੰ ਢੋਈ ਮਿਲਦੀ ਹੈ। ਜਿਸ ਜੀਵ ਨੂੰ ਇਸ ਗੱਲ ਦੀ ਸੋਝੀ ਤੱਕ ਨਹੀਂ ਕਿ ਜੋ ਕੁਝ ਉਹ ਕਰ ਰਿਹਾ ਹੈ ਚੰਗਾ ਹੈ ਜਾਂ ਮਾੜਾ, ਉਸਦਾ ਮਨ ਟਿਕਾਉ ਵਿਚ ਕਿਵੇਂ ਰਹਿ ਸਕਦਾ ਹੈ? ਰਾਗੁ ਸਾਰਗ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ :

ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੈ ॥

(ਅੰਗ ੧੨੩੩)

ਰਾਗੁ ਕਾਨੜਾ ਵਿਚ ਗੁਰੂ ਰਾਮਦਾਸ ਜੀ ਜੀਵ ਨੂੰ ਸੁਚੇਤ ਕਰ ਰਹੇ ਹਨ ਕਿ ਦੁਬਿਧਾ ਵਿਚ ਫਸੇ ਪ੍ਰਾਣੀ ਦੇ ਮਨ ਤੇ ਪ੍ਰਭੂ ਦੇ ਨਾਮ ਦਾ ਰੰਗ ਨਹੀਂ ਚੜ੍ਹ ਸਕਦਾ। ਉਸਦਾ ਦੁਚਿੱਤਾਪਨ ਉਸ ਨੂੰ ਕਿਸੇ ਜੋਗਾ ਨਹੀਂ ਰਹਿਣ ਦਿੰਦਾ। ਫਲਸਰੂਪ ਅਜਿਹੇ ਵਿਅਕਤੀ ਸਦਾ ਨਾਮ ਤੋਂ ਸੱਖਣੇ ਰਹਿੰਦੇ ਹਨ। ਪ੍ਰੰਤੂ ਜਦੋਂ ਗੁਰੂ ਦੀ ਮਿਹਰ ਹੁੰਦੀ ਹੈ ਤਾਂ ਦੁਬਿਧਾ ਅਤੇ ਲਾਲਚ ਸਭ ਦੂਰ ਹੋ ਜਾਂਦੇ ਹਨ। ਮਨ ਨਵਾਂ ਅਤੇ ਨਰੋਆ ਹੋ ਕੇ ਪ੍ਰਭੂ-ਰੰਗ ਵਿਚ

ਰੰਗਿਆ ਜਾਂਦਾ ਹੈ :

ਦੁਬਿਧਾ ਲੋਭਿ ਲਗੇ ਹੈ ਪ੍ਰਾਣੀ ਮਨਿ ਕੋਰੈ ਰੰਗੁ ਨ ਆਵੈਗੋ॥
ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ॥

(ਅੰਗ ੧੩੧੦)

ਗੁਰੂ ਅਰਜਨ ਦੇਵ ਜੀ ਰਾਗੁ ਬਸੰਤੁ ਵਿਚ ਸੰਸਾਰ ਦੇ ਲੋਕਾਂ ਨੂੰ ਬੜਾ ਸੁੰਦਰ ਉਪਦੇਸ਼ ਕਰ ਰਹੇ ਹਨ ਕਿ ਹੇ ਦੁਨੀਆਂ ਦੇ ਲੋਕੋ! ਸਾਰੇ ਭੇਦ-ਭਾਵ ਮਿਟਾ ਕੇ ਇਕ ਸਥਾਨ ਤੇ ਸੰਗਤੀ ਰੂਪ ਵਿਚ ਇਕੱਠੇ ਹੋ ਕੇ ਪ੍ਰਭੂ ਦੀ ਸਿਫ਼ਤ-ਸਾਲਾਹ ਕਰੋ, ਇਸ ਨਾਲ ਤੁਹਾਡੀ ਸਾਰੀ ਦੁਬਿਧਾ ਦੂਰ ਹੋ ਜਾਵੇਗੀ :

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥

(ਅੰਗ ੧੧੮੫)

ਅਥਵਾ :

ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ॥
ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ॥

(ਰਾਗੁ ਆਸਾ ਮਹਲਾ ੧, ਅੰਗ ੪੧੯)

ਕੁਵਾਟੜੀ ਤੋਂ ਅਰਥ ਹਨ ਭੈੜੀ ਵਾਟ, ਭੈੜਾ ਰਾਹ। ਮੂਸਹੁਗੇ—ਲੁੱਟੇ ਜਾਵੋਗੇ। ਅਹਿਨਿਸਿ—ਦਿਨ ਰਾਤ।

ਗੁਰਬਾਣੀ ਅਨੁਸਾਰ ਮਨੁੱਖ ਨੂੰ ਦੁਬਿਧਾ ਤਿਆਗ ਕੇ ਕੇਵਲ ਇਕ ਪਰਮਾਤਮਾ ਦੀ ਅਰਾਧਨਾ ਕਰਨੀ ਚਾਹੀਦੀ ਹੈ। ਬਾਕੀ ਦੇ ਸਾਰੇ ਕਰਮ-ਕਾਂਡ ਵਿਅਰਥ ਹਨ। ਮੜ੍ਹੀਆਂ-ਮਸਾਣਾਂ ਤੇ ਮੱਥੇ ਰਗੜਣ ਦਾ ਕੋਈ ਲਾਭ ਨਹੀਂ। ਇਸ ਨਾਲ ਦੁਬਿਧਾ ਖਤਮ ਨਹੀਂ ਹੁੰਦੀ ਸਗੋਂ ਵਧਦੀ ਹੈ। ਗੁਰਵਾਕ ਹੈ :

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥

(ਰਾਗੁ ਸੋਰਠਿ ਮਹਲਾ ੧, ਅੰਗ ੬੩੪)

ਅਥਵਾ :

ਇਕ ਮਨ ਇਕ ਅਰਾਧਣਾ ਦੁਬਿਧਾ ਦੂਜਾ ਭਾਉ ਮਿਟਾਇਆ॥

(ਭਾਈ ਗੁਰਦਾਸ ਜੀ, ਵਾਰ ੧੧, ਪਉੜੀ ੪)

ਦੁਬਿਧਾ ਦੂਰ ਹੋ ਜਾਣ ਨਾਲ ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ ਜਿਸ ਸਦਕਾ ਮਨੁੱਖ ਨੂੰ ਬ੍ਰਹਮ ਭਾਵ ਅਕਾਲ ਪੁਰਖ ਦੀ ਸੋਝੀ ਪੈ ਜਾਂਦੀ ਹੈ ਤੇ ਮਨ ਨਾਮ ਵਿਚ ਜੁੜ ਜਾਂਦਾ ਹੈ। ਰਾਗੁ ਭੈਰਉ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ :

ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ॥
ਦੁਬਿਧਾ ਮਾਰਿ ਬ੍ਰਹਮੁ ਬੀਚਾਰੇ॥ *(ਅੰਗ ੧੧੨੮)*

ਪ੍ਰੰਤੂ ਅਜਿਹੇ ਵਿਰਲੇ ਮਨੁੱਖ ਹੀ ਹਨ ਜਿਹੜੇ ਦੁਬਿਧਾ ਨੂੰ ਮਾਰ ਮੁਕਾਉਂਦੇ ਹਨ। ਇਸ ਪ੍ਰਕਾਰ ਉਹ ਰਾਜ ਤੇ ਜੋਗ ਦੋਨਾਂ ਦੇ ਭਾਗੀ ਬਣਦੇ ਹਨ। ਉਨ੍ਹਾਂ ਨੂੰ ਫਿਰ ਕਿਸੇ ਪ੍ਰਕਾਰ ਦੀ ਤੋਟਾ ਵੀ ਤਾਂ ਨਹੀਂ ਰਹਿੰਦੀ, ਉਨ੍ਹਾਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ

ਹੋ ਜਾਂਦੀਆਂ ਹਨ। ਗੁਰਵਾਕ ਹੈ :

ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ॥
ਇਸਹਿ ਮਾਰਿ ਰਾਜ ਜੋਗੁ ਕਮਾਵੈ॥

(ਰਾਗੁ ਗਉੜੀ ਮਹਲਾ ੫, ਅੰਗ ੨੩੭)

ਇਸੇ ਸ਼ਬਦ ਦੀਆਂ ਅੰਤਲੀਆਂ ਤੁਕਾਂ ਵਿਚ ਗੁਰੂ ਪੰਚਮ ਪਾਤਸ਼ਾਹ ਦਾ ਫ਼ਰਮਾਨ ਹੈ ਕਿ ਗੁਰੂ ਦੀ ਮਿਹਰ ਸਦਕਾ ਹੀ ਦੁਬਿਧਾ ਨੂੰ ਮਾਰਿਆ ਜਾ ਸਕਦਾ ਹੈ :

ਗੁਰਿ ਦੁਬਿਧਾ ਜਾ ਕੀ ਹੈ ਮਾਰੀ॥
ਕਹੁ ਨਾਨਕ ਸੋ ਬ੍ਰਹਮ ਬੀਚਾਰੀ॥ *(ਅੰਗ ੨੩੮)*

ਅਥਵਾ :

ਗੁਰ ਕੈ ਸਬਦਿ ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ॥

(ਰਾਗੁ ਪ੍ਰਭਾਤੀ, ਭਗਤ ਨਾਮਦੇਵ ਜੀ, ਅੰਗ ੧੩੫੦-੫੧)

ਗੁਰੂ ਅਮਰਦਾਸ ਜੀ ਦੇ ਬਚਨ ਹਨ :

ਕਰਮੁ ਹੋਵੈ ਗੁਰੁ ਕਿਰਪਾ ਕਰੈ॥
ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ॥

(ਰਾਗੁ ਭੈਰਉ, ਅੰਗ ੧੧੨੯)

ਭਗਤ ਕਬੀਰ ਜੀ ਬਹੁਤ ਸੁੰਦਰ ਵਿਚਾਰ ਦੇ ਰਹੇ ਹਨ ਕਿ ਜੇਕਰ ਪ੍ਰਾਣੀ ਹੋਰ ਸਾਰੇ ਵਹਿਮ-ਭਰਮ ਤਿਆਗ ਕੇ ਦੂਨੀ ਦੀ ਥਾਂ ਦੀਨ ਨਾਲ ਪਿਆਰ ਪਾ ਲਵੇ ਭਾਵ ਜੇਕਰ ਇਕ ਪ੍ਰਭੂ ਨਾਲ ਪ੍ਰੀਤੀ ਪਾ ਲਵੇ ਤਾਂ ਮਨੁੱਖ ਦਾ ਸਾਰਾ ਦੁਚਿੱਤਾਪਨ ਦੂਰ ਹੋ ਜਾਏ :

ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ॥

(ਸਲੋਕ ਨੰਬਰ ੨੫, ਅੰਗ ੧੩੬੫)

ਰਾਗੁ ਸਾਰਗ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦੇ ਪਾਵਨ ਬਚਨ ਹਨ ਕਿ ਜਦੋਂ ਜੀਵ ਅੰਦਰ ਨਾਮ ਦਾ ਵਾਸਾ ਹੋ ਜਾਂਦਾ ਹੈ ਤਾਂ ਮਨ ਅੰਦਰੋਂ ਸਹਿਜੇ ਹੀ ਦੁਬਿਧਾ ਖ਼ਤਮ ਹੋ ਜਾਂਦੀ ਹੈ :

ਦੁਬਿਧਾ ਚੂਕੀ ਸਹਜਿ ਸੁਭਾਇ॥
ਅੰਤਰਿ ਨਾਮੁ ਵਸਿਆ ਮਨਿ ਆਇ॥ *(ਅੰਗ ੧੨੪੭)*

ਹੁਣ ਜੀਵ-ਇਸਤ੍ਰੀ ਦਾ ਮਨ ਪਰਮਾਤਮਾ ਦੇ ਨਾਮ-ਰਸ ਵਿਚ ਭਿੱਜਿਆ ਰਹਿੰਦਾ ਹੈ ਜਿਸ ਕਾਰਨ ਮਨ ਵਿਚੋਂ ਦੁਬਿਧਾ ਭਾਵ ਮੇਰ-ਤੇਰ ਦੀ ਭਾਵਨਾ ਜਾਂਦੀ ਰਹਿੰਦੀ ਹੈ। ਜੀਵ-ਇਸਤ੍ਰੀ ਹੁਣ ਸਹਿਜ ਅਵਸਥਾ ਵਿਚ ਵਿਚਰਕੇ, ਆਤਮਿਕ ਅਨੰਦ ਮਾਣਦੀ ਹੈ :

ਕਾਮਣਿ ਹਰਿ ਰਸਿ ਬੇਧੀ ਜੀਉ ਹਰਿ ਕੈ ਸਹਜਿ ਸੁਭਾਏ॥
ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ॥
ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ ਲਾਏ॥

(ਰਾਗੁ ਗਉੜੀ ਮਹਲਾ ੩, ਅੰਗ ੨੪੫)

(48)

ਹੁਕਮ

ਵਿਗਿਆਨ ਦੀ ਉੱਨਤੀ ਕਾਰਨ ਮਨੁੱਖ ਭਾਵੇਂ ਆਕਾਸ਼ ਤੇ ਪਾਤਾਲ ਤੱਕ ਪਹੁੰਚਣ ਵਿਚ ਕਿਸੇ ਹੱਦ ਤੱਕ ਸਫਲ ਹੋ ਗਿਆ ਹੈ ਪਰ ਫਿਰ ਵੀ ਇਹ ਕਾਦਰ ਦੀ ਕੁਦਰਤ ਦੇ ਭੇਦਾਂ ਨੂੰ ਪੂਰੀ ਤਰ੍ਹਾਂ ਨਾਲ ਸਮਝਣ ਦੇ ਅਸਮਰੱਥ ਹੈ। ਗੁਰਬਾਣੀ ਅਨੁਸਾਰ ਅਕਾਲ ਪੁਰਖ ਦੇ ਹੁਕਮ ਨਾਲ ਸਾਰੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ। ਉਸਦੇ ਹੁਕਮ ਨਾਲ ਹੀ ਜੀਵ ਜੰਮਦੇ ਤੇ ਮਰਦੇ ਹਨ। ਕਾਰ-ਵਿਹਾਰ ਕਰਦਾ ਹੋਇਆ ਕੋਈ ਸੁਖ ਭੋਗਦਾ ਹੈ ਅਤੇ ਕੋਈ ਦੁੱਖ। ਉਸਦੇ ਹੁਕਮ ਅਨੁਸਾਰ ਹੀ ਕਿਸੇ ਨੂੰ ਵਡਿਆਈ ਮਿਲਦੀ ਹੈ, ਕੋਈ ਵੱਡਾ ਤੇ ਧਨਾਢ ਬਣ ਜਾਂਦਾ ਹੈ, ਮਾਣ ਤੇ ਸਤਿਕਾਰ ਮਿਲਦਾ ਹੈ ਅਤੇ ਕਈ ਨਿਮਾਣੇ ਹੀ ਰਹਿ ਜਾਂਦੇ ਹਨ ਭਾਵ ਭਟਕਦੇ ਫਿਰਦੇ ਰਹਿੰਦੇ ਹਨ :

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥

(ਜਪੁ ਜੀ, ਮਹਲਾ ੧, ਅੰਗ ੧)

ਅਥਵਾ :

ਹੁਕਮਿ ਉਛਲੈ ਹੁਕਮੇ ਰਹੈ॥ ਹੁਕਮੇ ਦੁਖੁ ਸੁਖੁ ਸਮ ਕਰਿ ਸਹੈ॥
ਹੁਕਮੇ ਨਾਮੁ ਜਪੈ ਦਿਨੁ ਰਾਤਿ॥ ਨਾਨਕ ਜਿਸ ਨੋ ਹੋਵੈ ਦਾਤਿ॥
ਹੁਕਮਿ ਮਰੈ ਹੁਕਮੇ ਹੀ ਜੀਵੈ॥ ਹੁਕਮੇ ਨਾਨ੍ਹਾ ਵਡਾ ਥੀਵੈ॥
ਹੁਕਮੇ ਸੋਗ ਹਰਖ ਆਨੰਦ॥ ਹੁਕਮੇ ਜਪੈ ਨਿਰੋਧਰ ਗੁਰਮੰਤ॥
ਹੁਕਮੇ ਆਵਣੁ ਜਾਣੁ ਰਹਾਏ॥ ਨਾਨਕ ਜਾ ਕਉ ਭਗਤੀ ਲਾਏ॥

(ਰਾਮਕਲੀ ਕੀ ਵਾਰ ਮਹਲਾ ੫, ਅੰਗ ੯੬੨)

ਪ੍ਰਭੂ ਦਾ ਹੁਕਮ ਅਟੱਲ ਹੈ ਜਿਸਨੂੰ ਕਦੀ ਮੋੜਿਆ ਨਹੀਂ ਜਾ ਸਕਦਾ ਭਾਵ ਉਹੀ ਕੁਝ ਹੁੰਦਾ ਹੈ ਜੋ ਉਹ ਚਾਹੁੰਦਾ ਹੈ। ਗੁਰਵਾਕ ਹੈ :

ਹੁਕਮੁ ਨ ਜਾਈ ਮੇਟਿਆ ਜੋ ਲਿਖਿਆ ਸੋ ਨਾਲਿ॥

(ਸਲੋਕ ਮਹਲਾ ੧, ਰਾਗੁ ਮਾਰੂ ਕੀ ਵਾਰ ਮਹਲਾ ੩, ਅੰਗ ੧੦੯੧)

ਉਸਦੇ ਹੁਕਮ ਅੰਦਰ ਸਾਰੀ ਸ੍ਰਿਸ਼ਟੀ ਦੇ ਜੀਵ ਆਪਣੇ-ਆਪਣੇ ਕਰਤੱਵ ਦੀ ਪਾਲਣਾ ਕਰ ਰਹੇ ਹਨ। ਇਹ ਸਾਰਾ ਜਗਤ, ਖੰਡ-ਬ੍ਰਹਿਮੰਡ, ਆਕਾਸ਼-ਪਾਤਾਲ ਸਭ ਉਸਦੇ ਹੁਕਮ ਵਿਚ ਹੀ ਬੱਝੇ ਹੋਏ ਹਨ :

ਹੁਕਮੇ ਆਇਆ ਹੁਕਮਿ ਸਮਾਇਆ॥
ਹੁਕਮੇ ਦੀਸੈ ਜਗਤੁ ਉਪਾਇਆ॥
ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ॥
ਹੁਕਮੇ ਧਰਤੀ ਧਉਲ ਸਿਰਿ ਭਾਰੰ॥
ਹੁਕਮੇ ਪਉਣ ਪਾਣੀ ਗੈਣਾਰੰ॥
ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ॥
ਹੁਕਮੇ ਆਡਾਣੇ ਆਗਾਸੀ॥
ਹੁਕਮੇ ਜਲ ਥਲ ਤ੍ਰਿਭਵਣ ਵਾਸੀ॥
ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ॥

(ਰਾਗੁ ਮਾਰੂ ਸੋਲਹੇ ਮਹਲਾ ੧, ਅੰਗ ੧੦੩੭)

ਗੁਰਬਾਣੀ ਵਿਚ ਇਸ ਗੱਲ ਨੂੰ ਵਾਰ-ਵਾਰ ਦ੍ਰਿੜ ਕਰਵਾਇਆ ਗਿਆ ਹੈ ਕਿ ਹੋਣਾ ਉਹੀ ਕੁਝ ਹੈ ਜੋ ਉਸ ਮਾਲਕ-ਪ੍ਰਭੂ ਨੂੰ ਭਾਉਂਦਾ ਹੈ ਤਾਂ ਤੇ ਉਸ ਦੇ ਹੁਕਮ ਨੂੰ ਸੱਤ ਕਰਕੇ ਮੰਨਣਾ ਚਾਹੀਦਾ ਹੈ। ਜੋ ਪ੍ਰਾਣੀ ਆਪਣੇ ਜੀਵਨ ਨੂੰ ਮਾਲਕ-ਪ੍ਰਭੂ ਦੀ ਰਜ਼ਾ ਅਨੁਸਾਰ ਢਾਲਦੇ ਹਨ ਉਨ੍ਹਾਂ ਦੇ ਅੰਦਰੋਂ ਹਉਮੈ ਜਿਹਾ ਦੀਰਘ ਰੋਗ ਨਾਸ ਹੋ ਜਾਂਦਾ ਹੈ। ਸਾਰੇ ਦੁੱਖ ਕਲੇਸ਼ ਕੱਟੇ ਜਾਂਦੇ ਹਨ। ਅਜਿਹੇ ਪ੍ਰਾਣੀ ਫਿਰ ਆਪਣਾ ਫ਼ਿਕਰ ਤੇ ਚਿੰਤਾ ਉਸ ਪ੍ਰਭੂ ਤੇ ਛੱਡ ਕੇ ਆਪ ਨਿਸ਼ਚਿੰਤ ਹੋ ਜਾਂਦੇ ਹਨ। ਗੁਰਵਾਕ ਹੈ :

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥

(ਰਾਗੁ ਰਾਮਕਲੀ ਮਹਲਾ ੩ ਅਨੰਦੁ, ਅੰਗ ੯੧੮)

ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਹੀ ਇਹ ਭਾਵਨਾ ਪੈਦਾ ਹੁੰਦੀ ਹੈ ਜਿਸ ਸਦਕਾ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਫਿਰ ਕਿਸੇ ਵਲੋਂ ਕੀਤਾ ਚੰਗਾ ਜਾਂ ਮਾੜਾ ਭਾਵ ਹਰ ਵਰਤਾਓ ਇਕ ਸਮਾਨ ਲੱਗਦਾ ਹੈ ਅਤੇ ਪ੍ਰਭੂ ਦੀ ਦੇਣ ਹੀ ਜਾਪਦਾ ਹੈ :

ਗੁਣ ਅਵਗੁਣ ਸਮਾਨਿ ਹਹਿ ਜਿ ਆਪਿ ਕੀਤੇ ਕਰਤਾਰਿ॥
ਨਾਨਕ ਹੁਕਮਿ ਮੰਨਿਐ ਸੁਖੁ ਪਾਈਐ ਗੁਰ ਸਬਦੀ ਵੀਚਾਰਿ॥

(ਰਾਗੁ ਮਾਰੂ ਕੀ ਵਾਰ ਮਹਲਾ ੩, ਅੰਗ ੧੦੯੨)

ਇਹ ਗਾਡੀ-ਰਾਹ ਸਾਨੂੰ ਗੁਰੂ ਸਾਹਿਬਾਨ ਨੇ ਦਰਸਾਇਆ। ਇਸਨੂੰ ਅਮਲੀ ਰੂਪ ਦੇਣ ਲਈ ਗੁਰੂ-ਘਰ ਨੇ ਵੱਡੀ ਤੋਂ ਵੱਡੀ ਕੁਰਬਾਨੀ ਦਿੱਤੀ ਅਤੇ ਕਸ਼ਟ ਸਹੇ।

ਗੁਰ ਇਤਿਹਾਸ ਵਿਚ ਇਕ ਸਾਖੀ ਆਉਂਦੀ ਹੈ ਕਿ ਇਕ ਵਾਰੀ ਗੁਰੂ ਹਰਿਗੋਬਿੰਦ ਸਾਹਿਬ ਕਿਧਰੇ ਬਾਹਰ ਜਾਂਦੇ ਹੋਏ ਭਾਈ ਜਵੰਦਾ ਜੀ ਨੂੰ ਇਹ ਕਹਿ ਕੇ ਰਸਤੇ ਵਿਚ ਛੱਡ ਗਏ ਕਿ ਅਸੀਂ ਵਾਪਸ ਆਉਂਦੇ ਹਾਂ ਤੁਸੀਂ ਇੱਥੇ ਖਲੋਣਾ। ਵਾਪਸੀ ਤੇ ਗੁਰੂ ਜੀ ਹੋਰ ਰਸਤੇ ਪਰਤ ਆਏ। ਭਾਈ ਜਵੰਦਾ ਉੱਥੇ ਹੀ ਖੜ੍ਹਾ ਰਿਹਾ। ਤਿੰਨ ਦਿਨ ਤੇ ਤਿੰਨ ਰਾਤਾਂ ਬੀਤ ਗਈਆਂ ਤਾਂ ਸਤਿਗੁਰਾਂ ਦੇ ਮਨ ਵਿਚ ਵਿਚਾਰ ਆਇਆ ਕਿ ਅਸੀਂ ਭਾਈ ਜਵੰਦਾ ਨੂੰ ਰਸਤੇ ਵਿਚ ਖਲੋਣ ਲਈ ਕਿਹਾ ਸੀ ਕਿਧਰੇ ਉਹ ਉੱਥੇ ਹੀ ਖੜ੍ਹਾ ਨਾ ਹੋਵੇ। ਜਾਣੀ-ਜਾਣ ਸਤਿਗੁਰੂ ਉਸਦਾ ਇਮਤਿਹਾਨ ਲੈਣਾ ਚਾਹੁੰਦੇ ਸਨ। ਆਪ ਜੀ ਘੋੜੇ ਤੇ ਸਵਾਰ ਹੋ ਕੇ ਜਦੋਂ ਉਸ ਸਥਾਨ ਪੁੱਜੇ ਤਾਂ ਭਾਈ ਜਵੰਦਾ ਅਡੋਲ ਉਸੇ ਤਰ੍ਹਾਂ ਖੜ੍ਹਾ ਆਪਣੇ ਗੁਰੂ ਦੀ ਉਡੀਕ ਕਰ ਰਿਹਾ ਸੀ। ਸਤਿਗੁਰ ਜੀ ਮੁਸਕ੍ਰਾ ਕੇ ਕਹਿਣ ਲੱਗੇ ਕਿ ਭਲਿਆ

ਲੋਕਾ ਤੂੰ ਹਾਲੇ ਤੀਕ ਇੱਥੇ ਹੀ ਖੜ੍ਹਾ ਹੈਂ ? ਭਾਈ ਜਵੰਦਾ ਨੇ ਨਿਮਰਤਾ ਸਹਿਤ ਆਖਿਆ ਕਿ ਸੱਚੇ ਪਾਤਸ਼ਾਹ ਆਪ ਜੀ ਨੇ ਹੁਕਮ ਕੀਤਾ ਸੀ ਕਿ ਤੂੰ ਇੱਥੇ ਖੜ੍ਹੋ ਅਸੀਂ ਪਰਤ ਕੇ ਆਉਂਦੇ ਹਾਂ। ਇਜ ਭਾਈ ਜਵੰਦਾ ਇਮਤਿਹਾਨ ਵਿਚੋਂ ਪਾਸ ਹੋ ਗਿਆ। ਇਸ ਇਕ ਛੋਟੀ ਜਿਹੀ ਘਟਨਾ ਤੋਂ ਸਾਨੂੰ ਆਪਣੇ ਮਨਾਂ ਅੰਦਰ ਝਾਤ ਮਾਰ ਕੇ ਸੋਚਣਾ ਚਾਹੀਦਾ ਹੈ ਕਿ ਅੱਜ ਅਸੀਂ ਆਪਣੇ ਗੁਰੂ, ਮੇਰਾ ਕਹਿਣ ਤੋਂ ਭਾਵ ਹੈ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਸਾਏ ਆਦਰਸ਼ਾਂ ਤੇ ਕਿੰਨਾ ਕੁ ਅਮਲ ਕਰਦੇ ਹਾਂ। ਅਸੀਂ ਥਾਂ ਪਰ ਥਾਂ ਭਟਕਦੇ ਫਿਰਦੇ ਹਾਂ। ਗੁਰੂ ਗ੍ਰੰਥ ਸਾਹਿਬ ਵਿਚੋਂ ਰੋਜ਼ ਹੁਕਮਨਾਮਾ ਪੜ੍ਹਦੇ ਹਾਂ ਜਾਂ ਸੁਣਦੇ ਹਾਂ ਪਰ ਉਸ ਤੇ ਅਮਲ ਕਰਨ ਦਾ ਕਦੀ ਉੱਦਮ ਨਹੀਂ ਕਰਦੇ।

ਗੁਰਮਤਿ ਦਾ ਧਾਰਨੀ ਮਨੁੱਖ ਹਰ ਅਵਸਥਾ ਵਿਚ ਮਾਲਕ ਦੇ ਹੁਕਮ ਵਿਚ ਵਿਚਰਦਾ ਹੈ ਅਤੇ ਇਸ ਗੱਲ ਦੀ ਕਾਮਨਾ ਕਰਦਾ ਹੈ :

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥

(ਰਾਗੁ ਸੂਹੀ ਮਹਲਾ ੪, ਅੰਗ ੭੫੭)

ਉਸ ਮਾਲਕ ਦੇ ਭੇਦਾਂ ਦਾ ਕੋਈ ਅੰਤ ਪਾਰਾਵਾਰ ਨਹੀਂ। ਜੋ ਉਸਦੇ ਭੇਦਾਂ ਨੂੰ ਸਮਝਦੇ ਹਨ ਉਹ ਪ੍ਰਭੂ ਦੀ ਰਜ਼ਾ ਵਿਚ ਰਹਿੰਦੇ ਹਨ ਪ੍ਰੰਤੂ ਦੁਨਿਆਵੀ ਜੀਵ ਹਉਮੈ ਦੇ ਜਾਲ ਵਿਚ ਫਸਿਆ ਆਪਣੀ ਹਰ ਸਫਲਤਾ ਤੇ ਵਡਿਆਈ ਦਾ ਸਿਹਰਾ ਆਪਣੇ ਸਿਰ ਲੈਂਦਾ ਹੈ। ਆਪਣੀ ਸਿਆਣਪ ਤੇ ਚਤੁਰਾਈ ਤੇ ਮਾਣ ਕਰਦਾ ਹੈ ਕਿ ਮੈਂ ਇਹ ਕੁਝ ਕਰ ਸਕਦਾ ਹਾਂ, ਉਹ ਕੁਝ ਕਰ ਸਕਦਾ ਹਾਂ। ਅਜਿਹੇ ਪ੍ਰਾਣੀ ਨੂੰ ਗੁਰੂ ਅਰਜਨ ਦੇਵ ਜੀ ਇਸ ਪ੍ਰਕਾਰ ਸੋਧ ਬਖ਼ਸ਼ਦੇ ਹਨ :

ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ॥
ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ॥
ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ॥
ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ॥

(ਰਾਗੁ ਆਸਾ ਮਹਲਾ ੫, ਅੰਗ ੩੯੬)

ਇਸ ਪ੍ਰਕਾਰ ਪ੍ਰਭੂ ਦੇ ਹੁਕਮ ਜਾਂ ਰਜ਼ਾ ਵਿਚ ਰਹਿਣ ਵਾਲਾ ਵਿਅਕਤੀ ਹਰ ਅਵਸਥਾ ਵਿਚ ਸੰਤੁਸ਼ਟ ਰਹਿੰਦਾ ਹੈ। ਸੁਖ ਮਿਲੇ ਜਾਂ ਦੁੱਖ ਉਸਦੀ ਰਜ਼ਾ ਸਮਝਕੇ ਉਸ ਵਿਚ ਖੁਸ਼ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਦੇ ਰਾਗੁ ਆਸਾ ਵਿਚ ਬਚਨ ਹਨ ਕਿ ਜੋ ਮਨੁੱਖ ਪਰਮਾਤਮਾ ਦੇ ਹੁਕਮ ਵਿਚ ਤੁਰਦਾ ਹੈ ਉਹ ਖਰਾ ਸਿੱਕਾ ਬਣ ਕੇ ਪ੍ਰਭੂ ਦੇ ਖ਼ਜ਼ਾਨੇ ਵਿਚ ਪੈਂਦਾ ਹੈ ਭਾਵ ਉਹ ਮਾਲਕ ਪ੍ਰਭੂ ਦੀ ਦਰਗਾਹ ਵਿਚ ਸੁਰਖਰੂ ਹੋ ਜਾਂਦਾ ਹੈ :

ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥ *(ਅੰਗ ੪੨੧)*

ਰਾਗੁ ਮਾਰੂ ਕੀ ਵਾਰ ਮਹਲਾ ੩ ਵਿਚ ਗੁਰੂ ਨਾਨਕ ਦੇਵ ਜੀ ਦਾ ਸਲੋਕ ਅੰਕਤ ਹੈ :

ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ॥

(ਅੰਗ ੧੦੯੦)

ਰਾਗੁ ਆਸਾ ਦੀ ਵਾਰ ਵਿਚ ਵੀ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ ਕਿ ਜੋ

ਪ੍ਰਾਣੀ ਮਾਲਕ ਪ੍ਰਭੂ ਦੇ ਹੁਕਮ ਦੀ ਪਾਲਣਾ ਕਰਦੇ ਹਨ, ਉਸਦੀ ਰਜ਼ਾ ਵਿਚ ਰਹਿੰਦੇ ਹਨ, ਉਹ ਮਾਲਕ ਦੀਆਂ ਨਜ਼ਰਾਂ ਵਿਚ ਪ੍ਰਵਾਨ ਹੋ ਜਾਂਦੇ ਹਨ, ਜਿਸ ਸਦਕਾ ਉਨ੍ਹਾਂ ਨੂੰ ਫਿਰ ਮਨ ਭਾਉਂਦੇ ਫਲ ਪ੍ਰਾਪਤ ਹੁੰਦੇ ਹਨ :

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥
ਤਾ ਦਰਗਹ ਪੈਧਾ ਜਾਇਸੀ॥ *(ਅੰਗ ੪੭੧)*

ਗੁਰੂ ਅਮਰਦਾਸ ਜੀ ਦਾ ਰਾਗੁ ਰਾਮਕਲੀ ਕੀ ਵਾਰ ਵਿਚ ਫ਼ਰਮਾਨ ਹੈ ਕਿ ਜਿਹੜਾ ਮਨੁੱਖ ਪਰਮਾਤਮਾ ਦੀ ਰਜ਼ਾ ਵਿਚ ਰਹਿੰਦਾ ਹੈ ਉਹ ਅਸਲੀ ਅਰਥਾਂ ਵਿਚ ਭਗਤ ਹੈ। ਜੋ ਆਦਮੀ ਉਸਦੇ ਹੁਕਮ ਦੀ ਪਾਲਣਾ ਨਹੀਂ ਕਰਦਾ, ਮਾਲਕ ਪ੍ਰਭੂ ਦੀ ਆਗਿਆ ਵਿਚ ਨਹੀਂ ਰਹਿੰਦਾ, ਉਸਦਾ ਮਨ ਕਦੀ ਸਥਿਰ ਨਹੀਂ ਰਹਿੰਦਾ, ਸਦਾ ਡੋਲਦਾ ਰਹਿੰਦਾ ਹੈ :

ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ
ਵਿਣੁ ਮੰਨੇ ਕਚੁ ਨਿਕਚੁ॥ *(ਅੰਗ ੯੫੦)*

ਅਜਿਹੀ ਜੀਵ-ਇਸਤ੍ਰੀ ਜੋ ਪ੍ਰਭੂ ਦੀ ਰਜ਼ਾ ਵਿਚ ਨਹੀਂ ਰਹਿੰਦੀ, ਆਪ ਹੁਦਰੀਆਂ ਕਰਦੀ ਹੈ, ਮਾਲਕ-ਪ੍ਰਭੂ ਉਸਦੇ ਹਿਰਦੇ ਘਰ ਅੰਦਰ ਵਸਦਾ ਹੋਇਆ ਵੀ ਉਸ ਨੂੰ ਦੂਰ ਵਸਦਾ ਜਾਪਦਾ ਹੈ। ਗੁਰਵਾਕ ਹੈ :

ਨਾਨਕ ਹੁਕਮੁ ਨ ਮੰਨਈ ਤਾ ਘਰ ਹੀ ਅੰਦਰਿ ਦੂਰਿ॥
(ਰਾਗੁ ਗੂਜਰੀ ਕੀ ਵਾਰ ਮਹਲਾ ੩, ਅੰਗ ੫੧੦)

ਰਾਗੁ ਗਉੜੀ ਵਿਚ ਗੁਰੂ ਨਾਨਕ ਦੇਵ ਜੀ ਦਾ ਬੜਾ ਸੁੰਦਰ ਫ਼ਰਮਾਨ ਹੈ ਕਿ ਜੋ ਮਨੁੱਖ ਅਕਾਲ ਪੁਰਖ ਦੇ ਹੁਕਮ ਵਿਚ ਚਲਦਾ ਹੈ, ਉਸਦੀ ਰਜ਼ਾ ਵਿਚ ਰਹਿੰਦਾ ਹੈ ਉਸਦੇ ਹਿਰਦੇ ਅੰਦਰ ਹਰ ਵੇਲੇ ਅਨੰਦ ਹੀ ਅਨੰਦ ਬਣਿਆ ਰਹਿੰਦਾ ਹੈ :

ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ॥ *(ਅੰਗ ੧੫੬)*

ਅਥਵਾ :

ਹੁਕਮੇ ਬੁਝਿ ਨਿਹਾਲੁ ਸੁਖਿ ਸੁਖੇਣਿਆ॥
(ਰਾਗੁ ਗੂਜਰੀ ਕੀ ਵਾਰ ਮਹਲਾ ੫, ਅੰਗ ੫੨੦)

ਤਾਂ ਫਿਰ ਸਭ ਸਿਆਣਪਾਂ, ਚਤੁਰਾਈਆਂ ਛੱਡ ਕੇ ਪ੍ਰਭੂ ਦੀ ਸ਼ਰਨ ਲੈਣੀ ਚਾਹੀਦੀ ਹੈ। ਇਸ ਥੋੜ੍ਹ-ਚਿਰੇ ਸੰਸਾਰਕ ਸੁਖ ਲਈ ਜਾਂ ਝੂਠੀ ਮਾਣ-ਮਰਯਾਦਾ ਲਈ ਕੂੜ ਤੇ ਕਪਟ ਦਾ ਪੱਲਾ ਨਾ ਫੜੀਏ ਅਤੇ ਨਾ ਹੀ ਫ਼ਿਕਰਾਂ ਅਤੇ ਗ਼ਮਾਂ ਦੇ ਸਾਗਰ ਵਿਚ ਡੁੱਬ ਕੇ ਆਪਣੇ ਵੱਡਮੁੱਲੇ ਜੀਵਨ ਨੂੰ ਐਂਵਾਈਂ ਗਵਾਈਏ ਸਗੋਂ ਸੱਚ ਤੇ ਨੇਕੀ ਦੇ ਮਾਰਗ ਤੇ ਚੱਲਦੇ ਹੋਏ ਮਾਲਕ-ਪ੍ਰਭੂ ਦੇ ਹੁਕਮ ਵਿਚ ਵਿਚਰੀਏ ਤਾਂ ਹੀ ਮਨੁੱਖ ਨੂੰ ਪਰਮਪਦ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰਵਾਕ ਹੈ :

ਹੁਕਮੁ ਬੂਝਿ ਪਰਮ ਪਦੁ ਪਾਈ॥
(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੯੨)

ਫਰੀਦਾ ਚਿੰਤ ਖਟੋਲਾਂ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥ ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥੩੫॥
ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥ ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥੩੬॥ (੧੩੭੯)

(49)

ਵਿਛੋੜਾ

ਵਿਛੋੜੇ ਤੋਂ ਭਾਵ ਹੈ ਜੁਦਾਈ ਜਾਂ ਵਿਜੋਗ। ਵਿਛੋੜਾ ਬੜਾ ਅਸਹਿ ਹੁੰਦਾ ਹੈ। ਆਮ ਆਦਮੀ ਦੀ ਤਾਂ ਗੱਲ ਹੀ ਛੱਡੋ ਬੜੇ ਬੜੇ ਮਹਾਂਬਲੀ, ਸੂਰਬੀਰ, ਪੀਰ-ਪੈਗੰਬਰਾਂ ਦਾ ਆਪਣੇ ਪਿਆਰਿਆਂ ਦੇ ਵਿਛੋੜੇ ਵੇਲੇ ਮਨ ਭਰ ਆਉਂਦਾ ਹੈ। ਰਾਮਕਲੀ ਕੀ ਵਾਰ ਮਹਲਾ ੩ ਵਿਚ ਗੁਰੂ ਨਾਨਕ ਦੇਵ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਨੇ ਦਰਸਾਇਆ ਹੈ ਕਿ ਬਨਵਾਸ ਦੌਰਾਨ ਜਦੋਂ ਸੀਤਾ ਜੀ ਅਤੇ ਲਛਮਣ ਜੀ ਵਿਛੜ ਗਏ ਤਾਂ ਉਨ੍ਹਾਂ ਦੇ ਵਿਜੋਗ ਵਿਚ ਸ੍ਰੀ ਰਾਮਚੰਦਰ ਜੀ ਵੀ ਰੋ ਪਏ :

ਰੋਵੈ ਰਾਮੁ ਨਿਕਾਲਾ ਭਇਆ ॥
ਸੀਤਾ ਲਖਮਣੁ ਵਿਛੁੜਿ ਗਇਆ ॥ *(ਅੰਗ ੯੫੩-੫੪)*

ਮਨੁੱਖੀ ਜੀਵਨ ਭਾਵੇਂ ਦੁੱਖਾਂ ਅਤੇ ਕਲੇਸ਼ਾਂ ਨਾਲ ਭਰਪੂਰ ਹੈ ਪ੍ਰੰਤੂ ਪ੍ਰਭੂ ਨਾਲੋਂ ਵਿਛੋੜਾ, ਮਾਇਆ ਦੀ ਭੁੱਖ ਅਤੇ ਜਮਦੂਤਾਂ ਦਾ ਸਹਿਮ ਭਾਵ ਮੌਤ ਦਾ ਡਰ ਮਨੁੱਖ ਲਈ ਸਭ ਤੋਂ ਵੱਡੇ ਮਾਨਸਿਕ ਰੋਗ ਹਨ ਜਿਨ੍ਹਾਂ ਤੋਂ ਸਰੀਰਕ ਰੋਗ ਉਪਜਦੇ ਹਨ :

ਦੁਖੁ ਵੇਛੋੜਾ ਇਕੁ ਦੁਖੁ ਭੂਖ ॥
ਇਕੁ ਦੁਖੁ ਸਕਤਵਾਰ ਜਮਦੂਤ ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥
ਵੈਦ ਨ ਭੋਲੇ ਦਾਰੂ ਲਾਇ ॥

(ਰਾਗੁ ਮਲਾਰ ਮਹਲਾ ੧, ਅੰਗ ੧੨੫੬)

ਗੁਰੂ ਪੰਚਮ ਪਾਤਸ਼ਾਹ ਨੇ ਬੜਾ ਸੁੰਦਰ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਹੈ ਕਿ ਜਿਸ ਤਰ੍ਹਾਂ ਅੱਕ ਦੀ ਡਾਲੀ ਨਾਲੋਂ ਟੁੱਟੀਆਂ ਕੱਕੜੀਆਂ ਤੂੰਬਾ ਤੂੰਬਾ ਹੋ ਕੇ ਇੱਧਰ ਉੱਧਰ ਉੱਡਣ ਲੱਗ ਪੈਂਦੀਆਂ ਹਨ ਇਸੇ ਤਰ੍ਹਾਂ ਪ੍ਰਭੂ ਚਰਨਾਂ ਨਾਲੋਂ ਵਿਛੜਿਆ ਹੋਇਆ ਮਨ ਚਿੰਤਾਵਾਂ ਤੇ ਫ਼ਿਕਰਾਂ ਵਿਚ ਭਟਕਦਾ ਰਹਿੰਦਾ ਹੈ :

ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥
ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥

(ਗਉੜੀ ਕੀ ਵਾਰ ਮਹਲਾ ੫, ਅੰਗ ੩੧੯)

ਗੁਰੂ ਨਾਨਕ ਦੇਵ ਜੀ ਦਾ ਰਾਗ ਸੋਰਠਿ ਵਿਚ ਫ਼ਰਮਾਨ ਹੈ ਕਿ ਦੁਨਿਆਵੀ ਪਦਾਰਥਾਂ ਵਿਚ ਮੋਹ ਪਾਉਣ ਦੇ ਕਾਰਨ ਜਿਨ੍ਹਾਂ ਦਾ ਪ੍ਰਭੂ ਨਾਲੋਂ ਵਿਛੋੜਾ ਹੋ ਜਾਂਦਾ ਹੈ ਉਹ ਬੜੇ ਦੁੱਖ ਅਤੇ ਕਲੇਸ਼ ਭੋਗਦੇ ਹਨ ਅਤੇ ਸਦਾ ਜਨਮ-ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ :

ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥
ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ ॥
ਜਿਨ ਮੇਰਾ ਸਾਹਿਬੁ ਵੀਸਰੈ ਵਡੜੀ ਵੇਦਨ ਤਿਨਾਹ ॥ *(ਅੰਗ ੫੯੫)*

ਮਨੁੱਖ ਦੁਨਿਆਵੀ ਪਦਾਰਥਾਂ ਨੂੰ ਭੋਗ-ਭੋਗ ਕੇ ਕਦੀ ਰੱਜਦਾ ਨਹੀਂ ਅਤੇ ਇਨ੍ਹਾਂ ਦਾ ਵਿਛੋੜਾ ਇਸ ਤੋਂ ਸਹਿਨ ਨਹੀਂ ਹੁੰਦਾ। ਉਸ ਦਾ ਭਾਵੇਂ ਲੱਖਾਂ ਨਾਲ ਪ੍ਰੇਮ-ਪਿਆਰ ਹੋਵੇ, ਉਸਦੀ ਲੱਖਾਂ ਸਾਲਾਂ ਦੀ ਜ਼ਿੰਦਗੀ ਹੋਵੇ ਜਿਸ ਵਿਚ ਕਿੰਨੀਆਂ ਖੁਸ਼ੀਆਂ ਅਤੇ ਚਾਉ ਹੋਣ ਫਿਰ ਵੀ ਮਰਨ ਵੇਲੇ ਉਸ ਲਈ ਜੁਦਾਈ ਦੁਖਦਾਈ ਹੁੰਦੀ ਹੈ। ਭੋਗੇ ਹੋਏ ਰੰਗ ਤਮਾਸ਼ੇ ਤਾਂ ਪ੍ਰਾਣੀ ਸਾਰੇ ਭੁੱਲ ਜਾਂਦਾ ਹੈ ਪਰ ਇਨ੍ਹਾਂ ਤੋਂ ਵਿਛੋੜੇ ਵਾਲੀ ਸੱਟ ਸਹਿਣੀ ਉਸ ਲਈ ਬੜੀ ਮੁਸ਼ਕਿਲ ਹੁੰਦੀ ਹੈ :

ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ ਕਿਆ ਖੁਸੀਆ ਕਿਆ ਚਾਉ॥
ਵਿਛੁੜਿਆ ਵਿਸੁ ਹੋਇ ਵਿਛੋੜਾ ਏਕ ਘੜੀ ਮਹਿ ਜਾਇ॥
ਜੇ ਸਉ ਵਰ੍ਹਿਆ ਮਿਠਾ ਖਾਜੈ ਭੀ ਫਿਰਿ ਕਉੜਾ ਖਾਇ॥
ਮਿਠਾ ਖਾਧਾ ਚਿਤਿ ਨ ਆਵੈ ਕਉੜਤਣੁ ਧਾਇ ਜਾਇ॥

(ਸਲੋਕ ਮਹਲਾ ੧, ਰਾਗੁ ਸਾਰਗ ਕੀ ਵਾਰ ਮਹਲਾ ੪, ਅੰਗ ੧੨੪੩)

ਭਗਤ ਕਬੀਰ ਜੀ ਚਕਵੀ ਦੀ ਉਦਾਹਰਣ ਦੇ ਕੇ ਸਮਝਾ ਰਹੇ ਹਨ ਕਿ ਚਕਵੀ ਰਾਤ ਨੂੰ ਆਪਣੇ ਚਕਵੇ ਤੋਂ ਵਿਛੜੀ ਹੋਈ ਹਨੇਰਾ ਖ਼ਤਮ ਹੋਣ ਤੇ ਸਵੇਰੇ ਚਕਵੇ ਨੂੰ ਮੁੜ ਆ ਮਿਲਦੀ ਹੈ ਭਾਵ ਇਹ ਵਿਛੋੜਾ ਬਹੁਤੀ ਦੇਰ ਲਈ ਨਹੀਂ ਹੁੰਦਾ ਪ੍ਰੰਤੂ ਮਾਇਆ ਦੀ ਮਮਤਾ ਦਾ ਹਨੇਰਾ ਐਸਾ ਹੈ ਜੋ ਜਨਮਾਂ ਜਨਮਾਤਰਾਂ ਤੱਕ ਮਨੁੱਖ ਦਾ ਪਿੱਛਾ ਨਹੀਂ ਛੱਡਦਾ। ਇਸ ਵਿਛੋੜੇ ਕਾਰਨ ਮਨੁੱਖ ਪ੍ਰਭੂ ਨੂੰ ਨਾ ਦਿਨੇ ਮਿਲ ਸਕਦਾ ਹੈ ਅਤੇ ਨਾ ਹੀ ਰਾਤ ਭਾਵ ਮਨੁੱਖ ਸਦਾ ਪਰਮਾਤਮਾ ਤੋਂ ਵਿਛੜਿਆ ਰਹਿੰਦਾ ਹੈ :

ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ॥
ਜੋ ਨਰ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ॥

(ਸਲੋਕ ਨੰਬਰ ੧੨੫, ਅੰਗ ੧੩੭੧)

ਗੁਰੂ ਰਾਮਦਾਸ ਜੀ ਦੇ ਰਾਗੁ ਬਿਲਾਵਲੁ ਵਿਚ ਬਚਨ ਹਨ ਕਿ ਚੰਦਨ ਸਾਰੀ ਬਨਸਪਤੀ ਵਿਚ ਸਭ ਤੋਂ ਸ੍ਰੇਸ਼ਟ ਰੁੱਖ ਹੈ। ਇਸ ਰੁੱਖ ਦੇ ਇਰਦ-ਗਿਰਦ ਉੱਗੇ ਸਾਰੇ ਬੂਟੇ ਚੰਦਨ ਹੀ ਬਣ ਜਾਂਦੇ ਹਨ। ਉਨ੍ਹਾਂ ਵਿਚੋਂ ਚੰਦਨ ਦੀ ਸੁਗੰਧੀ ਹੀ ਆਉਣ ਲੱਗ ਪੈਂਦੀ ਹੈ ਪ੍ਰੰਤੂ ਪਰਮਾਤਮਾ ਨਾਲੋਂ ਟੁੱਟੇ ਹੋਏ ਮਾਇਆ ਵੇੜੇ ਮਨੁੱਖ ਉਨ੍ਹਾਂ ਰੁੱਖਾਂ ਵਾਂਗ ਹਨ ਜੋ ਧਰਤੀ ਵਿਚੋਂ ਖੁਰਾਕ ਮਿਲਣ ਤੇ ਵੀ ਖੜ੍ਹੇ-ਖੜ੍ਹੇ ਸੁੱਕ ਜਾਂਦੇ ਹਨ। ਆਪ ਜੀ ਦਾ ਫ਼ਰਮਾਨ ਹੈ ਕਿ ਮਨ ਵਿਚ ਹੰਕਾਰ ਹੋਣ ਕਾਰਨ ਸਾਕਤ ਮਨੁੱਖ ਪਰਮਾਤਮਾ ਨਾਲੋਂ ਵਿਛੜ ਕੇ ਸਦਾ ਦੂਰ ਪਰਾਏ ਹੋਏ ਰਹਿੰਦੇ ਹਨ :

ਭਾਰ ਅਠਾਰਹ ਮਹਿ ਚੰਦਨੁ ਊਤਮ ਚੰਦਨ ਨਿਕਟਿ ਸਭ ਚੰਦਨੁ ਹੁਈਆ॥
ਸਾਕਤ ਕੂੜੇ ਊਭ ਸੁਕ ਹੂਏ ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ॥

(ਅੰਗ ੮੩੪)

ਅਥਵਾ :

ਅਨਿਕ ਜਨਮ ਵਿਛੁੜੇ ਦੁਖੁ ਪਾਇਆ ਮਨਮੁਖਿ ਕਰਮ ਕਰੈ ਅਹੰਕਾਰੀ॥

(ਰਾਗੁ ਸੋਰਠਿ ਮਹਲਾ ੪, ਅੰਗ ੬੦੭)

ਇਕ ਅਜਿਹੇ ਵੀ ਹਨ ਜੋ ਗੁਰੂ ਦੇ ਸ਼ਬਦ ਦੀ ਕਦੀ ਵਿਚਾਰ ਨਹੀਂ ਕਰਦੇ। ਫਿਰ ਉਨ੍ਹਾਂ ਦੇ ਮਨ ਵਿਚ ਪ੍ਰਭੂ ਦੇ ਦਰਸ਼ਨਾਂ ਲਈ ਤਾਂਘ ਕਿਵੇਂ ਪੈਦਾ ਹੋ ਸਕਦੀ ਹੈ। ਉਨ੍ਹਾਂ

ਦੀ ਸੁਰਤ ਤਾਂ ਹਰ ਵੇਲੇ ਮਾਇਆ ਵਿਚ ਲੱਗੀ ਰਹਿੰਦੀ ਹੈ। ਗੁਰੂ ਅਮਰਦਾਸ ਜੀ ਦੇ ਬਚਨ ਹਨ ਕਿ ਪ੍ਰਭੂ ਨਾਲੋਂ ਵਿਛੜੇ ਹੋਏ ਅਜਿਹੇ ਮਨਮੁਖਾਂ ਲਈ ਇਸ ਤੋਂ ਵੱਡਾ ਹੋਰ ਕਿਹੜਾ ਵਿਛੋੜਾ ਹੋ ਸਕਦਾ ਹੈ :

ਇਕਨਾ ਦਰਸਨ ਕੀ ਪਰਤੀਤਿ ਨ ਆਈਆ
ਸਬਦਿ ਨ ਕਰਹਿ ਵੀਚਾਰੁ ॥
ਵਿਛੁੜਿਆ ਕਾ ਕਿਆ ਵਿਛੁੜੈ
ਜਿਨਾ ਦੂਜੈ ਭਾਇ ਪਿਆਰੁ ॥

(ਸਲੋਕ ਮਹਲਾ ੩, ਵਡਹੰਸੁ ਕੀ ਵਾਰ ਮਹਲਾ ੪, ਅੰਗ ੫੮੭)

ਅਥਵਾ :

ਬਿਨੁ ਬੂਝੇ ਕਿਛੁ ਸੂਝੈ ਨਾਹੀ ਮਨਮੁਖੁ ਵਿਛੁੜਿ ਦੁਖੁ ਪਾਏ ॥

(ਰਾਗੁ ਪ੍ਰਭਾਤੀ ਮਹਲਾ ੧, ਅੰਗ ੧੩੩੨)

ਭਾਵ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਪਰਮਾਤਮਾ ਤੋਂ ਵਿਛੜ ਕੇ ਅਰਥਾਤ ਪਰਮਾਤਮਾ ਦੀ ਯਾਦ ਤੋਂ ਖੁੰਝ ਕੇ ਆਤਮਿਕ ਦੁੱਖ ਭੋਗਦਾ ਹੈ। ਗੁਰੂ ਦੇ ਸ਼ਬਦ ਨੂੰ ਨਾ ਸਮਝਣ ਕਰਕੇ ਉਸ ਨੂੰ ਜੀਵਨ ਦੇ ਸਹੀ ਮਾਰਗ ਦੀ ਸੋਝੀ ਨਹੀਂ ਪੈਂਦੀ।

ਰਾਗੁ ਸੂਹੀ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਜਿਸ ਪ੍ਰਾਣੀ ਨੂੰ ਪਰਮਾਤਮਾ ਭੁੱਲ ਜਾਂਦਾ ਹੈ ਉਸ ਅੰਦਰ ਇਹ ਵਿਛੋੜਾ ਚਿੰਤਾ ਫਿਕਰ ਪਾਈ ਰੱਖਦਾ ਹੈ :

ਜਿਸ ਨੋ ਕਰਤਾ ਵਿਸਰੈ ਤਿਸਹਿ ਵਿਛੋੜਾ ਸੋਗੁ ਜੀਉ ॥ *(ਅੰਗ ੭੬੦)*

ਜੋ ਮਾਲਕ-ਪ੍ਰਭੂ ਦੇ ਭਾਣੇ ਵਿਚ ਨਹੀਂ ਰਹਿੰਦੇ, ਉਸ ਦੀ ਰਜ਼ਾ ਨੂੰ ਮਿੱਠਾ ਕਰਕੇ ਨਹੀਂ ਮੰਨਦੇ, ਉਨ੍ਹਾਂ ਨੂੰ ਉਸਦੇ ਵਿਛੋੜੇ ਵਿਚ ਦੁੱਖ ਭੋਗਣੇ ਪੈਂਦੇ ਹਨ :

ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥

(ਰਾਗੁ ਸੋਰਠਿ ਮਹਲਾ ੩, ਅੰਗ ੬੦੧)

ਪ੍ਰੰਤੂ ਪ੍ਰਭੂ ਦੇ ਭਗਤਾਂ ਨੂੰ ਪਲ ਭਰ ਦਾ ਵਿਛੋੜਾ ਵੀ ਯੁਗਾਂ ਸਮਾਨ ਜਾਪਦਾ ਹੈ ਜਿਵੇਂ ਕਿ ਉਹ ਪ੍ਰਭੂ ਨਾਲੋਂ ਕਈ ਜਨਮਾਂ ਤੋਂ ਵਿਛੜੇ ਹੋਏ ਹੋਣ। ਉਨ੍ਹਾਂ ਦੀ ਇਹੋ ਤਾਂਘ ਹੁੰਦੀ ਹੈ ਕਿ ਸਾਰਾ ਜੀਵਨ ਪ੍ਰਭੂ ਦੀ ਯਾਦ ਵਿਚ ਬੀਤੇ। ਮਾਲਕ ਦੇ ਹਰ ਵੇਲੇ ਦਰਸ਼ਨ-ਦੀਦਾਰੇ ਹੁੰਦੇ ਰਹਿਣ :

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰੁ ਭਇਓ ਦਰਸਨੁ ਦੇਖੇ ॥

(ਰਾਗੁ ਧਨਾਸਰੀ, ਭਗਤ ਰਵਿਦਾਸ ਜੀ, ਅੰਗ ੬੯੪)

ਜਿਹੜੇ ਪ੍ਰਭੂ ਨਾਲ ਇੱਕ-ਮਿੱਕ ਹੋ ਜਾਂਦੇ ਹਨ ਅਜਿਹੇ ਭਗਤ-ਜਨਾਂ ਦੀ ਅੰਮ੍ਰਿਤ-ਰੂਪੀ ਬਾਣੀ ਨੂੰ ਸੁਣਨ ਅਤੇ ਮਨ ਅੰਦਰ ਵਸਾਉਣ ਨਾਲ ਆਤਮਿਕ ਜੀਵਨ ਦੀ ਪ੍ਰਾਪਤੀ ਹੁੰਦੀ ਹੈ। ਫਿਰ ਸੁਰਤ ਹੋਰ ਹੋਰ ਪਾਸੇ ਭਟਕਣ ਦੀ ਬਜਾਏ, ਪ੍ਰਭੂ ਚਰਨਾਂ ਵਿਚ ਜੁੜ ਜਾਂਦੀ ਹੈ ਅਤੇ ਚਿਰਾਂ ਤੋਂ ਵਿਛੜਿਆਂ ਹੋਇਆਂ ਨੂੰ ਪ੍ਰਭੂ ਦਾ ਮਿਲਾਪ ਹਾਸਲ ਹੋ ਜਾਂਦਾ ਹੈ ਭਾਵ ਪ੍ਰਭੂ ਹਿਰਦੇ ਘਰ ਵਿਚ ਆ ਵੱਸਦਾ ਹੈ :

ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ
ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥

ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ
ਗਲਿ ਮਿਲਿਆ ਸਹਜਿ ਸੁਭਾਏ ਰਾਮ॥

(ਰਾਗੁ ਬਿਹਾਗੜਾ ਛੰਤ ਮਹਲਾ ੪, ਅੰਗ ੫੩੮)

ਅਥਵਾ :

ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ॥

(ਰਾਗੁ ਵਡਹੰਸੁ ਮਹਲਾ ੩, ਅੰਗ ੫੮੩)

ਭਾਵ ਸੱਚੇ ਸਤਿਗੁਰੂ ਦੀ ਚਰਨੀਂ ਲੱਗਿਆਂ ਚਿਰਾਂ ਤੋਂ ਵਿਛੜੀ ਹੋਈ ਜੀਵ-ਇਸਤ੍ਰੀ ਦਾ ਵੀ ਪ੍ਰਭੂ-ਪਤੀ ਨਾਲ ਮਿਲਾਪ ਹੋ ਜਾਂਦਾ

ਇਸ ਲਈ ਸਾਕ-ਸੰਬੰਧੀਆਂ ਦੇ ਵਿਛੋੜੇ ਵੈਰਾਗ ਵਿਚ ਆਉਣਾ ਕੋਈ ਅਰਥ ਨਹੀਂ ਰੱਖਦਾ ਕਿਉਂਕਿ ਜੋ ਕੋਈ ਵੀ ਇਸ ਸੰਸਾਰ ਵਿਚ ਆਇਆ ਹੈ ਉਸਨੇ ਇਕ ਦਿਨ ਇੱਥੋਂ ਕੂਚ ਜ਼ਰੂਰ ਕਰ ਜਾਣਾ ਹੈ। ਇੱਥੋਂ ਦੀ ਹਰ ਚੀਜ਼ ਬਿਨਸਨਹਾਰ ਹੈ। ਇਨ੍ਹਾਂ ਦੇ ਮੋਹ ਵਿਚ ਫਸ ਕੇ ਰੁਦਨ ਕਰਨਾ ਸਭ ਬੇਕਾਰ ਹੈ। ਅਸਲ ਵੈਰਾਗ ਉਹ ਹੈ ਜੋ ਪਰਮਾਤਮਾ ਦੇ ਪ੍ਰੇਮ-ਪਿਆਰ ਅਤੇ ਮਿਲਾਪ ਲਈ ਮਨ ਵਿਚ ਆਉਂਦਾ ਹੈ। ਗੁਰਵਾਕ ਹੈ :

ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥
ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ॥
ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ॥
ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ॥
ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ॥
ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥

(ਰਾਗੁ ਵਡਹੰਸੁ ਮਹਲਾ ੧, ਅੰਗ ੫੭੯)

ਗੁਰੂ ਅਮਰਦਾਸ ਜੀ ਦਾ ਰਾਗੁ ਵਡਹੰਸੁ ਵਿਚ ਫ਼ਰਮਾਨ ਹੈ ਕਿ ਮੋਹ-ਮਾਇਆ ਵਿਚ ਫਸ ਕੇ ਜੀਵ-ਇਸਤ੍ਰੀਆਂ ਪ੍ਰਭੂ-ਪਤੀ ਨਾਲੋਂ ਵਿਛੜੀਆਂ ਰਹਿੰਦੀਆਂ ਹਨ ਅਤੇ ਦੁੱਖ ਭੋਗਦੀਆਂ ਹਨ। ਉਨ੍ਹਾਂ ਨੂੰ ਇਸ ਗੱਲ ਦੀ ਸੋਝੀ ਨਹੀਂ ਹੁੰਦੀ ਕਿ ਸਦਾ-ਥਿਰ ਰਹਿਣ ਵਾਲਾ ਪ੍ਰਭੂ ਤਾਂ ਉਨ੍ਹਾਂ ਦੇ ਅੰਗ ਸੰਗ ਵਸਦਾ ਹੈ। ਜਿਨ੍ਹਾਂ ਨੇ ਇਸ ਸਚਾਈ ਨੂੰ ਸਮਝ ਲਿਆ ਹੈ ਕਿ ਇਕ ਨਾ ਇਕ ਦਿਨ ਇਸ ਜਗਤ ਨੂੰ ਛੱਡਣਾ ਪੈਣਾ ਹੈ, ਅਜਿਹੇ ਪ੍ਰਾਣੀ ਪ੍ਰਭੂ ਦੇ ਨਾਮ ਨੂੰ ਹਰ ਵੇਲੇ ਮਨ ਅੰਦਰ ਵਸਾਈ ਰੱਖਦੇ ਹਨ। ਗੁਰੂ ਦੇ ਸ਼ਬਦ ਦੀ ਬਰਕਤ ਨਾਲ ਉਨ੍ਹਾਂ ਨੂੰ ਜਨਮ ਮਰਨ ਦਾ ਗੇੜ ਨਹੀਂ ਵਿਆਪਦਾ ਭਾਵ ਉਨ੍ਹਾਂ ਦਾ ਪ੍ਰਭੂ ਨਾਲੋਂ ਵਿਛੋੜਾ ਨਹੀਂ ਪੈਂਦਾ :

ਰੋਵਹਿ ਪਿਰਹਿ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ॥
ਜਿਨੀ ਚਲਣੁ ਸਹੀ ਜਾਣਿਆ ਸਤਿਗੁਰੁ ਸੇਵਹਿ ਨਾਮੁ ਸਮਾਲੇ॥
ਸਦਾ ਨਾਮੁ ਸਮਾਲੇ ਸਤਿਗੁਰੁ ਹੈ ਨਾਲੇ ਸਤਿਗੁਰੁ ਸੇਵਿ ਸੁਖੁ ਪਾਇਆ॥
ਸਬਦੇ ਕਾਲੁ ਮਾਰਿ ਸਚੁ ਉਰਿ ਧਾਰਿ ਫਿਰਿ ਆਵਣ ਜਾਣੁ ਨ ਹੋਇਆ॥

(ਅੰਗ ੫੮੪)

(50)

ਵੈਰਾਗ

ਵੈਰਾਗ ਤੋਂ ਭਾਵ ਹੈ ਕਿਸੇ ਚੀਜ਼ ਵਿਚ ਪ੍ਰੀਤੀ ਦਾ ਨਾ ਹੋਣਾ। ਦੂਜੇ ਸ਼ਬਦਾਂ ਵਿਚ ਸੰਸਾਰ ਤੋਂ ਉਪਰਾਮਤਾ ਦਾ ਨਾਂ ਵੈਰਾਗ ਹੈ ਜੋ ਆਮ ਕਰਕੇ ਸੰਬੰਧੀਆਂ ਜਾਂ ਪਰਮ-ਸਨੇਹੀਆਂ ਦੇ ਵਿਛੋੜੇ ਕਾਰਨ ਪੈਦਾ ਹੁੰਦਾ ਹੈ ਜਾਂ ਮੌਤ, ਰੋਗ, ਬੁਢਾਪੇ ਆਦਿ ਦੇ ਡਰ ਕਾਰਨ। ਪ੍ਰੰਤੂ ਗੁਰਬਾਣੀ ਇਸ ਗੱਲ ਨੂੰ ਨਹੀਂ ਸਵੀਕਾਰਦੀ ਸਗੋਂ ਇਸ ਦਾ ਲਖ਼ਸ਼ ਉਪਰਾਮਤਾ ਦੀ ਥਾਂ ਮਨੋ ਬਿਰਤੀਆਂ ਨੂੰ ਨੀਵੀਆਂ ਖ਼ਾਹਸ਼ਾਂ ਵਲੋਂ ਰੋਕ ਕੇ ਉੱਚੇ ਦਰਜੇ ਦੇ ਆਦਰਸ਼ ਵੱਲ ਪ੍ਰੇਰਿਤ ਕਰਨਾ ਹੈ। ਪਰਉਪਕਾਰ ਅਤੇ ਸੇਵਾ ਕਰਦਿਆਂ ਆਪਣੇ ਆਪ ਨੂੰ ਮਿਟਾ ਦੇਣਾ, ਅਸਲ ਵਿਚ ਸੱਚਾ ਵੈਰਾਗ ਹੈ। ਸੱਚੇ ਵੈਰਾਗ ਦੀ ਨਿਰਮਲ-ਧਾਰਾ ਨਾਲ ਮਨ ਧੋਤਾ ਜਾਂਦਾ ਹੈ ਅਤੇ ਪ੍ਰਾਣੀ ਨੂੰ ਆਪੇ ਦੀ ਸੋਝੀ ਪੈ ਜਾਂਦੀ ਹੈ ਕਿ ਉਸਦਾ ਜਗਤ ਵਿਚ ਆਉਣ ਦਾ ਮਨੋਰਥ ਕੀ ਹੈ? ਇਸ ਤਰ੍ਹਾਂ ਮਨ ਸਵੱਛ ਅਤੇ ਪਵਿੱਤਰ ਹੋ ਕੇ ਪ੍ਰਭੂ ਚਰਨਾਂ ਵਿਚ ਜੁੜ ਜਾਂਦਾ ਹੈ :

ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ ॥
ਸੇ ਜਨ ਬੈਰਾਗੀ ਸਚਿ ਲਿਵ ਲਾਗੀ ਆਪਣਾ ਆਪੁ ਪਛਾਣਿਆ ॥

(ਰਾਗੁ ਵਡਹੰਸੁ ਮਹਲਾ ੩, ਅੰਗ ੫੬੯)

ਅਥਵਾ :

ਜਾਂ ਭਉ ਪਾਏ ਆਪਣਾ ਬੈਰਾਗੁ ਉਪਜੈ ਮਨਿ ਆਇ ॥
ਬੈਰਾਗੈ ਤੇ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥

(ਰਾਗੁ ਗੂਜਰੀ ਮਹਲਾ ੩, ਅੰਗ ੪੯੦)

ਭਾਵ ਪਰਮਾਤਮਾ ਦੇ ਭੈ ਵਿਚ ਰਹਿਣ ਨਾਲ ਮਨ ਵਿਚ ਮਾਇਆ ਵਲੋਂ ਉਪਰਾਮਤਾ ਪੈਦਾ ਹੁੰਦੀ ਹੈ। ਇਸ ਉਪਰਾਮਤਾ ਜਾਂ ਵੈਰਾਗ ਦੀ ਬਰਕਤ ਨਾਲ ਮਨੁੱਖ ਦੀ ਸੁਰਤੀ ਪ੍ਰਭੂ ਵਿਚ ਜੁੜਦੀ ਹੈ।

ਭੁਲੇਖੇ ਵਿਚ ਪਿਆ ਹੋਇਆ ਜੀਵ ਵੈਰਾਗ ਦੀ ਪ੍ਰਾਪਤੀ ਲਈ ਸੰਨਿਆਸ ਧਾਰ ਕੇ ਪਹਾੜਾਂ ਦੀਆਂ ਕੰਦਰਾਂ ਵਿਚੋਂ ਰੱਬ ਨੂੰ ਭਾਲਦਾ ਹੈ, ਜੰਗਲਾਂ ਵਿਚੋਂ ਪ੍ਰਭੂ ਨੂੰ ਢੂੰਡਦਾ ਹੈ। ਉਸ ਨੂੰ ਇਸ ਗੱਲ ਦੀ ਸੋਝੀ ਨਹੀਂ ਕਿ ਪਰਮਾਤਮਾ ਦੀ ਜੋਤਿ ਤਾਂ ਉਸਦੇ ਅੰਦਰ ਹੈ ਜਿਸਨੂੰ ਕੇਵਲ ਅਨੁਭਵ ਕਰਨ ਦੀ ਲੋੜ ਹੈ। ਰਾਗੁ ਸੋਰਠਿ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ :

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥

(ਅੰਗ ੬੪੪)

ਇਸ ਪ੍ਰਥਾਏ ਗੁਰੂ ਤੇਗ਼ ਬਹਾਦਰ ਜੀ ਦਾ ਫ਼ਰਮਾਨ ਹੈ ਕਿ ਪਰਮਾਤਮਾ ਤਾਂ ਸਰਬ-

ਵਿਆਪੀ ਹੈ। ਘਟ ਘਟ ਵਿਚ ਉਸਦਾ ਵਾਸਾ ਹੈ। ਹਰ ਜੀਵ ਦੇ ਅੰਦਰ ਉਸਦਾ ਨਿਵਾਸ ਹੈ। ਆਪ ਜੀ ਬੜਾ ਸੁੰਦਰ ਦ੍ਰਿਸ਼ਟਾਂਤ ਦੇ ਕੇ ਸਮਝਾ ਰਹੇ ਹਨ ਕਿ ਜਿਵੇਂ ਪੁਹਪ ਭਾਵ ਫੁੱਲ ਵਿਚ ਉਸਦੀ ਸੁਗੰਧੀ ਵੱਸਦੀ ਹੈ। ਮੁਕਰ ਭਾਵ ਸ਼ੀਸ਼ੇ ਵਿਚ ਦੇਖਣ ਵਾਲੇ ਦਾ ਅਕਸ ਵੱਸਦਾ ਹੈ ਇਸੇ ਪ੍ਰਕਾਰ ਅਕਾਲ ਪੁਰਖ ਹਰ ਜੀਵ ਦੇ ਅੰਦਰ ਵੱਸਦਾ ਹੈ। ਇਸ ਲਈ ਜੰਗਲਾਂ ਵਿਚ ਵੈਰਾਗੀ ਜਾਂ ਸੰਨਿਆਸੀ ਬਣ ਕੇ ਭ੍ਰਮਣ ਕਰਨ ਦੀ ਲੋੜ ਨਹੀਂ। ਉਸ ਨੂੰ ਆਪਣੇ ਹਿਰਦੇ ਘਰ ਵਿਚੋਂ ਲੱਭਣ ਦੀ ਕੋਸ਼ਿਸ਼ ਕਰਨ ਦੀ ਲੋੜ ਹੈ :

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥

(ਰਾਗੁ ਧਨਾਸਰੀ, ਮਹਲਾ ੯, ਅੰਗ ੬੮੪)

ਅਥਵਾ :

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥

(ਸਲੋਕ ਫਰੀਦ ਜੀ ਨੰਬਰ ੧੯, ਅੰਗ ੧੩੭੮)

ਭਾਵ ਜੰਗਲਾਂ ਦਾ ਭ੍ਰਮਣ ਕਰਨ ਦਾ ਕੀ ਫਾਇਦਾ? ਜੰਗਲਾਂ ਦੇ ਕੰਡੇ ਲਿਤਾੜਣ ਨਾਲ ਪਰਮਾਤਮਾ ਨਹੀਂ ਮਿਲ ਸਕਦਾ। ਰੱਬ ਤਾਂ ਜੀਵ ਦੇ ਅੰਦਰ ਹਿਰਦੇ ਘਰ ਵਿਚ ਹੀ ਵੱਸਦਾ ਹੈ। ਫਿਰ ਜੰਗਲਾਂ ਵਿਚੋਂ ਢੂੰਡਿਆਂ ਕੀ ਮਿਲਣਾ ਹੈ?

ਪਰਮਾਤਮਾ ਵਿਖਾਵੇ ਜਾਂ ਵੈਰਾਗ ਦੀਆਂ ਗੱਲਾਂ ਕਰਨ ਨਾਲ ਨਹੀਂ ਪਸੀਜਦਾ। ਅਸਲੀ ਵੈਰਾਗੀ ਉਹ ਹੈ ਜੋ ਪਰਮਾਤਮਾ ਦੇ ਬਿਰਹੋਂ ਰੰਗ ਵਿਚ ਰੰਗਿਆ ਹੋਇਆ ਹੈ, ਜੋ ਉਸਦੀ ਸਿਫ਼ਤ-ਸਾਲਾਹ ਵਿਚ ਜੁੜ ਕੇ ਮਾਇਕ ਪਦਾਰਥਾਂ ਵਲੋਂ ਮੋਹ ਤੋੜੀ ਰੱਖਦਾ ਹੈ ਅਤੇ ਗੁਰੂ ਦੇ ਦੱਸੇ ਹੋਏ ਮਾਰਗ ਤੇ ਚੱਲ ਕੇ, ਮਾਲਕ ਪ੍ਰਭੂ ਦੇ ਸਦਾ ਭੈ ਵਿਚ ਰਹਿੰਦਾ ਹੈ। ਅਜਿਹਾ ਵੈਰਾਗੀ ਹੀ ਸਹਿਜ ਅਵਸਥਾ ਨੂੰ ਪ੍ਰਾਪਤ ਹੋ ਸਕਦਾ ਹੈ।

ਗੁਰਵਾਕ ਹੈ :

ਅਸੰਖ ਬੈਰਾਗੀ ਕਹਹਿ ਬੈਰਾਗ ਸੋ ਬੈਰਾਗੀ ਜਿ ਖਸਮੈ ਭਾਵੈ॥
ਹਿਰਦੈ ਸਬਦਿ ਸਦਾ ਭੈ ਰਚਿਆ ਗੁਰ ਕੀ ਕਾਰ ਕਮਾਵੈ॥
ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ॥
ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ॥

(ਰਾਗੁ ਸੋਰਠਿ ਮਹਲਾ ੧, ਅੰਗ ੬੩੪)

ਮਾਰੂ ਕੀ ਵਾਰ ਵਿਚ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ ਕਿ ਰੱਬ ਦੇ ਭੈ ਵਿਚ ਰਿਹਾਂ ਦੁਨੀਆਂ ਵਲੋਂ ਉਪਰਾਮਤਾ ਭਾਵ ਵੈਰਾਗ ਪੈਦਾ ਹੁੰਦਾ ਹੈ ਅਤੇ ਮਨੁੱਖ ਪਰਮਾਤਮਾ ਦੀ ਭਾਲ ਵਿਚ ਲੱਗ ਜਾਂਦਾ ਹੈ।

ਭੈ ਤੇ ਬੈਰਾਗੁ ਊਪਜੈ ਹਰਿ ਖੋਜਤ ਫਿਰਣਾ॥ *(ਅੰਗ ੧੧੦੨)*

ਰਾਗੁ ਭੈਰਉ ਵਿਚ ਆਪ ਜੀ ਦਾ ਫ਼ਰਮਾਨ ਹੈ ਕਿ ਜੇਕਰ ਵੈਰਾਗੀ ਮਾਇਆ ਦੇ ਮੋਹ ਦਾ ਤਿਆਗ ਨਹੀਂ ਕਰਦਾ ਤਾਂ ਉਸਦਾ ਵੈਰਾਗ ਕਿਸ ਕੰਮ ਦਾ? ਇਸ ਪ੍ਰਕਾਰ

ਜੇ ਕਰ ਮਨ ਹਉਮੈ ਅਤੇ ਹੰਕਾਰ ਨਾਲ ਭਰਿਆ ਹੋਇਆ ਹੈ ਤਾਂ ਤਿਆਗੀ ਕਿਵੇਂ ਬਣਿਆ ਜਾ ਸਕਦਾ ਹੈ :

ਬਿਨੁ ਬੈਰਾਗ ਕਹਾ ਬੈਰਾਗੀ॥
ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ॥ *(ਅੰਗ ੧੧੪੦)*

ਗੁਰਬਾਣੀ ਅਨੁਸਾਰ ਅਸਲ ਵੈਰਾਗੀ ਉਹ ਮਨੁੱਖ ਹੈ ਜਿਸਦਾ ਹਿਰਦਾ ਪ੍ਰਭੂ ਦੇ ਬਿਰਹੋਂ-ਰੰਗ ਵਿਚ ਰੰਗਿਆ ਰਹਿੰਦਾ ਹੈ। ਅਜਿਹੇ ਵੈਰਾਗੀ ਦੇ ਮਨ ਅੰਦਰ ਪ੍ਰਭੂ ਦੇ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ ਜਿਸ ਸਦਕਾ ਉਸਦੀ ਸੁਰਤੀ ਮਾਲਕ ਪ੍ਰਭੂ ਦੇ ਚਰਨਾਂ ਵਿਚ ਸਦਾ ਜੁੜੀ ਰਹਿੰਦੀ ਹੈ :

ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ॥
ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ॥
(ਰਾਗੁ ਸੋਰਠਿ ਮਹਲਾ ੧, ਅੰਗ ੬੩੪)

ਅਥਵਾ :

ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ॥
ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ॥
(ਸਿਰੀਰਾਗੁ ਮਹਲਾ ੩, ਅੰਗ ੨੯)

ਭਾਵ ਅਸਲੀ ਵੈਰਾਗੀ ਉਹ ਹੈ ਜੋ ਆਪਾ ਭਾਵ ਗੁਆ ਕੇ ਆਪਣੇ ਹਿਰਦੇ ਵਿਚ ਹਰੀ ਦੇ ਨਾਮ ਨੂੰ ਵਸਾਉਂਦਾ ਹੈ। ਨਾਮ ਦੀ ਬਰਕਤ ਨਾਲ ਫਿਰ ਉਸ ਤੇ ਕਿਸੇ ਪ੍ਰਕਾਰ ਦੇ ਵਿਕਾਰ ਪ੍ਰਭਾਵ ਨਹੀਂ ਪਾ ਸਕਦੇ।

ਇਸ ਲਈ ਜੋ ਵੈਰਾਗ ਮਨੁੱਖ ਨੇ ਆਪਣੇ ਅੰਦਰ ਪੈਦਾ ਕਰਨਾ ਹੈ ਉਹ ਹੈ ਤਨ, ਧਨ, ਸਾਕ ਸੰਬੰਧੀ, ਵਿਸ਼ੇ-ਵਿਕਾਰ ਅਥਵਾ ਸੁਆਦਾਂ ਦਾ ਤਿਆਗ। ਇਹ ਤਿਆਗ ਇਨ੍ਹਾਂ ਚੀਜ਼ਾਂ ਦੇ ਨਿੱਜੀ ਤਿਆਗ ਦੀ ਮੰਗ ਨਹੀਂ ਕਰਦਾ ਭਾਵ ਮਨੁੱਖ ਨੂੰ ਇਨ੍ਹਾਂ ਚੀਜ਼ਾਂ ਦੀ ਖ਼ਾਤਰ ਕੁਕਰਮ ਕਰਨੇ ਵਿਵਰਜਿਤ ਹਨ ਅਤੇ ਇਨ੍ਹਾਂ ਦੀ ਪ੍ਰਾਪਤੀ ਨੂੰ ਜੀਵਨ ਦਾ ਉਦੇਸ਼ ਨਹੀਂ ਮੰਨ ਲੈਣਾ। ਮਨੁੱਖ ਨੇ ਤਾਂ ਪੂਰਨ ਤੌਰ ਤੇ ਵਿਸ਼ੇ-ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਨਿੰਦਾ, ਈਰਖਾ ਆਦਿ) ਤੋਂ ਉਪਰਾਮਤਾ ਪੈਦਾ ਕਰਨੀ ਹੈ। ਇਨ੍ਹਾਂ ਤੋਂ ਦੂਰ ਰਹਿਣਾ ਹੈ ਅਤੇ ਜਦੋਂ ਇਹ ਉਪਰਾਮਤਾ ਪੈਦਾ ਹੋ ਜਾਵੇਗੀ ਤਾਂ ਸਮਝੋ ਉਹ ਸੱਚਾ ਵੈਰਾਗੀ ਹੈ। ਅਜਿਹੇ ਪ੍ਰਾਣੀ ਦੇ ਬੜੇ ਉੱਤਮ ਭਾਗ ਹਨ :

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥
(ਸਲੋਕ ਨੰਬਰ ੧੭, ਮਹਲਾ ੯, ਅੰਗ ੧੪੨੭)

ਜਦੋਂ ਆਤਮਿਕ ਅਨੰਦ ਦੇਣ ਵਾਲੇ ਨਾਮ ਵਿਚ ਮਨੁੱਖ ਦਾ ਮਨ ਜੁੜਦਾ ਹੈ ਫਿਰ ਉਸ ਦੇ ਇੰਦ੍ਰੇ ਹਰਿ ਨਾਮ ਵਿਚ ਰੰਗੇ ਜਾਂਦੇ ਹਨ ਅਤੇ ਦੁਨਿਆਵੀ ਤ੍ਰਿਸ਼ਨਾਵਾਂ ਦੀ ਲਾਲਸਾ ਮੁੱਕ ਜਾਂਦੀ ਹੈ। ਦੁਨਿਆਵੀ ਆਸਾਂ ਤੋਂ ਅਭਿੱਜ ਰਹਿੰਦਾ ਹੋਇਆ ਅਜਿਹਾ ਪ੍ਰਾਣੀ ਸੰਤੋਖੀ ਜੀਵਨ ਵਾਲਾ ਬਣ ਜਾਂਦਾ ਹੈ ਅਤੇ ਨਾਮ-ਰਸ ਪੀਣ ਨਾਲ ਉਹ ਸਦਾ ਸੰਤੁਸ਼ਟ ਤੇ ਰੱਜਿਆ ਰਹਿੰਦਾ ਹੈ ਭਾਵ ਉਸ ਨੂੰ ਫਿਰ ਕਿਸੇ ਪ੍ਰਕਾਰ ਦੀ ਭੁੱਖ ਰਹਿੰਦੀ ਹੀ ਨਹੀਂ। ਇਹੋ ਸੱਚਾ ਵੈਰਾਗ ਹੈ :

ਮਨੂਆ ਪਉਣ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ॥
ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ ਜਲਿ ਬੂਝੀ ਤੁਝਹਿ ਬੁਝਾਈ॥
ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ॥
ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ॥

(ਰਾਗੁ ਸੋਰਠਿ ਮਹਲਾ ੧, ਅੰਗ ੬੩੪)

ਗੁਰੂ ਤੇਗ ਬਹਾਦਰ ਜੀ ਨੇ ਉੱਚ ਦਰਜੇ ਦੇ ਵੈਰਾਗ ਦੀ ਪ੍ਰਾਪਤੀ ਲਈ ਪ੍ਰਾਣੀ ਨੂੰ ਸੇਧ ਦਿੱਤੀ ਹੈ। ਵੈਰਾਗ ਉਤਪੰਨ ਕਰਨ ਲਈ ਪਹਿਲਾਂ ਤਾਂ ਉਹ ਦੱਸਦੇ ਹਨ ਕਿ ਸੁੰਦਰ ਇਸਤ੍ਰੀ, ਜਿਸ ਨੂੰ ਮਨੁੱਖ ਐਨਾ ਪਿਆਰ ਕਰਦਾ ਹੈ ਉਹ ਇਸਦੀ ਆਪਣੀ ਨਹੀਂ। ਇਸਤ੍ਰੀ ਤਾਂ ਇਕ ਪਾਸੇ ਰਹੀ, ਮਨੁੱਖ ਦਾ ਸਰੀਰ ਵੀ ਤਾਂ ਆਪਣਾ ਨਹੀਂ :

ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ॥
ਇਨ ਮੈਂ ਕਛੁ ਤੇਰੋ ਰੇ ਨਾਹਿਨ ਦੇਖੋ ਸੋਚ ਬਿਚਾਰੀ॥

(ਰਾਗੁ ਗਉੜੀ, ਅੰਗ ੨੨੦)

ਅਥਵਾ :

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ॥

(ਸਲੋਕ ਨੰਬਰ ੪੨, ਅੰਗ ੧੪੨੯)

ਇਸ ਪ੍ਰਕਾਰ ਗੁਰੂ ਜੀ ਨੇ ਜਗਤ ਦੀ ਅਸਲੀਅਤ ਨੂੰ ਸਾਡੇ ਸਾਹਮਣੇ ਰੱਖਿਆ ਹੈ ਪਰ ਇਨ੍ਹਾਂ ਨੂੰ ਤਿਆਗਣ ਦਾ ਕਿਧਰੇ ਨਾਂ ਮਾਤਰ ਵੀ ਇਸ਼ਾਰਾ ਨਹੀਂ ਕੀਤਾ। ਰਾਗੁ ਧਨਾਸਰੀ ਵਿਚ ਆਪ ਜੀ ਦੇ ਬਚਨ ਹਨ :

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ *(ਅੰਗ ੬੮੪)*

ਗੁਰਮਤਿ ਦਾ ਮਾਰਗ ਤਾਂ ਬੜਾ ਸਪੱਸ਼ਟ ਹੈ :

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥

(ਗੂਜਰੀ ਕੀ ਵਾਰ ਮਹਲਾ ੫, ਅੰਗ ੫੨੨)

ਸਿਰੀਰਾਗੁ ਵਿਚ ਆਪ ਜੀ ਦੇ ਬੜੇ ਸੁੰਦਰ ਬਚਨ ਹਨ ਕਿ ਜਿਸ ਅੰਦਰ ਪ੍ਰਭੂ ਦੇ ਨਾਮ ਦਾ ਵੈਰਾਗ ਉਪਜਦਾ ਹੈ ਅਤੇ ਪ੍ਰਭੂ ਦੇ ਦਰਸ਼ਨਾਂ ਲਈ ਤਾਂਘ ਪੈਦਾ ਹੁੰਦੀ ਹੈ ਉਹ ਸਰੀਰ ਧੰਨਤਾਯੋਗ ਹੈ, ਭਾਗਾਂ ਵਾਲਾ ਹੈ :

ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ॥
ਧੰਨੁ ਸੁ ਤੇਰਾ ਥਾਨੁ॥ *(ਅੰਗ ੫੦)*

ਅਥਵਾ :

ਅਹਿਨਿਸਿ ਅੰਤਰਿ ਰਹੈ ਧਿਆਨਿ॥
ਤੇ ਬੈਰਾਗੀ ਸਤ ਸਮਾਨਿ॥

(ਸਲੋਕ ਮਹਲਾ ੧, ਰਾਮਕਲੀ ਕੀ ਵਾਰ, ਮਹਲਾ ੩, ਅੰਗ ੯੫੩)

(51)

ਸੰਨਿਆਸ

ਪ੍ਰਚੱਲਤ ਭਾਰਤੀ ਵਿਚਾਰਾਂ ਅਨੁਸਾਰ ਸੰਨਿਆਸ ਤੋਂ ਭਾਵ ਹੈ ਗ੍ਰਿਹਸਤ ਜੀਵਨੇ—ਇਸਤ੍ਰੀ, ਧੀਆਂ, ਪੁੱਤਰਾਂ ਭਾਵ ਸਭ ਕੁਝ ਤਿਆਗ ਕੇ ਭਿਖਿਆ ਦੁਆਰਾ ਜੀਵਨ ਨਿਰਬਾਹ ਕਰਨਾ। ਇਸਨੂੰ ਮਨੁੱਖੀ ਜੀਵਨ ਦਾ ਚੌਥਾ ਜਾਂ ਆਖ਼ਰੀ ਆਸ਼ਰਮ ਵੀ ਮੰਨਿਆ ਜਾਂਦਾ ਰਿਹਾ ਹੈ ਪ੍ਰੰਤੂ ਗੁਰਮਤਿ ਗ੍ਰਿਹਸਤੀ ਜੀਵਨ ਤਿਆਗਣ ਦਾ ਵਿਰੋਧੀ ਹੈ। ਪ੍ਰਾਣੀ ਨੇ ਜੋ ਤਿਆਗ ਕਰਨਾ ਹੈ ਉਹ ਹੈ ਵਿਸ਼ੇ ਵਿਕਾਰਾਂ ਦਾ ਤਿਆਗ। ਗੁਰਬਾਣੀ ਅਨੁਸਾਰ ਪਰਿਵਾਰਕ ਜੀਵਨ ਭੋਗਦੇ ਹੋਏ, ਸੱਚੇ ਮਾਰਗ ਦੇ ਪਾਂਧੀ ਬਣ ਕੇ, ਪਰਮਾਤਮਾ ਨਾਲ ਇਕ-ਮਿਕ ਹੋਣਾ ਹੀ ਮਨੁੱਖੀ ਜੀਵਨ ਦਾ ਮੁੱਖ ਉਦੇਸ਼ ਹੈ :

ਨਾਨਕ ਘਰ ਹੀ ਬੈਠਿਆ ਸਹੁ ਮਿਲੈ
ਜੇ ਨੀਅਤਿ ਰਾਸਿ ਕਰੇਇ॥

(ਸਲੋਕ ਬਾਬਾ ਫਰੀਦ ਜੀ, ਮਹਲਾ ੩, ਅੰਗ ੧੩੮੩)

ਪੰਚਮ ਗੁਰਦੇਵ ਦੇ ਰਾਗੁ ਮਾਰੂ ਵਿਚ ਬਚਨ ਹਨ ਕਿ ਬ੍ਰਹਮਚਾਰੀ ਕਾਮ-ਵਾਸ਼ਨਾ ਤੇ ਕਾਬੂ ਪਾਉਣ ਦਾ ਦਿਖਲਾਵਾ ਕਰਕੇ ਹਉਮੈ ਵਿਚ ਗ੍ਰਸਿਆ ਰਹਿੰਦਾ ਹੈ। ਤਪੱਸਵੀ ਤਪ ਦੁਆਰਾ ਸਰੀਰ ਨੂੰ ਕਸ਼ਟ ਦਿੰਦਾ ਹੈ। ਇਸੇ ਤਰ੍ਹਾਂ ਸੰਨਿਆਸੀ ਤੀਰਥਾਂ ਤੇ ਭਉਂਦਾ ਹੈ ਪਰ ਉਸ ਦੇ ਮਨ ਵਿਚੋਂ ਚੰਡਾਲ ਕ੍ਰੋਧ ਨਹੀਂ ਜਾਂਦਾ। ਮਨੁੱਖ ਦੀ ਇਹ ਹਾਲਤ ਦੇਖ ਕੇ ਗੁਰੂ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਇਹ ਸਭ ਕੁਝ ਵਿਅਰਥ ਹੈ। ਅਜਿਹੇ ਭੇਖੀ ਜਦੋਂ ਆਪ ਮੁਕਤ ਨਹੀਂ ਹੋ ਸਕਦੇ ਤਾਂ ਦੂਜਿਆਂ ਦਾ ਬੇੜਾ ਕਿਵੇਂ ਪਾਰ ਲਾ ਸਕਦੇ ਹਨ। ਉਨ੍ਹਾਂ ਦਾ ਤਾਂ ਆਪਣਾ ਮਨ ਆਪ ਇਧਰ-ਉਧਰ ਭਟਕਦਾ ਰਹਿੰਦਾ ਹੈ :

ਜੀਅ ਕੀ ਕੈ ਪਹਿ ਬਾਤ ਕਹਾ॥
ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ ਐਸੋ ਕਹਾ ਲਹਾ॥ ੧॥ ਰਹਾਉ॥
ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ॥
ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ॥
ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ॥ ੨॥

(ਅੰਗ ੧੦੦੩)

ਅਥਵਾ :

ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ॥
ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ॥
ਮੈ ਮੂਰਖ ਹਰਿ ਆਸ ਤੁਮਾਰੀ॥

(ਰਾਗੁ ਗਉੜੀ ਮਹਲਾ ੪, ਅੰਗ ੧੬੪)

ਭਾਵ ਸੰਨਿਆਸੀ ਸਰੀਰ ਤੇ ਸੁਆਹ ਮਲ ਕੇ ਆਪਣੇ ਆਪ ਨੂੰ ਤਿਆਗੀ ਸਮਝਦਾ

ਹੈ ਅਤੇ ਕੋਈ ਇਸਤ੍ਰੀ ਦਾ ਤਿਆਗ ਕਰਕੇ ਬ੍ਰਹਮਚਾਰੀ। ਅਜਿਹੇ ਪ੍ਰਾਣੀ ਇਨ੍ਹਾਂ ਭੇਖਾਂ ਨੂੰ ਹੀ ਆਤਮਿਕ ਜੀਵਨ ਦਾ ਸਾਧਨ ਸਮਝੀ ਬੈਠੇ ਹਨ ਪਰ ਹਰੀ ਦੇ ਸੇਵਕ-ਜਨਾਂ ਲਈ ਤਾਂ ਪ੍ਰਭੂ ਦਾ ਨਾਮ ਹੀ ਉਨ੍ਹਾਂ ਦਾ ਆਸਰਾ ਤੇ ਆਧਾਰ ਹੈ।

ਰਾਗੁ ਗੂਜਰੀ ਵਿਚ ਭਗਤ ਤ੍ਰਿਲੋਚਨ ਜੀ ਨੇ ਬੜਾ ਸੁੰਦਰ ਵਿਚਾਰ ਦਿੱਤਾ ਹੈ ਕਿ ਜੇਕਰ ਪ੍ਰਾਣੀ ਦਾ ਬਾਹਰੋਂ ਭੇਖ ਉਦਾਸੀਆਂ ਵਾਲਾ ਹੈ ਪਰ ਅੰਦਰਲਾ ਸ਼ੁੱਧ ਨਹੀਂ, ਮੈਲ ਨਾਲ ਭਰਿਆ ਹੋਇਆ ਹੈ ਜਿਸ ਕਾਰਨ ਆਪਣੇ ਅੰਦਰ ਵਸ ਰਹੇ ਪਰਮਾਤਮਾ ਨੂੰ ਅਨੁਭਵ ਕਰਨ ਦੇ ਅਸਮਰੱਥ ਹੈ ਤਾਂ ਉਹ ਸੰਨਿਆਂਸੀ ਕਿਵੇਂ ਹੋ ਸਕਦਾ ਹੈ?:

ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ॥

(ਅੰਗ ੫੨੫)

ਰਾਗੁ ਮਾਰੂ ਵਿਚ ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ ਕਿ ਸਰੀਰ ਤੇ ਸੁਆਹ ਮਲ ਕੇ ਜੋ ਉਦਾਸੀ ਹੋਣ ਦਾ ਵਿਖਾਵਾ ਕਰਦੇ ਹਨ ਉਹ ਦਰਅਸਲ ਖਾਕ ਹੀ ਛਾਣਦੇ ਫਿਰਦੇ ਹਨ ਕਿਉਂਕਿ ਉਨ੍ਹਾਂ ਦੇ ਅੰਦਰੋਂ ਮਾਇਆ ਦੀ ਭੁੱਖ ਨਹੀਂ ਮਿਟਦੀ। ਉਹ ਸਦਾ ਇਸ ਤਾਕ ਵਿਚ ਰਹਿੰਦੇ ਹਨ ਕਿ ਕੋਈ ਆ ਕੇ ਉਨ੍ਹਾਂ ਨੂੰ ਮਾਇਆ ਭੇਟ ਕਰੇ। ਇੰਜ ਉਹ ਅੰਦਰੋਂ ਹੋਰ ਅਤੇ ਬਾਹਰੋਂ ਹੋਰ ਹੁੰਦੇ ਹਨ ਜਿਸ ਕਾਰਨ ਉਹ ਪਰਮਾਤਮਾ ਦੇ ਭੇਦਾਂ ਨੂੰ ਸਮਝ ਨਹੀਂ ਸਕਦੇ :

ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ॥
ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ॥

(ਅੰਗ ੧੦੧੩)

ਪ੍ਰਾਣੀ ਧੀਆਂ, ਪੁੱਤਰਾਂ ਭਾਵ ਪਰਿਵਾਰ ਨੂੰ ਤਿਆਗ ਕੇ ਭਾਵੇਂ ਸੰਨਿਆਸੀ ਤਾਂ ਬਣ ਜਾਂਦਾ ਹੈ ਪਰ ਤ੍ਰਿਸ਼ਨਾਵਾਂ ਕਦੀ ਖ਼ਤਮ ਨਹੀਂ ਹੁੰਦੀਆਂ। ਇੱਛਾਵਾਂ ਉਸ ਦਾ ਪਿੱਛਾ ਨਹੀਂ ਛੱਡਦੀਆਂ। ਗੁਰਵਾਕ ਹੈ :

ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤੁ ਕਰਈਆ॥

(ਰਾਗੁ ਬਿਲਾਵਲੁ ਮਹਲਾ ੪, ਅੰਗ ੮੩੫)

ਇਨ੍ਹਾਂ ਤ੍ਰਿਸ਼ਨਾਵਾਂ ਅਤੇ ਇੱਛਾਵਾਂ ਨੂੰ ਗੁਰੂ ਦੇ ਦਰਸਾਏ ਹੋਏ ਮਾਰਗ ਤੇ ਚੱਲ ਕੇ ਹੀ ਮਾਰਿਆ ਜਾ ਸਕਦਾ ਹੈ ਜਿਸ ਨਾਲ ਆਤਮਿਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ :

ਆਸਾ ਆਸ ਕਰੈ ਨਹੀ ਬੂਝੈ ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ॥

(ਅੰਗ ੮੩੫)

ਆਪਣੀ ਇਸਤ੍ਰੀ ਦੇ ਤਿਆਗ ਦੇ ਬਾਵਜੂਦ ਭਟਕੇ ਹੋਏ ਪ੍ਰਾਣੀ ਦੀ ਕਾਮ-ਵਾਸ਼ਨਾ ਨਹੀਂ ਜਾਂਦੀ। ਫਲਸਰੂਪ ਪਰਾਈਆਂ ਵੱਲ ਤੱਕਦਾ ਹੈ ਕਿਉਂਕਿ ਮਨ ਅੰਦਰੋਂ ਕਾਮ-ਵਾਸ਼ਨਾ ਤਾਂ ਗਈ ਹੀ ਨਹੀਂ :

ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ॥

(ਰਾਗੁ ਮਾਰੂ ਮਹਲਾ ੧, ਅੰਗ ੧੦੧੩)

ਅਜਿਹਾ ਪਾਖੰਡੀ ਦੁਨੀਆਂ ਨੂੰ ਤਾਂ ਸਿਖਿਆ ਦਿੰਦਾ ਹੈ ਪਰ ਆਪ ਸ਼ਬਦ ਦੀ ਵਿਚਾਰ ਨਹੀਂ ਕਰਦਾ। ਵਿਖਾਵਾ ਇਹ ਕਰਦਾ ਹੈ ਕਿ ਉਸ ਅੰਦਰ ਕਿਸੇ ਪ੍ਰਕਾਰ ਦੀ ਮੇਰ-ਤੇਰ

ਨਹੀਂ ਭਾਵ ਬੜੇ ਸੀਤਲ ਸੁਭਾਉ ਵਾਲਾ ਹੈ। ਅਸਲ ਵਿਚ ਉਸ ਅੰਦਰ ਜ਼ਹਿਰ ਭਰੀ ਹੁੰਦੀ ਹੈ ਅਤੇ ਆਤਮਿਕ ਤੌਰ ਤੇ ਅਜਿਹਾ ਉਦਾਸੀ ਮਰ ਚੁੱਕਾ ਹੁੰਦਾ ਹੈ। ਅੰਤ ਨੂੰ ਫਿਰ ਜਮਾਂ ਦੇ ਵਸ ਪੈਂਦਾ ਹੈ :

ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ॥
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ॥

(ਰਾਗੁ ਮਾਰੂ ਮਹਲਾ ੧, ਅੰਗ ੧੦੧੩)

ਗੁਰੂ ਅਮਰਦਾਸ ਜੀ ਦੇ ਰਾਗੁ ਗੂਜਰੀ ਕੀ ਵਾਰ ਵਿਚ ਬਚਨ ਹਨ ਕਿ ਜੋਗੀ, ਜੰਗਮ ਅਤੇ ਸੰਨਿਆਸੀ ਇਹ ਸਾਰੇ ਭੇਖਾਧਾਰੀ ਆਪਣੇ ਆਪ ਨੂੰ ਭਾਵੇਂ ਤਿਆਗੀ ਅਖਵਾਉਂਦੇ ਹਨ ਪਰ ਦਰਅਸਲ ਮਾਰਗ ਤੋਂ ਇਹ ਭਟਕੇ ਹੋਏ ਹਨ। ਜੇਕਰ ਸ਼ਰਧਾ ਵਜੋਂ ਉਨ੍ਹਾਂ ਨੂੰ ਕੋਈ ਕੱਪੜਾ ਜਾਂ ਭੋਜਨ ਦਿੰਦਾ ਹੈ ਤਾਂ ਉਹ ਉਨ੍ਹਾਂ ਨੂੰ ਘੂਰਦੇ ਹਨ ਕਿ ਥੋੜ੍ਹੀ ਭਿਖਿਆ ਦਿੱਤੀ ਹੈ। ਇਹ ਤਿਆਗ ਨਹੀਂ ਸਗੋਂ ਮਨ ਦਾ ਹੱਠ ਹੈ ਜਿਸ ਕਾਰਨ ਉਹ ਆਪਣਾ ਜੀਵਨ ਅਜਾਈਂ ਗੁਆ ਲੈਂਦੇ ਹਨ। ਇਨ੍ਹਾਂ ਨਾਲੋਂ ਤਾਂ ਉਹ ਪ੍ਰਾਣੀ ਚੰਗੇ ਹਨ ਜਿਨ੍ਹਾਂ ਨੇ ਗੁਰੂ ਦੇ ਦੱਸੇ ਮਾਰਗ ਤੇ ਚੱਲ ਕੇ ਪ੍ਰਭੂ ਦੇ ਨਾਮ ਨੂੰ ਸਿਮਰਿਆ ਹੈ :

ਜੋਗੀ ਜੰਗਮ ਸੰਨਿਆਸੀ ਭੁਲੇ
ਓਨ੍ਹਾ ਅਹੰਕਾਰੁ ਬਹੁ ਗਰਬੁ ਵਧਾਇਆ॥
ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ
ਮਨਹਠਿ ਜਨਮੁ ਗਵਾਇਆ॥
ਏਤੜਿਆ ਵਿਚਹੁ ਸੋ ਜਨੁ ਸਮਧਾ
ਜਿਨਿ ਗੁਰਮੁਖਿ ਨਾਮੁ ਧਿਆਇਆ॥

(ਅੰਗ ੫੧੩)

ਅਥਵਾ :

ਖਟੁ ਦਰਸਨ ਜੋਗੀ ਸੰਨਿਆਸੀ
ਬਿਨੁ ਗੁਰ ਭਰਮਿ ਭੁਲਾਏ॥
ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ
ਹਰਿ ਜੀਉ ਮੰਨਿ ਵਸਾਏ॥

(ਸਿਰੀਰਾਗੁ ਮਹਲਾ ੧, ਅੰਗ ੬੭)

ਭਾਵ ਜੋਗੀ, ਸੰਨਿਆਸੀ ਜਾਂ ਛੇ ਭੇਖਾਂ ਵਾਲੇ ਸਾਧੂ (ਜੋਗੀ, ਜੰਗਮ, ਸੰਨਿਆਸੀ, ਸਰੇਵੜੇ, ਬੈਰਾਗੀ ਅਤੇ ਬੋਧੀ) ਜੇਕਰ ਗੁਰੂ ਦੀ ਸ਼ਰਨ ਨਹੀਂ ਆਏ ਤਾਂ ਮਾਇਆ ਦੇ ਭਰਮ-ਭੁਲੇਖਿਆਂ ਵਿਚ ਪੈ ਕੇ ਕੁਰਾਹੇ ਪਏ ਰਹਿੰਦੇ ਹਨ ਪ੍ਰੰਤੂ ਜੇਕਰ ਉਹ ਗੁਰੂ ਦੇ ਦਰਸਾਏ ਹੋਏ ਮਾਰਗ ਤੇ ਚਲਦੇ ਹਨ ਤਾਂ ਫਿਰ ਉਹ ਪ੍ਰਭੂ ਦਾ ਨਾਮ ਮਨ ਵਿਚ ਵਸਾ ਕੇ ਉੱਚ ਆਤਮਿਕ ਅਵਸਥਾ ਨੂੰ ਪ੍ਰਾਪਤ ਹੋ ਜਾਂਦੇ ਹਨ :

ਗੁਰੂ ਨਾਨਕ ਦੇਵ ਜੀ ਨੇ ਸੰਨਿਆਸ ਸਬੰਧੀ ਰਾਗੁ ਮਾਰੂ ਵਿਚ ਇਕ ਪੂਰੀ ਅਸਟਪਦੀ (ਨੰਬਰ ੭) ਉਚਾਰੀ ਹੈ। ਆਪ ਜੀ ਦਾ ਫ਼ਰਮਾਨ ਹੈ ਕਿ ਅਸਲੀ ਸੰਨਿਆਸੀ ਉਹ ਹੈ ਜਿਸਦੀ ਸੁਰਤ ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਚਰਨਾਂ ਵਿਚ ਲੀਨ ਰਹਿੰਦੀ ਹੈ। ਫਿਰ ਉਸ ਨੂੰ ਨਾਮ ਦਾ ਅਜਿਹਾ ਰੰਗ ਚੜ੍ਹਦਾ ਹੈ ਕਿ ਉਸਦਾ ਮਨ ਤ੍ਰਿਪਤ ਹੋ ਜਾਂਦਾ

ਹੈ ਅਤੇ ਉਸਦੀ ਮਾਇਆ ਦੀ ਭਟਕਣਾ ਦੂਰ ਹੋ ਜਾਂਦੀ ਹੈ :

ਬਾਬਾ ਐਸੀ ਰਵਤ ਰਵੈ ਸੰਨਿਆਸੀ ॥
ਗੁਰ ਕੈ ਸਬਦਿ ਏਕ ਲਿਵ ਲਾਗੀ
ਤੇਰੈ ਨਾਮਿ ਰਤੇ ਤ੍ਰਿਪਤਾਸੀ ॥

(ਅੰਗ ੧੦੧੨)

ਪ੍ਰਭੂ ਦੇ ਸਿਮਰਨ ਸਦਕਾ ਜੋ ਸੰਸਾਰੀ ਜੀਵਨ ਬਤੀਤ ਕਰਦਾ ਹੋਇਆ ਆਪਣੇ ਅੰਦਰੋਂ ਹਉਮੈ ਨੂੰ ਮਾਰ ਕੇ ਆਪਾ-ਭਾਵ ਮੁਕਾ ਦਿੰਦਾ ਹੈ ਉਹ ਫਿਰ ਕਿਸੇ ਪਾਸੋਂ ਕੱਪੜੇ, ਭੋਜਨ ਜਾਂ ਹੋਰ ਕਿਸੇ ਚੀਜ਼ ਦੀ ਆਸ ਨਹੀਂ ਰੱਖਦਾ। ਜੋ ਕੁਝ ਅਚਿੰਤ ਪ੍ਰਭੂ ਦਿੰਦਾ ਹੈ ਉਸ ਵਿਚ ਵੀ ਸੰਤੁਸ਼ਟ ਰਹਿੰਦਾ ਹੈ। ਉਸ ਦਾ ਮਨ ਹੁਣ ਟਿਕਾਉ ਵਿਚ ਆ ਜਾਂਦਾ ਹੈ ਅਤੇ ਉਹ ਵੱਧ ਘੱਟ ਵੀ ਨਹੀਂ ਬੋਲਦਾ। ਨਾਮ ਦੀ ਬਰਕਤ ਸਦਕਾ ਉਹ ਆਪਣੇ ਅੰਦਰੋਂ ਚੰਡਾਲ ਕ੍ਰੋਧ ਨੂੰ ਸਾੜ ਸੁੱਟਦਾ ਹੈ। ਅਜਿਹੇ ਵਿਅਕਤੀ ਨੂੰ ਹੀ ਗੁਰਮਤਿ ਨੇ ਸੱਚਾ ਸੰਨਿਆਸੀ ਗਰਦਾਨਿਆ ਹੈ। ਗੁਰਵਾਕ ਹੈ :

ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥
ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥
ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥
ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥

(ਅੰਗ ੧੦੧੩)

ਛਾਦਨ ਤੋਂ ਅਰਥ ਹੈ ਕੱਪੜਾ। ਤਾਮਸੁ—ਤਮੋ ਗੁਣ ਭਾਵ ਕ੍ਰੋਧ।

ਗੁਰੂ ਜੀ ਹੋਰ ਬਚਨ ਕਰ ਰਹੇ ਹਨ ਕਿ ਜੋ ਪ੍ਰਾਣੀ ਸਾਰੇ ਕਾਰ-ਵਿਹਾਰ ਕਰਦਾ ਹੋਇਆ, ਮੋਹ-ਮਾਇਆ ਤੋਂ ਨਿਰਲੇਪ ਰਹਿੰਦਾ ਹੋਇਆ ਇਕ ਪ੍ਰਭੂ ਤੇ ਟੇਕ ਰੱਖਦਾ ਹੈ, ਉਸ ਵਿਚ ਚਿੱਤ ਜੋੜਦਾ ਹੈ ਉਹ ਅਸਲੀ ਅਰਥਾਂ ਵਿਚ ਸੰਨਿਆਸੀ ਹੈ। ਗੁਰੂ ਦੇ ਦਰਸਾਏ ਹੋਏ ਮਾਰਗ ਤੇ ਚੱਲਣ ਵਾਲੇ ਅਜਿਹੇ ਪ੍ਰਾਣੀ ਦਾ ਫਿਰ ਕਦੇ ਮਨ ਨਹੀਂ ਡੋਲਦਾ। ਉਸ ਨੂੰ ਸਹੀ ਜੀਵਨ ਦੀ ਸੋਝੀ ਪੈ ਜਾਂਦੀ ਹੈ। ਉਹ ਤ੍ਰਿਸ਼ਨਾਲੂ ਮਨ ਤੇ ਕਾਬੂ ਪਾ ਲੈਂਦਾ ਹੈ। ਅਜਿਹਾ ਸੰਨਿਆਸੀ ਪ੍ਰਭੂ ਨੂੰ ਬਾਹਰ ਢੂੰਡਣ ਦੀ ਬਜਾਏ ਫਿਰ ਆਪਣੇ ਹਿਰਦੇ-ਰੂਪੀ ਘਰ ਵਿਚੋਂ ਹੀ ਲੱਭ ਲੈਂਦਾ ਹੈ :

ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥
ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ ॥
ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥
ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥

(ਅੰਗ ੧੦੧੩)

52

ਗ੍ਰਿਹਸਤ ਜੀਵਨ

ਪੁਰਾਤਨ ਭਾਰਤੀ ਧਾਰਮਿਕ ਸ਼ਾਸਤਰੀਆਂ ਨੇ ਮਨੁੱਖੀ ਜੀਵਨ ਨੂੰ ਚਾਰ ਭਾਗਾਂ ਵਿਚ ਵੰਡ ਰੱਖਿਆ ਸੀ ਜੋ ਚਾਰ ਆਸ਼ਰਮ ਕਰਕੇ ਜਾਣੇ ਜਾਂਦੇ ਸਨ–ਬ੍ਰਹਮਚਰਜ, ਗ੍ਰਿਹਸਤ, ਵਾਨਪ੍ਰਸਤ ਅਤੇ ਸੰਨਿਆਸ। ਇਨ੍ਹਾਂ ਅਨੁਸਾਰ ਪ੍ਰਾਣੀ ਨੇ ਪਹਿਲੇ 25 ਸਾਲ ਤੱਕ ਬ੍ਰਹਮਚਾਰੀ ਰਹਿੰਦੇ ਹੋਏ ਵਿਦਿਆ ਪ੍ਰਾਪਤ ਕਰਨੀ ਹੈ। 25 ਤੋਂ 50 ਸਾਲ ਤੱਕ ਗ੍ਰਿਹਸਤੀ ਜੀਵਨ ਬਤੀਤ ਕਰਨਾ ਹੈ। 50 ਤੋਂ 75 ਸਾਲ ਦੀ ਆਯੂ ਤੱਕ ਇਸਤ੍ਰੀ ਸਮੇਤ ਜਾਂ ਇਕੱਲਿਆਂ ਜੰਗਲਾਂ ਵਿਚ ਇਕਾਂਤ ਵਾਲਾ ਜੀਵਨ ਬਤੀਤ ਕਰਨਾ ਹੈ। 75 ਸਾਲ ਤੋਂ ਬਾਅਦ ਸੰਨਿਆਸ ਧਾਰ ਕੇ ਸਭ ਕੁਝ ਤਿਆਗ ਭਿੱਖਿਆ ਦੁਆਰਾ ਸਰੀਰ ਦਾ ਨਿਰਬਾਹ ਕਰਨਾ ਹੈ। ਇਸ ਤਰ੍ਹਾਂ ਸਮਾਜ ਵਿਚ ਵੈਰਾਗ, ਜੋਗ, ਤਪ, ਤਿਆਗ, ਸੰਨਿਆਸ ਆਦਿ ਨੂੰ ਬੜਾ ਮਹੱਤਵ ਦਿੱਤਾ ਜਾਂਦਾ ਸੀ।

ਗੁਰਮਤਿ ਅਨੁਸਾਰ ਪਰਮਾਤਮਾ ਨੂੰ ਰਿਝਾਉਣ ਲਈ ਗ੍ਰਿਹਸਤੀ ਜੀਵਨ ਤਿਆਗਣ ਦੀ ਮਨੁੱਖ ਨੂੰ ਲੋੜ ਨਹੀਂ। ਗ੍ਰਿਹਸਤ ਵਿਚ ਰਹਿ ਕੇ ਕਿਰਤ-ਕਮਾਈ ਕਰਦੇ ਹੋਏ ਪ੍ਰਾਣੀ ਮੋਹ-ਮਾਇਆ ਤੋਂ ਨਿਰਲੇਪ ਰਹਿੰਦਾ ਹੋਇਆ ਪ੍ਰਭੂ ਦਰ ਤੇ ਪ੍ਰਵਾਨ ਹੋ ਜਾਂਦਾ ਹੈ। ਗੁਰਵਾਕ ਹੈ :

ਕਹੁ ਨਾਨਕ ਗੁਰੁ ਪੂਰਾ ਭੇਟਿਆ ਪਰਵਾਣੁ ਗਿਰਸਤ ਉਦਾਸ॥

(ਰਾਗੁ ਗੂਜਰੀ ਮਹਲਾ ੫, ਅੰਗ ੪੯੬)

ਅਥਵਾ :

ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ॥

(ਰਾਗੁ ਮਾਝ ਮਹਲਾ ੫, ਅੰਗ ੧੦੮)

ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਥਾਂ ਘਰ-ਬਾਰ ਤਿਆਗ ਕੇ ਸੰਨਿਆਸ ਜਾਂ ਜੋਗ ਧਾਰਨ ਕਰਨਾ, ਪਿੰਡੇ ਤੇ ਸੁਆਹ ਮਲ ਕੇ ਧੂਣੀਆਂ ਤਪਾਉਣਾ, ਲੰਮੀਆਂ ਲੰਮੀਆਂ ਜਟਾਂ ਵਧਾਉਣਾ, ਨੰਗੇ ਪੈਰੀਂ ਜੰਗਲਾਂ ਵਿਚ ਭਉਂਦੇ ਫਿਰਨਾ, ਸਿਰ ਰਿੰਡ-ਮੁੰਡ ਕਰਵਾ ਕੇ ਜਤੀ ਬਣਨਾ ਆਦਿ ਨਾਲ ਸਮਾਜ ਦਾ ਕੁਝ ਵੀ ਨਹੀਂ ਸੰਵਰਦਾ। ਪਰਿਵਾਰ ਵਿਚ ਜਨਮ ਲੈ ਕੇ ਜੇਕਰ ਪਰਿਵਾਰਕ ਅਤੇ ਸਮਾਜਿਕ ਦੁੱਖਾਂ, ਸੁਖਾਂ ਨੂੰ ਨਹੀਂ ਹੰਢਾਇਆ, ਉਨ੍ਹਾਂ ਵਿਚ ਸ਼ਰੀਕ ਨਹੀਂ ਹੋਏ ਤਾਂ ਇਹ ਕੀਤੇ ਹੋਏ ਭੇਖ ਪ੍ਰਾਣੀ ਨੂੰ ਭਵ-ਸਾਗਰ ਤੋਂ ਪਾਰ ਨਹੀਂ ਲੰਘਾ ਸਕਦੇ :

ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ॥
ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ॥
ਇਕਿ ਨਗਨ ਫਿਰਹਿ ਦਿਨੁ ਰਾਤਿ ਨੀਦ ਨ ਸੋਵਹੀ॥
ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ॥

[illegible]

ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥

(ਮਲਾਰ ਕੀ ਵਾਰ ਮਹਲਾ ੧, ਅੰਗ ੧੨੮੪)

ਗ੍ਰਿਹਸਤ ਨੂੰ ਤਿਆਗ ਕੇ ਵੱਖ-ਵੱਖ ਭੇਖ ਕਰਨ ਵਾਲਿਆਂ ਤੇ ਟਕੋਰ ਕਰਦੇ ਹੋਏ ਭਗਤ ਕਬੀਰ ਜੀ ਦਾ ਬੜਾ ਸੁੰਦਰ ਫ਼ਰਮਾਨ ਹੈ ਕਿ ਜੇਕਰ ਨੰਗੇ ਫਿਰਨ ਨਾਲ ਪ੍ਰਭੂ ਨਾਲ ਮਿਲਾਪ ਹੋ ਸਕਦਾ ਹੋਵੇ ਤਾਂ ਜੰਗਲ ਦੇ ਹਿਰਨ ਆਦਿ ਸਾਰੇ ਪਸ਼ੂ ਮੁਕਤ ਹੋ ਜਾਣੇ ਚਾਹੀਦੇ ਹਨ। ਸਿਰ ਨੂੰ ਰਿੰਡ-ਮੁੰਡ ਕੀਤਿਆਂ ਜੇਕਰ ਸਿੱਧੀ ਮਿਲ ਸਕਦੀ ਹੋਵੇ ਤਾਂ ਭੇਡਾਂ ਸਾਰੀਆਂ ਮੁਕਤ ਹੋ ਗਈਆਂ ਹੁੰਦੀਆਂ। ਇਸੇ ਤਰ੍ਹਾਂ ਜਤੀ ਜਾਂ ਬ੍ਰਹਮਚਾਰੀ ਰਿਹਾਂ ਜੇਕਰ ਸੰਸਾਰ ਸਮੁੰਦਰ ਤੋਂ ਤਰਿਆ ਜਾ ਸਕਦਾ ਹੋਵੇ ਤਾਂ ਹੁਣ ਤੱਕ ਖੁਸਰਿਆਂ ਦਾ ਪਾਰ ਉਤਾਰਾ ਕਿਉਂ ਨਹੀਂ ਹੋ ਸਕਿਆ?

ਨਗਨ ਫਿਰਤ ਜੌ ਪਾਈਐ ਜੋਗੁ ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥
ਕਿਆ ਨਾਗੇ ਕਿਆ ਬਾਧੇ ਚਾਮ ॥
ਜਬ ਨਹੀ ਚੀਨਸਿ ਆਤਮ ਰਾਮ ॥
ਮੂਡ ਮੁੰਡਾਏ ਜੌ ਸਿਧਿ ਪਾਈ ॥ ਕਹੁ ਕਬੀਰ ਸੁਨਹੁ ਨਰ ਭਾਈ ॥
ਮੁਕਤੀ ਭੇਡ ਨ ਗਈਆ ਕਾਈ ॥ ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥
ਬਿੰਦੁ ਰਾਖਿ ਜੌ ਤਰੀਐ ਭਾਈ ॥ ੪॥੪॥
ਖੁਸਰੈ ਕਿਉ ਨ ਪਰਮ ਗਤਿ ਪਾਈ ॥

(ਰਾਗੁ ਗਉੜੀ ਕਬੀਰ ਜੀ, ਅੰਗ ੩੨੪)

ਗੁਰੂ ਰਾਮਦਾਸ ਜੀ ਦੇ ਰਾਗੁ ਬਿਲਾਵਲੁ ਵਿਚ ਬਚਨ ਹਨ ਕਿ ਜੋ ਗ੍ਰਿਹਸਤ ਨੂੰ ਤਿਆਗ ਕੇ ਜੰਗਲਾਂ ਦੀ ਖਾਕ ਛਾਣਦੇ ਫਿਰਦੇ ਹਨ ਉਨ੍ਹਾਂ ਦੇ ਮਨ ਨੂੰ ਕਦੀ ਸ਼ਾਂਤੀ ਨਸੀਬ ਨਹੀਂ ਹੁੰਦੀ। ਉਨ੍ਹਾਂ ਦਾ ਮਨ ਸਦਾ ਭਟਕਦਾ ਰਹਿੰਦਾ ਹੈ :

ਤਜੈ ਗਿਰਸਤੁ ਭਇਆ ਬਨ ਵਾਸੀ
ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥ *(ਅੰਗ ੮੩੫)*

ਅਥਵਾ :

ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ ॥

(ਰਾਗ ਮਾਰੂ ਮਹਲਾ ੫, ਅੰਗ ੧੦੦੩)

ਭਾਵ ਉਪਰਾਮ ਹੋ ਕੇ ਗ੍ਰਿਹਸਤ ਤਿਆਗ ਕੇ, ਜੰਗਲਾਂ ਨੂੰ ਤੁਰ ਪੈਣ ਨਾਲ ਮਨ ਦੀ ਭਟਕਣਾ ਕਦੇ ਮੁਕਦੀ ਨਹੀਂ।

ਗ੍ਰਿਹਸਤ ਵਿਚ ਰਹਿੰਦੇ ਹੋਏ ਤਿਆਗ-ਮਈ ਜੀਵਨ ਬਤੀਤ ਕਰਨਾ ਹੀ ਅਸਲ ਤਿਆਗ ਹੈ ਭਾਵ ਤਿਆਗ ਵਿਸ਼ੇ ਵਿਕਾਰਾਂ ਦਾ ਕਰਨਾ ਹੈ। ਖਾਣ ਜਾਂ ਪਹਿਨਣ-ਹੰਢਾਉਣ ਦਾ ਨਹੀਂ :

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

(ਗੂਜਰੀ ਕੀ ਵਾਰ ਮਹਲਾ ੫, ਅੰਗ ੫੨੨)

ਜਿਸ ਭਗਤੀ ਪਿੱਛੇ ਨਿੱਜੀ ਸੁਆਰਥ ਹੈ ਅਜਿਹੀ ਭਗਤੀ ਦਾ ਕੋਈ ਲਾਭ ਨਹੀਂ। ਪਰਬਤਾਂ ਅਤੇ ਜੰਗਲਾਂ ਵਿਚੋਂ ਸੱਚੇ ਦੀ ਭਾਲ ਕਰਨ ਦਾ ਕੋਈ ਲਾਭ ਨਹੀਂ। ਇਸ ਤਰ੍ਹਾਂ ਪ੍ਰਾਣੀ ਨਾ ਹੀ ਆਪਣਾ ਕਲਿਆਣ ਕਰ ਸਕਦਾ ਹੈ ਅਤੇ ਨਾ ਹੀ ਕਿਸੇ ਹੋਰ ਦਾ ਭਲਾ। ਅਜਿਹੀ ਤਪੱਸਿਆ ਜਾਂ ਭਗਤੀ ਦਾ ਦੂਜਿਆਂ ਨੂੰ ਕੀ ਲਾਭ ਹੋ ਸਕਦਾ ਹੈ। ਇਸ ਨਾਲ ਸਮਾਜ ਦਾ ਕੋਈ ਉਧਾਰ ਨਹੀਂ ਹੁੰਦਾ। ਜਦੋਂ ਤਾਈਂ ਆਪਣੇ ਚੰਗੇ ਗੁਣਾਂ ਅਤੇ ਗਿਆਨ ਨੂੰ ਦੂਜਿਆਂ ਨਾਲ ਸਾਂਝਾ ਨਹੀਂ ਕੀਤਾ ਜਾਂਦਾ ਉਦੋਂ ਤਾਈਂ ਮਨੁੱਖੀ ਅਗਿਆਨਤਾ ਨੂੰ ਦੂਰ ਕਰਕੇ ਸਮਾਜ ਵਿਚ ਕਿਸੇ ਚੰਗੇ ਪਰਿਵਰਤਨ ਦੀ ਆਸ ਨਹੀਂ ਰੱਖੀ ਜਾ ਸਕਦੀ। ਬਾਣੀ ਸਿਧ ਗੋਸਟਿ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ :

ਕਿਆ ਭਵੀਐ ਸਚਿ ਸੂਚਾ ਹੋਇ॥
ਸਾਚ ਸਬਦ ਬਿਨੁ ਮੁਕਤਿ ਨ ਕੋਇ॥ *(ਅੰਗ ੯੩੮)*

ਭਾਵ ਗ੍ਰਿਹਸਤ ਤਿਆਗਣ ਦਾ ਕੋਈ ਲਾਭ ਨਹੀਂ। ਗ੍ਰਿਹਸਤ ਤਿਆਗਣ ਨਾਲ ਕੋਈ ਚੰਗਾ ਜਾਂ ਪਵਿੱਤਰ ਨਹੀਂ ਬਣ ਜਾਂਦਾ। ਮੁਕਤੀ ਤਾਂ ਸੱਚੇ ਪ੍ਰਭੂ ਦੇ ਨਾਮ ਨਾਲ ਜੁੜਿਆਂ ਹੀ ਹੋਣੀ ਹੈ।

ਇਸੇ ਵਿਚਾਰ ਨੂੰ ਭਾਈ ਗੁਰਦਾਸ ਜੀ ਨੇ ਇਸ ਪ੍ਰਕਾਰ ਦਰਸਾਇਆ ਹੈ :

ਸਿਧ ਛਪ ਬੈਠੇ ਪਰਵਤੀਂ ਕੌਣ ਜਗਤ ਕਉ ਪਾਰ ਉਤਾਰਾ॥
(ਵਾਰ ੧, ਪਉੜੀ ੨੯)

ਅੱਚਲ ਬਟਾਲੇ ਦੇ ਮੇਲੇ ਤੇ ਗੁਰੂ ਨਾਨਕ ਦੇਵ ਜੀ ਦੀ ਜੋਗੀਆਂ ਨਾਲ ਹੋਈ ਗੋਸ਼ਟ ਵੇਲੇ ਜੋਗੀਆਂ ਨੇ ਬੜੇ ਫ਼ਖ਼ਰ ਨਾਲ ਆਖਿਆ ਸੀ ਕਿ ਅਸੀਂ ਦੁਨਿਆਵੀ ਝਮੇਲਿਆਂ ਤੋਂ ਦੂਰ ਰਹਿ ਕੇ ਜੰਗਲੀ ਫਲ, ਸਬਜ਼ੀਆਂ ਆਦਿ ਨੂੰ ਖਾ ਕੇ ਗੁਜ਼ਰਾਨ ਕਰਦੇ ਹਾਂ। ਤੀਰਥਾਂ ਤੇ ਜਾ ਕੇ ਇਸ਼ਨਾਨ ਕਰਦੇ ਹਾਂ, ਜਿਸ ਦਾ ਉਨ੍ਹਾਂ ਨੂੰ ਫਲ ਪ੍ਰਾਪਤ ਹੁੰਦਾ ਹੈ :

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ॥
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥
ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥
(ਅੰਗ ੯੩੮)

ਇਸ ਤੇ ਗੁਰੂ ਜੀ ਨੇ ਜੋਗੀਆਂ ਨੂੰ ਸਮਝਾਇਆ ਕਿ ਗ੍ਰਿਹਸਤ ਨੂੰ ਛੱਡ ਕੇ ਜੰਗਲਾਂ ਵਿਚ ਭ੍ਰਮਣ ਕਰਨ ਨਾਲ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ਅਤੇ ਨਾ ਹੀ ਮਾਇਆ ਦੇ ਮੋਹ ਤੋਂ ਬਚਿਆ ਜਾ ਸਕਦਾ ਹੈ। ਪ੍ਰਾਣੀ ਕਾਰ-ਵਿਹਾਰ ਕਰਦਾ ਹੋਇਆ ਪ੍ਰਭੂ ਦੇ ਨਾਮ ਤੇ ਜੇਕਰ ਟੇਕ ਰੱਖੇ ਤਾਂ ਮਨ ਦੀਆਂ ਸਾਰੀਆਂ ਤ੍ਰਿਸ਼ਨਾਵਾਂ ਖ਼ਤਮ ਹੋ ਜਾਂਦੀਆਂ ਹਨ। ਫਿਰ ਕਿਸੇ ਪ੍ਰਕਾਰ ਦੀ ਭੁੱਖ ਰਹਿੰਦੀ ਹੀ ਨਹੀਂ :

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ॥
(ਅੰਗ ੯੩੯)

ਰਿਆਸਤ ਗੜ੍ਹਵਾਲ (ਹੁਣ ਉਤਰਾਂਚਲ) ਦੀ ਫੇਰੀ ਵੇਲੇ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਇਸਦੀ ਰਾਜਧਾਨੀ ਸ੍ਰੀਨਗਰ ਪੁੱਜੇ ਤਾਂ ਉੱਥੇ ਆਪ ਜੀ ਦੀ ਮੁਲਾਕਾਤ ਸ਼ਿਵਾਜੀ ਮਰਹੱਟਾ ਦੇ ਗੁਰੂ ਸ੍ਰੀ ਸਮਰੱਥ ਰਾਮ ਦਾਸ ਜੀ ਨਾਲ ਹੋਈ। ਗੁਰੂ ਜੀ ਦਾ ਠਾਠ-ਬਾਠ

ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥ ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥੧॥ ਰਹਾਉ ॥ - ਸਿਰੀ ਰਾਗੁ ਮਹਲਾ ੩ ॥

ਦੇਖ ਕੇ ਸ੍ਰੀ ਸਮਰੱਥ ਜੀ ਕਹਿਣ ਲੱਗੇ, "ਆਪ ਜੀ ਸ਼ਸਤ੍ਰ ਪਹਿਨਦੇ ਹੋ ਪ੍ਰੰਤੂ ਜਿਸ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਤੁਸੀਂ ਬਿਰਾਜਮਾਨ ਹੋ ਉਹ ਤਾਂ ਤਿਆਗੀ ਸੰਤ ਸਨ।" ਗੁਰੂ ਜੀ ਨੇ ਸ੍ਰੀ ਸਮਰੱਥ ਰਾਮ ਦਾਸ ਜੀ ਦੀ ਸ਼ੰਕਾ ਦੂਰ ਕਰਨ ਲਈ ਕਿਹਾ ਸੀ ਕਿ "ਬਾਤਨ ਫਕੀਰੀ। ਜ਼ਾਹਰ ਅਮੀਰੀ। ਸ਼ਸਤਰ ਗਰੀਬ ਦੀ ਰੱਖਿਆ। ਜਰਵਾਣੇ ਦੀ ਭਖਿਆ।" ਅਤੇ ਕਿਹਾ ਕਿ ਸਤਿਗੁਰੂ ਨਾਨਕ ਦੇਵ ਜੀ ਨੇ ਮਾਇਆ ਤਿਆਗੀ ਸੀ, ਸੰਸਾਰ ਨਹੀਂ ਤਿਆਗਿਆ ਸੀ। ਸ੍ਰੀ ਸਮਰੱਥ ਜੀ ਦੀ ਤਸੱਲੀ ਹੋ ਗਈ ਅਤੇ ਕਹਿਣ ਲੱਗੇ, "ਯਹ ਬਾਤ ਹਮਾਰੇ ਮਨ ਭਾਵਤੀ ਹੈ।"

ਗੁਰੂ ਰਾਮਦਾਸ ਜੀ ਦੇ ਰਾਗੁ ਮਾਰੂ ਵਿਚ ਬੜੇ ਸੁੰਦਰ ਬਚਨ ਹਨ ਕਿ ਜਿਵੇਂ ਕਮਲ ਦਾ ਫੁੱਲ ਪਾਣੀ ਵਿਚ ਰਹਿੰਦਾ ਹੋਇਆ ਵੀ ਪਾਣੀ ਤੋਂ ਅਭਿੱਜ ਰਹਿੰਦਾ ਹੈ ਤਿਵੇਂ ਗ੍ਰਿਹਸਤੀ ਨਾਮ ਦੀ ਬਰਕਤ ਨਾਲ ਮੋਹ-ਮਾਇਆ ਤੋਂ ਨਿਰਲੇਪ ਰਹਿੰਦਾ ਹੈ :

ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥

(ਅੰਗ ੧੦੭੦)

ਪ੍ਰੰਤੂ ਗੁਰਬਾਣੀ ਵਿਚ ਅਜਿਹੇ ਗ੍ਰਿਹਸਤੀ ਨੂੰ ਸਾਵਧਾਨ ਕੀਤਾ ਗਿਆ ਹੈ ਕਿ ਜਿਹੜਾ ਪ੍ਰਭੂ ਦੇ ਨਾਮ ਨਾਲ ਪ੍ਰੀਤ ਨਹੀਂ ਪਾਉਂਦਾ, ਜੋ ਗ੍ਰਿਹਸਤੀ ਨਾਮ ਵਿਚ ਆਪਣੇ ਮਨ ਨੂੰ ਨਹੀਂ ਜੋੜਦਾ, ਉਸਦਾ ਗ੍ਰਿਹਸਤੀ ਜੀਵਨ ਫਿਟਕਾਰਯੋਗ ਹੈ :

ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ ॥

(ਰਾਗੁ ਗਉੜੀ ਮਹਲਾ ੩, ਅੰਗ ੨੩੩)

ਇਸ ਲਈ ਅਜਿਹਾ ਗ੍ਰਿਹਸਤੀ ਬੜਾ ਭਾਗਾਂ ਵਾਲਾ ਹੈ ਜਿਸ ਦੀ ਲਿਵ ਪ੍ਰਭੂ ਚਰਨਾਂ ਵਿਚ ਜੁੜੀ ਰਹਿੰਦੀ ਹੈ :

ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ ॥
ਨਾਨਕ ਸਤਿਗੁਰੁ ਸੇਵਹਿ ਸੇ ਵਡਭਾਗੀ ॥

(ਰਾਗੁ ਗਉੜੀ ਮਹਲਾ ੩, ਅੰਗ ੨੩੦)

ਰਾਗੁ ਮਾਝ ਵਿਚ ਵੀ ਗੁਰੂ ਅਰਜਨ ਦੇਵ ਜੀ ਇਹੋ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਗੁਰੂ ਦੇ ਸਨਮੁਖ ਰਹਿਣ ਵਾਲਾ ਗੁਰਮੁਖ ਪ੍ਰਾਣੀ ਭਾਗਾਂ ਵਾਲਾ ਗ੍ਰਿਹਸਤੀ ਹੈ ਜੋ ਦੁਨਿਆਵੀ ਕੰਮ ਧੰਦੇ ਕਰਦਾ ਹੋਇਆ ਵੀ ਮੋਹ-ਮਾਇਆ ਵਿਚ ਨਹੀਂ ਫਸਦਾ ਅਤੇ ਮਨੁੱਖਾ ਜੀਵਨ ਦੀਆਂ ਕਦਰਾਂ-ਕੀਮਤਾਂ ਤੋਂ ਸੁਚੇਤ ਰਹਿੰਦਾ ਹੈ :

ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ ॥

(ਅੰਗ ੧੩੧)

ਜੈਸੇ ਸਰ ਸਰਿਤਾ ਸਕਲ ਮੈ ਸਮੁੰਦ੍ਰ ਬਡੋ, ਮੇਰ ਮੈ ਸੁਮੇਰ ਬਡੋ ਜਗਤ ਬਖਾਨ ਹੈ।
ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ, ਧਾਤੁ ਮੈ ਕਨਿਕ ਅਤਿ ਉਤਮ ਕੈ ਮਾਨ ਹੈ ॥
ਪੰਛੀਅਨ ਮੈ ਹੰਸ, ਮ੍ਰਿਗਰਾਜਨ ਮੈ ਸਾਰਦੂਲ, ਰਾਗਨ ਮੈ ਸਿਰੀਰਾਗੁ ਪਾਰਸ ਪਖਾਨ ਹੈ ॥
ਗਿਆਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ ਗੁਰ ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ ॥੩੭੬॥ [illegible]

[illegible] ਜਿਉ ਰਾਤਿ ਰੈਣ ਆਇ ਵਿਹਾਣਿਆ ॥ ਮ: ੪
[illegible] ॥ [illegible] ॥
3895

(53)

ਨਾਸਮਾਨਤਾ

ਗੁਰਬਾਣੀ ਵਿਚ ਇਸ ਸਿਧਾਂਤ ਨੂੰ ਬੜੀ ਦ੍ਰਿੜਤਾ ਨਾਲ ਦਰਸਾਇਆ ਗਿਆ ਹੈ ਕਿ ਇਸ ਸੰਸਾਰ ਵਿਚ ਸਭ ਕੁਝ ਬਿਨਸਨਹਾਰ ਹੈ। ਇੱਥੇ ਸਭ ਚਲੋ-ਚਲੀ ਦਾ ਮੇਲਾ ਹੈ। ਕੋਈ ਅੱਜ ਜਾ ਰਿਹਾ ਹੈ ਕੋਈ ਕੱਲ੍ਹ ਨੂੰ ਇਸ ਸੰਸਾਰ ਤੋਂ ਤੁਰ ਜਾਵੇਗਾ। ਕਿਸੇ ਨੇ ਵੀ ਸਦਾ ਲਈ ਇੱਥੇ ਬੈਠੇ ਨਹੀਂ ਰਹਿਣਾ। ਫ਼ਰਕ ਸਿਰਫ਼ ਐਨਾ ਹੈ ਕਿ ਕਿਸੇ ਦੀ ਪਹਿਲਾਂ ਵਾਰੀ ਆ ਜਾਂਦੀ ਹੈ ਕਿਸੇ ਦੀ ਬਾਅਦ ਵਿਚ। ਪਰ ਇਹ ਅਟੱਲ ਸਚਾਈ ਹੈ ਕਿ ਜੋ ਕੁਝ ਘੜਿਆ ਹੈ ਉਸਨੇ ਇਕ ਦਿਨ ਜ਼ਰੂਰ ਭੱਜਣਾ ਹੈ। ਗੁਰਵਾਕ ਹੈ :

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥

(ਆਸਾ ਦੀ ਵਾਰ ਮਹਲਾ ੧, ਅੰਗ ੪੭੪)

ਇਸ ਲਈ ਜਿਸ ਪਰਮਾਤਮਾ ਨੇ ਜੀਅ-ਪ੍ਰਾਣ ਦਿੱਤੇ ਹਨ ਉਸ ਨੂੰ ਸਦਾ ਚੇਤੇ ਰੱਖਣਾ ਚਾਹੀਦਾ ਹੈ ਤਾਂ ਕਿ ਨਾਮ ਸਿਮਰਨ ਦੁਆਰਾ ਇਸ ਮਨੁੱਖਾ ਜਨਮ ਨੂੰ ਸਫਲ ਬਣਾਇਆ ਜਾ ਸਕੇ :

ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥
ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥ *(ਅੰਗ ੪੭੪)*

ਆਪ ਦੇ ਸਿਰੀ ਰਾਗ ਵਿਚ ਵੀ ਬਚਨ ਹਨ :

ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ ॥
ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥
ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ ॥ *(ਅੰਗ ੬੩)*

ਭਾਵ ਜਗਤ ਵਿਚੋਂ ਸਭ ਨੇ ਤੁਰ ਜਾਣਾ ਹੈ। ਇੱਥੇ ਜੋ ਵੀ ਆਇਆ ਹੈ ਉਸਨੇ ਇਕ ਨਾ ਇਕ ਦਿਨ ਜ਼ਰੂਰ ਚਲੇ ਜਾਣਾ ਹੈ। ਅਬਿਨਾਸ਼ੀ ਤਾਂ ਕੇਵਲ ਇਕ ਪਰਮਾਤਮਾ ਹੀ ਹੈ। ਤਾਂ ਫਿਰ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦੀ ਸਿਫ਼ਤ-ਸਾਲਾਹ ਕਰਨੀ ਚਾਹੀਦੀ ਹੈ ਤਾਂ ਕਿ ਭਵ-ਸਾਗਰ ਤੋਂ ਪਾਰ ਹੋਇਆ ਜਾ ਸਕੇ।

ਅੰਤ ਵੇਲੇ ਜਦੋਂ ਸਾਰੇ ਸੰਗੀ-ਸਾਥੀ ਸਾਥ ਛੱਡ ਜਾਂਦੇ ਹਨ ਤਾਂ ਇਕੱਲਿਆਂ ਹੀ ਜਾਣਾ ਪੈਂਦਾ ਹੈ। ਅਜਿਹੇ ਸਮੇਂ ਇਕ ਪਰਮਾਤਮਾ ਹੀ ਸਹਾਈ ਹੁੰਦਾ ਹੈ। ਇਸ ਲਈ ਉਸ ਕਰਤਾਰ ਨੂੰ ਸਦਾ ਸਿਮਰਨਾ ਚਾਹੀਦਾ ਹੈ :

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥

(ਸਲੋਕ ਨੰਬਰ ੫੫, ਮਹਲਾ ੯, ਅੰਗ ੧੪੨੯)

ਅਥਵਾ :

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥

ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥

(ਸਲੋਕ ਨੰਬਰ ੫੨, ਮਹਲਾ ੯, ਅੰਗ ੧੪੨੯)

ਆਪ ਜੀ ਦੇ ਇਕ ਹੋਰ ਬਚਨ ਹਨ ਕਿ ਜਿਸ ਸਰੀਰ ਤੇ ਮਨੁੱਖ ਐਨਾ ਮਾਣ ਕਰਦਾ ਹੈ, ਇਕ ਛਿਨ ਵਿਚ ਨਾਸ ਹੋ ਜਾਂਦਾ ਹੈ।

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ॥

(ਸਲੋਕ ਨੰਬਰ ੪੨, ਮਹਲਾ ੯, ਅੰਗ ੧੪੨੯)

ਭਗਤ ਕਬੀਰ ਜੀ ਦਾ ਰਾਗੁ ਗਉੜੀ ਵਿਚ ਕਥਨ ਹੈ :

ਦਦਾ ਦੇਖਿ ਜੁ ਬਿਨਸਨਹਾਰਾ॥ *(ਅੰਗ ੩੪੧)*

ਭਾਵ ਜੋ ਸੰਸਾਰ ਦਿੱਸ ਰਿਹਾ ਹੈ ਇਹ ਸਾਰਾ ਨਾਸ਼ਵੰਤ ਹੈ।

ਅਥਵਾ :

ਜਾਤਿ ਵਰਨ ਤੁਰਕ ਅਰੁ ਹਿੰਦੂ॥
ਪਸੁ ਪੰਖੀ ਅਨਿਕ ਜੋਨਿ ਜਿੰਦੂ॥
ਸਗਲ ਪਾਸਾਰੁ ਦੀਸੈ ਪਾਸਾਰਾ॥
ਬਿਨਸਿ ਜਾਇਗੋ ਸਗਲ ਆਕਾਰਾ॥

(ਰਾਗੁ ਗਉੜੀ ਮਹਲਾ ੫, ਅੰਗ ੨੩੭)

ਭਾਵ ਵੱਖ-ਵੱਖ ਜਾਤਾਂ ਵਰਗਾਂ ਦੇ ਪ੍ਰਾਣੀ, ਪਸ਼ੂ-ਪੰਛੀ ਹੋਰ ਅਨੇਕਾਂ ਜੂਨਾਂ ਦੇ ਜੀਵ ਅਤੇ ਇਹ ਜਗਤ ਪਸਾਰਾ ਜੋ ਦਿੱਸ ਰਿਹਾ ਹੈ ਆਖ਼ਰ ਨੂੰ ਸਭ ਨਾਸ ਹੋ ਜਾਣ ਵਾਲੇ ਹਨ।

ਆਪ ਜੀ ਦੇ ਰਾਗੁ ਬਿਲਾਵਲੁ ਵਿਚ ਬਚਨ ਹਨ :

ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ॥
ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ॥ ੧ ॥
ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ॥
ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ॥ ੧॥ ਰਹਾਉ॥
ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥
ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥ ੨॥
ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥
ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ॥ *(ਅੰਗ ੮੦੮)*

ਭਾਵ ਇਹ ਸਾਰਾ ਜਗਤ ਬਿਨਸਨਹਾਰ ਹੈ। ਇਸ ਵਿਚ ਮਾਨੋਂ ਰੇਤ ਦੇ ਘਰ ਬਣੇ ਹੋਏ ਹਨ। ਜਿਵੇਂ ਮੀਂਹ ਨਾਲ ਕਾਗ਼ਜ਼ ਨੂੰ ਗਲਦਿਆਂ ਦੇਰ ਨਹੀਂ ਲਗਦੀ, ਇਸੇ ਪ੍ਰਕਾਰ ਇਨ੍ਹਾਂ ਘਰਾਂ ਦੇ ਨਾਸ ਹੁੰਦਿਆਂ ਦੇਰ ਨਹੀਂ ਲਗਦੀ।

ਸਿੱਧ, ਸਾਧਿਕ, ਜੋਗੀ, ਗ੍ਰਿਹਸਤੀ ਆਦਿ ਮੌਤ ਆਉਣ ਤੇ ਸਭ ਕੁਝ ਇੱਥੇ ਛੱਡ ਕੇ ਤੁਰ ਜਾਂਦੇ ਹਨ। ਜਗਤ ਤਾਂ ਰਾਤ ਨੂੰ ਆਏ ਸੁਪਨੇ ਦੀ ਨਿਆਈਂ ਹੈ। ਇਸ ਲਈ ਇਹ ਦ੍ਰਿਸ਼ਟਮਾਨ ਜਗਤ ਜੋ ਇਕ ਸੁਪਨੇ ਦੀ ਤਰ੍ਹਾਂ ਹੈ ਇਸ ਵਿਚ ਮੋਹ ਪਾਉਣਾ ਵਿਅਰਥ ਹੈ। ਜ਼ਰਾ ਵਿਚਾਰ ਕੇ ਦੇਖੀਏ ਸਾਡੇ ਸੰਗੀ ਸਾਥੀ ਕਿੱਥੇ ਗਏ? ਆਪਣੀ ਵਾਰੀ ਸਿਰ ਕਈ

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥

ਜਾ ਚੁੱਕੇ ਹਨ ਅਤੇ ਬਾਕੀ ਦੇ ਚਲੇ ਜਾਣਗੇ ਭਾਵ ਸਭ ਕੋਈ ਆਪੋ-ਆਪਣੀ ਵਾਰੀ ਤੁਰ ਜਾਏਗਾ।

ਅਵੇਸਲੇ ਹੋਏ ਮਨੁੱਖੀ ਮਨ ਨੂੰ ਗੁਰੂ ਨਾਨਕ ਦੇਵ ਜੀ ਸੋਧ ਬਖ਼ਸ਼ਿਸ਼ ਕਰ ਰਹੇ ਹਨ ਕਿ ਦੇਵਤੇ (ਸੁਰ), ਸ਼ਿਵਜੀ ਦੇ ਸੇਵਕ (ਗਣ), ਦੇਵਤਿਆਂ ਦੇ ਰਾਗੀ (ਗੰਧਰਬ), ਕਰਾਮਾਤੀ ਜੋਗੀ (ਸਿਧ), ਮੁਨੀ ਜਨ, ਸ਼ੇਖ, ਪੀਰ, ਆਪਣੇ ਆਪ ਨੂੰ ਅਖਵਾਉਣ ਵਾਲੇ ਸਰਦਾਰ, ਬਾਦਸ਼ਾਹ, ਖਾਨ, ਰਾਜੇ, ਵਜ਼ੀਰ, ਅਮੀਰ ਆਪਣਾ-ਆਪਣਾ ਡੰਕਾ ਵਜਾ ਕੇ ਇਥੋਂ ਕੂਚ ਕਰ ਗਏ। ਜਿਹੜੇ ਇੱਥੇ ਮੌਜੂਦ ਹਨ ਉਹ ਵੀ ਸਾਰੇ ਇਥੋਂ ਚਲੇ ਜਾਣਗੇ :

ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ ॥
ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ ॥
ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥
ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ ॥

(ਸਿਰੀ ਰਾਗੁ, ਅੰਗ ੬੪)

ਇੰਜ ਸਭ ਕੋਈ ਆਉਣ-ਜਾਣ ਵਾਲਾ ਹੈ ਭਾਵ ਸਭ ਕੋਈ ਨਾਸ਼ਵੰਤ ਹੈ ਪ੍ਰੰਤੂ ਕੇਵਲ ਇਕ ਪਰਮਾਤਮਾ ਸਦਾ ਕਾਇਮ ਰਹਿਣ ਵਾਲਾ ਹੈ। ਉਹ ਅਲੱਖ ਹੈ ਅਤੇ ਅਪਹੁੰਚ। ਸਾਰੇ ਜਗਤ ਦਾ ਰਚਨਹਾਰਾ ਉਹ ਸਾਰੀ ਕੁਦਰਤ ਦਾ ਮਾਲਕ ਹੈ ਅਤੇ ਉਹ ਸਭ ਜੀਵਾਂ ਤੇ ਮਿਹਰ ਅਤੇ ਬਖ਼ਸ਼ਿਸ਼ ਕਰਨ ਵਾਲਾ ਹੈ :

ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥
ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥ ੬ ॥ *(ਅੰਗ ੬੪)*

ਅਥਵਾ :

ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ ॥

(ਰਾਗੁ ਆਸਾ ਮਹਲਾ ੫, ਅੰਗ ੪੩੧)

ਰਾਗੁ ਬਸੰਤੁ ਵਿਚ ਗੁਰੂ ਤੇਗ ਬਹਾਦਰ ਜੀ ਬੜਾ ਸੁੰਦਰ ਦ੍ਰਿਸ਼ਟਾਂਤ ਦੇ ਕੇ ਪ੍ਰਾਨੀ ਨੂੰ ਸਮਝਾ ਰਹੇ ਹਨ ਕਿ ਸਾਰਾ ਜਗਤ ਮਾਨੋਂ ਧੂੰਏਂ ਦੇ ਪਹਾੜ ਵਾਂਗ ਹੈ ਜਿਸ ਸਾਰੇ ਨੂੰ ਇਕ ਹਵਾ ਦਾ ਬੁੱਲਾ ਉਡਾ ਕੇ ਲੈ ਜਾਂਦਾ ਹੈ। ਫਿਰ ਹੇ ਪ੍ਰਾਣੀ, ਤੂੰ ਫਿਰ ਕੀ ਸਮਝ ਕੇ ਜਗਤ ਨੂੰ ਸਦਾ ਕਾਇਮ ਰਹਿਣ ਵਾਲਾ ਮੰਨੀ ਬੈਠਾ ਹੈਂ? ਆਪ ਜੀ ਦੇ ਬਚਨ ਹਨ ਕਿ ਇਸ ਜਗਤ ਤੋਂ ਤੁਰਨ ਲਗਿਆਂ ਧਨ, ਇਸਤ੍ਰੀ ਜਾਂ ਹੋਰ ਕੋਈ ਜਾਇਦਾਦ ਨਾਲ ਨਹੀਂ ਜਾਂਦੀ। ਕੇਵਲ ਪਰਮਾਤਮਾ ਦੀ ਕੀਤੀ ਹੋਈ ਭਗਤੀ ਹੀ ਨਾਲ ਨਿਭਣ ਵਾਲੀ ਹੈ। ਅੰਤ ਵੇਲੇ ਪਰਮਾਤਮਾ ਦੀ ਕੀਤੀ ਹੋਈ ਭਗਤੀ ਹੀ ਸਹਾਈ ਹੁੰਦੀ ਹੈ :

ਇਹੁ ਜਗੁ ਧੂਏ ਕਾ ਪਹਾਰ ॥
ਤੈ ਸਾਚਾ ਮਾਨਿਆ ਕਿਹ ਬਿਚਾਰਿ ॥ ੧ ॥
ਧਨੁ ਦਾਰਾ ਸੰਪਤਿ ਗ੍ਰੇਹ ॥
ਕਛੁ ਸੰਗਿ ਨ ਚਾਲੈ ਸਮਝ ਲੇਹ ॥ ੨ ॥
ਇਕ ਭਗਤਿ ਨਾਰਾਇਨ ਹੋਇ ਸੰਗਿ ॥
ਕਹੁ ਨਾਨਕ ਭਜੁ ਤਿਹ ਏਕ ਰੰਗਿ ॥ ੩ ॥ *(ਅੰਗ ੧੧੮੬)*

ਇਸ ਸਾਰੀ ਵਿਚਾਰ ਤੋਂ ਇਹ ਭਾਵ ਨਹੀਂ ਲੈ ਲੈਣਾ ਚਾਹੀਦਾ ਕਿ ਜਦੋਂ ਸਭ ਕੁਝ

ਬਿਨਸਨਹਾਰ ਹੈ ਤਾਂ ਐਨਾ ਤਰੱਦੁਦ ਕਿਸ ਲਈ ਕਰਨਾ ਹੈ। ਇਸ ਸਬੰਧੀ ਗੁਰਮਤਿ ਦਾ ਸਿਧਾਂਤ ਬੜਾ ਸਪੱਸ਼ਟ ਹੈ। ਪ੍ਰਾਣੀ ਨੇ ਸਾਰੇ ਕਾਰ-ਵਿਹਾਰ ਕਰਦੇ ਹੋਏ ਪਰਮਾਤਮਾ ਨੂੰ ਵੀ ਯਾਦ ਰੱਖਣਾ ਹੈ :

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥

(ਸਲੋਕ ਨੰਬਰ ੨੧੩, ਭਗਤ ਕਬੀਰ ਜੀ, ਅੰਗ ੧੩੭੫-੭੬)

ਪ੍ਰਾਣੀ ਨੇ ਅੱਗੇ ਲਈ ਵੀ ਕੁਝ ਰਾਸ-ਪੂੰਜੀ ਜਮ੍ਹਾਂ ਕਰਨੀ ਹੈ ਤਾਂਹੀਓਂ ਦਰਗਾਹ ਵਿਚ ਢੋਈ ਮਿਲੇਗੀ। ਗੁਰਵਾਕ ਹੈ :

ਸਚੁ ਵਾਪਾਰੁ ਕਰਹੁ ਵਾਪਾਰੀ॥
ਦਰਗਹ ਨਿਬਹੈ ਖੇਪ ਤੁਮਾਰੀ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੯੩)

ਇੰਜ ਸੱਚ ਦੇ ਮਾਰਗ ਤੇ ਚਲਦੇ ਹੋਏ ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਛਕਣ ਦਾ ਉੱਦਮ ਕਰਨਾ ਹੈ। ਇਹੋ ਹੀ ਸੱਚਾ ਵਪਾਰ ਹੈ। ਇਹੋ ਹੀ ਸੱਚੀ ਕਾਰ ਹੈ। ਫਿਰ 'ਭੈ ਬਿਨਸੇ ਉਤਰੀ ਸਭ ਚਿੰਦ' ਵਾਲੀ ਅਵਸਥਾ ਬਣ ਜਾਂਦੀ ਹੈ।

ਸਦਾ ਥਿਰ ਰਹਿਣ ਵਾਲੇ ਪ੍ਰਭੂ ਦਾ ਨਾਮ ਵੀ ਸੱਚਾ ਹੈ। ਇਸ ਪ੍ਰਕਾਰ ਨਾਮ ਦੇ ਪਾਂਧੀ ਕਦੇ ਬਿਨਸਦੇ ਨਹੀਂ। ਉਨ੍ਹਾਂ ਅਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ ਹੁੰਦਾ। ਉਹ ਭਾਵੇਂ ਸਰੀਰਕ ਤੌਰ ਤੇ ਮੌਜੂਦ ਨਹੀਂ ਹੁੰਦੇ ਪਰ ਉਨ੍ਹਾਂ ਵਲੋਂ ਦਿਖਾਇਆ ਗਿਆ ਮਾਰਗ ਦਰਸ਼ਨ ਮਨੁੱਖਤਾ ਦੀ ਸਦਾ ਅਗਵਾਈ ਕਰਦਾ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਨੌਵੇਂ ਜਾਮੇ ਵਿਚ ਅਨਿਆਂ ਅਤੇ ਜ਼ੁਲਮ ਵਿਰੁੱਧ ਜੂਝਦੇ ਹੋਇਆਂ ਸ਼ਹਾਦਤ ਦਾ ਜਾਮ ਪੀਤਾ। ਸਲਤਨਤਾਂ ਦਾ ਮਾਲਕ ਔਰੰਗਜ਼ੇਬ ਬਿਨਸ ਗਿਆ। ਉਸਦੀ ਕਬਰ ਤੇ ਅੱਜ ਕਿੰਨੇ ਕੁ ਜਾ ਕੇ ਯਾਦ ਵਜੋਂ ਦੀਵੇ ਬਾਲਦੇ ਹਨ ਪ੍ਰੰਤੂ ਗੁਰੂ ਨਾਨਕ ਨਾਮ ਲੇਵਾ ਕ੍ਰੋੜਾਂ ਪ੍ਰਾਣੀਆਂ ਅਤੇ ਮਾਨਵਤਾ ਦੇ ਸਨੇਹੀਆਂ ਦੇ ਮਨਾਂ ਅੰਦਰ ਗੁਰੂ ਤੇਗ ਬਹਾਦਰ ਜੀ ਵੱਸਦੇ ਹਨ। ਉਹ ਅਜਿਹਾ ਕਾਰਜ ਕਰ ਗਏ ਕਿ ਰਹਿੰਦੀ ਦੁਨੀਆਂ ਤੱਕ ਆਪ ਜੀ ਦੀ ਜੈ-ਜੈਕਾਰ ਹੁੰਦੀ ਰਹੇਗੀ :

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨਿ ਹੇਤ ਇਤੀ ਜਿਨ ਕਰੀ।
ਸੀਸ ਦੀਆ ਪਰ ਸੀ ਨ ਉਚਰੀ।
ਠੀਕਰ ਫੋਰ ਦਿਲੀਸ ਸਿਰ ਪ੍ਰਭ ਪੁਰ ਕੀਆ ਪਯਾਨ।
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰਲੋਕ। *(ਬਚਿੱਤ੍ਰ ਨਾਟਕ)*

ਕਰਮਾਂ ਦੇ ਤਿੰਨ ਭੇਦ ਮੰਨੇ ਜਾਂਦੇ ਹਨ।
੧. ਕ੍ਰਿਆਮਾਨ : ਜੋ ਹੁਣ ਕੀਤੇ ਜਾ ਰਹੇ ਹਨ।
੨. ਪ੍ਰਾਰਬਧ : ਜਿਨ੍ਹਾਂ ਅਨੁਸਾਰ ਇਹ ਵਰਤਮਾਨ ਦੇਹ ਪ੍ਰਾਪਤ ਹੋਈ ਹੈ।
੩. ਸੰਚਿਤ : ਜੋ ਕਿ ਕਰਮਾਂ ਦੇ ਭਾਰੀ ਢੇਰ ਲੱਗੇ ਹੋਏ ਹਨ ਜਿਨ੍ਹਾਂ ਦਾ ਭੋਗ ਅਜੇ ਨਹੀਂ ਭੋਗਿਆ। — ਭਾ. ਕਾਨ੍ਹ ਸਿੰਘ ਜੀ ਨਾਭਾ (੧੦੧੭)

54

ਕਰਮ

ਗੁਰਬਾਣੀ ਵਿਚ 'ਕਰਮ' ਸ਼ਬਦ ਤਿੰਨ ਰੂਪਾਂ ਵਿਚ ਆਇਆ ਹੈ। ਪਹਿਲਾ 'ਕਰਮ' ਤੋਂ ਭਾਵ ਹੈ ਜੋ ਕੁਝ ਅਸੀਂ ਕਰਦੇ ਹਾਂ ਉਹ ਕਰਮ ਹਨ :

ਕਰਮੁ ਕਰਤ ਹੋਵੈ ਨਿਹਕਰਮ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੭੪)

ਇਹ ਕੁਦਰਤ ਦਾ ਨਿਯਮ ਹੈ ਕਿ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹਾ ਉਹ ਬਣ ਜਾਂਦਾ ਹੈ। ਗੁਰਵਾਕ ਹੈ :

ਜੇਹੇ ਕਰਮ ਕਮਾਇ ਤੇਹਾ ਹੋਇਸੀ॥

(ਰਾਗੁ ਸੂਹੀ ਮਹਲਾ ੧, ਅੰਗ ੭੩੦)

ਇਹ ਅਮਲ ਚੰਗੇ ਵੀ ਹੋ ਸਕਦੇ ਹਨ ਅਤੇ ਮਾੜੇ ਵੀ। ਬਾਬਾ ਫ਼ਰੀਦ ਜੀ ਦਾ ਫ਼ਰਮਾਨ ਹੈ :

ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥

(ਸਲੋਕ ਨੰਬਰ ੧੦੦, ਅੰਗ ੧੩੮੩)

ਭਾਵ ਜੋ ਅਸੀਂ ਕਰਮ ਜਾਂ ਅਮਲ ਕਰਦੇ ਹਾਂ। ਦਰਗਾਹ ਵਿਚ ਜਾ ਕੇ ਉਨ੍ਹਾਂ ਤੇ ਹੀ ਨਬੇੜਾ ਹੋਣਾ ਹੈ :

ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥

(ਆਸਾ ਦੀ ਵਾਰ ਮਹਲਾ ੧, ਅੰਗ ੪੬੮)

ਅਥਵਾ :

ਆਪਿ ਬੀਜਿ ਆਪੇ ਹੀ ਖਾਇ॥

(ਸਿਰੀਰਾਗੁ ਮਹਲਾ ੧, ਅੰਗ ੨੫)

ਰਾਗੁ ਮਾਝ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਮਨੁੱਖਾ ਸਰੀਰ ਤਾਂ ਖੇਤ ਦੀ ਨਿਆਈਂ ਹੈ। ਇਸ ਵਿਚ ਜਿਹੋ ਜਿਹਾ ਬੀਜ ਬੀਜੋਗੇ ਉਹੋ ਜਿਹਾ ਵੱਢੋਗੇ ਭਾਵ ਮਨੁੱਖ ਜਿਹੋ ਜਿਹਾ ਕਰਮ ਕਰਦਾ ਹੈ ਉਹੋ ਜਿਹਾ ਉਸਨੂੰ ਫਲ ਪ੍ਰਾਪਤ ਹੁੰਦਾ ਹੈ :

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ *(ਅੰਗ ੧੩੪)*

ਅਥਵਾ :

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥

(ਆਸਾ ਦੀ ਵਾਰ ਮਹਲਾ ੧, ਅੰਗ ੪੭੦)

ਗੁਰੂ ਅਰਜਨ ਦੇਵ ਜੀ ਦੇ ਰਾਗੁ ਬਾਰਹਮਾਹਾ ਮਾਝ ਵਿਚ ਬਚਨ ਹਨ ਕਿ ਪ੍ਰਭੂ ਨੂੰ ਵਿਸਾਰ ਕੇ ਪ੍ਰਾਣੀ ਨੂੰ ਕਈ ਪ੍ਰਕਾਰ ਦੇ ਰੋਗ ਅਤੇ ਦੁੱਖ ਕਲੇਸ਼ ਆ ਚਿਬੜਦੇ ਹਨ। ਆਪ ਜੀ ਦਾ ਫ਼ਰਮਾਨ ਹੈ ਕਿ ਇਸ ਵਿਚ ਕਿਸੇ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ।

ਇਹ ਤਾਂ ਆਪਣੇ ਕੀਤੇ ਕਰਮਾਂ ਦਾ ਫਲ ਭੋਗਣਾ ਹੈ :

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ (ਅੰਗ ੧੩੫)

ਇਸੇ ਪ੍ਰਥਾਏ ਰਾਗੁ ਆਸਾ ਪਟੀ ਵਿਚ ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ:

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥
(ਅੰਗ ੪੩੩)

ਆਪ ਜੀ ਦੇ ਇਕ ਹੋਰ ਬਚਨ ਹਨ ਕਿ ਜੀਵ ਤਾਂ ਬਹੁਤ ਕੁਝ ਚਾਹੁੰਦਾ ਹੈ। ਇਸ ਦੀਆਂ ਬਹੁਤ ਇੱਛਾਵਾਂ ਤੇ ਕਾਮਨਾਵਾਂ ਹਨ ਪ੍ਰੰਤੂ ਅੰਤ ਨੂੰ ਨਿਬੇੜਾ ਤਾਂ ਉਸਦੇ ਕੀਤੇ ਕਰਮਾਂ ਤੇ ਹੀ ਹੋਣਾ ਹੈ :

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥
(ਰਾਗੁ ਗਉੜੀ ਮਹਲਾ ੧, ਅੰਗ ੧੫੭)

ਅਥਵਾ :

ਮਨ ਮੇਰੇ ਭੂਲੇ ਕਪਟੁ ਨ ਕੀਜੈ ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥
(ਰਾਗੁ ਸੋਰਠਿ ਭਗਤ ਕਬੀਰ ਜੀਉ, ਅੰਗ ੬੫੬)

ਭਾਵ ਹੇ ਮਨ! ਕਿਸੇ ਨਾਲ ਕਪਟ ਜਾਂ ਛਲ ਨਾ ਕਰ। ਤੇਰੇ ਚੰਗੇ ਜਾਂ ਮੰਦੇ ਕਰਮਾਂ ਦਾ ਲੇਖਾ ਤੇਰੀ ਜਿੰਦ ਪਾਸੋਂ ਹੀ ਲਿਆ ਜਾਵੇਗਾ।

ਬਾਣੀ ਜਪੁ ਜੀ ਵਿਚ ਗੁਰੂ ਨਾਨਕ ਦੇਵ ਜੀ ਜੀਵ ਨੂੰ ਇਹੋ ਸੋਧ ਬਖ਼ਸ਼ਿਸ਼ ਕਰ ਰਹੇ ਹਨ ਕਿ ਧਰਮ-ਰਾਜ ਦੀ ਦਰਗਾਹ ਵਿਚ ਮਨੁੱਖ ਦੇ ਚੰਗੇ ਜਾਂ ਬੁਰੇ ਕੰਮਾਂ ਦਾ ਪੂਰੀ ਤਰ੍ਹਾਂ ਨਾਲ ਨਿਸਤਾਰਾ ਕੀਤਾ ਜਾਂਦਾ ਹੈ :

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ (ਅੰਗ ੮)

ਭਾਈ ਕਾਨ੍ਹ ਸਿੰਘ ਨੇ ਮਹਾਨ ਕੋਸ਼ ਵਿਚ ਕਰਮ ਦੇ ਇਸ ਰੂਪ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ :

(ੳ) ਕ੍ਰਿਯਮਾਣ : ਜੋ ਹੁਣ ਕੀਤੇ ਜਾ ਰਹੇ ਹਨ।

(ਅ) ਪ੍ਰਾਰਬਧ : ਜਿਨ੍ਹਾਂ ਸਦਕਾ ਇਹ ਮਨੁੱਖਾ ਦੇਹੀ ਪ੍ਰਾਪਤ ਹੋਈ ਹੈ।

(ੲ) ਸੰਚਿਤ : ਉਹ ਜੋ ਜਨਮਾਂ ਦੇ ਬਾਕੀ ਚਲੇ ਆਉਂਦੇ ਹਨ ਅਤੇ ਜਿਨ੍ਹਾਂ ਦਾ ਭੋਗ ਹਾਲੇ ਨਹੀਂ ਭੋਗਿਆ।

ਗੁਰੂ ਨਾਨਕ ਦੇਵ ਜੀ ਦੇ ਰਾਗੁ ਰਾਮਕਲੀ ਵਿਚ ਬੜੇ ਸੁੰਦਰ ਬਚਨ ਹਨ ਕਿ ਜੋ ਪ੍ਰਾਣੀ ਪਰਮਾਤਮਾ ਦੇ ਨਾਮ ਦੀ ਸਿਫ਼ਤ-ਸਾਲਾਹ ਕਰਦਾ ਹੈ ਉਸਨੂੰ ਲੋਕ ਅਤੇ ਪਰਲੋਕ ਵਿਚ ਮਾਣ-ਵਡਿਆਈ ਮਿਲਦੀ ਹੈ ਕਿਉਂਕਿ ਨਾਮ ਜਪਣ ਨਾਲੋਂ ਹੋਰ ਕੋਈ ਚੰਗਾ ਕਰਮ ਨਹੀਂ :

ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
(ਅੰਗ ੯੦੩)

ਦੂਜਾ, ਕਰਮ ਤੋਂ ਭਾਵ ਹੈ ਅਕਾਲ ਪੁਰਖ ਦੀ ਬਖ਼ਸ਼ਿਸ਼, ਮਿਹਰ, ਕਿਰਪਾ ਆਦਿ : ਇਆਨੂ ਜਾਨਿ ਕਿਰਪੇ ਕਰੀ ਕਰਮ ॥

ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੬੮)

ਇਸੇ ਸਬੰਧ ਵਿਚ ਰਾਗੁ ਗਉੜੀ ਵਿਚ ਹੀ ਹਜ਼ੂਰ ਪੰਚਮ ਪਾਤਸ਼ਾਹ ਦੇ ਇਕ ਹੋਰ ਬਚਨ ਹਨ ਕਿ ਪ੍ਰਭੂ ਦੇ ਕਰਮ ਭਾਵ ਮਿਹਰ ਸਦਕਾ ਹੀ ਜੀਵ ਦੇ ਦੁੱਖ-ਦਰਦ, ਡਰ, ਵਹਿਮ ਸਭ ਦੂਰ ਹੋ ਜਾਂਦੇ ਹਨ। ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ ਅਤੇ ਮਨ ਵਿਚ ਸੁਖ ਤੇ ਸ਼ਾਂਤੀ ਆ ਵੱਸਦੀ ਹੈ :

ਸਹਜ ਸੂਖ ਆਨੰਦ ਨਿਧਾਨ ॥
ਰਾਖਨਹਾਰ ਰਖਿ ਲੇਇ ਨਿਦਾਨ ॥
ਦੂਖ ਦਰਦ ਬਿਨਸੇ ਭੈ ਭਰਮ ॥
ਆਵਣ ਜਾਣ ਰਖੇ ਕਰਿ ਕਰਮ ॥ *(ਅੰਗ ੧੮੩)*

ਰਾਗੁ ਮਾਰੂ ਵਿਚ ਹੀ ਗੁਰੂ ਅਰਜਨ ਦੇਵ ਜੀ ਦੇ ਬੜੇ ਸੁੰਦਰ ਬਚਨ ਹਨ ਕਿ ਜਿਸ ਜੀਵ ਤੇ ਮਾਲਕ ਪ੍ਰਭੂ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ ਉਹ ਸਦਾ ਪ੍ਰਭੂ ਦੀ ਸਿਫ਼ਤ-ਸਾਲਾਹ ਦੇ ਗੀਤ ਗਾਉਂਦਾ ਹੈ ਜਿਸ ਨਾਲ ਉਸਦੇ ਭਾਗ ਜਾਗ ਪੈਂਦੇ ਹਨ, ਉਸਦੀ ਸਾਰੀ ਭਟਕਣਾ ਦੂਰ ਹੋ ਜਾਂਦੀ ਹੈ ਅਤੇ ਮਨ ਟਿਕਾਉ ਵਿਚ ਆ ਜਾਂਦਾ ਹੈ :

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥
ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥

(ਅੰਗ ੧੦੦੦)

ਅਥਵਾ :

ਖੁਲ੍ਹਿਓ ਕਰਮੁ ਭਇਓ ਪਰਗਾਸਾ ਘਟਿ ਘਟਿ ਹਰਿ ਹਰਿ ਡੀਠਾ ॥

(ਰਾਗੁ ਸਾਰਗ ਮਹਲਾ ੫, ਅੰਗ ੧੨੧੨)

ਭਾਵ ਜਦੋਂ ਪਰਮਾਤਮਾ ਦੀ ਮਿਹਰ ਦਾ ਦਰਵਾਜ਼ਾ ਖੁਲ੍ਹਿਆ, ਮਾਲਕ ਦੀ ਅਪਾਰ ਕਿਰਪਾ ਹੋਈ ਤਾਂ ਮੇਰੇ ਹਿਰਦੇ ਘਰ ਵਿਚ ਚਾਨਣ ਹੋ ਗਿਆ ਅਤੇ ਹੁਣ ਮੈਨੂੰ ਘਟ ਘਟ ਵਿਚ ਪਰਮਾਤਮਾ ਹੀ ਵੱਸਦਾ ਦਿੱਸਦਾ ਹੈ। ਆਪ ਜੀ ਦੇ ਇਕ ਹੋਰ ਬਚਨ ਹਨ :

ਜਿਸ ਨੋ ਕਰਮਿ ਪਰਾਪਤਿ ਹੋਵੈ ਸੋ ਜਨੁ ਨਿਰਮਲੁ ਥੀਵੈ ॥

(ਰਾਗੁ ਸੋਰਠਿ ਮਹਲਾ ੫, ਅੰਗ ੬੧੬)

ਭਾਵ ਜਿਸ ਮਨੁੱਖ ਨੂੰ ਤੇਰੀ ਮਿਹਰ ਸਦਕਾ ਤੇਰਾ ਨਾਮ ਪ੍ਰਾਪਤ ਹੁੰਦਾ ਹੈ ਉਹ ਮਨੁੱਖ ਪਵਿੱਤਰ ਜੀਵਨ ਵਾਲਾ ਬਣ ਜਾਂਦਾ ਹੈ।

ਕਰਮ ਦਾ ਤੀਜਾ ਰੂਪ ਹੈ 'ਕਰਮ-ਕਾਂਡ' ਜਿਸ ਦੀ ਗੁਰਮਤਿ ਸਖ਼ਤ ਵਿਰੋਧੀ ਹੈ। ਸੂਤਕ, ਪਾਤਕ, ਭਿੱਟ, ਮਹੂਰਤ ਕੱਢਣੇ, ਥਿਤ-ਵਾਰ, ਦਿਨ ਤੇ ਸ਼ਗਨ ਵਿਚਾਰਨੇ, ਮਰੇ ਹੋਇਆਂ ਦੀ ਪੂਜਾ ਕਰਨੀ, ਮ੍ਰਿਤਕਾਂ ਨਮਿੱਤ ਤੀਰਥਾਂ ਤੇ ਜਾ ਕੇ ਪੁੰਨ-ਦਾਨ ਕਰਨਾ, ਸ਼ਰਾਧ ਕਰਨੇ; ਤੀਰਥ-ਇਸ਼ਨਾਨ, ਵਰਤ-ਨੇਮ, ਦੇਵ-ਪੂਜਾ ਆਦਿ ਇਹ ਸਭ ਕਰਮ ਕਾਂਡ ਹਨ। ਇਨ੍ਹਾਂ ਨੂੰ ਗੁਰਮਤਿ ਵਿਚ ਕੋਈ ਸਥਾਨ ਪ੍ਰਾਪਤ ਨਹੀਂ। ਇਹ ਸਭ ਭਟਕਣਾ ਹੈ, ਅਡੰਬਰ ਤੇ ਵਿਖਾਵਾ। ਗੁਰਮਤਿ ਦਾ ਮਾਰਗ ਬੜਾ ਸਿੱਧ-ਪੱਧਰਾ ਅਤੇ ਸੁਖੈਨ ਹੈ। ਜੀਵ

ਨੇ ਪਰਮਾਤਮਾ ਵਿਚ ਅਭੇਦ ਹੋਣਾ ਹੈ। ਇਹੋ ਜੀਵਨ ਦਾ ਮੁੱਖ ਮੰਤਵ ਹੈ। ਮਨੁੱਖਾ ਜਨਮ ਮਿਲਿਆ ਹੀ ਇਸ ਕਰਕੇ ਹੈ। ਦੁਨਿਆਵੀ ਪਦਾਰਥਾਂ ਨਾਲ ਮੋਹ ਪਾਉਣ ਦੀ ਬਜਾਏ ਸੱਚ ਦੇ ਧਾਰਨੀ ਬਣ ਕੇ ਉਸ ਸੱਚੇ ਨਾਲ ਪਿਆਰ ਪਾਉਣਾ ਹੈ। ਇਸ ਤਰ੍ਹਾਂ ਕਾਮਾਦਿਕ ਵਿਕਾਰਾਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਜੀਵ ਅਕਾਲ ਪੁਰਖ ਦੀ ਦਰਗਾਹ ਵਿਚ ਸੁਰਖਰੂ ਹੋ ਕੇ ਜਾਂਦਾ ਹੈ। ਗੁਰਬਾਣੀ ਕਰਮ-ਕਾਂਡਾਂ ਨੂੰ ਤਿਆਗ ਕੇ ਨਾਮ-ਸਿਮਰਨ ਲਈ ਪ੍ਰੇਰਦੀ ਹੈ। ਗੁਰਵਾਕ ਹੈ :

ਕਰਮ ਕਾਂਡ ਬਹੁ ਕਰਹਿ ਅਚਾਰ॥
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ॥

(ਰਾਗੁ ਗਉੜੀ ਮਹਲਾ ੩, ਅੰਗ ੧੬੨)

ਰਾਗੁ ਗੂਜਰੀ ਵਿਚ ਪੰਚਮ ਗੁਰਦੇਵ ਦੇ ਬਚਨ ਹਨ :

ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ॥
ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ॥ *(ਅੰਗ ੪੯੫)*

ਭਾਵ ਦੁਨਿਆਵੀ ਮਨੁੱਖ ਕਰਮ-ਕਾਂਡਾਂ ਵਿਚ ਹੀ ਫਸੇ ਰਹਿੰਦੇ ਹਨ। ਪ੍ਰਸਿੱਧ ਛੇ ਧਾਰਮਿਕ ਕਰਮ—ਇਸ਼ਨਾਨ, ਸੰਧਿਆ, ਹਵਨ, ਦੇਵ-ਪੂਜਾ, ਤੀਰਥ ਯਾਤਰਾ, ਤਪ ਆਦਿ ਵਿਚ ਹੀ ਪਰਚੇ ਰਹਿੰਦੇ ਹਨ ਜਿਸ ਕਾਰਨ ਇਨ੍ਹਾਂ ਦੇ ਮਨ ਤੇ ਪਈ ਹੋਈ ਹਉਮੈ ਦੀ ਮੈਲ ਨਹੀਂ ਉਤਰਦੀ ਅਤੇ ਗੁਰੂ ਦੇ ਦੱਸੇ ਹੋਏ ਮਾਰਗ ਤੇ ਨਾ ਚੱਲਣ ਕਰਕੇ ਉਹ ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਂਦੇ ਹਨ।

ਗੁਰੂ ਨਾਨਕ ਦੇਵ ਜੀ ਦਾ ਰਾਗੁ ਸੋਰਠਿ ਵਿਚ ਫ਼ਰਮਾਨ ਹੈ ਕਿ ਮਿੱਥੇ ਹੋਏ ਧਾਰਮਿਕ ਕਰਮ ਕਰਦਿਆਂ ਮਾਇਆ ਦੇ ਫੁਰਨੇ ਮਨ ਵਿਚੋਂ ਨਿਕਲਦੇ ਨਹੀਂ ਭਾਵ ਜੀਵ ਮਾਇਆ ਦੇ ਬੰਧਨਾਂ ਵਿਚ ਹੀ ਪਿਆ ਰਹਿੰਦਾ ਹੈ। ਇਸ ਲਈ ਪਰਮਾਤਮਾ ਦੇ ਨਾਮ ਤੋਂ ਬਿਨਾਂ ਉਸ ਵਲੋਂ ਕੀਤੇ ਸਾਰੇ ਰਸਮੀ ਧਾਰਮਿਕ ਕਰਮ ਵਿਅਰਥ ਜਾਂਦੇ ਹਨ :

ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ॥
ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ॥ *(ਅੰਗ ੬੩੫)*

ਤਾਂ ਫਿਰ ਕਿਹੜੇ ਕਰਮ ਕਰਨੇ ਚਾਹੀਦੇ ਹਨ ਜਿਸ ਨਾਲ ਇਥੋਂ ਸੁਰਖਰੂ ਹੋ ਕੇ ਸੱਚੇ ਦੇ ਦੇਸ਼ ਜਾ ਸਕੀਏ। ਇਸ ਸਬੰਧੀ ਗੁਰੂ ਨਾਨਕ ਦੇਵ ਜੀ ਰਾਗੁ ਰਾਮਕਲੀ ਵਿਚ ਸੋਧ ਬਖ਼ਸ਼ਿਸ਼ ਕਰ ਰਹੇ ਹਨ :

ਸਭ ਤੇ ਊਤਮ ਇਹੁ ਕਰਮੁ॥
ਸਗਲ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਸਿਮਰਨਿ ਤੇਰਾ ਹੋਇ ਉਧਾਰੁ॥
ਜਨਮ ਜਨਮ ਕਾ ਉਤਰੈ ਭਾਰੁ॥

ਬਖਸ਼ਿਸ਼ ਵਾਹਿਗੁਰੂ ਦੇ ਨਾਮ ਦਾ ਸਿਮਰਨ ਹੈ। *(ਰਾਗੁ ਰਾਮਕਲੀ ਮਹਲਾ ੫, ਅੰਗ ੮੯੫)*
ਜਿਥੇ ਵਾਹਿਗੁਰੂ ਸਰਬ ਸ਼ਕਤੀਮਾਨ, ਸਰਬ ਵਿਆਪਕ, ਨਿਰਭੈ ਤੇ ਨਿਰਵੈਰ ਹੈ, ਉਥੇ ਉਹ ਬਖਸ਼ੰਦ ਵੀ ਹੈ। ਔਗੁਣ ਬਖਸ਼ਣ ਦੇ ਸਮਰਥ ਵੀ ਹੈ।

55

ਮਮਤਾ

ਦੁਨਿਆਵੀ ਪਦਾਰਥਾਂ ਅਤੇ ਸਾਕ ਸਬੰਧੀ ਜੋ ਸਭ ਬਿਨਸਨਹਾਰ ਹਨ, ਇਨ੍ਹਾਂ ਨਾਲ ਮੋਹ ਪਾਉਣਾ ਮਮਤਾ ਹੈ। ਮਮਤਾ ਵਿਚ ਫਸ ਕੇ ਜੀਵ ਆਪਣੇ ਅਸਲ ਮਾਰਗ ਤੋਂ ਭਟਕ ਕੇ ਭਰਮ-ਭੁਲੇਖਿਆਂ ਵਿਚ ਪੈ ਕੇ ਮਾਇਆ ਨੂੰ ਹੀ ਸਭ ਕੁਝ ਸਮਝਣ ਲੱਗ ਪੈਂਦਾ ਹੈ। ਪਰਿਵਾਰ ਦੇ ਮੋਹ ਵਿਚ ਐਨਾ ਖਚਤ ਹੋ ਜਾਂਦਾ ਹੈ ਕਿ ਲੋਭ ਵੱਸ ਹੋ ਕੇ ਉਹ ਪਰਮਾਤਮਾ ਨੂੰ ਮਨੋਂ ਵਿਸਾਰ ਦਿੰਦਾ ਹੈ। ਅਜਿਹਾ ਮਨਮੁਖ ਪ੍ਰਾਣੀ ਫਿਰ ਜਨਮ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ :

ਮਨਮੁਖਿ ਝੂਠੋ ਝੂਠੁ ਕਮਾਵੈ ॥
ਖਸਮੈ ਕਾ ਮਹਲੁ ਕਦੇ ਨ ਪਾਵੈ ॥
ਦੂਜੈ ਲਗੀ ਭਰਮਿ ਭੁਲਾਵੈ ॥
ਮਮਤਾ ਬਾਧਾ ਆਵੈ ਜਾਵੈ ॥

(ਰਾਗੁ ਆਸਾ ਮਹਲਾ ੩, ਅੰਗ ੩੬੩)

ਅਥਵਾ :

ਮਮਤਾ ਲਾਇ ਭਰਮਿ ਭੁਲਾਇਆ ॥

(ਰਾਗੁ ਭੈਰਉ ਮਹਲਾ ੩, ਅੰਗ ੧੧੨੮)

ਰਾਗੁ ਭੈਰਉ ਵਿਚ ਹੀ ਆਪ ਜੀ ਦੇ ਇਕ ਹੋਰ ਬਚਨ ਹਨ ਕਿ ਮਮਤਾ ਵਿਚ ਫਸਿਆ ਹੋਇਆ ਜੀਵ ਆਤਮਿਕ ਮੌਤ ਸਹੇੜ ਲੈਂਦਾ ਹੈ ਅਤੇ ਉਸਦੇ ਅੰਦਰ ਹਰ ਵੇਲੇ ਜਮ ਦਾ ਸਹਿਮ ਬਣਿਆ ਰਹਿੰਦਾ ਹੈ :

ਮਮਤਾ ਕਾਲਿ ਸਭਿ ਰੋਗਿ ਵਿਆਪੇ ਤਿਨ ਜਮ ਕੀ ਹੈ ਸਿਰਿ ਕਾਰਾ ॥

(ਅੰਗ ੧੧੩੦)

ਅਥਵਾ :

ਤ੍ਰੈਗੁਣ ਸਭੇ ਸਭਿ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ ॥

(ਅੰਗ ੧੧੩੦)

ਭਾਵ ਸਾਰੇ ਜੀਵ ਤ੍ਰੈਗੁਣੀ ਮਾਇਆ ਦੇ ਹਉਮੈ ਰੋਗ ਵਿਚ ਗ੍ਰਸੇ ਹੋਏ ਹਨ। ਮਮਤਾ ਨੇ ਉਨ੍ਹਾਂ ਦੀ ਮੱਤ ਮਾਰੀ ਹੋਈ ਹੈ। ਤ੍ਰੈਗੁਣ ਤੋਂ ਭਾਵ ਹੈ ਤਿੰਨ ਗੁਣਾਂ ਵਾਲੀ ਮਾਇਆ—ਰਜੋ ਸਤੋ ਅਤੇ ਤਮੋ।

ਰਾਗੁ ਬਿਲਾਵਲੁ ਵਿਚ ਗੁਰੂ ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਦੁਨਿਆਵੀ ਪਦਾਰਥਾਂ ਦੀ ਖਿੱਚ ਅਤੇ ਲਾਲਸਾ, ਠੱਗੀਆਂ ਚਲਾਕੀਆਂ ਵਿਚ ਫਸੇ ਹੋਏ ਮਨੁੱਖ ਦੇ ਮਨ ਦੀ ਅਵਸਥਾ ਡਾਵਾਂਡੋਲ ਰਹਿੰਦੀ ਹੈ। ਹਰ ਰੋਜ਼ ਵਿਕਾਰਾਂ ਵਿਚ ਫਸੇ ਰਹਿਣ ਕਰਕੇ ਜਮ ਦਾ ਡਰ ਉਸਦੇ ਮਨ ਅੰਦਰ ਸਦਾ ਬਣਿਆ ਰਹਿੰਦਾ ਹੈ :

ਮਮਤਾ ਮੋਹ ਧ੍ਰੋਹ ਮਦਿ ਮਾਤਾ ਬੰਧਨਿ ਬਾਧਿਆ ਅਤਿ ਬਿਕਰਾਲ॥
ਦਿਨੁ ਦਿਨੁ ਛਿਜਤ ਬਿਕਾਰ ਕਰਤ ਅਉਧ ਫਾਹੀ ਫਾਥਾ ਜਮ ਕੈ ਜਾਲ॥

(ਅੰਗ ੮੦੬)

ਪ੍ਰੰਤੂ ਜਿਹੜੇ ਗੁਰੂ ਦੇ ਦਰਸਾਏ ਮਾਰਗ ਤੇ ਚਲਦੇ ਹਨ ਅਤੇ ਪ੍ਰਭੂ ਨੂੰ ਆਪਣੇ ਮਨ ਅੰਦਰ ਵਸਾਈ ਰੱਖਦੇ ਹਨ ਉਹ ਗੁਰਮੁਖ ਪਿਆਰੇ ਵਿਕਾਰਾਂ ਤੋਂ ਬਚੇ ਰਹਿੰਦੇ ਹਨ ਜਿਸ ਸਦਕਾ ਫਿਰ ਜਮਰਾਜ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ :

ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ ਜਿਨ ਹਰਿ ਰਾਖਿਆ ਉਰਿ ਧਾਰਾ॥

(ਅੰਗ ੧੧੩੦)

ਗੁਰਮੁਖ ਪ੍ਰਾਣੀ ਚੌਥਾ ਪਦ ਭਾਵ ਉਸ ਅਵਸਥਾ ਵਿਚ ਵਿਚਰਦਾ ਹੈ ਜਿਥੇ ਮਾਇਆ ਦੇ ਤਿੰਨਾਂ ਗੁਣਾਂ ਤੋਂ ਉਹ ਅਭਿੱਜ ਰਹਿੰਦਾ ਹੈ ਭਾਵ ਮਮਤਾ ਤੋਂ ਨਿਰਲੇਪ ਰਹਿੰਦਾ ਹੈ। ਗੁਰਵਾਕ ਹੈ :

ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ॥

(ਸਿਰੀ ਰਾਗੁ ਮਹਲਾ ੩, ਅੰਗ ੩੦)

ਦੁਨਿਆਵੀ ਕਾਰ-ਵਿਹਾਰ ਕਰਦਿਆਂ ਮਨੁੱਖ ਨੇ ਜਿਥੇ-ਜਿਥੇ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਹੈ, ਇਸਤ੍ਰੀ, ਧੀਆਂ, ਪੁੱਤਰਾਂ ਆਦਿ ਦੇ ਜੀਵਨ ਨਿਰਬਾਹ ਲਈ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਿਆਂ ਕਰਨਾ ਹੈ ਉੱਥੇ ਮਨੁੱਖ ਨੇ ਆਪਣੇ ਆਪ ਨੂੰ ਇਨ੍ਹਾਂ ਰੁਝੇਵਿਆਂ ਤੱਕ ਹੀ ਸੀਮਿਤ ਨਹੀਂ ਰੱਖਣਾ। ਮਮਤਾ ਅਤੇ ਮੋਹ-ਮਾਇਆ ਵੱਸ ਹੋ ਕੇ ਹੀ ਨਹੀਂ ਰਹਿ ਜਾਣਾ। ਉਸਨੇ ਪਰਮਾਤਮਾ ਨੂੰ ਵੀ ਯਾਦ ਰੱਖਣਾ ਹੈ ਜਿਸ ਨੇ ਇਹ ਸਭ ਕੁਝ ਦਿੱਤਾ ਹੈ। ਪ੍ਰਭੂ ਦੇ ਨਾਮ ਤੋਂ ਬਿਨਾਂ ਤਾਂ ਇਹ ਸਭ ਬੰਧਨ ਅਤੇ ਝਮੇਲੇ ਹੀ ਹਨ :

ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ॥
ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ॥

(ਸਲੋਕ ਮਹਲਾ ੩, ਰਾਗੁ ਬਿਹਾਗੜੇ ਕੀ ਵਾਰ ਮਹਲਾ ੪, ਅੰਗ ੫੫੧)

ਆਪ ਜੀ ਦਾ ਰਾਗ ਵਡਹੰਸੁ ਵਿਚ ਬੜਾ ਸੁੰਦਰ ਕਥਨ ਹੈ ਕਿ ਜੇਕਰ ਮਨ ਮੈਲਾ ਹੈ ਤਾਂ ਸਮਝੋ ਸਭ ਕੁਝ ਮੈਲਾ ਹੈ। ਮਨ ਤੇ ਲੱਗੀ ਹੋਈ ਮੈਲ ਨੂੰ ਸਰੀਰ ਦੇ ਧੋਣ ਨਾਲ ਧੋਤਾ ਨਹੀਂ ਜਾ ਸਕਦਾ :

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥ *(ਅੰਗ ੫੫੮)*

ਪ੍ਰੰਤੂ ਜਦੋਂ ਮਨੁੱਖ ਸੱਚੇ ਗੁਰੂ ਦੇ ਸ਼ਬਦ ਵਿਚ ਜੁੜ ਕੇ, ਹਉਮੈ ਨੂੰ ਮਾਰ, ਵਿਕਾਰਾਂ ਤੋਂ ਛੁਟਕਾਰਾ ਪਾ ਕੇ ਆਤਮਿਕ ਜੀਵਨ ਹਾਸਲ ਕਰ ਲੈਂਦਾ ਹੈ ਤਾਂ ਉਸਦੇ ਅੰਦਰੋਂ ਮਾਇਆ ਦੀ ਮਮਤਾ ਵਾਲੀ ਮੈਲ ਉਤਰ ਜਾਂਦੀ ਹੈ ਅਤੇ ਮਨ ਪਵਿੱਤਰ ਤੇ ਸਾਫ਼-ਸੁਥਰਾ ਹੋ ਜਾਂਦਾ ਹੈ :

ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ
ਗੁਰ ਕੈ ਸਬਦਿ ਫਿਰਿ ਜੀਵੈ ਕੋਇ॥
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ॥ *(ਅੰਗ ੫੫੮)*

ਮਮਤਾ ਤੋਂ ਦੂਈ-ਦਵੈਤ ਅਤੇ ਆਪਣੇ ਪਰਾਏ ਦੀ ਭਾਵਨਾ ਪੈਦਾ ਹੁੰਦੀ ਹੈ ਜੋ ਸਮਾਜਿਕ ਸਦ-ਭਾਵਨਾ ਲਈ ਬੜੀ ਘਾਤਕ ਸਿੱਧ ਹੁੰਦੀ ਹੈ। ਮਮਤਾ ਦੀ ਪੂਰਤੀ ਲਈ

ਮਨੁੱਖ ਠੱਗੀ, ਚੋਰੀ ਅਤੇ ਹੋਰ ਕਈ ਪ੍ਰਕਾਰ ਦੀਆਂ ਹੇਰੀਆਂ ਫੇਰੀਆਂ ਕਰਦਾ ਹੈ। ਇਸ ਤੋਂ ਹੀ ਬਹੁਤ ਸਾਰੀਆਂ ਸਮਾਜਿਕ ਬੁਰਿਆਈਆਂ ਉਤਪੰਨ ਹੁੰਦੀਆਂ ਹਨ। ਮਨੁੱਖੀ ਮਨ ਅੰਦਰ ਵਿਕਾਰ ਪੈਦਾ ਹੁੰਦੇ ਹਨ।

ਗੁਰਮਤਿ ਅਨੁਸਾਰ ਸਾਰਾ ਜਗਤ ਮਾਇਆ ਦੀ ਤ੍ਰਿਸ਼ਨਾ ਵਿਚ ਸੜ ਰਿਹਾ ਹੈ। ਤ੍ਰਿਸ਼ਨਾ ਹੀ ਸਾਰੇ ਵਿਕਾਰਾਂ ਦੀ ਜੜ੍ਹ ਹੈ ਜਿਨ੍ਹਾਂ ਵਿਚ ਸੜ-ਸੜ ਕੇ ਮਨੁੱਖ ਦੁਖੀ ਹੋ ਰਿਹਾ ਹੈ :

ਤ੍ਰਿਸਨਾ ਅਗਨਿ ਜਲੈ ਸੰਸਾਰਾ॥
ਜਲਿ ਜਲਿ ਖਪੈ ਬਹੁਤੁ ਵਿਕਾਰਾ॥

(ਰਾਗੁ ਮਾਰੂ ਸੋਲਹੇ ਮਹਲਾ ੩, ਅੰਗ ੧੦੪੪)

ਪ੍ਰੰਤੂ ਗੁਰੂ ਦੀ ਕਿਰਪਾ ਨਾਲ ਜਿਸ ਮਨੁੱਖ ਦੇ ਅੰਦਰੋਂ ਤ੍ਰਿਸ਼ਨਾ ਦੀ ਅੱਗ ਬੁਝ ਜਾਂਦੀ ਹੈ ਉਸਦੀ ਮਮਤਾ ਦੂਰ ਹੋ ਜਾਂਦੀ ਹੈ। ਸਾਰੇ ਡਰ-ਵਹਿਮ ਜਾਂਦੇ ਰਹਿੰਦੇ ਹਨ ਅਤੇ ਮਨੁੱਖ ਅੰਦਰ ਆਤਮਿਕ ਸ਼ਾਂਤੀ ਪੈਦਾ ਹੋ ਜਾਂਦੀ ਹੈ :

ਤ੍ਰਿਸਨ ਬੁਝੀ ਮਮਤਾ ਗਈ ਨਾਠੇ ਭੈ ਭਰਮਾ॥
ਥਿਤਿ ਪਾਈ ਆਨਦੁ ਭਇਆ ਗੁਰਿ ਕੀਨੇ ਧਰਮਾ॥

(ਰਾਗੁ ਬਿਲਾਵਲੁ ਮਹਲਾ ੫, ਅੰਗ ੮੧੪)

ਅਥਵਾ :

ਤ੍ਰਿਸਨਾ ਪਾਸੁ ਨ ਛੋਡਈ ਬੈਰਾਗੀਅੜੇ॥
ਮਮਤਾ ਜਾਲਿਆ ਪਿੰਡੁ ਵਣਾਹੰਬੈ॥

(ਰਾਗੁ ਮਾਰੂ ਕਬੀਰ ਜੀ, ਅੰਗ ੧੧੦੪)

ਹਿੰਦ ਦੀ ਚਾਦਰ ਗੁਰੂ ਤੇਗ਼ ਬਹਾਦਰ ਜੀ ਦੇ ਰਾਗੁ ਗਉੜੀ ਵਿਚ ਬੜੇ ਸੁੰਦਰ ਬਚਨ ਹਨ ਕਿ ਜੀਵ ਪੁੱਤਰਾਂ, ਮਿੱਤਰਾਂ, ਮਾਇਆ ਦੇ ਮੋਹ ਦੇ ਬੰਧਨਾਂ ਵਿਚ ਬੱਝਾ ਰਹਿਣ ਕਰਕੇ ਇਸ ਗੱਲੋਂ ਅਣਜਾਣ ਰਹਿੰਦਾ ਹੈ ਕਿ ਇਹ ਜਗਤ ਤਾਂ ਠਗਨੀਰੇ ਦੀ ਨਿਆਈਂ ਹੈ ਜਿਵੇਂ ਹਿਰਨ ਪਿਆਸ ਬੁਝਾਉਣ ਲਈ ਠਗਨੀਰੇ ਭਾਵ ਚਮਕਦੀ ਰੇਤ ਨੂੰ ਪਾਣੀ ਸਮਝ ਕੇ ਉਸ ਵੱਲ ਦੌੜ-ਦੌੜ ਕੇ ਥੱਕ ਟੁੱਟ ਕੇ ਆਖ਼ਰ ਨੂੰ ਮਰ ਜਾਂਦਾ ਹੈ ਪਰ ਉਸ ਨੂੰ ਪਾਣੀ ਨਹੀਂ ਮਿਲਦਾ ਇਸੇ ਤਰ੍ਹਾਂ ਮਨੁੱਖ ਮਮਤਾ ਤੇ ਮੋਹ ਵੱਸ ਹੋ ਕੇ ਇਸ ਸੰਸਾਰ ਦੀ ਚਮਕ-ਦਮਕ ਦੇ ਪਿੱਛੇ ਦੌੜ-ਭੱਜ ਕਰਦਾ ਹੈ ਪਰ ਪੱਲੇ ਕੁਝ ਨਾ ਪੈਣ ਕਰਕੇ ਅੰਤ ਨੂੰ ਆਤਮਿਕ ਮੌਤ ਸਹੇੜ ਲੈਂਦਾ ਹੈ :

ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ॥
ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ॥

(ਅੰਗ ੨੧੯)

ਗੁਰਬਾਣੀ ਤੋਂ ਇਹ ਸੇਧ ਮਿਲਦੀ ਹੈ ਕਿ ਮਮਤਾ ਦੇ ਪ੍ਰਭਾਵ ਤੋਂ ਬਚਣ ਲਈ ਪ੍ਰਭੂ ਦੇ ਭਾਣੇ ਵਿਚ ਰਹਿਣਾ ਬਹੁਤ ਜ਼ਰੂਰੀ ਹੈ। ਜਦੋਂ ਤਾਈਂ ਮਨੁੱਖ ਪਰਮਾਤਮਾ ਦੀ ਰਜ਼ਾ ਨੂੰ ਨਹੀਂ ਸਮਝਦਾ ਉਹ ਮਮਤਾ ਤੋਂ ਮੁਕਤੀ ਨਹੀਂ ਪਾ ਸਕਦਾ :

ਹੁਕਮੁ ਨ ਬੂਝੈ ਵਿਆਪਿਆ ਮਮਤਾ॥

(ਰਾਗੁ ਪ੍ਰਭਾਤੀ ਮਹਲਾ ੫, ਅੰਗ ੧੩੪੮)

ਪ੍ਰੰਤੂ ਸਤਿਗੁਰੂ ਦੇ ਦਰਸਾਏ ਮਾਰਗ ਤੇ ਚੱਲਣ ਨਾਲ ਮਮਤਾ ਦਾ ਮਨ ਵਿਚੋਂ ਨਾਸ ਹੋ ਜਾਂਦਾ ਹੈ ਅਤੇ ਲਿਵ ਸੱਚੇ ਮਾਲਕ ਦੇ ਚਰਨਾਂ ਵਿਚ ਜੁੜ ਜਾਂਦੀ ਹੈ :

ਸਤਿਗੁਰੂ ਨੋ ਸੇਵੇ ਤਿਸੁ ਆਪਿ ਮਿਲਾਏ॥
ਮਮਤਾ ਕਾਟਿ ਸਚਿ ਲਿਵ ਲਾਏ॥

(ਰਾਗੁ ਮਾਰੂ ਮਹਲਾ ੩, ਅੰਗ ੧੦੬੩)

ਸਤਿਸੰਗਤ ਕੀਤਿਆਂ ਜਿੱਥੇ ਮਨ ਅੰਦਰ ਚੰਗੇ ਸੰਸਕਾਰ ਪੈਦਾ ਹੁੰਦੇ ਹਨ ਅਤੇ ਹਉਮੈ ਦਾ ਨਾਸ ਹੁੰਦਾ ਹੈ ਉੱਥੇ ਮਮਤਾ ਦੀਆਂ ਫਾਹੀਆਂ ਵੀ ਕੱਟੀਆਂ ਜਾਂਦੀਆਂ ਹਨ :

ਸਤਸੰਗਤਿ ਮਿਲਿ ਮਤਿ ਬੁਧਿ ਪਾਈ ਹਉ ਛੂਟੇ ਮਮਤਾ ਜਾਲ॥

(ਰਾਗੁ ਪ੍ਰਭਾਤੀ ਮਹਲਾ ੪, ਅੰਗ ੧੩੩੫)

ਗੁਰੂ ਅਮਰਦਾਸ ਜੀ ਦਾ ਰਾਗੁ ਰਾਮਕਲੀ ਵਿਚ ਫ਼ਰਮਾਨ ਹੈ ਕਿ ਆਪਾ-ਭਾਵ ਗੁਆ ਕੇ ਮਨ ਪ੍ਰਭੂ ਦੇ ਨਾਮ ਵਿਚ ਗਿੱਝ ਜਾਂਦਾ ਹੈ। ਫਿਰ ਗੁਰੂ ਦੇ ਸ਼ਬਦ ਰਾਹੀਂ ਅੰਦਰੋਂ ਮੈਂ-ਮੇਰੀ ਵਾਲੀ ਭਾਵਨਾ ਸੜ ਜਾਂਦੀ ਹੈ :

ਆਪੁ ਛੋਡਿ ਨਾਮ ਲਿਵ ਲਾਗੀ ਮਮਤਾ ਸਬਦਿ ਜਲਾਈ॥ *(ਅੰਗ ੯੦੯)*

ਇੰਜ ਜੋ ਮਨੁੱਖ ਮਾਇਆ ਦੀ ਖਿੱਚ ਤੋਂ ਬਚ ਕੇ ਹਉਮੈ ਨੂੰ ਮੁਕਾ ਲੈਂਦਾ ਹੈ ਉਸਨੂੰ ਸੰਸਾਰ ਦੇ ਤਿੰਨਾਂ ਭਵਨਾਂ ਭਾਵ ਹਰ ਥਾਂ ਇਕ ਵਾਹਿਗੁਰੂ ਦੀ ਜੋਤਿ ਹੀ ਦਿਖਾਈ ਦਿੰਦੀ ਹੈ :

ਮਮਤਾ ਮਾਰਿ ਹਉਮੈ ਸੋਖੈ ਤ੍ਰਿਭਵਣਿ ਜੋਤਿ ਤੁਮਾਰੀ॥

(ਰਾਗੁ ਰਾਮਕਲੀ ਮਹਲਾ ੧, ਅੰਗ ੯੦੭)

ਗੁਰੂ ਤੇਗ ਬਹਾਦਰ ਜੀ ਦੇ ਬਚਨ ਹਨ ਕਿ ਮਮਤਾ ਦੇ ਨਾਲ ਨਾਲ ਲੋਭ, ਮੋਹ, ਅਹੰਕਾਰ ਜਿਹੇ ਵਿਕਾਰਾਂ ਦਾ ਤਿਆਗ ਕਰਨ ਵਾਲਾ ਪ੍ਰਾਣੀ ਕੇਵਲ ਆਪ ਹੀ ਭਵ-ਸਾਗਰ ਤੋਂ ਪਾਰ ਨਹੀਂ ਹੁੰਦਾ ਸਗੋਂ ਦੂਜਿਆਂ ਦਾ ਬੇੜਾ ਵੀ ਬੰਨੇ ਲਾ ਦਿੰਦਾ ਹੈ :

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ॥
ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ॥

(ਸਲੋਕ ਨੰਬਰ ੨੨, ਅੰਗ ੧੪੨੭)

ਇਸ ਅਵਸਥਾ ਤੇ ਪੁੱਜ ਕੇ ਪ੍ਰਾਣੀ ਦੀਆਂ ਸਾਰੀਆਂ ਆਸਾਂ ਪੂਰਨ ਤੌਰ 'ਤੇ ਬਿਨਸ ਜਾਂਦੀਆਂ ਹਨ। ਮੇਰ-ਤੇਰ ਦੀ ਭਾਵਨਾ ਅਤੇ ਮਨ ਦੇ ਸਾਰੇ ਫੁਰਨੇ ਖਤਮ ਹੋ ਜਾਂਦੇ ਹਨ ਅਤੇ ਮਨੁੱਖ ਮਾਇਆ ਦੇ ਮਮਤਾ ਜਾਲ ਤੋਂ ਸੁਤੰਤਰ ਹੋ ਜਾਂਦਾ ਹੈ :

ਜਹ ਆਸਾ ਤਹ ਬਿਨਸਿ ਬਿਨਾਸਾ॥
ਫੂਟੈ ਖਪਰੁ ਦੁਬਿਧਾ ਮਨਸਾ॥
ਮਮਤਾ ਜਾਲ ਤੇ ਰਹੈ ਉਦਾਸਾ॥
ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ॥

(ਰਾਗੁ ਬਿਲਾਵਲੁ ਮਹਲਾ ੧, ਥਿਤੀ, ਅੰਗ ੮੪੦)

(56)

ਜੋਗ

ਮਨ ਦੀਆਂ ਬਿਰਤੀਆਂ ਨੂੰ ਸਾਧ ਕੇ ਵਿਕਾਰਾਂ ਤੇ ਕਾਬੂ ਪਾਉਣਾ ਜੋਗ ਹੈ ਅਰਥਾਤ ਨਾਮ ਸਿਮਰਨ ਦੁਆਰਾ ਸੁਰਤ ਨੂੰ ਪ੍ਰਭੂ ਚਰਨਾਂ ਵਿਚ ਜੋੜਨਾ ਜੋਗ ਹੈ ਜਿਸ ਨਾਲ ਹਉਮੈ ਦੂਰ ਹੋ ਕੇ ਮਨ ਦੀ ਇਕਾਗਰਤਾ ਬਣੀ ਰਹਿੰਦੀ ਹੈ। ਬਾਣੀ ਸਿਧ ਗੋਸਟਿ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ :

ਏਕੋ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ॥
ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ॥

(ਅੰਗ ੯੪੦)

ਜੋਗ ਦੇ ਇਸ ਸੱਚ ਦੇ ਮਾਰਗ ਨੂੰ ਤਿਆਗ ਕੇ ਪਾਤੰਜਲੀ ਰਿਸ਼ੀ ਨੇ ਜੋਗ ਦਰਸ਼ਨ ਨੂੰ ਨਿਯਮਬੱਧ ਕਰ ਦਿੱਤਾ। ਬਾਅਦ ਵਿਚ 10ਵੀਂ ਸਦੀ ਈਸਵੀ ਵਿਚ ਗੋਰਖ ਨਾਥ ਆਦਿ ਜੋਗੀਆਂ ਨੇ ਇਸ ਨੂੰ ਹੋਰ ਅੱਗੇ ਤੋਰਿਆ ਜੋ ਜੋਗ-ਮੱਤ ਸੰਪਰਦਾਇ ਕਰਕੇ ਪ੍ਰਚੱਲਤ ਹੋਈ।

ਸਮਾਂ ਪਾ ਕੇ ਇਸ ਨੇ ਹੱਠ-ਜੋਗ ਦਾ ਰੂਪ ਧਾਰਨ ਕਰ ਲਿਆ। ਜੋਗ ਸਾਧਨਾ ਲਈ ਜੋਗੀ ਸਰੀਰ ਨੂੰ ਤਰ੍ਹਾਂ-ਤਰ੍ਹਾਂ ਦੇ ਕਸ਼ਟ ਦਿੰਦੇ ਜਿਵੇਂ ਧੂਣੀਆਂ ਤਪਾਣੀਆਂ, ਸਰੀਰ ਤੇ ਸੁਆਹ ਮਲਣੀ, ਸਿਰ ਨੂੰ ਰੁੰਡ-ਮੁੰਡ ਕਰ ਲੈਣਾ, ਘਰ-ਬਾਰ ਤਿਆਗ ਕੇ ਬਾਹਰ ਮੜ੍ਹੀਆਂ ਮਸਾਣਾਂ ਵਿਚ ਰਹਿਣਾ, ਜੰਗਲਾਂ ਅਤੇ ਪਹਾੜਾਂ ਦਾ ਭਰਮਣ ਕਰਨਾ, ਸਮਾਧੀਆਂ ਲਾਉਣੀਆਂ, ਤੀਰਥਾਂ ਦੀ ਯਾਤਰਾ ਕਰਨੀ, ਗੋਦੜੀ ਪਹਿਨਣੀ, ਛੋਟੀ ਛੋਟੀ ਗੱਲ ਤੇ ਗੁੱਸੇ ਹੋ ਕੇ, ਰਿਧੀਆਂ-ਸਿੱਧੀਆਂ ਦੁਆਰਾ ਗ੍ਰਿਹਸਤੀਆਂ ਨੂੰ ਡਰਾਉਣਾ ਧਮਕਾਉਣਾ ਆਦਿ ਆਦਿ।

ਗੁਰੂ ਨਾਨਕ ਦੇਵ ਜੀ ਨੇ ਲੋਕਾਈ ਦਾ ਉਧਾਰ ਕਰਨ ਲਈ ਜਿੱਥੇ ਵੱਖ-ਵੱਖ ਧਰਮਾਂ ਅਤੇ ਸੰਪ੍ਰਦਾਵਾਂ ਵਿਚ ਘਰ ਕਰ ਚੁੱਕੇ ਭਰਮ-ਭੁਲੇਖਿਆਂ, ਭੇਖਾਂ ਅਤੇ ਗ਼ਲਤ ਧਾਰਾਵਾਂ ਦਾ ਵਿਸ਼ਲੇਸ਼ਣ ਕੀਤਾ ਉੱਥੇ ਉਨ੍ਹਾਂ ਨੇ ਜੋਗ-ਮਤ ਅਤੇ ਹੱਠ-ਜੋਗੀਆਂ ਨੂੰ ਬਾਹਰੀ ਭੇਖਾਂ ਨੂੰ ਤਿਆਗ ਕੇ ਪ੍ਰਭੂ ਨੂੰ ਮਿਲਣ ਦਾ ਅਸਲ ਮਾਰਗ ਦਰਸਾਇਆ। ਇਸ ਕਾਰਜ ਦੀ ਪੂਰਤੀ ਲਈ ਆਪ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਵੱਖ-ਵੱਖ ਧਰਮਾਂ ਦੇ ਧਾਰਮਿਕ ਅਤੇ ਤੀਰਥ ਅਸਥਾਨਾਂ ਦਾ ਭ੍ਰਮਣ ਕੀਤਾ। ਜੋਗੀਆਂ ਅਤੇ ਸਿੱਧਾਂ ਨੂੰ ਮਿਲਣ ਲਈ ਸੁਮੇਰ ਪਰਬਤ, ਗੋਰਖ-ਮਤਾ (ਹੁਣ ਨਾਨਕ ਮਤਾ), ਅਚਲ ਬਟਾਲੇ ਆਦਿ ਵੀ ਗਏ। ਜੋਗੀਆਂ ਦੇ ਹੱਠ ਸਾਧਨਾਂ ਦਾ ਜ਼ਿਕਰ ਕਰਦੇ ਹੋਏ ਆਪ ਜੀ ਦੇ ਰਾਗੁ ਸੂਹੀ ਵਿਚ ਬਚਨ ਹਨ ਕਿ ਗੋਦੜੀ ਪਹਿਨਣ, ਸਰੀਰ ਤੇ ਸੁਆਹ ਮਲਣ, ਕੰਨਾਂ ਵਿਚ ਮੁੰਦਰਾਂ ਪਾਉਣ ਆਦਿ ਭੇਖ ਕੀਤਿਆਂ ਪ੍ਰਭੂ ਨਾਲ ਮਿਲਾਪ ਨਹੀਂ ਹੋ ਸਕਦਾ ਅਤੇ ਨਾ ਹੀ ਮੜ੍ਹੀਆਂ-ਮਸਾਣਾਂ ਤੇ ਰਿਹਾਂ, ਸਮਾਧੀਆਂ ਲਾਇਆਂ ਅਤੇ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਪ੍ਰਭੂ-ਪ੍ਰਾਪਤੀ ਸੰਭਵ ਹੈ। ਜੋਗੀ ਦਾ ਤਾਂ ਇਹ ਕਰਤੱਵ ਹੈ ਕਿ ਉਹ ਸਾਰੀ ਮਨੁੱਖਤਾ ਨੂੰ ਇਕ ਸਮਾਨ

ਸਮਝੇ, ਦੁਨੀਆਂ ਦੇ ਕਾਰ-ਵਿਹਾਰ ਕਰਦਿਆਂ ਵਿਕਾਰਾਂ ਤੋਂ ਬਚਿਆ ਰਹੇ ਅਤੇ ਮਾਇਆ ਦੇ ਮੋਹ ਦੀ ਕਾਲਖ ਵਿਚ ਰਹਿੰਦੇ ਹੋਏ ਵੀ ਮਾਇਆ ਤੋਂ ਨਿਰਲੇਪ ਪ੍ਰਭੂ ਵਿਚ ਜੁੜਿਆ ਰਹੇ। ਪਰਮਾਤਮਾ ਨੂੰ ਮਿਲਣ ਦਾ ਇਹੀ ਇਕੋ ਇਕ ਸਾਧਨ ਹੈ :

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੧ ॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥ ੧ ॥ ਰਹਾਉ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥

(ਅੰਗ ੭੩੦)

ਹੱਠ-ਜੋਗ ਨੂੰ ਤਿਆਗਣ ਲਈ ਰਾਗੁ ਆਸਾ ਵਿਚ ਆਪ ਜੀ ਸੇਧ ਦੇ ਰਹੇ ਹਨ ਕਿ ਹੇ ਜੋਗੀ, ਮਾਲਕ ਪ੍ਰਭੂ ਦੇ ਹੁਕਮ ਵਿਚ ਰਹਿੰਦੇ ਹੋਏ ਕੰਨਾਂ ਵਿਚ ਮੁੰਦਰਾਂ ਦੀ ਥਾਂ ਗੁਰ-ਸ਼ਬਦ ਮੁੰਦਰਾਂ ਦਾ ਆਪਣੇ ਮਨ ਵਿਚ ਟਿਕਾਣਾ ਕਰ, ਖਿਮਾ ਵਾਲੇ ਸੁਭਾਅ ਦੀ ਗੋਦੜੀ ਪਹਿਨ, ਪ੍ਰਭੂ ਦੇ ਚਰਨਾਂ ਵਿਚ ਲਿਵ ਨੂੰ ਜੋੜਨ ਨੂੰ ਆਸਣ ਤੇ ਬੈਠਣਾ ਕਰ। ਗੁਰ-ਸ਼ਬਦ ਦੇ ਨਾਦ ਨੂੰ ਵਜਾਉਣਾ ਹੀ ਸਿੰਗੀ ਦੀ ਮਿੱਠੀ ਸੁਹਾਵਣੀ ਸੁਰ ਹੈ। ਹੱਥ ਵਿਚ ਖੱਪਰ ਫੜ ਕੇ ਘਰ-ਘਰ ਵਿਚ ਭਿਖਿਆ ਮੰਗਣ ਦੀ ਥਾਂ ਇਸ ਖੱਪਰ ਵਿਚ ਪ੍ਰਭੂ ਪਾਸੋਂ ਨਾਮ ਦੀ ਭਿਖਿਆ ਮੰਗੀਏ। ਪਰਮਾਤਮਾ ਨਾਲ ਡੂੰਘੀ ਸਾਂਝ ਪਾਉਣ ਵਾਲੀ ਮੱਤ ਮਾਨੋ ਹੱਥ ਵਿਚ ਡੰਡਾ ਹੈ, ਜੋ ਕਿਸੇ ਵਿਕਾਰਾਂ ਨੂੰ ਨੇੜੇ ਨਹੀਂ ਆਉਣ ਦਿੰਦੀ। ਸਤਿਗੁਰੂ ਜੀ ਉਪਦੇਸ਼ ਕਰ ਰਹੇ ਹਨ ਕਿ ਅਜਿਹਾ ਜੋਗ ਕਮਾਉਣ ਨਾਲ ਮਾਇਆ ਦੇ ਬੰਧਨਾਂ ਤੋਂ ਬਚੇ ਰਹੀਦਾ ਹੈ ਅਤੇ ਸਹਜ-ਜੋਗ ਦੀ ਪ੍ਰਾਪਤੀ ਹੁੰਦੀ ਹੈ :

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ॥ ੧ ॥
ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ॥੧॥ ਰਹਾਉ॥
ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ॥ ੨ ॥
ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ॥
ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ॥

(ਅੰਗ ੩੫੯-੬੦)

ਰਾਗੁ ਗਉੜੀ ਵਿਚ ਗੁਰੂ ਨਾਨਕ ਦੇਵ ਜੀ ਦ੍ਰਿੜ੍ਹ ਕਰਵਾ ਰਹੇ ਹਨ ਕਿ ਕੰਨ ਪਾੜ ਕੇ ਮੁੰਦਰਾਂ ਪਾਉਣ ਦੀ ਥਾਂ ਮਨੁੱਖੀ ਮਨ ਵਿਚ ਪੈਦਾ ਹੋ ਰਹੇ ਵਿਕਾਰਾਂ ਨੂੰ ਰੋਕਣ ਲਈ ਹਿਰਦੇ ਨੂੰ ਵਿੰਨ੍ਹਣ ਦੀ ਲੋੜ ਹੈ। ਸਰੀਰ ਨੂੰ ਨਾਸ਼ਵੰਤ ਸਮਝ ਕੇ ਇਸ ਨੂੰ ਖਿੰਥਾ ਭਾਵ ਗੋਦੜੀ ਜਾਂ ਕਫਨੀ ਬਣਾ ਕੇ, ਮਨ-ਰੂਪੀ ਡੰਡੇ ਨਾਲ ਪੰਜੇ ਵਿਕਾਰਾਂ ਨੂੰ ਕਾਬੂ ਵਿਚ ਰੱਖਣਾ ਹੀ ਅਸਲ ਜੋਗ ਹੈ :

ਮੁੰਦ੍ਰਾ ਤੇ ਘਟਿ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ॥
ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ॥

(ਅੰਗ ੧੫੫)

ਹੱਠ-ਜੋਗ ਸਾਧਨਾ ਦੇ ਮੁਕਾਬਲੇ ਗੁਰਮਤਿ ਪ੍ਰੇਮਾ-ਭਗਤੀ ਜਾਂ ਨਾਮ-ਸਿਮਰਨ ਲਈ ਪ੍ਰੇਰਦੀ ਹੈ। ਪ੍ਰਾਣੀ ਨੇ ਸੰਸਾਰ ਵਿਚ ਵਿਚਰਦੇ ਹੋਏ ਇਕ ਕਰਮ-ਜੋਗੀ ਵਾਂਗ ਜੀਵਨ ਬਤੀਤ ਕਰਦਿਆਂ ਮਾਇਆ ਤੋਂ ਨਿਰਲੇਪ ਰਹਿਣਾ ਹੈ। ਜਿੱਥੇ ਜੋਗ-ਮੱਤ ਦਾ ਪੂਰਨ ਮਨੁੱਖ ਸਿੱਧ ਹੈ ਉੱਥੇ ਗੁਰਬਾਣੀ ਨੇ ਗੁਰਮੁਖ ਨੂੰ ਆਦਰਸ਼ਕ ਮਨੁੱਖ ਗਰਦਾਨਿਆ ਹੈ। ਗੁਰਮੁਖ ਸਦਾ ਪ੍ਰਭੂ ਦੀ ਰਜ਼ਾ ਵਿਚ ਰਹਿੰਦਾ ਹੈ। ਉਸਦੇ ਮਨ ਅੰਦਰ ਮੇਰ-ਤੇਰ ਦੀ ਭਾਵਨਾ ਨਹੀਂ ਹੁੰਦੀ। ਉਸਦੀ ਲਿਵ ਸਦਾ ਪ੍ਰਭੂ ਚਰਨਾਂ ਵਿਚ ਜੁੜੀ ਰਹਿੰਦੀ ਹੈ। ਆਪਾ-ਭਾਵ ਗੁਆ ਕੇ ਮਨ ਤੇ ਕਾਬੂ ਪਾ ਕੇ ਉਹ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ। ਅਜਿਹਾ ਗੁਰਮੁਖ ਅਸਲ ਜੋਗੀ ਅਖਵਾਉਂਦਾ ਹੈ :

ਹੁਕਮੁ ਬੁਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਏ॥
ਸਹਸਾ ਤੂਟੈ ਨਿਰਮਲੁ ਹੋਵੈ ਜੋਗੁ ਜੁਗਤਿ ਇਵ ਪਾਏ॥

(ਰਾਗੁ ਰਾਮਕਲੀ ਮਹਲਾ ੩, ਅੰਗ ੯੦੮)

ਅਥਵਾ :

ਹਰਿ ਕਾ ਨਾਮੁ ਅਉਖਧੁ ਹੈ ਜੋਗੀ ਜਿਸ ਨੋ ਮੰਨਿ ਵਸਾਏ॥
ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ॥

(ਰਾਗੁ ਰਾਮਕਲੀ ਮਹਲਾ ੩, ਅੰਗ ੯੦੯)

ਅਸਲ ਜੋਗੀ ਭੇਖਾਂ ਤੇ ਵਿਖਾਵਿਆਂ ਵਿਚ ਨਹੀਂ ਪੈਂਦਾ। ਉਹ ਨਿਰੰਕਾਰ ਨੂੰ ਅੰਦਰ-ਬਾਹਰ ਭਾਵ ਹਰ ਥਾਂ ਵਿਆਪਕ ਸਮਝ ਕੇ ਉਸ ਵਿਚ ਲਿਵ ਜੋੜੀ ਰੱਖਦਾ ਹੈ। ਮਿੱਠੇ ਸੁਭਾਉ ਵਾਲਾ ਅਤੇ ਸੰਤੋਖੀ ਹੁੰਦਾ ਹੈ। ਕਾਮਾਦਿਕ ਵਿਕਾਰਾਂ ਤੋਂ ਹਰ ਵੇਲੇ ਸੁਚੇਤ ਰਹਿੰਦਾ ਹੈ ਅਤੇ ਕਿਸੇ ਪ੍ਰਕਾਰ ਦਾ ਡਰ ਜਾਂ ਭਉ ਉਸ ਨੂੰ ਨਹੀਂ ਵਿਆਪਦਾ :

ਜੋਗੀ ਕਉ ਕੈਸਾ ਡਰੁ ਹੋਇ॥
ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥ ੧ ॥ ਰਹਾਉ॥
ਨਿਰਭਉ ਜੋਗੀ ਨਿਰੰਜਨੁ ਧਿਆਵੈ॥
ਅਨਦਿਨੁ ਜਾਗੈ ਸਚਿ ਲਿਵ ਲਾਵੈ॥
ਸੋ ਜੋਗੀ ਮੇਰੈ ਮਨਿ ਭਾਵੈ॥ *(ਰਾਗੁ ਗਉੜੀ ਮਹਲਾ ੧, ਅੰਗ ੨੨੩)*

ਗੁਰੂ ਨਾਨਕ ਦੇਵ ਜੀ ਨੇ ਬਾਣੀ ਸਿਧ ਗੋਸਟਿ ਵਿਚ ਜੋਗੀਆਂ ਸਿੱਧਾਂ ਨੂੰ ਸਮਝਾਇਆ ਕਿ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਉਣ ਨਾਲ ਹਉਮੈ ਅਤੇ ਮਮਤਾ ਤੋਂ ਛੁਟਕਾਰਾ ਪਾ ਲਈਦਾ ਹੈ ਅਤੇ ਕਾਮ, ਕ੍ਰੋਧ, ਅਹੰਕਾਰ ਜਿਹੇ ਵਿਕਾਰ ਫਿਰ ਨੇੜੇ ਨਹੀਂ ਆਉਂਦੇ। ਇਸ ਤਰ੍ਹਾਂ ਗੁਰੂ ਦੇ ਦੱਸੇ ਮਾਰਗ ਤੇ ਚੱਲਣ ਲਈ ਪ੍ਰਾਣੀ ਨੂੰ ਪ੍ਰਭੂ ਦੇ ਭੇਦਾਂ ਦੀ ਸਮਝ ਪੈ ਜਾਂਦੀ ਹੈ ਅਤੇ ਉਹ ਜੋਗ ਦੀ ਜੁਗਤੀ ਨੂੰ ਫਿਰ ਲੱਭ ਲੈਂਦਾ ਹੈ :

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ॥

(ਅੰਗ ੯੩੯)

ਅਥਵਾ :

(ੳ) ਪੂਰੇ ਗੁਰ ਤੇ ਨਾਮੁ ਪਾਇਆ ਜਾਇ॥
ਜੋਗ ਜੁਗਤਿ ਸਚਿ ਰਹੈ ਸਮਾਇ॥

(ਅੰਗ ੯੪੧)

(ਅ) ਗੁਰਮੁਖਿ ਜੋਗੀ ਜੁਗਤਿ ਪਛਾਣੈ॥
ਗੁਰਮੁਖਿ ਨਾਨਕ ਏਕੋ ਜਾਣੈ॥ (ਅੰਗ ੯੪੬)

(ੲ) ਸਤਿਗੁਰ ਤੇ ਨਾਮੁ ਪਾਈਐ ਅਉਧੂ
ਜੋਗ ਜੁਗਤਿ ਤਾ ਹੋਈ॥

(ਅੰਗ ੯੪੬)

ਗੁਰੂ ਅਮਰਦਾਸ ਜੀ ਦੇ ਸਲੋਕ ਵਾਰਾਂ ਦੇ ਵਧੀਕ ਵਿਚ ਬੜੇ ਸੁੰਦਰ ਬਚਨ ਹਨ ਕਿ ਜੋਗ ਵਿਖਾਵਿਆਂ ਵਿਚ ਨਹੀਂ ਅਤੇ ਨਾ ਹੀ ਇਸਦੀ ਪ੍ਰਾਪਤੀ ਵੱਖ-ਵੱਖ ਭੇਖਾਂ ਜਾਂ ਦੇਸ਼ਾਂ ਆਦਿ ਦੇ ਭ੍ਰਮਣ ਨਾਲ ਹੁੰਦੀ ਹੈ। ਜੋਗ ਦੀ ਪ੍ਰਾਪਤੀ ਤਾਂ ਗੁਰੂ ਦੇ ਦੱਸੇ ਮਾਰਗ ਤੇ ਚਲਦਿਆਂ ਗ੍ਰਿਹਸਤੀ ਜੀਵਨ ਬਤੀਤ ਕਰਦਿਆਂ ਹੀ ਹੋ ਸਕਦੀ ਹੈ :

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥

(ਅੰਗ ੧੪੨੧)

ਅਥਵਾ :

ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ॥
ਸਿਵ ਨਗਰੀ ਮਹਿ ਆਸਣਿ ਬੈਸੈ ਗੁਰ ਸਬਦੀ ਜੋਗੁ ਪਾਈ॥

(ਰਾਗੁ ਰਾਮਕਲੀ ਮਹਲਾ ੩, ਅੰਗ ੯੦੯)

ਸਿਵ ਨਗਰੀ ਤੋਂ ਭਾਵ ਹੈ ਪਰਮਾਤਮਾ ਦੇ ਨਗਰ, ਸਾਧ ਸੰਗਤਿ ਵਿਚ।

ਮਨੁੱਖੀ ਮਨ ਨੂੰ ਲੱਗੇ ਹੋਏ ਰੋਗਾਂ ਦਾ ਕਾਰਨ ਮਨੁੱਖ ਦਾ ਵਿਸ਼ੇ ਵਿਕਾਰਾਂ ਵਿਚ ਗ੍ਰਸੇ ਹੋਣਾ ਹੈ। ਕੇਵਲ ਇਕ ਸਤਿਗੁਰੂ ਹੀ ਹੈ ਜੋ ਸਾਰਿਆਂ ਵਿਕਾਰਾਂ ਤੋਂ ਮੁਕਤ ਹੈ ਭਾਵ ਅਸਲੀ ਜੋਗੀ ਹੈ :

ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥

(ਰਾਗੁ ਭੈਰਉ ਮਹਲਾ ੫, ਅੰਗ ੧੧੪੦)

(57)

ਨਾਰੀ

ਇਕ ਸਿਹਤਮੰਦ ਸਮਾਜ ਦੀ ਸਥਾਪਨਾ ਲਈ ਗੁਰੂ ਸਾਹਿਬਾਨ ਨੇ ਪ੍ਰਾਣੀ ਨੂੰ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਕ ਤੌਰ ਤੇ ਸੁਚੇਤ ਹੋਣ ਲਈ ਪ੍ਰੇਰਿਆ। ਉਨ੍ਹਾਂ ਇਹ ਮਹਿਸੂਸ ਕੀਤਾ ਕਿ ਨਾਰੀ ਵਰਗ ਜੋ ਸਮਾਜ ਦਾ ਅੱਧਾ ਅੰਗ ਹੈ, ਸਮਾਜ ਵਿਚ ਉਸ ਨੂੰ ਕੋਈ ਚੰਗਾ ਸਥਾਨ ਪ੍ਰਾਪਤ ਨਹੀਂ। ਫਿਰ ਸਮਾਜ ਪ੍ਰਫੁੱਲਤ ਕਿਵੇਂ ਹੋ ਸਕਦਾ ਹੈ?

ਗੁਰੂ ਕਾਲ ਤੋਂ ਪਹਿਲਾਂ ਸਮਾਜ ਵਿਚ ਨਾਰੀ ਦੀ ਦਸ਼ਾ ਕੋਈ ਚੰਗੀ ਨਹੀਂ ਸੀ। ਉਹ ਆਦਮੀ ਦਾ ਕੇਵਲ ਮਨ ਪ੍ਰਚਾਵੇ ਦਾ ਸਾਧਨ ਬਣ ਕੇ ਰਹਿ ਗਈ ਸੀ। ਆਦਮੀ ਉਸ ਨੂੰ ਆਪਣੀ ਮਲਕੀਅਤ ਤੋਂ ਵੱਧ ਹੋਰ ਕੁਝ ਨਹੀਂ ਸਮਝਦਾ ਸੀ। ਹੋਰ ਤਾਂ ਹੋਰ ਧਾਰਮਿਕ ਆਗੂ ਵੀ ਇਸਤ੍ਰੀ ਨੂੰ ਯੋਗ ਸਤਿਕਾਰ ਨਹੀਂ ਦਿੰਦੇ ਸਨ।

ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਦੀ ਇਸ ਦਸ਼ਾ ਨੂੰ ਵੇਖ ਕੇ ਇਸਤ੍ਰੀ ਦੇ ਹੱਕਾਂ ਲਈ ਕੇਵਲ ਆਵਾਜ਼ ਹੀ ਨਹੀਂ ਉਠਾਈ ਸਗੋਂ ਦੁਨੀਆਂ ਦੇ ਲੋਕਾਂ ਨੂੰ ਸਪੱਸ਼ਟ ਸ਼ਬਦਾਂ ਵਿਚ ਸਮਝਾਇਆ ਕਿ ਇਸਤ੍ਰੀ ਤੋਂ ਹੀ ਸਾਰੇ ਜਗਤ ਦਾ ਪਸਾਰਾ ਹੋਇਆ ਹੈ। ਇਸਤ੍ਰੀ ਕਾਰਨ ਹੀ ਸਾਡੇ ਦੁਨਿਆਵੀ ਸੰਬੰਧ ਅਤੇ ਰਿਸ਼ਤੇਦਾਰੀਆਂ ਬਣੀਆਂ ਹਨ। ਇਸਤ੍ਰੀ ਤੋਂ ਬਿਨਾਂ ਮਨੁੱਖ ਅਧੂਰਾ ਹੈ। ਇਸਤ੍ਰੀ ਮਰ ਜਾਣ ਤੇ ਮਨੁੱਖ ਦੂਜੀ ਇਸਤ੍ਰੀ ਦੀ ਭਾਲ ਕਰਦਾ ਹੈ। ਇਥੋਂ ਤੱਕ ਕਿ ਰਾਜੇ ਮਹਾਰਾਜੇ ਵੀ ਸਾਰੇ ਇਸਤ੍ਰੀ ਦੀ ਕੁੱਖ ਤੋਂ ਜਨਮ ਲੈਂਦੇ ਹਨ ਤਾਂ ਫਿਰ ਉਸ ਨੂੰ ਮਾੜੀ ਕਿਵੇਂ ਕਿਹਾ ਜਾ ਸਕਦਾ ਹੈ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥

(ਰਾਗੁ ਆਸਾ ਦੀ ਵਾਰ, ਅੰਗ ੪੭੩)

ਇਸਤ੍ਰੀ ਅਤੇ ਮਨੁੱਖ ਵਿਚਲੇ ਵਿਤਕਰੇ ਨੂੰ ਦੂਰ ਕਰਨ ਲਈ ਗੁਰੂ ਅਮਰਦਾਸ ਜੀ ਨੇ ਸੰਗਤਾਂ ਨੂੰ ਹੁਕਮ ਕੀਤਾ ਸੀ ਕਿ ਇਸਤ੍ਰੀਆਂ ਪਰਦਾ ਕਰਕੇ ਸੰਗਤ ਵਿਚ ਨਾ ਆਉਣ ਅਤੇ ਮਾਈਆਂ, ਭਾਈਆਂ ਨਾਲ ਪੰਗਤ ਵਿਚ ਬੈਠ ਕੇ ਲੰਗਰ ਛਕਣ। ਉਸ ਸਮੇਂ ਦੇਸ਼ ਵਿਚ ਪਤੀ ਦੀ ਚਿਖਾ ਵਿਚ ਪਤਨੀ ਦੇ ਸੜ ਮਰਨ ਦੀ ਰਸਮ 'ਸਤੀ' ਬੜੀ ਪ੍ਰਚੱਲਤ ਸੀ। ਬਹੁਤ ਵਾਰੀ ਪਤਨੀ ਦੀ ਮਰਜ਼ੀ ਵਿਰੁੱਧ ਉਸਨੂੰ ਪਤੀ ਦੀ ਚਿਖਾ ਨਾਲ ਸੜ ਮਰਨ ਲਈ ਮਜਬੂਰ ਕੀਤਾ ਜਾਂਦਾ ਸੀ। ਗੁਰੂ ਜੀ ਨੇ ਇਸ ਭੈੜੀ ਰਸਮ ਤੋਂ ਸੰਗਤਾਂ ਨੂੰ ਵਰਜਿਆ ਅਤੇ ਸੇਧ ਦਿੱਤੀ :

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍ ॥
ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍ ॥

(ਰਾਗੁ ਸੂਹੀ ਕੀ ਵਾਰ ਮਹਲਾ ੩, ਅੰਗ ੭੮੭)

ਭਾਵ ਉਨ੍ਹਾਂ ਇਸਤ੍ਰੀਆਂ ਨੂੰ ਸਤੀਆਂ ਨਹੀਂ ਆਖਿਆ ਜਾ ਸਕਦਾ ਜੋ ਪਤੀ ਦੇ ਮਰਨ ਤੇ ਉਸ ਨਾਲ ਅੱਗ ਵਿਚ ਸੜ ਮਰਦੀਆਂ ਹਨ। ਅਸਲ ਸਤੀਆਂ ਤਾਂ ਉਹ ਹਨ ਜੋ ਪਤੀ ਦੀ ਮੌਤ ਤੇ ਵਿਛੋੜੇ ਦੀ ਸੱਟ ਨਾਲ ਹੀ ਮਰ ਜਾਣ।

ਅਗਲੇ ਸਲੋਕ ਵਿਚ ਆਪ ਜੀ ਫਿਰ ਫ਼ਰਮਾ ਰਹੇ ਹਨ ਕਿ ਸੱਚੇ ਆਚਰਣ ਅਤੇ ਸੀਲ ਸੰਤੋਖ ਵਾਲੀਆਂ ਇਸਤ੍ਰੀਆਂ ਹੀ ਅਸਲ ਸਤੀਆਂ ਹਨ ਜੋ ਆਪਣੇ ਮਾਲਕ-ਸਾਈਂ ਦੀ ਸੇਵਾ ਵਿਚ ਲੀਨ ਰਹਿੰਦੀਆਂ ਹਨ :

ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍ ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ੍ ॥ *(ਅੰਗ ੭੮੭)*

ਅਥਵਾ :

ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ ॥
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ॥ *(ਅੰਗ ੭੮੭)*

ਭਾਵ ਅਸਲ ਸਤੀਆਂ ਆਪਣੇ ਮਾਲਕ-ਪਤੀ ਦੇ ਜੀਉਂਦਿਆਂ ਹੀ ਉਸਦੇ ਹਰ ਦੁੱਖ-ਸੁਖ ਵਿਚ ਸਾਥ ਦਿੰਦੀਆਂ ਹਨ। ਉਹ ਪਤੀ ਖਾਤਰ ਆਪਣੇ ਸਰੀਰ ਤੇ ਹਰ ਦੁੱਖ ਸਹਾਰਦੀਆਂ ਹਨ।

ਭਗਤ ਕਬੀਰ ਜੀ ਦੇ ਰਾਗੁ ਗਉੜੀ ਵਿਚ ਬਚਨ ਹਨ ਕਿ ਆਪਣੇ ਪਤੀ ਨਾਲ ਚਿਖਾ ਵਿਚ ਮਰ-ਸੜਨ ਦੀ ਥਾਂ ਉੱਚੇ ਅਤੇ ਸੁੱਚੇ ਆਚਰਣ ਵਾਲੀ ਇਸਤ੍ਰੀ ਹੀ ਅਸਲ 'ਸਤੀ' ਹੈ :

ਬਿਨੁ ਸਤ ਸਤੀ ਹੋਇ ਕੈਸੇ ਨਾਰਿ ॥ *(ਅੰਗ ੩੨੮)*

ਗੁਰਮਤਿ ਨੇ ਇਸਤ੍ਰੀ ਨੂੰ ਦੁਨਿਆਵੀ ਅਤੇ ਅਧਿਆਤਮਿਕ ਦੋਹਾਂ ਪੱਖਾਂ ਤੋਂ ਆਦਮੀ ਦੇ ਸਮਾਨ ਹੀ ਨਹੀਂ ਦਰਸਾਇਆ ਸਗੋਂ ਇਸਤ੍ਰੀ ਨੂੰ ਬੜਾ ਆਦਰ ਅਤੇ ਸਤਿਕਾਰ ਦਿੱਤਾ ਹੈ। 'ਨਾਰੀ ਪੁਰਖ ਪੁਰਖ ਸਭ ਨਾਰੀ ਸਭੁ ਏਕੋ ਪੁਰਖੁ ਮੁਰਾਰੇ' ਆਖ ਕੇ ਗੁਰੂ ਰਾਮਦਾਸ ਜੀ ਨੇ ਨਾਰੀ-ਪੁਰਖ ਦਾ ਅੰਤਰ ਹੀ ਮਿਟਾ ਦਿੱਤਾ। ਇਕ ਵਾਹਿਗੁਰੂ ਨੂੰ ਪੁਰਖ ਭਾਵ ਸਰਬ-ਸ੍ਰੇਸ਼ਟ ਮੰਨਦੇ ਹੋਏ ਬਾਕੀ ਸਾਰਿਆਂ ਨੂੰ ਉਸਦੀਆਂ ਨਾਰਾਂ ਹੀ ਮੰਨਿਆ ਹੈ। ਗੁਰਬਾਣੀ ਵਿਚ ਪ੍ਰਭੂ ਨੂੰ ਥਾਂ ਪਰ ਥਾਂ ਕੰਤ, ਪਿਰ ਆਦਿ ਦੇ ਰੂਪ ਵਿਚ ਅਤੇ ਮਨੁੱਖ ਤੇ ਨਾਰੀ ਨੂੰ ਜੀਵ-ਇਸਤ੍ਰੀ ਦੇ ਰੂਪ ਵਿਚ ਦਰਸਾਇਆ ਗਿਆ ਹੈ :

(ੳ) ਮੈ ਕਾਮਣਿ ਮੇਰਾ ਕੰਤੁ ਕਰਤਾਰੁ ॥

(ਰਾਗੁ ਭੈਰਉ ਮਹਲਾ ੩, ਅੰਗ ੧੧੨੮)

(ਅ) ਨਾ ਮੈ ਕੁਲੁ ਨਾ ਸੋਭਾਵੰਤ ॥
ਕਿਆ ਜਾਨਾ ਕਿਉ ਭਾਨੀ ਕੰਤ ॥
ਮੋਹਿ ਅਨਾਥ ਗਰੀਬ ਨਿਮਾਨੀ ॥
ਕੰਤ ਪਕਰਿ ਹਮ ਕੀਨੀ ਰਾਨੀ ॥

(ਰਾਗੁ ਆਸਾ ਮਹਲਾ ੫, ਅੰਗ ੩੯੪)

(ੲ) ਸਾ ਹੁਕਮੁ ਪਛਾਣੈ ਕੰਤ ਕਾ
ਜਿਸ ਨੋ ਕ੍ਰਿਪਾ ਕੀਤੀ ਕਰਤਾਰਿ॥

(ਰਾਗੁ ਗੂਜਰੀ ਕੀ ਵਾਰ ਮਹਲਾ ੩, ਅੰਗ ੫੧੬)

(ਸ) ਪਿਰੁ ਪ੍ਰਭੁ ਸਾਚਾ ਸੋਹਣਾ ਪਾਈਐ ਗੁਰ ਬੀਚਾਰਿ॥

(ਸਿਰੀਰਾਗੁ ਮਹਲਾ ੩, ਅੰਗ ੩੮)

(ਹ) ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ॥

(ਰਾਗੁ ਸੂਹੀ ਮਹਲਾ ੩, ਅੰਗ ੭੫੫)

ਗੁਰੂ ਅਰਜਨ ਦੇਵ ਜੀ ਨੇ ਪਰਿਵਾਰ ਵਿਚ ਇਸਤ੍ਰੀ ਦਾ ਦਰਜਾ ਬੜਾ ਸ੍ਰੇਸ਼ਟ ਦਰਸਾਇਆ ਹੈ। ਰਾਗੁ ਆਸਾ ਵਿਚ ਆਪ ਜੀ ਦੇ ਬਚਨ ਹਨ :

ਸਭ ਪਰਵਾਰੈ ਮਾਹਿ ਸਰੇਸਟ॥
ਮਤੀ ਦੇਵੀ ਦੇਵਰ ਜੇਸਟ॥
ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ॥
ਜਨ ਨਾਨਕ ਸੁਖੇ ਸੁਖਿ ਵਿਹਾਇ॥ *(ਅੰਗ ੩੭੧)*

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਫੇਰੀ ਤੋਂ ਵਾਪਸ ਆਉਂਦੇ ਹੋਏ ਗੁਜਰਾਤ ਸ਼ਹਿਰ ਵਿਚ (ਹੁਣ ਪਾਕਿਸਤਾਨ ਵਿਚ) ਪੀਰ ਸ਼ਾਹ ਦੌਲਾ ਨੂੰ ਮਿਲੇ ਤਾਂ ਸਤਿਗੁਰਾਂ ਦੇ ਜਲਾਲ ਅਤੇ ਸ਼ਾਨੋ-ਸ਼ੌਕਤ ਨੂੰ ਦੇਖ ਕੇ ਪੀਰ ਦੇ ਇਕ ਮੁਰੀਦ ਜਹਾਂਗੀਰ ਨੇ ਗੁਰੂ ਜੀ ਦੇ ਗ੍ਰਿਹਸਤੀ ਹੋਣ ਤੇ ਸੰਦੇਹ ਪ੍ਰਗਟਾਇਆ ਅਤੇ ਕਹਿਣ ਲੱਗਾ ਕਿ 'ਔਰਤ ਕਿਆ ਤੇ ਫਕੀਰ ਕਿਆ?' ਤਾਂ ਸਤਿਗੁਰਾਂ ਨੇ 'ਔਰਤ ਨੂੰ ਈਮਾਨ' ਕਹਿ ਕੇ ਉਸਦੇ ਮਨ ਅੰਦਰ ਇਸਤ੍ਰੀ ਬਾਰੇ ਪਏ ਭੁਲੇਖੇ ਨੂੰ ਦੂਰ ਕੀਤਾ।

ਸ਼ੇਖ ਬਾਬਾ ਫਰੀਦ ਜੀ ਨੇ ਆਦਰਸ਼ਕ ਇਸਤ੍ਰੀ ਦੇ ਗੁਣਾਂ ਨੂੰ ਇਸ ਪ੍ਰਕਾਰ ਉਲੀਕਿਆ ਹੈ :

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥

(ਸਲੋਕ ਨੰਬਰ ੧੨੭, ਅੰਗ ੧੩੮੪)

ਭਾਵ ਨੀਵੇਂ ਹੋ ਕੇ ਰਹਿਣਾ, ਸਹਿਨ-ਸ਼ੀਲਤਾ ਅਤੇ ਮਿੱਠਾ ਬੋਲਣਾ, ਇਨ੍ਹਾਂ ਤਿੰਨਾਂ ਗੁਣਾਂ ਦੁਆਰਾ ਮਾਲਕ ਕੰਤ ਨੂੰ ਰਿਝਾਇਆ ਜਾ ਸਕਦਾ ਹੈ ਭਾਵ ਉਸ ਨੂੰ ਵੱਸ ਵਿਚ ਕੀਤਾ ਜਾ ਸਕਦਾ ਹੈ।

ਇਸੇ ਸਬੰਧ ਵਿਚ ਇਸਤ੍ਰੀ ਦੇ ਸ਼ੁਭ-ਗੁਣਾਂ ਨੂੰ ਦਰਸਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਦਾ ਰਾਗੁ ਬਸੰਤੁ ਵਿਚ ਫ਼ਰਮਾਨ ਹੈ ਕਿ ਅਜਿਹੀ ਇਸਤ੍ਰੀ ਸੇਵਾ-ਭਾਵ ਵਾਲੀ ਹੁੰਦੀ ਹੈ ਜੋ ਘਰ ਨੂੰ ਬੜੇ ਸੁਚੱਜੇ ਢੰਗ ਨਾਲ ਸਾਂਭ ਕੇ ਆਪਣੇ ਆਪ ਨੂੰ ਵਿਕਾਰਾਂ ਅਤੇ ਬੁਰੇ ਕੰਮਾਂ ਤੋਂ ਬਚਾਈ ਰੱਖਦੀ ਹੈ ਅਤੇ ਆਪਣੇ ਕੰਤ-ਪਤੀ ਨੂੰ ਪਿਆਰੀ ਲਗਦੀ ਹੈ :

ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ॥
ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ॥

(ਅੰਗ ੧੧੭੧)

ਆਪਣੀ ਇਸਤ੍ਰੀ ਤੋਂ ਬਿਨਾਂ ਕਿਸੇ ਦੂਜੀ ਇਸਤ੍ਰੀ ਬਾਰੇ ਬੁਰੀ ਭਾਵਨਾ ਰੱਖਣ ਵਾਲੇ ਮਨੁੱਖ ਨੂੰ ਗੁਰਬਾਣੀ ਵਿਚ ਭੈੜੀ ਮੱਤ ਵਾਲਾ ਅਤੇ ਅੰਨ੍ਹਾ ਭਾਵ ਪਾਪੀ ਕਰਕੇ ਗਰਦਾਨਿਆ ਗਿਆ ਹੈ :

ਮਨ ਰੇ ਕਉਨੁ ਕੁਮਤਿ ਤੈ ਲੀਨੀ॥
ਪਰ ਦਾਰਾ ਨਿੰਦਿਆ ਰਸਿ ਰਚਿਓ
ਰਾਮ ਭਗਤਿ ਨਹਿ ਕੀਨੀ॥

(ਰਾਗੁ ਸੋਰਠਿ ਮਹਲਾ ੯, ਅੰਗ ੬੩੧)

ਅਥਵਾ :

ਘਰ ਕੀ ਨਾਰਿ ਤਿਆਗੈ ਅੰਧਾ॥
ਪਰ ਨਾਰੀ ਸਿਉ ਘਾਲੈ ਧੰਧਾ॥

(ਰਾਗੁ ਭੈਰਉ ਭਗਤ ਨਾਮਦੇਵ ਜੀ, ਅੰਗ ੧੧੬੫)

ਭਾਈ ਗੁਰਦਾਸ ਜੀ ਅਨੁਸਾਰ ਪਰਾਈਆਂ ਇਸਤ੍ਰੀਆਂ ਨੂੰ ਮਾਵਾਂ, ਭੈਣਾਂ ਅਤੇ ਧੀਆਂ ਸਮਾਨ ਸਮਝਣਾ ਚਾਹੀਦਾ ਹੈ :

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥

(ਵਾਰ ੨੯, ਪਉੜੀ ੧੧)

ਪ੍ਰੰਤੂ ਦੂਜੇ ਬੰਨੇ ਔਗਣਾਂ ਅਤੇ ਖੋਟੇ ਮੱਤ ਵਾਲੀ ਇਸਤ੍ਰੀ ਸਬੰਧੀ ਗੁਰੂ ਨਾਨਕ ਦੇਵ ਜੀ ਦੇ ਸਿਰੀ ਰਾਗੁ ਵਿਚ ਬਚਨ ਹਨ :

ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ॥
ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ॥ *(ਅੰਗ ੫੬)*

ਭਾਵ ਵਿਕਾਰਾਂ ਵਿਚ ਫਸੀ ਹੋਈ ਇਸਤ੍ਰੀ ਨੂੰ ਨਾ ਸੰਸਾਰ ਵਿਚ ਸੁਖ ਮਿਲਦਾ ਹੈ ਅਤੇ ਨਾ ਪ੍ਰਲੋਕ ਵਿਚ ਢੋਈ।

ਅਸਲ ਵਿਚ ਗ੍ਰਿਹਸਤ ਰੂਪੀ ਗੱਡੀ ਤਾਂ ਹੀ ਸਫਲਤਾ ਪੂਰਬਕ ਚੱਲ ਸਕਦੀ ਹੈ ਜੇਕਰ ਇਸਦੇ ਦੋਨੋਂ ਪਹੀਏ ਇਕ ਸਮਾਨ ਚੱਲਣ ਭਾਵ ਜੇ ਘਰ ਵਿਚ ਪਤੀ-ਪਤਨੀ ਦਾ ਆਪਸੀ ਪਿਆਰ ਅਤੇ ਸਤਿਕਾਰ ਹੋਵੇ ਤਾਂ ਹੀ ਜੀਵਨ ਅਨੰਦਮਈ ਹੋ ਸਕਦਾ ਹੈ। ਗੁਰੂ ਅਮਰਦਾਸ ਜੀ ਦੇ ਰਾਗੁ ਸੂਹੀ ਵਿਚ ਬੜੇ ਅਨਮੋਲ ਬਚਨ ਹਨ ਕਿ ਜਿਹੜੇ ਪਤੀ-ਪਤਨੀ ਸਰੀਰਕ ਤੌਰ ਤੇ ਇਕੱਠੇ ਮਿਲ ਬੈਠਦੇ ਹਨ ਉਨ੍ਹਾਂ ਨੂੰ ਇਸਤ੍ਰੀ-ਮਾਲਕ ਨਹੀਂ ਕਿਹਾ ਜਾ ਸਕਦਾ। ਅਸਲੀ ਪਤੀ-ਪਤਨੀ ਤਾਂ ਉਹ ਹਨ ਜਿਨ੍ਹਾਂ ਦੇ ਦੋ ਸਰੀਰ ਹੁੰਦਿਆਂ ਹੋਇਆਂ ਵੀ ਆਤਮਾ ਇਕ ਹੋਵੇ :

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥ *(ਅੰਗ ੭੮੮)*

58

ਹਰਖ ਸੋਗ

ਹਰਖ ਤੋਂ ਭਾਵ ਹੈ ਖ਼ੁਸ਼ੀ ਅਤੇ ਸੋਗ ਤੋਂ ਗ਼ਮੀ ਜਾਂ ਅਫ਼ਸੋਸ। ਮਨੁੱਖ ਦੇ ਜੀਵਨ ਵਿਚ ਕਦੀ ਇਕਸਾਰਤਾ ਨਹੀਂ ਰਹਿੰਦੀ। ਇਸ ਵਿਚ ਖ਼ੁਸ਼ੀਆਂ ਤੇ ਖੇੜੇ ਵੀ ਹਨ ਅਤੇ ਗ਼ਮੀ, ਮਾਯੂਸੀਆਂ ਅਤੇ ਚਿੰਤਾਵਾਂ ਵੀ। ਇਹੋ ਕਾਰਨ ਹੈ ਕਿ ਆਮ ਮਨੁੱਖ ਦਾ ਮਨ ਸਥਿਰ ਨਹੀਂ ਰਹਿੰਦਾ। ਸਦਾ ਡਾਵਾਂ-ਡੋਲ ਵਾਲੀ ਸਥਿਤੀ ਬਣੀ ਰਹਿੰਦੀ ਹੈ। ਜੇਕਰ ਕੋਈ ਇੱਛਾ ਪੂਰੀ ਹੋ ਗਈ, ਕੋਈ ਸਫਲਤਾ ਮਿਲ ਗਈ ਜਾਂ ਧਨ-ਦੌਲਤ ਹੱਥ ਲੱਗ ਗਈ ਤਾਂ ਮਨੁੱਖ ਦਾ ਖ਼ੁਸ਼ੀ ਵਿਚ ਧਰਤੀ ਤੇ ਪੈਰ ਨਹੀਂ ਲਗਦਾ ਪਰ ਜੇਕਰ ਮਨੁੱਖ ਦੀ ਕੋਈ ਕਾਮਨਾ ਪੂਰੀ ਨਾ ਹੋਈ, ਕੋਈ ਘਟਨਾ ਵਾਪਰ ਗਈ, ਕੋਈ ਬੁਰੀ ਖ਼ਬਰ ਮਿਲ ਗਈ ਤਾਂ ਪਲ ਵਿਚ ਸਾਰੇ ਘਰ ਦਾ ਮਾਹੌਲ ਸ਼ੋਕਮਈ ਹੋ ਜਾਂਦਾ ਹੈ। ਅਜਿਹੀ ਸਥਿਤੀ ਦਾ ਵੱਡਾ ਕਾਰਨ ਮਨੁੱਖ ਵਿਚ ਸਬਰ ਜਾਂ ਸੰਤੋਖ ਦੀ ਘਾਟ ਹੈ ਜਾਂ ਵਾਹਿਗੁਰੂ ਤੇ ਟੇਕ ਦਾ ਨਾ ਹੋਣਾ। ਸਿਰੀ ਰਾਗੁ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਕੁਟੰਬ ਭਾਵ ਪਰਿਵਾਰ ਦੇ ਮੋਹ ਦੇ ਜੰਜਾਲ ਵਿਚ ਫਸੇ ਹੋਏ ਮਨੁੱਖ ਨੂੰ ਹਰ ਵੇਲੇ ਕੋਈ ਨਾ ਕੋਈ ਚਿੰਤਾ ਲੱਗੀ ਰਹਿੰਦੀ ਹੈ। ਭਟਕਣਾ ਦੇ ਕਾਰਨ ਪਲ ਭਰ ਵੀ ਮਨੁੱਖ ਆਰਾਮ ਨਾਲ ਨਹੀਂ ਬੈਠਦਾ। ਹਰ ਵੇਲ ਚਿੱਤ ਬੇਚੈਨ ਰਹਿੰਦਾ ਹੈ। ਪਲ ਵਿਚ ਤੋਲਾ ਅਤੇ ਪਲ ਵਿਚ ਮਾਸਾ ਭਾਵ ਕਦੀ ਖ਼ੁਸ਼ੀ ਅਤੇ ਕਦੀ ਗ਼ਮ ਜਾਂ ਚਿੰਤਾ ਵਿਚ ਡੁਬਿਆ ਰਹਿੰਦਾ ਹੈ। ਅਜਿਹੀ ਅਵਸਥਾ ਵਿਚ ਜੇਕਰ ਉਹ ਆਪਣੀ ਡੋਰ ਪ੍ਰਭੂ ਤੇ ਸੁੱਟ ਦੇਵੇ, ਉਸਦਾ ਪੱਲਾ ਫੜ ਲਵੇ ਤਾਂ ਮਨੁੱਖ ਦਾ ਤਨ ਤੇ ਮਨ ਸ਼ਾਂਤ ਤੇ ਠੰਡਾ ਹੋ ਜਾਂਦਾ ਹੈ ਅਤੇ ਸਾਰੇ ਝੋਰੇ ਖ਼ਤਮ ਹੋ ਜਾਂਦੇ ਹਨ :

ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ॥
ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥
ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ ॥ *(ਅੰਗ ੭੦)*

ਪੰਚਮ ਪਾਤਸ਼ਾਹ ਦਾ ਇਕ ਹੋਰ ਫ਼ਰਮਾਨ ਹੈ ਕਿ ਜੋ ਪ੍ਰਾਣੀ ਖ਼ੁਸ਼ੀ ਅਤੇ ਗ਼ਮੀ ਦੋਨਾਂ ਤੋਂ ਨਿਰਲੇਪ ਰਹਿੰਦੇ ਹਨ ਉਹ ਮੋਹ-ਮਾਇਆ ਦੇ ਜਾਲ ਵਿਚ ਨਹੀਂ ਫਸਦੇ। ਸਦਾ ਪਰਮਾਤਮਾ ਵਿਚ ਲਿਵ ਜੋੜੀ ਰੱਖਦੇ ਹਨ ਅਤੇ ਚੰਗੀ ਜੀਵਨ-ਜੁਗਤੀ ਵਾਲੇ ਹੁੰਦੇ ਹਨ। ਅਜਿਹੇ ਵਿਅਕਤੀ ਵਿਕਾਰਾਂ ਤੋਂ ਸਦਾ ਮੁਕਤ ਰਹਿੰਦੇ ਹਨ :

ਹਰਖ ਸੋਗ ਦੁਹਹੂੰ ਤੇ ਮੁਕਤੇ ॥
ਸਦਾ ਅਲਿਪਤੁ ਜੋਗ ਅਰੁ ਜੁਗਤੇ ॥

(ਰਾਗੁ ਗਉੜੀ, ਅੰਗ ੧੮੧)

ਇਤਿਹਾਸ ਵਿਚ ਇਕ ਸਾਖੀ ਆਉਂਦੀ ਹੈ ਕਿ ਇਕ ਸਿੱਖ ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ਰਣ ਆਇਆ। ਹੱਥ ਜੋੜ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ, ਕਿਸੇ ਅਜਿਹੇ ਗੁਰਮੁਖ ਪਿਆਰੇ ਦੇ ਦਰਸ਼ਨ ਕਰਵਾਓ ਜੋ ਅਕਾਲ ਪੁਰਖ ਦਾ ਭਾਣਾ ਮੰਨਦਾ ਹੋਵੇ। ਹਰਖ-

ਸੋਗ ਤੇ ਦੁਖ-ਸੁਖ ਵਿਚ ਇਕ ਸਮਾਨ ਵਿਚਰਦਾ ਹੋਵੇ। ਸਤਿਗੁਰਾਂ ਨੇ ਉਸ ਨੂੰ ਆਪਣੇ ਇਕ ਸਿੱਖ ਭਾਈ ਭੇਖਾਰੀ ਜੀ ਪਾਸ ਭੇਜ ਦਿੱਤਾ ਜੋ ਗੁਜਰਾਤ ਸ਼ਹਿਰ (ਅੱਜਕੱਲ੍ਹ ਪੱਛਮੀ ਪੰਜਾਬ, ਪਾਕਿਸਤਾਨ) ਵਿਚ ਰਹਿੰਦਾ ਸੀ। ਭਾਈ ਭੇਖਾਰੀ ਜੀ ਗੁਰਸਿੱਖ ਨੂੰ ਮਿਲ ਕੇ ਬੜੇ ਪ੍ਰਸੰਨ ਹੋਏ। ਗੁਰਸਿੱਖ ਐਨਾ ਪੈਂਡਾ ਮਾਰ ਕੇ ਉਚੇਚੇ ਤੌਰ ਤੇ ਭਾਈ ਜੀ ਨੂੰ ਮਿਲਣ ਆਇਆ ਸੀ ਉਹ ਵੀ ਉਸ ਦੇ ਗੁਰੂ ਜੀ ਪਾਸੋਂ। ਭਾਈ ਜੀ ਨੇ ਉਸਦੀ ਬੜੀ ਆਓ ਭਗਤ ਕੀਤੀ। ਭਾਈ ਭੇਖਾਰੀ ਜੀ ਦੇ ਪੁੱਤਰ ਦਾ ਵਿਆਹ ਸੀ। ਘਰ ਵਿਚ ਬੜੀਆਂ ਰੌਣਕਾਂ ਸਨ। ਕਈ ਤਰ੍ਹਾਂ ਦੇ ਪਕਵਾਨ ਤਿਆਰ ਹੋ ਰਹੇ ਸਨ। ਹਰ ਕੋਈ ਖੁਸ਼ੀ ਵਿਚ ਖੀਵਾ ਹੋ ਰਿਹਾ ਸੀ। ਵਾਤਾਵਰਨ ਸਾਰਾ ਅਨੰਦਮਈ ਸੀ ਪ੍ਰੰਤੂ ਇਕ ਕਮਰੇ ਵਿਚ ਮ੍ਰਿਤਕ ਦੇ ਸੰਸਕਾਰ ਲਈ ਸਮੱਗਰੀ ਪਈ ਹੋਈ ਸੀ ਜਿਸਨੂੰ ਦੇਖ ਕੇ ਗੁਰਸਿੱਖ ਨੂੰ ਬੜਾ ਅਚੰਭਾ ਹੋਇਆ। ਉਹ ਭਾਈ ਭੇਖਾਰੀ ਜੀ ਨੂੰ ਇਸ ਬਾਰੇ ਪੁੱਛਣ ਤੋਂ ਰਹਿ ਨਾ ਸਕਿਆ। ਜਿਸ ਤੇ ਭਾਈ ਜੀ ਨੇ ਹੱਸ ਕੇ ਕਿਹਾ ਕਿ ਤੁਹਾਡੇ ਇਸ ਪ੍ਰਸ਼ਨ ਦਾ ਉੱਤਰ ਕੱਲ੍ਹ ਦੇਵਾਂਗੇ। ਖੁਸ਼ੀ ਖੁਸ਼ੀ ਵਿਆਹ ਹੋ ਗਿਆ ਪਰ ਬਰਾਤ ਜਦੋਂ ਵਾਪਸ ਘਰ ਆਈ ਤਾਂ ਨਵ-ਵਿਆਹੇ ਯੁਵਕ ਦੀ ਮੌਤ ਹੋ ਗਈ। ਭਾਈ ਭੇਖਾਰੀ ਜੀ ਦੇ ਚਿਹਰੇ ਤੇ ਕਿਸੇ ਤਰ੍ਹਾਂ ਦਾ ਗ਼ਮ ਜਾਂ ਅਫ਼ਸੋਸ ਨਾ ਦੇਖ ਕੇ ਗੁਰਸਿੱਖ ਦੀ ਹੈਰਾਨੀ ਦੀ ਹੱਦ ਨਾ ਰਹੀ। ਉਸਨੂੰ ਉਸਦੇ ਸੁਆਲ ਦਾ ਉੱਤਰ ਮਿਲ ਗਿਆ ਸੀ। ਗੁਜਰਾਤ ਵਿਚ ਬੈਠੇ ਨੇ ਦੋਨੋਂ ਹੱਥ ਜੋੜ ਅੰਤਰ-ਧਿਆਨ ਹੋ ਕੇ ਗੁਰੂ ਜੀ ਅੱਗੇ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ, ਤੇਰੀ ਤੂੰ ਹੀ ਜਾਣਦਾ ਹੈਂ? ਜੇਕਰ ਅਜਿਹੇ ਗੁਰਸਿੱਖ ਪਿਆਰਿਆਂ ਦੀ ਚਰਨ ਧੂੜ ਮਸਤਕ ਤੇ ਲਾਉਣ ਲਈ ਮਿਲ ਜਾਏ ਤਾਂ ਅਸੀਂ ਸੁਭਾਗੇ ਹਾਂ। ਕਹਿਣ ਤੋਂ ਭਾਵ ਇਹ ਕਿ ਅਕਾਲ ਪੁਰਖ ਦੇ ਭਾਣੇ ਵਿਚ ਵਿਚਰਨ ਵਾਲੇ ਭਗਤ-ਜਨ ਹਰਖ-ਸੋਗ ਅਤੇ ਦੁਨਿਆਵੀ ਝਮੇਲਿਆਂ ਅਤੇ ਬੰਧਨਾਂ ਤੋਂ ਸੁਤੰਤਰ ਹੁੰਦੇ ਹਨ। ਉਹ ਕਦੇ ਡੋਲਦੇ ਨਹੀਂ। ਪ੍ਰਭੂ ਤੇ ਉਨ੍ਹਾਂ ਦਾ ਅਟੱਲ ਵਿਸ਼ਵਾਸ ਹੁੰਦਾ ਹੈ। ਪ੍ਰਭੂ-ਪਿਆਰਿਆਂ ਅਤੇ ਆਮ ਵਿਅਕਤੀ ਵਿਚ ਇਹੋ ਵੱਡਾ ਅੰਤਰ ਹੈ।

ਇਹ ਅਵਸਥਾ ਕਿਵੇਂ ਆਉਂਦੀ ਹੈ? ਪ੍ਰਭੂ ਦੀ ਆਗਿਆ ਵਿਚ ਰਹਿ ਕੇ, ਕਾਮਾਦਿਕ ਵਿਕਾਰਾਂ ਅਤੇ ਹਉਮੈਂ ਨੂੰ ਮਾਰ ਕੇ ਮਨੁੱਖ ਅਜਿਹੀ ਪਉੜੀ ਤੇ ਅੱਪੜਦਾ ਹੈ। ਮਨੁੱਖ ਵਿਚ ਇਹ ਹੰਕਾਰ ਨਹੀਂ ਹੋਣਾ ਚਾਹੀਦਾ ਕਿ ਉਸ ਵਲੋਂ ਜੁਟਾਏ ਹੋਏ ਸਾਧਨਾਂ ਕਰਕੇ ਉਸ ਨੂੰ ਇਹ ਸਭ ਕੁਝ ਪ੍ਰਾਪਤ ਹੋਇਆ ਹੈ :

> **ਪ੍ਰਭ ਕੀ ਆਗਿਆ ਆਤਮ ਹਿਤਾਵੈ ॥**
> **ਜੀਵਨ ਮੁਕਤਿ ਸੋਊ ਕਹਾਵੈ ॥**
> **ਤੈਸਾ ਹਰਖੁ ਤੈਸਾ ਉਸੁ ਸੋਗੁ ॥**
> **ਸਦਾ ਅਨੰਦੁ ਤਹ ਨਹੀ ਬਿਓਗੁ ॥**

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੭੫)

ਅਥਵਾ :

> **ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥**
> **ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥**

(ਰਾਗੁ ਮਾਰੂ ਮਹਲਾ ੫, ਅੰਗ ੧੦੦੦)

ਅਜਿਹੀ ਅਵਸਥਾ ਵਿਚ ਫਿਰ ਸਦਾ ਖੁਸ਼ੀਆਂ, ਖੇੜਾ ਅਤੇ ਅਨੰਦ ਹੀ ਅਨੰਦ ਹੈ। ਕਿਸੇ ਪ੍ਰਕਾਰ ਦੀ ਚਿੰਤਾ ਜਾਂ ਫ਼ਿਕਰ ਨਹੀਂ ਰਹਿ ਜਾਂਦੇ। ਸਾਹਿਬ ਪੰਚਮ ਪਾਤਸ਼ਾਹ ਦਾ ਰਾਗੁ ਗਉੜੀ ਵਿਚ ਫ਼ਰਮਾਨ ਹੈ ਕਿ ਅਜਿਹਾ ਆਤਮਿਕ ਹੁਲਾਰਾ ਪ੍ਰਭੂ ਨੇ ਮੈਨੂੰ ਵੀ ਬਖ਼ਸ਼ਿਆ ਹੈ ਜਿਸ ਸਦਕਾ ਮੇਰੇ ਲਈ ਖੁਸ਼ੀ ਗ਼ਮੀ ਇਕ ਸਮਾਨ ਹੈ :

ਹਰਖ ਅਨੰਤ ਸੋਗ ਨਹੀ ਬੀਆ॥
ਸੋ ਘਰੁ ਗੁਰਿ ਨਾਨਕ ਕਉ ਦੀਆ॥ *(ਅੰਗ ੧੮੬)*

ਸਤਿਗੁਰਾਂ ਦਾ ਰਾਗੁ ਗਉੜੀ ਵਿਚ ਹੀ ਇਕ ਹੋਰ ਬੜਾ ਸੁੰਦਰ ਫ਼ਰਮਾਨ ਹੈ ਕਿ ਇਹ ਅਨੰਤ ਖੁਸ਼ੀ ਵਾਲੀ ਅਵਸਥਾ ਪ੍ਰਭੂ ਦੇ ਭਾਣੇ ਵਿਚ ਰਹਿ ਕੇ ਹੀ ਪ੍ਰਾਪਤ ਹੁੰਦੀ ਹੈ :

ਸੋਗ ਹਰਖ ਮਹਿ ਆਵਣ ਜਾਣਾ॥
ਤਿਨਿ ਸੁਖੁ ਪਾਇਆ ਜੋ ਪ੍ਰਭ ਭਾਣਾ॥ *(ਅੰਗ ੧੯੨)*

ਜਿਹੜਾ ਮਨੁੱਖ ਸਭ ਨਾਲ ਇਕੋ ਜਿਹਾ ਵਰਤਾਉ ਕਰਦਾ ਹੈ, ਵੈਰੀ ਤੇ ਮਿੱਤਰ ਨੂੰ ਇਕ ਸਮਾਨ ਸਮਝਦਾ ਹੈ ਭਾਵ ਕਿਸੇ ਦਾ ਵੀ ਬੁਰਾ ਨਹੀਂ ਚਿਤਵਦਾ, ਸਭ ਦਾ ਭਲਾ ਹੀ ਮੰਗਦਾ ਹੈ ਉਹ ਤੇਰ ਮੇਰ ਦੀ ਭਾਵਨਾ ਤੋਂ ਮੁਕਤ ਹੋ ਜਾਂਦਾ ਹੈ। ਫਿਰ ਉਸ ਲਈ ਖੁਸ਼ੀ ਕੀ ਤੇ ਗ਼ਮੀ ਕੀ? ਇਸ ਸਬੰਧੀ ਗੁਰੂ ਤੇਗ ਬਹਾਦਰ ਜੀ ਦੇ ਬਚਨ ਹਨ :

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥

(ਸਲੋਕ ਨੰਬਰ ੧੫, ਅੰਗ ੧੪੨੭)

ਇਸ ਤਰ੍ਹਾਂ ਮਾਇਕ ਪਦਾਰਥਾਂ ਵਲੋਂ ਮੋਹ ਟੁੱਟ ਜਾਂਦਾ ਹੈ। ਫਿਰ ਕੋਈ ਮਾਇਕ ਲਾਭ ਹੋਣ ਤੇ ਖੁਸ਼ੀ ਆਪਣਾ ਜ਼ੋਰ ਨਹੀਂ ਪਾ ਸਕਦੀ ਅਤੇ ਜੇਕਰ ਕੋਈ ਨੁਕਸਾਨ ਹੋ ਜਾਵੇ ਤਾਂ ਦੁੱਖ ਨਹੀਂ ਵਾਪਰਦੇ ਭਾਵ ਮਨ ਸਾਰੀਆਂ ਚਿੰਤਾਵਾਂ ਤੋਂ ਮੁਕਤ ਹੋ ਕੇ ਇਕ ਸਮਾਨ ਅਡੋਲ ਰਹਿੰਦਾ ਹੈ। ਰਾਗੁ ਰਾਮਕਲੀ ਵਿਚ ਗੁਰੂ ਅਰਜਨ ਦੇਵ ਜੀ ਪ੍ਰਾਣੀ ਨੂੰ ਸੇਧ ਬਖ਼ਸ਼ਿਸ਼ ਕਰ ਰਹੇ ਹਨ :

ਆਵਤ ਹਰਖ ਨ ਜਾਵਤ ਦੂਖਾ ਨਹ ਬਿਆਪੈ ਮਨ ਰੋਗਨੀ॥

(ਅੰਗ ੮੮੩)

ਇਸਦੇ ਉਲਟ ਜੋ ਪ੍ਰਭੂ ਨਾਲੋਂ ਮੋਹ-ਪਿਆਰ ਤੋੜ ਕੇ ਦੁਨਿਆਵੀ ਬੰਧਨਾਂ ਵਿਚ ਬੱਝੇ ਰਹਿੰਦੇ ਹਨ ਉਹ ਕੇਵਲ ਇਕ ਸੰਸਾਰੀ ਮਨੁੱਖ ਬਣ ਕੇ ਰਹਿ ਜਾਂਦੇ ਹਨ। ਉਨ੍ਹਾਂ ਦਾ ਸਾਰਾ ਜੀਵਨ ਦੁਬਿਧਾ ਵਿਚ ਹੀ ਨਿਕਲਦਾ ਹੈ। ਮਾਇਆ ਜਾਂ ਧਨ ਆ ਜਾਏ ਤਾਂ ਮਨੁੱਖ ਖੁਸ਼ੀ ਨਾਲ ਆਫ਼ਰ ਜਾਂਦਾ ਹੈ ਤੇ ਜੇਕਰ ਇਹ ਹੱਥੋਂ ਨਿਕਲ ਜਾਏ ਤਾਂ ਇਸਦੇ ਰੋਂਦੇ ਦੇ ਹੰਝੂ ਨਹੀਂ ਸੁੱਕਦੇ। ਅਜਿਹੇ ਪ੍ਰਾਣੀ ਦੀ ਅਵਸਥਾ ਗੁਰੂ ਨਾਨਕ ਦੇਵ ਜੀ ਨੇ ਰਾਗੁ ਸੋਰਠਿ ਵਿਚ ਇਸ ਪ੍ਰਕਾਰ ਦਰਸਾਈ ਹੈ :

ਆਵਤ ਕਉ ਹਰਖ ਜਾਤ ਕਉ ਰੋਵਹਿ ਇਹੁ ਦੁਖੁ ਸੁਖੁ ਨਾਲੇ ਲਾਗਾ॥

(ਅੰਗ ੫੯੮)

ਅਥਵਾ :

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥
ਭੋਗਹੁ ਰੋਗ ਸੁ ਅੰਤਿ ਵਿਗੋਵੈ॥
ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ॥

(ਰਾਗੁ ਮਾਰੂ ਸੋਲਹੇ ਮਹਲਾ ੧, ਅੰਗ ੧੦੩੪)

ਭਾਵ ਬਹੁਤੇ ਸੁਆਦਾਂ ਅਤੇ ਚਸਕਿਆਂ ਤੋਂ ਦੁੱਖ ਹੀ ਮਿਲਦਾ ਹੈ ਕਿਉਂਕਿ ਭੋਗਾਂ ਤੋਂ ਹੀ ਰੋਗ ਪੈਦਾ ਹੁੰਦੇ ਹਨ ਜਿਸ ਨਾਲ ਮਨੁੱਖ ਅੰਤ ਨੂੰ ਖੁਆਰ ਹੁੰਦਾ ਹੈ। ਮਾਇਆ ਦੀਆਂ ਖੁਸ਼ੀਆਂ ਤੋਂ ਵੀ ਚਿੰਤਾ ਹੀ ਪੈਦਾ ਹੁੰਦੀ ਹੈ ਜੋ ਕਦੇ ਮਿਟਦੀ ਨਹੀਂ। ਗੱਲ ਕੀ ਪ੍ਰਭੂ ਦੀ ਰਜ਼ਾ ਵਿਚ ਤੁਰਨ ਤੋਂ ਬਿਨਾਂ ਮਨੁੱਖ ਭਟਕਣਾ ਵਿਚ ਪਿਆ ਰਹਿੰਦਾ ਹੈ।

ਇਸ ਲਈ ਗੁਰੂ ਅਰਜਨ ਦੇਵ ਜੀ ਰਾਗੁ ਪ੍ਰਭਾਤੀ ਵਿਚ ਜੀਵ ਨੂੰ ਦ੍ਰਿੜ ਕਰਵਾ ਰਹੇ ਹਨ ਕਿ ਸਤਿਗੁਰੂ ਦੀ ਸੇਵਾ ਭਗਤੀ ਕੀਤਿਆਂ, ਹਰਖ-ਸੋਗ ਤੋਂ ਨਿਰਲੇਪ ਹੋ ਜਾਈਦਾ ਹੈ ਅਤੇ ਜੀਵ ਦਾ ਪਾਰ-ਉਤਾਰਾ ਹੋ ਜਾਂਦਾ ਹੈ :

ਮਨ ਸਤਿਗੁਰੁ ਸੇਵਿ ਹੋਇ ਪਰਮ ਗਤੇ॥
ਹਰਖ ਸੋਗ ਤੇ ਰਹਹਿ ਨਿਰਾਰਾ ਤਾਂ ਤੂ ਪਾਵਹਿ ਪ੍ਰਾਨਪਤੇ॥

(ਅੰਗ ੧੩੩੭)

ਅਥਵਾ :

ਗੁਰਮਤੀ ਹਰਿ ਮੰਨਿ ਵਸਾਇਆ॥
ਹਰਖੁ ਸੋਗੁ ਸਭੁ ਮੋਹੁ ਗਵਾਇਆ॥

(ਰਾਗੁ ਮਾਝ ਅਸਟਪਦੀਆ ਮਹਲਾ ੩, ਅੰਗ ੧੨੨)

ਗੁਰੂ ਦੇ ਦੱਸੇ ਮਾਰਗ ਤੇ ਚੱਲਣ ਨਾਲ ਪਰਮਾਤਮਾ ਮਨ ਵਿਚ ਆ ਵੱਸਦਾ ਹੈ। ਫਿਰ ਖੁਸ਼ੀ ਦੀ ਲਾਲਸਾ ਅਤੇ ਗ਼ਮੀ ਦੀ ਘਬਰਾਹਟ ਜਾਂਦੀ ਰਹਿੰਦੀ ਹੈ ਅਤੇ ਮਾਇਆ ਦਾ ਮੋਹ ਦੂਰ ਹੋ ਜਾਂਦਾ ਹੈ।

ਰਾਗੁ ਕਾਨੜਾ ਵਿਚ ਗੁਰੂ ਅਰਜਨ ਦੇਵ ਜੀ ਦੇ ਬੜੇ ਸੁੰਦਰ ਬਚਨ ਹਨ ਕਿ ਜੋ ਹਰੀ ਦੇ ਨਾਮ ਦੀ ਅਰਾਧਨਾ ਕਰਦੇ ਹਨ, ਜਿਨ੍ਹਾਂ ਦੀ ਲਿਵ ਪ੍ਰਭੂ ਚਰਨਾਂ ਵਿਚ ਜੁੜੀ ਰਹਿੰਦੀ ਹੈ, ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਚਿੰਤਾ ਜਾਂ ਫ਼ਿਕਰ ਨਹੀਂ ਸਤਾਉਂਦਾ। ਮਨ ਅੰਦਰ ਹਰ ਵੇਲੇ ਖੁਸ਼ੀ ਤੇ ਖੇੜਾ ਬਣਿਆ ਰਹਿੰਦਾ ਹੈ। ਪਰਮਾਤਮਾ ਦੇ ਅਜਿਹੇ ਸੇਵਕਾਂ ਦਾ ਮਨ ਫਿਰ ਹੋਰ ਕਿਸੇ ਪਾਸੇ ਨਹੀਂ ਭਟਕਦਾ ਅਤੇ ਉਹ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦੇ ਹਨ :

ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ॥

(ਅੰਗ ੧੩੦੨)

(59)

ਮਾਣਸ ਜਨਮ

ਗੁਰਬਾਣੀ ਨੇ ਮਨੁੱਖਾ ਜਨਮ ਨੂੰ ਬੜੀ ਉੱਤਮ ਪਦਵੀ ਬਖ਼ਸ਼ੀ ਹੈ। ਮਨੁੱਖ ਵਿਚ ਚੇਤਨਤਾ ਅਤੇ ਬਿਬੇਕ ਬੁੱਧੀ ਹੋਣ ਦੇ ਕਾਰਨ, ਬਾਕੀ ਦੀਆਂ ਸਾਰੀਆਂ ਜੂਨਾਂ ਮਨੁੱਖ ਦੀਆਂ ਸੇਵਕ ਹਨ। ਮਨੁੱਖ ਇਸ ਧਰਤੀ ਤੇ ਸਾਰੀਆਂ ਜੂਨਾਂ ਦਾ ਸਰਦਾਰ ਕਰਕੇ ਮੰਨਿਆ ਜਾਂਦਾ ਹੈ। ਗੁਰਵਾਕ ਹੈ :

ਅਵਰ ਜੋਨਿ ਤੇਰੀ ਪਨਿਹਾਰੀ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ॥

(ਰਾਗੁ ਆਸਾ ਮਹਲਾ ੫, ਅੰਗ ੩੭੪)

ਭਾਈ ਗੁਰਦਾਸ ਜੀ ਦਾ ਕਥਨ ਹੈ :

ਚੌਰਾਸੀ ਲਖ ਜੋਨਿ ਵਿਚ ਉਤਮ ਜਨਮ ਸੁ ਮਾਣਸ ਦੇਹੀ॥

(ਵਾਰ ੧, ਪਉੜੀ ੩)

ਰਾਗੁ ਮਾਰੂ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਚੌਰਾਸੀ ਲੱਖ ਜੂਨਾਂ ਵਿਚੋਂ ਪਰਮਾਤਮਾ ਨੇ ਮਨੁੱਖ ਨੂੰ ਹੀ ਵਡਿਆਈ ਦਿੱਤੀ ਹੈ ਭਾਵ ਮਨੁੱਖ ਸਮਾਨ ਹੋਰ ਕੋਈ ਜੂਨ ਨਹੀਂ :

ਲਖ ਚਉਰਾਸੀਹ ਜੋਨਿ ਸਬਾਈ॥
ਮਾਣਸ ਕਉ ਪ੍ਰਭਿ ਦੀਈ ਵਡਿਆਈ॥ *(ਅੰਗ ੧੦੭੫)*

ਪ੍ਰੰਤੂ ਮਨੁੱਖਾ ਦੇਹੀ ਪਾ ਕੇ ਵੀ ਜੋ ਪ੍ਰਾਣੀ ਪਰਮਪਦ ਦੀ ਪ੍ਰਾਪਤੀ ਲਈ ਯਤਨ ਨਹੀਂ ਕਰਦਾ, ਉਹ ਜਨਮ ਮਰਨ ਦੇ ਗੇੜ ਵਿਚ ਪੈ ਕੇ ਦੁੱਖ ਭੋਗਦਾ ਹੈ :

ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥

(ਅੰਗ ੧੦੭੫)

ਇਹ ਮਨੁੱਖਾ ਜਨਮ ਨੂੰ ਤਾਂ ਦੇਵਤੇ ਵੀ ਲੋਚਦੇ ਹਨ। ਪਰਮਾਤਮਾ ਦੀ ਭਗਤੀ ਕਰਨ ਲਈ ਇਹ ਇਕ ਸੁਭਾਗਾ ਅਵਸਰ ਪ੍ਰਾਪਤ ਹੋਇਆ ਹੈ ਭਾਵ ਪ੍ਰਭੂ ਦਾ ਸਿਮਰਨ ਮਨੁੱਖਾ ਜਨਮ ਦੀ ਸਭ ਤੋਂ ਵੱਡੀ ਕਮਾਈ ਹੈ :

ਗੁਰ ਸੇਵਾ ਤੇ ਭਗਤਿ ਕਮਾਈ॥
ਤਬ ਇਹ ਮਾਨਸ ਦੇਹੀ ਪਾਈ॥
ਇਸ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥
ਭਜਹੁ ਗੋੁਬਿੰਦ ਭੂਲਿ ਮਤ ਜਾਹੁ॥
ਮਾਨਸ ਜਨਮ ਕਾ ਏਹੀ ਲਾਹੁ॥

ਪੰ.ਨੰ.-351 *(ਰਾਗੁ ਭੈਰਉ, ਭਗਤ ਕਬੀਰ ਜੀ, ਅੰਗ ੧੧੫੯)*

ਕਿੰਨੇ ਜਨਮਾਂ-ਜਨਮਾਤਰਾਂ ਵਿਚ ਜੀਵ ਨੇ ਦੁੱਖ ਭੋਗੇ। ਕਦੀ ਕਿਸੇ ਜੂਨ ਵਿਚ ਕਦੀ ਕਿਸੇ ਜੂਨ ਵਿਚ ਮਨੁੱਖ ਭਟਕਦਾ ਰਿਹਾ। ਕਦੀ ਇਹ ਕੀੜਾ ਬਣਿਆ, ਕਦੀ ਪਤੰਗਾ। ਪਤਾ ਨਹੀਂ ਕਿੰਨੇ ਜਨਮਾਂ ਵਿਚ ਪੰਛੀ, ਸੱਪ, ਮਗਰਮੱਛ, ਹਾਥੀ ਜਾਂ ਹੋਰ ਕੀ ਕੁਝ ਨਹੀਂ ਬਣਿਆ। ਬਲਦ ਜਾਂ ਘੋੜੇ ਦੇ ਰੂਪ ਵਿਚ ਇਸ ਨੂੰ ਜੋਤਿਆ ਗਿਆ। ਵੱਖ-ਵੱਖ ਜੂਨਾਂ ਵਿਚੋਂ ਨਿਕਲ ਕੇ ਕਿੰਨੇ ਚਿਰਾਂ ਤੋਂ ਬਾਅਦ ਜੀਵ ਨੂੰ ਭਾਗਾਂ ਨਾਲ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ। ਇਸ ਲਈ ਪ੍ਰਭੂ ਦਾ ਸਿਮਰਨ ਕਰਨ ਦਾ ਇਹ ਸਭ ਤੋਂ ਚੰਗਾ ਸਮਾਂ ਹੈ। ਗੁਰਵਾਕ ਹੈ :

ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥
ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥

(ਰਾਗੁ ਗਉੜੀ ਮਹਲਾ ੫, ਅੰਗ ੧੭੬)

ਗੁਰੂ ਤੇਗ਼ ਬਹਾਦਰ ਜੀ ਦੇ ਰਾਗੁ ਸੋਰਠਿ ਵਿਚ ਪਾਵਨ ਬਚਨ ਹਨ ਕਿ ਕਈ ਜਨਮਾਂ ਵਿਚ ਭਟਕ-ਭਟਕ ਕੇ ਬੜੇ ਚਿਰਾਂ ਬਾਅਦ ਮਾਨਸ ਜਨਮ ਮਿਲਦਾ ਹੈ। ਇਹੋ ਪਰਮਾਤਮਾ ਨੂੰ ਮਿਲਣ ਦਾ ਸਮਾਂ ਹੈ। ਇਸ ਲਈ ਹੇ ਪ੍ਰਾਣੀ! ਤੂੰ ਮਾਲਕ-ਪ੍ਰਭੂ ਦਾ ਸਿਮਰਨ ਕਿਉਂ ਨਹੀਂ ਕਰਦਾ :

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥

(ਅੰਗ ੬੩੧)

ਰਾਗੁ ਆਸਾ ਵਿਚ ਗੁਰੂ ਪੰਚਮ ਪਾਤਸ਼ਾਹ ਦੇ ਬਚਨ ਹਨ :

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ *(ਅੰਗ ੩੭੮)*

ਅਥਵਾ :

ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ॥

(ਰਾਗੁ ਬਿਲਾਵਲੁ ਛੰਤ ਮਹਲਾ ੪, ਅੰਗ ੮੪੪)

ਇਸੇ ਸ਼ਬਦ ਵਿਚ ਆਪ ਜੀ ਅਗਲੇ ਬੰਦ ਦੀ ਤੁਕ ਵਿਚ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਮਨੁੱਖਾ ਜਨਮ ਲੈ ਕੇ ਜੇਕਰ ਪ੍ਰਭੂ ਨਾਲ ਮਿਲਾਪ ਨਹੀਂ ਹੋ ਸਕਿਆ ਤਾਂ ਅਜਿਹੇ ਜੀਵ ਅਭਾਗੇ ਹਨ, ਮਾੜੀ ਕਿਸਮਤ ਵਾਲੇ ਹਨ :

ਜਿਨ ਮਾਣਸ ਜਨਮਿ ਨ ਪਾਇਆ ਤਿਨ੍ ਭਾਗੁ ਮੰਦੇਰਾ ਰਾਮ॥

(ਅੰਗ ੮੪੪)

ਮਨੁੱਖ ਦਾ ਇਹ ਹਾਲ ਹੈ ਕਿ ਮੋਹ-ਮਾਇਆ ਵਿਚ ਫਸ ਕੇ ਇਸ ਹੀਰੇ ਜਿਹੇ ਅਮੋਲਕ ਜੀਵਨ ਨੂੰ ਕੌਡੀਆਂ ਦੇ ਭਾਅ ਲੁਟਾ ਰਿਹਾ ਹੈ :

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥

(ਰਾਗੁ ਗਉੜੀ ਮਹਲਾ ੧, ਅੰਗ ੧੫੬)

ਅਥਵਾ :

ਪ੍ਰਾਣੀ ਤੂੰ ਆਇਆ ਲਾਹਾ ਲੈਣਿ॥
ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥

(ਸਿਰੀਰਾਗੁ ਮਹਲਾ ੫, ਅੰਗ ੪੩)

ਰਾਗੁ ਧਨਾਸਰੀ ਵਿਚ ਭਗਤ ਰਵਿਦਾਸ ਜੀ ਪ੍ਰਭੂ ਅੱਗੇ ਅਰਜੋਈ ਕਰ ਰਹੇ ਹਨ ਕਿ ਹੇ ਮੇਰੇ ਮਾਧੋ ਜੀ! ਪਤਾ ਨਹੀਂ ਕਿੰਨੇ ਜਨਮਾਂ ਤੋਂ ਮੈਂ ਤੇਰੇ ਪਾਸੋਂ ਵਿਛੜਿਆ ਹੋਇਆ ਹਾਂ। ਹੁਣ ਮੇਰੇ ਤੇ ਮਿਹਰ ਕਰੋ ਤਾਂ ਕਿ ਮੈਂ ਆਪਣਾ ਜਨਮ ਕਿਸੇ ਲੇਖੇ ਲਾ ਸਕਾਂ ਭਾਵ ਤੇਰੀ ਸਿਫ਼ਤਿ-ਸੋਲਾਹ ਕਰ ਸਕਾਂ। ਤੇਰੇ ਦਰਸ਼ਨ ਦੀਦਾਰੇ ਕੀਤਿਆਂ ਬੜਾ ਸਮਾਂ ਬੀਤ ਗਿਆ ਹੈ ਪਰ ਮੈਂ ਇਸ ਆਸ ਵਿਚ ਜੀਊਂਦਾ ਹਾਂ ਕਿ ਪਤਾ ਨਹੀਂ ਪ੍ਰਭੂ ਤੇਰੀ ਕਦੋਂ ਨਜ਼ਰ ਸਵੱਲੀ ਹੋ ਜਾਏ :

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥

(ਅੰਗ ੬੯੪)

ਪ੍ਰੰਤੂ ਗਾਫ਼ਲ ਮਨੁੱਖ ਵਿਸ਼ਿਆਂ ਵਿਕਾਰਾਂ ਵਿਚ ਫਸ ਕੇ ਇਸ ਮਨੁੱਖਾ ਜਨਮ ਨੂੰ ਕੌਡੀਆਂ ਦੇ ਭਾਅ ਲੁਟਾਈ ਜਾ ਰਿਹਾ ਹੈ। ਬਚਪਨ ਤੋਂ ਬਾਅਦ ਜੁਆਨੀ ਵਿਚ ਪੈਰ ਰੱਖਦਿਆਂ ਹੀ ਪ੍ਰਾਣੀ ਕੁਕਰਮਾਂ ਵਿਚ ਪੈ ਜਾਂਦਾ ਹੈ। ਮੋਹ-ਮਾਇਆ ਅਤੇ ਵਿਸ਼ੇ ਵਿਕਾਰਾਂ ਵਿਚ ਫਸਕੇ ਇਸਦੀ ਮੱਤ ਮਾਰੀ ਜਾਂਦੀ ਹੈ। ਇਥੋਂ ਤੱਕ ਕਿ ਇਸਨੂੰ ਪੁੰਨ ਅਤੇ ਪਾਪ ਦੀ ਤਮੀਜ਼ ਵੀ ਨਹੀਂ ਰਹਿੰਦੀ। ਪਰਾਈਆਂ ਵੱਲ ਤੱਕਦਾ ਹੈ। ਪੁੱਤਰ ਅਤੇ ਧਨ-ਪਦਾਰਥਾਂ ਨਾਲ ਹੰਕਾਰੀ ਹੋ ਜਾਂਦਾ ਹੈ ਅਤੇ ਪ੍ਰਭੂ ਨੂੰ ਵਿਸਾਰ ਦਿੰਦਾ ਹੈ। ਇਸ ਦਾ ਵਰਨਣ ਭਗਤ ਬੇਣੀ ਜੀ ਨੇ ਸਿਰੀ ਰਾਗੁ ਵਿਚ ਬੜੇ ਸੁੰਦਰ ਢੰਗ ਨਾਲ ਕੀਤਾ ਹੈ। ਸ਼ਬਦ ਜ਼ਰਾ ਲੰਬਾ ਹੈ। ਇਸ ਲਈ ਪੰਜ ਬੰਦਾਂ ਵਿਚੋਂ ਕੇਵਲ ਦੋ ਬੰਦ (2 ਅਤੇ 3) ਹੀ ਦਿੱਤੇ ਜਾਂਦੇ ਹਨ :

ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ॥
ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ॥
ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ॥
ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ॥ ੨॥
ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ॥
ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ॥
ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ॥
ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ॥ ੩॥

(ਅੰਗ ੯੩)

ਸ਼ਬਦ ਦੇ ਅਰੰਭ ਵਿਚ ਭਗਤ ਜੀ ਨੇ ਪ੍ਰਾਣੀ ਨੂੰ ਅਹਿਸਾਸ ਕਰਵਾਇਆ ਹੈ ਕਿ ਗਰਭ ਵਿਚ ਜਦੋਂ ਤੂੰ ਦੁੱਖਾਂ ਵਿਚ ਸੀ ਉਸ ਵੇਲੇ ਤਾਂ ਤੇਰੀ ਸੁਰਤ ਪ੍ਰਭੂ ਚਰਨਾਂ ਵਿਚ ਜੁੜੀ ਰਹਿੰਦੀ ਸੀ ਪਰ ਜਦ ਦਾ ਤੂੰ ਮਾਂ ਦੇ ਪੇਟ ਵਿਚੋਂ ਬਾਹਰ ਆਇਆ ਹੈਂ ਤੂੰ ਜਗਤ ਵਿਚ ਆ ਕੇ ਪਰਮਾਤਮਾ ਨੂੰ ਭੁਲਾ ਛੱਡਿਆ ਹੈ :

ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ॥

(ਅੰਗ ੯੩)

ਗੁਰੂ ਅਮਰਦਾਸ ਜੀ ਦਾ ਕਥਨ ਹੈ ਕਿ ਮਾਨਸ ਜਨਮ ਬੜਾ ਦੁਰਲੱਭ ਹੈ ਅਤੇ ਬੜੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ ਇਸ ਲਈ ਇਸ ਜੀਵਨ ਨੂੰ ਸਕਾਰਥ ਕਰਕੇ ਇਥੋਂ ਲਾਹਾ ਖੱਟ ਕੇ ਜਾਣਾ ਚਾਹੀਦਾ ਹੈ:

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ॥

(ਰਾਗੁ ਵਡਹੰਸੁ, ਅੰਗ ੫੬੫)

ਇਸ ਸਬੰਧੀ ਭਗਤ ਕਬੀਰ ਜੀ ਦਾ ਕਥਨ ਹੈ :

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥

(ਸਲੋਕ ਨੰਬਰ ੩੦, ਅੰਗ ੧੩੬੬)

ਭਾਵ ਮਨੁੱਖਾ ਜਨਮ ਬੜਾ ਦੁਰਲਭ ਹੈ ਜੋ ਵਾਰ-ਵਾਰ ਨਹੀਂ ਮਿਲਦਾ। ਜਿਵੇਂ ਜੰਗਲ ਦੇ ਰੁੱਖਾਂ ਦੇ ਪੱਕੇ ਹੋਏ ਫਲ ਇਕ ਵਾਰੀ ਜ਼ਮੀਨ ਤੇ ਗਿਰ ਪੈਣ ਤਾਂ ਉਹ ਮੁੜ ਰੁੱਖ ਦੀ ਡਾਲੀ ਨਾਲ ਨਹੀਂ ਲੱਗ ਸਕਦੇ, ਇਸੇ ਤਰ੍ਹਾਂ ਜੇਕਰ ਪ੍ਰਾਣੀ ਇਕ ਵਾਰ ਆਪਣੇ ਅਸਲ ਮਕਸਦ ਤੋਂ ਖੁੰਝ ਜਾਏ ਤਾਂ ਪਤਾ ਨਹੀਂ ਉਸ ਨੂੰ ਮੁੜ ਮਨੁੱਖਾ ਜਨਮ ਨਸੀਬ ਹੋਵੇ ਕਿ ਨਾ। ਭਗਤ ਜੀ ਦਾ ਕਹਿਣ ਤੋਂ ਭਾਵ ਹੈ ਕਿ ਪਰਮਾਤਮਾ ਨੂੰ ਮਿਲਣ ਦਾ ਇਕੋ ਇਕ ਮਨੁੱਖਾ ਜਨਮ ਦਾ ਅਵਸਰ ਹੈ। ਇਸ ਨੂੰ ਅੰਞਾਈਂ ਗੁਆਉਣਾ ਨਹੀਂ ਚਾਹੀਦਾ।

ਰਾਗੁ ਗਉੜੀ ਵਿਚ ਗੁਰੂ ਤੇਗ਼ ਬਹਾਦਰ ਜੀ ਮਨੁੱਖ ਨੂੰ ਸੁਚੇਤ ਕਰ ਰਹੇ ਹਨ :

ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥

(ਅੰਗ ੨੧੯)

ਮਨ ਅੰਦਰ ਸੁਧੇ ਹੀ ਸੁਆਲ ਪੈਦਾ ਹੁੰਦਾ ਹੈ ਕਿ ਕਿਸ ਮਾਰਗ ਤੇ ਚਲਿਆ ਜਾਵੇ ਜਿਸ ਨਾਲ ਦੁਨਿਆਵੀ ਕਾਰ-ਵਿਹਾਰ ਕਰਦਿਆਂ ਮਨੁੱਖਾ ਜਨਮ ਸਕਾਰਥ ਹੋ ਸਕੇ। ਗੁਰੂ ਤੇਗ ਬਹਾਦਰ ਜੀ ਨੇ ਰਾਗੁ ਸੋਰਠਿ ਵਿਚ ਇਸ ਮਾਰਗ ਨੂੰ ਇਸ ਪ੍ਰਕਾਰ ਦਰਸਾਇਆ ਹੈ :

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ੧॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥ ੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥ ੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥ ੩॥

(ਅੰਗ ੬੩੩-੩੪)

ਮਨ ਖੁਟਹਰ ਤੇਰਾ ਨਹੀ ਬਿਸਾਸੁ, ਤੂ ਮਹਾ ਉਦਮਾਦਾ॥ 1-ਮੰਦਾ 2-ਮਸਤ
ਖਰ ਕਾ ਪੈਖਰੁ ਤਉ ਛੁਟੈ, ਜਉ ਊਪਰਿ ਲਾਦਾ॥੧॥ ਰਹਾਉ॥ 1-ਖੋਤਾ 2-ਪੈਂਗ
– ਬਿਲਾਵਲੁ ਮਹਲਾ ੫ ਪੰਨਾ ...

(60)

ਮਨ

ਮਨੁੱਖੀ ਮਨ ਵਿਚੋਂ ਸੰਕਲਪ ਤੇ ਵਿਕਲਪ ਫੁਰਦੇ ਹਨ ਜਿਸ ਦੁਆਰਾ ਮਨੁੱਖ ਚੰਗੇ ਜਾਂ ਮਾੜੇ ਪਾਸੇ ਲਗਦਾ ਹੈ। ਇਹ ਮਨ ਮਨੁੱਖ ਨੂੰ ਸਾਧ ਸੰਗਤ ਵਿਚ ਲਿਜਾ ਕੇ ਪ੍ਰਭੂ ਚਰਨਾਂ ਨਾਲ ਜੋੜਦਾ ਹੈ ਜਿਸ ਨਾਲ ਸੁਖ ਅਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਦੂਜੇ ਬੰਨੇ ਇਹੋ ਮਨ ਜੀਵ ਨੂੰ ਕਾਮਾਦਿਕ ਵਿਕਾਰਾਂ ਵਿਚ ਫਸਾ ਕੇ ਖੱਜਲ-ਖੁਆਰ ਕਰਦਾ ਹੈ ਅਤੇ ਮਨੁੱਖ ਨੂੰ ਕਿਸੇ ਜੋਗਾ ਨਹੀਂ ਰਹਿਣ ਦਿੰਦਾ। ਮਨ ਜੰਗਲ ਦੇ ਪੰਛੀ ਵਾਂਗ ਹੈ ਜੋ ਕਦੀ ਟਿਕ ਕੇ ਨਹੀਂ ਬੈਠਦਾ। ਸਾਰਾ ਦਿਨ ਇਧਰ ਉਧਰ ਉਡਾਰੀਆਂ ਮਾਰਦਾ ਰਹਿੰਦਾ ਹੈ ਭਾਵ ਇਸ ਮਨ ਨੂੰ ਹਰ ਵੇਲੇ ਇਧਰ ਉਧਰ ਦੇ ਫੁਰਨੇ ਹੀ ਫੁਰਦੇ ਰਹਿੰਦੇ ਹਨ। ਭਗਤ ਕਬੀਰ ਜੀ ਦਾ ਰਾਗ ਸਾਰੰਗ ਵਿਚ ਫ਼ਰਮਾਨ ਹੈ :

ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ॥
(ਅੰਗ ੧੨੫੩)

ਅਥਵਾ :

ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ॥
ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ॥
(ਰਾਗੁ ਸੂਹੀ ਛੰਤ ਮਹਲਾ ੪, ਅੰਗ ੭੭੬)

ਭਾਵ ਆਪਣੇ ਮਨ ਪਿੱਛੇ ਤੁਰਨ ਵਾਲਾ ਮਨੁੱਖ ਸਾਰੇ ਪਾਸੇ ਦੌੜ-ਭੱਜ ਕਰਨ ਦੇ ਕਾਰਨ ਭਟਕਣਾ ਵਿਚ ਪਿਆ ਰਹਿੰਦਾ ਹੈ। ਮਨ ਸਦਾ ਆਸਾਂ ਹੀ ਚਿਤਵਦਾ ਰਹਿੰਦਾ ਹੈ। ਫਲਸਰੂਪ ਮਾਇਆ ਦੀ ਤ੍ਰਿਸ਼ਨਾ ਦੀ ਭੁੱਖ ਉਸਨੂੰ ਸਦਾ ਚਿੰਬੜੀ ਰਹਿੰਦੀ ਹੈ।

ਗੁਰੂ ਅਮਰਦਾਸ ਜੀ ਦੇ ਰਾਗੁ ਸੋਰਠਿ ਵਿਚ ਬਚਨ ਹਨ ਕਿ ਬੇ-ਸਮਝ ਮਨ ਮਾਇਆ ਦੇ ਮੋਹ ਦੇ ਕਾਰਨ ਭਟਕਣਾ ਵਿਚ ਪੈ ਕੇ ਜੀਵਨ ਦੇ ਅਸਲ ਮਾਰਗ ਤੋਂ ਖੁੰਝਿਆ ਰਹਿੰਦਾ ਹੈ ਅਤੇ ਖੁਆਰ ਹੁੰਦਾ ਹੈ :

ਇਹੁ ਮਨੂਆ ਦਹ ਦਿਸਿ ਧਾਵਦਾ ਦੂਜੈ ਭਾਇ ਖੁਆਇਆ॥
ਮਨਮੁਖ ਮੁਗਧ ਹਰਿ ਨਾਮੁ ਨ ਚੇਤੈ ਬਿਰਥਾ ਜਨਮੁ ਗਵਾਇਆ॥ — ਸੋਰਠਿ ਮਹਲਾ ੩ ਘਰੁ ੨
(ਅੰਗ ੫੯੯)

ਅਥਵਾ :

ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ
ਦਹ ਦਹ ਦਿਸਿ ਚਲਿ ਚਲਿ ਹਾਢੇ॥ ਦੀਆ ਮਨੁ ਠਾਢੇ ॥੫॥
ਗੁਰੁ ਪੂਰਾ ਪਾਇਆ ਵਡਭਾਗੀ ਹਰਿ ਮੰਤ੍ਰੁ *(ਰਾਗੁ ਗਉੜੀ ਮਹਲਾ ੪, ਅੰਗ ੧੭੦-੭੧)*

ਦਰਅਸਲ ਮਨ ਜਿਹੋ ਜਿਹਾ ਚਿਤਵਦਾ ਹੈ ਮਨੁੱਖ ਉਸੇ ਤਰ੍ਹਾਂ ਦਾ ਬਣ ਜਾਂਦਾ ਹੈ। ਜਿਸ ਤਰ੍ਹਾਂ ਦੇ ਇਹ ਕਰਮ ਕਰਦਾ ਹੈ ਉਹੋ ਜਿਹਾ ਇਸਨੂੰ ਫਲ ਪ੍ਰਾਪਤ ਹੁੰਦਾ ਹੈ। ਮਨੁੱਖ ਜੋ ਬੀਜਦਾ ਹੈ ਉਹੋ ਹੀ ਕੱਟਦਾ ਹੈ :

ਨਉ ਭਗਤੀ ਧਸ ਮੰਸਨ ਧਾਰੀਏ ਰਣੀਅਤੁ ਧਸਨੁ ਨ ਦੇਹੀ॥
ਤੈਰੀ ਪ੍ਰਭੂ ਸਾਧਿਤ ਨਾਹੀ ਧਾਤੁ ਸਿਮਰਨਾ ਲੇਹੀ ॥੨॥

ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ॥
ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ॥

(ਰਾਗੁ ਸੂਹੀ ਮਹਲਾ ੩, ਅੰਗ ੭੫੫)

ਮਾਇਆ ਦਾ ਮੋਹ ਮਨੁੱਖੀ ਮਨ ਨੂੰ ਟਿਕ ਕੇ ਬਹਿਣ ਨਹੀਂ ਦਿੰਦਾ। ਹਰ ਵੇਲੇ ਮਨ ਉਤਾਰ-ਚੜ੍ਹਾਅ ਵਿਚ ਡੱਕੋ-ਡੋਲੇ ਖਾਂਦਾ ਰਹਿੰਦਾ ਹੈ। ਪਲ ਵਿਚ ਤਾਂ ਇਹ ਆਕਾਸ਼ ਤੇ ਉਡਾਰੀਆਂ ਮਾਰਨ ਲਗਦਾ ਹੈ ਅਤੇ ਅਗਲੇ ਪਲ ਵਿਚ ਹੇਠਾਂ ਪਾਤਾਲ ਵਿਚ ਜਾ ਡਿੱਗਦਾ ਹੈ :

ਇਹੁ ਮਨੂਆ ਖਿਨੁ ਊਭਿ ਪਇਆਲੀ ਜਬ ਲਗਿ ਸਬਦ ਨ ਜਾਨੈ॥

(ਰਾਗੁ ਪ੍ਰਭਾਤੀ ਮਹਲਾ ੧, ਅੰਗ ੧੩੪੫)

('ਜਬ ਲਗ ਸਬਦ ਨ ਜਾਨੈ' ਤੋਂ ਭਾਵ ਹੈ ਜਦੋਂ ਤੱਕ ਮਨੁੱਖ ਗੁਰੂ ਦੇ ਸ਼ਬਦ ਦੀ ਕਮਾਈ ਨਹੀਂ ਕਰਦਾ, ਗੁਰੂ ਦੇ ਦੱਸੇ ਮਾਰਗ ਤੇ ਨਹੀਂ ਚਲਦਾ।)

ਗੁਰੂ ਅਮਰਦਾਸ ਜੀ ਦੇ ਰਾਗੁ ਵਡਹੰਸੁ ਵਿਚ ਬੜੇ ਅਮੋਲਕ ਬਚਨ ਹਨ ਕਿ ਜਗਤ ਦੇ ਲੋਕੀਂ ਭਰਮ-ਭੁਲੇਖਿਆਂ ਵਿਚ ਹੀ ਪਏ ਹੋਏ ਹਨ। ਬਹੁਤ ਘੱਟ ਪ੍ਰਾਣੀਆਂ ਨੂੰ ਇਸ ਗੱਲ ਦੀ ਸੋਝੀ ਹੈ ਕਿ ਤਨ ਨੂੰ ਧੋਣ ਨਾਲ ਬਾਹਰਲੀ ਸਫ਼ਾਈ ਤਾਂ ਕੀਤੀ ਜਾ ਸਕਦੀ ਹੈ ਪ੍ਰੰਤੂ ਜੇਕਰ ਮਨ ਮੈਲਾ ਹੈ, ਵਿਕਾਰਾਂ ਨਾਲ ਭਰਿਆ ਹੋਇਆ ਹੈ ਤਾਂ ਥੋੜ੍ਹਾ ਕੀਤੇ ਮਨ ਦੀ ਮੈਲ ਨੂੰ ਧੋਤਾ ਨਹੀਂ ਜਾ ਸਕਦਾ :

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥ *(ਅੰਗ ੫੫੮)*

ਇਸ ਮੈਲ ਨੂੰ ਤਾਂ ਨਾਮ ਦੁਆਰਾ ਹੀ ਧੋਤਾ ਜਾ ਸਕਦਾ ਹੈ :

ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥ *(ਜਪੁ ਜੀ, ਪਉੜੀ ੨੦)*

ਇਸ ਪ੍ਰਕਾਰ ਜੇ ਮਨ ਕਾਮਾਦਿਕ ਵਿਕਾਰਾਂ ਵਿਚ ਗ੍ਰਸਿਆ ਹੋਇਆ ਹੈ ਤਾਂ ਉਹ ਕਦੀ ਟਿਕਾਉ ਵਿਚ ਨਹੀਂ ਆ ਸਕਦਾ। ਉਸਨੂੰ ਲੋਕ ਪਰਲੋਕ ਵਿਚ ਕਿਧਰੇ ਢੋਈ ਨਹੀਂ ਮਿਲਦੀ ਅਤੇ ਅੰਤ ਨੂੰ ਜਮਾਂ ਦੀ ਮਾਰ ਖਾਣੀ ਪੈਂਦੀ ਹੈ :

ਮਨੂਆ ਡੋਲੈ ਨਰਕੇ ਪਾਈ॥
ਜਮ ਪੁਰਿ ਬਾਧੋ ਲਹੈ ਸਜਾਈ॥

(ਰਾਗੁ ਰਾਮਕਲੀ ਮਹਲਾ ੧, ਅੰਗ ੯੦੬)

ਅਥਵਾ :

ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ॥
ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ॥

(ਰਾਗੁ ਵਡਹੰਸੁ ਮਹਲਾ ੩, ਅੰਗ ੫੬੫)

ਭਾਵ ਜਿਸ ਮਨੁੱਖ ਦਾ ਮਨ ਹਰ ਵੇਲੇ ਇਧਰ ਉਧਰ ਭਟਕਦਾ ਰਹਿੰਦਾ ਹੈ ਅਤੇ ਸਦਾ ਕਾਮ-ਵਾਸ਼ਨਾਵਾਂ ਵਿਚ ਗ੍ਰਸਿਆ ਰਹਿੰਦਾ ਹੈ ਉਹ ਸਦਾ ਦੁੱਖ ਅਤੇ ਸੰਤਾਪ ਹੀ ਭੋਗਦਾ ਹੈ। ਅਜਿਹਾ ਕਾਮੀ ਅਤੇ ਕ੍ਰੋਧਵਾਨ ਮਨੁੱਖ ਪਰਮਾਤਮਾ ਵਿਚ ਆਪਣੀ ਸੁਰਤ ਨੂੰ ਕਿਵੇਂ ਜੋੜ ਸਕਦਾ ਹੈ।

ਚੰਚਲ ਮਨ ਨੂੰ ਵੱਸ ਵਿਚ ਕਰਨਾ ਬੜਾ ਕਠਨ ਹੈ। ਚੰਚਲ ਮਨ ਥੋੜ੍ਹਾ ਕਰਕੇ ਕਾਬੂ ਵਿਚ ਨਹੀਂ ਆਉਂਦਾ। ਮਾਇਆ ਦਾ ਮੋਹ ਮਨ ਨੂੰ ਸਦਾ ਦੁਬਿਧਾ ਵਿਚ ਪਾਈ ਰੱਖਦਾ ਹੈ। ਫਲਸਰੂਪ ਮਨੁੱਖ ਮਾਇਆ ਦੀ ਖਾਤਰ ਹਰ ਪਾਸੇ ਦੌੜ-ਭੱਜ ਕਰਦਾ ਹੈ ਭਾਵ ਮਨ ਨੂੰ ਕਿਧਰੋਂ ਟਿਕਾਉ ਨਹੀਂ ਮਿਲਦਾ :

ਇਹੁ ਮਨੁ ਚੰਚਲੁ ਵਸਿ ਨ ਆਵੈ॥
ਦੁਬਿਧਾ ਲਾਗੈ ਦਹ ਦਿਸਿ ਧਾਵੈ॥

(ਰਾਗੁ ਮਾਝ ਮਹਲਾ ੩, ਅੰਗ ੧੨੭)

ਅਥਵਾ :

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥

(ਰਾਗੁ ਰਾਮਕਲੀ ਮਹਲਾ ੩, ਅਨੰਦੁ, ਅੰਗ ੯੧੮)

ਰਾਗੁ ਸੋਰਠਿ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦਾ ਫ਼ਰਮਾਨ ਹੈ ਕਿ ਮਨਮੁਖ ਪ੍ਰਾਣੀ ਦਾ ਮਨ ਆਪਣੇ ਕਾਬੂ ਵਿਚ ਨਹੀਂ ਹੁੰਦਾ ਕਿਉਂਕਿ ਉਹ ਮੋਹ-ਮਾਇਆ ਵਿਚ ਫਸਿਆ ਰਹਿੰਦਾ ਹੈ ਜਿਸ ਲਈ ਸਦਾ ਦੁੱਖ ਭੋਗਦਾ ਹੈ। ਸੁਖ ਉਸਨੂੰ ਕਦੀ ਸੁਫਨੇ ਵਿਚ ਵੀ ਨਹੀਂ ਮਿਲਦਾ। ਅਨੇਕਾਂ ਪੰਡਿਤ ਪੜ੍ਹ-ਪੜ੍ਹ ਕੇ ਅਤੇ ਸਿੱਧ ਸਮਾਧੀਆਂ ਲਾ ਲਾ ਕੇ ਅਤੇ ਕਈ ਪ੍ਰਕਾਰ ਦੇ ਕਰਮ ਕਰ ਕਰਕੇ ਥੱਕ ਗਏ ਹਨ, ਮਨ ਉਨ੍ਹਾਂ ਦੇ ਵੱਸ ਵਿਚ ਵੀ ਨਹੀਂ ਆਇਆ। ਭੇਖਧਾਰੀ ਕਈ ਤਰ੍ਹਾਂ ਦੇ ਭੇਖ, ਅਠਾਰਹ ਤੀਰਥਾਂ ਤੇ ਇਸ਼ਨਾਨ ਆਦਿ ਕਰਕੇ ਥੱਕ ਗਏ ਪਰ ਹਉਮੈ ਅਤੇ ਭਰਮ ਭੁਲੇਖਿਆਂ ਵਿਚ ਪਏ ਰਹਿਣ ਕਰਕੇ, ਉਹ ਵੀ ਮਨ ਨੂੰ ਕਾਬੂ ਵਿਚ ਨਹੀਂ ਕਰ ਸਕੇ :

ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ॥
ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ॥
ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ॥
ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ॥
ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ॥
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ॥ *(ਅੰਗ ੬੪੪-੪੫)*

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜਿਸ ਮਨ ਨੂੰ ਜਨਮਾਂ-ਜਨਮਾਤਰਾਂ ਦੀ ਮੈਲ ਲੱਗੀ ਹੋਈ ਹੈ ਅਤੇ ਇਹ ਕਾਲਾ ਸੁਆਹ ਹੋ ਚੁੱਕਾ ਹੈ 'ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸੁਆਹੁ'—ਇਸ ਨੂੰ ਕਾਬੂ ਵਿਚ ਕਿਵੇਂ ਕੀਤਾ ਜਾਵੇ? ਵਿਕਾਰਾਂ ਵਲੋਂ ਇਸ ਨੂੰ ਕਿਵੇਂ ਹੋੜਿਆ ਜਾਵੇ ਅਤੇ ਇਸਦੀ ਮੈਲ ਨੂੰ ਕਿਵੇਂ ਧੋਤਾ ਜਾਵੇ? ਜਿੰਨਾ ਚਿਰ ਮਨ ਵੱਸ ਵਿਚ ਨਹੀਂ ਆਉਂਦਾ ਅਤੇ ਦੁਰਮਤ ਭਾਵ ਬੁਰੀ ਮਤ ਦੇ ਅਧੀਨ ਹੈ ਓਨਾ ਚਿਰ ਇਸਦੀਆਂ ਤ੍ਰਿਸ਼ਨਾਵਾਂ ਨਹੀਂ ਮਰਦੀਆਂ :

ਨਾ ਮਨੁ ਮਰੈ ਨ ਕਾਰਜੁ ਹੋਇ॥
ਮਨੁ ਵਸਿ ਦੂਤਾ ਦੁਰਮਤਿ ਦੋਇ॥

(ਰਾਗੁ ਗਉੜੀ ਮਹਲਾ ੧, ਅੰਗ ੨੨੨)

ਤਾਂ ਫਿਰ ਮਨ ਨੂੰ ਵੱਸ ਕਿਵੇਂ ਕੀਤਾ ਜਾਏ?

ਮਨੁ ਮਾਨੈ ਗੁਰ ਤੇ ਇਕੁ ਹੋਇ॥ (ਅੰਗ ੨੨੨)

ਗੁਰੂ ਪੰਚਮ ਪਾਤਸ਼ਾਹ ਦੇ ਰਾਗੁ ਗੂਜਰੀ ਵਿਚ ਬਚਨ ਹਨ ਕਿ ਸਤਿ ਸੰਗਤ, ਕਰਨ ਨਾਲ ਮਨ ਦੀ ਸਾਰੀ ਮੈਲ ਧੁਲ ਜਾਂਦੀ ਹੈ :

ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ॥ (ਅੰਗ ੫੨੦)

ਰਾਗੁ ਆਸਾ ਵਿਚ ਗੁਰੂ ਅਮਰਦਾਸ ਜੀ ਦੇ ਬੜੇ ਅਨਮੋਲ ਬਚਨ ਹਨ ਕਿ ਮਨੁੱਖ ਨੂੰ ਆਪਣੇ ਮੂਲ ਭਾਵ ਅਸਲੇ ਨੂੰ ਪਛਾਣਨ ਦੀ ਲੋੜ ਹੈ। ਉਸ ਸੱਚੇ ਦੀ ਜੋਤਿ ਜੋ ਸਾਡੇ ਅੰਦਰ ਟਿਕੀ ਹੋਈ ਹੈ ਉਸ ਨੂੰ ਅਨੁਭਵ ਕਰਨ ਦੀ ਲੋੜ ਹੈ। ਜਦੋਂ ਇਸ ਗੱਲ ਦੀ ਸੋਝੀ ਪੈ ਜਾਵੇਗੀ ਤਾਂ ਮੋਹ-ਮਾਇਆ ਖ਼ਤਮ ਹੋ ਕੇ ਮਨ ਅੰਦਰ ਸ਼ਾਂਤੀ ਅਤੇ ਅਨੰਦ ਆ ਵੱਸਣਗੇ। ਫਿਰ ਜੀਵ ਪਰਮਾਤਮਾ ਦੀ ਦਰਗਾਹ ਵਿਚ ਸੁਰਖਰੂ ਹੋ ਕੇ ਜਾਵੇਗਾ :

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ॥
ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ॥

(ਅੰਗ ੪੪੧)

ਸਤਿਗੁਰੂ ਜੀ ਦੇ ਰਾਗੁ ਵਡਹੰਸੁ ਵਿਚ ਬਚਨ ਹਨ ਕਿ ਜਿਹੜੇ ਪ੍ਰਾਣੀ ਆਪਣੇ ਮਨ ਤੇ ਕਾਬੂ ਪਾ ਲੈਂਦੇ ਹਨ ਉਹ ਮਾਇਆ ਤੋਂ ਨਿਰਲੇਪ ਰਹਿੰਦੇ ਹਨ :

ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ॥ (ਅੰਗ ੫੬੯)

ਅਥਵਾ :

ਕਹਿ ਕਬੀਰ ਮਨੁ ਮਾਨਿਆ॥
ਮਨੁ ਮਾਨਿਆ ਤਉ ਹਰਿ ਜਾਨਿਆ॥

(ਰਾਗੁ ਸੋਰਠਿ ਭਗਤ ਕਬੀਰ ਜੀ, ਅੰਗ ੬੫੬)

ਮਨ ਨੂੰ ਮਾਰਨ ਨਾਲ ਸਾਰੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ :

ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ॥

(ਸਿਰੀ ਰਾਗੁ ਮਹਲਾ ੧, ਅੰਗ ੨੧)

ਜੇਕਰ ਮਨ ਨੂੰ ਜਿੱਤ ਲਿਆ ਤਾਂ ਸਮਝੋ ਸਾਰੇ ਜਗਤ ਨੂੰ ਜਿੱਤ ਲਿਆ :

ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥

(ਜਪੁ ਜੀ, ਪਉੜੀ ੨੮)

ਮਨ ਨੂੰ ਜਿੱਤਣ ਨਾਲ ਹੀ ਮਾਇਆ ਤੋਂ ਉਪਰਾਮਤਾ ਮਿਲ ਸਕਦੀ ਹੈ :

ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ॥

(ਰਾਗੁ ਮਾਰੂ ਭਗਤ ਕਬੀਰ ਜੀ, ਅੰਗ ੧੧੦੩)

61

ਬੁਰਾ ਭਲਾ

ਸੰਸਾਰ ਵਿਚ ਮੁੱਢ ਕਦੀਮਾਂ ਤੋਂ ਬੁਰਾਈ ਦਾ ਬੋਲ-ਬਾਲਾ ਰਿਹਾ ਹੈ ਪ੍ਰੰਤੂ ਨੇਕੀ ਦੀ ਬਦੀ ਤੇ ਸਦਾ ਜਿੱਤ ਹੁੰਦੀ ਆਈ ਹੈ। ਰਾਵਣ ਭਾਵੇਂ ਵੇਦਾਂ ਦਾ ਗਿਆਤਾ ਸੀ ਪਰ ਜਦੋਂ ਜੀਵਨ ਉਦੇਸ਼ ਤੋਂ ਭਟਕ ਕੇ ਉਹ ਬਦੀ ਦੇ ਮਾਰਗ ਤੇ ਚੱਲ ਪਿਆ ਤਾਂ ਜਿਸ ਪ੍ਰਕਾਰ ਉਸ ਮਹਾਂਬਲੀ ਦਾ ਅੰਤ ਹੋਇਆ ਉਹ ਵੀ ਇਤਿਹਾਸ ਵਿਚ ਆਪਣੇ ਆਪ ਵਿਚ ਇਕ ਨਿਵੇਕਲੀ ਉਦਾਹਰਣ ਹੈ। ਰਾਵਣ ਦੇ ਭਿਆਨਕ ਅੰਤ ਦੀ ਵਿਥਿਆ ਦਾ ਜ਼ਿਕਰ ਭਗਤ ਕਬੀਰ ਜੀ ਨੇ ਬਾਣੀ ਵਿਚ ਇਸ ਤਰ੍ਹਾਂ ਕੀਤਾ ਹੈ :

ਇਕੁ ਲਖੁ ਪੂਤ ਸਵਾ ਲਖੁ ਨਾਤੀ॥
ਤਿਹ ਰਾਵਨ ਘਰ ਦੀਆ ਨ ਬਾਤੀ॥

(ਰਾਗੁ ਆਸਾ, ਅੰਗ ੪੮੧)

ਆਪ ਜੀ ਦਾ ਇਕ ਹੋਰ ਕਥਨ ਹੈ :

ਲੰਕਾ ਗਢੁ ਸੋਨੇ ਕਾ ਭਇਆ॥
ਮੂਰਖੁ ਰਾਵਨੁ ਕਿਆ ਲੇ ਗਇਆ॥ *(ਰਾਗੁ ਭੈਰਉ, ਅੰਗ ੧੧੫੮)*

ਹਰ ਸਾਲ ਰਾਵਣ ਦੇ ਪੁਤਲੇ ਨੂੰ ਸਾੜ ਕੇ ਨੇਕੀ ਦੀ ਬਦੀ ਤੇ ਹੁੰਦੀ ਆਈ ਜਿੱਤ ਨੂੰ ਦੁਹਰਾਇਆ ਜਾਂਦਾ ਹੈ।

ਇਸੇ ਤਰ੍ਹਾਂ 'ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ' ਦਾ ਮਹਾਂਵਾਕ ਇਸ ਗੱਲ ਦਾ ਸੂਚਕ ਹੈ ਕਿ ਸਦਾ ਸੱਚ ਦੇ ਧਾਰਨੀਆਂ ਦੀ ਹੀ ਜੈ ਜੈਕਾਰ ਹੁੰਦੀ ਹੈ ਅਤੇ ਬੁਰਾਈ ਦੇ ਮਾਰਗ ਤੇ ਚੱਲਣ ਵਾਲੇ ਪਾਪੀਆਂ ਨੂੰ ਦੰਡ ਮਿਲਦਾ ਹੈ :

ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥

(ਸਿਰੀ ਰਾਗੁ ਕੀ ਵਾਰ ਮਹਲਾ ੪, ਅੰਗ ੮੯)

ਵਿਕਾਰਾਂ ਵਿਚ ਫਸੇ ਹੋਏ ਮਨੁੱਖ ਦਾ ਇਹ ਹਾਲ ਹੈ ਕਿ ਚੰਗਿਆਈ ਨੂੰ ਇਹ ਬੁਰਾਈ ਸਮਝਦਾ ਹੈ ਅਤੇ ਸਚਾਈ ਇਸ ਨੂੰ ਕੌੜੀ ਜ਼ਹਿਰ ਵਾਂਗ ਲਗਦੀ ਹੈ। ਇਸ ਤਰ੍ਹਾਂ ਦੁਬਿਧਾ ਵਿਚ ਫਸੇ ਹੋਏ ਮਨੁੱਖ ਨੂੰ ਇਸ ਗੱਲ ਦੀ ਸੋਝੀ ਨਹੀਂ ਰਹਿੰਦੀ ਕਿ ਜੀਵਨ-ਪੰਧ ਵਿਚ ਕਿਹੜਾ ਕੰਮ ਪਾਰ ਲੰਘਾਉਣ ਵਾਲਾ ਹੈ ਅਤੇ ਕਿਹੜਾ ਅੱਧ-ਵਿਚਕਾਰ ਡੋਬਣ ਵਾਲਾ ਹੈ :

ਜੋ ਭਲਾਈ ਸੋ ਬੁਰਾ ਜਾਨੈ॥
ਸਾਚੁ ਕਹੈ ਸੋ ਬਿਖੈ ਸਮਾਨੈ॥
ਜਾਣੈ ਨਾਹੀ ਜੀਤ ਅਰੁ ਹਾਰ॥
ਇਹੁ ਵਲੇਵਾ ਸਾਕਤ ਸੰਸਾਰ॥

(ਰਾਗੁ ਗਉੜੀ ਮਹਲਾ ੫, ਅੰਗ ੧੮੦)

ਪ੍ਰੰਤੂ ਜਦੋਂ ਪ੍ਰਭੂ ਨਾਲ ਬਣ ਆਉਂਦੀ ਹੈ ਤਾਂ ਪ੍ਰਾਣੀ ਪ੍ਰਭੂ ਦੇ ਨਾਮ ਵਿਚ ਰੰਗਿਆ ਜਾਂਦਾ ਹੈ। ਫਿਰ ਮਨ ਦੀ ਅਜਿਹੀ ਅਵਸਥਾ ਬਣ ਜਾਂਦੀ ਹੈ ਕਿ ਪ੍ਰਾਣੀ ਆਪਣੇ ਆਪ ਨੂੰ ਨਾ-ਚੀਜ਼ ਸਮਝ ਕੇ ਬਾਕੀ ਸਾਰੀ ਲੋਕਾਈ ਨੂੰ ਭਲੀ ਸਮਝਣ ਲੱਗ ਪੈਂਦਾ ਹੈ :

ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥
ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥

(ਰਾਗੁ ਮਾਰੂ ਮਹਲਾ ੧, ਅੰਗ ੯੯੧)

ਇਸ ਪ੍ਰਕਾਰ ਪ੍ਰਾਣੀ ਨੂੰ ਸਾਰਿਆਂ ਅੰਦਰ ਹਰ ਥਾਂ ਬ੍ਰਹਮ ਹੀ ਬ੍ਰਹਮ ਦਿਖਾਈ ਦਿੰਦਾ ਹੈ। ਫਿਰ ਸਾਰੇ ਚੰਗੇ ਹੀ ਲਗਦੇ ਹਨ, ਬੁਰਾ ਕੋਈ ਜਾਪਦਾ ਹੀ ਨਹੀਂ :

ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ॥
ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ ॥

(ਰਾਗੁ ਸੂਹੀ ਮਹਲਾ ੩, ਅੰਗ ੭੫੭)

ਅਥਵਾ :

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥

(ਮਹਲਾ ੫, ਸਲੋਕ ਨੰਬਰ ੭੫, ਅੰਗ ੧੩੮੧)

ਗੁਰੂ ਅੰਗਦ ਦੇਵ ਜੀ ਦਾ ਰਾਗੁ ਸਾਰਗ ਕੀ ਵਾਰ ਮਹਲਾ ੪ ਵਿਚ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਸਾਰਿਆਂ ਜੀਵਾਂ ਨੂੰ ਪੈਦਾ ਕਰ ਕੇ ਮਾਲਕ ਪ੍ਰਭੂ ਆਪ ਹੀ ਉਨ੍ਹਾਂ ਨੂੰ ਵੱਖ-ਵੱਖ ਸੁਭਾਉ ਵਾਲਾ ਬਣਾਉਣ ਵਾਲਾ ਹੈ ਤਾਂ ਕਿਸੇ ਜੀਵ ਨੂੰ ਬੁਰਾ ਕਿਵੇਂ ਕਿਹਾ ਜਾ ਸਕਦਾ ਹੈ ਜਦੋਂ ਉਹ ਸਾਰਿਆਂ ਦਾ ਇਕੋ ਆਪ ਮਾਲਕ ਹੈ :

ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥
ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ ॥ *(ਅੰਗ ੧੨੩੮)*

ਅਥਵਾ :

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥

(ਰਾਗੁ ਪ੍ਰਭਾਤੀ ਕਬੀਰ ਜੀ, ਅੰਗ ੧੩੪੯)

ਰਾਗੁ ਗਉੜੀ ਸੁਖਮਨੀ ਵਿਚ ਗੁਰ ਪੰਚਮ ਪਾਤਸ਼ਾਹ ਦੇ ਬੜੇ ਸੁੰਦਰ ਬਚਨ ਹਨ ਕਿ ਜੋ ਪ੍ਰਾਣੀ ਦੁਨੀਆਂ ਭਰ ਦੀਆਂ ਬੁਰਾਈਆਂ ਕਰਦਾ ਹੈ, ਅਨੇਕਾਂ ਮੰਦੇ ਕੰਮ ਕਰਦਾ ਹੈ ਪਰ ਦੁਨੀਆਂ ਵਿਚ ਆਪਣੇ ਆਪ ਨੂੰ ਨੇਕ ਤੇ ਭਲਾਮਾਣਸ ਦਰਸਾਉਣ ਦੇ ਯਤਨ ਕਰਦਾ ਹੈ ਅਜਿਹੇ ਖੋਟੀ ਮੱਤ ਵਾਲੇ ਪ੍ਰਾਣੀ ਦੇ ਭਲਾਈ ਨੇੜੇ ਤੱਕ ਨਹੀਂ ਆਉਂਦੀ। ਉਸਨੂੰ ਕਦੀ ਨੇਕ-ਨਾਮੀ ਨਹੀਂ ਮਿਲ ਸਕਦੀ ਪ੍ਰੰਤੂ ਜੋ ਸਾਰਿਆਂ ਦੀ ਚਰਨ-ਧੂੜ ਬਣ ਕੇ ਰਹਿੰਦੇ ਹਨ, ਕਿਸੇ ਨਾਲ ਵਲ-ਛਲ ਜਾਂ ਧ੍ਰੋਹ ਨਹੀਂ ਕਮਾਉਂਦੇ ਉਨ੍ਹਾਂ ਦਾ ਮਨ ਸ਼ੁੱਧ ਨਿਰਮਲ ਹੁੰਦਾ ਹੈ :

ਆਪਸ ਕਉ ਜੋ ਭਲਾ ਕਹਾਵੈ ॥
ਤਿਸਹਿ ਭਲਾਈ ਨਿਕਟਿ ਨ ਆਵੈ ॥

ਸਰਬ ਕੀ ਰੇਨ ਜਾ ਕਾ ਮਨੁ ਹੋਇ॥
ਕਹੁ ਨਾਨਕ ਤਾ ਕੀ ਨਿਰਮਲ ਸੋਇ॥ *(ਅੰਗ ੨੭੮)*

ਗੁਰੂ ਰਾਮਦਾਸ ਜੀ ਦਾ ਫ਼ਰਮਾਨ ਹੈ ਕਿ ਜੋ ਦੂਜਿਆਂ ਦਾ ਬੁਰਾ ਚਿਤਵਦੇ ਹਨ, ਦੂਜਿਆਂ ਨਾਲ ਈਰਖਾ ਵਾਲੀ ਭਾਵਨਾ ਰੱਖਦੇ ਹਨ ਉਨ੍ਹਾਂ ਦਾ ਆਪਣਾ ਕਦੀ ਭਲਾ ਨਹੀਂ ਹੁੰਦਾ। ਉਸ ਦੀ ਗੱਲ ਤੇ ਕੋਈ ਇਤਬਾਰ ਨਹੀਂ ਕਰਦਾ ਭਾਵ ਉਹ ਬੇ-ਇਤਬਾਰਾ ਬਣ ਕੇ ਰਹਿ ਜਾਂਦਾ ਹੈ। ਫਿਰ ਉਹ ਤਾਂ ਆਪਣੇ ਆਪ ਨੂੰ ਉਜਾੜ ਵਿਚ ਖਲੋਤਾ ਇਕੱਲਾ ਇਕੱਲਾ ਮਹਿਸੂਸ ਕਰਦਾ ਹੈ :

ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਕਾ ਕਦੇ ਨ ਹੋਵੀ ਭਲਾ॥
ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ॥
(ਰਾਗੁ ਗਉੜੀ ਕੀ ਵਾਰ, ਮਹਲਾ ੪, ਅੰਗ ੩੦੮)

ਬਾਣੀ ਤੋਂ ਸੇਧ ਮਿਲਦੀ ਹੈ ਕਿ ਕ੍ਰੋਧ ਨੂੰ ਤਿਆਗ ਕੇ ਮਨੁੱਖ ਨੂੰ ਬੁਰੇ ਦਾ ਵੀ ਭਲਾ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਦੇਹੀ ਭਾਵ ਸਰੀਰ ਰੋਗਾਂ ਅਤੇ ਚਿੰਤਾਵਾਂ ਤੋਂ ਬਚਿਆ ਰਹਿੰਦਾ ਹੈ ਅਤੇ ਗੁਣਾਂ ਨਾਲ ਭਰਪੂਰ ਹੋ ਜਾਈਦਾ ਹੈ :

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥
(ਸਲੋਕ ਨੰਬਰ ੭੮, ਅੰਗ ੧੩੮੧-੮੨)

ਇਸ ਗੱਲ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਜੇਕਰ ਅਸੀਂ ਆਪ ਭਲੇ ਹਾਂ, ਆਪ ਚੰਗੇ ਹਾਂ ਤਾਂ ਸਦਾ ਭਲਾਈ ਹੀ ਮਿਲੇਗੀ। ਸਾਰਿਆਂ ਦਾ ਵਰਤਾਉ ਸਾਡੇ ਨਾਲ ਭਲਾਈ ਵਾਲਾ ਹੀ ਹੋਵੇਗਾ ਪਰ ਜੇਕਰ ਆਪ ਬੁਰੇ ਹਾਂ ਤਾਂ ਸਾਨੂੰ ਸਾਰੇ ਬੁਰੇ ਹੀ ਜਾਪਣਗੇ ਅਤੇ ਸਾਡੇ ਪੱਲੇ ਕੇਵਲ ਬੁਰਾਈ ਹੀ ਪਵੇਗੀ :

ਆਪ ਭਲਾ ਸਭ ਜਗ ਭਲਾ ਭਲਾ ਸਭ ਜਗ ਕਰ ਦੇਖੈ॥
ਆਪ ਬੁਰਾ ਸਭ ਜਗ ਬੁਰਾ ਸਭ ਕੋ ਬੁਰਾ ਬੁਰੇ ਦੇ ਲੇਖੈ॥
(ਭਾਈ ਗੁਰਦਾਸ ਜੀ, ਵਾਰ ੩੧, ਪਉੜੀ ੪)

ਦਰਅਸਲ ਜਿੰਨਾ ਚਿਰ ਮਨ ਵਿਚ ਦੂਈ ਦਵੈਤ ਹੈ ਉਨ੍ਹਾਂ ਚਿਰ ਪ੍ਰਾਣੀ ਦੂਜਿਆਂ ਦਾ ਬੁਰਾ ਭਲਾ ਹੀ ਚਿਤਵਦਾ ਹੈ :

ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ॥
(ਰਾਗੁ ਸੂਹੀ ਮਹਲਾ ੪, ਅੰਗ ੭੫੭)

ਜਦੋਂ ਮਨ ਵਿਚ ਇਹ ਭਾਵਨਾ ਉਤਪੰਨ ਹੋ ਜਾਏ ਕਿ ਮੈਂ ਕਿਸੇ ਨਾਲੋਂ ਚੰਗਾ ਨਹੀਂ ਅਤੇ ਦੂਜੇ ਮੇਰੇ ਨਾਲੋਂ ਬੁਰੇ ਨਹੀਂ ਤਾਂ ਨਿਸਚੇ ਹੀ ਮਨ ਦੀ ਹਉਮੈ ਜਾਂਦੀ ਰਹਿੰਦੀ ਹੈ ਅਤੇ ਵਿਕਾਰਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ ਤੇ ਪ੍ਰਾਣੀ ਦਾ ਪਾਰ ਉਤਾਰਾ ਹੋ ਜਾਂਦਾ ਹੈ :

ਹਮ ਨਹੀ ਚੰਗੇ ਬੁਰਾ ਨਹੀ ਕੋਇ॥
ਪ੍ਰਣਵਤਿ ਨਾਨਕੁ ਤਾਰੇ ਸੋਇ॥
(ਰਾਗੁ ਸੂਹੀ ਮਹਲਾ ੧, ਅੰਗ ੭੨੮)

ਇਸ ਲਈ ਕਿਸੇ ਵਿਚ ਬੁਰਾਈ ਜਾਂ ਭਲਾਈ ਤੱਕਣ ਦੀ ਥਾਂ ਮਨ ਦੀ ਹਉਮੈ ਨੂੰ ਤਿਆਗ ਕੇ ਚਿੱਤ ਨੂੰ ਪ੍ਰਭੂ ਚਰਨਾਂ ਵਿਚ ਜੋੜਨ ਦੀ ਲੋੜ ਹੈ :

ਬੁਰਾ ਭਲਾ ਕੋਈ ਨ ਕਹੀਜੈ॥
ਛੋਡਿ ਮਾਨੁ ਹਰਿ ਚਰਨ ਗਹੀਜੈ॥

(ਰਾਗੁ ਗਉੜੀ ਮਹਲਾ ੫, ਅੰਗ ੧੮੬)

ਇਸ ਤਰ੍ਹਾਂ ਮਨ ਅੰਦਰ ਸੁਖ ਤੇ ਅਨੰਦ ਆ ਵੱਸਦਾ ਹੈ। ਫਿਰ ਕੋਈ ਬੁਰਾ ਦਿੱਸਦਾ ਹੀ ਨਹੀਂ। ਸਭ ਭਲੇ ਹੀ ਜਾਪਦੇ ਹਨ :

ਦੂਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥

(ਰਾਗੁ ਕਾਨੜਾ ਮਹਲਾ ੫, ਅੰਗ ੧੩੦੨)

ਆਪ ਜੀ ਦੇ ਰਾਗੁ ਆਸਾ ਵਿਚ ਬਚਨ ਹਨ ਕਿ ਕਿਸੇ ਬਾਰੇ ਮਾੜਾ ਸੋਚਣਾ ਨਹੀਂ ਚਾਹੀਦਾ। ਕਿਸੇ ਬਾਰੇ ਚਿੱਤ ਵਿਚ ਕਦੀ ਬੁਰੇ ਵਿਚਾਰ ਲਿਆਉਣੇ ਨਹੀਂ ਚਾਹੀਦੇ। ਸਾਹਿਬਾਂ ਦਾ ਫ਼ਰਮਾਨ ਹੈ ਕਿ ਇਸ ਮਾਰਗ ਤੇ ਚੱਲਣ ਨਾਲ ਫਿਰ ਕੋਈ ਦੁੱਖ ਨਹੀਂ ਵਿਆਪੇਗਾ :

ਪਰ ਕਾ ਬੁਰਾ ਨ ਰਾਖਹੁ ਚੀਤ॥
ਤੁਮ ਕਉ ਦੁਖੁ ਨਹੀ ਭਾਈ ਮੀਤ॥ *(ਅੰਗ ੩੮੬)*

ਗੁਰੂ ਪੰਚਮ ਪਾਤਸ਼ਾਹ ਦੇ ਰਾਗੁ ਆਸਾ ਵਿਚ ਹੀ ਇਕ ਹੋਰ ਬਚਨ ਹਨ :

ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਾਰੇ॥ *(ਅੰਗ ੩੮੩)*

ਗੁਰੂ ਜੀ ਬਾਣੀ ਰਾਗੁ ਮਾਰੂ ਸੋਲਹੇ ਵਿਚ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਜੋ ਪ੍ਰਾਣੀ ਵਾਹਿਗੁਰੂ ਦੀ ਰਜ਼ਾ ਵਿਚ ਰਹਿੰਦਾ ਹੈ ਉਸ ਨੂੰ ਚੰਗਿਆਈ ਜਾਂ ਬੁਰਾਈ ਦਾ ਕੋਈ ਫ਼ਰਕ ਨਹੀਂ ਪੈਂਦਾ। ਉਹ ਦੋਨਾਂ ਨੂੰ ਇਕ ਸਮਾਨ ਕਰਕੇ ਸਹਾਰਦਾ ਹੈ :

ਹੁਕਮੁ ਬੂਝੈ ਸੋ ਸੇਵਕੁ ਕਹੀਐ॥
ਬੁਰਾ ਭਲਾ ਦੁਇ ਸਮਸਰਿ ਸਹੀਐ॥ *(ਅੰਗ ੧੦੭੬)*

ਫਿਰ ਪ੍ਰਾਣੀ ਦੀ ਅਵਸਥਾ ਇਸ ਤਰ੍ਹਾਂ ਦੀ ਬਣ ਜਾਂਦੀ ਹੈ :

ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥
ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥ ੧॥

(ਰਾਗੁ ਦੇਵਗੰਧਾਰੀ ਮਹਲਾ ੪, ਅੰਗ ੫੨੮)

ਅਥਵਾ :

ਬੁਰਾ ਭਲਾ ਕਹੁ ਕਿਸ ਨੋ ਕਹੀਐ॥
ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ॥

(ਰਾਗੁ ਆਸਾ ਮਹਲਾ ੧, ਅੰਗ ੩੫੩)

ਭਾਵ ਕਿਸੇ ਨੂੰ ਬੁਰਾ ਜਾਂ ਭਲਾ ਕਿਵੇਂ ਕਿਹਾ ਜਾ ਸਕਦਾ ਹੈ ਜਦੋਂ ਹਰੇਕ ਜੀਵ ਅੰਦਰ ਪਰਮਾਤਮਾ ਵੱਸਦਾ ਹੈ ਪ੍ਰੰਤੂ ਉਸ ਸੱਚੇ ਪ੍ਰਭੂ ਦਾ ਦੀਦਾਰ ਗੁਰੂ ਦੇ ਸਨਮੁਖ ਰਿਹਾਂ ਹੀ ਹੋ ਸਕਦਾ ਹੈ।

ਭ੍ਰਮ ਖੰਡਿਓ ਮਾਤਿ ਸਗਰੀ ਸੁਆਮੀ ਪਰਗਾਸੁ ਭਇਆ ਰਤਨੁ ਸਿਖਿਆ ॥
ਏਕੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਗੁ ਨ ਟਿਕਿਆ ॥੪॥
– ਗਉੜੀ ਮਹਲਾ ੫ ॥
ਅਹਿਨਿਸ ਅਤਿ ਸੰਸਾ ਭ੍ਰਮ ਪਾਪ ਤੇ ਪ੍ਰਗਾਸਤ ॥
ਸੂਤਕ ਸਰੀਰ ਅਤੇ ਪਾਪ ਕੀਨੇ ਤੇ ॥ ਭਾ ਗੁਰਦਾਸ ਜੀ

(62)

ਵਹਿਮ-ਭਰਮ

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਭਾਰਤ ਵਿਚ ਲੋਕ ਵਹਿਮਾਂ-ਭਰਮਾਂ ਵਿਚ ਬੁਰੀ ਤਰ੍ਹਾਂ ਗ੍ਰਸੇ ਹੋਏ ਸਨ। ਪਰਜਾ ਦੀ ਇਸ ਅਗਿਆਨਤਾ ਦੇ ਕਾਰਨ ਹੁਕਮਰਾਨ ਅਤੇ ਧਾਰਮਿਕ ਆਗੂ ਲੋਕਾਂ ਨੂੰ ਦੋਨੋਂ ਹੱਥੀਂ ਲੁੱਟ ਰਹੇ ਸਨ। ਧਾਰਮਿਕ ਰਹੁ-ਰੀਤੀਆਂ ਇਕ ਪਾਖੰਡ ਬਣ ਕੇ ਰਹਿ ਗਈਆਂ ਸਨ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :

ਪਰਜਾ ਅੰਧੀ ਗਿਆਨ ਬਿਨ ਕੂੜ ਕੁਸੱਤ ਮੁਖਹੁ ਆਲਾਹੀ॥

(ਵਾਰ ੧, ਪਉੜੀ ੩੦)

ਅਥਵਾ :

ਫੋਕਟ ਧਰਮੀ ਭਰਮ ਭੁਲਾਵੈ॥ *(ਵਾਰ ੧, ਪਉੜੀ ੧੯)*

ਸਮੁੱਚੇ ਤੌਰ ਤੇ ਧਾਰਮਿਕ ਅਤੇ ਸਮਾਜਿਕ ਖੇਤਰਾਂ ਵਿਚ ਵਹਿਮ ਅਤੇ ਭਰਮ ਘਰ ਕਰ ਚੁੱਕੇ ਸਨ। ਗੁਰੂ ਸਾਹਿਬਾਨ ਨੇ ਅਜਿਹੀਆਂ ਪਰੰਪਰਾਵਾਂ ਨੂੰ ਤੋੜ ਕੇ, ਲੋਕਾਂ ਨੂੰ ਵਹਿਮ ਅਤੇ ਭਰਮ ਦੀ ਜਿੱਲ੍ਹਣ 'ਚੋਂ ਕੱਢਿਆ ਅਤੇ ਨਵੇਂ ਨਰੋਏ ਸਮਾਜ ਦੀ ਸਥਾਪਨਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਵਹਿਮਾਂ ਅਤੇ ਭਰਮਾਂ ਦਾ ਖੁੱਲ੍ਹ ਕੇ ਖੰਡਨ ਕੀਤਾ।

ਬੱਚੇ ਦੇ ਜਨਮ ਤੋਂ ਲੈ ਕੇ ਅੰਤ ਤੱਕ ਧਾਰਮਿਕ ਪਾਖੰਡ ਪ੍ਰਚਲਿਤ ਸਨ। ਸੂਤਕ ਦਾ ਵਹਿਮ ਮਾਨੋਂ ਭਰਮ ਦਾ ਪਹਿਲਾ ਕੜ ਸੀ ਜਿਸ ਨੂੰ ਗੁਰੂ ਸਾਹਿਬਾਨ ਨੇ ਇਹ ਕਹਿ ਕੇ ਤੋੜਿਆ ਕਿ ਪ੍ਰਸੂਤ ਸਮੇਂ ਅਪਵਿੱਤਰਤਾ ਬਾਰੇ ਜੋ ਭਰਮ-ਭੁਲੇਖੇ ਬਣੇ ਹੋਏ ਹਨ ਇਹ ਨਿਰਾਰਥਕ ਹਨ। ਨਿਰਾ ਵਹਿਮ ਹਨ। ਜੰਮਣਾ-ਮਰਨਾ ਤਾਂ ਸਭ ਅਕਾਲ ਪੁਰਖ ਦੇ ਹੁਕਮ ਵਿਚ ਹੈ। ਸੂਤਕ ਨਿਰਾ ਵਹਿਮ ਤੇ ਭਰਮ ਹੈ, ਜੋ ਮਾਇਆ ਵਿਚ ਫਸੇ ਹੋਏ ਲੋਕਾਂ ਨੂੰ ਹੀ ਲਗਦਾ ਹੈ :

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥
ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ॥

(ਰਾਗੁ ਆਸਾ ਕੀ ਵਾਰ ਮਹਲਾ ੧, ਅੰਗ ੪੭੨)

ਆਪ ਜੀ ਦੇ ਰਾਗੁ ਆਸਾ ਦੀ ਵਾਰ ਵਿਚ ਇਕ ਹੋਰ ਬਚਨ ਹਨ ਕਿ ਜੇਕਰ ਸੂਤਕ ਦੇ ਵਹਿਮ ਨੂੰ ਮੰਨ ਲਿਆ ਜਾਵੇ ਤਾਂ ਫਿਰ ਸੂਤਕ ਤਾਂ ਹਰ ਥਾਂ ਹੈ। ਅੰਨ ਦਾ ਕੋਈ ਦਾਣਾ ਵੀ ਜੀਆਂ ਤੋਂ ਬਿਨਾਂ ਨਹੀਂ ਹੈ। ਪਾਣੀ, ਗੋਹੇ ਅਤੇ ਲੱਕੜੀ ਵਿਚ ਵੀ ਜੀਵ ਹਨ। ਇਸ ਪ੍ਰਕਾਰ ਰਸੋਈ ਵਿਚ ਤਾਂ ਹਰ ਵੇਲੇ ਸੂਤਕ ਹੀ ਪਿਆ ਰਹਿੰਦਾ ਹੈ। ਦੂਜੇ,

ਪਾਣੀ ਤਾਂ ਹਰ ਕਿਸੇ ਨੂੰ ਜਿੰਦ-ਜਾਨ ਦੇਣ ਵਾਲਾ ਹੈ ਅਤੇ ਸਭ ਨੂੰ ਹਰਾ-ਭਰਾ ਰੱਖਦਾ ਹੈ:

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥ *(ਅੰਗ ੪੭੨)*

ਪ੍ਰਾਣੀ ਦੇ ਮਰਨ ਵੇਲੇ ਉਸ ਪਾਸ ਆਟੇ ਅਤੇ ਘਿਓ ਦੇ ਦੀਵੇ ਜਗਾ ਕੇ ਰੱਖਣਾ ਤਾਂ ਕਿ ਜਿਸ ਅਣਡਿੱਠੇ ਰਸਤੇ ਮ੍ਰਿਤਕ ਦੀ ਆਤਮਾ ਨੇ ਜਾਣਾ ਹੈ ਇਹ ਘਿਓ ਦਾ ਦੀਵਾ ਰਸਤੇ ਵਿਚ ਚਾਨਣ ਕਰੇਗਾ, ਕਿੰਨਾ ਵੱਡਾ ਭਰਮ ਅਤੇ ਵਹਿਮ ਹੈ। ਇਕ ਦੀਵੇ ਦੀ ਰੋਸ਼ਨੀ ਸੱਚ ਦੇ ਮਾਰਗ ਨੂੰ ਕਦੀ ਰੋਸ਼ਨਾ ਨਹੀਂ ਸਕਦੀ। ਗੁਰੂ ਜੀ ਦਾ ਆਸ਼ਾ ਹੈ ਕਿ ਅਸਲ ਦੀਵਾ ਤਾਂ ਪ੍ਰਭੂ ਦਾ ਨਾਮ ਹੈ ਜਿਸ ਤੋਂ ਆਤਮਿਕ ਰੋਸ਼ਨੀ ਮਿਲਣੀ ਹੈ ਅਤੇ ਫਿਰ ਜਮ ਦਾ ਡਰ ਵੀ ਮੁੱਕ ਜਾਂਦਾ ਹੈ:

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥
(ਰਾਗੁ ਆਸਾ ਮਹਲਾ ੧, ਅੰਗ ੩੫੮)

ਇਸੇ ਤਰ੍ਹਾਂ ਸਰਾਧ ਕਰਨੇ, ਮ੍ਰਿਤਕ ਪ੍ਰਾਣੀ ਨਮਿਤ ਬਰਤਨ, ਬਿਸਤਰ, ਕੱਪੜੇ ਅਤੇ ਹੋਰ ਵਸਤਾਂ ਦਾ ਦੇਣਾ ਅਤੇ ਮ੍ਰਿਤਕ ਦੇ ਮਨ-ਪਸੰਦ ਦੇ ਭੋਜਨ ਦੂਜਿਆਂ ਨੂੰ ਛਕਾਉਣੇ ਸਭ ਮਨਮਤਿ ਤੇ ਵਹਿਮ ਹੈ। ਇਨ੍ਹਾਂ ਤੋਂ ਪਿੱਤਰਾਂ ਨੂੰ ਕੋਈ ਪ੍ਰਾਪਤੀ ਨਹੀਂ ਹੁੰਦੀ ਅਤੇ ਨਾ ਹੀ ਉਨ੍ਹਾਂ ਨੂੰ ਇਨ੍ਹਾਂ ਦਾ ਕੋਈ ਲਾਭ ਹੁੰਦਾ ਹੈ:

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥ ੧॥
ਮੋ ਕਉ ਕੁਸਲੁ ਬਤਾਵਹੁ ਕੋਈ॥
ਕੁਸਲੁ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ॥ ੧॥ ਰਹਾਉ॥
(ਰਾਗੁ ਗਉੜੀ ਕਬੀਰ ਜੀ, ਅੰਗ ੩੩੨)

ਭਗਤ ਕਬੀਰ ਜੀ ਦਾ ਕਥਨ ਹੈ ਕਿ ਕਿੰਨੀ ਅਜੀਬ ਗੱਲ ਹੈ ਕਿ ਲੋਕ ਜੀਊਂਦੇ ਮਾਪਿਆਂ ਦਾ ਕੋਈ ਆਦਰ-ਮਾਣ ਨਹੀਂ ਕਰਦੇ ਪਰ ਜਦੋਂ ਉਹ ਮਰ ਜਾਂਦੇ ਹਨ ਤਾਂ ਉਨ੍ਹਾਂ ਨਮਿੱਤ ਦੂਜਿਆਂ ਨੂੰ ਭੋਜਨ ਖੁਆਉਂਦੇ ਹਨ। ਵਿਚਾਰਨ ਵਾਲੀ ਗੱਲ ਹੈ ਕਿ ਕੀਤੇ ਸਰਾਧ ਦਾ ਭੋਜਨ ਵਿਚਾਰੇ ਪਿੱਤਰਾਂ ਪਾਸ ਕਿਵੇਂ ਪੁੱਜ ਸਕਦਾ ਹੈ? ਭਗਤ ਜੀ, ਇਨ੍ਹਾਂ ਵਹਿਮਾਂ-ਭਰਮਾਂ ਵਿਚ ਫਸੇ ਹੋਏ ਲੋਕਾਂ ਨੂੰ ਸੁਆਲ ਕਰ ਰਹੇ ਹਨ ਕਿ ਮੈਨੂੰ ਕੋਈ ਦੱਸੇ ਕਿ ਪਿੱਤਰਾਂ ਨਮਿੱਤ ਸਰਾਧ ਨਾਲ ਪਿੱਛੇ ਘਰ ਵਿਚ ਸੁਖ-ਸ਼ਾਂਤੀ ਕਿਵੇਂ ਹੋ ਸਕਦੀ ਹੈ? ਕਿੰਨੀ ਅਜੀਬ ਗੱਲ ਹੈ ਕਿ ਅਜਿਹੇ ਭਰਮ-ਭੁਲੇਖਿਆਂ ਵਿਚ ਫਸ ਕੇ ਲੋਕ ਖਪ-ਖਪ ਕੇ ਇਸ ਸੰਸਾਰ 'ਚੋਂ ਤੁਰੀ ਜਾਂਦੇ ਹਨ।

ਥਿਤ ਵਾਰ, ਮੱਸਿਆ, ਸੰਗਰਾਂਦ, ਪੂਰਨਮਾਸ਼ੀ ਦਾ ਵਰਤ, ਲਗਨ, ਸਾਹਾ, ਮਹੂਰਤ, ਦਿਨਾਂ-ਦਿਹਾੜਿਆਂ ਦੇ ਭਰਮ, ਜਾਦੂ-ਟੂਣੇ, ਤਾਵੀਜ਼, ਮੰਤਰ-ਫੂਕਣੇ, ਆਟਾ-ਦਾਲਾਂ ਮਨਸਣੀਆਂ ਆਦਿ ਇਹ ਸਭ ਵਹਿਮ ਤੇ ਭਰਮ ਹਨ ਜੋ ਮਨੁੱਖ ਦੀ ਆਪਣੀ ਕਲਪਨਾ

ਹੈ। ਗੁਰਬਾਣੀ ਵਿਚ ਇਨ੍ਹਾਂ ਵਹਿਮਾਂ-ਭਰਮਾਂ ਦਾ ਜ਼ੋਰਦਾਰ ਖੰਡਨ ਕੀਤਾ ਗਿਆ ਹੈ।

ਦਿਨਾਂ ਅਤੇ ਰੁੱਤਾਂ ਦੀ ਕੋਈ ਵੱਖਰੀ ਮਹਾਨਤਾ ਨਹੀਂ। ਕੋਈ ਦਿਨ ਜਾਂ ਰੁੱਤ ਚੰਗੀ ਜਾਂ ਮਾੜੀ ਨਹੀਂ :

ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ॥

(ਰਾਗੁ ਮਾਰੂ ਮਹਲਾ ੧, ਅੰਗ ੧੦੧੫)

ਅਥਵਾ :

ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ॥

(ਗਉੜੀ ਕੀ ਵਾਰ ਮਹਲਾ ੫, ਅੰਗ ੩੧੮)

ਸਾਰੇ ਦਿਨ, ਮਹੀਨੇ, ਅਤੇ ਰੁੱਤਾਂ ਕਰਤੇ ਨੇ ਆਪ ਘੜੀਆਂ ਹਨ। ਇਸ ਲਈ ਇਨ੍ਹਾਂ ਦੇ ਲਗਨ, ਮਹੂਰਤ, ਤਾਰੇ ਡੁੱਬਣ ਅਤੇ ਚੜ੍ਹਣ ਦੇ ਚੱਕਰਾਂ ਵਿਚ ਕਿਉਂ ਪਿਆ ਜਾਵੇ ?

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥

(ਰਾਗੁ ਮਾਝ ਬਾਰਹਮਾਹਾ ਮਹਲਾ ੫, ਅੰਗ ੧੩੬)

ਅਥਵਾ :

ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ॥

(ਰਾਗੁ ਮਾਝ ਕੀ ਵਾਰ ਮਹਲਾਂ ੧, ਅੰਗ ੧੪੦)

ਇਸੇ ਤਰ੍ਹਾਂ ਗੁਰਮਤਿ ਵਿਚ ਥਿਤਾਂ-ਵਾਰਾਂ ਦਾ ਵੀ ਕੋਈ ਮਹਾਤਮ ਨਹੀਂ। ਇਨ੍ਹਾਂ ਨੂੰ ਮਨਾਉਣ ਨਾਲ ਭਰਮ-ਭੁਲੇਖੇ ਪੈਦਾ ਹੁੰਦੇ ਹਨ ਅਤੇ ਇਹ ਮੇਰ-ਤੇਰ ਦੀ ਭਾਵਨਾ ਪੈਦਾ ਕਰਦੇ ਹਨ :

ਸਤਿਗੁਰ ਬਾਝਹੁ ਅੰਧੁ ਗੁਬਾਰੁ॥
ਥਿਤੀ ਵਾਰ ਸੇਵਹਿ ਮੁਗਧ ਗਵਾਰ॥

(ਰਾਗੁ ਬਿਲਾਵਲੁ ਮਹਲਾ ੩, ਅੰਗ ੮੪੩)

ਗੁਰਬਾਣੀ ਵਿਚ ਪੱਤ੍ਰੀ ਵਾਚਣਾ ਅਤੇ ਟੇਵੇ ਆਦਿ ਲਗਵਾਉਣ ਨੂੰ ਵੀ ਵਹਿਮ ਅਤੇ ਭਰਮ ਆਖਿਆ ਗਿਆ ਹੈ। ਗੁਰੂ ਅਮਰਦਾਸ ਜੀ ਦੇ ਰਾਗੁ ਮਾਰੂ ਵਿਚ ਬਚਨ ਹਨ ਕਿ ਜੋ ਲੋਕ ਪੱਤ੍ਰੀਆਂ ਪੜ੍ਹ ਕੇ ਦੂਜਿਆਂ ਨੂੰ ਭਰਮ-ਭੁਲੇਖਿਆਂ ਵਿਚ ਪਾਉਂਦੇ ਹਨ ਉਨ੍ਹਾਂ ਨੂੰ ਪਹਿਲਾਂ ਆਪਣੇ ਮਨ ਦੀ ਪੱਤ੍ਰੀ ਵਾਚਣੀ ਚਾਹੀਦੀ ਹੈ ਕਿ ਉਸਦੇ ਆਪਣੇ ਮਨ ਦੀ ਕੀ ਅਵਸਥਾ ਹੈ :

ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ॥ *(ਅੰਗ ੧੦੯੩)*

ਤੀਰਥ ਯਾਤਰਾ ਅਤੇ ਕਿਸੇ ਖਾਸ ਦਿਨ-ਦਿਹਾੜੇ ਤੀਰਥਾਂ ਤੇ ਇਸ਼ਨਾਨ ਕਰਨ ਦਾ ਤਾਂ ਹੀ ਲਾਭ ਹੈ ਜੇਕਰ ਮਨ ਦੀ ਮੈਲ ਨੂੰ ਧੋਤਾ ਜਾਵੇ। ਤਨ ਦੀ ਸਫ਼ਾਈ ਦੇ ਨਾਲ-ਨਾਲ ਜੇਕਰ ਅੰਦਰਲੀ ਮੈਲ ਧੋਤੀ ਨਹੀਂ ਜਾਂਦੀ ਤਾਂ ਤੀਰਥਾਂ ਦੇ ਭ੍ਰਮਣ ਨਾਲ ਕਦੀ ਮੁਕਤੀ ਨਹੀਂ ਹੋ ਸਕਦੀ :

ਅੰਤਰਿ ਮੈਲੁ ਜੇ ਤੀਰਥ ਨਾਵੈ
ਤਿਸੁ ਬੈਕੁੰਠ ਨ ਜਾਨਾਂ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥

(ਰਾਗੁ ਆਸਾ ਭਗਤ ਕਬੀਰ ਜੀ, ਅੰਗ ੪੮੪)

ਮੜ੍ਹੀਆਂ-ਮਸਾਣਾਂ ਅਤੇ ਕਬਰਾਂ ਤੇ ਜਾ ਕੇ ਮੱਥਾ ਟੇਕਣਾ, ਸੁੱਖਾਂ-ਸੁੱਖਣੀਆਂ ਅਤੇ ਮੁਰਾਦਾਂ ਮੰਗਣੀਆਂ ਸਭ ਮਨਮਤਿ ਹੈ। ਇਹ ਮਨ ਦੀ ਭਟਕਣਾ ਹੈ ਅਤੇ ਸਭ ਭਰਮ-ਭੁਲੇਖੇ। ਰਾਗੁ ਆਸਾ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ ਕਿ ਅਗਿਆਨੀ ਮਨੁੱਖ ਪਰਮਾਤਮਾ ਨੂੰ ਮਿਲਣ ਦਾ ਸਹੀ ਮਾਰਗ ਛੱਡ ਕੇ ਮੜ੍ਹੀਆਂ ਮਸਾਣਾਂ ਵਿਚੋਂ ਪਰਮਾਤਮਾ ਨੂੰ ਭਾਲਦਾ ਫਿਰਦਾ ਹੈ :

ਰਹੈ ਬੇਬਾਣੀ ਮੜੀ ਮਸਾਣੀ॥
ਅੰਧੁ ਨ ਜਾਣੈ ਫਿਰਿ ਪਛੁਤਾਣੀ॥ *(ਅੰਗ ੪੬੭)*

ਇਸ ਸਬੰਧ ਵਿਚ ਦਸਮੇਸ਼ ਪਿਤਾ ਜੀ ਦਾ ਉਪਦੇਸ਼ ਹੈ :

ਜਾਗਤ ਜੋਤਿ ਜਪੈ ਨਿਸ ਬਾਸੁਰ
ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ
ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਪੈ ਘਟ ਮੈ
ਤਬ ਖਾਲਸ ਤਾਹਿ ਨਖਾਲਸ ਜਾਨੈ॥

ਗੁਰੂ ਅਰਜਨ ਦੇਵ ਜੀ ਦੇ ਰਾਗੁ ਆਸਾ ਵਿਚ ਬਚਨ ਹਨ ਕਿ ਨਾਮ ਵਿਚ ਮਨ ਜੋੜਨ ਨਾਲ ਪਰਮਾਤਮਾ ਸਦਾ ਅੰਗ-ਸੰਗ ਪ੍ਰਤੀਤ ਹੋਣ ਲੱਗ ਪੈਂਦਾ ਹੈ ਅਤੇ ਮਨੁੱਖ ਦੇ ਡਰ ਅਤੇ ਵਹਿਮ ਦੂਰ ਹੋ ਜਾਂਦੇ ਹਨ :

ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ॥
(ਅੰਗ ੪੦੬)

ਅਥਵਾ :

ਹਮਰਾ ਭਰਮੁ ਗਇਆ ਭਉ ਭਾਗਾ॥
ਜਬ ਰਾਮ ਨਾਮ ਚਿਤੁ ਲਾਗਾ॥
(ਰਾਗੁ ਸੋਰਠਿ, ਭਗਤ ਕਬੀਰ ਜੀ, ਅੰਗ ੬੫੫)

ਰਾਗੁ ਬਸੰਤੁ ਵਿਚ ਗੁਰੂ ਰਾਮਦਾਸ ਜੀ ਸੋਧ ਬਖ਼ਸ਼ਿਸ਼ ਕਰ ਰਹੇ ਹਨ ਕਿ ਧਾਰਮਿਕ ਵਿਖਾਵੇ ਅਤੇ ਵਹਿਮਾਂ-ਭਰਮਾਂ ਵਿਚ ਪੈ ਕੇ ਪ੍ਰਾਣੀ ਮਾਇਆ ਲਈ ਹਰ ਵੇਲੇ ਇਧਰ-ਉਧਰ ਹੱਥ ਪੈਰ ਮਾਰਦਾ ਰਹਿੰਦਾ ਹੈ ਪ੍ਰੰਤੂ ਸਤਿਸੰਗਤ ਦੁਆਰਾ ਜਿਨ੍ਹਾਂ ਨੂੰ ਸਭ ਪੁਰਖਾਂ ਦਾ ਸੁਆਮੀ ਪਰਮਾਤਮਾ ਮਿਲ ਪੈਂਦਾ ਹੈ ਉਸ ਦੇ ਅੰਦਰੋਂ ਵਹਿਮਾਂ-ਭਰਮਾਂ ਦਾ ਪਿਆ ਅਗਿਆਨਤਾ ਦਾ ਅੰਧੇਰਾ ਦੂਰ ਹੋ ਜਾਂਦਾ ਹੈ :

ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਦਰਿ ਮਾਇਆ ਮਾਇਆ॥
ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ॥
(ਅੰਗ ੧੧੭੮)

ਦੁਖ ਅਤਿ ਜਨਮੈ ਦੁਖ ਅਤਿ ਮਰਣਾ ॥ ਦੂਖੁ ਨ ਮਿਟੈ ਬਿਨੁ ਗੁਰ ਕੀ ਸਰਣਾ ॥
ਦੂਖੀ ਉਪਜੈ ਦੂਖੀ ਬਿਨਸੈ, ਕਿਆ ਲੈ ਆਇਆ ਕਿਆ ਲੈ ਜਾਣਾ ਹੇ ॥੯੨॥
ਮਾਰੂ ਮਹਲਾ ੧ ॥
ਸੁਖ ਸਾਗਰ ਤੇ ਸਾਧ ਸੰਗ ਸੋਭਾ ਸਤਿਗੁਰ [illegible] — ਭਾਈ ਗੁਰਦਾਸ ਜੀ।

(63)

ਸੁਖ ਦੁੱਖ

ਸੁੱਖ ਅਤੇ ਦੁੱਖ ਮਨੁੱਖੀ ਜੀਵਨ ਦੇ ਅਨਿੱਖੜਵੇਂ ਅੰਗ ਹਨ ਜਾਂ ਇੰਜ ਕਹਿ ਲਓ ਕਿ ਜੀਵਨ ਖੁਸ਼ੀਆਂ ਤੇ ਗ਼ਮੀਆਂ ਦਾ ਸੁਮੇਲ ਹੈ। ਕਿਸੇ ਨੂੰ ਬਹੁਤੇ ਸੁਖ ਹਨ ਅਤੇ ਦੁੱਖ ਥੋੜ੍ਹੇ। ਦੂਜੇ ਬੰਨੇ ਕਿਸੇ ਨੂੰ ਦੁੱਖ ਵਧੇਰੇ ਹਨ ਅਤੇ ਸੁਖ ਘੱਟ। ਮਨੁੱਖ ਤਾਂ ਸਦਾ ਸੁਖ ਹੀ ਚਾਹੁੰਦਾ ਹੈ। ਮਨੁੱਖ ਦੀ ਸਦਾ ਇੱਛਾ ਹੁੰਦੀ ਹੈ ਕਿ ਉਸਦਾ ਪਰਿਵਾਰ ਸਦਾ ਸੁਖੀ ਵਸੇ। ਉਸ ਪਾਸ ਧਨ-ਦੌਲਤ ਹੋਵੇ, ਮਹਿਲ-ਮਾੜੀਆਂ ਹੋਣ ਅਤੇ ਹੋਰ ਕੀ ਕੁਝ ਨਾ ਹੋਵੇ? ਮਨੁੱਖ ਸਦਾ ਸੁਖ ਸ਼ਾਂਤੀ ਲਈ ਅਰਦਾਸ ਕਰਦਾ ਹੈ। ਅੱਜ ਤਾਈਂ ਕਿਸੇ ਨੇ ਦੁੱਖ ਨਹੀਂ ਮੰਗਿਆ। ਕਦੀ ਕਿਸੇ ਨੇ ਦੁੱਖ ਲਈ ਅਰਦਾਸ ਨਹੀਂ ਕੀਤੀ।

ਗੁਰਵਾਕ ਹੈ :

ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥

(ਸਿਰੀਰਾਗੁ ਮਹਲਾ ੧, ਅੰਗ ੫੭)

ਅਥਵਾ :

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥

(ਸਲੋਕ ਮਹਲਾ ੯, ਅੰਗ ੧੪੨੮)

ਸੁੱਖ ਦੀ ਪ੍ਰਾਪਤੀ ਲਈ ਮਨੁੱਖ ਭਲਾ ਕੀ ਕੁਝ ਨਹੀਂ ਕਰਦਾ। ਝੂਠ ਬੋਲਦਾ ਹੈ, ਦੂਜਿਆਂ ਦੇ ਹੱਕ ਮਾਰਦਾ ਹੈ, ਹੇਰਾ-ਫੇਰੀਆਂ ਕਰਦਾ ਹੈ, ਕਮਾਈ ਕਰਨ ਲਈ ਦਿਨ-ਰਾਤ ਭੱਜਾ ਫਿਰਦਾ ਹੈ। ਇਥੋਂ ਤੱਕ ਕਿ ਨੈਤਿਕ ਕਦਰਾਂ-ਕੀਮਤਾਂ ਨੂੰ ਇਕ ਪਾਸੇ ਰੱਖ ਕੇ ਧਨ ਇਕੱਠਾ ਕਰਦਾ ਹੈ ਤਾਂਕਿ ਉਹ ਸੁਖ ਭੋਗ ਸਕੇ, ਰੰਗ-ਰਲੀਆਂ ਮਾਣ ਸਕੇ। ਉਸਨੂੰ ਇਹ ਚਿੱਤ ਚੇਤੇ ਨਹੀਂ ਰਹਿੰਦਾ ਕਿ ਇਨ੍ਹਾਂ ਕੁਕਰਮਾਂ ਦਾ ਲੇਖਾ ਇਕ ਦਿਨ ਉਸ ਪਾਸੋਂ ਜ਼ਰੂਰ ਮੰਗਿਆ ਜਾਣਾ ਹੈ :

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥
ਸੁਤ ਦਾਰਾ ਪਹਿ ਆਨਿ ਲੁਟਾਵੈ॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥

(ਰਾਗੁ ਸੋਰਠਿ ਕਬੀਰ ਜੀ, ਅੰਗ ੬੫੬)

ਗੁਰੂ ਤੇਗ਼ ਬਹਾਦਰ ਜੀ ਦੇ ਰਾਗੁ ਆਸਾ ਵਿਚ ਬਚਨ ਹਨ ਕਿ ਸੁਖ ਦੀ ਪ੍ਰਾਪਤੀ ਲਈ ਜੀਵ ਥਾਂ ਪਰ ਥਾਂ ਜਾ ਕੇ ਦੂਜਿਆਂ ਦੀਆਂ ਖੁਸ਼ਾਮਦਾਂ ਕਰਦਾ ਹੈ। ਇੰਜ ਸੁਖ ਦੀ ਖ਼ਾਤਰ ਸਗੋਂ ਦੁੱਖ ਹੀ ਭੋਗਦਾ ਹੈ। ਕੁੱਤੇ ਵਾਂਗ ਦਰ-ਦਰ ਜਾ ਕੇ ਭਟਕਦਾ ਹੈ। ਜਿਥੋਂ ਅਸਲੀ ਸੁਖ ਪ੍ਰਾਪਤ ਹੋਣਾ ਹੈ ਉਹ ਗ਼ਾਫ਼ਲ ਮਨੁੱਖ ਦੇ ਚਿੱਤ ਚੇਤੇ ਵੀ ਨਹੀਂ।

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥

(ਅੰਗ ੪੧੧)

ਅਗਿਆਨੀ ਮਨੁੱਖ ਧਨ ਦੌਲਤ, ਦੁਨਿਆਵੀ ਰਸਾਂ-ਕਸਾਂ ਅਤੇ ਰੰਗ-ਤਮਾਸ਼ਿਆਂ ਨੂੰ ਹੀ ਸੁਖਾਂ ਦਾ ਸਾਧਨ ਸਮਝੀ ਬੈਠਾ ਹੈ ਜੋ ਬੜੇ ਥੋੜ੍ਹ-ਚਿਰੇ ਹਨ। ਦੁਨਿਆਵੀ ਪਦਾਰਥ ਅਤੇ ਇਨ੍ਹਾਂ ਨੂੰ ਭੋਗਣ ਵਾਲੇ ਵੀ ਚਲਾਇਮਾਨ ਹਨ ਭਾਵ ਸਭ ਕੁਝ ਨਾਸ਼ਵੰਤ ਹੈ। ਗੁਰੂ ਅਰਜਨ ਦੇਵ ਜੀ ਦੇ ਰਾਗੁ ਭੈਰਉ ਵਿਚ ਬਚਨ ਹਨ ਕਿ ਸੁਖਾਂ ਦਾ ਭੰਡਾਰ ਤਾਂ ਕੇਵਲ ਪਰਮਾਤਮਾ ਦਾ ਨਾਮ ਹੀ ਹੈ :

ਸੁਖੁ ਨਾਹੀ ਬਹੁਤੈ ਧਨਿ ਖਾਟੇ॥
ਸੁਖੁ ਨਾਹੀ ਪੇਖੇ ਨਿਰਤਿ ਨਾਟੇ॥
ਸੁਖੁ ਨਾਹੀ ਬਹੁ ਦੇਸ ਕਮਾਏ॥
ਸਰਬ ਸੁਖਾ ਹਰਿ ਹਰਿ ਗੁਣ ਗਾਏ॥ *(ਅੰਗ ੧੧੪੭)*

ਮੋਹ-ਮਾਇਆ ਵਿਚ ਫਸ ਕੇ ਮਨੁੱਖ ਇਸ ਪਾਸੇ ਲੱਗਦਾ ਹੀ ਨਹੀਂ ਭਾਵ ਪ੍ਰਭੂ ਦੇ ਨਾਮ ਵਿਚ ਆਪਣਾ ਮਨ ਜੋੜਦਾ ਹੀ ਨਹੀਂ ਜਿਸ ਕਾਰਨ ਉਹ ਦੁਖੀ ਹੁੰਦਾ ਹੈ। ਕਿਧਰੇ ਵੀ ਨਿਗਾਹ ਮਾਰ ਕੇ ਦੇਖ ਲਉ, ਪ੍ਰਾਣੀ ਦੁੱਖ ਦੀ ਅੱਗ ਵਿਚ ਹੀ ਸੜਦਾ ਪਿਆ ਹੈ। ਹਰ ਪਾਸੇ ਦੁੱਖ ਹੀ ਦੁੱਖ ਹੈ। ਬਾਬਾ ਫਰੀਦ ਜੀ ਦਾ ਫ਼ਰਮਾਨ ਹੈ :

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥

(ਸਲੋਕ ਨੰਬਰ ੮੧, ਅੰਗ ੧੩੮੨)

ਇਹ ਦੁੱਖ ਸੁਖ ਪ੍ਰਾਣੀ ਪੂਰਬਲੇ ਕਰਮਾਂ ਅਨੁਸਾਰ ਹੀ ਭੋਗਦਾ ਹੈ। ਇਹ ਗਿਲੇ ਸ਼ਿਕਵੇ ਕਰਨਾ ਕਿ ਸਾਡੇ ਤਾਂ ਕਰਮ ਹੀ ਮਾੜੇ ਹਨ, ਸਾਡੇ ਤਾਂ ਕਰਮਾਂ ਵਿਚ ਦੁੱਖ ਹੀ ਲਿਖੇ ਹੋਏ ਹਨ, ਸਭ ਨਿਰਮੂਲ ਹੈ। ਆਪਣੇ ਕਰਮਾਂ ਦਾ ਫਲ ਭੋਗਣਾ ਹੀ ਪੈਣਾ ਹੈ। ਇਸ ਵਿਚ ਕਿਸੇ ਨੂੰ ਦੋਸ਼ ਦਿੱਤਾ ਨਹੀਂ ਜਾ ਸਕਦਾ :

ਸੁਖੁ ਦੁਖੁ ਪੁਰਬ ਜਨਮ ਕੇ ਕੀਏ॥
ਸੋ ਜਾਣੈ ਜਿਨਿ ਦਾਤੈ ਦੀਏ॥
ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ॥

(ਰਾਗੁ ਮਾਰੂ ਸੋਲਹੇ ਮਹਲਾ ੧, ਅੰਗ ੧੦੩੦-੩੧)

ਪ੍ਰੰਤੂ ਜਿਹੜਾ ਮਨੁੱਖ ਹਰ ਅਵਸਥਾ ਵਿਚ ਇਕ ਸਮਾਨ ਵਿਚਰਦਾ ਹੈ, ਦੁੱਖ ਅਤੇ ਸੁਖ, ਖੁਸ਼ੀ ਅਤੇ ਗ਼ਮੀ ਭਾਵ ਹਰਖ ਅਤੇ ਸੋਗ ਨੂੰ ਇਕ ਕਰਕੇ ਜਾਣਦਾ ਹੈ, ਖੁਸ਼ੀ ਵੇਲੇ ਹੰਕਾਰ ਨਹੀਂ ਕਰਦਾ ਅਤੇ ਗ਼ਮੀ ਜਾਂ ਦੁਖ ਵਿਚ ਘਬਰਾਉਂਦਾ ਨਹੀਂ ਉਸ ਨੇ ਅਸਲੀ ਅਰਥਾਂ ਵਿਚ ਜੀਵਨ ਦੇ ਭੇਦ ਨੂੰ ਸਮਝਿਆ ਹੈ। ਰਾਗੁ ਗਉੜੀ ਵਿਚ ਮਨੁੱਖ ਨੂੰ ਸੁਚੇਤ ਕਰਦੇ ਹੋਏ ਗੁਰੂ ਤੇਗ ਬਹਾਦਰ ਜੀ ਬਚਨ ਕਰ ਰਹੇ ਹਨ :

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥

(ਅੰਗ ੨੧੯)

ਅਥਵਾ :

ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ॥
ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ॥

(ਰਾਗੁ ਮਲਾਰ ਮਹਲਾ ੧, ਅੰਗ ੧੨੫੬)

ਸਿਰੀ ਰਾਗੁ ਵਿਚ ਵੀ ਆਪ ਜੀ ਦੇ ਬਚਨ ਹਨ :

ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ॥ *(ਅੰਗ ੫੭)*

ਭਾਵ ਅਸਲ ਆਤਮਿਕ ਸੁਖ ਤਾਂ ਮਿਲਦਾ ਹੈ ਜੇ ਗੁਰੂ ਦੇ ਸ਼ਬਦ ਦੇ ਰਾਹੀਂ ਮਨ ਨੂੰ ਦੁਨੀਆਂ ਦੇ ਝੂਠੇ ਮੌਜ-ਮੇਲਿਆਂ ਵਲੋਂ ਰੋਕ ਕੇ ਰੱਖਿਆ ਜਾਏ। ਇਸ ਲਈ ਦੁੱਖਾਂ ਤੋਂ ਘਬਰਾ ਕੇ ਹਰ ਵੇਲੇ ਸੁਖਾਂ ਲਈ ਕਾਮਨਾ ਕਰਨਾ ਸਭ ਵਿਅਰਥ ਦੀਆਂ ਗੱਲਾਂ ਹੋਨ। ਸੁਖ ਅਤੇ ਦੁੱਖ ਤਾਂ ਚੰਗੇ ਮਾੜੇ ਕੱਪੜਿਆਂ ਵਾਂਗ ਹਨ ਜੋ ਪ੍ਰਭੂ ਦੀ ਦੇਣ ਹਨ ਭਾਵ ਸੁਖਾਂ ਅਤੇ ਦੁੱਖਾਂ ਦੇ ਚੱਕਰ ਹਰ ਇਕ ਉੱਤੇ ਆਉਂਦੇ ਹੀ ਰਹਿੰਦੇ ਹਨ। ਇਸ ਲਈ ਮਨੁੱਖ ਨੂੰ ਡੋਲਣਾ ਨਹੀਂ ਚਾਹੀਦਾ। ਇਨ੍ਹਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਚਾਹੀਦਾ ਹੈ। ਗੁਰਵਾਕ ਹੈ :

ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ॥
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥

(ਰਾਗੁ ਮਾਝ ਕੀ ਵਾਰ ਮਹਲਾ ੧, ਅੰਗ ੧੪੯)

ਜਦੋਂ ਪ੍ਰਾਣੀ ਸੁਖ ਅਤੇ ਦੁੱਖ ਨੂੰ ਇਕ ਸਮਾਨ ਸਮਝ ਕੇ ਆਪਣੇ ਆਪ ਨੂੰ ਪੂਰਨ ਤੌਰ ਤੇ ਪ੍ਰਭੂ ਚਰਨਾਂ ਵਿਚ ਅਰਪਨ ਕਰ ਦਿੰਦਾ ਹੈ ਤਾਂ ਉਹ ਦੁੱਖ ਵਿਚ ਵੀ ਖੁਸ਼ੀ ਹੀ ਮਹਿਸੂਸ ਕਰਦਾ ਹੈ। ਇਥੋਂ ਤੱਕ ਕਿ ਪਰਮਾਤਮਾ ਦੀ ਰਜ਼ਾ ਵਿਚ ਰਹਿ ਕੇ ਉਹ ਭੁੱਖਿਆਂ ਵੀ ਤ੍ਰਿਪਤ ਰਹਿੰਦਾ ਹੈ ਭਾਵ ਨਾਮ ਵਿਚ ਜੁੜਿਆਂ ਦੁੱਖ ਵੀ ਸੁਖਾਂ ਵਿਚ ਬਦਲ ਜਾਂਦੇ ਹਨ। ਗੁਰਵਾਕ ਹੈ :

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥

(ਰਾਗੁ ਸੂਹੀ ਮਹਲਾ ੪, ਅੰਗ ੭੫੭)

ਇਸ ਅਵਸਥਾ ਵਿਚ ਪੁੱਜ ਕੇ ਪ੍ਰਾਣੀ ਦੀ ਲਿਵ ਪੂਰਨ ਤੌਰ ਤੇ ਪ੍ਰਭੂ ਚਰਨਾਂ ਵਿਚ ਜੁੜ ਜਾਂਦੀ ਹੈ ਤੇ ਜੀਵ ਦੇ ਸਾਰੇ ਦੁੱਖਾਂ ਦੀ ਨਵਿਰਤੀ ਹੋ ਜਾਂਦੀ ਹੈ। ਸਭ ਦੁੱਖ ਦੂਰ ਹੋ ਜਾਂਦੇ ਹਨ। ਜੀਵਨ ਵਿਚ ਸੁਖ ਅਤੇ ਅਨੰਦ ਆ ਵੱਸਦਾ ਹੈ। ਹਰ ਥਾਂ ਪ੍ਰਭੂ ਹੀ ਦਿਖਾਈ ਦਿੰਦਾ ਹੈ। ਕੋਈ ਬੁਰਾ ਨਹੀਂ ਦਿਸਦਾ, ਸਭ ਭਲੇ ਹੀ ਜਾਪਦੇ ਹਨ। ਉਸਦੀ ਫਿਰ ਕਦੀ ਹਾਰ ਨਹੀਂ ਹੁੰਦੀ। ਸਦਾ ਜਿੱਤ ਹੀ ਹੁੰਦੀ ਹੈ। ਕੋਈ ਪਰਾਇਆ ਨਹੀਂ ਲਗਦਾ। ਸਭ ਆਪਣੇ ਹੀ ਜਾਪਦੇ ਹਨ :

ਦੁਖ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥

(ਰਾਗੁ ਕਾਨੜਾ ਮਹਲਾ ੫, ਅੰਗ ੧੩੦੨)

ਗੁਰੂ ਨਾਨਕ ਦੇਵ ਜੀ ਦੇ ਜਪੁ ਜੀ ਦੀ 5ਵੀਂ ਪਉੜੀ ਵਿਚ ਬੜੇ ਅਨਮੋਲ ਬਚਨ ਹਨ ਕਿ ਜੇਕਰ ਕਰਤਾਰ ਦੇ ਗੁਣਾਂ ਨੂੰ ਗਾ ਕੇ ਅਤੇ ਸੁਣ ਕੇ, ਮਨ ਨੂੰ ਪ੍ਰਭੂ-ਚਰਨਾਂ

ਵਿਚ ਜੋੜੀਏ ਤਾਂ ਸਾਰੇ ਦੁੱਖ ਦੂਰ ਹੋ ਜਾਂਦੇ ਹਨ ਅਤੇ ਹਿਰਦੇ ਰੂਪੀ ਘਰ ਵਿਚ ਸੁਖ ਆ ਵੱਸਦਾ ਹੈ :

ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ *(ਅੰਗ ੨)*

ਫਿਰ ਭਾਵੇਂ ਸੀਸ ਤੇ ਆਰਾ ਚਲਦਾ ਹੋਵੇ, ਬੰਦ ਬੰਦ ਕੱਟੇ ਜਾਣ ਜਾਂ ਚਰਖੜੀਆਂ ਤੇ ਚਾੜ੍ਹ ਕੇ ਸਰੀਰ ਦਾ ਤੂੰਬਾ ਤੂੰਬਾ ਕਰ ਦਿੱਤਾ ਜਾਵੇ, ਅਜਿਹੇ ਮਹਾਂਪੁਰਖਾਂ ਦੇ ਮੁੱਖ ਤੋਂ ਕਦੀ ਸੀ ਤੱਕ ਨਹੀਂ ਨਿਕਲਦੀ ਕਿਉਂਕਿ ਉਨ੍ਹਾਂ ਤੇ ਪਰਮਾਤਮਾ ਦੇ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ। ਉਹ ਤਾਂ ਸਾਖਿਆਤ ਪਰਮਾਤਮਾ ਦਾ ਰੂਪ ਹੁੰਦੇ ਹਨ। ਗੁਰੂ ਤੇਗ ਬਹਾਦਰ ਜੀ ਦਾ ਫ਼ਰਮਾਨ ਹੈ :

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥
(ਸਲੋਕ ਨੰਬਰ ੧੩, ਅੰਗ ੧੪੨੭)

ਅਥਵਾ :

ਸੁਖੁ ਦੁਖੁ ਹੀ ਤੇ ਅਮਰੁ ਅਤੀਤਾ ਗੁਰਮੁਖਿ ਨਿਜ ਘਰੁ ਪਾਇਦਾ ॥
(ਰਾਗੁ ਮਾਰੂ ਸੋਲਹੇ ਮਹਲਾ ੧, ਅੰਗ ੧੦੩੭-੩੮)

ਭਾਵ ਜਿਹੜਾ ਮਨੁੱਖ ਸੁਖ ਦੁੱਖ ਤੋਂ ਨਿਰਲੇਪ ਹੋ ਜਾਂਦਾ ਹੈ ਭਾਵ ਸੁਖ ਅਤੇ ਦੁੱਖ ਨੂੰ ਇਕ ਸਮਾਨ ਕਰਕੇ ਜਾਣਦਾ ਹੈ, ਉਹ ਅਮਰ ਜੀਵਨ ਵਾਲਾ ਹੋ ਜਾਂਦਾ ਹੈ ਅਤੇ ਸਦਾ ਪ੍ਰਭੂ ਚਰਨਾਂ ਵਿਚ ਜੁੜਿਆ ਰਹਿੰਦਾ ਹੈ।

ਵਾਸਤਵ ਵਿਚ ਦੁੱਖ ਸੁਖ ਤਾਂ ਪਰਮਾਤਮਾ ਦੀ ਦੇਣ ਹੈ। ਤਾਂ ਫਿਰ ਉਸ ਤੋਂ ਬਿਨਾਂ ਹੋਰ ਕਿਸੇ ਪਾਸ ਦੁੱਖ ਫਰੋਲਣੇ ਸਭ ਵਿਅਰਥ ਹੈ। ਜੋ ਦੁੱਖਾਂ ਨੂੰ ਦੇਣ ਵਾਲਾ ਹੈ ਉਹ ਹਰਨ ਵਾਲਾ ਵੀ ਹੈ। ਇਸ ਲਈ ਜੀਵਨ ਵਿਚ ਜੋ ਸੁਖ ਦੁੱਖ ਆਉਂਦੇ ਹਨ, ਇਸਨੂੰ ਪ੍ਰਭੂ ਦੀ ਰਜ਼ਾ ਸਮਝ ਕੇ ਖਿੜੇ ਮੱਥੇ ਪ੍ਰਵਾਨ ਕਰਨਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਦੇ ਰਾਗੁ ਆਸਾ ਵਿਚ ਬਚਨ ਹਨ:

ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥
ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥
(ਅੰਗ ੪੧੮)

ਅਥਵਾ :

ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ ॥
(ਰਾਗੁ ਆਸਾ ਮਹਲਾ ੧, ਅੰਗ ੩੫੪)

ਗੁਰੂ ਅਰਜਨ ਦੇਵ ਜੀ ਦਾ ਰਾਗੁ ਆਸਾ ਵਿਚ ਫ਼ਰਮਾਨ ਹੈ :

ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ ॥ *(ਅੰਗ ੪੩੨)*

ਜਾਇ ਤੋਂ ਭਾਵ ਹੈ ਥਾਂ।

64

ਜੋਬਨ

ਰਾਜ-ਭਾਗ, ਧਨ-ਦੌਲਤ, ਮਿਲਖ-ਮਾੜੀਆਂ, ਉੱਚ ਜਾਤੀ, ਰੂਪ, ਜੁਆਨੀ ਆਦਿ ਤੇ ਪ੍ਰਾਣੀ ਬੜਾ ਮਾਣ ਕਰਦਾ ਹੈ ਪ੍ਰੰਤੂ ਇਹ ਸਭ ਛਿਨ-ਭੰਗਰ ਹਨ। ਜੁਆਨੀ ਨੂੰ ਛੱਡ ਕੇ ਇਹ ਹਰ ਇਕ ਨੂੰ ਨਸੀਬ ਨਹੀਂ ਹੁੰਦੀਆਂ। ਜਿਥੋਂ ਤੱਕ ਜੋਬਨ ਜਾਂ ਜੁਆਨੀ ਦਾ ਸੰਬੰਧ ਹੈ ਇਹ ਬਿਨਾਂ ਕਿਸੇ ਭਿੰਨ ਭੇਦ—ਅਮੀਰ ਹੋਵੇ ਜਾਂ ਗਰੀਬ, ਗੋਰਾ ਹੋਵੇ ਜਾਂ ਕਾਲਾ, ਇਸਤ੍ਰੀ ਹੋਵੇ ਜਾਂ ਮਨੁੱਖ, ਬੁਢਾਪਾ ਆਉਣ ਤੋਂ ਪਹਿਲਾਂ ਹਰ ਕਿਸੇ ਤੇ ਆਉਂਦੀ ਹੈ।

ਬਾਲਪਨ ਵਿਚ ਪ੍ਰਾਣੀ ਨੂੰ ਬਹੁਤ ਸੂਝ-ਬੂਝ ਨਹੀਂ ਹੁੰਦੀ। ਖ਼ੁਸ਼ੀ-ਗ਼ਮੀ, ਨਫ਼ਾ-ਨੁਕਸਾਨ, ਦੁਨਿਆਵੀ-ਦਾਓ-ਪੇਚਾਂ ਆਦਿ ਬਾਰੇ ਬਹੁਤਾ ਗਿਆਨ ਨਹੀਂ ਹੁੰਦਾ ਪਰ ਹੌਲੀ ਹੌਲੀ ਬਚਪਨ ਗੁਜ਼ਰਨ ਤੋਂ ਬਾਅਦ ਪ੍ਰਾਣੀ ਤੇ ਜੁਆਨੀ ਆਉਣੀ ਸ਼ੁਰੂ ਹੋ ਜਾਂਦੀ ਹੈ ਜਿਵੇਂ ਦੁਪਹਿਰ ਵੇਲੇ ਸੂਰਜ ਸਿਖਰਾਂ ਤੇ ਹੁੰਦਾ ਹੈ। ਇਸੇ ਪ੍ਰਕਾਰ ਜੁਆਨੀ ਜੀਵਨ ਦਾ ਸਿਖਰ ਹੈ। ਇਸ ਤੋਂ ਬਾਅਦ ਸੂਰਜ ਵਾਂਗ ਜੁਆਨੀ ਵੀ ਢਲਣੀ ਸ਼ੁਰੂ ਹੋ ਜਾਂਦੀ ਹੈ। ਇਸ ਲਈ ਜੁਆਨੀ ਦਾ ਜੀਵਨ ਵਿਚ ਬੜਾ ਮਹੱਤਵ ਹੈ। ਜੀਵਨ ਵਿਚ ਆਤਮਿਕ ਲਾਹਾ ਵਧੇਰੇ ਕਰਕੇ ਇਸ ਸਮੇਂ ਹੀ ਲਿਆ ਜਾ ਸਕਦਾ ਹੈ ਪ੍ਰੰਤੂ ਨਾਦਾਨ ਮਨੁੱਖ ਜੁਆਨੀ ਵਿਚ ਰੂਪ ਅਤੇ ਮਾਇਆ ਕਾਰਨ ਅਹੰਕਾਰੀ ਬਣਿਆ ਰਹਿੰਦਾ ਹੈ। ਆਪੇ ਨੂੰ ਭੁੱਲ ਕੇ ਅਸਲ ਮਾਰਗ ਤੋਂ ਕੁਰਾਹੇ ਪੈ ਜਾਂਦਾ ਹੈ। ਪਰਾਇਆ ਧਨ, ਦੁਨੀਆਂ ਦੀ ਨਿੰਦਿਆ, ਬਖੀਲੀ ਅਤੇ ਪਰਾਈਆਂ ਇਸਤ੍ਰੀਆਂ ਨੂੰ ਬੁਰੀ ਨਜ਼ਰ ਨਾਲ ਤੱਕਣਾ ਇਹ ਸਭ ਕੁਝ ਉਸ ਨੂੰ ਚੰਗਾ ਲਗਦਾ ਹੈ। ਗੁਰਵਾਕ ਹੈ :

> **ਜੋਬਨ ਰੂਪ ਮਾਇਆ ਮਦ ਮਾਤਾ ਬਿਚਰਤ ਬਿਕਲ ਬਡੌ ਅਭਿਮਾਨੀ॥**
> **ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ॥**
> *(ਸਵਯੇ ਸ੍ਰੀ ਮੁਖਬਾਕੵ ਮਹਲਾ ੫, ਅੰਗ ੧੩੮੭)*

ਰਾਗੁ ਆਸਾ ਵਿਚ ਗੁਰੂ ਨਾਨਕ ਦੇਵ ਜੀ ਦੇ ਬੜੇ ਅਮੋਲਕ ਬਚਨ ਹਨ ਕਿ ਬਚਪਨ ਵਿਚ ਤਾਂ ਨਾਮ ਸਿਮਰਿਆ ਨਾ ਗਿਆ, ਬੁਢਾਪੇ ਵਿਚ ਵੀ ਸੁਰਤ ਪ੍ਰਭੂ ਦੇ ਨਾਮ ਵਿਚ ਜੁੜ ਨਾ ਸਕੀ ਅਤੇ ਭਰ ਜੁਆਨੀ ਹਉਮੈ ਅਤੇ ਅਹੰਕਾਰ ਵਿਚ ਹੀ ਬਤੀਤ ਕਰ ਛੱਡੀ ਭਾਵ ਜੋ ਮਨੁੱਖ ਸਾਰੀ ਉਮਰ ਪਰਮਾਤਮਾ ਦੇ ਨਾਮ ਤੋਂ ਖੁੰਝਿਆ ਰਿਹਾ ਉਹ ਨਾਦਾਨ ਕੁਝ ਵੀ ਖੱਟੇ ਬਿਨਾਂ ਖਾਲੀ ਹੱਥੀਂ ਇਸ ਸੰਸਾਰ ਤੋਂ ਟੁਰ ਜਾਂਦਾ ਹੈ :

> **ਬਾਲਕ ਬਿਰਧਿ ਨ ਸੁਰਤਿ ਪਰਾਨਿ॥**
> **ਭਰ ਜੋਬਨਿ ਬੂਡੇ ਅਭਿਮਾਨਿ॥**
> **ਬਿਨੁ ਨਾਵੈ ਕਿਆ ਲਹਸਿ ਨਿਦਾਨਿ॥** *(ਅੰਗ ੪੧੪)*

ਜੁਆਨੀ ਨੂੰ ਮਨੁੱਖ ਇਹ ਸੋਚ ਕੇ ਅੰਞਾਈਂ ਗੁਆ ਲੈਂਦਾ ਹੈ ਕਿ ਹਾਲੇ ਬੜਾ ਸਮਾਂ ਪਿਆ ਹੈ ਭਜਨ ਬੰਦਗੀ ਕਰਨ ਦਾ। ਮਨੁੱਖ ਕਿੰਨਾ ਅਭਾਗਾ ਹੈ ਕਿ ਜਿਸ ਵੇਲੇ ਉਸ

ਦੇ ਸਾਰੇ ਸਰੀਰਕ ਇੰਦ੍ਰੇ ਨੌ ਬਰ ਨੌ ਹੁੰਦੇ ਹਨ ਉਸ ਵੇਲੇ ਤਾਂ ਆਪਣੀ ਸ਼ਕਤੀ ਦੀ ਦੁਰਵਰਤੋਂ ਕਰਦਾ ਰਹਿੰਦਾ ਹੈ, ਪੁੱਤਰਾਂ ਅਤੇ ਸੰਪਤੀ ਦੇ ਅਹੰਕਾਰ ਵਿਚ ਹੀ ਆਫਰਿਆ ਰਹਿੰਦਾ ਹੈ, ਕਾਮ ਵਿਚ ਗ੍ਰਸਿਆ ਰਹਿੰਦਾ ਹੈ; ਇਥੋਂ ਤੱਕ ਕਿ ਉਸ ਨੂੰ ਇਸ ਗੱਲ ਦੀ ਸੂਝ-ਬੂਝ ਨਹੀਂ ਰਹਿੰਦੀ ਕਿ ਪਾਪ ਕੀ ਹੈ ਤੇ ਪੁੰਨ ਕੀ ਹੈ? ਇਸ ਤਰ੍ਹਾਂ ਬੇਸਮਝ ਪ੍ਰਾਣੀ ਆਪਣਾ ਉੱਤਮ ਅਤੇ ਸ੍ਰੇਸ਼ਟ ਸਮਾਂ ਵਿਅਰਥ ਹੀ ਗੁਆ ਲੈਂਦਾ ਹੈ। ਗੁਰਵਾਕ ਹੈ :

ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ ॥
ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ ॥
ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ ॥
ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ ॥

(ਸਿਰੀਰਾਗੁ ਭਗਤ ਬੇਣੀ ਜੀ, ਅੰਗ ੯੩)

ਤਰੁਣ ਤੇਜੁ ਤੋਂ ਅਰਥ ਹੈ ਜੁਆਨੀ ਦੇ ਜੋਸ਼ ਵਿਚ।

ਅਥਵਾ :

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੁਆਨੀ ਲਹਰੀ ਦੇਇ ॥
ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ ਮਨੁ ਮਤਾ ਅਹੰਮੇਇ ॥

(ਸਿਰੀ ਰਾਗੁ ਮਹਲਾ ੫, ਅੰਗ ੭੭)

ਗੁਰੂ ਨਾਨਕ ਦੇਵ ਜੀ ਦੇ ਰਾਗੁ ਸੂਹੀ ਵਿਚ ਬਚਨ ਹਨ ਕਿ ਕਿੰਨੇ ਅਚੰਭੇ ਵਾਲੀ ਗੱਲ ਹੈ ਕਿ ਪ੍ਰਾਣੀ ਜੁਆਨੀ ਦੀ ਮਸਤੀ ਵਿਚ ਐਨਾ ਮਦਹੋਸ਼ ਰਹਿੰਦਾ ਹੈ ਕਿ ਉਸਨੂੰ ਇਹ ਗੱਲ ਚਿੱਤ ਚੇਤੇ ਹੀ ਨਹੀਂ ਰਹਿੰਦੀ ਕਿ ਉਹ ਇੱਥੇ ਇਕ ਪ੍ਰਾਹੁਣੇ ਦੀ ਨਿਆਈਂ ਹੈ। ਇਥੋਂ ਤੱਕ ਕਿ ਮਨੁੱਖ ਮਨ ਨੂੰ ਪ੍ਰਭੂ ਨਾਲ ਜੋੜਨ ਦੀ ਥਾਂ ਵਿਕਾਰਾਂ ਵਿਚ ਫਸ ਕੇ ਭਰਮ-ਭੁਲੇਖਿਆਂ ਵਿਚ ਪਿਆ ਰਹਿੰਦਾ ਹੈ ਅਤੇ ਜੁਆਨੀ ਦਾ ਅਨਮੋਲ ਸਮਾਂ ਨਾਸਮਝੀ ਵਿਚ ਗੁਆ ਲੈਂਦਾ ਹੈ :

ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ ॥
ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥
ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥
ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥

(ਅੰਗ ੭੬੩)

ਫਿਰ ਇਸ ਗੱਲ ਦੀ ਗਰੰਟੀ ਵੀ ਕੀ ਹੈ ਕਿ ਭਰ ਜੁਆਨੀ ਮਾਣਨ ਦਾ ਪੂਰਾ-ਪੂਰਾ ਅਵਸਰ ਪ੍ਰਾਪਤ ਹੋਵੇਗਾ ਵੀ ਕਿ ਨਹੀਂ। ਜੇਕਰ ਪ੍ਰਾਣੀ ਜੁਆਨੀ ਵਿਚ ਹੀ ਮਰ ਜਾਂਦਾ ਹੈ ਤਾਂ ਵੀ ਕੀ ਕੀਤਾ ਜਾ ਸਕਦਾ ਹੈ :

ਭਰਿ ਜੋਬਨਿ ਮਰਿ ਜਾਹਿ ਕਿ ਕੀਜੈ ॥

(ਰਾਗੁ ਮਾਰੂ ਸੋਲਹੇ ਮਹਲਾ ੧, ਅੰਗ ੧੦੨੭)

ਰਾਗੁ ਗਉੜੀ ਸੁਖਮਨੀ ਵਿਚ ਗੁਰੂ ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਰਾਜ-ਭਾਗ, ਜੁਆਨੀ ਅਤੇ ਧਨ-ਮਾਲ ਸਭ ਨਾਸ਼ਵੰਤ ਹਨ :

ਮਿਥਿਆ ਰਾਜ ਜੋਬਨ ਧਨ ਮਾਲ ॥ *(ਅੰਗ ੨੬੮)*

ਤਾਂ ਫਿਰ ਕਾਇਮ ਰਹਿਣ ਵਾਲੀ ਕਿਹੜੀ ਚੀਜ਼ ਹੈ ਜਿਸ ਨਾਲ ਚਿੱਤ ਨੂੰ ਜੋੜਿਆ ਜਾਏ। ਆਪ ਜੀ ਦਾ ਫ਼ਰਮਾਨ ਹੈ :

ਅਸਥਿਰੁ ਭਗਤਿ ਸਾਧ ਕੀ ਸਰਨ॥
ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ॥ *(ਅੰਗ ੨੬੮)*

ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਦੇ ਰਾਗੁ ਧਨਾਸਰੀ ਵਿਚ ਬਚਨ ਹਨ ਕਿ ਜੁਆਨੀ ਅਤੇ ਤਾਕਤ ਇਕ ਅਜਿਹਾ ਨਸ਼ਾ ਹੈ ਜਿਸ ਨਾਲ ਮਨੁੱਖ ਦੀਵਾਨਾ ਹੋ ਜਾਂਦਾ ਹੈ। ਉਸ ਨੂੰ ਕਿਸੇ ਹੋਰ ਚੀਜ਼ ਦੀ ਸੂਝ-ਬੂਝ ਰਹਿੰਦੀ ਹੀ ਨਹੀਂ :

ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ॥
(ਅੰਗ ੬੮੫)

ਜੇਕਰ ਪਰਮਾਤਮਾ ਦੀ ਭਗਤੀ ਨਹੀਂ ਕੀਤੀ ਤਾਂ ਸਾਰਾ ਜੀਵਨ ਵਿਅਰਥ ਹੀ ਗਿਆ ਸਮਝੋ। ਇਕੱਠੀ ਕੀਤੀ ਧਨ-ਦੌਲਤ ਅਤੇ ਜੁਆਨੀ ਵਿਚ ਮਾਣੀਆਂ ਰੰਗ ਰਲੀਆਂ ਅਤੇ ਸੁਖ ਅੰਤ ਵੇਲੇ ਕਿਸੇ ਕੰਮ ਨਹੀਂ ਆਉਂਦੇ। ਤੁਰਨ ਵੇਲੇ ਇਨ੍ਹਾਂ ਵਿਚੋਂ ਕੋਈ ਵੀ ਸਾਥ ਨਹੀਂ ਦਿੰਦਾ। ਇਹ ਸਭ ਕੁਝ ਮ੍ਰਿਗ ਤ੍ਰਿਸ਼ਨਾ ਦੀ ਨਿਆਈਂ ਹਨ। ਗੁਰਵਾਕ ਹੈ :

ਹਰਿ ਬਿਨੁ ਜਨਮੁ ਅਕਾਰਥ ਜਾਤ॥
ਤਜਿ ਗੋਪਾਲ ਆਨ ਰੰਗ ਰਾਚਤ
ਮਿਥਿਆ ਪਹਿਰਤ ਖਾਤ॥
ਧਨੁ ਜੋਬਨੁ ਸੰਪੈ ਸੁਖ ਭੁਗਵੈ
ਸੰਗਿ ਨ ਨਿਬਹਤ ਮਾਤ॥
ਮ੍ਰਿਗ ਤ੍ਰਿਸਨਾ ਦੇਖਿ ਰਚਿਓ ਬਾਵਰ
ਦ੍ਰੁਮ ਛਾਇਆ ਰੰਗਿ ਰਾਤ॥

(ਰਾਗੁ ਕੇਦਾਰਾ ਮਹਲਾ ੫, ਅੰਗ ੧੧੨੦)

ਭਗਤ ਕਬੀਰ ਜੀ ਦਾ ਰਾਗੁ ਮਾਰੂ ਵਿਚ ਕਥਨ ਹੈ ਕਿ ਧਨ-ਦੌਲਤ ਅਤੇ ਜੁਆਨੀ ਦਾ ਅਹੰਕਾਰ ਕਿਸ ਗੱਲ ਦਾ? ਮੌਤ ਆਉਣ ਤੇ ਜੀਵ ਦਾ ਇਹ ਸਰੀਰ ਜਿਸ ਤੇ ਇਹ ਐਨਾ ਮਾਣ ਕਰਦਾ ਹੈ, ਕਾਗਜ਼ ਦੀ ਤਰ੍ਹਾਂ ਗਲ ਜਾਵੇਗਾ :

ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ॥
(ਅੰਗ ੧੧੦੬)

ਗੁਰਬਾਣੀ ਵਿਚ ਮਨੁੱਖ ਨੂੰ ਵਾਰ-ਵਾਰ ਸੁਚੇਤ ਕੀਤਾ ਗਿਆ ਹੈ ਕਿ ਅੰਤ ਵੇਲੇ ਸਭ ਕੁਝ ਇੱਥੇ ਹੀ ਧਰਿਆ ਧਰਾਇਆ ਰਹਿ ਜਾਣਾ ਹੈ। ਇਸ ਲਈ ਜੁਆਨੀ ਵਿਅਰਥ ਨਹੀਂ ਗੁਆਉਣੀ ਚਾਹੀਦੀ। ਪ੍ਰਭੂ ਦੇ ਨਾਮ-ਰਸ ਨੂੰ ਮਾਣਨ ਦਾ ਇਹੋ ਢੁਕਵਾਂ ਸਮਾਂ ਹੈ। ਜਦੋਂ ਬੁਢਾਪਾ ਆ ਜਾਵੇਗਾ ਅਤੇ ਜਾਣ ਦੇ ਦਿਨ ਥੋੜ੍ਹੇ ਰਹਿ ਜਾਣਗੇ ਫਿਰ ਆਖਰੀ ਦਿਨਾਂ ਵਿਚ ਪ੍ਰਭੂ ਦਾ ਨਾਮ ਕਿਥੇ ਜਪਿਆ ਜਾਣਾ ਹੈ :

ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੋੁਆਨੀ॥
ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈ ਆਨੀ॥
ਆਗੈ ਦਰਗਹਿ ਕਾਮਿ ਨ ਆਵੈ ਛੋਡਿ ਚਲੈ ਅਭਿਮਾਨੀ॥

(ਰਾਗੁ ਆਸਾ ਮਹਲਾ ੫, ਅੰਗ ੩੭੯)

ਅਥਵਾ :

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥

(ਸਿਰੀਰਾਗੁ ਮਹਲਾ ੧, ਅੰਗ ੨੩)

ਨਾਠੀਅੜੇ ਤੋਂ ਅਰਥ ਹੈ ਪਰਾਹੁਣੇ।

ਧਨ ਅਤੇ ਜੁਆਨੀ ਤਾਂ ਅੱਕ ਦੇ ਬੂਟੇ ਦੀ ਛਾਂ ਵਾਂਗ ਹਨ। ਅੱਕ ਦੇ ਬੂਟੇ ਦੀ ਛਾਂ ਨੂੰ ਕਿੰਨਾ ਕੁ ਮਾਣਿਆ ਜਾ ਸਕਦਾ ਹੈ। ਇਸੇ ਤਰ੍ਹਾਂ ਧਨ ਅਤੇ ਜੁਆਨੀ ਪਤਾ ਨਹੀਂ ਕਦੋਂ ਖੁੱਸ ਜਾਣੇ ਹਨ :

ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ॥

(ਰਾਗੁ ਧਨਾਸਰੀ ਮਹਲਾ ੧, ਅੰਗ ੬੮੯)

ਜੁਆਨੀ ਤੋਂ ਖੁੰਝੇ ਹੋਏ ਮਨੁੱਖ ਦੀ ਦਸ਼ਾ ਨੂੰ ਬਿਆਨ ਕਰਦੇ ਹੋਏ ਭਗਤ ਕਬੀਰ ਜੀ ਦਾ ਰਾਗੁ ਬਿਲਾਵਲੁ ਵਿਚ ਕਥਨ ਹੈ ਕਿ ਜੁਆਨੀ ਲੰਘ ਗਈ ਅਤੇ ਬੁਢਾਪਾ ਆ ਗਿਆ ਪਰ ਵਿਸ਼ੇ ਵਿਕਾਰਾਂ ਵਿਚ ਗ੍ਰਸੇ ਹੋਏ ਪ੍ਰਾਣੀ ਨੇ ਕੋਈ ਚੰਗਾ ਕੰਮ ਨਹੀਂ ਕੀਤਾ ਜਿਸ ਕਾਰਨ ਮਨੁੱਖ ਨੇ ਨਿਰਮੋਲਕ ਜਿੰਦ ਨੂੰ ਕੌਡੀਆਂ ਦੇ ਭਾਅ ਲੁਟਾ ਦਿੱਤਾ :

ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ॥
ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ॥ *(ਅੰਗ ੮੫੬)*

ਇਸੇ ਲਈ ਬਾਬਾ ਫਰੀਦ ਜੀ ਮਨੁੱਖ ਨੂੰ ਸੇਧ ਦੇ ਰਹੇ ਹਨ ਕਿ ਜੇਕਰ ਮਾਲਕ ਪ੍ਰਭੂ ਨਾਲੋਂ ਮੇਰੀ ਪ੍ਰੀਤ ਨਹੀਂ ਟੁੱਟਦੀ ਤਾਂ ਮੈਨੂੰ ਜੁਆਨੀ ਦੇ ਗੁਜ਼ਰ ਜਾਣ ਦਾ ਰੱਤਾ ਭਰ ਵੀ ਫਿਕਰ ਜਾਂ ਡਰ ਨਹੀਂ। ਆਪ ਜੀ ਦਾ ਨਿਸਚਾ ਹੈ ਕਿ ਪ੍ਰਭੂ-ਪ੍ਰੇਮ ਤੋਂ ਬਿਨਾਂ ਅਨੇਕਾਂ ਜੁਆਨੀਆਂ ਸੁੱਕ ਕੇ ਮੁਰਝਾ ਗਈਆਂ ਹਨ ਭਾਵ ਅਜਿਹੇ ਮਨੁੱਖਾਂ ਤੇ ਜੁਆਨੀ ਆਈ ਜਾਂ ਨਾ ਆਈ :

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ॥ ੩੪॥

(ਅੰਗ ੧੩੭੯)

ਭਗਤ ਕਬੀਰ ਜੀ ਦਾ ਰਾਗੁ ਗਉੜੀ ਵਿਚ ਬੜਾ ਸੁੰਦਰ ਫ਼ਰਮਾਨ ਹੈ ਕਿ ਜੋ ਮਾਇਆ ਵਿਚ ਰਹਿੰਦਾ ਹੋਇਆ ਵੀ ਸਰੀਰਕ ਵਾਸ਼ਨਾਵਾਂ ਤੋਂ ਨਿਰਲੇਪ ਰਹਿੰਦਾ ਹੈ, ਸਰੀਰਕ ਵਾਸ਼ਨਾਵਾਂ ਸਾੜ ਦਿੰਦਾ ਹੈ ਉਹ ਜੁਆਨੀ ਦੇ ਝੂਠੇ ਨਸ਼ੇ ਤੋਂ ਮੁਕਤ ਹੋ ਕੇ ਜੀਊਣ ਦੀ ਜਾਚ ਸਿੱਖ ਲੈਂਦਾ ਹੈ :

ਜਜਾ ਜਉ ਤਨ ਜੀਵਤ ਜਰਾਵੈ॥
ਜੋਬਨ ਜਾਰਿ ਜੁਗਤਿ ਸੋ ਪਾਵੈ॥ *(ਅੰਗ ੩੪੦)*

ਭੈ ਵਿਚਿ ਧਰਤਿ ਅਕਾਸੁ ਹੈ ਨਿਰਾਧਾਰ ਭੈ ਭਾਰਿ ਧਰਾਇਆ॥ ਭਾ.ਗੁ.17/5

(65)

ਭੈ

ਜਦੋਂ ਤਾਈਂ ਮਨ ਵਿਚ ਪ੍ਰਭੂ ਦਾ ਭੈ ਨਹੀਂ ਉਦੋਂ ਤਾਈਂ ਲਿਵ ਨੂੰ ਪ੍ਰਭੂ ਨਾਲ ਜੋੜਿਆ ਨਹੀਂ ਜਾ ਸਕਦਾ ਅਤੇ ਵਿਕਾਰਾਂ ਤੋਂ ਛੁਟਕਾਰਾ ਪਾਉਣਾ ਸੰਭਵ ਨਹੀਂ। ਜਦੋਂ ਪੂਰੇ ਗੁਰੂ ਦੀ ਮਿਹਰ ਸਦਕਾ ਮਨ ਵਿਚ ਪ੍ਰਭੂ ਦਾ ਭੈ ਉਪਜਦਾ ਹੈ ਤਾਂ ਲਿਵ ਪ੍ਰਭੂ ਦੇ ਚਰਨਾਂ ਵਿਚ ਜੁੜਦੀ ਹੈ ਅਤੇ ਮਨ ਤੇ ਨਾਮ ਦਾ ਰੰਗ ਚੜ੍ਹਦਾ ਹੈ। ਫਿਰ ਹਉਮੈ ਅਤੇ ਤ੍ਰਿਸ਼ਨਾ ਜਿਹੇ ਵਿਕਾਰ ਖ਼ਤਮ ਹੋ ਜਾਂਦੇ ਹਨ :

ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥
ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ ॥
ਤਨੁ ਮਨੁ ਰਤਾ ਰੰਗ ਸਿਉ ਹਉਮੈ ਤ੍ਰਿਸਨਾ ਮਾਰਿ ॥

(ਰਾਗੁ ਸੂਹੀ ਕੀ ਵਾਰ ਮਹਲਾ ੩, ਅੰਗ ੭੮੮)

ਅਥਵਾ :

ਭੈ ਬਿਨੁ ਭਗਤਿ ਨ ਹੋਈ ਕਬ ਹੀ ਭੈ ਭਾਇ ਭਗਤਿ ਸਵਾਰੀ ॥

(ਰਾਗੁ ਰਾਮਕਲੀ ਮਹਲਾ ੩, ਅੰਗ ੯੧੧)

ਭਾਵ ਮਨ ਅੰਦਰ ਪ੍ਰਭੂ ਦਾ ਡਰ-ਅਦਬ ਰੱਖਣ ਤੋਂ ਬਿਨਾਂ ਨਾਮ ਜਪਿਆ ਨਹੀਂ ਜਾ ਸਕਦਾ। ਭੈ, ਪ੍ਰੇਮ ਅਤੇ ਸਿਮਰਨ ਵਿਚ ਟਿਕਿਆਂ ਜੀਵਨ ਸੰਵਰ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਸਿਰੀ ਰਾਗੁ ਵਿਚ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਪ੍ਰਭੂ ਮਿਲਾਪ ਨਾਲ ਦੁਨਿਆਵੀ ਡਰ ਸਭ ਦੂਰ ਹੋ ਜਾਂਦੇ ਹਨ ਪ੍ਰੰਤੂ ਜੇਕਰ ਪਰਮਾਤਮਾ ਦਾ ਭੈ ਜਾਂ ਡਰ ਮਨ ਵਿਚ ਨਾ ਹੋਵੇ ਤਾਂ ਜੀਵ ਦੁਨੀਆਂ ਦੇ ਡਰਾਂ ਤੋਂ ਬਚ ਨਹੀਂ ਸਕਦਾ :

ਮਨ ਰੇ ਸਚੁ ਮਿਲੈ ਭਉ ਜਾਇ ॥
ਭੈ ਬਿਨੁ ਨਿਰਭਉ ਕਿਉ ਥੀਐ ਗੁਰਮੁਖਿ ਸਬਦਿ ਸਮਾਇ ॥ *(ਅੰਗ ੧੮)*

ਅਥਵਾ :

ਡਡਾ ਡਰ ਉਪਜੇ ਡਰੁ ਜਾਈ ॥
ਤਾ ਡਰ ਮਹਿ ਡਰੁ ਰਹਿਆ ਸਮਾਈ ॥
ਜਉ ਡਰ ਡਰੈ ਤ ਫਿਰਿ ਡਰੁ ਲਾਗੈ ॥
ਨਿਡਰ ਹੂਆ ਡਰੁ ਉਰ ਹੋਇ ਭਾਗੈ ॥

(ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ, ਅੰਗ ੩੪੧)

ਭਾਵ ਮਨ ਵਿਚ ਪਰਮਾਤਮਾ ਦਾ ਡਰ ਅਤੇ ਅਦਬ ਸਤਿਕਾਰ ਵਸਾਉਣ ਨਾਲ ਦੁਨਿਆਵੀ ਡਰ ਦੂਰ ਹੋ ਜਾਂਦੇ ਹਨ ਪ੍ਰੰਤੂ ਜੇਕਰ ਮਨ ਅੰਦਰ ਪਰਮਾਤਮਾ ਦਾ ਭੈ ਨਹੀਂ ਜਾਂ ਸਤਿਕਾਰ ਨਹੀਂ ਤਾਂ ਦੁਨਿਆਵੀ ਡਰ ਆ ਘੇਰਦੇ ਹਨ। ਨਿਰਭਉ ਪ੍ਰਭੂ ਨੂੰ ਮਨ ਵਿਚ ਵਸਾਉਣ ਨਾਲ ਹੀ ਸੰਸਾਰਕ ਭੈ ਜਾਂ ਡਰ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

ਹਰ ਪ੍ਰਾਣੀ ਕਿਸੇ ਨਾ ਕਿਸੇ ਸੰਸਾਰਕ ਡਰ ਜਾਂ ਭੈ ਵਿਚ ਗ੍ਰਸਿਆ ਹੋਇਆ ਹੈ। ਲਿੱਸਾ ਤਕੜੇ ਤੋਂ ਡਰਦਾ ਹੈ। ਛੋਟੇ ਦੇਸ਼ਾਂ ਨੂੰ ਵੱਡੇ ਦੇਸ਼ਾਂ ਦਾ ਡਰ ਬਣਿਆ ਰਹਿੰਦਾ ਹੈ। ਵੱਡੇ ਵੱਡੇ ਅਹੁਦਿਆਂ ਤੇ ਬੈਠਿਆਂ ਨੂੰ ਆਪਣੀਆਂ ਕੁਰਸੀਆਂ ਖੁੱਸ ਜਾਣ ਦਾ ਡਰ ਖਾਈ ਜਾਂਦਾ ਹੈ। ਚੋਰ, ਧਾੜਵੀ ਜਾਂ ਸਮਾਜ-ਵਿਰੋਧੀ ਅਨਸਰ ਕਾਨੂੰਨ ਦੇ ਸ਼ਿਕੰਜੇ ਤੋਂ ਡਰਦੇ ਹਨ। ਇਥੋਂ ਤੱਕ ਕਿ ਮਨੁੱਖ ਪਸ਼ੂ ਪੰਛੀਆਂ ਤੋਂ ਵੀ ਡਰਦਾ ਹੈ। ਇਨ੍ਹਾਂ ਸਾਰਿਆਂ ਤੋਂ ਉੱਪਰ ਹੈ ਕਿਸੇ ਅਣਹੋਣੀ ਜਾਂ ਮੌਤ ਦਾ ਡਰ। ਗੁਰੂ ਅਰਜਨ ਦੇਵ ਜੀ ਦਾ ਰਾਗੁ ਗਉੜੀ ਵਿਚ ਫ਼ਰਮਾਨ ਹੈ ਕਿ ਸੰਸਾਰ ਦੇ ਸਾਰੇ ਲੋਕੀਂ ਡਰ-ਸਹਿਮ ਹੇਠ ਜੀਅ ਰਹੇ ਹਨ :

ਭੈ ਮਹਿ ਰਚਿਓ ਸਭੁ ਸੰਸਾਰਾ॥ *(ਅੰਗ ੧੯੨)*

ਪ੍ਰੰਤੂ ਨਾਮ ਦੇ ਰਸੀਏ ਨੂੰ ਕਿਸੇ ਪ੍ਰਕਾਰ ਦਾ ਡਰ ਜਾਂ ਭਉ ਨਹੀਂ ਵਿਆਪਦਾ :

ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ॥

(ਪੰਨਾ ੧੯੨)

ਅਜਿਹਾ ਸਾਧਕ ਨਾ ਕਿਸੇ ਨੂੰ ਡਰਾਉਂਦਾ ਹੈ ਅਤੇ ਨਾ ਹੀ ਕਿਸੇ ਦੁਨਿਆਵੀ ਸ਼ਕਤੀ ਤੋਂ ਡਰਦਾ ਹੈ। ਇਸ ਤੋਂ ਚੰਗਾ ਹੋਰ ਕੋਈ ਸਮਾਜ ਨਹੀਂ ਹੋ ਸਕਦਾ, ਜਿੱਥੇ ਇਹੋ ਜਿਹੀ ਸੋਚਣੀ ਵਾਲੇ ਸੂਝਵਾਨ ਤੇ ਗਿਆਨਵਾਨ ਪੁਰਖ ਵਿਚਰਦੇ ਹੋਣ। ਗੁਰਮਤਿ ਦਾ ਇਹ ਸਿਧਾਂਤ ਪ੍ਰਗਟਾਉਂਦੇ ਹੋਏ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਦਾ ਫ਼ਰਮਾਨ ਹੈ :

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

(ਸਲੋਕ ਨੰਬਰ ੧੬, ਅੰਗ ੧੪੨੭)

ਜਦੋਂ ਤਾਈਂ ਪ੍ਰਾਣੀ ਪਰਮਾਤਮਾ ਦੇ ਭੈ ਵਿਚ ਨਹੀਂ ਰਹਿੰਦਾ, ਅਕਾਲ ਪੁਰਖ ਦੇ ਭਾਣੇ ਜਾਂ ਹੁਕਮ ਵਿਚ ਨਹੀਂ ਵਿਚਰਦਾ, ਉਸ ਨੂੰ ਦੁਨਿਆਵੀ ਡਰ ਸਦਾ ਚਿੰਬੜੇ ਰਹਿਣਗੇ। ਅਗਿਆਨੀ ਮਨੁੱਖ ਦੁਨਿਆਵੀ ਭੈ ਤੋਂ ਬਚਣ ਲਈ ਵੱਖ-ਵੱਖ ਸ਼ਕਤੀਆਂ ਦੀ ਪੂਜਾ ਕਰਦਾ ਹੈ ਜਦੋਂ ਕਿ ਉਹ ਸਾਰੀਆਂ ਸ਼ਕਤੀਆਂ ਆਪ ਇਕ ਨਿਰਭਉ ਵਿਧਾਤਾ ਦੇ ਭੈ ਵਿਚ ਵਿਚਰ ਰਹੀਆਂ ਹਨ :

ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾ ਧਰਮ ਦੁਆਰੁ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥
ਭੈ ਵਿਚਿ ਸਿਧ ਬੁਧ ਸੁਰ ਨਾਥ॥ ਭੈ ਵਿਚਿ ਆਡਾਣੇ ਆਕਾਸ॥
ਭੈ ਵਿਚਿ ਜੋਧ ਮਹਾਬਲ ਸੂਰ॥ ਭੈ ਵਿਚਿ ਆਵਹਿ ਜਾਵਹਿ ਪੂਰ॥
ਸਗਲਿਆ ਭਉ ਲਿਖਿਆ ਸਿਰਿ ਲੇਖੁ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥

(ਆਸਾ ਦੀ ਵਾਰ ਮਹਲਾ ੧, ਅੰਗ ੪੬੪)

ਦਰਅਸਲ ਦੁਨਿਆਵੀ ਡਰ ਉਸ ਮਨੁੱਖ ਨੂੰ ਲਗਦਾ ਹੈ ਜਿਸਦੇ ਮਨ ਅੰਦਰ ਕੋਈ ਖੋਟ ਹੁੰਦਾ ਹੈ ਜਾਂ ਉਹ ਕੋਈ ਕੁਕਰਮ ਕਰਦਾ ਹੈ। ਸੱਚ ਦੇ ਮਾਰਗ ਤੇ ਚੱਲਣ ਵਾਲੇ ਪਾਂਧੀਆਂ ਨੂੰ ਡਰ ਕਿਸ ਗੱਲ ਦਾ? ਪ੍ਰਭੂ ਨਾਲ ਜੁੜਿਆਂ ਜਿੱਥੇ ਸਾਰੇ ਕਲ-ਕਲੇਸ਼ਾਂ ਦਾ ਨਾਸ ਹੋ ਜਾਂਦਾ ਹੈ ਉੱਥੇ ਮਨ ਵਿਚੋਂ ਡਰ ਤੇ ਸਹਿਮ ਵੀ ਭੱਜ ਜਾਂਦਾ ਹੈ :

ਹਮਰਾ ਭਰਮੁ ਗਇਆ ਭਉ ਭਾਗਾ॥ ਜਬ ਰਾਮ ਨਾਮ ਚਿਤੁ ਲਾਗਾ॥

(ਰਾਗੁ ਸੋਰਠਿ ਭਗਤ ਕਬੀਰ ਜੀ, ਅੰਗ ੬੫੫)

ਅਥਵਾ :

ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥
ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ॥

(ਸਿਰੀਰਾਗੁ ਕੀ ਵਾਰ ਮਹਲਾ ੪, ਅੰਗ ੮੪)

ਭਾਵ ਪਾਪ ਜਾਂ ਬੁਰੇ ਕੰਮ ਕਰਨ ਵਾਲਿਆਂ ਦੇ ਮਨ ਵਿਚ ਡਰ ਤੇ ਸਹਿਮ ਬਣਿਆ ਰਹਿੰਦਾ ਹੈ। ਧਰਮੀ ਮਨੁੱਖ ਜੋ ਸਭ ਦਾ ਭਲਾ ਲੋਚਦੇ ਹਨ ਉਨ੍ਹਾਂ ਦਾ ਮਨ ਸਦਾ ਖਿੜਿਆ ਰਹਿੰਦਾ ਹੈ। ਉਨ੍ਹਾਂ ਨੂੰ ਇਸ ਗੱਲ ਦੀ ਸੋਝੀ ਹੁੰਦੀ ਹੈ ਕਿ ਸੱਚੇ ਦਾ ਨਿਆਉਂ ਵੀ ਸੱਚਾ ਹੈ।

ਗੁਰੂ ਪੰਚਮ ਪਾਤਸ਼ਾਹ ਦੇ ਰਾਗੁ ਗਉੜੀ ਵਿਚ ਬਚਨ ਹਨ :

ਨਿਰਭਉ ਸੰਗਿ ਤੁਮਾਰੇ ਬਸਤੇ ਇਹੁ ਡਰਨੁ ਕਹਾ ਤੇ ਆਇਆ॥

(ਅੰਗ ੨੦੬)

ਅਥਵਾ :

ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ॥

(ਰਾਗੁ ਗਉੜੀ ਮਹਲਾ ੧, ਅੰਗ ੧੫੧)

ਭਾਵ ਪ੍ਰਭੂ ਦਾ ਡਰ ਅਜਿਹਾ ਨਹੀਂ ਕਿ ਇਸ ਵਿਚ ਰਿਹਾਂ ਕੋਈ ਹੋਰ ਡਰ ਸਹਿਮ ਮਨ ਅੰਦਰ ਆ ਟਿਕੇ।

ਪ੍ਰੰਤੂ ਜੇਕਰ ਪ੍ਰਭੂ ਦੇ ਭੈ ਵਿਚ ਰਹਿਣ ਦੀ ਥਾਂ ਜੀਵ ਦੇ ਮਨ ਅੰਦਰ ਕੋਈ ਹੋਰ ਡਰ ਆ ਟਿਕੇ ਤਾਂ ਸਹਿਮ ਦੇ ਕਾਰਨ ਮਨ ਅਡੋਲਤਾ ਵਿਚ ਨਹੀਂ ਰਹਿ ਸਕਦਾ :

ਡਰੀਐ ਜੇ ਡਰੁ ਹੋਵੈ ਹੋਰੁ॥
ਡਰਿ ਡਰਿ ਡਰਣਾ ਮਨ ਕਾ ਸੋਰੁ॥ *(ਅੰਗ ੧੫੧)*

ਅਥਵਾ :

ਡਰਿ ਡਰਿ ਮਰਤੇ ਜਬ ਜਾਨੀਐ ਦੂਰਿ॥

(ਰਾਗੁ ਗਉੜੀ ਮਹਲਾ ੫, ਅੰਗ ੧੮੬)

ਭਾਵ ਜਿੰਨੀ ਦੇਰ ਮਨੁੱਖ ਅਤੇ ਪਰਮਾਤਮਾ ਵਿਚਕਾਰ ਵਿੱਥ ਬਣੀ ਰਹਿੰਦੀ ਹੈ, ਮਨੁੱਖ ਦੁੱਖ, ਰੋਗ ਫਿਕਰਾਂ ਤੋਂ ਸਹਿਮ ਸਹਿਮ ਕੇ ਝੁਰਦਾ ਰਹਿੰਦਾ ਹੈ।

ਗੁਰਦੇਵ ਅਗਲੀ ਤੁਕ ਵਿਚ ਸੋਧ ਦੇ ਰਹੇ ਹਨ ਕਿ ਮਨੁੱਖ ਨੂੰ ਜਦੋਂ ਅਨੁਭਵ ਹੋ ਜਾਂਦਾ ਹੈ ਕਿ ਪਰਮਾਤਮਾ ਕਣ-ਕਣ ਵਿਚ ਵਿਆਪਕ ਹੈ, ਉਸ ਨੂੰ ਸਭ ਦਾ ਫ਼ਿਕਰ ਹੈ ਤਾਂ ਜੀਵ ਦੇ ਮਨ ਵਿਚੋਂ ਭੈ ਜਾਂ ਖੌਫ਼ ਨਿਕਲ ਜਾਂਦਾ ਹੈ :

ਡਰੁ ਚੂਕਾ ਦੇਖਿਆ ਭਰਪੂਰਿ॥ *(ਅੰਗ ੧੮੬)*

ਜੇ ਗਹੁ ਨਾਲ ਸੋਚਿਆ ਜਾਏ ਤਾਂ ਗੁਰਮਤਿ ਵਿਚ ਸੰਤ-ਸਿਪਾਹੀ ਵਾਲੇ ਸੰਕਲਪ ਦਾ ਇਹ ਮੂਲ ਆਧਾਰ ਹੈ। ਦਰਅਸਲ ਸੰਤ-ਸਿਪਾਹੀ ਦੀ ਕਲਪਨਾ ਪਹਿਲੇ ਜਾਮੇ ਵਿਚ ਹੀ ਹੋ ਚੁੱਕੀ ਸੀ ਜਦੋਂ ਜਗਤ ਗੁਰੂ ਬਾਬੇ ਨੇ ਲੋਕਾਈ ਨੂੰ ਸੱਦਾ ਦਿੱਤਾ ਸੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥

(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਅੰਗ ੧੪੧੨)

ਆਪ ਜੀ ਦੇ ਇਕ ਹੋਰ ਬੜੇ ਸੁੰਦਰ ਬਚਨ ਹਨ :

ਡਰ ਡਰਿ ਮਰੈ ਨ ਬੂਡੈ ਕੋਇ ॥ ਨਿਡਰੁ ਬੂਡਿ ਮਰੈ ਪਤਿ ਖੋਇ ॥

(ਰਾਗੁ ਬਿਲਾਵਲੁ ਮਹਲਾ ੧, ਅੰਗ ੮੪੦)

ਭਾਵ ਪ੍ਰਭੂ ਦੇ ਭਉ ਵਿਚ ਰਹਿਣ ਵਾਲੇ ਪ੍ਰਾਣੀ ਡਰ ਡਰ ਕੇ ਆਤਮਿਕ ਮੌਤ ਨਹੀਂ ਸਹੇੜਦੇ, ਉਹ ਦੁਨਿਆਵੀ ਡਰਾਂ ਤੋਂ ਉੱਪਰ ਹੁੰਦੇ ਹਨ। ਦੂਜੇ ਬੰਨੇ ਜੋ ਪਰਮਾਤਮਾ ਦੇ ਭੈ ਵਿਚ ਨਹੀਂ ਰਹਿੰਦੇ ਉਹ ਆਤਮਿਕ ਮੌਤ ਸਹੇੜ ਕੇ ਲੋਕ ਪਰਲੋਕ ਵਿਚ ਆਪਣੀ ਇੱਜ਼ਤ ਗੁਆ ਲੈਂਦੇ ਹਨ।

ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਆਦਿ ਦੀਆਂ ਸ਼ਹਾਦਤਾਂ ਅਤੇ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਸ਼ਾਹੀ ਫੌਜਾਂ ਨੂੰ ਮੈਦਾਨੇ ਜੰਗ ਵਿਚ ਦਿੱਤੀਆਂ ਕਰਾਰੀਆਂ ਹਾਰਾਂ ਦੇ ਫਲਸਰੂਪ ਗੁਰੂ ਨਾਨਕ ਦੇਵ ਜੀ ਵਲੋਂ ਚਲਾਇਆ ਨਿਰਾਲਾ ਪੰਥ, ਆਤਮਿਕ ਬਲ ਅਤੇ ਬਾਹੂ-ਬਲ ਦਾ ਸੁਮੇਲ ਬਣ ਕੇ ਉਭਰਿਆ ਜਿਸਦਾ ਸਿਖਰ ਸੰਨ 1699 ਦੀ ਵਿਸਾਖੀ ਵਾਲਾ ਦਿਹਾੜਾ ਸੀ। ਇਹ ਇਕ ਅਲੌਕਿਕ ਦ੍ਰਿਸ਼ ਸੀ ਜਦੋਂ ਦਸਮੇਸ਼ ਪਿਤਾ ਜੀ ਨੇ ਦੂਜੀ ਵਾਰ ਤੰਬੂ 'ਚੋਂ ਬਾਹਰ ਆ ਕੇ ਭਰੇ ਦੀਵਾਨ ਵਿਚ ਇਕ ਹੋਰ ਸੀਸ ਦੀ ਮੰਗ ਕੀਤੀ। ਲਹੂ-ਭਿੱਜੀ ਸ਼ਮਸ਼ੀਰ ਨੂੰ ਦੇਖ ਕੇ ਕੱਚੇ-ਪਿੱਲੇ ਤਾਂ ਭਾਵੇਂ ਭੈ-ਭੀਤ ਹੋ ਗਏ ਹੋਣਗੇ ਪ੍ਰੰਤੂ ਨਾਮ ਦੇ ਰਸੀਏ ਸਿੱਖ ਸੂਰਮੇ ਸਹਿਮੇ ਨਹੀਂ। ਇਕ ਇਕ ਕਰਕੇ ਪੰਜ ਮਰਜੀਵੜਿਆਂ ਨੇ ਗੁਰੂ ਜੀ ਨੂੰ ਆਪਣੇ ਸੀਸ ਭੇਟ ਕੀਤੇ।

ਪਤਾ ਨਹੀਂ ਹੋਰ ਕਿੰਨੇ ਸੀਸ ਭੇਟ ਹੁੰਦੇ ਪ੍ਰੰਤੂ ਗੁਰੂ ਜੀ ਨੂੰ ਕੇਵਲ ਪੰਜਾਂ ਦੀ ਹੀ ਲੋੜ ਸੀ। ਇਨ੍ਹਾਂ ਪੰਜਾਂ ਨੂੰ ਗੁਰੂ ਜੀ ਨੇ ਪਿਆਰੇ ਕਹਿ ਕੇ ਨਿਵਾਜਿਆ। ਉਹ ਸਦਾ ਲਈ ਅਮਰ ਹੋ ਗਏ। ਉਹ ਅੱਜ ਵੀ ਸਿੱਖ ਜਗਤ ਦੇ ਪਿਆਰੇ ਹਨ ਅਤੇ ਰਹਿੰਦੀ ਦੁਨੀਆਂ ਤੱਕ ਰਹਿਣਗੇ। ਅਕਾਲ ਪੁਰਖ ਦੇ ਭੈ ਵਿਚ ਰਹਿ ਕੇ ਦੁਨਿਆਵੀ ਭੈ ਨੂੰ ਨਾ ਮੰਨਣਾ ਸੰਸਾਰ ਦੇ ਇਤਿਹਾਸ ਵਿਚ ਇਸ ਤੋਂ ਵੱਧ ਕੋਈ ਹੋਰ ਢੁਕਵੀਂ ਉਦਾਹਰਣ ਨਹੀਂ ਮਿਲਦੀ।

ਗੁਰਬਾਣੀ ਵਿਚ ਮਨੁੱਖ ਨੂੰ ਵਾਰ ਵਾਰ ਸੇਧ ਦਿੱਤੀ ਗਈ ਹੈ ਕਿ ਪ੍ਰਭੂ ਦਾ ਸਿਮਰਨ (ਜੋ ਪ੍ਰਭੂ ਦੇ ਭੈ ਵਿਚ ਰਿਹਾਂ ਹੀ ਕੀਤਾ ਜਾ ਸਕਦਾ ਹੈ) ਕਰਨ ਨਾਲ ਪ੍ਰਾਣੀ ਦੇ ਸਾਰੇ ਡਰ ਤੇ ਸਹਿਮ ਦੂਰ ਹੋ ਜਾਂਦੇ ਹਨ। ਫਿਰ ਜੀਵਨ ਵਿਚ ਅਨੰਦ ਹੀ ਅਨੰਦ ਹੈ :

ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ ॥

(ਰਾਗੁ ਸੋਰਠਿ ਮਹਲਾ ੫, ਅੰਗ ੬੧੫)

66

ਇੰਦ੍ਰੀਆਂ

ਮਨੁੱਖੀ ਸਰੀਰ ਦੀ ਅਗਵਾਈ ਮਨ ਕਰਦਾ ਹੈ। ਸਰੀਰ ਮਨ ਅਨੁਸਾਰ ਹੀ ਕੰਮ ਕਰਦਾ ਹੈ ਜਾਂ ਇੰਜ ਕਹਿ ਲਓ ਕਿ ਮਨੁੱਖੀ ਆਤਮਾ ਦਾ ਸੂਖਮ ਸਰੀਰ ਮਨ ਹੈ ਜੋ ਇੰਦ੍ਰੀਆਂ ਰਾਹੀਂ ਭੋਗ ਭੋਗਦਾ ਹੈ। ਵਿਦਵਾਨਾਂ ਅਨੁਸਾਰ ਇਨ੍ਹਾਂ ਇੰਦ੍ਰੀਆਂ ਦੀ ਗਿਣਤੀ ਦਸ ਹੈ। ਇਨ੍ਹਾਂ ਦਸ ਇੰਦ੍ਰੀਆਂ ਨੂੰ ਅੱਗੇ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਪੰਜ ਗਿਆਨ ਇੰਦ੍ਰੀਆਂ ਹਨ ਅਤੇ ਪੰਜ ਕਰਮ ਇੰਦ੍ਰੀਆਂ। ਅੱਖਾਂ, ਕੰਨ, ਨੱਕ, ਜੀਭ ਅਤੇ ਤ੍ਵਚਾ (ਚਮੜੀ) ਗਿਆਨ ਇੰਦ੍ਰੀਆਂ ਹਨ ਜਦੋਂ ਕਿ ਹੱਥ, ਪੈਰ, ਮੂੰਹ, ਗੁਦਾ, ਲਿੰਗ ਕਰਮ ਇੰਦ੍ਰੀਆਂ ਹਨ। ਗੁਰਬਾਣੀ ਇਨ੍ਹਾਂ ਇੰਦ੍ਰੀਆਂ ਨੂੰ ਵੱਸ ਵਿਚ ਰੱਖਣ ਲਈ ਪ੍ਰੇਰਦੀ ਹੈ।

ਮਨੁੱਖੀ ਜੀਵਨ ਦਾ ਸਭ ਤੋਂ ਵੱਡਾ ਦੁਖਾਂਤ ਵਿਕਾਰਾਂ ਵਿਚ ਗ੍ਰਸੇ ਹੋਣਾ ਹੈ। ਮੋਹ-ਮਾਇਆ ਵਿਚ ਫਸ ਕੇ ਜੀਵ ਵਿਸ਼ੇ ਵਿਕਾਰਾਂ ਨੂੰ ਭੋਗਦਾ ਹੈ ਜਿਸ ਕਾਰਨ ਮਨ ਅਤੇ ਇੰਦ੍ਰੀਆਂ ਵਸ ਵਿਚ ਨਹੀਂ ਰਹਿੰਦੀਆਂ। ਜੀਭ, ਜਿਸ ਨਾਲ ਪ੍ਰਭੂ ਦਾ ਨਾਮ ਜਪਣਾ ਸੀ ਉਹ ਚਸਕਿਆਂ ਅਤੇ ਸੁਆਦਾਂ ਵਿਚ ਲੱਗੀ ਰਹਿੰਦੀ ਹੈ। ਨੇਤ੍ਰ, ਜਿਨ੍ਹਾਂ ਨਾਲ ਪ੍ਰਭੂ ਦਾ ਦੀਦਾਰ ਕਰਨਾ ਸੀ ਉਹ ਪਰਾਈਆਂ ਇਸਤ੍ਰੀਆਂ ਦੇ ਰੂਪ ਤੱਕਦੇ ਰਹਿੰਦੇ ਹਨ। ਕੰਨ, ਜਿਨ੍ਹਾਂ ਦੁਆਰਾ ਪਰਮਾਤਮਾ ਦੀ ਉਸਤਤ ਨੂੰ ਸੁਣਨਾ ਕਰਨਾ ਸੀ ਉਹ ਦੂਜਿਆਂ ਦੀ ਨਿੰਦਿਆ ਸੁਣਦੇ ਹਨ। ਹੱਥ ਜਿਨ੍ਹਾਂ ਨਾਲ ਸੱਚੀ ਸੁੱਚੀ ਕਿਰਤ ਕਰਨੀ ਸੀ ਉਹ ਪਰਾਏ ਧਨ ਨੂੰ ਚੁਰਾਉਣ ਵਿਚ ਲੱਗੇ ਰਹਿੰਦੇ ਹਨ। ਪੈਰ, ਜਿਨ੍ਹਾਂ ਨੇ ਸਤਿ ਸੰਗਤ ਵਿਚ ਚੱਲ ਕੇ ਜਾਣਾ ਸੀ ਉਹ ਦੂਜਿਆਂ ਦਾ ਨੁਕਸਾਨ ਕਰਨ ਵਿਚ ਭੱਜ-ਦੌੜ ਕਰਦੇ ਰਹਿੰਦੇ ਹਨ। ਪ੍ਰਭੂ ਨੂੰ ਆਪਣੇ ਅੰਦਰ ਵਸਾਉਣ ਦੀ ਥਾਂ ਮਨ ਪਰਾਏ ਧਨ ਦਾ ਲੋਭ ਕਰਦਾ ਹੈ। ਇਸੇ ਤਰ੍ਹਾਂ ਸਰੀਰ ਵਿਅਰਥ ਹੈ ਜੇਕਰ ਇਹ ਦੂਜਿਆਂ ਲਈ ਭਲਾਈ ਜਾਂ ਪਰਉਪਕਾਰ ਨਹੀਂ ਕਰਦਾ। ਉਹ ਨੱਕ ਧ੍ਰਿਗ ਹਨ ਜੋ ਵਾਸ਼ਨਾਵਾਂ ਵਿਚ ਰੁੱਝੇ ਰਹਿੰਦੇ ਹਨ। ਗੁਰੂ ਪੰਚਮ ਪਾਤਸ਼ਾਹ ਦਾ ਰਾਗੁ ਗਉੜੀ ਸੁਖਮਨੀ ਵਿਚ ਕਥਨ ਹੈ ਜੇਕਰ ਇਨ੍ਹਾਂ ਇੰਦ੍ਰੀਆਂ ਦੇ ਅਸਲ ਮਨੋਰਥ ਨੂੰ ਮਨੁੱਖ ਨੇ ਨਹੀਂ ਸਮਝਿਆ ਤਾਂ ਇਸਦੇ ਇਹ ਸਾਰੇ ਅੰਗ ਵਿਅਰਥ ਹਨ। ਸਫਲ ਤਾਂ ਉਹੋ ਦੇਹੀ ਹੈ ਜੋ ਪ੍ਰਭੂ ਦੇ ਨਾਮ ਦੀ ਸਿਫਤ-ਸਾਲਾਹ ਕਰਦੀ ਹੈ :

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥
ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥
ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥
ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥
ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥
ਮਿਥਿਆ ਮਨ ਪਰ ਲੋਭ ਲੁਭਾਵਹਿ ॥
ਮਿਥਿਆ ਤਨ ਨਹੀ ਪਰਉਪਕਾਰਾ ॥
ਮਿਥਿਆ ਬਾਸੁ ਲੇਤ ਬਿਕਾਰਾ ॥

ਬਿਨੁ ਬੂਝੇ ਮਿਥਿਆ ਸਭ ਭਏ॥
ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ॥ *(ਅੰਗ ੨੬੮-੬੯)*

ਇਹ ਤਨ, ਇਹ ਸਰੀਰ ਨਾਮ ਤੋਂ ਬਿਨਾਂ ਕਿਸੇ ਕੰਮ ਦਾ ਨਹੀਂ। ਅਜਿਹੇ ਪ੍ਰਾਣੀ ਦੇ ਮੂੰਹ 'ਚੋਂ ਕੇਵਲ ਵਿਕਾਰਾਂ ਦੀ ਬਦ-ਬੂ ਹੀ ਆਉਂਦੀ ਹੈ :

ਬਿਰਥਾ ਨਾਮ ਬਿਨਾ ਤਨੁ ਅੰਧ॥
ਮੁਖਿ ਆਵਤ ਤਾ ਕੈ ਦੁਰਗੰਧ॥
(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੬੮)

ਭਗਤ ਰਵਿਦਾਸ ਜੀ ਨੇ ਰਾਗੁ ਸੋਰਠਿ ਵਿਚ ਬੜਾ ਸੁੰਦਰ ਵਿਚਾਰ ਦਿੱਤਾ ਹੈ ਕਿ ਅਸੀਂ ਮੂਰਖ ਸਭ ਕੁਝ ਜਾਣਦੇ ਹੋਏ ਵੀ ਅੰਞਾਣ ਬਣੀ ਬੈਠੇ ਹਾਂ। ਅਸੀਂ ਇਹ ਕਦੀ ਸੋਚਿਆ ਹੀ ਨਹੀਂ ਕਿ ਇੱਥੇ ਆਉਣ ਦਾ ਸਾਡਾ ਅਸਲ ਮਨੋਰਥ ਕੀ ਹੈ। ਅਸੀਂ ਤ ਚੰਗੀਆਂ-ਮੰਦੀਆਂ ਸੋਚਾਂ ਵਿਚ ਹੀ ਜੀਵਨ ਲੁਟਾਈ ਜਾ ਰਹੇ ਹਾਂ। ਸਾਡੀਆਂ ਅਭਾਗਿਆਂ ਦੀ ਕਾਮ-ਵਾਸ਼ਨਾ ਵਧਦੀ ਜਾ ਰਹੀ ਹੈ ਅਤੇ ਵਿਚਾਰ-ਸ਼ਕਤੀ ਘੱਟਦੀ ਜਾ ਰਹੀ ਹੈ:

ਜਾਨਿ ਅਜਾਨ ਭਏ ਹਮ ਬਾਵਰ
ਸੋਚ ਅਸੋਚ ਦਿਵਸ ਜਾਹੀ॥
ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ
ਪਰਮਾਰਥ ਪਰਵੇਸ ਨਹੀ॥ *(ਅੰਗ ੬੫੮)*

ਗੁਰਬਾਣੀ ਅਨੁਸਾਰ ਪ੍ਰਾਣੀ ਦੀਆਂ ਇਨ੍ਹਾਂ ਇੰਦ੍ਰੀਆਂ ਦੇ ਭਟਕਣ ਦਾ ਕਾਰਨ ਇਸਦਾ ਮੋਹ-ਮਾਇਆ ਵਿਚ ਫਸਿਆ ਰਹਿਣ ਕਰਕੇ ਹੈ :

ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੋਭਾਈਆ॥
ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ॥
(ਰਾਗੁ ਮਾਰੂ ਮਹਲਾ ੫, ਅੰਗ ੧੦੯੬)

ਅਥਵਾ :

ਇੰਦ੍ਰੀ ਦਸੇ ਦਸੇ ਫੁਨਿ ਧਾਵਤ
ਤ੍ਰੈ ਗੁਣੀਆ ਖਿਨੁ ਨ ਟਿਕਾਵੈਗੋ॥
(ਰਾਗੁ ਕਾਨੜਾ ਮਹਲਾ ੪, ਅੰਗ ੧੩੧੦)

ਭਾਵ ਮਨੁੱਖ ਦੀਆਂ ਦਸੇ ਇੰਦ੍ਰੀਆਂ ਹਰ ਵੇਲੇ ਭਟਕਦੀਆਂ ਰਹਿੰਦੀਆਂ ਹਨ। ਤ੍ਰੈਗੁਣੀ ਮਾਇਆ ਵਿਚ ਗ੍ਰਸੇ ਹੋਏ ਮਨ ਨੂੰ ਪਲ ਭਰ ਲਈ ਵੀ ਚੈਨ ਜਾਂ ਟਿਕਾਉ ਨਹੀਂ ਆਉਂਦਾ।

ਪ੍ਰੰਤੂ ਸਤਿਸੰਗਤ ਦੀ ਬਰਕਤ ਨਾਲ ਇਨ੍ਹਾਂ ਇੰਦ੍ਰੀਆਂ ਅਤੇ ਵਿਕਾਰਾਂ ਨੂੰ ਵਸ ਵਿਚ ਕੀਤਾ ਜਾ ਸਕਦਾ ਹੈ :

ਦਸ ਮਿਰਗੀ ਸਹਜੇ ਬੰਧਿ ਆਨੀ॥
ਪਾਂਚ ਮਿਰਗ ਬੇਧੇ ਸਿਵ ਕੀ ਬਾਨੀ॥
ਸੰਤਸੰਗਿ ਲੇ ਚੜਿਓ ਸਿਕਾਰ॥
ਮ੍ਰਿਗ ਪਕਰੇ ਬਿਨੁ ਘੋਰ ਹਥੀਆਰ॥
(ਰਾਗੁ ਭੈਰਉ ਮਹਲਾ ੫, ਅੰਗ ੧੧੩੬)

ਇਥੇ ਪੰਚਮ ਗੁਰਦੇਵ ਇੰਦ੍ਰੀਆਂ ਨੂੰ ਹਿਰਨੀਆਂ ਅਤੇ ਕਾਮਾਦਿਕ ਨੂੰ ਹਿਰਨ ਆਖ ਕੇ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਜੋ ਹਰ ਵੇਲੇ ਹਿਰਨੀਆਂ ਅਤੇ ਹਿਰਨਾਂ ਵਾਂਗ ਇਧਰ-ਉਧਰ ਦੌੜ-ਭੱਜ ਕਰਦਾ ਰਹਿੰਦਾ ਸੀ, ਸੰਤ-ਜਨਾਂ ਦੀ ਸੰਗਤ ਕਰਨ, ਗੁਰੂ ਸ਼ਬਦ ਦੇ ਤੀਰਾਂ ਨਾਲ ਅਜਿਹਾ ਵਿੰਨ੍ਹਿਆ ਗਿਆ ਕਿ ਇਸ ਦੀ ਸਾਰੀ ਭਟਕਣਾ ਦੂਰ ਹੋ ਗਈ। ਹੁਣ ਇੰਦ੍ਰੀਆਂ ਅਤੇ ਵਿਕਾਰਾਂ ਨੂੰ ਵੱਸ ਕਰਨ ਲਈ ਕਿਸੇ ਹੋਰ ਉਚੇਚ ਦੀ ਲੋੜ ਨਹੀਂ ਰਹੀ ਭਾਵ ਭਲੇ ਪੁਰਖਾਂ ਦੀ ਸੰਗਤ ਕੀਤਿਆਂ ਅਤੇ ਗੁਰੂ ਦੇ ਦੱਸੇ ਮਾਰਗ ਤੇ ਚੱਲਣ ਨਾਲ ਇੰਦ੍ਰੀਆਂ ਅਤੇ ਵਿਕਾਰ ਕਾਬੂ ਵਿਚ ਰਹਿੰਦੇ ਹਨ।

ਆਪ ਜੀ ਦੇ ਰਾਗੁ ਰਾਮਕਲੀ ਵਿਚ ਬਚਨ ਹਨ :

ਪੰਚ ਸਿੰਘ ਰਾਖੇ ਪ੍ਰਭਿ ਮਾਰਿ ॥
ਦਸ ਬਿਘਿਆੜੀ ਲਈ ਨਿਵਾਰਿ ॥
ਤੀਨਿ ਆਵਰਤ ਕੀ ਚੂਕੀ ਘੇਰ ॥
ਸਾਧਸੰਗਿ ਚੂਕੇ ਭੈ ਫੇਰ ॥ *(ਅੰਗ ੮੯੯)*

ਭਾਵ ਸਤਿਸੰਗਤ ਵਿਚ ਪ੍ਰਭੂ ਦੀ ਸਿਫ਼ਤ-ਸਾਲਾਹ ਕੀਤਿਆਂ ਪੰਜ ਬਲਵਾਨ (ਸ਼ੇਰਾਂ) ਕਾਮਾਦਿਕਾਂ ਦਾ ਨਾਸ ਹੋ ਜਾਂਦਾ ਹੈ ਅਤੇ ਦਸੇ ਬਘਿਆੜ ਰੂਪੀ ਇੰਦ੍ਰੀਆਂ ਦੇ ਚੰਗੇ ਪਾਸੇ ਲੱਗਣ ਨਾਲ ਤ੍ਰੈ-ਗੁਣੀ ਮਾਇਆ ਦੇ ਘੁੰਮਣ-ਘੇਰੀਆਂ ਦੇ ਚੱਕਰ ਚੋਂ ਬਚ ਨਿਕਲੀਦਾ ਹੈ।

ਪ੍ਰਾਣੀ ਦੀਆਂ ਇੰਦ੍ਰੀਆਂ ਕਿਹੋ ਜਿਹੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਦੇ ਕਰਮ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ ਇਸ ਬਾਰੇ ਗੁਰੂ ਰਾਮਦਾਸ ਜੀ ਨੇ ਰਾਗੁ ਬਿਹਾਗੜਾ ਵਿਚ ਬੜੇ ਸੁੰਦਰ ਵਿਚਾਰ ਬਖ਼ਸ਼ਿਸ਼ ਕੀਤੇ ਹਨ। ਆਪ ਜੀ ਦੇ ਬਚਨ ਹਨ ਕਿ ਉਹ ਜੀਭ ਧੰਨ ਹੈ, ਭਾਗਾਂ ਵਾਲੀ ਹੈ ਜੋ ਹਰ ਵੇਲੇ ਪ੍ਰਭੂ ਦੇ ਗੁਣ ਗਾਉਂਦੀ ਹੈ :

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ
ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥ *(ਅੰਗ ੫੪੦)*

ਉਹ ਕੰਨ ਸ਼ੋਭਨੀਕ ਹਨ ਜੋ ਪ੍ਰਭੂ ਦੇ ਨਾਮ ਦਾ ਕੀਰਤਨ ਤੇ ਜਸ ਸੁਣਦੇ ਹਨ :

ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ
ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ ॥

ਉਹ ਸੀਸ ਭਾਗਾਂ ਵਾਲਾ ਪਵਿੱਤਰ ਹੈ ਜੋ ਗੁਰੂ ਦੇ ਚਰਨਾਂ ਤੇ ਜਾ ਕੇ ਝੁਕਦਾ ਹੈ :

ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ
ਜੋ ਜਾਇ ਲਗੈ ਗੁਰ ਪੈਰੇ ਰਾਮ ॥

ਉਹ ਅੱਖਾਂ ਭਲੀਆਂ ਤੇ ਮੁਬਾਰਕ ਹਨ ਜੋ ਗੁਰੂ ਰੂਪੀ ਸੰਤ ਜਨਾਂ ਦੇ ਦਰਸ਼ਨ ਕਰਦੀਆਂ ਹਨ :

ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ
ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥

ਉਹ ਹੱਥ ਪਵਿੱਤਰ ਤੇ ਸਾਲਾਹੁਣ ਯੋਗ ਹਨ ਜੋ ਮਾਲਕ ਪ੍ਰਭੂ ਦੀ ਸਿਫ਼ਤਿ-ਸਾਲਾਹ ਲਿਖਦੇ ਹਨ :

ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ
ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ॥

ਉਹ ਪੈਰ ਪੂਜਣ-ਯੋਗ ਹਨ ਜੋ ਧਰਮ ਦੇ ਰਾਹ ਤੇ ਚਲਦੇ ਹਨ :

ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ
ਜੋ ਮਾਰਗਿ ਧਰਮ ਚਲੇਸਹਿ ਰਾਮ॥ *(ਅੰਗ ੫੪੦)*

ਜਦੋਂ ਗੁਰੂ ਦੀ ਮਿਹਰ ਸਦਕਾ ਇੰਦ੍ਰੀਆਂ ਪ੍ਰਾਣੀ ਦੇ ਵੱਸ ਵਿਚ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਜਿਸ ਪਾਸੇ ਲਾਓ ਉੱਧਰ ਹੀ ਲਗਦੀਆਂ ਹਨ। ਮਨ ਵਿਚ ਹੁਣ ਕਿਸੇ ਪ੍ਰਕਾਰ ਦੀ ਖਿੱਚੋਤਾਣ ਨਹੀਂ ਰਹਿ ਜਾਂਦੀ ਭਾਵ ਇੰਦ੍ਰੀਆਂ ਵੱਸ ਵਿਚ ਹੋ ਜਾਣ ਨਾਲ ਮਨ ਕਾਬੂ ਵਿਚ ਹੋ ਜਾਂਦਾ ਹੈ। ਫਿਰ ਮਨ ਇੱਛੇ ਫਲ ਪ੍ਰਾਪਤ ਹੁੰਦੇ ਹਨ। ਗੁਰੂ ਦੀ ਐਸੀ ਕਿਰਪਾ ਹੁੰਦੀ ਹੈ ਕਿ ਪਰਮਾਤਮਾ ਹੁਣ ਹਰ ਵੇਲੇ ਨੇੜੇ ਵੱਸਦਾ ਜਾਪਣ ਲੱਗ ਪੈਂਦਾ ਹੈ ਅਤੇ ਉਸ ਨਾਲ ਸਾਂਝ ਪੈ ਜਾਂਦੀ ਹੈ :

ਸਭਿ ਇੰਦ੍ਰੀਆ ਵਸਿ ਕਰਿ ਦਿਤੀਓ ਸਤਵੰਤਾ ਸਾੜਾ॥
ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ॥
ਜੋ ਇਛੀ ਸੋ ਫਲੁ ਪਾਇਦਾ ਗੁਰਿ ਅੰਦਰਿ ਵਾੜਾ॥
ਗੁਰੁ ਨਾਨਕੁ ਤੁਠਾ ਭਾਇਰਹੁ ਹਰਿ ਵਸਦਾ ਨੇੜਾ॥

(ਰਾਗੁ ਮਾਰੂ ਮਹਲਾ ੫, ਅੰਗ ੧੦੯੭)

ਅਥਵਾ :

ਦਸ ਇੰਦ੍ਰੀ ਕਰਿ ਰਾਖੈ ਵਾਸਿ॥
ਤਾ ਕੈ ਆਤਮੈ ਹੋਇ ਪਰਗਾਸੁ॥
ਐਸੀ ਦ੍ਰਿੜਤਾ ਤਾ ਕੈ ਹੋਇ॥
ਜਾ ਕਉ ਦਇਆ ਮਇਆ ਪ੍ਰਭ ਸੋਇ॥

(ਰਾਗੁ ਗਉੜੀ ਮਹਲਾ ੫, ਅੰਗ ੨੩੬)

ਪ੍ਰੰਤੂ ਹਰ ਕੋਈ ਮਾਲਕ ਪ੍ਰਭੂ ਦੀ ਦਇਆ ਦਾ ਪਾਤਰ ਨਹੀਂ ਬਣ ਸਕਦਾ। ਕ੍ਰੋੜਾਂ ਵਿਚੋਂ ਕੋਈ ਵਿਰਲੇ ਪ੍ਰਾਣੀ ਹਨ ਜੋ ਆਪਣੀਆਂ ਇੰਦ੍ਰੀਆਂ ਤੇ ਕਾਬੂ ਪਾ ਕੇ ਕਾਮਾਦਿਕ ਪੰਜੇ ਵਿਕਾਰਾਂ ਤੋਂ ਬਚੇ ਰਹਿੰਦੇ ਹਨ :

ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥
ਨਾਨਕ ਕੋਟਿ ਮਧੇ ਕੋ ਐਸਾ ਅਪਰਸ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੭੪)

ਅਹਾਰ (ਭੋਜਨ)

ਮਨੁੱਖੀ ਸਰੀਰ ਨੂੰ ਰਿਸ਼ਟ-ਪੁਸ਼ਟ ਅਤੇ ਅਰੋਗ ਰੱਖਣ ਲਈ ਭੋਜਨ ਦਾ ਖਾਣਾ ਬੜਾ ਜ਼ਰੂਰੀ ਹੈ ਜਾਂ ਇਂਜ ਕਹਿ ਲਉ ਕਿ ਜੀਊਂਦੇ ਰਹਿਣ ਲਈ ਜਿੱਥੇ ਹਵਾ ਅਤੇ ਪਾਣੀ ਬੜੇ ਜ਼ਰੂਰੀ ਹਨ ਉਥੇ ਭੋਜਨ ਖਾਣਾ ਵੀ ਉਨਾ ਹੀ ਜ਼ਰੂਰੀ ਹੈ ਪ੍ਰੰਤੂ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਭੋਜਨ ਜੀਊਣ ਲਈ ਖਾਣਾ ਹੈ ਨਾ ਕਿ ਖਾਣ ਲਈ ਜੀਊਣਾ ਹੈ। ਇਸ ਲਈ ਲੋੜ ਅਨੁਸਾਰ ਸੰਜਮ ਨਾਲ ਜਿਨਾ ਖਾਵਾਂਗੇ ਉਨਾ ਹੀ ਸਰੀਰ ਅਰੋਗ ਰਹੇਗਾ ਅਤੇ ਵਿਕਾਰਾਂ ਤੋਂ ਬਚਿਆ ਰਹੇਗਾ। ਗੁਰਬਾਣੀ ਸੇਧ ਬਖ਼ਸ਼ਿਸ਼ ਕਰਦੀ ਹੈ ਕਿ ਧਰਮ ਦੀ ਕਮਾਈ ਕਰਨ ਵਾਲੇ ਬੁਰਾਈ ਦੇ ਨੇੜੇ ਨਹੀਂ ਜਾਂਦੇ। ਥੋੜ੍ਹੇ ਵਿਚ ਹੀ ਗੁਜ਼ਰਾਨ ਕਰਕੇ ਵਿਕਾਰਾਂ ਤੋਂ ਬਚੇ ਰਹਿੰਦੇ ਹਨ :

ਓਨ੍ਹੀ ਮੰਦੈ ਪੈਰੁ ਨ ਰਖਿਓ
ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨ੍ਹੀ ਦੁਨੀਆ ਤੋੜੇ ਬੰਧਨਾ
ਅੰਨੁ ਪਾਣੀ ਥੋੜਾ ਖਾਇਆ॥

(ਰਾਗੁ ਆਸਾ ਦੀ ਵਾਰ ਮਹਲਾ ੧, ਅੰਗ ੪੬੭)

ਦੋਨੋਂ ਵੇਲੇ ਢਿੱਡ ਭਰਨ ਲਈ ਆਖਰ ਪ੍ਰਾਣੀ ਨੂੰ ਕਿਨਿਆਂ ਕੁ ਪਦਾਰਥਾਂ ਦੀ ਲੋੜ ਹੈ। ਭਗਤ ਕਬੀਰ ਜੀ ਦੇ ਕਥਨ ਅਨੁਸਾਰ :

ਮਾਧੋ ਕੈਸੀ ਬਨੈ ਤੁਮ ਸੰਗੇ॥
ਆਪਿ ਨ ਦੇਹੁ ਤ ਲੇਵਉ ਮੰਗੇ॥ ਰਹਾਉ॥
ਦੁਇ ਸੇਰ ਮਾਂਗਉ ਚੂਨਾ॥
ਪਾਉ ਘੀਉ ਸੰਗਿ ਲੂਨਾ॥
ਅਧ ਸੇਰੁ ਮਾਂਗਉ ਦਾਲੇ॥
ਮੋ ਕਉ ਦੋਨਉ ਵਖਤ ਜਿਵਾਲੇ॥

(ਰਾਗੁ ਸੋਰਠਿ, ਅੰਗ ੬੫੬)

ਬਾਬਾ ਫਰੀਦ ਜੀ ਦਾ ਫ਼ਰਮਾਨ ਹੈ :

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

(ਸਲੋਕ ਨੰਬਰ ੨੯, ਅੰਗ ੧੩੭੯)

ਜੋ ਹਲਕਾ ਫੁਲਕਾ ਖਾ ਕੇ ਸਬਰ ਸੰਤੋਖ ਵਿਚ ਰਹਿੰਦੇ ਹਨ ਅਤੇ ਪ੍ਰਭੂ ਨਾਲ ਜੁੜੇ ਰਹਿੰਦੇ ਹਨ ਉਨ੍ਹਾਂ ਤੇ ਅਕਾਲ ਪੁਰਖ ਦੀ ਮਿਹਰ ਦੀ ਨਿਗਾਹ ਹੁੰਦੀ ਹੈ। ਜੋ ਖਾ ਖਾ ਕੇ ਬਦਫੈਲੀਆਂ ਕਰਦੇ ਹਨ, ਬੁਰੇ ਕੰਮ ਕਰਦੇ ਹਨ, ਉਨ੍ਹਾਂ ਦੀ ਸਰੀਰ-ਰੂਪੀ ਵਾੜੀ ਜ਼ਹਿਰ

ਨਾਲ ਭਰੀ ਰਹਿੰਦੀ ਹੈ :

ਹਰਿ ਰੁਖੀ ਰੋਟੀ ਖਾਇ ਸਮਾਲੇ॥
ਹਰਿ ਅੰਤਰਿ ਬਾਹਰਿ ਨਦਰਿ ਨਿਹਾਲੇ॥
ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ॥ ੨ ॥

(ਰਾਗੁ ਮਾਝ ਮਹਲਾ ੫, ਅੰਗ ੧੦੫)

ਖਾਣ-ਪੀਣ ਦਾ ਚਸਕਾ ਪ੍ਰਾਣੀ ਦਾ ਆਪਣਾ ਦੁਸ਼ਮਣ ਬਣ ਜਾਂਦਾ ਹੈ। ਪਤਾ ਨਹੀਂ ਉਸਨੂੰ ਕਿਨੇ ਪ੍ਰਕਾਰ ਦੇ ਰੋਗ ਆ ਚਿੰਬੜਦੇ ਹਨ। ਜਿਹੜਾ ਪ੍ਰਾਣੀ ਲੋੜ ਨਾਲੋਂ ਵੱਧ ਖਾਂਦਾ ਹੈ ਉਸਦੇ ਸਰੀਰ ਤੇ ਫਾਲਤੂ ਮਾਸ ਅਤੇ ਚਰਬੀ ਹੀ ਚੜ੍ਹਦੀ ਹੈ ਜੋ ਮੋਟਾਪਾ ਅਤੇ ਰੋਗਾਂ ਦੇ ਕਾਰਨ ਬਣਦੇ ਹਨ। ਰਾਗੁ ਸੂਹੀ ਕੀ ਵਾਰ ਮਹਲਾ ੩ ਵਿਚ ਗੁਰੂ ਨਾਨਕ ਦੇਵ ਜੀ ਦਾ ਸਲੋਕ ਅੰਕਤ ਹੈ :

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥ *(ਅੰਗ ੭੯੦)*

ਅਥਵਾ :

ਮੈਲਾ ਖਾਇ ਫਿਰਿ ਮੈਲੁ ਵਧਾਏ
ਮਨਮੁਖ ਮੈਲੁ ਦੁਖੁ ਪਾਵਣਿਆ॥

(ਰਾਗੁ ਮਾਝ ਮਹਲਾ ੩, ਅੰਗ ੧੨੧)

ਗੁਰੂ ਪੰਚਮ ਪਾਤਸ਼ਾਹ ਦਾ ਰਾਗੁ ਕੇਦਾਰਾ ਵਿਚ ਫ਼ਰਮਾਨ ਹੈ ਕਿ ਜੋ ਭਾਂਤ-ਭਾਂਤ ਦੇ ਚੰਗੇ ਅਤੇ ਸੁਆਦਲੇ ਪਦਾਰਥ ਖਾਣ ਵਿਚ ਹੀ ਮਸਤ ਰਹਿੰਦੇ ਹਨ ਉਹ ਭਾਰ ਢੋਣ ਵਾਲੇ ਖੋਤੇ ਦੀ ਨਿਆਈਂ ਹਨ ਭਾਵ ਅਜਿਹੇ ਪ੍ਰਾਣੀ ਖਾ ਖਾ ਕੇ ਇਸਦੇ ਭਾਰ ਨੂੰ ਖੋਤਿਆਂ ਵਾਂਗ ਚੁੱਕੀ ਫਿਰਦੇ ਰਹਿੰਦੇ ਹਨ :

ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ॥ *(ਅੰਗ ੧੧੨੧)*

ਗਾਫ਼ਲ ਮਨ ਖਾਣ-ਪੀਣ, ਹੰਢਾਉਣ ਵਿਚ ਹੀ ਜੀਵਨ ਬਤੀਤ ਕਰ ਦਿੰਦਾ ਹੈ। ਉਸ ਨੂੰ ਇਹ ਕਦੀ ਚਿੱਤ ਚੇਤੇ ਹੀ ਨਹੀਂ ਰਹਿੰਦਾ ਕਿ ਅੰਤ ਵੇਲੇ ਜਦੋਂ ਪਰਮਾਤਮਾ ਕੀਤੇ ਕਰਮਾਂ ਦਾ ਹਿਸਾਬ ਮੰਗੇਗਾ ਤਾਂ ਕੀ ਜਵਾਬ ਦੇਵਾਂਗੇ :

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥
ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥

(ਸਲੋਕ ਨੰਬਰ ੩੮, ਅੰਗ ੧੩੭੯)

ਮਨੁੱਖ ਖਾਣ-ਪੀਣ ਵਿਚ ਐਨਾ ਮਸਤ ਹੋ ਜਾਂਦਾ ਹੈ ਕਿ ਉਸ ਨੂੰ ਮਰਨਾ ਹੀ ਭੁੱਲ ਜਾਂਦਾ ਹੈ। ਉਸ ਨੂੰ ਮੌਤ ਚੇਤੇ ਹੀ ਨਹੀਂ ਰਹਿੰਦੀ :

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥

(ਰਾਗੁ ਮਲਾਰ ਮਹਲਾ ੧, ਅੰਗ ੧੨੫੪)

ਪ੍ਰੰਤੂ ਜੋ ਗੁਰੂ ਦੇ ਦੱਸੇ ਮਾਰਗ ਤੇ ਚਲਦੇ ਹਨ ਉਨ੍ਹਾਂ ਨੂੰ ਜੀਊਣ ਦੀ ਜੁਗਤੀ ਆ ਜਾਂਦੀ ਹੈ। ਮਨ ਅੰਦਰ ਸਬਰ ਤੇ ਸੰਤੋਖ ਵਾਲੇ ਦੈਵੀ-ਗੁਣ ਆ ਵੱਸਦੇ ਹਨ। ਫਿਰ ਖਾਂਦਿਆਂ, ਪਹਿਨਦਿਆਂ ਅਤੇ ਸੰਸਾਰ ਦੇ ਹੋਰ ਸੁਖ ਮਾਣਦਿਆਂ ਮੁਕਤ ਦੁਆਰ ਪ੍ਰਾਪਤ ਕਰ ਲਈਦਾ ਹੈ, ਵਿਸ਼ੇ-ਵਿਕਾਰਾਂ ਤੋਂ ਮੁਕਤੀ ਮਿਲ ਜਾਂਦੀ ਹੈ :

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

(ਰਾਗੁ ਗੂਜਰੀ ਕੀ ਵਾਰ ਮਹਲਾ ੫, ਅੰਗ ੫੨੨)

ਅਥਵਾ :

ਬਹੁ ਭੋਜਨ ਕਾਪਰ ਸੰਗੀਤ ॥
ਰਸਨਾ ਜਪਤੀ ਹਰਿ ਹਰਿ ਨੀਤ ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੯੦)

ਭਾਵ ਜਿਸ ਦੀ ਰਸਨਾ ਪ੍ਰਭੂ ਦਾ ਨਾਮ ਜਪਦੀ ਹੈ ਉਸ ਨੂੰ ਖਾਣ ਅਤੇ ਪਹਿਨਣ-ਹੰਢਾਉਣ ਦੀ ਘਾਟ ਨਹੀਂ ਰਹਿੰਦੀ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਧਨਾਸਰੀ ਵਿਚ ਬਚਨ ਹਨ ਕਿ ਨਿੱਤ ਸੁਆਦਲੇ ਭੋਜਨ ਖਾਣ ਨਾਲ ਮਨੁੱਖ ਦੀ ਭੁੱਖ ਕਦੀ ਨਹੀਂ ਮਿਟਦੀ। ਆਪ ਜੀ ਦਾ ਫ਼ਰਮਾਨ ਹੈ ਕਿ ਇਨ੍ਹਾਂ ਸੁਆਦਲੇ ਭੋਜਨ ਖਾਣ ਵਾਲੇ ਮਨੁੱਖਾਂ ਦਾ ਹਾਲ ਉਸ ਕੁੱਤੇ ਵਾਂਗ ਹੈ ਜੋ ਖਾਣ ਲਈ ਚਾਰੇ ਪਾਸੇ ਦੌੜ-ਭੱਜ ਕਰਦਾ ਹੈ :

ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ
ਤਾ ਕੀ ਮਿਟੈ ਨ ਭੂਖਾ ॥
ਉਦਮੁ ਕਰੈ ਸੁਆਨ ਕੀ ਨਿਆਈ
ਚਾਰੇ ਕੁੰਟਾ ਘੋਖਾ ॥ *(ਅੰਗ ੬੭੨)*

ਆਪ ਜੀ ਦੇ ਰਾਗੁ ਗੂਜਰੀ ਵਿਚ ਬਚਨ ਹਨ ਕਿ ਜਗਤ ਦੇ ਪਦਾਰਥ ਖਾਂਦਿਆਂ ਖਾਂਦਿਆਂ, ਪ੍ਰਾਣੀ ਦਾ ਮੂੰਹ ਵੀ ਘਸ ਗਿਆ ਭਾਵ ਮੂੰਹ ਵਿਚ ਦੰਦ ਤੱਕ ਨਹੀਂ ਰਹੇ। ਪਹਿਨਦਿਆਂ ਪਹਿਨਦਿਆਂ ਸਰੀਰ ਦੇ ਅੰਗ ਵੀ ਲਿੱਸੇ ਪੈ ਗਏ। ਇਨਾ ਕੁਝ ਖਾ ਹੰਢਾ ਕੇ ਵੀ ਜੇਕਰ ਮਨੁੱਖ ਪ੍ਰਭੂ ਦੇ ਨਾਮ ਵਿਚ ਰੰਗਿਆ ਨਹੀਂ ਗਿਆ ਤਾਂ ਉਸ ਦਾ ਜੀਊਣਾ ਧ੍ਰਿਗ ਹੈ, ਫਿਟਕਾਰਯੋਗ ਹੈ :

ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ ॥
ਨਾਨਕ ਧ੍ਰਿਗੁ ਤਿਨਾ ਦਾ ਜੀਵਿਆ
ਜਿਨ ਸਚਿ ਨ ਲਗੋ ਰੰਗੁ ॥ *(ਅੰਗ ੫੨੩)*

ਬਲੱਡ ਪ੍ਰੈਸ਼ਰ, ਦਿਲ ਦੇ ਰੋਗ, ਸ਼ੱਕਰ ਰੋਗ, ਪੇਟ ਦੇ ਰੋਗ, ਮੋਟਾਪਾ ਆਦਿ ਨਾਮੁਰਾਦ ਬੀਮਾਰੀਆਂ ਚਟਪਟੇ ਪਦਾਰਥ ਅਤੇ ਲੋੜ ਨਾਲੋਂ ਵੱਧ ਭੋਜਨ ਖਾਣ ਨਾਲ ਹੀ ਹੁੰਦੀਆਂ ਹਨ ਪ੍ਰੰਤੂ ਮੂੰਹ ਦੇ ਸੁਆਦ ਕਾਰਨ ਅਸੀਂ ਚੰਗਾ ਮਾੜਾ ਸਭ ਕੁਝ ਖਾਈ ਜਾਂਦੇ ਹਾਂ। ਥੋੜ੍ਹਾ ਖਾਣਾ ਅਤੇ ਘੱਟ ਸੌਣ ਬਾਰੇ ਦਸਮ ਪਿਤਾ ਦੇ ਬੜੇ ਅਨਮੋਲ ਬਚਨ ਹਨ :

ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤ ॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲਿਆਵੈ ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ ॥

(ਸ਼ਬਦ ਹਜ਼ਾਰੇ, ਪਾਤਸ਼ਾਹੀ ੧੦)

ਅਲਪ ਦਾ ਅਰਥ ਹੈ ਥੋੜ੍ਹਾ ਅਤੇ ਸੁਲਪ ਤੋਂ ਭਾਵ ਹੈ ਘੱਟ।

ਗੁਰਬਾਣੀ ਅਨੁਸਾਰ ਵੱਖ-ਵੱਖ ਪਦਾਰਥਾਂ ਵਾਲਾ ਭੋਜਨ ਮਨੁੱਖ ਦੀ ਪੇਟ ਦੀ ਭੁੱਖ ਨੂੰ ਤਾਂ ਮਿਟਾ ਸਕਦਾ ਹੈ ਪਰ ਇਸ ਨਾਲ ਮਨ ਦੀ ਤ੍ਰਿਪਤੀ ਨਹੀਂ ਹੁੰਦੀ ਭਾਵ ਆਤਮਿਕ ਭੁੱਖ ਨਹੀਂ ਮਿਟਦੀ। ਫਿਰ ਉਹ ਕਿਹੜਾ ਭੋਜਨ ਹੈ ਜਿਸ ਨਾਲ ਆਤਮਿਕ ਭੁੱਖ ਨੂੰ ਮਿਟਾਇਆ ਜਾ ਸਕੇ? ਗੁਰੂ ਰਾਮਦਾਸ ਜੀ ਦੇ ਰਾਗੁ ਵਡਹੰਸੁ ਵਿਚ ਬਚਨ ਹਨ ਕਿ ਹਰੀ ਦਾ ਨਾਮ ਜੋ ਅਨੇਕਾਂ ਸੁਆਦਲੇ ਪਦਾਰਥਾਂ ਨਾਲ ਭਰਪੂਰ ਹੈ ਉਸ ਨੂੰ ਭੁੰਚ ਕੇ ਸਾਡੇ ਮਨ ਦੀ ਤ੍ਰਿਪਤੀ ਹੋ ਸਕਦੀ ਹੈ ਅਤੇ ਮਾਇਕ ਪਦਾਰਥਾਂ ਦੀ ਸਾਰੀ ਭੁੱਖ ਜਾਂਦੀ ਰਹਿੰਦੀ ਹੈ :

ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ
ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥ *(ਅੰਗ ੫੯੩)*

ਅਥਵਾ :

ਤ੍ਰਿਪਤਿ ਭਈ ਸਚੁ ਭੋਜਨੁ ਖਾਇਆ॥
ਮਨਿ ਤਨਿ ਰਸਨਾ ਨਾਮੁ ਧਿਆਇਆ॥

(ਰਾਗੁ ਧਨਾਸਰੀ ਮਹਲਾ ੫, ਅੰਗ ੬੮੪)

ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਰਸਨਾ ਤੋਂ ਉਚਾਰੇ ਹੋਏ ਰਾਗੁ ਮਾਰੂ ਵਿਚ ਬਚਨ ਹਨ ਕਿ ਜਿਸਨੂੰ ਪ੍ਰਭੂ ਦੇ ਭੇਦਾਂ ਦਾ ਗਿਆਨ ਹੋ ਜਾਂਦਾ ਹੈ ਅਤੇ ਉਸ ਨਾਲ ਸਾਂਝ ਪੈ ਜਾਂਦੀ ਹੈ ਉਹੀ ਪ੍ਰਾਣੀ ਹੀ ਜਾਣਦਾ ਹੈ ਕਿ ਨਾਮ-ਰਸ ਕਿੰਨਾ ਕੁ ਮਿੱਠਾ ਹੈ। ਜਿਸ ਜਿਸ ਨੇ ਵੀ ਨਾਮ-ਰਸ ਨੂੰ ਚੱਖਿਆ ਹੈ ਉਸ ਨੇ ਮਾਨੋਂ ਪ੍ਰਭੂ ਦੇ ਦਰਸ਼ਨ-ਦੀਦਾਰੇ ਕਰ ਲਏ ਹਨ :

ਭੋਜਨੁ ਗਿਆਨੁ ਮਹਾ ਰਸੁ ਮੀਠਾ॥
ਜਿਨਿ ਚਾਖਿਆ ਤਿਨਿ ਦਰਸਨੁ ਡੀਠਾ॥ *(ਅੰਗ ੧੦੩੨)*

ਜਦੋਂ ਪ੍ਰਭੂ ਨਾਲ ਬਣ ਆਉਂਦੀ ਹੈ ਤਾਂ ਸਭ ਤ੍ਰਿਸ਼ਨਾਵਾਂ ਮੁੱਕ ਜਾਂਦੀਆਂ ਹਨ। ਆਤਮਿਕ ਤੌਰ ਤੇ ਰੱਜ ਜਾਈਦਾ ਹੈ। ਫਿਰ ਕਿਸੇ ਪ੍ਰਕਾਰ ਦੀ ਭੁੱਖ ਰਹਿੰਦੀ ਹੀ ਨਹੀਂ :

ਠਾਕੁਰ ਸਿਉ ਜਾ ਕੀ ਬਨਿ ਆਈ॥
ਭੋਜਨ ਪੂਰਨ ਰਹੇ ਅਘਾਈ॥

(ਰਾਗ ਆਸਾ ਮਹਲਾ ੫, ਅੰਗ ੩੯੦)

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਪ੍ਰਾਣੀ ਦਾ ਭੋਜਨ ਕਿਹੋ ਜਿਹਾ ਹੋਣਾ ਚਾਹੀਦਾ ਹੈ ਭਾਵ ਕੀ ਕੁਝ ਖਾਣਾ ਹੈ ਅਤੇ ਕੀ ਕੁਝ ਖਾਣਾ ਨਹੀਂ ਚਾਹੀਦਾ। ਇਸਦਾ ਨਿਰਣਾ ਕਰਦੇ ਹੋਏ ਸਿਰੀ ਰਾਗੁ ਵਿਚ ਗੁਰੂ ਨਾਨਕ ਜੀ ਫ਼ਰਮਾ ਰਹੇ ਹਨ ਕਿ ਜਿਨ੍ਹਾਂ ਪਦਾਰਥਾਂ ਦੇ ਖਾਣ ਨਾਲ ਸਰੀਰ ਰੋਗੀ ਹੁੰਦਾ ਹੋਵੇ ਅਤੇ ਮਨ ਵਿਚ ਵਿਕਾਰ ਚੱਲਣ, ਮੰਦੇ ਵਿਚਾਰ ਉਤਪੰਨ ਹੋਣ ਅਜਿਹੇ ਪਦਾਰਥਾਂ ਦੇ ਖਾਣ ਤੋਂ ਸੰਕੋਚ ਅਤੇ ਪ੍ਰਹੇਜ਼ ਕਰਨਾ ਚਾਹੀਦਾ ਹੈ :

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ *(ਅੰਗ ੧੬)*

(68)

ਸਿਆਣਪ

ਆਮ ਮਨੁੱਖ ਦੀ ਇਹ ਸੋਚਣੀ ਹੈ ਕਿ ਪੜ੍ਹ ਲਿਖ ਕੇ, ਗਿਆਨ ਦੀ ਪ੍ਰਾਪਤੀ ਕਰਕੇ ਉਹ ਦੂਜਿਆਂ ਨਾਲੋਂ ਬੜਾ ਸਿਆਣਾ, ਤੀਖਣ ਬੁੱਧੀ ਵਾਲਾ, ਚਤੁਰਾਈਆਂ ਆਦਿ ਦਾ ਮਾਲਕ ਬਣ ਜਾਂਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਮਾਜ ਵਿਚ ਵਿਚਰਦਿਆਂ ਸਿਆਣਪ ਦੀ ਬੜੀ ਮਹੱਤਤਾ ਹੈ। ਸਿਆਣਪ ਤੋਂ ਬਿਨਾਂ ਕੀਤਾ ਹੋਇਆ ਕੋਈ ਕੰਮ ਠੀਕ ਤਰ੍ਹਾਂ ਨੇਪਰੇ ਨਹੀਂ ਚੜ੍ਹ ਸਕਦਾ। ਪ੍ਰੰਤੂ ਜਿਥੋਂ ਤੱਕ ਅਧਿਆਤਮਵਾਦ ਦਾ ਸੰਬੰਧ ਹੈ ਇਸ ਮਾਰਗ ਤੇ ਤੁਰਨ ਲਈ ਸਿਆਣਪਾਂ ਤੇ ਚਤੁਰਾਈਆਂ ਦਾ ਕੋਈ ਮਹੱਤਵ ਨਹੀਂ। ਇਹ ਤਾਂ ਪ੍ਰੇਮ ਦਾ ਮਾਰਗ ਹੈ ਜੋ ਲਗਨ, ਸ਼ਰਧਾ, ਪਿਆਰ, ਗੁਣਹੀਣ ਹੋ ਕੇ ਆਪਾ-ਭਾਵ ਮਿਟਾ ਕੇ ਆਪਣੇ ਮਾਲਕ ਪ੍ਰਭੂ ਵਿਚ ਲੀਨ ਹੋਣ ਲਈ ਪ੍ਰੇਰਦਾ ਹੈ। ਗੁਰਵਾਕ ਹੈ :

ਛਾਡਿ ਸਿਆਨਪ ਸਗਲੀ ਮਨਾ॥
ਸਾਧਸੰਗਿ ਪਾਵਹਿ ਸਚੁ ਧਨਾ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੮੯)

ਰਾਗੁ ਆਸਾ ਵਿਚ ਵੀ ਗੁਰੂ ਪੰਚਮ ਪਾਤਸ਼ਾਹ ਦੇ ਬਚਨ ਹਨ :

ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ॥
ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ॥ *(ਅੰਗ ੩੯੬)*

ਗੁਰਬਾਣੀ ਅਨੁਸਾਰ ਪ੍ਰਾਣੀ ਜਿੰਨੇ ਵੀ ਚਤੁਰਾਈ ਦੇ ਕੰਮ ਕਰਦਾ ਹੈ, ਉੱਨਾ ਹੀ ਉਹ ਮੋਹ-ਮਾਇਆ ਦੇ ਬੰਧਨਾਂ ਵਿਚ ਫਸਿਆ ਰਹਿੰਦਾ ਹੈ :

ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ॥

(ਰਾਗੁ ਗਉੜੀ ਮਹਲਾ ੫, ਅੰਗ ੨੧੪)

ਇੱਥੇ ਹੀ ਬਸ ਨਹੀਂ ਮਨੁੱਖ ਦੀਆਂ ਬਹੁਤੀਆਂ ਚਤੁਰਾਈਆਂ ਨਾਲ ਮਨ ਅੰਦਰ ਵਿਕਾਰਾਂ ਦੀ ਮੈਲ ਇਕੱਠੀ ਹੁੰਦੀ ਰਹਿੰਦੀ ਹੈ ਜਿਸ ਨੂੰ ਕੇਵਲ ਨਾਮ ਨਾਲ ਹੀ ਧੋਤਾ ਜਾ ਸਕਦਾ ਹੈ :

ਗੁਰਮਤਿ ਸਾਚੀ ਹੁਜਤਿ ਦੂਰਿ॥
ਬਹੁਤੁ ਸਿਆਣਪ ਲਾਗੈ ਧੂਰਿ॥
ਲਾਗੀ ਮੈਲੁ ਮਿਟੈ ਸਚ ਨਾਇ॥
ਗੁਰ ਪਰਸਾਦਿ ਰਹੈ ਲਿਵ ਲਾਇ॥

(ਰਾਗੁ ਆਸਾ ਮਹਲਾ ੧, ਅੰਗ ੩੫੨)

ਜਪੁ ਜੀ ਵਿਚ ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ :

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥

(ਜਪੁ ਜੀ, ਪਉੜੀ ੧)

ਭਾਵ ਮਨੁੱਖ ਹਜ਼ਾਰਾਂ ਚਤੁਰਾਈਆਂ ਦਾ ਮਾਲਕ ਕਿਉਂ ਨਾ ਹੋਵੇ, ਅੰਤ ਵੇਲੇ ਕੋਈ ਚਤੁਰਾਈ ਵੀ ਉਸਦਾ ਸਾਥ ਨਹੀਂ ਦਿੰਦੀ।

ਮੋਹ-ਮਾਇਆ ਵਿਚ ਫਸਿਆ ਹੋਇਆ ਜੀਵ ਵਲ-ਫਰੇਬ ਦੁਆਰਾ ਇਕੱਠੀਆਂ ਕੀਤੀਆਂ ਹੋਈਆਂ ਚੀਜ਼ਾਂ ਨੂੰ ਆਪਣੀਆਂ ਸਮਝ ਕੇ ਇਨ੍ਹਾਂ ਨੂੰ ਸਾਂਭ-ਸਾਂਭ ਰੱਖਦਾ ਹੈ ਪਰ ਜਦੋਂ ਬੁਲਾਵਾ ਆਉਂਦਾ ਹੈ ਤਾਂ ਇਕ ਪਲ ਵਿਚ ਸਭ ਕੁਝ ਪਰਾਇਆ ਹੋ ਜਾਂਦਾ ਹੈ। ਫਿਰ ਉਸ ਨੂੰ ਕੁਝ ਨਹੀਂ ਸੁਝਦਾ। ਉਸਦੀ ਮੱਤ ਅਤੇ ਸਾਰੀਆਂ ਸਿਆਣਪਾਂ ਜਾਂਦੀਆਂ ਰਹਿੰਦੀਆਂ ਹਨ। ਅੰਤ ਨੂੰ ਆਪਣੇ ਕੀਤੇ ਗੁਨਾਹਾਂ ਤੇ ਜੀਵ ਪਛਤਾਉਂਦਾ ਹੈ। ਗੁਰਵਾਕ ਹੈ :

ਅੰਤਿ ਕਾਲਿ ਪਛੁਤਾਸੀ ਅੰਧੁਲੇ ਜਾ ਜਮਿ ਪਕੜਿ ਚਲਾਇਆ॥
ਸਭੁ ਕਿਛੁ ਅਪੁਨਾ ਕਰਿ ਕਰਿ ਰਾਖਿਆ ਖਿਨ ਮਹਿ ਭਇਆ ਪਰਾਇਆ॥
ਬੁਧਿ ਵਿਸਰਜੀ ਗਈ ਸਿਆਣਪ ਕਰਿ ਅਵਗਣ ਪਛੁਤਾਇ॥

(ਸਿਰੀਰਾਗੁ, ਮਹਲਾ ੧ ਪਹਰੇ, ਅੰਗ ੭੬)

ਰਾਗੁ ਗਉੜੀ ਸੁਖਮਨੀ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਬਹੁਤੀਆਂ ਚਤੁਰਾਈਆਂ ਦੇ ਕਾਰਨ ਮਨੁੱਖ ਅੰਦਰ ਜਮਾਂ ਦਾ ਡਰ ਬਣਿਆ ਰਹਿੰਦਾ ਹੈ ਅਤੇ ਚਤੁਰਾਈਆਂ ਕਾਰਨ ਅਨੇਕਾਂ ਯਤਨ ਕੀਤਿਆਂ ਵੀ ਮਾਇਆ ਦਾ ਲਾਲਚ ਪ੍ਰਾਣੀ ਅੰਦਰੋਂ ਨਹੀਂ ਜਾਂਦਾ :

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ॥
ਅਨਿਕ ਜਤਨ ਕਰਿ ਤ੍ਰਿਸਨ ਨ ਧ੍ਰਾਪੈ॥ *(ਅੰਗ ੨੬੫-੬੬)*

ਅਥਵਾ :

ਨਾਵਹੁ ਭੁਲੀ ਚੋਟਾ ਖਾਏ॥
ਬਹੁਤੁ ਸਿਆਣਪ ਭਰਮੁ ਨ ਜਾਏ॥

(ਰਾਗੁ ਮਾਰੂ ਮਹਲਾ ੧, ਅੰਗ ੧੦੨੫)

ਭਾਵ ਜੋ ਪ੍ਰਾਣੀ ਨਾਮ ਨੂੰ ਭੁਲਾ ਦਿੰਦੇ ਹਨ ਉਹ ਦੁੱਖ ਭੋਗਦੇ ਹਨ। ਉਨ੍ਹਾਂ ਨੂੰ ਜਮਾਂ ਦੀ ਮਾਰ ਪੈਂਦੀ ਹੈ। ਅਜਿਹੇ ਪ੍ਰਾਣੀ ਦੁਨਿਆਵੀ ਤੌਰ ਤੇ ਜਿੰਨੇ ਮਰਜ਼ੀ ਸਿਆਣੇ ਹੋਣ ਪਰ ਉਨ੍ਹਾਂ ਦੀ ਮਾਇਆ ਦੀ ਭਟਕਣਾ ਕਦੀ ਦੂਰ ਨਹੀਂ ਹੁੰਦੀ।

ਰਾਗੁ ਸਾਰਗ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦੇ ਬਚਨ ਹਨ ਕਿ ਜਿੰਦ ਤੇ ਸਰੀਰ ਮਾਲਕ-ਪ੍ਰਭੂ ਵਲੋਂ ਦਿੱਤੀਆਂ ਹੋਈਆਂ ਅਨਮੋਲ ਦਾਤਾਂ ਹਨ ਪਰ ਨਾਸ਼ੁਕਰਾ ਮਨੁੱਖ ਆਪਣੀਆਂ ਚਤੁਰਾਈਆਂ ਕਾਰਨ ਮੈਂ ਮੇਰੀ ਵਿਚ ਪਿਆ ਰਹਿੰਦਾ ਹੈ :

ਦਾਤਿ ਜੋਤਿ ਸਭ ਸੂਰਤਿ ਤੇਰੀ॥
ਬਹੁਤੁ ਸਿਆਣਪ ਹਉਮੈ ਮੇਰੀ॥ *(ਅੰਗ ੧੨੫੧)*

ਚਤੁਰਾਈ ਤੇ ਸਿਆਣਪਾਂ ਦਾ ਮਾਣ ਕਰਨ ਵਾਲੇ ਪ੍ਰਾਣੀ ਨੂੰ ਰਾਗੁ ਆਸਾ ਵਿਚ ਆਪ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਇਸ ਗੱਲ ਤੇ ਕਦੀ ਮਾਣ ਨਹੀਂ ਕਰਨਾ ਚਾਹੀਦਾ ਕਿ ਮੈਂ ਬੜਾ ਸਿਆਣਾ ਹਾਂ, ਮੈਂ ਸਭ ਕੁਝ ਜਾਣਦਾ ਹਾਂ। ਸਗੋਂ ਜੀਵ ਨੂੰ ਚਾਹੀਦਾ ਹੈ ਕਿ ਗੁਰੂ ਦੀ ਸ਼ਰਨ ਪੈ ਕੇ ਆਪਣੇ ਇਸ ਸਾਰੇ ਮਾਣ ਨੂੰ ਤਿਆਗ ਛੱਡੇ। ਅੰਤਰ

ਅਗਿਆਨਤਾ ਕਾਰਨ ਜੋ ਇਸ ਦੀ ਬੁੱਧੀ ਮਲੀਨ ਹੋ ਚੁੱਕੀ ਹੈ ਇਸ ਮੈਲ ਨੂੰ ਨਾਮ ਦੁਆਰਾ ਹੀ ਧੋਤਾ ਜਾ ਸਕਦਾ ਹੈ :

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥
ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ ॥

(ਅੰਗ ੪੪੧)

ਅਥਵਾ :

ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ ॥

(ਸਿਰੀਰਾਗੁ ਮਹਲਾ ੫, ਅੰਗ ੪੪)

ਆਪ ਜੀ ਦੇ ਇਕ ਹੋਰ ਬਚਨ ਹਨ :

ਛਾਡਿ ਸਿਆਨਪ ਬਹੁ ਚਤੁਰਾਈ ॥
ਗੁਰ ਪੂਰੇ ਕੀ ਟੇਕ ਟਿਕਾਈ ॥

(ਰਾਗੁ ਗਉੜੀ ਮਹਲਾ ੫, ਅੰਗ ੧੯੦)

ਰਾਗੁ ਗਉੜੀ ਵਿਚ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ ਕਿ ਜਿਨ੍ਹਾਂ ਜਿਨ੍ਹਾਂ ਨੇ ਗੁਰੂ ਦੇ ਸ਼ਬਦ ਰਾਹੀਂ ਮਾਲਕ ਪ੍ਰਭੂ ਦੀ ਸਿਫ਼ਤ-ਸਾਲਾਹ ਕੀਤੀ ਹੈ, ਉਸਦਾ ਓਟ ਆਸਰਾ ਲਿਆ ਹੈ ਉਨ੍ਹਾਂ ਦੇ ਮਨਾਂ ਅੰਦਰੋਂ ਚਤੁਰਾਈ ਵਾਲੀ ਭਾਵਨਾ ਦੂਰ ਹੋ ਜਾਂਦੀ ਹੈ :

ਬਲ ਬੁਧਿ ਸਿਆਨਪ ਹਉਮੈ ਰਹੀ ॥
ਹਰਿ ਸਾਧ ਸਰਣਿ ਨਾਨਕ ਗਹੀ ॥ *(ਅੰਗ ੨੧੧)*

ਇਸ ਪ੍ਰਕਾਰ ਚਤੁਰਾਈਆਂ ਅਤੇ ਸਿਆਣਪਾਂ ਨੂੰ ਤਿਆਗਣ ਨਾਲ ਮਨ ਵਿਚੋਂ ਹਉਮੈ ਜਾਂਦੀ ਰਹਿੰਦੀ ਹੈ ਅਤੇ ਸਾਰੀਆਂ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ :

ਤਜੀ ਸਿਆਨਪ ਚਿੰਤ ਵਿਸਾਰੀ
ਅਹੰ ਛੋਡਿਓ ਹੈ ਤਿਆਗਿ ॥

(ਰਾਗੁ ਜੈਤਸਰੀ ਮਹਲਾ ੫, ਅੰਗ ੭੦੧)

ਜੋ ਪ੍ਰਾਣੀ ਉਸ ਦੀ ਰਜ਼ਾ ਵਿਚ ਰਹਿੰਦਾ ਹੈ ਉਸਦੇ ਹੁਕਮ ਵਿਚ ਵਿਚਰਦਾ ਹੈ ਉਹ ਮਨੁੱਖ ਸਿਆਣਾ ਅਤੇ ਇੱਜ਼ਤ-ਮਾਣ ਵਾਲਾ ਹੈ :

ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥

(ਰਾਗੁ ਮਾਝ ਮਹਲਾ ੫, ਅੰਗ ੧੦੮)

ਅਥਵਾ :

ਰੂਪਵੰਤੁ ਸੋ ਚਤੁਰੁ ਸਿਆਣਾ ॥
ਜਿਨਿ ਜਿਨਿ ਮਾਨਿਆ ਪ੍ਰਭ ਕਾ ਭਾਣਾ ॥

(ਰਾਗੁ ਗਉੜੀ ਮਹਲਾ ੫, ਅੰਗ ੧੯੮)

ਰਾਗੁ ਗਉੜੀ ਵਿਚ ਆਪ ਜੀ ਦੇ ਇਕ ਹੋਰ ਬਚਨ ਹਨ :

ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ ॥ *(ਅੰਗ ੨੯੭)*

ਭਾਵ ਜਿਸ ਨੇ ਆਪਣੇ ਮਨ ਵਿਚੋਂ ਹਉਮੈ ਅਤੇ ਹੰਕਾਰ ਦਾ ਤਿਆਗ ਕਰ ਦਿੱਤਾ ਹੈ ਉਹੀ ਮਨੁੱਖ ਅਸਲੀ ਅਰਥਾਂ ਵਿਚ ਚਤੁਰ, ਸਿਆਣਾ ਅਤੇ ਸੁਚੱਜੀ ਮੱਤ ਵਾਲਾ ਹੈ।

ਰਾਗੁ ਮਾਰੂ ਸੋਲਹੇ ਵਿਚ ਵੀ ਆਪ ਜੀ ਦਾ ਫ਼ਰਮਾਨ ਹੈ ਕਿ ਉਹ ਮਨੁੱਖ ਸਿਆਣਾ, ਸੋਹਣਾ ਅਤੇ ਅਕਲ ਵਾਲਾ ਹੈ ਜੋ ਪ੍ਰਭੂ ਨੂੰ ਚੰਗਾ ਲਗਦਾ ਹੈ :

ਚਤੁਰੁ ਸਰੂਪੁ ਸਿਆਣਾ ਸੋਈ ਜੋ ਮਨਿ ਤੇਰੈ ਭਾਵੀਜਾ ਹੇ ॥ *(ਅੰਗ ੧੦੭੪)*

ਸ਼ੇਖ ਫਰੀਦ ਜੀ ਇਸ ਵਿਚਾਰ ਨੂੰ ਲੈ ਕੇ ਇਹ ਕਾਮਨਾ ਕਰ ਰਹੇ ਹਨ ਕਿ ਹੇ ਪ੍ਰਾਣੀ! ਜੇ ਤੂੰ ਅਕਲਮੰਦ ਅਤੇ ਸੂਝਵਾਨ ਹੈਂ ਤਾਂ ਦੂਜਿਆਂ ਦੇ ਬੁਰੇ ਕੰਮਾਂ ਦੀ ਪੜਚੋਲ ਨਾ ਕਰ ਸਗੋਂ ਆਪਣੀ ਬੁੱਕਲ ਵਿਚ ਝਾਤੀ ਮਾਰ ਕੇ ਦੇਖ ਕਿ ਤੂੰ ਕਿਹੋ ਜਿਹੇ ਕਰਮ ਕਰਦਾ ਹੈਂ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖੁ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥

(ਸਲੋਕ ਨੰਬਰ ੬, ਅੰਗ ੧੩੭੮)

ਇਸ ਲਈ ਮਨ 'ਚੋਂ ਇਸ ਭਾਵਨਾ ਨੂੰ ਤਿਆਗਣਾ ਚਾਹੀਦਾ ਹੈ ਕਿ ਮੈਂ ਸਭ ਕੁਝ ਕਰਨ ਦੇ ਸਮਰੱਥ ਹਾਂ ਜਾਂ ਮੈਂ ਬੜਾ ਸਿਆਣਾ ਹਾਂ। ਆਪਾ-ਭਾਵ ਗੁਆ ਕੇ ਮਨ ਵਿਚ ਸੇਵਕਾਂ ਵਾਲੀ ਭਾਵਨਾ ਰੱਖ ਕੇ ਹੀ ਗੁਰੂ ਦੇ ਦਰ ਤੇ ਪਰਵਾਨ ਹੋਈਦਾ ਹੈ ਅਤੇ ਫਿਰ ਮਨ-ਇੱਛਤ ਫਲ ਪ੍ਰਾਪਤ ਹੁੰਦੇ ਹਨ :

ਸਗਲ ਸਿਆਨਪ ਛਾਡਿ ॥
ਕਰਿ ਸੇਵਾ ਸੇਵਕ ਸਾਜਿ ॥
ਅਪਨਾ ਆਪੁ ਸਗਲ ਮਿਟਾਇ ॥
ਮਨ ਚਿੰਦੇ ਸੇਈ ਫਲ ਪਾਇ ॥

(ਰਾਗੁ ਰਾਮਕਲੀ ਮਹਲਾ ੫, ਅੰਗ ੮੯੫)

ਇਸ ਸਾਰੀ ਵਿਚਾਰ ਤੋਂ ਇਹ ਸਿੱਟਾ ਨਹੀਂ ਕੱਢ ਲੈਣਾ ਚਾਹੀਦਾ ਕਿ ਗੁਰਮਤਿ ਪੜ੍ਹਨ ਲਿਖਣ ਜਾਂ ਵਿਦਿਆ ਪ੍ਰਾਪਤ ਕਰਨ ਦੇ ਵਿਰੁੱਧ ਹੈ। ਗੁਰਬਾਣੀ ਤਾਂ ਸੇਧ ਦਿੰਦੀ ਹੈ :

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥

(ਰਾਗੁ ਆਸਾ ਮਹਲਾ ੧, ਅੰਗ ੩੫੬)

ਭਾਵ ਜੋ ਵਿਦਿਆ ਪ੍ਰਾਪਤ ਕਰਕੇ ਦੂਜਿਆਂ ਤੇ ਪਰਉਪਕਾਰ ਅਤੇ ਭਲਾਈ ਕਰਦੇ ਹਨ ਉਹ ਮਨੁੱਖ ਹੀ ਅਸਲੀ ਵਿਚਾਰਵਾਨ ਹਨ। ਰਾਗੁ ਆਸਾ ਦੀ ਵਾਰ ਵਿਚ ਵੀ ਆਪ ਜੀ ਦਾ ਫ਼ਰਮਾਨ ਹੈ :

ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ *(ਅੰਗ ੪੬੭)*

ਪ੍ਰੰਤੂ ਉਹ ਪੜ੍ਹਿਆ ਲਿਖਿਆ ਮਨੁੱਖ ਮੂਰਖ ਅਤੇ ਅਗਿਆਨੀ ਹੈ ਜਿਸ ਅੰਦਰ ਲੋਭ, ਲਾਲਚ ਅਤੇ ਹੰਕਾਰ ਹੈ :

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥

(ਰਾਗੁ ਮਾਝ ਕੀ ਵਾਰ ਮਹਲਾ ੧, ਅੰਗ ੧੪੦)

(69)

ਸੂਰਮਾ

ਸੂਰਮਾ ਸ਼ਬਦ ਤੋਂ ਭਾਵ ਹੈ ਉਹ ਪ੍ਰਾਣੀ ਜੋ ਬਾਹੂ-ਬਲ ਦਾ ਮਾਲਕ ਹੋਵੇ। ਜਿਸ ਦੀਆਂ ਭੁਜਾਂ ਵਿਚ ਤਾਕਤ ਹੋਵੇ। ਜੋ ਯੁੱਧ ਵਿਚ ਦੁਸ਼ਮਨ ਦੇ ਛੱਕੇ ਛੁਡਾ ਦੇਵੇ। ਗੁਰਬਾਣੀ ਅਜਿਹੇ ਪ੍ਰਾਣੀ ਨੂੰ ਸੂਰਮਾ ਨਹੀਂ ਗਰਦਾਨਦੀ ਜੋ ਲਿੱਸਿਆਂ ਜਾਂ ਕਮਜ਼ੋਰਾਂ ਦੇ ਹੱਕ ਖੋਹਣ ਲਈ ਉਨ੍ਹਾਂ ਤੇ ਵਧੀਕੀਆਂ ਜਾਂ ਅੱਤਿਆਚਾਰ ਕਰੇ।

ਸੂਰਮੇ ਤਾਂ ਆਪਣੇ ਕੌਲ ਦੇ ਪੱਕੇ ਹੁੰਦੇ ਹਨ। ਆਪਣੇ ਬਚਨਾਂ ਦੀ ਪਾਲਣਾ ਕਰਦੇ ਹਨ ਅਤੇ ਸ਼ਰਨ ਪਿਆਂ ਦੀ ਬਾਂਹ ਫੜਦੇ ਹਨ :

ਹਉ ਬਲਿਹਾਰੀ ਸਤਿਗੁਰ ਪੂਰੇ॥
ਸਰਣਿ ਕੇ ਦਾਤੇ ਬਚਨ ਕੇ ਸੂਰੇ॥

(ਰਾਗੁ ਮਾਰੂ ਸੋਹਲੇ ਮਹਲਾ ੫, ਅੰਗ ੧੦੭੩)

ਗੁਰੂ ਪੰਚਮ ਪਾਤਸ਼ਾਹ ਦੀਆਂ ਇਹ ਤੁਕਾਂ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਤੇ ਇਨ-ਬਿਨ ਢੁਕਦੀਆਂ ਹਨ ਜਿਨ੍ਹਾਂ ਨੇ ਸ਼ਰਣ ਆਇਆਂ ਦੀ ਬਾਂਹ ਫੜੀ। ਬਚਨਾਂ ਦੇ ਪੂਰੇ ਅਤੇ ਕਥਨੀ ਦੇ ਸੂਰੇ ਗੁਰੂ ਨੇ ਦੀਨ ਤੇ ਦੁਖੀਆਂ ਦੀ ਇੱਜ਼ਤ ਤੇ ਆਬਰੂ ਨੂੰ ਬਚਾਉਣ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ ਅਤੇ ਹਿੰਦ ਦੀ ਚਾਦਰ ਬਣੇ। ਅਜਿਹੇ ਸਤਿਗੁਰੂ ਹੀ ਅਸਲੀ ਅਰਥਾਂ ਵਿਚ ਸੂਰਮੇ ਹਨ। ਭੱਟ ਚਾਂਦ ਜੀ ਨੇ ਆਪ ਦੀ ਸੂਰਮਗਤੀ ਦੇ ਸੋਲਹੇ ਇਸ ਪ੍ਰਕਾਰ ਗਾਏ :

ਬਾਂਹਿ ਜਿਨ੍ਹਾਂ ਦੀ ਪਕੜੀਏ ਸਿਰ ਦੀਜੈ ਬਾਂਹਿ ਨ ਛੋੜੀਏ।
ਗੁਰੂ ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਏ।

ਭਗਤ ਕਬੀਰ ਜੀ ਦਾ ਰਾਗੁ ਮਾਰੂ ਵਿਚ ਕਥਨ ਹੈ ਕਿ ਜੋ ਧਰਮ ਅਤੇ ਗ਼ਰੀਬ ਕਮਜ਼ੋਰਾਂ ਦੀ ਖ਼ਾਤਰ ਲੜਦਾ ਹੋਇਆ ਪੁਰਜ਼ਾ ਪੁਰਜ਼ਾ ਕੱਟ ਮਰਦਾ ਹੈ ਪਰ ਉਨ੍ਹਾਂ ਦੀ ਬਾਂਹ ਨਹੀਂ ਛੱਡਦਾ, ਉਹ ਸੂਰਮਾ ਹੈ। ਗ਼ਰੀਬਾਂ ਲਈ ਲੜਦਾ ਹੋਇਆ ਅਜਿਹਾ ਸੂਰਮਾ ਆਪਣੀ ਜਾਨ ਬਚਾਉਣ ਲਈ ਰਣ-ਭੂਮੀ 'ਚੋਂ ਕਦੀ ਪਿਛਾਂਹ ਨਹੀਂ ਹੱਟਦਾ :

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

(ਅੰਗ ੧੧੦੫)

ਜੇਕਰ ਗੁਰ-ਇਤਿਹਾਸ ਦੇ ਪੰਨਿਆਂ ਨੂੰ ਪਰਤ ਕੇ ਦੇਖਿਆ ਜਾਏ ਤਾਂ ਇਹ ਗੱਲ ਸਹਿਜੇ ਹੀ ਅਨੁਭਵ ਕੀਤੀ ਜਾ ਸਕਦੀ ਹੈ ਕਿ ਇਹ ਸਿੱਖ ਸੂਰਮਿਆਂ ਦੀਆਂ ਅਮਰ ਕਹਾਣੀਆਂ ਨਾਲ ਭਰਿਆ ਪਿਆ ਹੈ ਜੋ ਗੁਰੂ ਬਾਬੇ ਦੇ ਇਨ੍ਹਾਂ ਬਚਨਾਂ ਤੇ ਪੂਰੇ ਉਤਰੇ :

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਅੰਗ ੧੪੧੨)

ਧਰਮ ਦੀ ਰੱਖਿਆ ਲਈ ਅਨਿਆਂ ਵਿਰੁੱਧ ਜੂਝਦੇ ਹੋਏ ਇਨ੍ਹਾਂ ਸੂਰਬੀਰਾਂ ਨੇ ਗੁਰੂ ਦਾਤੇ ਦੇ ਦੱਸੇ ਮਾਰਗ ਤੇ ਚਲਦੇ ਹੋਏ ਹੱਸ-ਹੱਸ ਕਰਦਿਆਂ ਸ਼ਹਾਦਤ ਦਾ ਜਾਮ [illegible]ਤਾ। ਬੰਦ-ਬੰਦ ਕਟਵਾਏ, ਆਰਿਆਂ ਨਾਲ ਚੀਰੇ ਗਏ ਪਰ ਉਹ ਡੋਲੇ ਨਹੀ . ਸੰਸਾਰ ਦੇ ਇਤਿਹਾਸ ਵਿਚ ਇਹ ਇਕ ਨਵੀਂ ਗਾਥਾ ਸੀ ਜਦੋਂ ਕਿਸੇ ਰਹਿਬਰ ਨੇ ਮਨੁੱਖਤਾ ਰੂਪੀ ਫੁਲਵਾੜੀ ਨੂੰ ਹਰਿਆ ਭਰਿਆ ਰੱਖਣ ਲਈ ਆਪਣੇ ਸਰਬੰਸ ਦੇ ਖ਼ੂਨ ਨਾਲ ਸਿੰਜਿਆ ਅਤੇ ਸਰਬੰਸ ਦਾਨੀ ਬਣੇ। ਇਹ ਮਾਣ ਕੇਵਲ ਤੇ ਕੇਵਲ ਵਰਿਆਮ, ਮਰਦ-ਅਗੰਮੜਾ ਅਤੇ ਸਾਹਿਬ-ਏ-ਕਮਾਲ ਦਸਮੇਸ਼ ਪਿਤਾ ਨੂੰ ਪ੍ਰਾਪਤ ਹੈ ਜੋ ਧਰਮ ਯੁੱਧ ਲਈ ਜੀਵਨ ਭਰ ਜੂਝਦੇ ਰਹੇ :

ਦਸਮ ਕਥਾ ਭਗੌਤ ਕੀ ਭਾਖਾ ਕਰੀ ਬਨਾਇ॥
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ॥

(ਕ੍ਰਿਸ਼ਨਾਵਤਾਰ, ਦਸਮ ਗ੍ਰੰਥ)

ਗੁਰੂ ਅਰਜਨ ਦੇਵ ਜੀ ਦੇ ਰਾਗੁ ਬਸੰਤੁ ਵਿਚ ਬਚਨ ਹਨ ਕਿ ਜਿਵੇਂ ਸ਼ੇਰ ਮਾਸਾਹਾਰੀ ਭੋਜਨ ਖਾ ਕੇ ਬੜਾ ਖ਼ੁਸ਼ ਹੁੰਦਾ ਹੈ ਇਸੇ ਤਰ੍ਹਾਂ ਯੁੱਧ ਨੂੰ ਵੇਖ ਕੇ ਸੂਰਮੇ ਨੂੰ ਬੜਾ ਜੋਸ਼ ਆਉਂਦਾ ਹੈ :

ਸਿੰਘ ਰੁਚੈ ਸਦ ਭੋਜਨੁ ਮਾਸ॥
ਰਣੁ ਦੇਖਿ ਸੂਰੇ ਚਿਤ ਉਲਾਸ॥

(ਅੰਗ ੧੧੮੦)

ਪੁਰਾਤਨ ਸ਼ਾਸਤਰਾਂ ਅਨੁਸਾਰ ਮਨੁੱਖਾ ਜਾਤੀ ਨੂੰ ਚਾਰ ਵਰਣਾਂ ਵਿਚ ਵੰਡਿਆ ਗਿਆ ਸੀ ਜਿਸ ਵਿਚ ਦੂਜਾ ਅਸਥਾਨ ਖੱਤ੍ਰੀ ਵੰਸ਼ ਨੂੰ ਪ੍ਰਾਪਤ ਹੈ ਜਿਨ੍ਹਾਂ ਦਾ ਕੰਮ ਯੁੱਧ ਵਿਚ ਆਪਣੀ ਸੂਰਮਗਤੀ ਦੇ ਜੌਹਰ ਦਿਖਾਉਣਾ ਹੁੰਦਾ ਸੀ। ਖੱਤ੍ਰੀ ਸ਼ਬਦ ਦਾ ਅੱਖਰੀਂ ਅਰਥ ਹੈ ਯੋਧਾ, ਸੂਰਬੀਰ। ਅਧਿਆਤਮਿਕ ਪੱਖ ਤੋਂ ਉਹ ਮਨੁੱਖ ਖੱਤ੍ਰੀ ਹੈ ਜੋ ਕਾਮਾਦਿਕ ਵੈਰੀਆਂ ਨੂੰ ਮਾਰ ਮੁਕਾਉਣ ਲਈ ਨੇਕ ਕੰਮ ਕਰਨ ਵਾਲਾ ਸੂਰਮਾ ਖੱਤ੍ਰੀ ਬਣਦਾ ਹੈ ਅਤੇ ਹੋਰਨਾਂ ਦੇ ਭਲੇ ਲਈ ਜੀਵਨ ਨੂੰ ਲੇਖੇ ਲਾਉਂਦਾ ਹੈ :

ਖਤ੍ਰੀ ਸੋ ਜੁ ਕਰਮਾ ਕਾ ਸੂਰੁ॥
ਪੁੰਨ ਦਾਨ ਕਾ ਕਰੈ ਸਰੀਰੁ॥

(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਅੰਗ ੧੪੧੧)

ਜਦੋਂ ਮਨੁੱਖ ਤੇ ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ ਤਾਂ ਉਸ ਵਿਚ ਅਜਿਹਾ ਆਤਮਿਕ ਬਲ ਪੈਦਾ ਹੁੰਦਾ ਹੈ ਕਿ ਵਿਸ਼ੇ-ਵਿਕਾਰ ਉਸ ਤੇ ਜ਼ੋਰ ਨਹੀਂ ਪਾ ਸਕਦੇ। ਇਹ ਉਹ ਅਵਸਥਾ ਹੈ ਜਦੋਂ ਮਨੁੱਖ ਅੰਦਰ ਕੇਵਲ ਇਕ ਪ੍ਰਭੂ ਦਾ ਹੀ ਵਾਸਾ ਹੁੰਦਾ ਹੈ। ਅਜਿਹੀ ਅਵਸਥਾ ਵਾਲੇ ਮਨੁੱਖ ਨੂੰ ਯੋਧਾ, ਮਹਾਂਬਲੀ ਜਾਂ ਸੂਰਮਾ ਕਿਹਾ ਜਾ ਸਕਦਾ ਹੈ :

ਕਰਮ ਖੰਡ ਕੀ ਬਾਣੀ ਜੋਰੁ॥
ਤਿਥੈ ਹੋਰੁ ਨ ਕੋਈ ਹੋਰੁ॥

ਤਿਥੈ ਜੋਧ ਮਹਾਬਲ ਸੂਰ॥
ਤਿਨ ਮਹਿ ਰਾਮੁ ਰਹਿਆ ਭਰਪੂਰ॥ *(ਜਪੁ ਜੀ, ਪਉੜੀ ੩੭)*

ਅਥਵਾ :

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥
(ਰਾਗੁ ਧਨਾਸਰੀ ਮਹਲਾ ੫, ਅੰਗ ੬੭੯)

ਭਾਵ ਇਸ ਜਗਤ ਵਿਚ ਜੋ ਪ੍ਰਭੂ ਦੇ ਨਾਮ ਵਿਚ ਰੰਗਿਆ ਹੋਇਆ ਹੈ, ਜਿਸ ਦੀ ਸੁਰਤੀ ਪ੍ਰਭੂ ਚਰਨਾਂ ਵਿਚ ਜੁੜੀ ਹੋਈ ਹੈ, ਉਹ ਅਸਲੀ ਅਰਥਾਂ ਵਿਚ ਸੂਰਮਾ ਹੈ।

ਪ੍ਰੰਤੂ ਮਨੁੱਖ ਕਿੰਨਾ ਵੀ ਸੂਰਮਾ ਜਾਂ ਬਹਾਦਰ ਕਿਉਂ ਨਾ ਹੋਵੇ ਜੇਕਰ ਉਸਦੇ ਮਨ ਅੰਦਰ ਹੰਕਾਰ ਹੈ ਤਾਂ ਉਸ ਨੂੰ ਸੂਰਬੀਰ ਨਹੀਂ ਕਿਹਾ ਜਾ ਸਕਦਾ। ਅਜਿਹੇ ਮਨੁੱਖ ਤਾਂ ਸਦਾ ਦੁੱਖ ਹੀ ਭੋਗਦੇ ਹਨ ਅਤੇ ਖਪ-ਖਪ ਕੇ ਮਰਦੇ ਹਨ :

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ॥
(ਮਾਰੂ ਕੀ ਵਾਰ ਮਹਲਾ ੩, ਅੰਗ ੧੦੮੯)

ਸਿਰੀ ਰਾਗੁ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦਾ ਫ਼ਰਮਾਨ ਹੈ ਕਿ ਉਹ ਮਨੁੱਖ ਬਹਾਦਰ ਸੂਰਮਾ ਹੈ ਜਿਸ ਨੇ ਮਨ ਵਿਚੋਂ ਹੰਕਾਰ ਜੋ ਮਨੁੱਖ ਦਾ ਵੈਰੀ ਹੈ, ਨੂੰ ਮਾਰ ਮੁਕਾਇਆ ਹੈ।

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥
(ਪੰਨਾ ੮੬)

ਰਾਗੁ ਮਾਰੂ ਸੋਲਹੇ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ ਕਿ ਜੋ ਮਨੁੱਖ ਪੂਰੇ ਗੁਰੂ ਦੇ ਸ਼ਬਦ ਨੂੰ ਕਮਾਉਂਦਾ ਹੈ ਉਹ ਪ੍ਰਾਣੀ ਸੂਰਮਾ ਹੈ :

ਸਤ ਸੰਤੋਖੀ ਸਤਿਗੁਰੁ ਪੂਰਾ॥
ਗੁਰ ਕਾ ਸਬਦੁ ਮਨੇ ਸੋ ਸੂਰਾ॥ *(ਅੰਗ ੧੦੨੩)*

ਰਾਗੁ ਮਾਰੂ ਸੋਲਹੇ ਵਿਚ ਹੀ ਆਪ ਜੀ ਦਾ ਇਕ ਹੋਰ ਬਚਨ ਹੈ :

ਸਬਦਿ ਮਿਲਾਏ ਗੁਰਮਤਿ ਸੂਰਾ॥ *(ਅੰਗ ੧੦੪੩)*

ਭਾਵ ਜੋ ਗੁਰੂ ਦੇ ਦੱਸੇ ਮਾਰਗ ਤੇ ਚਲਦਾ ਹੈ ਗੁਰੂ ਅਜਿਹੇ ਪ੍ਰਾਣੀ ਨੂੰ ਆਪਣੇ ਸ਼ਬਦ ਨਾਲ ਜੋੜ ਲੈਂਦਾ ਹੈ ਜਿਸ ਸਦਕਾ ਫਿਰ ਅਜਿਹਾ ਸਾਧਕ ਸੂਰਮਾ ਵਿਕਾਰਾਂ ਦਾ ਟਾਕਰਾ ਕਰਨ ਦੇ ਸਮਰੱਥ ਹੋ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਰਾਮਕਲੀ ਵਿਚ ਵੀ ਬਚਨ ਹਨ ਕਿ ਨਾਮ ਦਾ ਰਸੀਆ ਸੂਰਬੀਰ ਪ੍ਰਾਣੀ ਚੰਗੀ ਮੱਤ ਤੇ ਧੀਰਜ ਵਾਲਾ ਹੁੰਦਾ ਹੈ ਜਿਸ ਕਰਕੇ ਉਹ ਸਦਾ ਆਤਮਿਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ :

ਸੂਰਬੀਰ ਧੀਰਜ ਮਤਿ ਪੂਰਾ॥
ਸਹਜ ਸਮਾਧਿ ਧੁਨਿ ਗਹਿਰ ਗੰਭੀਰਾ॥ *(ਅੰਗ ੮੯੦-੯੧)*

ਵੱਡੀ ਤੋਂ ਵੱਡੀ ਮੁਸ਼ਕਲ ਜਾਂ ਮੁਸੀਬਤ ਕਿਉਂ ਨਾ ਆ ਜਾਵੇ, ਸੂਰਬੀਰ ਆਪਣੇ ਕੀਤੇ ਕੌਲ ਜਾਂ ਬਚਨਾਂ ਨੂੰ ਨਿਭਾਉਂਦੇ ਹਨ :

ਸੂਰਬੀਰ ਬਚਨ ਕੇ ਬਲੀ॥ *(ਰਾਗੁ ਆਸਾ ਮਹਲਾ ੫, ਅੰਗ ੩੯੨)*

ਕਉਲਾ ਬਪੁਰੀ ਸੰਤੀ ਛਲੀ॥੩॥

ਦਸ਼ਮੇਸ਼ ਪਿਤਾ ਨੇ ਪਹਾੜੀ ਰਾਜਿਆਂ ਅਤੇ ਮੁਗ਼ਲ ਫ਼ੌਜਾਂ ਵਲੋਂ ਕੀਤੇ ਕੌਲਾਂ ਅਤੇ ਕਸਮਾਂ ਤੇ ਵਿਸ਼ਵਾਸ ਕਰਕੇ ਅਨੰਦਪੁਰ ਨੂੰ ਛੱਡਿਆ ਪ੍ਰੰਤੂ ਉਹ ਕਾਇਰ ਆਪਣੀਆਂ ਖਾਧੀਆਂ ਕਸਮਾਂ 'ਤੇ ਪੂਰੇ ਨਾ ਉਤਰੇ।

ਜਿਨ੍ਹਾਂ ਨੇ ਪ੍ਰਭੂ ਦੇ ਨਾਮ ਦੀ ਸਿਫ਼ਤ-ਸਾਲਾਹ ਕੀਤੀ ਹੈ ਉਹ ਮਰ ਕੇ ਵੀ ਜੀਉਂਦੇ ਹਨ ਭਾਵ ਪ੍ਰਭੂ ਦੀਆਂ ਨਜ਼ਰਾਂ ਵਿਚ ਉਹ ਕਬੂਲ ਹੋ ਕੇ ਮਰਦੇ ਹਨ। ਮਰਨ ਉਪਰੰਤ ਉਨ੍ਹਾਂ ਦੀ ਲੋਕ ਪਰਲੋਕ ਵਿਚ ਸੋਭਾ ਹੁੰਦੀ ਹੈ। ਇੱਜ਼ਤ ਤੇ ਮਾਣ ਮਿਲਦਾ ਹੈ ਅਤੇ ਸੂਰਮੇ ਕਰਕੇ ਸਾਲਾਹੇ ਜਾਂਦੇ ਹਨ :

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥

(ਰਾਗੁ ਵਡਹੰਸੁ, ਮਹਲਾ ੧, ਅੰਗ ੫੭੯-੮੦)

ਅਥਵਾ :

ਸੋਈ ਚਤੁਰੁ ਸਿਆਣਾ ਪੰਡਿਤੁ ਸੋ ਸੂਰਾ ਸੋ ਦਾਨਾਂ॥
ਸਾਧਸੰਗਿ ਜਿਨਿ ਹਰਿ ਹਰਿ ਜਪਿਓ ਨਾਨਕ ਸੋ ਪਰਵਾਨਾ॥

(ਰਾਗੁ ਸਾਰਗ ਮਹਲਾ ੫, ਅੰਗ ੧੨੨੧)

ਇਸ ਪ੍ਰਕਾਰ ਨਾਮ-ਰਸ ਵਿਚ ਰੰਗੇ ਹੋਏ ਅਤੇ ਦੂਜਿਆਂ ਦੀ ਰੱਖਿਆ ਕਰਦੇ ਹੋਏ ਆਪਾ ਵਾਰਨ ਵਾਲੇ ਹੀ ਸੂਰਮੇ ਅਤੇ ਯੋਧੇ ਹੋ ਸਕਦੇ ਹਨ। ਉਹ ਕੇਵਲ ਉਸ ਵੇਲੇ ਹੀ ਤਾਕਤ ਦੀ ਵਰਤੋਂ ਕਰਦੇ ਹਨ ਜਦੋਂ ਸ਼ਾਂਤੀ ਦੇ ਸਾਰੇ ਹੀਲੇ-ਵਸੀਲੇ ਅਸਫਲ ਹੋ ਜਾਣ। ਦਸਮੇਸ਼ ਪਿਤਾ ਜੀ ਨੇ ਇਸ ਗੱਲ ਦਾ ਜ਼ਿਕਰ 'ਫਤਿਹ ਦਾ ਪੱਤ੍ਰ' (ਜ਼ਫ਼ਰਨਾਮਾ) ਜੋ ਔਰੰਗਜ਼ੇਬ ਨੂੰ ਲਿਖਿਆ ਸੀ, ਵਿਚ ਇਸ ਤਰ੍ਹਾਂ ਕੀਤਾ ਹੈ :

ਚੂ ਕਾਰ ਅਜ਼ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।

ਭਾਵ ਜਦੋਂ ਸ਼ਾਂਤੀ ਦੇ ਸਾਰੇ ਉਪਾਅ ਅਸਫ਼ਲ ਹੋ ਜਾਣ ਤਾਂ ਤਲਵਾਰ ਚੁੱਕਣਾ ਉਚਿਤ ਹੈ।

ਪ੍ਰੰਤੂ ਜੋ ਪ੍ਰਭੂ ਦੇ ਭੈ ਵਿਚ ਨਹੀਂ ਵਿਚਰਦੇ ਉਹ ਹੰਕਾਰ ਵਿਚ ਆ ਕੇ ਆਪਣੀ ਤਾਕਤ ਦੀ ਗ਼ਲਤ ਵਰਤੋਂ ਕਰਦੇ ਹਨ। ਉਹ ਜ਼ਾਲਮ ਤਾਂ ਹੋ ਸਕਦੇ ਹਨ ਪਰ ਸੂਰਮੇ ਨਹੀਂ। ਉਨ੍ਹਾਂ ਦਾ ਲਕਸ਼ ਗਰੀਬ ਤੇ ਲਿਤਾੜੇ ਹੋਇਆਂ ਦੀ ਰੱਖਿਆ ਕਰਨਾ ਨਹੀਂ ਹੁੰਦਾ ਸਗੋਂ ਉਨ੍ਹਾਂ ਦੀ ਬੇਬਸੀ ਅਤੇ ਲਾਚਾਰੀ ਦਾ ਫਾਇਦਾ ਉਠਾ ਕੇ ਉਨ੍ਹਾਂ ਦੀ ਲੁੱਟ-ਖਸੁੱਟ ਕਰਨਾ ਹੁੰਦਾ ਹੈ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੀ ਫ਼ੌਜ ਨੂੰ ਧਾੜਵੀ ਅਤੇ ਪਾਪ ਦੀ ਜੰਞ ਕਿਹਾ ਸੀ :

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥

(ਰਾਗੁ ਤਿਲੰਗ, ਪੰਨਾ ੭੨੨)

(70)

ਪ੍ਰਧਾਨ

ਵੱਖ-ਵੱਖ ਖੇਤਰਾਂ ਤੇ ਅਦਾਰਿਆਂ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ ਕਿਸੇ ਨਾ ਕਿਸੇ ਯੋਗ ਵਿਅਕਤੀ ਨੂੰ ਅਜਿਹੀਆਂ ਸੰਸਥਾਵਾਂ ਦਾ ਮੁਖੀ ਥਾਪਿਆ ਜਾਂਦਾ ਹੈ ਜਿਸਦੀ ਦੇਖ-ਰੇਖ ਹੇਠ ਸੰਸਥਾ ਠੀਕ ਢੰਗ ਨਾਲ ਕੰਮ ਕਰ ਸਕੇ। ਅਜਿਹੀ ਜ਼ਿੰਮੇਵਾਰੀ ਆਮ ਸਹਿਮਤੀ ਨਾਲ ਕਿਸੇ ਸੂਝਵਾਨ, ਸਿਆਣੇ ਅਤੇ ਨਿਰਪੱਖ ਵਿਅਕਤੀ ਨੂੰ ਸੌਂਪੀ ਜਾਂਦੀ ਸੀ। ਹੌਲੀ-ਹੌਲੀ ਸਮਾਜਿਕ ਤਬਦੀਲੀਆਂ ਦੇ ਨਾਲ-ਨਾਲ ਚੋਣ ਪ੍ਰਕਿਰਿਆ ਵਿਚ ਤਬਦੀਲੀ ਆਈ। ਸਿੱਟੇ ਵਜੋਂ ਧਰਮੀ, ਸੱਚੇ ਸੁੱਚੇ ਅਤੇ ਸੂਝ-ਬੂਝ ਵਾਲੇ ਲੋਕਾਂ ਦੀ ਥਾਂ ਰਾਜਨੀਤੀ ਵਿਚ ਚਤੁਰ ਲੋਕਾਂ ਦਾ ਹਰ ਪਾਸੇ ਬੋਲ-ਬਾਲਾ ਹੋਣ ਲੱਗਾ ਅਤੇ ਜੀਵਨ ਦੇ ਹਰ ਖੇਤਰ ਵਿਚ ਇਹ ਲੋਕ ਆਗੂ ਬਣ ਕੇ ਅੱਗੇ ਆਉਣ ਲੱਗੇ। ਇੰਜ ਮਨੁੱਖੀ ਕਦਰਾਂ-ਕੀਮਤਾਂ ਵਿਚ ਪਰਿਵਰਤਨ ਆਇਆ। ਮਨੁੱਖ ਨੈਤਿਕ ਕੀਮਤਾਂ ਗੁਆ ਕੇ ਦੁਨਿਆਵੀ ਲੋੜਾਂ ਪੂਰੀਆਂ ਕਰਨ ਲਈ ਮਾਇਆ ਲਈ ਨੱਠ-ਭੱਜ ਕਰਨ ਲੱਗਾ। ਅੱਜ ਸਾਡਾ ਇਹ ਹਾਲ ਹੈ ਕਿ ਜਗਤ ਵਿਚ ਆਉਣ ਦਾ ਅਸਲੀ ਲਕਸ਼ ਭੁਲ ਕੇ, ਅਸੀਂ ਮੋਹ ਮਾਇਆ, ਵਡਿਆਈਆਂ, ਚੌਧਰਾਂ ਜਾਂ ਪ੍ਰਧਾਨਗੀਆਂ ਪਿਛੇ ਦੌੜਦੇ ਫਿਰਦੇ ਹਾਂ।

ਮਨੁੱਖ ਦੀ ਇਸ ਦਸ਼ਾ ਨੂੰ ਦੇਖ ਕੇ ਗੁਰੂ ਅਰਜਨ ਦੇਵ ਜੀ ਸਿਰੀ ਰਾਗੁ ਵਿਚ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਮਾਇਆ ਤਾਂ ਬਿਨਸਨਹਾਰ ਹੈ ਭਾਵ ਮਾਇਆ ਸਾਥ ਨਿਭਣ ਵਾਲੀ ਨਹੀਂ ਅਤੇ ਨਾ ਹੀ ਦੁਨਿਆਵੀ ਵਡਿਆਈਆਂ ਕਿਸੇ ਕੰਮ ਆਉਂਦੀਆਂ ਹਨ। ਵੱਡਾ ਉਹ ਹੈ ਜਾਂ ਅਸਲੀ ਅਰਥਾਂ ਵਿਚ ਪ੍ਰਧਾਨ ਉਹ ਹੈ ਜਿਸ ਦੇ ਹਿਰਦੇ ਵਿਚ ਪ੍ਰਭੂ ਦੇ ਨਾਮ ਦਾ ਵਾਸਾ ਹੈ :

ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥
ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥
ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥ *(ਅੰਗ ੪੫)*

ਅਧਿਆਤਮਿਕ ਖੇਤਰ ਵਿਚ 'ਪ੍ਰਧਾਨ' ਤੋਂ ਅਰਥ ਹੈ ਸ੍ਰੇਸ਼ਟ, ਸੋਭਾ ਵਾਲਾ ਵਿਅਕਤੀ। ਉਹ ਉੱਤਮ ਮਨੁੱਖ ਜਿਸਦੀ ਲੋਕ ਪ੍ਰਲੋਕ ਦੋਨਾਂ ਜਹਾਨਾਂ ਵਿਚ ਵਾਹ-ਵਾਹ ਹੁੰਦੀ ਹੈ–ਆਦਰ, ਮਾਣ ਤੇ ਸਤਿਕਾਰ ਮਿਲਦਾ ਹੈ, ਉਹ ਪ੍ਰਧਾਨ ਹੈ :

ਜਿਨ ਮਨਿ ਵਸਿਆ ਪਾਰਬ੍ਰਹਮੁ ਸੇ ਪੂਰੇ ਪਰਧਾਨ ॥
ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ ॥

(ਸਿਰੀਰਾਗੁ ਮਹਲਾ ੫, ਅੰਗ ੪੫)

ਅਥਵਾ :

ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥
ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥

(ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੧੨-੧੩)

ਭਾਵ ਜੋ ਗੁਰੂ ਦੇ ਦੱਸੇ ਮਾਰਗ ਤੇ ਚਲਦੇ ਹਨ ਉਨ੍ਹਾਂ ਦੀ ਲਿਵ ਸੁਤਿਆਂ ਜਾਗਦਿਆਂ ਹਰ ਵੇਲੇ ਪ੍ਰਭੂ ਵਿਚ ਜੁੜੀ ਰਹਿੰਦੀ ਹੈ। ਅਜਿਹੇ ਪ੍ਰਾਣੀਆਂ ਨੂੰ ਪ੍ਰਧਾਨ ਜਾਂ ਸ੍ਰੇਸ਼ਟ ਆਖਿਆ ਜਾ ਸਕਦਾ ਹੈ।

ਵੱਡਿਆਂ ਅਹੁਦਿਆਂ ਦੀ ਪ੍ਰਾਪਤੀ, ਚੌਧਰ ਅਤੇ ਪ੍ਰਧਾਨਗੀਆਂ ਲਈ ਮਨੁੱਖ ਕੀ ਕੁਝ ਨਹੀਂ ਕਰਦਾ। ਆਪਣੇ ਈਮਾਨ ਤੇ ਜ਼ਮੀਰ ਨੂੰ ਵੇਚਦਾ ਹੈ। ਕਿੰਨੇ ਹੱਥਕੰਡੇ ਵਰਤਦਾ ਹੈ। ਦੂਜਿਆਂ ਦੀਆਂ ਖੁਸ਼ਾਮਦਾਂ ਅਤੇ ਚਾਪਲੂਸੀਆਂ ਕਰਦਾ ਹੈ। ਕਿੰਨੇ ਝੂਠੇ ਲਾਰੇ ਲਾਉਂਦਾ ਹੈ ਪਰ ਬਾਅਦ ਵਿਚ ਭੁੱਲ ਜਾਂਦਾ ਹੈ ਅਤੇ ਮਨ ਵਿਚ ਹਉਮੈ ਅਤੇ ਹੰਕਾਰ ਆ ਜਾਂਦਾ ਹੈ। ਗੁਰਬਾਣੀ ਅਜਿਹੇ ਮਨੁੱਖ ਨੂੰ ਪ੍ਰਧਾਨ ਨਹੀਂ ਗਰਦਾਨਦੀ। ਅਸਲੀ ਪ੍ਰਧਾਨ ਉਹ ਹੈ ਜਿਸਨੇ 'ਸਾਧਸੰਗਤ ਵਿਚ ਜਾ ਕੇ, ਮਨ ਵਿਚੋਂ ਅਭਿਮਾਨ ਨੂੰ ਤਿਆਗ ਦਿੱਤਾ ਹੈ। ਪਰਮਾਤਮਾ ਦੇ ਭੈ ਵਿਚ ਰਹਿ ਕੇ ਜੋ ਆਪਣੇ ਆਪ ਨੂੰ ਨੀਵਾਂ ਸਮਝਦੇ ਹਨ ਅਸਲ ਵਿਚ ਉਹ ਹੀ ਸਭ ਤੋਂ ਸ੍ਰੇਸ਼ਟ ਹਨ, ਉਹੀ ਪ੍ਰਧਾਨ ਹਨ :

ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ॥
ਸਾਧਸੰਗਿ ਜਾ ਕਾ ਮਿਟੈ ਅਭਿਮਾਨੁ॥
ਆਪਸ ਕਉ ਜੋ ਜਾਣੈ ਨੀਚਾ॥
ਸੋਊ ਗਨੀਐ ਸਭ ਤੇ ਊਚਾ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੬੬)

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ :

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥ *(ਅੰਗ ੪੭੦)*

ਰਾਗੁ ਆਸਾ ਵਿਚ ਗੁਰੂ ਰਾਮਦਾਸ ਜੀ ਦਾ ਕਥਨ ਹੈ ਕਿ ਜਿਹੜੇ ਪ੍ਰਾਣੀ ਪਰਮਾਤਮਾ ਦੀ ਸਿਫ਼ਤ-ਸਾਲਾਹ ਕਰਦੇ ਹਨ ਉਹ ਪਰਮਪਦ ਨੂੰ ਪ੍ਰਾਪਤ ਹੁੰਦੇ ਹਨ। ਉਹ ਜਗਤ ਵਿਚ ਪ੍ਰਧਾਨ ਭਾਵ ਸ੍ਰੇਸ਼ਟ ਵਿਅਕਤੀ ਕਰਕੇ ਜਾਣੇ ਜਾਂਦੇ ਹਨ :

ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ
ਤੇ ਊਤਮ ਜਨ ਪਰਧਾਨ ਜੀਉ॥ *(ਅੰਗ ੪੪੬)*

ਸਾਰਗ ਕੀ ਵਾਰ ਮਹਲਾ ੪ ਵਿਚ ਗੁਰੂ ਨਾਨਕ ਦੇਵ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦਾ ਬੜਾ ਸੁੰਦਰ ਫ਼ਰਮਾਨ ਹੈ ਕਿ ਜਿਨ੍ਹਾਂ ਨੇ ਸੱਚ ਨੂੰ ਆਪਣਾ ਇਸ਼ਟ ਬਣਾਇਆ ਹੈ, ਸੰਤੋਖ ਜਿਨ੍ਹਾਂ ਦਾ ਤੀਰਥ ਹੈ, ਪਰਮਾਤਮਾ ਦੇ ਚਰਨਾਂ ਵਿਚ ਸੁਰਤ ਜੋੜਣ ਨੂੰ ਜੋ ਤੀਰਥ ਇਸ਼ਨਾਨ ਸਮਝਦੇ ਹਨ, ਦਇਆ ਨੂੰ ਧਰਮ ਸਮਝ ਕੇ ਜੋ ਇਸ ਮਾਰਗ ਤੇ ਚਲਦੇ ਹਨ ਅਤੇ ਦੂਜਿਆਂ ਨੂੰ ਖਿਮਾ ਕਰਨਾ ਜਿਨ੍ਹਾਂ ਲਈ ਜਪਣੀ ਭਾਵ ਮਾਲਾ ਹੈ ਅਜਿਹੇ ਵਿਅਕਤੀ ਅਸਲ ਵਿਚ ਪ੍ਰਧਾਨ ਹਨ ਭਾਵ ਸ੍ਰੇਸ਼ਟ ਗੁਣਾਂ ਵਾਲੇ ਹਨ :

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥

(ਅੰਗ ੧੨੪੫)

ਜੋ ਸਤਿਗੁਰੂ ਦੀ ਦੱਸੀ ਸੇਵਾ ਕਰਦੇ ਹਨ, ਜੋ ਸਤਿਗੁਰੂ ਦੇ ਦੱਸੇ ਮਾਰਗ ਤੇ ਚਲਦੇ ਹੋਏ ਹਰ ਪ੍ਰਾਣੀ ਮਾਤਰ ਭਾਵ ਘਟ-ਘਟ ਵਿਚ ਬ੍ਰਹਮ ਨੂੰ ਦੇਖਦੇ ਹਨ ਉਹ ਪ੍ਰਧਾਨ ਤੇ

ਉੱਤਮ ਵਿਅਕਤੀ ਹਨ :

ਸਤਿਗੁਰ ਸੇਵਹਿ ਸੇ ਪਰਧਾਨਾ॥
ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ॥

(ਰਾਗੁ ਮਾਰੂ ਸੋਲਹੇ ਮਹਲਾ ੧, ਅੰਗ ੧੦੩੨)

ਅਥਵਾ :

ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ ਪਰਧਾਨ॥
ਜਿਨ ਕਉ ਆਪਿ ਦਇਆਲੁ ਹੋਇ ਤਿਨ ਉਪਜੈ ਮਨਿ ਗਿਆਨੁ॥

(ਸਿਰੀਰਾਗੁ ਮਹਲਾ ੫, ਅੰਗ ੪੫)

ਗੁਰਬਾਣੀ ਵਿਚ ਅਕਾਲ ਪੁਰਖ ਨੂੰ ਵੀ ਕਈ ਥਾਵਾਂ ਤੇ 'ਪਰਧਾਨ' ਕਰਕੇ ਸੰਬੋਧਨ ਕੀਤਾ ਗਿਆ ਹੈ। ਅਸਲ ਵਿਚ ਪ੍ਰਧਾਨ ਤਾਂ ਪਰਮਾਤਮਾ ਹੀ ਹੈ ਜੋ ਸਦਾ ਕਾਇਮ ਜਾਂ ਥਿਰ ਰਹਿਣ ਵਾਲਾ ਹੈ। ਗੁਰਵਾਕ ਹੈ :

ਰੂਪੁ ਸਤਿ ਜਾ ਕਾ ਸਤਿ ਅਸਥਾਨੁ॥
ਪੁਰਖੁ ਸਤਿ ਕੇਵਲ ਪਰਧਾਨੁ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੮੪)

ਮਾਲਕ ਪ੍ਰਭੂ ਤਾਂ ਸਰਬ-ਵਿਆਪਕ ਹੈ। ਘਟ ਘਟ ਦੀਆਂ ਜਾਣਨ ਵਾਲਾ ਅਤੇ ਸਭ ਤੋਂ ਸ਼੍ਰੋਮਣੀ ਹੈ। ਉਸ ਜੇਡਾ ਹੋਰ ਕੋਈ ਨਹੀਂ। ਹਰ ਥਾਂ ਉਸਦਾ ਹੀ ਹੁਕਮ ਚਲਦਾ ਹੈ। ਜਗਤ ਵਿਚ ਉਹੀ ਕੁਝ ਹੁੰਦਾ ਹੈ ਜੋ ਉਸ ਨੂੰ ਭਾਉਂਦਾ ਹੈ। ਉਹ ਤਾਂ ਫਿਰ ਸਭ ਦਾ 'ਪਰਧਾਨ' ਹੈ :

ਪੁਰਖੁ ਸੁਜਾਨੁ ਤੂੰ ਪਰਧਾਨੁ ਤੁਧੁ ਜੇਵਡੁ ਅਵਰੁ ਨ ਕੋਈ॥
ਤੇਰਾ ਸਬਦੁ ਸਭੁ ਤੂੰਹੈ ਵਰਤਹਿ ਤੂੰ ਆਪੇ ਕਰਹਿ ਸੁ ਹੋਈ॥

(ਰਾਗੁ ਆਸਾ ਮਹਲਾ ੪, ਅੰਗ ੪੪੮)

ਅਥਵਾ :

ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ॥

(ਰਾਗੁ ਆਸਾ ਮਹਲਾ ੧, ਅੰਗ ੪੩੭)

ਗੁਰੂ ਅਰਜਨ ਦੇਵ ਜੀ ਦੇ ਰਾਗੁ ਰਾਮਕਲੀ ਵਿਚ ਬਚਨ ਹਨ ਕਿ ਪਰਮਾਤਮਾ ਸਿਆਣਾ ਅਤੇ ਸੁਜਾਨ ਹੈ। ਉਹ ਸਭ ਤੋਂ ਉੱਪਰ ਹੈ। ਉਸਦਾ ਨਾਮ ਆਤਮਿਕ ਜੀਵਨ ਦੇਣ ਵਾਲਾ ਹੈ :

ਸੁਘੜ ਸੁਜਾਨਾ ਸਦ ਪਰਧਾਨਾ ਅੰਮ੍ਰਿਤੁ ਹਰਿ ਕਾ ਨਾਮਾ॥

(ਅੰਗ ੯੨੪)

ਸ਼ਬਦ ਦੀ ਆਖ਼ਰੀ ਤੁਕ ਹੈ :

ਕਹੁ ਨਾਨਕ ਥਿਰੁ ਤਖਤਿ ਨਿਵਾਸੀ ਸਚੁ ਤਿਸੈ ਦੀਬਾਣੋ॥

(ਅੰਗ ੯੨੪)

ਭਾਵ ਸਦਾ ਥਿਰ ਰਹਿਣ ਵਾਲਾ ਪਰਮਾਤਮਾ ਆਪਣੇ ਤਖ਼ਤ ਤੇ ਸਦਾ ਟਿਕਿਆ ਰਹਿੰਦਾ ਹੈ। ਉਸਦਾ ਦਰਬਾਰ ਸਦਾ ਕਾਇਮ ਰਹਿਣ ਵਾਲਾ ਹੈ ਭਾਵ ਉਹ ਅਸਲੀ ਪਰਧਾਨ ਹੈ।

ਗੁਰੂ ਪਾਤਸ਼ਾਹ ਨੇ ਕੀਰਤਨ ਨੂੰ ਵੀ 'ਪਰਧਾਨਾ' ਆਖ ਕੇ ਸਲਾਹਿਆ ਹੈ। ਕਲਿਜੁਗ ਵਿਚ ਕੀਰਤਨ ਤੋਂ ਬਿਨਾਂ ਹੋਰ ਕੋਈ ਸ੍ਰੇਸ਼ਟ ਕਰਮ ਨਹੀਂ ਹੋ ਸਕਦਾ ਜਿਸ ਸਦਕਾ ਪ੍ਰਭੂ ਦੀ ਦਰਗਾਹ ਵਿਚ ਇੱਜ਼ਤ ਅਤੇ ਮਾਣ ਨਾਲ ਜਾਈਦਾ ਹੈ :

ਕਲਜੁਗ ਮਹਿ ਕੀਰਤਨੁ ਪਰਧਾਨਾ॥
ਗੁਰਮੁਖਿ ਜਪੀਐ ਲਾਇ ਧਿਆਨਾ॥
ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ॥

(ਰਾਗੁ ਮਾਰੂ ਸੋਲਹੇ ਮਹਲਾ ੫, ਅੰਗ ੧੦੭੫-੭੬)

ਇੰਜ ਜਿੱਥੇ ਸਦਾ ਥਿਰ ਰਹਿਣ ਵਾਲਾ ਅਕਾਲ ਪੁਰਖ ਸਾਰੀ ਸ੍ਰਿਸ਼ਟੀ ਦਾ ਕਰਤਾ-ਧਰਤਾ ਹੈ ਅਤੇ ਪ੍ਰਧਾਨ ਹੈ ਉੱਥੇ ਉਹ ਉਸਦੀ ਸਿਫ਼ਤ-ਸਾਲਾਹ ਕਰਨ ਵਾਲੇ ਵਿਅਕਤੀਆਂ ਨੂੰ ਵੀ ਆਪਣੇ ਵਿਚ ਅਭੇਦ ਕਰਕੇ 'ਪ੍ਰਧਾਨ' ਬਣਾ ਦਿੰਦਾ ਹੈ ਪ੍ਰੰਤੂ ਜਦੋਂ ਮਨੁੱਖ ਦਾ ਸ਼ੈਤਾਨ ਮਨ ਅਨਿਆਂ ਅਤੇ ਪਾਪ ਕਮਾਉਣ ਲੱਗ ਪਵੇ, ਨਿਹੱਥਿਆਂ ਤੇ ਜ਼ੁਲਮ ਕੀਤੇ ਜਾਣ, ਸ਼ਰਮ ਤੇ ਧਰਮ ਜਾਂਦੇ ਰਹਿਣ ਤਾਂ ਪ੍ਰਾਣੀ ਦੀ ਇਹ ਪ੍ਰਧਾਨਤਾ ਕੂੜ ਤੇ ਕਪਟ ਵਿਚ ਬਦਲ ਜਾਂਦੀ ਹੈ :

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥

(ਰਾਗੁ ਤਿਲੰਗ ਮਹਲਾ ੧, ਅੰਗ ੭੨੨)

ਜਦੋਂ ਬਾਬਰ ਦੀਆਂ ਫੌਜਾਂ ਨੇ ਸੈਦਪੁਰ (ਐਮਨਾਬਾਦ, ਪਾਕਿਸਤਾਨ) ਵਿਚ ਕਤਲੇਆਮ, ਲੁੱਟ-ਮਾਰ ਅਤੇ ਇਸਤ੍ਰੀਆਂ ਦੀ ਬੇਪਤੀ ਕੀਤੀ ਸੀ, ਗੁਰੂ ਨਾਨਕ ਦੇਵ ਜੀ ਨੇ ਇਹ ਦ੍ਰਿਸ਼ ਅੱਖੀਂ ਡਿੱਠੇ ਸਨ।

ਪ੍ਰਧਾਨਗੀਆਂ ਕਰਨ ਦੀ ਜਾਚ ਨਵਾਬ ਕਪੂਰ ਸਿੰਘ ਦੇ ਜੀਵਨ ਤੋਂ ਸਿੱਖਣੀ ਚਾਹੀਦੀ ਹੈ ਜਿਸ ਦੇ ਨਾਮ ਤੋਂ ਜ਼ਕਰੀਆ ਖਾਨ ਤੇ ਨਾਦਰ ਸ਼ਾਹ ਵਰਗੇ ਜ਼ਾਲਮ ਹਤਿਆਰੇ ਵੀ ਕੰਬਦੇ ਸਨ। ਆਪ ਜੀ ਨੇ ਉਸ ਸਮੇਂ ਖਾਲਸਾ ਪੰਥ ਦੀ ਰਹਿਨੁਮਾਈ ਕੀਤੀ ਜਦੋਂ ਸਿੱਖ ਕੌਮ ਤੇ ਮੌਕੇ ਦੀ ਸਰਕਾਰ ਵਲੋਂ ਕਹਿਰ ਢਾਹੇ ਜਾ ਰਹੇ ਸਨ ਅਤੇ ਕੌਮ ਦੇ ਮਹਾਨ ਵਿਦਵਾਨ ਅਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹੈੱਡ-ਗ੍ਰੰਥੀ, ਭਾਈ ਮਨੀ ਸਿੰਘ ਜੀ ਦੇ ਬੰਦ-ਬੰਦ ਕੱਟ ਕੇ ਉਸ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਆਪ ਜੀ ਦੀਆਂ ਕੌਮ ਅਤੇ ਦੇਸ਼ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਜਦੋਂ ਨਿਰਭੈ ਅਤੇ ਮਹਾਂਬਲੀ ਜਥੇਦਾਰ ਕਪੂਰ ਸਿੰਘ ਨੂੰ ਖਾਲਸਾ ਨੇ ਨਵਾਬੀ ਦੀ ਪਦਵੀ ਪ੍ਰਦਾਨ ਕੀਤੀ ਤਾਂ ਆਪ ਨੇ ਭਰੇ ਦੀਵਾਨ ਵਿਚ ਸਿੱਖ ਸੰਗਤ ਪਾਸੋਂ ਮੰਗ ਕੀਤੀ ਸੀ ਕਿ ਨਵਾਬੀ ਦੇ ਨਾਲ-ਨਾਲ ਮੈਨੂੰ ਪਹਿਲਾਂ ਵਾਂਗ ਤਬੇਲੇ ਵਿਚ ਘੋੜਿਆਂ ਦੀ ਦੇਖ-ਭਾਲ ਕਰਨ ਦਾ ਅਵਸਰ ਪ੍ਰਾਪਤ ਰਹੇ। ਕੌਮ ਦੀ ਆਨ ਅਤੇ ਸ਼ਾਨ ਵਾਲੇ ਨਵਾਬ ਕਪੂਰ ਸਿੰਘ ਘੋੜਿਆਂ ਦੀ ਲਿੱਦ ਚੁੱਕਦੇ ਰਹੇ। ਅੱਜ ਬਾਕੀ ਪ੍ਰਧਾਨਾਂ ਜਾਂ ਆਗੂਆਂ ਦੀ ਗੱਲ ਤਾਂ ਇਕ ਪਾਸੇ ਰਹੀ ਜੇਕਰ ਆਪਣੇ ਧਾਰਮਿਕ ਅਸਥਾਨਾਂ ਦੇ ਪ੍ਰਧਾਨਾਂ ਦੀ ਹੀ ਗੱਲ ਕਰੀਏ ਤਾਂ ਮਨ ਬੜਾ ਦੁਖੀ ਹੁੰਦਾ ਹੈ।

(71)

ਅਰੋਗਤਾ

ਗੁਰੂ ਨਾਨਕ ਦੇਵ ਜੀ ਦੀਆਂ ਬਾਲ ਜੀਵਨ ਦੀਆਂ ਬੜੀਆਂ ਅਲੌਕਿਕ ਸਾਖੀਆਂ ਹਨ। ਬਾਲਪਨ ਵਿਚ ਆਪ ਜੀ ਨੂੰ ਪਾਂਧੇ, ਪੰਡਿਤ ਅਤੇ ਮੌਲਵੀ ਪਾਸ ਪੜ੍ਹਨ ਲਈ ਭੇਜਿਆ ਗਿਆ। ਜਿੱਥੇ ਗੁਰੂ ਜੀ ਦੀ ਦਿੱਬ-ਦ੍ਰਿਸ਼ਟੀ ਨੂੰ ਦੇਖ ਕੇ ਇਹ ਸਾਰੇ ਚਕਾ-ਚੌਂਧ ਰਹਿ ਗਏ। ਜਨੇਊ ਬਾਰੇ ਬਾਲਕ ਗੁਰੂ ਦੇ ਬਚਨ ਬਿਲਾਸ ਸੁਣ ਕੇ ਪ੍ਰੋਹਿਤ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ। ਬਾਅਦ ਵਿਚ ਜਦੋਂ ਮਾਤਾ-ਪਿਤਾ ਨੇ ਦੇਖਿਆ ਕਿ (ਗੁਰੂ) ਨਾਨਕ ਘੰਟਿਆਂ ਬੱਧੀ ਅੱਖਾਂ ਮੀਟੀ ਧਿਆਨ ਲਾਈ ਬੈਠਾ ਰਹਿੰਦਾ ਹੈ, ਠੀਕ ਤਰ੍ਹਾਂ ਨਾਲ ਖਾਂਦਾ ਪੀਂਦਾ ਵੀ ਨਹੀਂ, ਦੁਨਿਆਵੀ ਧੰਦਿਆਂ ਵਿਚ ਕੋਈ ਰੁਚੀ ਨਹੀਂ ਲੈਂਦਾ ਤਾਂ ਉਸ ਦੀ ਮਾਨਸਿਕ ਅਵਸਥਾ ਬਾਰੇ ਪਤਾ ਕਰਨ ਲਈ ਪਿਤਾ ਨੇ ਵੈਦ ਨੂੰ ਬੁਲਾ ਭੇਜਿਆ। ਇੱਥੇ ਗੁਰੂ ਜੀ ਨੇ ਮਨੁੱਖੀ ਦਵਾ-ਦਾਰੂ ਕਰਨ ਤੋਂ ਪਹਿਲਾਂ ਮਨ ਅਤੇ ਤਨ ਦੇ ਆਪਣੇ ਰੋਗਾਂ ਨੂੰ ਦੂਰ ਕਰਨ ਲਈ ਜੋ ਵੈਦ ਨੂੰ ਸੇਧ ਦਿੱਤੀ, ਉਸ ਨਾਲ ਵੈਦ ਹੱਕਾ-ਬੱਕਾ ਰਹਿ ਗਿਆ। ਪਿਤਾ ਜੀ ਨੂੰ ਕਹਿਣ ਲੱਗਾ ਕਿ ਤੁਹਾਡਾ ਬਾਲਕ ਕੋਈ ਰੋਗੀ ਨਹੀਂ ਇਸ ਲਈ ਇਸ ਨੂੰ ਕੋਈ ਦਵਾ-ਦਾਰੂ ਦੀ ਲੋੜ ਨਹੀਂ। ਇਸ ਪਾਸ ਉਹ ਦਾਰੂ ਹੈ ਜਿਸ ਨਾਲ ਸਾਰੇ ਸੰਸਾਰ ਦੇ ਪ੍ਰਾਣੀਆਂ ਦੇ ਦੁੱਖ ਦੂਰ ਹੋਣਗੇ।

ਸਤਿਗੁਰਾਂ ਨੇ ਵੈਦ ਨੂੰ ਉਪਦੇਸ਼ ਦਿੱਤਾ ਸੀ ਕਿ ਹੇ ਵੈਦ, ਮਨੁੱਖ ਦੇ ਜੋ ਅਸਲੀ ਰੋਗ ਹਨ ਉਨ੍ਹਾਂ ਦਾ ਤੇਰੇ ਪਾਸ ਦਾਰੂ ਨਹੀਂ। ਮਨੁੱਖ ਦਾ ਵੱਡਾ ਰੋਗ ਉਸ ਦਾ ਪ੍ਰਭੂ ਨਾਲੋਂ ਪਿਆ ਹੋਇਆ ਵਿਛੋੜਾ ਹੈ। ਉਸਦਾ ਦੂਜਾ ਰੋਗ ਹੈ ਮਾਇਆ ਦੀ ਭੁੱਖ ਅਤੇ ਇਕ ਹੋਰ ਰੋਗ ਹੈ—ਮੌਤ ਦਾ ਡਰ। ਜਦੋਂ ਤੱਕ ਇਹ ਰੋਗ ਮਨੁੱਖ ਦੇ ਮਨ ਅੰਦਰ ਮੌਜੂਦ ਹਨ ਉਦੋਂ ਤੱਕ ਇਨ੍ਹਾਂ ਤੋਂ ਪੈਦਾ ਹੋਏ ਸਰੀਰਕ ਰੋਗਾਂ ਨੂੰ ਤੇਰੀ ਦਵਾਈ ਕਾਟ ਨਹੀਂ ਕਰ ਸਕਦੀ—

ਦੁਖੁ ਵੇਛੋੜਾ ਇਕੁ ਦੁਖੁ ਭੂਖ॥
ਇਕੁ ਦੁਖੁ ਸਕਤਵਾਰ ਜਮਦੂਤ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ॥
ਵੈਦ ਨ ਭੋਲੇ ਦਾਰੂ ਲਾਇ॥

(ਰਾਗੁ ਮਲਾਰ ਮਹਲਾ ੧, ਅੰਗ ੧੨੫੬)

ਆਪ ਜੀ ਦਾ ਅੱਗੇ ਫ਼ਰਮਾਨ ਹੈ ਕਿ ਜੋ ਪ੍ਰਾਣੀ ਪ੍ਰਭੂ-ਪਤੀ ਨੂੰ ਵਿਸਾਰ ਕੇ ਵਿਸ਼ੇ-ਵਿਕਾਰਾਂ ਦੇ ਰਸ ਭੋਗਣੇ ਸ਼ੁਰੂ ਕਰ ਦਿੰਦੇ ਹਨ ਉਨ੍ਹਾਂ ਨੂੰ ਸਰੀਰਕ ਰੋਗ ਆ ਚਿੰਬੜਦੇ ਹਨ। ਇਸ ਤਰ੍ਹਾਂ ਮੋਹ-ਮਾਇਆ ਵਿਚ ਫਸ ਕੇ ਜਦੋਂ ਮਨੁੱਖ ਕੁਰਾਹੇ ਪੈ ਜਾਂਦਾ ਹੈ ਤਾਂ ਉਸ ਨੂੰ ਸਰੀਰਕ ਰੋਗਾਂ ਰਾਹੀਂ ਪਰਮਾਤਮਾ ਸਜ਼ਾ ਦਿੰਦਾ ਹੈ। ਇਸ ਲਈ ਹੇ ਵੈਦ, ਜਦੋਂ ਤਾਈਂ ਮਨੁੱਖ ਦੇ ਆਤਮਿਕ ਰੋਗ ਦੂਰ ਨਹੀਂ ਹੁੰਦੇ, ਸਰੀਰਕ ਰੋਗਾਂ ਨੂੰ ਦੂਰ ਕਰਨ ਲਈ ਤੇਰੇ ਕੀਤੇ ਦਵਾ ਦਾਰੂ ਕਾਰਗਰ ਸਾਬਤ ਨਹੀਂ ਹੋ ਸਕਦੇ :

ਖਸਮੁ ਵਿਸਾਰਿ ਕੀਏ ਰਸ ਭੋਗ॥
ਤਾਂ ਤਨਿ ਉਠਿ ਖਲੋਏ ਰੋਗ॥
ਮਨ ਅੰਧੇ ਕਉ ਮਿਲੈ ਸਜਾਇ॥
ਵੈਦ ਨ ਭੋਲੇ ਦਾਰੂ ਲਾਇ॥ *(ਅੰਗ ੧੨੫੬)*

ਅਥਵਾ :

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥

(ਰਾਗੁ ਮਾਝ ਬਾਰਹਮਾਹਾ ਮਹਲਾ ੫, ਅੰਗ ੧੩੫)

ਗੁਰਬਾਣੀ ਦਾ ਮੁੱਖ ਵਿਸ਼ਾ ਅਧਿਆਤਮਿਕ ਹੈ ਪ੍ਰੰਤੂ ਸਮਾਜਿਕ ਜਾਂ ਦੁਨਿਆਵੀ ਪੱਖ ਤੋਂ ਵੀ ਮਨੁੱਖ ਨੂੰ ਪੂਰੀ-ਪੂਰੀ ਸੇਧ ਦਿੱਤੀ ਗਈ ਹੈ। ਗੁਰਬਾਣੀ ਅਨੁਸਾਰ ਇਕ ਅਰੋਗ ਆਤਮਾ ਤੋਂ ਹੀ ਸਰੀਰਕ ਅਰੋਗਤਾ ਸੰਭਵ ਹੈ। ਰਾਗੁ ਗਉੜੀ ਸੁਖਮਨੀ ਵਿਚ ਗੁਰੂ ਅਰਜਨ ਦੇਵ ਜੀ ਦੇ ਪਵਿੱਤਰ ਬਚਨ ਹਨ :

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥
ਕਲਿ ਕਲੇਸ ਤਨ ਮਾਹਿ ਮਿਟਾਵਉ॥ *(ਅੰਗ ੨੬੨)*

ਅਥਵਾ :

ਸਿਮਰਿ ਸਿਮਰਿ ਕਾਟੇ ਸਭਿ ਰੋਗ॥
ਚਰਣ ਧਿਆਨ ਸਰਬ ਸੁਖ ਭੋਗ॥

(ਰਾਗੁ ਗਉੜੀ ਮਹਲਾ ੫, ਅੰਗ ੨੪੦)

ਰਾਗੁ ਸਾਰਗ ਕੀ ਵਾਰ ਮਹਲਾ ੪ ਵਿਚ ਗੁਰੂ ਨਾਨਕ ਦੇਵ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦਾ ਕਥਨ ਹੈ ਕਿ ਪ੍ਰਭੂ ਦੇ ਨਾਮ-ਰੰਗ ਵਿਚ ਰੰਗਿਆਂ ਮਨ ਅਤੇ ਤਨ ਦੋਵੇਂ ਹਰਿਆਵਲੇ ਰਹਿੰਦੇ ਹਨ ਭਾਵ ਦੋਨੋਂ ਸਵਸਥ ਰਹਿੰਦੇ ਹਨ :

ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ॥ *(ਅੰਗ ੧੨੪੦)*

ਅਥਵਾ :

ਹਰਿ ਸਿਮਰਤ ਤਨੁ ਮਨੁ ਹਰਿਆ ਲਹਿ ਜਾਹਿ ਵਿਜੋਗ॥
ਸਾਧਸੰਗਿ ਹਰਿ ਗੁਣ ਰਮਹੁ ਬਿਨਸੇ ਸਭਿ ਰੋਗ॥

(ਰਾਗ ਜੈਤਸਰੀ ਵਾਰ ਮਹਲਾ ੫, ਅੰਗ ੭੦੬)

ਰਾਗੁ ਗਉੜੀ ਵਿਚ ਵੀ ਆਪ ਜੀ ਦੇ ਬਚਨ ਹਨ ਕਿ ਜਿਹੜੇ ਮਨੁੱਖ ਦੁਨਿਆਵੀ ਪਦਾਰਥਾਂ ਦੇ ਰਸਾਂ-ਕਸਾਂ ਨੂੰ ਹੀ ਭੋਗਦੇ ਰਹਿੰਦੇ ਹਨ ਉਹ ਕਦੀ ਸੁਖ ਅਤੇ ਅਰੋਗਤਾ ਵਾਲਾ ਜੀਵਨ ਬਤੀਤ ਨਹੀਂ ਕਰ ਸਕਦੇ :

ਨਾਮੁ ਬਿਸਾਰਿ ਕਰੇ ਰਸ ਭੋਗ॥
ਸੁਖੁ ਸੁਪਨੈ ਨਹੀ ਤਨ ਮਹਿ ਰੋਗ॥ *(ਅੰਗ ੨੪੦)*

ਨਾਮ ਇਕ ਅਜਿਹਾ ਦਾਰੂ ਹੈ ਜਿਸ ਨੂੰ ਮਨ ਵਿਚ ਵਸਾਇਆਂ ਸਾਰੇ ਦੁੱਖ ਅਤੇ ਰੋਗ ਮਿਟ ਜਾਂਦੇ ਹਨ :

ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ
ਤਿਨ ਕੇ ਸਭਿ ਰੋਗ ਗਵਾਏ॥

(ਰਾਗ ਸੂਹੀ ਮਹਲਾ ੪, ਅੰਗ ੭੩੫)

ਮਨ ਅਤੇ ਤਨ ਦਾ ਆਪਸ ਵਿਚ ਬੜਾ ਗੂੜ੍ਹਾ ਸੰਬੰਧ ਹੈ। ਮਨ ਵਲੋਂ ਕੀਤੇ ਹਰ ਚੰਗੇ-ਮਾੜੇ ਕਰਮਾਂ ਦਾ ਅਸਰ ਤਨ ਭਾਵ ਸਰੀਰ 'ਤੇ ਪੈਂਦਾ ਹੈ। ਜੇਕਰ ਮਨ ਨੂੰ ਸਤਿਗੁਰੂ ਦੇ ਚਰਨਾਂ ਵਿਚ ਜੋੜਨ ਨਾਲ ਮਨ ਸਵੱਛ ਅਤੇ ਨਵਾਂ ਨਰੋਆ ਰਹਿੰਦਾ ਹੈ ਤਾਂ ਤਨ ਦੇ ਵੀ ਸਾਰੇ ਦੁੱਖ ਅਤੇ ਰੋਗ ਦੂਰ ਹੋ ਜਾਂਦੇ ਹਨ :

ਗੁਰ ਕੇ ਚਰਣ ਕਮਲ ਮਨ ਧਿਆਇ॥
ਦੂਖੁ ਦਰਦੁ ਇਸੁ ਤਨ ਤੇ ਜਾਇ॥ *(ਰਾਗੁ ਸੂਹੀ ਮਹਲਾ ੫, ਅੰਗ ੭੪੧)*

ਆਪ ਜੀ ਦੇ ਇਕ ਹੋਰ ਬਚਨ ਹਨ ਕਿ ਇਕ ਸਤਿਗੁਰੂ ਤੋਂ ਬਿਨਾਂ ਸਾਰਾ ਸੰਸਾਰ ਹੀ ਕਿਸੇ ਨਾ ਕਿਸੇ ਰੋਗ ਵਿਚ ਗ੍ਰਸਿਆ ਹੋਇਆ ਹੈ :

ਜੋ ਜੋ ਦੀਸੈ ਸੋ ਸੋ ਰੋਗੀ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥

(ਰਾਗੁ ਭੈਰਉ ਮਹਲਾ ੫, ਅੰਗ ੧੧੪੦)

ਵਿਕਾਰਾਂ ਤੋਂ ਹੀ ਵੱਖ-ਵੱਖ ਪ੍ਰਕਾਰ ਦੇ ਰੋਗ ਮਨੁੱਖ ਨੂੰ ਲਗਦੇ ਹਨ। ਕਾਮ-ਕ੍ਰੋਧ, ਲੋਭ-ਲਾਲਚ, ਹਉਮੈ, ਤ੍ਰਿਸ਼ਨਾਂ, ਭੈ, ਡਰ, ਦੁਬਿਧਾ ਆਦਿ ਅਜਿਹੇ ਵਿਕਾਰ ਹਨ ਜਿਨ੍ਹਾਂ ਤੋਂ ਮਾਨਸਿਕ ਤੇ ਸਰੀਰਕ ਰੋਗ ਉਪਜਦੇ ਹਨ। ਇਨ੍ਹਾਂ ਤੋਂ ਹੀ ਮਨ ਅੰਦਰ ਤਣਾਅ ਵਧਦਾ ਹੈ ਜੋ ਮਨੁੱਖ ਦੇ ਮਨ ਅਤੇ ਤਨ ਦੋਹਾਂ ਨੂੰ ਪ੍ਰਭਾਵਤ ਕਰਦਾ ਹੈ। ਬਹੁਤ ਸਾਰੀਆਂ ਜਾਨ-ਲੇਵਾ ਬਿਮਾਰੀਆਂ ਇਸ ਤੋਂ ਹੀ ਪੈਦਾ ਹੁੰਦੀਆਂ ਹਨ ਜਿਵੇਂ ਖ਼ੂਨ ਦਾ ਦਬਾਅ ਵਧਣਾ (ਬਲੱਡ ਪ੍ਰੈਸ਼ਰ), ਦਿਲ ਦੇ ਰੋਗ ਆਦਿ।

ਕਾਮ, ਕ੍ਰੋਧ ਵਰਗੇ ਵਿਕਾਰ ਮਨੁੱਖੀ ਸਰੀਰ ਨੂੰ ਰੋਗੀ ਅਤੇ ਨਿਰਬਲ ਕਰਕੇ ਰੱਖ ਦਿੰਦੇ ਹਨ। ਗੁਰਵਾਕ ਹੈ :

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥

(ਰਾਗੁ ਰਾਮਕਲੀ ਮਹਲਾ ੧, ਦਖਣੀ ਓਅੰਕਾਰੁ, ਅੰਗ ੯੩੨)

ਚਿੰਤਾ ਅਜਿਹਾ ਰੋਗ ਹੈ ਜੋ ਪ੍ਰਾਣੀ ਨੂੰ ਘੁਣ ਵਾਂਗ ਖਾ ਜਾਂਦਾ ਹੈ ਪ੍ਰੰਤੂ ਜੇਕਰ ਪ੍ਰਭੂ ਦੀ ਮਿਹਰ ਹੋ ਜਾਏ ਤਾਂ ਇਸ ਤੋਂ ਸਹਿਜੇ ਹੀ ਖਲਾਸੀ ਮਿਲ ਜਾਂਦੀ ਹੈ :

ਚਿੰਤਾ ਰੋਗੁ ਗਈ ਹਉ ਪੀੜਾ
ਆਪਿ ਕਰੇ ਪ੍ਰਤਿਪਾਲਾ ਜੀਉ॥

(ਰਾਗੁ ਮਾਝ ਮਹਲਾ ੫, ਅੰਗ ੯੯)

ਪਰਮਾਤਮਾ ਦੇ ਗੁਣ ਗਾਇਆਂ ਚਿੰਤਾ ਦੇ ਨਾਲ-ਨਾਲ ਡਰ ਅਤੇ ਭੈਅ ਦਾ ਰੋਗ ਵੀ ਦੂਰ ਹੋ ਜਾਂਦਾ ਹੈ। ਗੁਰਵਾਕ ਹੈ :

ਆਠ ਪਹਰ ਗੁਨ ਗਾਇ ਗੁਬਿੰਦ॥
ਭੈ ਬਿਨਸੇ ਉਤਰੀ ਸਭ ਚਿੰਦ॥

(ਰਾਗੁ ਪ੍ਰਭਾਤੀ ਮਹਲਾ ੫, ਅੰਗ ੧੩੩੯)

ਆਸਾ ਦੀ ਵਾਰ ਵਿਚ ਗੁਰੂ ਅੰਗਦ ਦੇਵ ਜੀ ਦਾ ਸਲੋਕ ਅੰਕਿਤ ਹੈ ਜਿਸ ਵਿਚ ਆਪ ਜੀ ਨੇ ਹਉਮੈ ਨੂੰ ਦੀਰਘ ਰੋਗ ਕਿਹਾ ਹੈ ਜੋ ਛੇਤੀ ਕਰਕੇ ਮਨੁੱਖ ਦੇ ਅੰਦਰੋਂ ਜਾਂਦਾ ਨਹੀਂ ਪ੍ਰੰਤੂ ਫਿਰ ਵੀ ਆਪ ਜੀ ਇਸ ਦਾ ਇਲਾਜ ਦਰਸਾ ਰਹੇ ਹਨ। ਆਪ ਜੀ ਦੇ ਬਚਨ ਹਨ :

ਅਵਰੁ ਨ ਅਉਖਧੁ ਤੰਤ ਨ ਮੰਤਾ॥ ਹਰਿ ਹਰਿ ਸਿਮਰਣੁ ਕਿਲਬਿਖ ਹੰਤਾ॥ ਆਸਾ ਮ ੫

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥ *(ਅੰਗ ੪੬੬)*

ਉਹ ਦਾਰੂ ਕਿਹੜਾ ਹੈ ਜਿਸ ਨਾਲ ਹਉਮੈ ਦੂਰ ਕੀਤੀ ਜਾ ਸਕਦੀ ਹੈ। ਸਤਿਗੁਰੂ ਜੀ ਦਾ ਫ਼ਰਮਾਨ ਹੈ :

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥ *(ਅੰਗ ੪੬੬)*

ਅਥਵਾ :

ਹਉਮੈ ਰੋਗੁ ਮਹਾ ਦੁਖੁ ਲਾਗਾ
ਗੁਰਮਤਿ ਲੇਵਹੁ ਰੋਗੁ ਗਇਆ॥

(ਰਾਗੁ ਰਾਮਕਲੀ ਮਹਲਾ ੧, ਅੰਗ ੯੦੬)

ਤ੍ਰਿਸ਼ਨਾ ਅਤੇ ਲੋਭ ਲਾਲਚ ਇਕ ਅਜਿਹਾ ਰੋਗ ਹੈ ਜਿਸ ਕਾਰਨ ਮਨੁੱਖ ਮੋਹ-ਮਾਇਆ ਵਿਚ ਫਸ ਕੇ ਮੌਤ ਨੂੰ ਹੀ ਭੁਲਾ ਦਿੰਦਾ ਹੈ, ਮਨਮਾਨੀਆਂ ਕਰਦਾ ਹੈ ਅਤੇ ਦੁੱਖ ਭੋਗਦਾ ਹੈ :

ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥
(ਰਾਗੁ ਰਾਮਕਲੀ ਮਹਲਾ ੩ ਅਨੰਦੁ, ਅੰਗ ੯੧੯)

ਅਥਵਾ :

ਇਹੁ ਜਗਤੁ ਮਿਟੀ ਕਾ ਪੁਤਲਾ ਜੋਗੀ
ਇਸੁ ਮਹਿ ਰੋਗੁ ਵਡਾ ਤ੍ਰਿਸਨਾ ਮਾਇਆ॥

(ਰਾਗੁ ਰਾਮਕਲੀ ਮਹਲਾ ੩, ਅੰਗ ੯੦੯)

ਇਸੇ ਪ੍ਰਕਾਰ ਮਨ ਦਾ ਦੁਚਿੱਤਾ-ਪਨ ਜਾਂ ਦੁਬਿਧਾ ਵੀ ਇਕ ਵੱਡਾ ਰੋਗ ਹੈ—

ਦੁਬਿਧਾ ਰੋਗੁ ਸੁ ਅਧਿਕ ਵਡੇਰਾ
ਮਾਇਆ ਕਾ ਮੁਹਤਾਜੁ ਭਇਆ॥

(ਰਾਗੁ ਭੈਰਉ ਮਹਲਾ ੧, ਅੰਗ ੧੧੫੩)

ਤਾਂ ਤੇ ਕਿਹੜੇ ਹੀਲੇ ਵਸੀਲੇ ਕਰੀਏ ਜਿਸ ਨਾਲ ਪ੍ਰਾਣੀ ਇਨ੍ਹਾਂ ਰੋਗਾਂ ਤੋਂ ਛੁਟਕਾਰਾ ਪਾ ਸਕੇ। ਗੁਰੂ ਪੰਚਮ ਪਾਤਸ਼ਾਹ ਦੇ ਰਾਗੁ ਗਉੜੀ ਸੁਖਮਨੀ ਵਿਚ ਬਚਨ ਹਨ ਕਿ ਮਨੁੱਖ ਦੇ ਸਾਰੇ ਰੋਗ ਨਾਮ-ਰੂਪੀ ਦਵਾਈ ਦੀ ਵਰਤੋਂ ਕਰਨ ਨਾਲ ਮਿਟ ਜਾਂਦੇ ਹਨ :

ਅਨਿਕ ਉਪਾਵੀ ਰੋਗੁ ਨ ਜਾਇ॥
ਰੋਗੁ ਮਿਟੈ ਹਰਿ ਅਵਖਧੁ ਲਾਇ॥ *(ਅੰਗ ੨੮੮)*

ਅਥਵਾ :

ਸਰਬ ਰੋਗ ਕਾ ਅਉਖਦੁ ਨਾਮੁ॥
ਕਲਿਆਣ ਰੂਪ ਮੰਗਲ ਗੁਣ ਗਾਮ॥ *(ਅੰਗ ੨੭੪)*

ਆਪ ਜੀ ਦੇ ਰਾਗੁ ਸੋਰਠਿ ਵਿਚ ਬਚਨ ਹਨ

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥
(ਅੰਗ ੬੧੧)

੮. ਕਰਣੀ ਕੇ ਸੰਗਿ ਚਰਣੁ ਛੁਡਾਇ॥ ਐਥੈ ਓਥੈ ਨਿਬਹੀ ਛੁਡਾਇ॥੨॥
ਆਪੇ ਨਦਰਿ ਕਰੇ ਤਾ ਸੋਇ॥ ਗੁਰਮੁਖਿ ਵਿਰਲਾ ਬੂਝੈ ਕੋਇ॥ ਰਾਮਕਲੀ ਮ:੧
੯. ਸਭਨਾ ਕਾ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ॥
ਸੋਈ ਸਚੁ ਧਿਆਏ ਕੋਇ॥ ਨਾਨਕ ਅਗੈ ਪੁਛ ਨ ਹੋਇ॥੨॥ ਮ: ੧॥

(72)

ਜੇਹਾ ਬੀਜੈ ਸੋ ਲੁਣੈ

ਗੁਰੂ ਨਾਨਕ ਦੇਵ ਜੀ ਸਿਰੀ ਰਾਗੁ ਵਿਚ ਸੇਧ ਬਖਸ਼ਿਸ਼ ਕਰ ਰਹੇ ਹਨ ਕਿ ਜਿਸ ਭਾਵਨਾ ਵਾਲਾ ਫੁੱਲ ਮਨੁੱਖ ਦੇ ਹਿਰਦੇ ਅੰਦਰ ਖਿੜਦਾ ਹੈ ਉਹੋ ਜਿਹਾ ਹੀ ਉਸਦੇ ਜੀਵਨ ਨੂੰ ਫਲ ਲਗਦਾ ਹੈ ਭਾਵ ਜਿਸ ਤਰ੍ਹਾਂ ਦੀ ਪ੍ਰਾਣੀ ਦੀ ਨੀਅਤ ਹੁੰਦੀ ਹੈ ਉਸੇ ਤਰ੍ਹਾਂ ਦੀ ਮੁਰਾਦ ਮਿਲਦੀ ਹੈ। ਜਿਹੋ ਜਿਹਾ ਉਹ ਕਰਮ ਕਰਦਾ ਹੈ ਉਸੇ ਪ੍ਰਕਾਰ ਦਾ ਉਸਦਾ ਜੀਵਨ ਬਣ ਜਾਂਦਾ ਹੈ :

ਫੁਲੁ ਭਾਉ ਫਲੁ ਲਿਖਿਆ ਪਾਇ॥
ਆਪਿ ਬੀਜਿ ਆਪੇ ਹੀ ਖਾਇ॥ *(ਅੰਗ ੨੫)*

ਆਪ ਜੀ ਦੇ ਜਪੁ ਜੀ ਵਿਚ ਵੀ ਬਚਨ ਹਨ ਕਿ ਜਿਸ ਤਰ੍ਹਾਂ ਦੇ ਮਨੁੱਖ ਕੰਮ ਕਰਦਾ ਹੈ ਉਹੋ ਜਿਹਾ ਹੀ ਉਸਨੂੰ ਫਲ ਮਿਲਦਾ ਹੈ। ਪ੍ਰਾਣੀ ਜੋ ਕੁਝ ਬੀਜਦਾ ਹੈ ਉਸ ਨੂੰ ਹੀ ਕੱਟਦਾ ਹੈ। ਇੰਜ ਪ੍ਰਾਣੀ ਆਪਣੇ ਕੀਤੇ ਕਰਮਾਂ ਅਨੁਸਾਰ ਪਰਮਾਤਮਾ ਦੇ ਹੁਕਮ ਵਿਚ ਜਨਮ-ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ :

ਆਪੇ ਬੀਜਿ ਆਪੇ ਹੀ ਖਾਹੁ॥
ਨਾਨਕ ਹੁਕਮੀ ਆਵਹੁ ਜਾਹੁ॥ *(ਪਉੜੀ ੨੦, ਜਪੁ ਜੀ)*

ਗੁਰੂ ਜੀ ਦੇ ਰਾਗੁ ਧਨਾਸਰੀ ਵਿਚ ਵੀ ਬਚਨ ਹਨ ਕਿ ਜੀਵ ਜਿਸ ਤਰ੍ਹਾਂ ਦੇ ਕਰਮ ਕਰਦਾ ਹੈ ਉਸੇ ਤਰ੍ਹਾਂ ਦੇ ਉਸ ਨੂੰ ਫਲ ਭੋਗਣੇ ਪੈਂਦੇ ਹਨ। ਹਰ ਕੋਈ ਕਰਮਾਂ ਦਾ ਖੱਟਿਆ ਖਾਂਦਾ ਹੈ :

ਜੈਸਾ ਕਰੇ ਸੁ ਤੈਸਾ ਪਾਵੈ॥
ਆਪਿ ਬੀਜਿ ਆਪੇ ਹੀ ਖਾਵੈ॥ *(ਅੰਗ ੬੬੨)*

ਅਥਵਾ :

ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ॥
ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ॥
(ਰਾਗੁ ਸੂਹੀ ਮਹਲਾ ੩, ਅੰਗ ੭੫੫)

ਇਹ ਸਭ ਕੁਝ ਜਾਣਨ ਦੇ ਬਾਵਜੂਦ ਪ੍ਰਾਣੀ ਮਾਇਕ ਝਮੇਲਿਆਂ ਵਿਚ ਫਸ ਕੇ ਅਜਿਹੇ ਕੰਮ ਕਰਦਾ ਹੈ ਜਿਨ੍ਹਾਂ ਦਾ ਜੀਵਨ ਵਿਚ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ। ਮੰਦੇ ਕੰਮਾਂ ਦਾ ਨਤੀਜਾ ਕਦੀ ਚੰਗਾ ਨਹੀਂ ਨਿਕਲ ਸਕਦਾ। ਬੁਰੇ ਕੰਮਾਂ ਦਾ ਸਦਾ ਬੁਰਾ ਨਤੀਜਾ ਹੀ ਭੁਗਤਣਾ ਪੈਂਦਾ ਹੈ :

ਕਾਮਿ ਨ ਆਵੈ ਸੁ ਕਾਰ ਕਮਾਵੈ॥
ਆਪਿ ਬੀਜਿ ਆਪੇ ਹੀ ਖਾਵੈ॥
(ਰਾਗੁ ਰਾਮਕਲੀ ਮਹਲਾ ੫, ਅੰਗ ੮੯੮)

ਗੁਰੂ ਜੀ ਪ੍ਰਾਣੀ ਨੂੰ ਬੜੇ ਪਿਆਰ ਨਾਲ ਸੱਜਣ ਅਤੇ ਮਿੱਤਰ ਆਖ ਕੇ ਸਮਝਾ ਰਹੇ ਹਨ ਕਿ ਪ੍ਰਭੂ ਦੇ ਦਰ ਤੇ ਸਦਾ ਸਚਾਈ ਹੀ ਪ੍ਰਵਾਨ ਚੜ੍ਹਦੀ ਹੈ ਅਤੇ ਇਹ ਇਕ ਅਟੱਲ ਸਚਾਈ ਹੈ ਕਿ ਪ੍ਰਾਣੀ ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹਾ ਉਸ ਨੂੰ ਫਲ ਭੋਗਣਾ ਪੈਂਦਾ ਹੈ :

ਸੁਣਿ ਸਾਜਨ ਮੇਰੇ ਮੀਤ ਪਿਆਰੇ ॥
ਸਤਿ ਬਚਨ ਵਰਤਹਿ ਹਰਿ ਦੁਆਰੇ ॥
ਜੈਸਾ ਕਰੇ ਸੁ ਤੈਸਾ ਪਾਏ ॥
ਅਭਿਮਾਨੀ ਕੀ ਜੜ ਸਰਪਰ ਜਾਏ ॥

(ਰਾਗੁ ਗੋਂਡ ਮਹਲਾ ੫, ਅੰਗ ੮੬੯)

ਆਪ ਜੀ ਦੇ ਰਾਗ ਮਾਝ ਬਾਰਹਮਾਹਾ ਵਿਚ ਬਚਨ ਹਨ ਕਿ ਸਰੀਰ ਮਨੁੱਖ ਦੇ ਕੀਤੇ ਕਰਮਾਂ ਦਾ ਖੇਤ ਹੈ। ਜੋ ਕੁਝ ਮਨੁੱਖ ਇਸ ਵਿਚ ਬੀਜਦਾ ਹੈ ਉਹੋ ਕੁਝ ਹੀ ਵੱਢਦਾ ਹੈ। ਪ੍ਰਾਣੀ ਜਿਸ ਤਰ੍ਹਾਂ ਦੇ ਕਰਮ ਕਰਦਾ ਹੈ ਉਸੇ ਤਰ੍ਹਾਂ ਦਾ ਹੀ ਉਸ ਨੂੰ ਫਲ ਪ੍ਰਾਪਤ ਹੁੰਦਾ ਹੈ :

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ *(ਅੰਗ ੧੩੪)*

ਇਹ ਕਦੀ ਨਹੀਂ ਹੋ ਸਕਦਾ ਕਿ ਬੀਜੇ ਜ਼ਹਿਰ ਪਰ ਆਸ ਰੱਖੇ ਅੰਮ੍ਰਿਤ ਦੀ ਭਾਵ ਕੰਮ ਤਾਂ ਬੁਰੇ ਕਰੇ ਪਰ ਆਸ ਰੱਖੇ ਅਛਾਈ ਦੀ।

ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥

(ਆਸਾ ਦੀ ਵਾਰ ਮਹਲਾ ੧, ਅੰਗ ੪੭੪)

ਇਸੇ ਪ੍ਰਥਾਏ ਬਾਬਾ ਫਰੀਦ ਜੀ ਨੇ ਬੜਾ ਸੁੰਦਰ ਵਿਚਾਰ ਦਿੱਤਾ ਹੈ ਕਿ ਇਹ ਕਿੰਨੀ ਹਾਸੋਹੀਣੀ ਗੱਲ ਹੈ ਕਿ ਜੱਟ ਬਿਜਾਈ ਤਾਂ ਕਿੱਕਰਾਂ ਦੀ ਕਰਦਾ ਹੈ ਅਤੇ ਆਸ ਲਾਈ ਬੈਠਾ ਹੈ ਅੰਗੂਰਾਂ ਦੀ। ਇਸ ਤਰ੍ਹਾਂ ਉਮਰ ਭਰ ਤਾਂ ਉੱਨ ਕੱਤਦਾ ਰਿਹਾ ਪਰ ਆਸ ਲਾਈ ਬੈਠਾ ਹੈ ਰੇਸ਼ਮ ਪਹਿਨਣ ਦੀ ਭਾਵ ਜੋ ਕੁਝ ਬੀਜੋਗੇ ਉਸੇ ਨੂੰ ਹੀ ਕੱਟਣਾ ਪੈਣਾ ਹੈ :

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥

(ਸਲੋਕ ਨੰਬਰ ੨੩, ਅੰਗ ੧੩੭੯)

ਦਾਖ ਕਹਿੰਦੇ ਹਨ ਸੌਗੀ ਜਾਂ ਕਿਸ਼ਮਿਸ਼ ਨੂੰ। ਬਿਜਉਰੀਆ–ਪਾਕਿਸਤਾਨ ਵਿਚ ਸੂਬਾ ਸਰਹੱਦ ਵਿਚ ਸਵਾਂਤ ਨਦੀ ਦੇ ਨਾਲ ਲਗਦਾ ਬਿਜੌਰ ਦਾ ਇਲਾਕਾ ਜਿੱਥੇ ਅੰਗੂਰ ਬਹੁਤ ਹੁੰਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਰਾਗੁ ਆਸਾ ਦੀ ਵਾਰ ਵਿਚ ਬੜੇ ਸਪੱਸ਼ਟ ਸ਼ਬਦਾਂ ਵਿਚ ਫ਼ਰਮਾਇਆ ਹੈ ਕਿ ਭਾਵੇਂ ਕੋਈ ਕਿੰਨੇ ਵੀ ਸੋਹਣੇ ਸਰੀਰ ਵਾਲਾ ਜਾਂ ਰੂਪਵੰਤ ਕਿਉਂ ਨਾ ਹੋਵੇ ਸਭ ਨੇ ਇਕ ਦਿਨ ਇਥੋਂ ਜ਼ਰੂਰ ਤੁਰ ਜਾਣਾ ਹੈ ਪ੍ਰੰਤੂ ਜੀਵ ਨੂੰ ਆਪਣੇ ਕੀਤੇ ਚੰਗੇ ਜਾਂ ਮੰਦੇ ਕਰਮਾਂ ਦਾ ਫਲ ਆਪ ਹੀ ਭੁਗਤਣਾ ਪੈਣਾ ਹੈ। ਜਿਨ੍ਹਾਂ ਨੇ ਮਨ ਮਾਨੀਆਂ ਕੀਤੀਆਂ ਹਨ ਉਨ੍ਹਾਂ ਨੂੰ ਔਖੀਆਂ ਘਾਟੀਆਂ ਵਿਚੋਂ ਲੰਘਣਾ ਪੈਣਾ ਹੈ। ਕੀਤੀਆਂ ਵਧੀਕੀਆਂ ਦਾ ਲੇਖਾ ਚੁਕਾਉਣਾ ਹੀ ਪੈਣਾ ਹੈ। ਉਸ ਵੇਲੇ ਜੀਵ ਨੂੰ ਪਛਤਾਉਣਾ ਪੈਣਾ ਹੈ ਪਰ ਫਿਰ ਕੁਝ ਕੀਤਾ ਨਹੀਂ ਜਾ ਸਕਣਾ :

ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥
ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥
ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥
ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥
ਕਰਿ ਅਉਗਣ ਪਛੋਤਾਵਣਾ॥ *(ਅੰਗ ੪੭੦-੭੧)*

ਆਪ ਜੀ ਦੇ ਜਪੁ ਜੀ ਬਾਣੀ ਦੇ ਅੰਤਲੇ ਸਲੋਕ ਵਿਚ ਬਚਨ ਹਨ :

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ *(ਅੰਗ ੮)*

ਬਾਬਾ ਫਰੀਦ ਜੀ ਕਪਾਹ, ਤਿਲਾਂ, ਕਮਾਦ, ਕਾਗਜ਼, ਹਾਂਡੀ, ਕੋਲਿਆਂ ਆਦਿ ਦੀ ਉਦਾਹਰਣ ਦੇ ਕੇ ਜੀਵ ਨੂੰ ਸੁਚੇਤ ਕਰ ਰਹੇ ਹਨ ਕਿ ਕਪਾਹ ਤੋਂ ਰੂੰ ਲੈਣ ਲਈ ਇਸ ਨੂੰ ਕਿਵੇਂ ਵੇਲਣੇ ਵਿਚ ਵੇਲਿਆ ਜਾਂਦਾ ਹੈ, ਤਿਲਾਂ 'ਚੋਂ ਤੇਲ ਕੱਢਣ ਲਈ ਉਨ੍ਹਾਂ ਨੂੰ ਕੋਹਲੂ ਵਿਚ ਪੀੜਿਆ ਜਾਂਦਾ ਹੈ। ਇਹ ਹਾਲ ਕਮਾਦ, ਕਾਗਜ਼, ਮਿੱਟੀ ਦੀ ਹਾਂਡੀ, ਕੋਲਿਆਂ ਆਦਿ ਦਾ ਹੈ ਤਾਂ ਫਿਰ ਜੋ ਮੰਦੇ ਕੰਮ ਕਰਦੇ ਹਨ ਉਨ੍ਹਾਂ ਦਾ ਕੀ ਹਾਲ ਹੋਵੇਗਾ?

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ॥
ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥
ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ॥

(ਸਲੋਕ ਨੰਬਰ ੪੯, ਅੰਗ ੧੩੮੦)

ਜਦੋਂ ਇਨ੍ਹਾਂ ਬੇਦੋਸ਼ਾਂ ਦਾ ਇਹ ਹਾਲ ਹੈ ਤਾਂ ਜੋ ਅਸੀਂ ਦੋਸ਼ਾਂ ਨਾਲ ਭਰੇ ਪਏ ਹਾਂ, ਸਾਡਾ ਕੀ ਹਾਲ ਹੋਵੇਗਾ? ਬਾਬਾ ਫਰੀਦ ਜੀ ਘੜਿਆਲ, ਜਿਸ ਬੇਕਸੂਰ ਨੂੰ ਨਿੱਤ ਮਾਰ ਪੈਂਦੀ ਹੈ, ਦੀ ਉਦਾਹਰਣ ਦੇ ਕੇ ਪ੍ਰਾਣੀ ਨੂੰ ਮੰਦੇ ਕੰਮਾਂ ਵਲੋਂ ਵਰਜ ਰਹੇ ਹਨ :

ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ॥
ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ॥

(ਸਲੋਕ ਨੰਬਰ ੩੯, ਅੰਗ ੧੩੭੯)

ਅਸੀਂ ਸਾਰੇ ਇਸ ਗੱਲੋਂ ਜਾਣੂੰ ਹਾਂ ਕਿ ਆਪਣੇ ਕੀਤੇ ਕਰਮਾਂ ਦਾ ਹਿਸਾਬ ਜ਼ਰੂਰ ਚੁਕਾਉਣਾ ਪੈਣਾ ਹੈ। ਇਸ ਗੱਲ ਤੋਂ ਵੀ ਸਾਰੇ ਭਲੀ-ਭਾਂਤ ਜਾਣੂੰ ਹਾਂ ਕਿ ਅੰਤ ਨੂੰ ਸਭ ਕੁਝ ਇੱਥੇ ਛੱਡ ਕੇ ਸੰਸਾਰ ਤੋਂ ਤੁਰ ਜਾਣਾ ਹੈ। ਤਾਂ ਫਿਰ ਹੰਕਾਰ ਕਿਸ ਗੱਲ ਦਾ? ਕਿਉਂ ਨੇਕੀ ਦੇ ਰਾਹ ਤੇ ਨਹੀਂ ਤੁਰਦੇ ਤਾਂ ਕਿ ਇਥੋਂ ਸੋਭਾ ਖੱਟ ਕੇ ਸੱਚੇ ਦਰਬਾਰ ਜਾਈਏ :

ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ॥
ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ॥
ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥

(ਆਸਾ ਦੀ ਵਾਰ ਮਹਲਾ ੧, ਅੰਗ ੪੭੩)

ਇਸੇ ਲਈ ਜੇਕਰ ਇੱਜ਼ਤ ਅਤੇ ਮਾਣ ਨਾਲ ਸੁਰਖਰੂ ਹੋ ਕੇ ਪ੍ਰਭੂ ਦੀ ਹਜ਼ੂਰੀ ਵਿਚ ਜਾਣਾ ਹੈ ਤਾਂ ਕਿਸੇ ਦਾ ਮਨ ਨਹੀਂ ਦੁਖਾਉਣਾ ਚਾਹੀਦਾ, ਕਿਸੇ ਨੂੰ ਦੁੱਖ ਨਹੀਂ ਦੇਣਾ

ਚਾਹੀਦਾ। ਸਭਨਾਂ ਦੀ ਚਰਨਾਂ ਦੀ ਧੂੜ ਬਣ ਕੇ ਹੀ ਪਰਮਾਤਮਾ ਵਿਚ ਲੀਨ ਹੋ ਸਕੀਦਾ ਹੈ :

ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥
ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥

(ਰਾਗੁ ਗਉੜੀ ਕੀ ਵਾਰ ਮਹਲਾ ੫, ਅੰਗ ੩੨੨)

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਕੀ ਕੁਝ ਕੀਤਾ ਜਾਏ ਜਿਸ ਨਾਲ ਚੰਗੇ ਫਲਾਂ ਦੀ ਪ੍ਰਾਪਤੀ ਹੋ ਸਕੇ। ਗੁਰੂ ਅਰਜਨ ਦੇਵ ਜੀ ਦੇ ਰਾਗੁ ਗਉੜੀ ਵਿਚ ਬਚਨ ਹਨ ਕਿ ਇਸ ਕਰਮ ਭੂਮੀ ਸਰੀਰ ਵਿਚ ਜੇਕਰ ਪ੍ਰਭੂ ਦੇ ਨਾਮ ਦਾ ਬੀਜ ਬੀਜਿਆ ਜਾਏ ਤਾਂ ਸਦਾ ਚੰਗੇ ਫਲ ਹੀ ਪ੍ਰਾਪਤ ਹੁੰਦੇ ਹਨ ਅਤੇ ਮਨੁੱਖ ਦੇ ਸਾਰੇ ਕੰਮ ਸੰਵਰ ਜਾਂਦੇ ਹਨ :

ਕਰਮ ਭੂਮਿ ਮਹਿ ਬੋਅਹੁ ਨਾਮੁ ॥
ਪੂਰਨ ਹੋਇ ਤੁਮਾਰਾ ਕਾਮੁ ॥ —ਗਉੜੀ ਗੁਆਰੇਰੀ ਮਹਲਾ ੫ *(ਅੰਗ ੧੭੬)*

ਅਥਵਾ : ਫਲ ਪਾਵਹਿ ਮਿਟੈ ਜਮ ਤ੍ਰਾਸ ॥ ਨਿਤ ਗਾਵਹਿ ਹਰਿ ਹਰਿ ਗੁਣ ਜਾਸ ॥

ਕਰਮ ਭੂਮਿ ਹਰਿ ਨਾਮੁ ਬੋਇ ਅਉਸਰੁ ਦੁਲਭਾਇਆ ॥

(ਰਾਗੁ ਬਿਲਾਵਲੁ ਮਹਲਾ ੫, ਅੰਗ ੮੧੨)

ਅਉਸਰੁ ਦੁਲਭਾਇਆ ਤੋਂ ਭਾਵ ਹੈ ਮੁਸ਼ਕਲ ਨਾਲ ਮੌਕਾ ਮਿਲਿਆ ਹੈ।

ਆਪ ਜੀ ਦੇ ਇਕ ਹੋਰ ਬਚਨ ਹਨ :

ਰੇ ਮਨ ਵਤ੍ਰ ਬੀਜਣ ਨਾਉ ॥
ਬੋਇ ਖੇਤੀ ਲਾਇ ਮਨੂਆ ਭਲੋ ਸਮਉ ਸੁਆਉ ॥

(ਰਾਗੁ ਮਾਰੂ ਮਹਲਾ ੫, ਅੰਗ ੧੦੦੨)

ਜਦੋਂ ਖੇਤ ਵਿਚ ਨਾ ਬਹੁਤੀ ਗਿੱਲ ਹੁੰਦੀ ਹੈ ਅਤੇ ਨਾ ਹੀ ਮਿੱਟੀ ਸੁੱਕੀ ਹੁੰਦੀ ਹੈ ਤਾਂ ਉਸ ਨੂੰ ਕਹਿੰਦੇ ਹਨ ਕਿ ਖੇਤ ਵਿਚ ਵੱਤ੍ਰ ਆ ਗਈ ਹੈ ਭਾਵ ਹੁਣ ਜੋ ਕੁਝ ਬੀਜਣਾ ਹੈ, ਬੀਜਿਆ ਜਾ ਸਕਦਾ ਹੈ। ਵੱਤ੍ਰ ਦੀ ਉਦਾਹਰਣ ਦੇ ਕੇ ਗੁਰੂ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਮਨੁੱਖਾ ਜਨਮ ਵਿਚ ਪ੍ਰਭੂ ਦਾ ਨਾਮ ਬੀਜਣ ਦਾ ਢੁੱਕਵਾਂ ਸਮਾਂ ਹੈ। ਇਸ ਲਈ ਮਨ ਲਾ ਕੇ ਹਿਰਦੇ ਰੂਪੀ ਖੇਤ ਵਿਚ ਨਾਮ ਬੀਜੋ, ਮਨ ਇੱਛਤ ਫਲ ਪ੍ਰਾਪਤ ਹੋਣਗੇ।

ਅਜਿਹੇ ਪ੍ਰਾਣੀ ਵਾਸਤੇ ਫਿਰ ਜ਼ਹਿਰ ਵੀ ਅੰਮ੍ਰਿਤ ਬਣ ਜਾਂਦਾ ਹੈ। ਦੋਖੀ ਅਤੇ ਵਿਰੋਧੀ, ਮਿੱਤਰ ਅਤੇ ਸਕੇ-ਸੰਬੰਧੀ ਬਣ ਜਾਂਦੇ ਹਨ। ਦੁੱਖ-ਕਲੇਸ਼ ਸਭ ਸੁਖਾਂ ਵਿਚ ਬਦਲ ਜਾਂਦੇ ਹਨ। ਮਨ ਵਿਚਲੇ ਸਾਰੇ ਡਰ ਅਤੇ ਵਹਿਮ ਦੂਰ ਹੋ ਜਾਂਦੇ ਹਨ। ਗੁਰਵਾਕ ਹੈ :

ਬਿਖਯਾ ਭਯੰਤਿ ਅੰਮ੍ਰਿਤੰ ਦ੍ਰੁਸਟਾਂ ਸਖਾ ਸ੍ਵਜਨਹ ॥
ਦੁਖੰ ਭਯੰਤਿ ਸੁਖੵੰ ਭੈ ਭੀਤੰ ਤ ਨਿਰਭਯਹ ॥ ੩੧ ॥

(ਸਲੋਕ ਸਹਸਕ੍ਰਿਤੀ ਮਹਲਾ ੫, ਅੰਗ ੧੩੫੭)

ਭਯੰਤਿ ਤੋਂ ਅਰਥ ਹੈ—ਬਣ ਜਾਂਦੀ ਹੈ। ਦ੍ਰੁਸਟਾ—ਦੋਖੀ, ਵਿਰੋਧੀ। ਸ੍ਵਜਨਹ—ਸਕੇ ਸੰਬੰਧੀ।

(73)

ਬੁਢਾਪਾ

ਜੁਆਨੀ ਢਲ ਜਾਣ ਤੋਂ ਬਾਅਦ ਮਨੁੱਖ ਦੇ ਸਰੀਰਕ ਇੰਦ੍ਰੇ ਕਮਜ਼ੋਰ ਪੈ ਜਾਂਦੇ ਹਨ, ਫਲਸਰੂਪ ਮਨੁੱਖ ਤੇ ਬੁਢਾਪਾ ਆ ਜਾਂਦਾ ਹੈ। 60-65 ਸਾਲ ਦੀ ਆਯੂ ਤੋਂ ਬਾਅਦ ਆਮ ਤੌਰ ਤੇ ਪ੍ਰਾਣੀ ਤੇ ਬੁਢਾਪਾ ਆਉਣਾ ਸ਼ੁਰੂ ਹੁੰਦਾ ਹੈ। ਇਸ ਤੋਂ ਬਾਅਦ ਫਿਰ ਸੱਤਰਿਆ ਬਹੱਤਰਿਆ ਜਾਂਦਾ ਹੈ। ਹੁਣ ਬਲਗ਼ਮ ਨਾਲ ਗਲਾ ਭਰਿਆ ਰਹਿੰਦਾ ਹੈ। ਅੱਖਾਂ ਵਿਚੋਂ ਪਾਣੀ ਵਗਣਾ ਸ਼ੁਰੂ ਹੋ ਜਾਂਦਾ ਹੈ। ਹੱਥ ਪੈਰ ਕੰਮ ਕਰਨਾ ਬੰਦ ਕਰ ਦਿੰਦੇ ਹਨ। ਆਦਮੀ ਦੀ ਅਕਲ ਅਤੇ ਮੱਤ ਮਾਰੀ ਜਾਂਦੀ ਹੈ। ਯਾਦਦਾਸ਼ਤ ਕਮਜ਼ੋਰ ਹੋ ਜਾਂਦੀ ਹੈ। ਕਿਸੇ ਸਮੇਂ ਜੋ ਕੇਸ ਕਾਲੇ ਸਨ ਉਹ ਧੌਲੇ ਤੇ ਚਿੱਟੇ ਹੋ ਜਾਂਦੇ ਹਨ। ਅਜਿਹੀ ਅਵਸਥਾ ਵਿਚ ਮਨੁੱਖ ਨੂੰ ਹੁਣ ਕੋਈ ਘਰ ਰੱਖਣ ਲਈ ਵੀ ਤਿਆਰ ਨਹੀਂ ਹੁੰਦਾ ਭਾਵ ਘਰ ਵਾਲੇ ਵੀ ਉਸ ਤੋਂ ਤੰਗ ਆ ਜਾਂਦੇ ਹਨ। ਇਹ ਹੈ ਮਨੁੱਖ ਦਾ ਬੁਢਾਪੇ ਵਿਚ ਹਾਲ ਜਿਸਨੇ ਜੁਆਨੀ ਅਤੇ ਧਨ ਦੌਲਤ ਦੇ ਨਸ਼ੇ ਵਿਚ ਪਰਮਾਤਮਾ ਨੂੰ ਵਿਸਾਰੀ ਰੱਖਿਆ :

ਬਿਰਧਿ ਭਇਆ ਜੋਬਨੁ ਤਨੁ ਖਿਸਿਆ ਕਫੁ ਕੰਠੁ ਬਿਰੂਧੋ ਨੈਨਹੁ ਨੀਰੁ ਢਰੇ॥
ਚਰਣ ਰਹੇ ਕਰ ਕੰਪਣ ਲਾਗੇ ਸਾਕਤ ਰਾਮੁ ਨ ਰਿਦੈ ਹਰੇ॥
ਸੁਰਤਿ ਗਈ ਕਾਲੀ ਹੂ ਧਉਲੇ ਕਿਸੈ ਨ ਭਾਵੈ ਰਖਿਓ ਘਰੇ॥

(ਰਾਗੁ ਮਾਰੂ ਮਹਲਾ ੧, ਅੰਗ ੧੦੧੪)

ਅਥਵਾ :

ਜੋਬਨੁ ਗਇਆ ਬਿਤੀਤਿ ਜਰੁ ਮਲਿ ਬੈਠੀਆ॥
ਕਰ ਕੰਪਹਿ ਸਿਰੁ ਡੋਲ ਨੈਣ ਨ ਡੀਠਿਆ॥
ਨਹ ਨੈਣ ਦੀਸੈ ਬਿਨੁ ਭਜਨ ਈਸੈ ਛੋਡਿ ਮਾਇਆ ਚਾਲਿਆ॥
ਕਹਿਆ ਨ ਮਾਨਹਿ ਸਿਰਿ ਖਾਕੁ ਛਾਨਹਿ ਜਿਨ ਸੰਗਿ ਮਨੁ ਤਨੁ ਜਾਲਿਆ॥

(ਰਾਗੁ ਜੈਤਸਰੀ ਮਹਲਾ ੫, ਛੰਤ, ਅੰਗ ੭੦੫)

ਭਾਵ ਜੁਆਨੀ ਬੀਤ ਜਾਣ ਤੋਂ ਬਾਅਦ ਮਨੁੱਖ ਨੂੰ ਬੁਢਾਪਾ ਆ ਘੇਰਦਾ ਹੈ। ਹੱਥ ਪੈਰ ਕੰਬਣ ਲੱਗ ਪੈਂਦੇ ਹਨ। ਸਿਰ ਡੋਲੇ ਖਾਣ ਲੱਗ ਪੈਂਦਾ ਹੈ। ਨੇਤ੍ਰ ਵੀ ਜੁਆਬ ਦੇ ਜਾਂਦੇ ਹਨ। ਜਿਨ੍ਹਾਂ ਪੁੱਤਰਾਂ, ਧੀਆਂ, ਸਾਕ-ਸੰਬੰਧੀਆਂ ਲਈ ਮਨੁੱਖ ਐਨਾ ਖੱਜਲ ਖੁਆਰ ਹੁੰਦਾ ਰਿਹਾ ਉਹ ਵੀ ਹੁਣ ਉਸਦੇ ਆਖੇ ਨਹੀਂ ਲਗਦੇ। ਉਸਦੀ ਸਾਰ ਨਹੀਂ ਲੈਂਦੇ। ਭਗਤੀ ਤੋਂ ਸੱਖਣਾ ਮਨੁੱਖ ਅੰਤ ਨੂੰ ਮਾਇਆ ਅਤੇ ਮਹਲ ਮਾੜੀਆਂ ਸਭ ਕੁਝ ਇੱਥੇ ਹੀ ਛੱਡ ਕੇ ਖਾਲੀ ਹੱਥੀਂ ਤੁਰ ਜਾਂਦਾ ਹੈ।

ਸਿਰੀਰਾਗੁ ਪਹਰੇ ਵਿਚ ਗੁਰੂ ਨਾਨਕ ਦੇਵ ਜੀ ਨੇ ਜੀਵਨ ਦੇ ਸਫ਼ਰ ਨੂੰ ਚਾਰ ਪਹਿਰਾਂ ਵਿਚ ਵੰਡਿਆ ਹੈ ਜਿਸ ਵਿਚ ਬੁਢਾਪਾ ਆਖ਼ਰੀ ਅਤੇ ਚੌਥਾ ਪਹਿਰ ਕਰਕੇ ਦਰਸਾਇਆ ਹੈ ਜਦੋਂ ਸਰੀਰ ਕਮਜ਼ੋਰ ਹੋ ਜਾਂਦਾ ਹੈ, ਅੱਖਾਂ ਅਤੇ ਕੰਨ ਜੁਆਬ ਦੇ ਜਾਂਦੇ ਹਨ ਅਤੇ

ਜੀਭ ਦਾ ਸੁਆਦ ਵੀ ਜਾਂਦਾ ਰਹਿੰਦਾ ਹੈ। ਆਪ ਜੀ ਦਾ ਫ਼ਰਮਾਨ ਹੈ ਕਿ ਜਦੋਂ ਪ੍ਰਾਣੀ ਅੰਦਰ ਬਲ ਅਤੇ ਤਾਕਤ ਸੀ ਅਜਿਹੇ ਸਮੇਂ ਉਹ ਅਵੇਸਲਾ ਹੋਇਆ ਰਿਹਾ। ਪ੍ਰਭੂ ਦੇ ਗੁਣਾਂ ਨੂੰ ਆਪਣੇ ਹਿਰਦੇ ਵਿਚ ਨਹੀਂ ਵਸਾਇਆ ਤਾਂ ਫਿਰ ਹੁਣ ਬੁਢਾਪੇ ਵਿਚ ਸੁਖ ਕਿਥੋਂ ਮਿਲਣੇ ਹਨ?

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ॥
ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ॥
ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ॥
ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ ਮਨਮੁਖ ਆਵਣ ਜਾਣਾ॥
(ਅੰਗ ੭੬)

ਅਥਵਾ :

ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ॥
ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ॥ *(ਅੰਗ ੧੩੭੮)*

ਭਾਵ ਜਦੋਂ ਮਨੁੱਖ ਤੇ ਬੁਢਾਪਾ ਆਉਂਦਾ ਹੈ ਤਾਂ ਅੱਖਾਂ ਕਮਜ਼ੋਰ ਹੋ ਜਾਂਦੀਆਂ ਹਨ, ਇਨ੍ਹਾਂ ਦੀ ਦੇਖਣ ਦੀ ਸਤਿਆ ਨਹੀਂ ਰਹਿੰਦੀ ਅਤੇ ਕੰਨ ਵੀ ਜਵਾਬ ਦੇ ਜਾਂਦੇ ਹਨ, ਸੁਣ ਨਹੀਂ ਸਕਦੇ ਭਾਵ ਬੋਲੇ ਹੋ ਜਾਂਦੇ ਹਨ। ਇਸ ਤਰ੍ਹਾਂ ਸਭ ਕੁਝ ਬਦਲ ਜਾਂਦਾ ਹੈ।

ਮਨੁੱਖ ਦੀ ਇਹ ਤਰਾਸਦੀ ਹੈ ਕਿ ਸਭ ਕੁਝ ਖੁੱਸ ਜਾਣ ਤੇ ਵੀ ਇਹ ਮਾਇਆ ਦੀਆਂ ਘੁੰਮਣ ਘੇਰੀਆਂ ਵਿਚ ਫਸਿਆ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਦੇ ਰਾਗੁ ਰਾਮਕਲੀ ਵਿਚ ਬਚਨ ਹਨ ਕਿ ਮਨੁੱਖ ਬਚਪਨ ਵਿਚ ਤਾਂ ਅੰਞਾਣਾ ਅਤੇ ਬੇਸਮਝ ਰਿਹਾ। ਜਦੋਂ ਜੁਆਨੀ ਆਈ ਤਾਂ ਵਿਕਾਰਾਂ ਵਿਚ ਫਸ ਗਿਆ। ਜੁਆਨੀ ਬੀਤਣ ਤੇ ਮਾਇਆ ਇਕੱਠੀ ਕਰਨ ਵਿਚ ਲੱਗਾ ਰਿਹਾ। ਫਿਰ ਬੁਢਾਪਾ ਆਉਣ ਤੇ ਅੰਤ ਨੂੰ ਤੁਰ ਜਾਣ ਵੇਲੇ ਪਛਤਾਉਂਦਾ ਹੈ :

ਬਾਲ ਬਿਵਸਥਾ ਬਾਰਿਕੁ ਅੰਧ॥
ਭਰਿ ਜੋਬਨਿ ਲਾਗਾ ਦੁਰਗੰਧ॥
ਤ੍ਰਿਤੀਅ ਬਿਵਸਥਾ ਸਿੰਚੇ ਮਾਇ॥
ਬਿਰਧਿ ਭਇਆ ਛੋਡਿ ਚਲਿਓ ਪਛੁਤਾਇ॥ *(ਅੰਗ ੮੮੯-੯੦)*

ਅਥਵਾ :

ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ॥
ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ॥
(ਰਾਗੁ ਸੂਹੀ ਕਬੀਰ ਜੀਉ ਲਲਿਤ, ਅੰਗ ੭੯੩)

ਭਾਵ ਪ੍ਰਾਣੀ ਦੀਆਂ ਅੱਖਾਂ ਕਮਜ਼ੋਰ ਹੋ ਗਈਆਂ ਹਨ। ਸੁਣਨ ਦੀ ਸ਼ਕਤੀ ਵੀ ਘਟ ਗਈ ਹੈ। ਬੁਢਾਪਾ ਆਉਣ ਤੇ ਸਰੀਰਕ ਬਲ ਵੀ ਜਾਂਦਾ ਰਿਹਾ ਅਤੇ ਅਕਲ ਨੇ ਵੀ ਠੀਕ ਤਰ੍ਹਾਂ ਨਾਲ ਕੰਮ ਕਰਨਾ ਬੰਦ ਕਰ ਦਿੱਤਾ ਹੈ ਪ੍ਰੰਤੂ ਮਾਇਆ ਦਾ ਮੋਹ ਪ੍ਰਾਣੀ ਦਾ ਹਾਲੇ ਵੀ ਨਹੀਂ ਗਿਆ।

ਜੁਆਨੀ, ਜਿਸ ਤੇ ਪ੍ਰਾਣੀ ਐਨਾ ਗਰਬ ਕਰਦਾ ਹੈ ਸਦਾ ਕਾਇਮ ਰਹਿਣ ਵਾਲੀ ਨਹੀਂ। ਇਕ ਦਿਨ ਇਸਨੇ ਢਲ ਕੇ ਬੁਢਾਪੇ ਦਾ ਰੂਪ ਧਾਰਨ ਕਰਨਾ ਹੀ ਹੈ। ਕਾਲੇ ਕੇਸਾਂ

ਨੇ ਇਕ ਦਿਨ ਚਿੱਟੇ ਹੋਣਾ ਹੀ ਹੈ। ਭਾਵੇਂ ਇਨ੍ਹਾਂ ਨੂੰ ਕਲਫ਼ ਲਾ ਕੇ ਕਾਲੇ ਕਰ ਲਈਦਾ ਹੈ ਜਾਂ ਡਾਈ ਕਰ ਲਈਦਾ ਹੈ ਪਰ ਸਰੀਰ ਦੇ ਬਾਕੀ ਦੇ ਅੰਗਾਂ ਨੂੰ ਬੁਢਾਪੇ ਤੋਂ ਬਚਾ ਕੇ ਕਿੰਨੀ ਦੇਰ ਰਖਿਆ ਜਾ ਸਕਦਾ ਹੈ। ਕੋਈ ਕਿੰਨਾ ਵੀ ਬਲਵਾਨ ਜਾਂ ਸੂਰਮਾ ਕਿਉਂ ਨਾ ਹੋਵੇ, ਬੁਢਾਪੇ ਤੋਂ ਬਚ ਨਹੀਂ ਸਕਦਾ। ਬੁਢਾਪਾ ਆਪਣਾ ਵੇਸ ਧਾਰ ਕੇ ਆ ਹੀ ਜਾਂਦਾ ਹੈ :

ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ॥

(ਆਸਾ ਦੀ ਵਾਰ ਮਹਲਾ ੧, ਅੰਗ ੪੬੫)

ਰਾਗੁ ਆਸਾ ਦੀ ਵਾਰ ਵਿਚ ਹੀ ਗੁਰੂ ਨਾਨਕ ਦੇਵ ਜੀ ਦੇ ਇਕ ਹੋਰ ਬਚਨ ਹਨ ਕਿ ਰੰਗ-ਰਲੀਆਂ ਮਾਣਨ ਵਾਲੇ ਮਹਲ-ਮਾੜੀਆਂ ਦੇ ਮਾਲਕ ਜੋ ਮਨ-ਭਾਉਂਦੇ ਚੋਜ ਤਮਾਸ਼ੇ ਅਤੇ ਮਨ-ਮਾਨੀਆਂ ਕਰਦੇ ਹਨ, ਜੁਆਨੀ ਦੇ ਨਸ਼ੇ ਵਿਚ ਮਸਤ ਜਿਨ੍ਹਾਂ ਨੇ ਮੌਤ ਨੂੰ ਭੁਲਾ ਛੱਡਿਆ ਹੈ, ਜਿਨ੍ਹਾਂ ਦੇ ਮਰਨਾ ਚਿੱਤ-ਚੇਤੇ ਵੀ ਨਹੀਂ ਰਿਹਾ, ਅਚਾਨਕ ਇਨ੍ਹਾਂ ਨੂੰ ਬੁਢਾਪਾ ਆ ਦਬਾਉਂਦਾ ਹੈ :

ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ॥
ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ॥
ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ॥
ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ॥
ਜਰੁ ਆਈ ਜੋਬਨਿ ਹਾਰਿਆ॥ *(ਅੰਗ ੪੭੨)*

'ਤੁਰੇ ਪਲਾਣੇ ਪਉਣ ਵੇਗ' ਤੋਂ ਅਰਥ ਹੈ ਹਵਾ ਨਾਲ ਗੱਲਾਂ ਕਰਨ ਵਾਲੇ ਕਾਠੀਆਂ (ਪਲਾਣੇ) ਸਮੇਤ ਘੋੜੇ ਭਾਵ ਜਿਨ੍ਹਾਂ ਪਾਸ ਤਿਆਰ-ਬਰ-ਤਿਆਰ ਤੇਜ਼ ਰਫ਼ਤਾਰ ਘੋੜੇ ਹਨ।

ਪ੍ਰੰਤੂ ਇਸ ਸਭ ਦੇ ਬਾਵਜੂਦ ਮਨੁੱਖ ਅਸਲ ਵਿਚ ਉਦੋਂ ਬੁੱਢਾ ਹੁੰਦਾ ਹੈ ਜਦੋਂ ਉਸਦੀ ਅੰਦਰਲੀ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਇਹ ਇਸੇ ਤਰ੍ਹਾਂ ਹੈ ਜਿਵੇਂ ਰੁੱਖ ਦਾ ਤਣਾ, ਟਹਿਣੀ, ਪੱਤੇ, ਫੁੱਲ ਅਤੇ ਫਲ ਬਾਹਰੋਂ ਹਰੇ ਭਰੇ ਖ਼ੂਬਸੂਰਤ ਨਜ਼ਰ ਆਉਂਦੇ ਹਨ, ਪਰ ਇਸ ਰੁੱਖ ਦੀ ਰੌਣਕ ਜੋ ਬਾਹਰ ਖੇੜਾ ਦਿਖਾਉਂਦੀ ਹੈ, ਧਰਤੀ ਦੇ ਹੇਠ ਦੱਬੀ ਜਾ ਲੁਕੀ ਹੋਈ ਤੰਦਰੁਸਤ ਤੇ ਮਜ਼ਬੂਤ ਜੜ੍ਹ ਦੇ ਸਦਕਾ ਹੀ ਹੁੰਦੀ ਹੈ। ਇਸ ਲਈ ਜਦੋਂ ਤੱਕ ਮਨੁੱਖੀ ਆਤਮਾ ਬਲਵਾਨ ਹੈ, ਬੁਢਾਪਾ, ਦੁੱਖ ਜਾਂ ਮੌਤ ਪੋਹ ਨਹੀਂ ਸਕਦੇ। ਗੁਰਵਾਕ ਹੈ :

ਸਦਾ ਸਦਾ ਜਪੀਐ ਪ੍ਰਭ ਨਾਮ॥
ਜਰਾ ਮਰਾ ਕਛੁ ਦੂਖੁ ਨ ਬਿਆਪੈ ਆਗੈ ਦਰਗਹ ਪੂਰਨ ਕਾਮ॥

(ਰਾਗੁ ਬਿਲਾਵਲੁ ਮਹਲਾ ੫, ਅੰਗ ੮੨੪)

ਅਥਵਾ :

ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ॥

(ਰਾਗੁ ਮਾਰੂ ਮਹਲਾ ੧, ਅੰਗ ੧੦੦੯)

ਭਾਵ ਜੋ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ ਸੁਰਤੀ ਜੋੜੀ ਰੱਖਦੇ ਹਨ ਉਨ੍ਹਾਂ ਨੂੰ ਬੁਢਾਪਾ ਕਦੀ ਪੋਹ ਨਹੀਂ ਸਕਦਾ।

ਗੁਰੂ ਅਮਰਦਾਸ ਜੀ ਦੇ ਬਚਨ ਹਨ :

ਜਰਾ ਜਮੁ ਤਿਸੁ ਜੋਹਿ ਨ ਸਾਕੈ ਸਾਚੇ ਸਿਉ ਬਣਿ ਆਈ ਹੇ॥

(ਰਾਗੁ ਮਾਰੂ, ਅੰਗ ੧੦੪੪)

ਭਗਤ ਕਬੀਰ ਜੀ ਦਾ ਫ਼ਰਮਾਨ ਹੈ :

ਇਹੁ ਜੀਉ ਰਾਮ ਨਾਮ ਲਿਵ ਲਾਗੈ॥
ਜਰਾ ਮਰਨੁ ਛੂਟੈ ਭ੍ਰਮੁ ਭਾਗੈ॥

(ਰਾਗੁ ਭੈਰਉ, ਅੰਗ ੧੧੬੨)

ਰਾਗੁ ਗੁਜਰੀ ਵਿਚ ਭਗਤ ਜੈ ਦੇਵ ਜੀ ਦਾ ਕਥਨ ਹੈ ਕਿ ਪਰਮਾਤਮਾ ਦਾ ਨਾਮ ਸਿਮਰਨ ਨਾਲ ਜਨਮ-ਮਰਨ, ਬੁਢਾਪਾ, ਚਿੰਤਾ-ਫਿਕਰ ਅਤੇ ਮੌਤ ਦਾ ਡਰ ਖ਼ਤਮ ਹੋ ਜਾਂਦਾ ਹੈ :

ਕੇਵਲ ਰਾਮ ਨਾਮ ਮਨੋਰਮੰ॥
ਬਦਿ ਅੰਮ੍ਰਿਤ ਤਤ ਮਇਅੰ॥
ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ॥ *(ਅੰਗ ੫੨੬)*

ਮਨੋਰਮੰ ਤੋਂ ਅਰਥ ਹੈ ਮਨ ਨੂੰ ਮੋਹ ਲੈਣ ਵਾਲਾ; ਜਸਮਰਣੇਨ—ਜਿਸਦਾ ਸਿਮਰਨ ਕਰਨ ਨਾਲ।

ਗੁਰਬਾਣੀ ਅਨੁਸਾਰ ਗੁਰੂ ਦੇ ਦੱਸੇ ਮਾਰਗ ਤੇ ਚੱਲਣ ਵਾਲਾ ਗੁਰਮੁਖ ਕਦੀ ਬੁੱਢਾ ਨਹੀਂ ਹੁੰਦਾ ਕਿਉਂਕਿ ਉਸ ਨੂੰ ਆਤਮਿਕ ਜੀਵਨ ਦੀ ਸੂਝ ਹੁੰਦੀ ਹੈ। ਸਦਾ ਪ੍ਰਭੂ ਨਾਲ ਜੁੜੇ ਰਹਿਣ ਸਦਕਾ ਉਸ ਅੰਦਰ ਆਤਮਿਕ ਅਡੋਲਤਾ ਬਣੀ ਰਹਿੰਦੀ ਹੈ ਅਤੇ ਸਦਾ ਅਨੰਦ ਤੇ ਖੇੜੇ ਵਿਚ ਵਿਚਰਦਾ ਹੈ। ਦੁੱਖ ਕੀ ਤੇ ਸੁਖ ਕੀ ਉਹ ਹਰ ਅਵਸਥਾ ਵਿਚ ਇਕ ਸਮਾਨ ਰਹਿੰਦਾ ਹੈ :

ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ॥
ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ॥
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ॥

(ਸਲੋਕ ਵਾਰਾਂ ਤੇ ਵਧੀਕ ਮਹਲਾ ੩, ਅੰਗ ੧੪੧੮)

ਇਹ ਬਚਨ ਸੇਵਾ, ਨਿਮਰਤਾ ਅਤੇ ਭਗਤੀ ਰਸ ਵਿਚ ਓਤਪੋਤ ਗੁਰੂ ਅਮਰਦਾਸ ਜੀ ਦੇ ਹਨ ਜੋ 61 ਸਾਲ ਦੀ ਆਯੂ ਤੋਂ ਲੈ ਕੇ 73 ਸਾਲ ਦੀ ਆਯੂ ਤੱਕ ਮੀਂਹ ਹੋਵੇ ਜਾਂ ਝੱਖੜ, ਗਰਮੀ ਹੋਵੇ ਜਾਂ ਸਰਦੀ ਬਿਨਾਂ ਨਾਗਾ 12 ਸਾਲ ਅੰਮ੍ਰਿਤ ਵੇਲੇ ਆਪਣੇ ਗੁਰਦੇਵ ਨੂੰ ਇਸ਼ਨਾਨ ਕਰਵਾਉਣ ਲਈ ਦਰਿਆ ਬਿਆਸ, ਗੋਇੰਦਵਾਲ ਸਾਹਿਬ ਤੋਂ ਪਾਣੀ ਦੀ ਗਾਗਰ ਭਰ ਕੇ ਆਪਣੇ ਮੋਢਿਆਂ ਤੇ ਰੱਖ ਕੇ ਖਡੂਰ ਸਾਹਿਬ ਲਿਆਉਂਦੇ ਰਹੇ। ਖਡੂਰ ਸਾਹਿਬ ਤੋਂ ਦਰਿਆ ਬਿਆਸ ਲਗਭਗ 8-10 ਕਿਲੋਮੀਟਰ ਹੈ।

(74)

ਨੇਤ੍ਰ

ਇਹ ਜਗਤ ਬੜਾ ਸੁੰਦਰ ਹੈ ਅਤੇ ਮਨ ਨੂੰ ਲੁਭਾਉਣ ਵਾਲੀਆਂ ਵੱਖ-ਵੱਖ ਵਸਤਾਂ ਨਾਲ ਭਰਪੂਰ ਹੈ। ਇਸ ਸੁੰਦਰਤਾ ਨੂੰ ਵੇਖ ਕੇ ਆਮ ਮਨੁੱਖ ਦੀਆਂ ਅੱਖਾਂ ਧੋਖਾ ਖਾ ਜਾਂਦੀਆਂ ਹਨ ਅਤੇ ਲੋਭ-ਲਾਲਚ ਵੱਸ ਪ੍ਰਾਣੀ ਇਨ੍ਹਾਂ ਵਸਤੂਆਂ ਦੀ ਪ੍ਰਾਪਤੀ ਲਈ ਹਰ ਹੀਲੇ-ਵਸੀਲੇ ਕਰਦਾ ਹੈ। ਇੰਜ ਉਹ ਆਪਣੇ ਅਸਲ ਮਾਰਗ ਤੋਂ ਭਟਕ ਕੇ ਕੁਰਾਹੇ ਪੈ ਜਾਂਦਾ ਹੈ। ਦੂਜੇ ਬੰਨੇ ਨਾਮ ਦੇ ਅਭਿਲਾਸ਼ੀ ਇਨ੍ਹਾਂ ਮਨ-ਮੋਹਕ ਚੀਜ਼ਾਂ ਵਿਚ ਖਚਿਤ ਨਹੀਂ ਹੁੰਦੇ। ਉਹ ਇਨ੍ਹਾਂ ਨੂੰ ਕਾਦਰ ਦੀ ਕੁਦਰਤ ਅਨੁਭਵ ਕਰਦੇ ਹੋਏ, ਇਨ੍ਹਾਂ ਨੂੰ ਚੰਗੀ ਭਾਵਨਾ ਨਾਲ ਤੱਕਦੇ ਹਨ ਅਤੇ ਵਿਕਾਰਾਂ ਤੋਂ ਬਚੇ ਰਹਿੰਦੇ ਹਨ :

ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ॥
ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥

(ਰਾਗੁ ਮਾਰੂ ਕੀ ਵਾਰ ਮਹਲਾ ੫, ਅੰਗ ੧੦੯੯-੧੧੦੦)

ਭਾਵ ਜਿਵੇਂ-ਜਿਵੇਂ ਪ੍ਰਾਣੀ ਅੱਖਾਂ ਨਾਲ ਦੁਨਿਆਵੀ ਪਦਾਰਥਾਂ ਨੂੰ ਤੱਕਦਾ ਹੈ ਇਨ੍ਹਾਂ ਪਦਾਰਥਾਂ ਵਾਸਤੇ ਲਾਲਸਾ ਵਧਦੀ ਜਾਂਦੀ ਹੈ। ਅਜਿਹੀਆਂ ਤ੍ਰਿਸ਼ਨਾਲੂ ਅੱਖਾਂ ਨਾਲ ਪਿਆਰੇ ਪ੍ਰਭੂ ਦੇ ਕਦੀ ਦਰਸ਼ਨ ਨਹੀਂ ਕੀਤੇ ਜਾ ਸਕਦੇ। ਉਹ ਤਾਂ ਅੱਖਾਂ ਹੋਰ ਹੀ ਹਨ ਜਿਨ੍ਹਾਂ ਨਾਲ ਪਰਮਾਤਮਾ ਨੂੰ ਰਿਝਾਇਆ ਜਾ ਸਕਦਾ ਹੈ ਅਰਥਾਤ ਜੋ ਅੱਖੀਆਂ ਤ੍ਰਿਸ਼ਨਾ ਅਤੇ ਲਾਲਸਾ ਤੋਂ ਮੁਕਤ ਹਨ ਉਹ ਅੱਖਾਂ ਹੀ ਪਰਮਾਤਮਾ ਦੇ ਦਰ ਤੇ ਪ੍ਰਵਾਨ ਹਨ।

ਬਾਣੀ ਅਨੰਦੁ ਸਾਹਿਬ ਵਿਚ ਗੁਰੂ ਅਮਰਦਾਸ ਜੀ ਦੇ ਬੜੇ ਅਨਮੋਲ ਬਚਨ ਹਨ ਕਿ ਇਨ੍ਹਾਂ ਨੇਤ੍ਰਾਂ ਨਾਲ ਸਦਾ ਪ੍ਰਭੂ ਨੂੰ ਹੀ ਤੱਕਣਾ ਕਰੋ। ਕਿਸੇ ਮਾੜੀ ਚੀਜ਼ ਵੱਲ ਨਾ ਤੱਕੋ। ਇਹ ਸੰਸਾਰ ਜਿਸ ਨੂੰ ਅਸੀਂ ਵਿਸ-ਗੰਦਲਾਂ ਸਮਝਦੇ ਹਾਂ ਇਹ ਅਸਲ ਵਿਚ ਸਭ ਪ੍ਰਭੂ ਦਾ ਹੀ ਰੂਪ ਹੈ। ਆਪ ਜੀ ਦਾ ਹੋਰ ਕਥਨ ਹੈ ਕਿ ਗੁਰੂ ਦੇ ਦਰਸ਼ਨ ਕਰਨ ਤੋਂ ਪਹਿਲਾਂ ਮੇਰੀਆਂ ਅੱਖੀਆਂ ਅੰਨ੍ਹੀਆਂ ਸਨ ਭਾਵ ਇਸ ਗੱਲੋਂ ਬੇਖ਼ਬਰ ਸਨ ਪ੍ਰੰਤੂ ਗੁਰੂ ਦੇ ਦਰਸ਼ਨ ਕਰਨ ਉਪਰੰਤ ਇਹ ਰੋਸ਼ਨਾਈਆਂ ਗਈਆਂ ਹਨ ਅਤੇ ਸਾਰਾ ਹਨੇਰਾ ਦੂਰ ਹੋ ਗਿਆ ਹੈ। ਹੁਣ ਤਾਂ ਹਰ ਥਾਂ ਇਕ ਪ੍ਰਭੂ ਦੀ ਜੋਤਿ ਹੀ ਦਿਖਾਈ ਦਿੰਦੀ ਹੈ :

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ
ਨਦਰੀ ਹਰਿ ਨਿਹਾਲਿਆ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ
ਹਰਿ ਬਿਨੁ ਅਵਰੁ ਨ ਕੋਈ॥

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥ *(ਅੰਗ ੯੨੨)*

ਵਾਸਤਵ ਵਿਚ ਉਹ ਅੱਖਾਂ ਹੀ ਮਨੁੱਖੀ ਅੱਖਾਂ ਕਹਾਉਣ ਦੀਆਂ ਹੱਕਦਾਰ ਹਨ ਜਿਨ੍ਹਾਂ ਨੂੰ ਪਰਮਾਤਮਾ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਅਜਿਹੀਆਂ ਅੱਖਾਂ ਹੀ ਪ੍ਰਭੂ ਦੇ ਦਰ ਤੇ ਪ੍ਰਵਾਨ ਚੜ੍ਹਦੀਆਂ ਹਨ :

ਸੇ ਨੇਤ੍ਰ ਪਰਵਾਣੁ ਜਿਨੀ ਦਰਸਨੁ ਪੇਖਾ॥
(ਰਾਗੁ ਮਾਝ, ਮਹਲਾ ੫, ਅੰਗ ੧੦੩)

ਗੁਰਮਤਿ ਨੇ ਉਨ੍ਹਾਂ ਨੂੰ ਨੇਤ੍ਰ-ਹੀਣ ਨਹੀਂ ਆਖਿਆ ਜਿਹੜੇ ਅੱਖਾਂ ਦੀ ਲੋਅ ਤੋਂ ਵਾਂਝੇ ਹਨ। ਅਸਲ ਵਿਚ ਅੰਨ੍ਹੇ ਤਾਂ ਉਹ ਹਨ ਜੋ ਮਾਲਕ ਪ੍ਰਭੂ ਤੋਂ ਖੁੰਝੇ ਰਹਿੰਦੇ ਹਨ :

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥
(ਸਲੋਕ ਮਹਲਾ ੨, ਰਾਗੁ ਰਾਮਕਲੀ ਕੀ ਵਾਰ ਮਹਲਾ ੩, ਅੰਗ ੯੫੪)

ਅਥਵਾ :

ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ॥
ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ॥
(ਸਲੋਕ ਮਹਲਾ ੨, ਅੰਗ ੯੫੪)

ਭਾਵ ਜੋ ਮਨੁੱਖ ਪ੍ਰਭੂ ਦੀ ਰਜ਼ਾ ਕਾਰਨ ਨੇਤ੍ਰ-ਹੀਣ ਹੋ ਗਿਆ ਹੈ ਤਾਂ ਉਸ ਨੂੰ ਅੰਨ੍ਹਾ ਨਹੀਂ ਕਿਹਾ ਜਾ ਸਕਦਾ। ਅੰਨ੍ਹਾ ਤਾਂ ਉਹ ਮਨੁੱਖ ਹੈ ਜੋ ਪ੍ਰਭੂ ਦੇ ਭਾਣੇ ਵਿਚ ਨਹੀਂ ਵਿਚਰਦਾ।

ਇਸ ਲਈ ਅਜਿਹੀਆਂ ਅੱਖੀਆਂ ਹੀ ਸੋਹਣੀਆਂ ਹਨ ਜੋ ਹਰਿ-ਰਸ ਨਾਮ ਨਾਲ ਭਿੱਜੀਆਂ ਰਹਿੰਦੀਆਂ ਹਨ :

ਰਸ ਭਿੰਨਿਅੜੇ ਅਪੁਨੇ ਰਾਮ ਸੰਗੇ ਸੇ ਲੋਇਣ ਨੀਕੇ ਰਾਮ॥
(ਰਾਗੁ ਬਿਲਾਵਲੁ ਮਹਲਾ ੫, ਅੰਗ ੮੪੮)

ਜੀਵ ਕਿੰਨਾ ਅਭਾਗਾ ਹੈ ਕਿ ਜਿਨ੍ਹਾਂ ਅੱਖਾਂ ਨੇ ਜਗਤ ਵਿਚ ਆ ਕੇ ਸੱਤ-ਸਰੂਪ ਪ੍ਰਭੂ ਦੇ ਦਰਸ਼ਨ ਕਰਨੇ ਸਨ ਉਹ ਐਨੀਆਂ ਮੈਲੀਆਂ ਹੋ ਗਈਆਂ ਹਨ ਕਿ ਇਹ ਪਰਾਏ ਧਨ ਅਤੇ ਪਰਾਈ ਇਸਤ੍ਰੀ ਨੂੰ ਬੁਰੀ ਨਜ਼ਰ ਨਾਲ ਤੱਕਣ ਲੱਗ ਪਈਆਂ ਹਨ :

ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥
(ਰਾਗੁ ਆਸਾ ਦੀ ਵਾਰ ਮਹਲਾ ੧, ਅੰਗ ੪੭੨)

ਅਥਵਾ :

ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ॥
(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੬੯)

ਭਾਵ ਉਹ ਅੱਖਾਂ ਵਿਅਰਥ ਹਨ ਜੋ ਪਰਾਈ ਇਸਤ੍ਰੀ ਦੇ ਰੂਪ ਨੂੰ ਬੁਰੀ ਨਜ਼ਰ ਨਾਲ ਤੱਕਦੀਆਂ ਹਨ।

ਪ੍ਰਭੂ ਜਦੋਂ ਗੁਰੂ ਆਤਮਿਕ ਗਿਆਨ ਦਾ ਸੁਰਮਾ ਪਾਉਂਦਾ ਹੈ ਤਾਂ ਅੱਖਾਂ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੀਆਂ ਜਾਂਦੀਆਂ ਹਨ। ਅਜਿਹੀਆਂ ਅੱਖਾਂ ਨੂੰ ਫਿਰ ਪਿਆਰੇ ਦੇ ਦਰਸ਼ਨ ਹੋ ਜਾਂਦੇ ਹਨ ਅਤੇ ਸਹਿਜ ਅਵਸਥਾ ਵਿਚ ਟਿਕੇ ਰਹੀਦਾ ਹੈ :

ਹਰਿ ਪ੍ਰਭ ਰਤੇ ਲੋਇਣਾ ਗਿਆਨ ਅੰਜਨੁ ਗੁਰੁ ਦੇਇ॥
ਮੈ ਪ੍ਰਭੁ ਸਜਣੁ ਪਾਇਆ ਜਨ ਨਾਨਕ ਸਹਜਿ ਮਿਲੇਇ॥

(ਰਾਗੁ ਕਾਨੜਾ ਕੀ ਵਾਰ ਮਹਲਾ ੪, ਅੰਗ ੧੩੧੭)

ਅਥਵਾ :

ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ॥
ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ॥

(ਰਾਗੁ ਮਾਰੂ ਕਬੀਰ ਜੀ, ਅੰਗ ੧੧੦੩)

ਅਰਥਾਤ ਸੁਰਮਾ ਪਾਉਣ ਵਾਲਿਆਂ ਦੀ ਨੀਅਤ ਵਿਚ ਵੀ ਫ਼ਰਕ ਹੁੰਦਾ ਹੈ। ਕੋਈ ਸੁਰਮਾ ਗੁਰੂ ਦੇ ਗਿਆਨ ਦਾ ਪਾਉਂਦਾ ਹੈ ਅਤੇ ਕੋਈ ਅੱਖਾਂ ਦੀ ਨਜ਼ਰ ਚੰਗੀ ਰੱਖਣ ਲਈ, ਪਰ ਪ੍ਰਭੂ ਦੇ ਦਰਗਾਹ ਵਿਚ ਉਹੀ ਅੱਖਾਂ ਪ੍ਰਵਾਨ ਹਨ ਜਿਨ੍ਹਾਂ ਨੇ ਗੁਰੂ ਦੇ ਗਿਆਨ ਦਾ ਸੁਰਮਾ ਪਾਇਆ ਹੈ।

ਫਿਰ ਅਜਿਹੇ ਪ੍ਰਾਣੀ ਦੇ ਜਨਮਾਂ-ਜਨਮਾਤਰਾਂ ਦੇ ਸਾਰੇ ਕਲ-ਕਲੇਸ਼ ਅਤੇ ਦੁੱਖ ਕੱਟੇ ਜਾਂਦੇ ਹਨ :

ਜਨਮ ਜਨਮ ਕੇ ਕਿਲਵਿਖ ਦੁਖ ਭਾਗੇ
ਗੁਰਿ ਗਿਆਨ ਅੰਜਨੁ ਨੇਤ੍ਰ ਦੀਤ॥

(ਰਾਗੁ ਧਨਾਸਰੀ ਮਹਲਾ ੫, ਅੰਗ ੬੭੩)

ਆਪ ਜੀ ਦੇ ਰਾਗੁ ਗਉੜੀ ਵਿਚ ਬਚਨ ਹਨ ਕਿ ਜਿਨ੍ਹਾਂ ਨੇਤ੍ਰਾਂ ਨੂੰ ਗੁਰਦੇਵ ਗਿਆਨ ਦਾ ਚਾਨਣ ਬਖ਼ਸ਼ਦੇ ਹਨ ਉਸ ਪ੍ਰਾਣੀ ਦੇ ਸਾਰੇ ਵਹਿਮ-ਭਰਮ ਦੂਰ ਹੋ ਜਾਂਦੇ ਹਨ ਅਤੇ ਪ੍ਰਾਣੀ ਵਲੋਂ ਕੀਤੀ ਸੇਵਾ ਪ੍ਰਭੂ ਦੇ ਦਰ ਤੇ ਪ੍ਰਵਾਨ ਹੋ ਜਾਂਦੀ ਹੈ :

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ॥
ਭਰਮ ਗਏ ਪੂਰਨ ਭਈ ਸੇਵ॥ *(ਅੰਗ ੨੦੦)*

ਅਥਵਾ :

ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ
ਜੋ ਸਾਧੂ ਸਤਿਗੁਰੁ ਦੇਖਹਿ ਰਾਮ॥

(ਰਾਗੁ ਬਿਹਾਗੜਾ ਮਹਲਾ ੪, ਅੰਗ ੫੪੦)

ਭਾਵ ਉਹੀ ਅੱਖਾਂ ਭਲੀਆਂ ਹਨ, ਸਫਲ ਹਨ ਜੋ ਸਤਿਗੁਰੂ ਦੇ ਹਰ ਵੇਲੇ ਦਰਸ਼ਨ ਕਰਦੀਆਂ ਰਹਿੰਦੀਆਂ ਹਨ।

ਗੁਰੂ ਰਾਮਦਾਸ ਜੀ ਦਾ ਰਾਗੁ ਆਸਾ ਵਿਚ ਫ਼ਰਮਾਨ ਹੈ ਕਿ ਉਹ ਨੈਣ ਸ਼ੋਭਨੀਕ ਹਨ ਜੋ ਪ੍ਰਭੂ ਦੇ ਨਾਮ ਵਿਚ ਰੰਗੇ ਰਹਿੰਦੇ ਹਨ :

ਹਰਿ ਅੰਮ੍ਰਿਤ ਭਿੰਨੇ ਲੋਇਣਾ
ਮਨੁ ਪ੍ਰੇਮਿ ਰਤੰਨਾ ਰਾਮ ਰਾਜੇ॥ *(ਅੰਗ ੪੪੮)*

ਅਥਵਾ :

ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥

(ਰਾਗੁ ਮਾਰੂ ਕੀ ਵਾਰ ਮਹਲਾ ੫, ਅੰਗ ੧੦੯੪)

ਭਾਵ ਅੱਖਾਂ ਉਹੀ ਚੰਗੀਆਂ ਹਨ ਜਿਨ੍ਹਾਂ ਵਿਚ ਪ੍ਰਭੂ-ਪਤੀ ਦੇ ਦਰਸ਼ਨਾਂ ਲਈ ਤਾਂਘ ਅਤੇ ਤੜਪ ਹੈ।

ਫਿਰ ਪ੍ਰਭੂ ਦੇ ਦੀਦਾਰੇ ਹੋ ਜਾਣ ਨਾਲ ਇਹ ਅੱਖਾਂ ਪਵਿੱਤਰ ਹੋ ਜਾਂਦੀਆਂ ਹਨ। ਸਾਰੇ ਵਿਕਾਰਾਂ ਅਤੇ ਵਾਸ਼ਨਾਵਾਂ ਤੋਂ ਰਹਿਤ ਹੋ ਜਾਂਦੀਆਂ ਹਨ :

ਨੇਤ੍ਰ ਪੁਨੀਤ ਪੇਖਤ ਹੀ ਦਰਸ ॥

(ਰਾਗੁ ਗਉੜੀ ਮਹਲਾ ੫, ਅੰਗ ੨੦੧)

ਉਹ ਅੱਖਾਂ ਧੰਨ ਹਨ ਜਿਨ੍ਹਾਂ ਨਾਲ ਗੁਰੂ ਦਾ ਦਰਸ਼ਨ ਕੀਤਿਆਂ ਭਵ-ਸਾਗਰ ਤੋਂ ਪਾਰ ਹੋ ਜਾਈਦਾ ਹੈ :

ਸਫਲੁ ਦਰਸਨੁ ਨੇਤ੍ਰ ਪੇਖਤ ਤਰਿਆ ॥

(ਰਾਗੁ ਮਾਝ ਮਹਲਾ ੫, ਅੰਗ ੯੯)

ਆਪ ਜੀ ਦੇ ਇਕ ਹੋਰ ਬਚਨ ਹਨ ਕਿ ਉਸ ਮਨੁੱਖ ਦਾ ਜਗਤ ਵਿਚ ਆਉਣਾ ਮੁਬਾਰਕ ਹੈ ਜਿਸ ਨੂੰ ਪਰਮਾਤਮਾ ਦੇ ਦਰਸ਼ਨ ਹੋ ਗਏ ਹਨ ਅਤੇ ਦਰਸ਼ਨਾਂ ਦੀ ਬਰਕਤ ਨਾਲ ਜਿਸ ਦੀਆਂ ਅੱਖਾਂ ਮਾਇਆ ਦੀ ਤ੍ਰਿਸ਼ਨਾ ਵਲੋਂ ਰੱਜ ਗਈਆਂ ਹਨ :

ਨੈਨ ਸੰਤੋਖੇ ਪ੍ਰਭ ਦਰਸਨੁ ਪਾਇਆ ॥
ਕਹੁ ਨਾਨਕ ਸਫਲੁ ਸੋ ਆਇਆ ॥

(ਰਾਗੁ ਬਿਲਾਵਲੁ ਮਹਲਾ ੫, ਅੰਗ ੮੦੪)

ਅਥਵਾ :

ਅਖੀ ਸੰਤੋਖੀਆ ਏਕ ਲਿਵ ਲਾਇ ॥

(ਰਾਗੁ ਵਡਹੰਸੁ ਮਹਲਾ ੩, ਅੰਗ ੫੬੦)

ਬੁਢੇਪੇ ਵਿਚ ਸਰੀਰ ਦੇ ਸਾਰੇ ਅੰਗ ਅਤੇ ਇੰਦ੍ਰੀਆਂ ਲਿੱਸੇ ਪੈ ਜਾਂਦੇ ਹਨ ਪਰ ਪ੍ਰਭੂ ਦੇ ਦਰਸ਼ਨਾਂ ਲਈ ਸਿੱਕ ਰੱਬ ਦੇ ਪਿਆਰਿਆਂ ਦੇ ਮਨਾਂ ਅੰਦਰ ਸਦਾ ਬਣੀ ਰਹਿੰਦੀ ਹੈ ਜਿਸ ਸਦਕਾ ਉਹ ਅਕਾਲ ਪੁਰਖ ਅੱਗੇ ਇਹੋ ਅਰਜੋਈ ਕਰਦੇ ਹਨ ਕਿ ਹੇ ਪ੍ਰਭੂ, ਮੇਰਾ ਭਾਵੇਂ ਸਾਰਾ ਸਰੀਰ ਸੁੱਕ ਕੇ ਪਿੰਜਰ ਹੋ ਜਾਏ ਪ੍ਰੰਤੂ ਮੇਰੇ ਨੇਤ੍ਰਾਂ ਨੂੰ ਕਾਇਮ ਰੱਖਣਾ ਤਾਂ ਕਿ ਇਨ੍ਹਾਂ ਅੱਖਾਂ ਨਾਲ ਮੈਂ ਤੇਰਾ ਦੀਦਾਰ ਕਰ ਸਕਾਂ :

ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥

(ਬਾਬਾ ਫਰੀਦ ਜੀ, ਸਲੋਕ ਨੰਬਰ ੯੧, ਅੰਗ ੧੩੮੨)

ਰਸਨਾ

ਗੁਰਬਾਣੀ ਵਿਚ ਰਸਨਾ ਦੇ ਸਦ-ਉਪਯੋਗ ਤੇ ਬੜਾ ਜ਼ੋਰ ਦਿੱਤਾ ਗਿਆ ਹੈ। ਆਮ ਕਹਾਵਤ ਹੈ ਕਿ ਮਨੁੱਖ ਆਪਣੀ ਜੀਭ ਦਾ ਖੱਟਿਆ ਖਾਂਦਾ ਹੈ। ਮਿੱਠਾ ਜਾਂ ਪ੍ਰੇਮ-ਪਿਆਰ ਨਾਲ ਬੋਲਣ ਨਾਲ ਭਾਵੇਂ ਮਨੁੱਖ ਦਾ ਕੁਝ ਨਹੀਂ ਲਗਦਾ ਪੰਤੂ ਪ੍ਰਾਣੀ ਦੇ ਸਾਰੇ ਕੰਮ ਸਹਿਜੇ ਹੀ ਸੰਵਰ ਜਾਂਦੇ ਹਨ। ਹਰ ਕੋਈ ਅਜਿਹੇ ਮਨੁੱਖ ਦੀ ਪ੍ਰਸੰਸਾ ਅਤੇ ਸਿਫ਼ਤ-ਸਾਲਾਹ ਕਰਦਾ ਹੈ। ਦੂਜੇ ਬੰਨੇ ਕੌੜੇ-ਬੋਲ ਬਣੀ-ਬਣਾਈ ਗੱਲ ਨੂੰ ਵਿਗਾੜ ਦਿੰਦੇ ਹਨ। ਕੋਈ ਵੀ ਅਜਿਹੇ ਮਨੁੱਖ ਨਾਲ ਮੇਲ-ਮਿਲਾਪ ਰੱਖਣਾ ਨਹੀਂ ਚਾਹੁੰਦਾ। ਘਰਾਂ, ਗਲੀ-ਮੁਹੱਲਿਆਂ ਆਦਿ ਵਿਚ ਲੜਾਈ ਝਗੜੇ ਅਤੇ ਖ਼ੂਨ-ਖ਼ਰਾਬੇ ਬਹੁਤਾ ਕਰਕੇ ਜ਼ਬਾਨ ਦੀ ਕੁਝੱਤਣ ਕਰਕੇ ਹੀ ਹੁੰਦੇ ਹਨ। ਜਿਸ ਮਨੁੱਖ ਦੀ ਰਸਨਾ ਵਿਚ ਮਿਠਾਸ ਨਹੀਂ, ਫਿੱਕਾ ਬੋਲਦਾ ਹੈ ਉਸਨੂੰ ਕੋਈ ਚੰਗਾ ਨਹੀਂ ਸਮਝਦਾ ਅਤੇ ਉਹ ਸਦਾ ਖੁਆਰ ਹੀ ਹੁੰਦਾ ਹੈ। ਰਾਗੁ ਵਡਹੰਸੁ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਮਹਾਰਾਜ ਦਾ ਸਲੋਕ ਅੰਕਤ ਹੈ :

ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥ *(ਅੰਗ ੫੯੪)*

ਅਥਵਾ :

ਜਿਹਵਾ ਸਾਦੁ ਨ ਫੀਕੀ ਰਸ ਬਿਨੁ
ਬਿਨੁ ਪ੍ਰਭ ਕਾਲੁ ਸੰਤਾਪੈ ॥

(ਰਾਗੁ ਸਾਰਗ ਮਹਲਾ ੧, ਅੰਗ ੧੧੯੭)

ਭਾਵ ਨਾਮ-ਰਸ ਤੋਂ ਬਿਨਾਂ ਮਨੁੱਖ ਦੀ ਜੀਭ ਵਿਚ ਬੋਲਣ ਦੀ ਮਿਠਾਸ ਪੈਦਾ ਨਹੀਂ ਹੁੰਦੀ ਜਿਸ ਕਰਕੇ ਜੀਭ ਸਦਾ ਖਰ੍ਹਵੇ ਅਤੇ ਫਿੱਕੇ ਬੋਲ ਬੋਲਦੀ ਹੈ।

ਆਪ ਜੀ ਦੇ ਰਾਗੁ ਭੈਰਉ ਵਿਚ ਬਚਨ ਹਨ ਕਿ ਜਿਸ ਜੀਭ ਨੂੰ ਨਾਮ ਦਾ ਰੰਗ ਨਹੀਂ ਚੜ੍ਹਿਆ ਉਹ ਜੀਭ ਕੇਵਲ ਫਿੱਕਾ ਹੀ ਨਹੀਂ ਬੋਲਦੀ ਸਗੋਂ ਭਲੇ ਲੋਕਾਂ ਦੀ ਨਿੰਦਿਆ ਵੀ ਕਰਦੀ ਹੈ। ਗੁਰੂ ਜੀ ਅਜਿਹੇ ਲੋਕਾਂ ਨੂੰ ਪਸ਼ੂ ਬਿਰਤੀ ਵਾਲੇ ਆਖਦੇ ਹਨ ਜੋ ਕਦੀਂ ਚੰਗੇ ਨਹੀਂ ਹੋ ਸਕਦੇ :

ਜਿਹਵਾ ਰੰਗਿ ਨਹੀ ਹਰਿ ਰਾਤੀ ਜਬ ਬੋਲੈ ਤਬ ਫੀਕੇ ॥
ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨ ਨੀਕੇ ॥

(ਅੰਗ ੧੧੨੬)

ਅਥਵਾ :

ਜਿਹਵਾ ਇੰਦ੍ਰੀ ਸਾਦਿ ਲੋੁਭਾਨਾ ॥
ਪਸੂ ਭਏ ਨਹੀ ਮਿਟੈ ਨੀਸਾਨਾ ॥

(ਰਾਗੁ ਰਾਮਕਲੀ ਮਹਲਾ ੧, ਅੰਗ ੯੦੩)

ਜੀਭ ਦੇ ਰਸਾਂ-ਕਸਾਂ ਅਤੇ ਚਸਕਿਆਂ ਵਿਚ ਮਸਤ ਰਹਿਣ ਨਾਲ ਪ੍ਰਾਣੀ ਦੇ ਮਨ ਅੰਦਰ ਲੋਭ ਅਤੇ ਵਿਕਾਰ ਉਪਜਦੇ ਹਨ ਅਤੇ ਹਉਮੈ ਹਾਵੀ ਹੁੰਦੀ ਹੈ ਜਿਸ ਸਦਕਾ ਜੀਵ ਜੂਨਾਂ ਵਿਚ ਭਟਕ ਭਟਕ ਕੇ ਦੁੱਖ ਭੋਗਦਾ ਹੈ :

ਜਿਹਵਾ ਸੁਆਦ ਲੋਭ ਮਦਿ ਮਾਤੋ ਉਪਜੇ ਅਨਿਕ ਬਿਕਾਰਾ॥
ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ॥

(ਰਾਗੁ ਸੋਰਠਿ ਮਹਲਾ ੫, ਅੰਗ ੬੧੬)

ਅਥਵਾ :

ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ॥

(ਰਾਗੁ ਨਟ ਅਸਟਪਦੀਆ ਮਹਲਾ ੪, ਅੰਗ ੯੮੦)

ਭਗਤ ਕਬੀਰ ਜੀ ਦਾ ਰਾਗੁ ਗਉੜੀ ਵਿਚ ਕਥਨ ਹੈ ਕਿ ਜਿਸ ਪ੍ਰਾਣੀ ਦੀ ਜੀਭ ਪਰਮਾਤਮਾ ਦੇ ਨਾਮ ਦਾ ਜਾਪ ਨਹੀਂ ਕਰਦੀ ਅਜਿਹਾ ਪ੍ਰਾਣੀ ਜਨਮ-ਮਰਨ ਦੇ ਗੇੜ ਵਿਚ ਪੈ ਕੇ ਦੁੱਖ ਭੋਗਦਾ ਹੈ :

ਜਉ ਪੈ ਰਸਨਾ ਰਾਮੁ ਨ ਕਹਿਬੋ॥
ਉਪਜਤ ਬਿਨਸਤ ਰੋਵਤ ਰਹਿਬੋ॥ *(ਅੰਗ ੩੨੫)*

ਪ੍ਰੰਤੂ ਪਰਾਈ ਨਿੰਦਿਆ ਅਤੇ ਝੂਠ-ਕੁਸੱਤ ਨੂੰ ਤਿਆਗ ਕੇ ਜਿਸ ਮਨੁੱਖ ਦੀ ਜੀਭ ਨਾਮ ਰੰਗ ਵਿਚ ਰੰਗੀ ਜਾਂਦੀ ਹੈ ਉਸਦਾ ਮਨ ਤ੍ਰਿਪਤ ਹੋ ਜਾਂਦਾ ਹੈ ਭਾਵ ਮਾਇਆ ਵਲੋਂ ਰੱਜ ਜਾਂਦਾ ਹੈ ਅਤੇ ਹਿਰਦੇ ਘਰ ਵਿਚ ਸ਼ਾਂਤੀ ਆ ਵੱਸਦੀ ਹੈ :

ਰਸਨਾ ਸਬਦੁ ਵੀਚਾਰਿ ਰਸਿ ਰਾਤੀ
ਲਾਲ ਭਈ ਰੰਗੁ ਲਾਈ॥
ਰਾਮ ਨਾਮੁ ਨਿਹਕੇਵਲੁ ਜਾਣਿਆ
ਮਨੁ ਤ੍ਰਿਪਤਿਆ ਸਾਂਤਿ ਆਈ॥

(ਰਾਗੁ ਸਾਰਗ ਮਹਲਾ ੩, ਅੰਗ ੧੨੩੪)

ਅਥਵਾ :

ਜੀਭ ਰਸਾਇਣਿ ਸਾਚੈ ਰਾਤੀ॥
ਹਰਿ ਪ੍ਰਭੁ ਸੰਗੀ ਭਉ ਨ ਭਰਾਤੀ॥

(ਰਾਗੁ ਮਾਰੂ ਮਹਲਾ ੧, ਅੰਗ ੧੦੨੩)

ਭਾਵ ਜਿਸ ਮਨੁੱਖ ਦੀ ਜੀਭ ਰਸਾਂ ਦੇ ਖ਼ਜ਼ਾਨੇ ਸੱਚੇ ਪ੍ਰਭੂ ਦੇ ਨਾਮ-ਰੰਗ ਵਿਚ ਰੰਗੀ ਜਾਂਦੀ ਹੈ, ਪਰਮਾਤਮਾ ਉਸਦਾ ਸੰਗੀ ਬਣ ਜਾਂਦਾ ਹੈ। ਫਿਰ ਉਸ ਨੂੰ ਕਿਸੇ ਪ੍ਰਕਾਰ ਦਾ ਭਉ ਜਾਂ ਡਰ ਨਹੀਂ ਵਿਆਪਦਾ ਅਤੇ ਪ੍ਰਾਣੀ ਦੀ ਸਾਰੀ ਭਟਕਣਾ ਦੂਰ ਹੋ ਜਾਂਦੀ ਹੈ।

ਰਾਗੁ ਗਉੜੀ ਸੁਖਮਨੀ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਜਿਸ ਮਨੁੱਖ ਦੀ ਜੀਭ ਹਰ ਵੇਲੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੀ ਹੈ ਉਸ ਦੇ ਖਾਣ-ਹੰਢਾਉਣ ਦੇ ਸਾਰੇ ਚਾਅ ਪੂਰੇ ਹੋ ਜਾਂਦੇ ਹਨ। ਮਨ ਵਿਚ ਖੁਸ਼ੀਆਂ ਤੇ ਖੇੜਾ ਆ ਵੱਸਦੇ ਹਨ :

ਬਹੁ ਭੋਜਨ ਕਾਪਰ ਸੰਗੀਤ॥
ਰਸਨਾ ਜਪਤੀ ਹਰਿ ਹਰਿ ਨੀਤ॥ *(ਅੰਗ ੨੯੦)*

ਰਾਗੁ ਬਿਹਾਗੜੇ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਅਜਿਹੀ ਜੀਭ ਦਾ ਤਾਂ ਸੜ ਜਾਣਾ ਹੀ ਚੰਗਾ ਹੈ ਜਿਸਨੇ ਪ੍ਰਭੂ ਦੇ ਨਾਮ ਨੂੰ ਨਹੀਂ ਚੱਖਿਆ :

ਸਾ ਰਸਨਾ ਜਲਿ ਜਾਉ
ਜਿਨਿ ਹਰਿ ਕਾ ਸੁਆਉ ਨ ਪਾਇਆ॥ *(ਅੰਗ ੫੫੦)*

ਅਥਵਾ :

ਸਾ ਰਸਨਾ ਜਲ ਜਾਉ
ਜਿਨਿ ਹਰਿ ਕਾ ਨਾਉ ਵਿਸਾਰਿਆ॥ *(ਅੰਗ ੫੫੦)*

ਸਿਰੀ ਰਾਗੁ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ :

ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ॥ *(ਅੰਗ ੫੯)*

ਪ੍ਰੰਤੂ ਜਿਸ ਨੇ ਪ੍ਰਭੂ ਦੇ ਨਾਮ ਦਾ ਜਾਪ ਕੀਤਾ ਹੈ ਉਹ ਰਸਨਾ ਗੁਰੂ ਦੇ ਸ਼ਬਦ ਵਿਚ ਭਿੱਜੀ ਰਹਿੰਦੀ ਹੈ :

ਨਾਨਕ ਰਸਨਾ ਸਬਦਿ ਰਸਾਇ
ਜਿਨਿ ਹਰਿ ਹਰਿ ਮੰਨਿ ਵਸਾਇਆ॥
(ਸਲੋਕ ਮਹਲਾ ੩, ਰਾਗੁ ਬਿਹਾਗੜੇ ਕੀ ਵਾਰ ਮਹਲਾ ੪, ਅੰਗ ੫੫੦)

ਆਪ ਜੀ ਦੇ ਇਕ ਹੋਰ ਬਚਨ ਹਨ :

ਨਾਨਕੁ ਗੁਰਮੁਖਿ ਰਸਨਾ ਹਰਿ ਜਪੈ
ਹਰਿ ਕੈ ਨਾਇ ਪਿਆਰਿਆ॥ *(ਅੰਗ ੫੫੦)*

ਰਾਗੁ ਗਉੜੀ ਵਿਚ ਗੁਰੂ ਨਾਨਕ ਦੇਵ ਜੀ ਜੀਵ ਨੂੰ ਸਾਵਧਾਨ ਕਰ ਰਹੇ ਹਨ ਕਿ ਜਦੋਂ ਤੱਕ ਰਸਨਾ ਚਸਕਿਆਂ ਵਿਚ ਮਸਤ ਰਹਿੰਦੀ ਹੈ, ਨਿਗਾਹ ਸਦਾ ਵਿਕਾਰਾਂ ਵੱਲ ਲੱਗੀ ਰਹਿੰਦੀ ਹੈ ਜਿਸ ਕਾਰਨ ਮਨ ਵਿਚ ਪ੍ਰਭੂ ਦਾ ਭਉ ਤੇ ਭਗਤੀ ਉਪਜ ਨਹੀਂ ਸਕਦੇ।

ਜਿਹਵਾ ਇੰਦ੍ਰੀ ਏਕੁ ਸੁਆਉ॥
ਦਿਸਟਿ ਵਿਕਾਰੀ ਨਾਹੀ ਭਉ ਭਾਉ॥ *(ਅੰਗ ੧੫੩)*

ਸਲੋਕ ਸਹਸਕ੍ਰਿਤੀ ਵਿਚ ਗੁਰੂ ਪੰਚਮ ਪਾਤਸ਼ਾਹ ਦਾ ਫ਼ਰਮਾਨ ਹੈ ਕਿ ਚਸਕਿਆਂ ਵਿਚ ਫਸੀ ਹੋਈ ਜੀਭ ਨੂੰ ਮਿੱਠੇ ਪਦਾਰਥ ਤਾਂ ਪਿਆਰੇ ਲਗਦੇ ਹਨ ਪਰ ਪਰਮਾਤਮਾ ਦਾ ਨਾਮ-ਰਸ ਚੰਗਾ ਨਹੀਂ ਲਗਦਾ ਜਿਸ ਕਾਰਨ ਇਹ ਹੋਰ-ਹੋਰ ਝਮੇਲਿਆਂ ਵਿਚ ਪਈ ਰਹਿੰਦੀ ਹੈ। ਅਸਲ ਵਿਚ ਉਹੋ ਹੀ ਜੀਭ ਅਖਵਾਉਣ ਦੇ ਯੋਗ ਹੈ ਜੋ ਪਰਮਾਤਮਾ ਦੇ ਨਾਮ ਦਾ ਸਦਾ ਜਾਪ ਕਰਦੀ ਹੈ :

ਹੇ ਜਿਹਬੇ ਹੇ ਰਸਗੇ ਮਧੁਰ ਪ੍ਰਿਅ ਤੁਯੰ॥
ਸਤ ਹਤੰ ਪਰਮ ਬਾਦੰ ਅਵਰਤ ਏਥਹ ਸੁਧ ਅਛਰਣਹ॥
ਗੋਬਿੰਦ ਦਾਮੋਦਰ ਮਾਧਵੇ॥ *(ਅੰਗ ੧੩੫੯)*

ਬਾਦੰ ਤੋਂ ਅਰਥ ਹੈ ਝਗੜੇ। ਅਵਰਤ ਏਥਹ—ਮੁੜ-ਮੁੜ ਉਚਾਰਣਾ। ਅਛਰਣਹ—ਸ਼ਬਦ।

ਜੀਭ ਸਬੰਧੀ ਗੁਰੂ ਨਾਨਕ ਦੇਵ ਜੀ ਦਾ ਸਿਰੀ ਰਾਗੁ ਵਿਚ ਬੜਾ ਸੁੰਦਰ ਵਿਚਾਰ

ਹੈ ਕਿ ਜਿਸ ਮਨੁੱਖ ਦਾ ਮਨ ਵਿਕਾਰਾਂ ਨਾਲ ਜੂਠਾ ਹੋ ਚੁੱਕਾ ਹੈ ਉਸਦੇ ਸਰੀਰ ਵਿਚ ਵੀ ਜੂਠ ਹੀ ਜੂਠ ਹੈ ਭਾਵ ਉਸਦੇ ਸਾਰੇ ਗਿਆਨ ਇੰਦ੍ਰੇ ਵਿਕਾਰਾਂ ਵਿਚ ਗ੍ਰਸੇ ਰਹਿੰਦੇ ਹਨ ਅਤੇ ਉਸਦੀ ਜੀਭ ਖਾਣ ਦੇ ਚਸਕਿਆਂ ਨਾਲ ਜੂਠੀ ਹੋਈ ਰਹਿੰਦੀ ਹੈ। ਇਸ ਪ੍ਰਕਾਰ ਜੂਠੀ ਹੋ ਚੁੱਕੀ ਜ਼ਬਾਨ ਨਾਲ ਪ੍ਰਾਣੀ ਦਾ ਸੁਭਾਉ ਵੀ ਝੂਠ ਬੋਲਣ ਵਾਲਾ ਹੀ ਬਣ ਜਾਂਦਾ ਹੈ ਅਤੇ ਕੇਵਲ ਬਾਹਰਲੀ ਸੁੱਚ ਨਾਲ ਉਹ ਅੰਦਰੋਂ ਕਦੀ ਸੁੱਚਾ ਨਹੀਂ ਹੋ ਸਕਦਾ :

ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ॥
ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ॥ *(ਅੰਗ ੫੫-੫੬)*

ਪ੍ਰੰਤੂ ਜੇਕਰ ਜੀਭ ਸੱਚੀ ਹੈ ਅਤੇ ਸਦਾ ਸੱਚ ਬੋਲਦੀ ਹੈ ਤਾਂ ਮਨ ਵੀ ਸੱਚਾ ਹੀ ਹੋਵੇਗਾ। ਫਿਰ ਮਨੁੱਖੀ ਸਰੀਰ ਭਾਵ ਪ੍ਰਾਣੀ ਸਦਾ ਸੱਚ ਦੇ ਮਾਰਗ ਤੇ ਹੀ ਚੱਲੇਗਾ। ਸਿਰੀ ਰਾਗੁ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ :

ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ॥ *(ਅੰਗ ੮੩)*

ਅਥਵਾ :

ਜਿਹਵਾ ਸਚੀ ਸਚਿ ਰਤੀ ਤਨੁ ਮਨੁ ਸਚਾ ਹੋਇ॥
(ਰਾਗੁ ਵਡਹੰਸੁ ਮਹਲਾ ੩, ਅੰਗ ੫੬੫)

ਗੁਰੂ ਅਮਰਦਾਸ ਜੀ ਦੇ ਬਾਣੀ ਅਨੰਦੁ ਸਾਹਿਬ ਵਿਚ ਬੜੇ ਅਨਮੋਲ ਬਚਨ ਹਨ ਕਿ ਇਹ ਜੀਭ ਹੋਰ ਹੋਰ ਸੁਆਦਾਂ ਵਿਚ ਐਨਾ ਮਸਤ ਰਹਿੰਦੀ ਹੈ ਕਿ ਇਸਦੀ ਚਸਕਿਆਂ ਦੀ ਪਿਆਸ ਬੁਝਦੀ ਹੀ ਨਹੀਂ। ਸੁਆਦਾਂ ਤੇ ਰਸਾਂ-ਕਸਾਂ ਨੂੰ ਭੋਗ-ਭੋਗ ਕੇ ਪ੍ਰਾਣੀ ਰੱਜਦਾ ਹੀ ਨਹੀਂ। ਆਪ ਜੀ ਸੋਧ ਬਖ਼ਸ਼ਿਸ਼ ਕਰ ਰਹੇ ਹਨ ਕਿ ਜੀਭ ਜਦੋਂ ਤੱਕ ਪਰਮਾਤਮਾ ਦਾ ਨਾਮ ਸਿਮਰਨ ਨਹੀਂ ਕਰਦੀ, ਉੱਨਾ ਚਿਰ ਦੂਜੇ ਸੁਆਦਾਂ ਦਾ ਚਸਕਾ ਇਸਦਾ ਦੂਰ ਨਹੀਂ ਹੁੰਦਾ :

ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥
ਪਿਆਸ ਨ ਜਾਇ ਹੋਰਤੁ ਕਿਤੈ
ਜਿਚਰੁ ਹਰਿ ਰਸੁ ਪਲੈ ਨ ਪਾਇ॥ *(ਅੰਗ ੯੨੧)*

ਸ਼ਬਦ ਦੀ ਅੰਤਲੀ ਪੰਕਤੀ ਵਿਚ ਆਪ ਜੀ ਦਾ ਫ਼ਰਮਾਨ ਹੈ ਕਿ ਜਦੋਂ ਜੀਭ ਨਾਮ-ਰਸ ਨੂੰ ਪੀਂਦੀ ਹੈ ਫਿਰ ਬਾਕੀ ਰਸਾਂ ਅਤੇ ਚਸਕਿਆਂ ਨੂੰ ਭੁੱਲ ਜਾਂਦੀ ਹੈ :

ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ
ਜਾ ਹਰਿ ਵਸੈ ਮਨਿ ਆਇ॥ *(ਅੰਗ ੯੨੧)*

ਅਥਵਾ :

ਹੇ ਰਸਨਾ ਜਪਿ ਗੋਬਿੰਦੋ ਮੇਰੀ ਜਿੰਦੁੜੀਏ
ਜਪਿ ਹਰਿ ਹਰਿ ਤ੍ਰਿਸਨਾ ਜਾਏ ਰਾਮ॥
(ਰਾਗੁ ਬਿਹਾਗੜਾ ਮਹਲਾ ੪, ਅੰਗ ੫੪੧)

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥ ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥

(76)

ਕੰਨ

ਜਿਵੇਂ ਰਸਨਾ ਦਾ ਕੰਮ ਮਿੱਠਾ ਬੋਲਣਾ ਅਤੇ ਪ੍ਰਭੂ ਦੇ ਨਾਮ-ਰਸ ਨੂੰ ਪੀਣਾ ਹੈ, ਨੇਤਰਾਂ ਨੇ ਪ੍ਰਭੂ ਦੇ ਦਰਸ਼ਨ ਕਰਨੇ ਹਨ ਅਤੇ ਉਸ ਦੀ ਰਚੀ ਸੁੰਦਰ ਜਗਤ-ਰੂਪੀ ਫੁਲਵਾੜੀ ਨੂੰ ਮਾਨਣਾ ਤਾਂ ਹੈ ਪਰ ਮੈਲਿਆਂ ਨਹੀਂ ਹੋਣਾ; ਇਸੇ ਪ੍ਰਕਾਰ ਸ੍ਵਣ ਭਾਵ ਕੰਨਾਂ ਦਾ ਕੰਮ ਮਾਲਕ-ਪ੍ਰਭੂ ਦੀ ਸਿਫ਼ਤ-ਸਾਲਾਹ ਨੂੰ ਸੁਣਨਾ ਹੈ ਪਰ ਕਿਸੇ ਪ੍ਰਕਾਰ ਦੀ ਨਿੰਦਿਆ, ਚੁਗਲੀ, ਬਖ਼ੀਲੀ ਜਾਂ ਬੁਰਾਈ ਨੂੰ ਸ੍ਵਣ ਨਹੀਂ ਕਰਨਾ। ਗੁਰਵਾਕ ਹੈ :

ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ ॥
ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ ॥

(ਰਾਗੁ ਵਡਹੰਸੁ ਮਹਲਾ ੫ ਛੰਤ, ਅੰਗ ੫੭੭)

ਭਾਵ ਜੋ ਆਪਣੇ ਕੰਨਾਂ ਨਾਲ ਪਰਮਾਤਮਾ ਦਾ ਨਾਮ ਸੁਣਦੇ ਹਨ ਉਨ੍ਹਾਂ ਤੋਂ ਸਦਕੇ ਜਾਣਾ ਚਾਹੀਦਾ ਹੈ। ਜੋ ਆਪਣੀ ਜੀਭ ਨਾਲ ਪ੍ਰਭੂ ਦੇ ਨਾਮ ਦੀ ਅਰਾਧਨਾ ਕਰਦੇ ਹਨ ਉਹ ਸਹਿਜ ਅਵਸਥਾ ਵਿਚ ਟਿਕ ਕੇ ਸੁਖਾਂ ਨੂੰ ਭੋਗਦੇ ਹਨ।

ਆਪ ਜੀ ਦੇ ਰਾਗੁ ਸੋਰਠਿ ਵਿਚ ਵੀ ਬਚਨ ਹਨ ਕਿ ਜੋ ਮਨੁੱਖ ਕੰਨਾਂ ਨਾਲ ਅਕਾਲ ਪੁਰਖ ਦੀ ਸਿਫ਼ਤ-ਸਾਲਾਹ ਸੁਣ ਕੇ ਆਤਮਿਕ-ਜੀਵਨ ਨੂੰ ਪ੍ਰਾਪਤ ਕਰ ਲੈਂਦੇ ਹਨ ਉਨ੍ਹਾਂ ਨੂੰ ਪ੍ਰਭੂ ਚਰਨਾਂ ਵਿਚ ਸਥਾਨ ਮਿਲ ਜਾਂਦਾ ਹੈ :

ਕਰਨੀ ਸੁਣਿ ਸੁਣਿ ਜੀਵਿਆ ਭਾਈ
ਨਿਹਚਲੁ ਪਾਇਆ ਥਾਉ ॥ *(ਅੰਗ ੬੪੦)*

ਅਥਵਾ :

ਸੁਣਿ ਸ੍ਰਵਣ ਬਾਣੀ ਸਹਜਿ ਜਾਣੀ
ਹਰਿ ਨਾਮੁ ਜਪਿ ਵਡਭਾਗੈ ॥
ਬਿਨਵੰਤਿ ਨਾਨਕ ਸਰਣਿ ਸੁਆਮੀ
ਜੀਉ ਪਿੰਡੁ ਪ੍ਰਭ ਆਗੈ ॥

(ਰਾਗੁ ਸੂਹੀ ਮਹਲਾ ੫, ਅੰਗ ੭੭੮)

ਭਾਵ ਉਹ ਵਡਭਾਗੇ ਹਨ ਜੋ ਕੰਨਾਂ ਦੁਆਰਾ ਗੁਰੂ ਦੀ ਬਾਣੀ ਸ੍ਵਣ ਕਰਕੇ ਪਰਮਾਤਮਾ ਨਾਲ ਡੂੰਘੀ ਸਾਂਝ ਪਾਉਂਦੇ ਹਨ ਅਤੇ ਆਪਣਾ ਸਭ ਕੁਝ ਪ੍ਰਭੂ ਨੂੰ ਅਰਪਨ ਕਰ ਦਿੰਦੇ ਹਨ।

ਗੁਰੂ ਨਾਨਕ ਦੇਵ ਜੀ ਦੇ 'ਜਪੁ' ਜੀ ਵਿਚ ਬੜੇ ਅਨਮੋਲ ਬਚਨ ਹਨ ਕਿ ਪ੍ਰਾਣੀ ਨੇ ਕੇਵਲ ਨਾਮ ਨੂੰ ਸ੍ਵਣ ਹੀ ਨਹੀਂ ਕਰਨਾ ਸਗੋਂ ਉਸ ਨੂੰ ਮੰਨ ਕੇ ਉਸਦਾ ਅਭਿਆਸ ਵੀ ਕਰਨਾ ਹੈ ਜਿਸ ਸਦਕਾ ਪ੍ਰਾਣੀ ਦਾ ਅੰਤਰ-ਆਤਮਾ ਧੋਤਾ ਜਾਂਦਾ ਹੈ ਅਤੇ ਮਨ ਤੇ ਲੱਗੀ ਸਾਰੀ ਮੈਲ ਧੁਲ ਜਾਂਦੀ ਹੈ :

ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥ *(ਅੰਗ ੪)*

ਕੰਨਾਂ ਨਾਲ ਹਰੀ ਜਸ ਸੁਣਿਆਂ ਮਨ ਮਾਇਆ ਦੀ ਤ੍ਰਿਸ਼ਨਾ ਵਲੋਂ ਰੱਜ ਜਾਂਦਾ ਹੈ ਪ੍ਰੰਤੂ ਇਹ ਅੰਮ੍ਰਿਤ-ਰੂਪੀ ਨਾਮ ਜਲ ਗੁਰੂ ਦੇ ਸਨਮੁਖ ਰਹਿਣ ਵਾਲੇ ਗੁਰਮੁਖਾਂ ਨੂੰ ਹੀ ਪ੍ਰਾਪਤ ਹੁੰਦਾ ਹੈ :

ਸ੍ਰਵਣੀ ਸੁਣੀ ਤ ਇਹੁ ਮਨੁ ਤ੍ਰਿਪਤੈ ਗੁਰਮੁਖਿ ਅੰਮ੍ਰਿਤੁ ਪੀਵਾ ॥
(ਰਾਗੁ ਧਨਾਸਰੀ ਮਹਲਾ ੪, ਅੰਗ ੬੯੦)

ਗੁਰੂ ਅਰਜਨ ਦੇਵ ਜੀ ਦੇ ਰਾਗੁ ਵਡਹੰਸੁ ਵਿਚ ਬੜੇ ਅਨਮੋਲ ਬਚਨ ਹਨ ਕਿ ਪਰਮਾਤਮਾ ਦੀ ਦਰਗਾਹ ਵਿਚ ਉਹੀ ਕੰਨ ਪ੍ਰਵਾਨ ਹਨ ਜੋ ਸੱਚੇ ਪ੍ਰਭੂ ਦੇ ਨਾਮ ਦੀ ਸਿਫ਼ਤ-ਸਾਲਾਹ ਸੁਣਦੇ ਹਨ :

ਨਾਨਕ ਸੁਣੀਅਰ ਤੇ ਪਰਵਾਣੁ ਜੋ ਸੁਣੇਦੇ ਸਚੁ ਧਨੀ ॥ *(ਅੰਗ ੫੭੭)*

ਇੰਜ ਜਿਨ੍ਹਾਂ ਦੇ ਕੰਨ ਗੁਰੂ ਦੀ ਬਾਣੀ ਸੁਣਨ ਵਿਚ ਮਸਤ ਰਹਿੰਦੇ ਹਨ ਉਨ੍ਹਾਂ ਦੀ ਸੁਰਤੀ ਪ੍ਰਭੂ ਦੀ ਜੋਤਿ ਵਿਚ ਸਮਾ ਜਾਂਦੀ ਹੈ ਭਾਵ ਉਹ ਪ੍ਰਭੂ ਨਾਲ ਇਕ-ਮਿਕ ਹੋ ਜਾਂਦੇ ਹਨ :

ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ ॥
(ਰਾਗੁ ਮਾਰੂ ਮਹਲਾ ੧, ਅੰਗ ੧੦੨੩)

ਅਥਵਾ :

ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥
(ਰਾਗੁ ਮਾਰੂ ਮਹਲਾ ੧, ਅੰਗ ੧੦੪੧)

'ਸਵਈਏ ਮਹਲੇ ਚੌਥੇ ਕੇ' ਵਿਚ ਭਟ ਨਲ੍ਯ ਜੀ ਅਨੁਸਾਰ ਜੋ ਮਨੁੱਖ ਗੁਰੂ ਦੇ ਸ਼ਬਦ ਨੂੰ ਕੰਨਾਂ ਨਾਲ ਸੁਣਦਾ ਹੈ ਉਹ ਕੱਚ ਤੋਂ ਸੋਨਾ ਬਣ ਜਾਂਦਾ ਹੈ :

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥ *(ਅੰਗ ੧੩੯੯)*

ਗੁਰੂ ਨਾਨਕ ਦੇਵ ਜੀ ਦਾ ਬਾਣੀ 'ਜਪੁ' ਜੀ ਵਿਚ ਕਥਨ ਹੈ ਕਿ ਕੰਨਾਂ ਨਾਲ ਪ੍ਰਭੂ ਦੀ ਸਿਫ਼ਤ-ਸਾਲਾਹ ਸੁਣਿਆਂ ਸਿਧ, ਪੀਰ, ਦੇਵਤੇ, ਨਾਥ-ਜੋਗੀਆਂ ਵਾਲੀ ਪਦਵੀ ਪ੍ਰਾਪਤ ਹੁੰਦੀ ਹੈ। ਧਰਤੀ ਦੇ ਸਾਰੇ ਦੀਪਾਂ ਭਾਵ ਪੂਰੇ ਬ੍ਰਹਮੰਡ ਦੀ ਸੋਝੀ ਤੇ ਗਿਆਨ ਹੋ ਜਾਂਦਾ ਹੈ। ਮਨ ਵਿਚੋਂ ਮੌਤ ਦਾ ਭੈ ਦੂਰ ਹੋ ਜਾਂਦਾ ਹੈ। ਮਨ ਸਦਾ ਖਿੜਾਓ ਵਿਚ ਰਹਿੰਦਾ ਹੈ ਅਤੇ ਸਾਰੇ ਦੁੱਖਾਂ ਪਾਪਾਂ ਦਾ ਨਾਸ ਹੋ ਜਾਂਦਾ ਹੈ :

ਸੁਣਿਐ ਸਿਧ ਪੀਰ ਸੁਰਿ ਨਾਥ ॥
ਸੁਣਿਐ ਧਰਤਿ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ ॥
ਸੁਣਿਐ ਪੋਹਿ ਨ ਸਕੈ ਕਾਲੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ *(ਜਪੁਜੀ, ਪਉੜੀ ਨੰਬਰ ੮)*

ਗੁਰੂ ਜੀ ਨੇ ਅਗਲੀਆਂ ਤਿੰਨ ਪਉੜੀਆਂ (9, 10, 11) ਇਸੇ ਸਬੰਧ ਵਿਚ ਉਚਾਰੀਆਂ ਹਨ ਜਿਨ੍ਹਾਂ ਵਿਚ 8ਵੀਂ ਪਉੜੀ ਵਾਂਗ ਕੰਨਾਂ ਦੇ ਸਦ-ਉਪਯੋਗ ਦੀ ਮਹਿਮਾ

ਕੀਤੀ ਗਈ ਹੈ ਅਤੇ ਹਰ ਪਉੜੀ ਦੇ ਅੰਤ ਵਿਚ ਇਨ੍ਹਾਂ ਦੋ ਤੁਕਾਂ ਨੂੰ ਦੁਹਰਾਇਆ ਗਿਆ ਹੈ :

ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥

ਭਾਵ ਆਪ ਜੀ ਵਾਰ-ਵਾਰ ਸੁਚੇਤ ਕਰ ਰਹੇ ਹਨ ਕਿ ਨਾਮ ਨੂੰ ਸ੍ਵਣ ਕਰਨ ਨਾਲ ਮਨ ਖਿੜਾਓ ਅਤੇ ਖੇੜੇ ਵਿਚ ਰਹਿੰਦਾ ਹੈ ਜਿਸ ਨਾਲ ਦੁੱਖਾਂ ਅਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

ਤਾਂ ਫਿਰ ਕੰਨਾਂ ਜਿਹੇ ਗਿਆਨ ਇੰਦ੍ਰੇ ਨੂੰ ਕਦੀ ਕਿਸੇ ਦੀ ਬੁਰਾਈ ਜਾਂ ਨਿੰਦਿਆ ਸੁਣਨੀ ਨਹੀਂ ਚਾਹੀਦੀ ਸਗੋਂ ਪ੍ਰਾਣੀ ਨੂੰ ਆਪਣੇ ਆਪ ਨੂੰ ਸਭ ਦੀ ਖਾਕ ਸਮਝਣਾ ਚਾਹੀਦਾ ਹੈ :

ਕਰਨ ਨ ਸੁਨੈ ਕਾਹੂ ਕੀ ਨਿੰਦਾ ॥
ਸਭ ਤੇ ਜਾਨੈ ਆਪਸ ਕਉ ਮੰਦਾ ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੭੪)

ਆਪ ਜੀ ਦੇ ਰਾਗੁ ਗਉੜੀ ਸੁਖਮਨੀ ਵਿਚ ਇਕ ਹੋਰ ਬਚਨ ਹਨ ਕਿ ਮਨੁੱਖ ਦੇ ਉਹ ਕੰਨ ਵਿਅਰਥ ਹਨ ਜੋ ਪਰਾਈ ਚੁਗਲੀ ਜਾਂ ਨਿੰਦਾ ਸੁਣਦੇ ਹਨ :

ਮਿਥਿਆ ਸ੍ਵਨ ਪਰ ਨਿੰਦਾ ਸੁਨਹਿ ॥ *(ਅੰਗ ੨੬੯)*

ਅਥਵਾ :

ਪਰ ਨਿੰਦਾ ਨਹ ਸ੍ਰੋਤਿ ਸ੍ਵਣੰ ਆਪੁ ਤਿਆਗਿ ਸਗਲ ਰੇਣੁਕਹ ॥

(ਸਲੋਕ ਸਹਸਕ੍ਰਿਤੀ ਮਹਲਾ ੫, ਅੰਗ ੧੩੫੭)

ਸਗਲ ਰੇਣੁਕਹ ਤੋਂ ਅਰਥ ਹਨ ਸਭ ਦੀ ਚਰਨ-ਧੂੜ ਹੋਣਾ।

ਬਾਣੀ ਫੁਨਹੇ ਵਿਚ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ ਕਿ ਜੋ ਕੰਨ ਪ੍ਰਭੂ ਦੇ ਨਾਮ ਨੂੰ ਨਹੀਂ ਸੁਣਦੇ ਉਹ ਸਮਝੋ ਵਿਅਰਥ ਹੀ ਬੰਦ ਪਏ ਹੋਏ ਹਨ। ਉਨ੍ਹਾਂ ਦਾ ਕੋਈ ਲਾਭ ਨਹੀਂ ਕਿਉਂਕਿ ਉਹ ਆਤਮਿਕ ਅਨੰਦ ਦੀ ਧੁਨੀ ਸੁਣਨ ਤੋਂ ਅਸਮਰਥ ਹਨ :

ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਲਿਆ ॥ *(ਅੰਗ ੧੩੬੨)*

ਇਸ ਪ੍ਰਕਾਰ ਗੁਰਬਾਣੀ ਵਿਚ ਕੰਨਾਂ ਦੇ ਸਦ-ਉਪਯੋਗ ਬਾਰੇ ਪ੍ਰਾਣੀ ਨੂੰ ਵਾਰ-ਵਾਰ ਸੁਚੇਤ ਕੀਤਾ ਗਿਆ ਹੈ। ਚੁਗਲੀ, ਬਖ਼ੀਲੀ, ਨਿੰਦਿਆ ਆਦਿ ਬੁਰਾ ਸੁਣਨ ਨਾਲ ਮਨ ਵਿਚ ਬੁਰਾਈਆਂ ਹੀ ਉਪਜਦੀਆਂ ਹਨ ਪੰਤੂ ਕੰਨਾਂ ਨਾਲ ਪ੍ਰਭੂ ਦੀ ਸਿਫਤ-ਸਾਲਾਹ ਸੁਣਿਆਂ ਜੀਵ ਦੇ ਸਾਰੇ ਪਾਪਾਂ ਅਤੇ ਐਬਾਂ ਦੀ ਮੈਲ ਧੋਤੀ ਜਾਂਦੀ ਹੈ। ਪ੍ਰਾਣੀ ਦਾ ਮਨ ਅਤੇ ਸਰੀਰ ਦੋਨੋਂ ਨਰੋਏ ਹੋ ਜਾਂਦੇ ਹਨ ਅਤੇ ਉਸਦਾ ਭਵ-ਸਾਗਰ 'ਚੋਂ ਬੇੜਾ ਪਾਰ ਹੋ ਜਾਂਦਾ ਹੈ। ਗੁਰਵਾਕ ਹੈ :

ਕਰਨੀ ਸੁਣਿ ਸੁਣਿ ਮਨੁ ਤਨੁ ਹਰਿਆ
ਮੇਰੇ ਸਾਹਿਬ ਸਗਲ ਉਧਾਰਣਾ ॥

(ਰਾਗੁ ਮਾਰੂ ਮਹਲਾ ੫, ਅੰਗ ੧੦੭੭)

ਅਥਵਾ :

ਕਰਨਨਿ ਪੂਰਿ ਰਹਿਓ ਜਸੁ ਪ੍ਰੀਤਮ
ਕਲਮਲ ਦੋਖ ਸਗਲ ਮਲ ਹਰਸਨ॥

(ਰਾਗੁ ਕਾਨੜਾ ਮਹਲਾ ੫, ਅੰਗ ੧੩੦੩)

ਹਰਸਨ ਤੋਂ ਅਰਥ ਹੈ ਦੂਰ ਕਰ ਸਕਣ ਵਾਲਾ।

ਰਾਗੁ ਬਿਹਾਗੜਾ ਵਿਚ ਗੁਰੂ ਰਾਮਦਾਸ ਜੀ ਦਾ ਕਥਨ ਹੈ ਕਿ ਉਹ ਕੰਨ ਭਲੇ ਹਨ, ਸ਼ੋਭਨੀਕ ਹਨ ਜੋ ਪ੍ਰਭੂ ਦਾ ਜਸ ਸੁਣਦੇ ਹਨ :

ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ
ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ॥ *(ਅੰਗ ੫੪੦)*

ਅਥਵਾ :

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ॥
ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ॥
ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ
ਸਾਚੈ ਸੁਨਣੈ ਨੋ ਪਠਾਏ॥

(ਰਾਗੁ ਰਾਮਕਲੀ ਮਹਲਾ ੩ ਅਨੰਦੁ, ਅੰਗ ੯੨੨)

ਰਾਗੁ ਧਨਾਸਰੀ ਵਿਚ ਆਪ ਜੀ ਸੇਧ ਬਖਸ਼ਿਸ਼ ਕਰ ਰਹੇ ਹਨ ਕਿ ਗੁਰਬਾਣੀ ਸੁਣਨ ਨਾਲ ਮਨ ਵਿਚਲੀ ਵਿਕਾਰਾਂ ਦੀ ਮੈਲ ਧੋਤੀ ਜਾਂਦੀ ਹੈ। ਮਨ ਟਿਕਾਓ ਵਿਚ ਆ ਜਾਂਦਾ ਹੈ ਅਤੇ ਹਿਰਦੇ-ਰੂਪੀ ਘਰ ਅੰਦਰ ਨਾਮ ਦਾ ਵਾਸਾ ਹੋ ਜਾਂਦਾ ਹੈ :

ਗੁਰਬਾਣੀ ਸੁਣਿ ਮੈਲੁ ਗਵਾਏ॥
ਸਹਜੇ ਹਰਿ ਨਾਮੁ ਮੰਨਿ ਵਸਾਏ॥ *(ਅੰਗ ੬੬੫)*

ਇਸ ਲਈ ਗੁਰਸਿੱਖ ਨੇ ਕੇਵਲ ਗੁਰਬਾਣੀ ਤੋਂ ਸੇਧ ਲੈਣੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣਾ ਹੈ। ਅਜਿਹੀ ਸਤਿਸੰਗਤ ਕਰਨੀ ਹੈ ਜਿੱਥੇ ਗੁਰਬਾਣੀ ਦੀ ਵੀਚਾਰ ਹੁੰਦੀ ਹੋਵੇ ਅਤੇ ਗੁਰੂ ਦੇ ਦੱਸੇ ਮਾਰਗ ਤੇ ਚੱਲਣ ਦੀ ਪ੍ਰੇਰਨਾ ਮਿਲਦੀ ਹੋਵੇ ਕਿਸੇ ਹੋਰ ਦੂਜੇ ਦੀ ਨਹੀਂ। ਜਿਨ੍ਹਾਂ ਦੇ ਕੰਨ ਅਜਿਹੇ ਅਨਮੋਲ ਅੰਮ੍ਰਿਤ-ਰੂਪੀ ਬਚਨਾਂ ਨੂੰ ਸੁਣਦੇ ਹਨ ਉਨ੍ਹਾਂ ਦੇ ਅੰਦਰ ਅਨੰਦ ਆ ਵੱਸਦਾ ਹੈ ਤੇ ਸਾਰੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ :

ਸ੍ਰਵਨ ਸੁਨੀਜੈ ਅੰਮ੍ਰਿਤ ਕਥਾ॥
ਜਾਸੁ ਸੁਨੀ ਮਨਿ ਹੋਇ ਅਨੰਦਾ
ਦੂਖ ਰੋਗ ਮਨ ਸਗਲੇ ਲਥਾ॥ *(ਰਾਗੁ ਆਸਾ ਮਹਲਾ ੫, ਅੰਗ ੩੯੬)*

ਅਥਵਾ :

ਸ੍ਰਵਣੀ ਕੀਰਤਨੁ ਸੁਨਉ ਦਿਨੁ ਰਾਤੀ
ਹਿਰਦੈ ਹਰਿ ਹਰਿ ਭਾਨੀ॥ *(ਰਾਗੁ ਸਾਰਗ ਮਹਲਾ ੪, ਅੰਗ ੧੨੦੦)*

੧. ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ॥
ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ॥੨॥
੨. ਅਠਸਠਿ ਮਜਨੁ ਕੀਏ ਇਸਨਾਨਾ ਭ੍ਰਮਿ ਆਏ ਧਰ ਸਾਰੀ॥
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ॥

(77)

ਤੀਰਥ ਇਸ਼ਨਾਨ

ਵੱਖ-ਵੱਖ ਮੱਤਾਂ, ਜਾਤੀਆਂ, ਫਿਰਕੇ, ਵਰਗਾਂ ਆਦਿ ਨੇ ਆਪੋ-ਆਪਣੇ ਨਿਸ਼ਚੇ ਅਨੁਸਾਰ ਧਾਰਮਿਕ ਤੀਰਥ ਅਸਥਾਨ ਮਿੱਥੇ ਹੋਏ ਹਨ ਜੋ ਉਨ੍ਹਾਂ ਨੂੰ ਆਪਣੇ ਵਿਰਸੇ ਦੀ ਪਹਿਚਾਣ ਕਰਵਾਉਂਦੇ ਹਨ ਅਤੇ ਸੱਚ ਦੇ ਮਾਰਗ ਤੇ ਚੱਲਣ ਲਈ ਪ੍ਰੇਰਦੇ ਹਨ ਪ੍ਰੰਤੂ ਆਮ ਲੋਕ ਇਹ ਵਿਸ਼ਵਾਸ ਬਣਾਈ ਬੈਠੇ ਹਨ ਕਿ ਇਨ੍ਹਾਂ ਤੀਰਥ ਅਸਥਾਨਾਂ ਦੀ ਯਾਤਰਾ ਕਰਨ ਨਾਲ ਜਾਂ ਉੱਥੇ ਇਸ਼ਨਾਨ ਕਰਨ ਨਾਲ ਮਨੁੱਖ ਦੇ ਕੀਤੇ ਹੋਏ ਸਾਰੇ ਪਾਪ ਧੁਲ ਜਾਂਦੇ ਹਨ ਅਤੇ ਪ੍ਰਾਣੀ ਮੁਕਤੀ ਦਾ ਭਾਗੀ ਬਣ ਜਾਂਦਾ ਹੈ। ਗੁਰਮਤਿ ਇਸ ਵਿਚਾਰ ਨਾਲ ਸਹਿਮਤ ਨਹੀਂ। ਇਸ ਸਬੰਧ ਵਿਚ ਮਹਾਨ ਕੋਸ਼ ਦੇ ਕਰਤਾ ਨੇ ਗੁਰਮਤਿ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ ਕਿ "ਗੁਰਮਤਿ ਅਨੁਸਾਰ ਧਰਮ ਦੀ ਸਿਖਿਆ ਅਤੇ ਇਤਿਹਾਸ ਦੀ ਘਟਨਾ ਤੋਂ ਕੋਈ ਲਾਭ ਲੈਣ ਲਈ ਤੀਰਥਾਂ ਤੇ ਜਾਣਾ ਉੱਤਮ ਹੈ ਪਰ ਤੀਰਥਾਂ ਦਾ ਮੁਕਤੀ ਨਾਲ ਕੋਈ ਸੰਬੰਧ ਨਹੀਂ।" ਗੁਰੂ ਨਾਨਕ ਦੇਵ ਜੀ ਦੇ ਰਾਗੁ ਰਾਮਕਲੀ ਵਿਚ ਬਚਨ ਹਨ :

ਅੰਤਰਿ ਮੈਲੁ ਤੀਰਥ ਭਰਮੀਜੈ ॥
ਮਨ ਨਹੀ ਸੂਚਾ ਕਿਆ ਸੋਚ ਕਰੀਜੈ ॥ *(ਅੰਗ ੯੦੫)*

ਭਾਵ ਜੇਕਰ ਮਨ ਵਿਕਾਰਾਂ ਨਾਲ ਮੈਲਾ ਹੈ ਤਾਂ ਤੀਰਥਾਂ ਤੇ ਭਾਵੇਂ ਭਟਕਦੇ ਫਿਰੀਏ, ਮਨ ਕਦੀਂ ਸੁੱਚਾ ਜਾਂ ਨਿਰਮਲ ਨਹੀਂ ਹੋ ਸਕਦਾ।

ਗੁਰੂ ਸਾਹਿਬਾਨ ਵਿਸ਼ੇਸ਼ ਕਰਕੇ ਗੁਰੂ ਨਾਨਕ ਦੇਵ ਜੀ ਨੇ ਦੂਜੇ ਧਰਮਾਂ ਦੇ ਬਹੁਤ ਸਾਰੇ ਤੀਰਥ ਅਸਥਾਨਾਂ ਦਾ ਭ੍ਰਮਣ ਕੀਤਾ ਪਰ ਉਨ੍ਹਾਂ ਦਾ ਮੁੱਖ ਉਦੇਸ਼ ਤੀਰਥਾਂ ਤੇ ਇਕੱਤਰ ਹੋਏ ਲੋਕਾਂ ਵਿਚ ਪਏ ਭਰਮ ਭੁਲੇਖਿਆਂ ਨੂੰ ਦੂਰ ਕਰਨਾ ਸੀ ਜਿਨ੍ਹਾਂ ਵਿਚ ਉਹ ਸਦੀਆਂ ਤੋਂ ਗ੍ਰਸੇ ਹੋਏ ਸਨ। ਦੂਜੇ ਅਜਿਹੇ ਅਸਥਾਨਾਂ ਤੇ ਪੁੱਜੇ ਧਾਰਮਿਕ ਆਗੂਆਂ ਨਾਲ ਵਿਚਾਰ ਵਟਾਂਦਰਾ ਕਰਨਾ ਸੀ।

ਇਹ ਕਿਵੇਂ ਹੋ ਸਕਦਾ ਹੈ ਕਿ ਮਨੁੱਖ ਸਾਰੀ ਉਮਰ ਤਾਂ ਪਾਪ ਕਰਦਾ ਰਹੇ ਪਰ ਤੀਰਥ ਯਾਤਰਾ ਜਾਂ ਉੱਥੇ ਇਸ਼ਨਾਨ ਕਰਨ ਨਾਲ ਉਸਦੇ ਸਾਰੇ ਕੀਤੇ ਪਾਪ ਧੁਲ ਜਾਣ। ਇਸ ਪ੍ਰਕਾਰ ਤਾਂ ਸੰਸਾਰ ਵਿਚ ਕੂੜ-ਕਪਟ ਅਤੇ ਪਾਪਾਂ ਦਾ ਪਸਾਰਾ ਵਧੇਗਾ ਕਿਉਂਕਿ ਇਨ੍ਹਾਂ ਤੋਂ ਮੁਕਤੀ ਦੀ ਵਿਧੀ ਜੁ ਬੜੀ ਆਸਾਨ ਹੈ। ਸਰੀਰ ਨੂੰ ਧੋਣ ਨਾਲ ਕਦੀ ਕੀਤੇ ਹੋਏ ਪਾਪ ਨਹੀਂ ਧੋਤੇ ਜਾ ਸਕਦੇ ਜਦੋਂ ਤਾਈਂ ਮਨ ਨੂੰ ਧੋਤਾ ਨਾ ਜਾਵੇ ਅਤੇ ਮਨ ਨੂੰ ਧੋਤਾ ਜਾ ਸਕਦਾ ਹੈ ਕੇਵਲ ਨਾਮ ਦੁਆਰਾ। ਗੁਰੂ ਨਾਨਕ ਦੇਵ ਜੀ ਦਾ ਜਪੁ ਜੀ ਵਿਚ ਫ਼ਰਮਾਨ ਹੈ ਕਿ ਜਿਸ ਮਨੁੱਖ ਨੇ ਆਪਣੇ ਅੰਦਰਲੇ ਤੀਰਥ ਵਿਚ ਮਲ ਮਲ ਕੇ ਇਸ਼ਨਾਨ ਕਰ ਲਿਆ ਭਾਵ ਨਾਮ ਦੁਆਰਾ ਆਪਣੇ ਅੰਦਰ ਵੱਸ ਰਹੇ ਪ੍ਰਭੂ ਨਾਲ ਪ੍ਰੀਤੀ ਪਾ ਲਈ ਹੈ ਉਸਨੇ ਆਪਣੇ ਮਨ ਤੇ ਲੱਗੀ ਹੋਈ ਵਿਕਾਰਾਂ ਦੀ ਮੈਲ ਨੂੰ ਚੰਗੀ ਤਰ੍ਹਾਂ ਨਾਲ ਧੋ ਲਿਆ ਹੈ :

ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥ *(ਜਪੁ ਜੀ, ਪਉੜੀ ੨੧)*

ਆਪ ਜੀ ਦੇ ਰਾਗੁ ਸੋਰਠਿ ਵਿਚ ਵੀ ਬਚਨ ਹਨ :

ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥ *(ਅੰਗ ੫੯੮)*

ਭਾਵ ਮਨ ਤੇ ਲੋਭ ਦੀ ਮੈਲ ਚੜ੍ਹਣ ਨਾਲ ਮਨੁੱਖ ਠੱਗੀਆਂ ਮਾਰਦਾ ਹੈ। ਤਰ੍ਹਾਂ-ਤਰ੍ਹਾਂ ਦਾ ਝੂਠ ਬੋਲਦਾ ਹੈ ਤਾਂ ਫਿਰ ਬਾਹਰ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਅੰਦਰਲਾ ਕਿਵੇਂ ਧੋਤਾ ਜਾ ਸਕਦਾ ਹੈ ?

ਗੁਰੂ ਅਮਰਦਾਸ ਜੀ ਦਾ ਰਾਗੁ ਬਸੰਤੁ ਵਿਚ ਕਥਨ ਹੈ ਕਿ ਜਿਸ ਜੀਵ ਦਾ ਅੰਤਰ ਆਤਮਾ ਵਿਕਾਰਾਂ ਨਾਲ ਮੈਲਾ ਹੋ ਜਾਂਦਾ ਹੈ ਉਹ ਦੇਸ਼ ਵਿਦੇਸ਼ ਦਿਆਂ ਤੀਰਥਾਂ ਤੇ ਕਿੰਨਾ ਵੀ ਭਟਕਦਾ ਕਿਉਂ ਨਾ ਫਿਰੇ ਉਸਦਾ ਮਨ ਕਿਧਰੇ ਵੀ ਤ੍ਰਿਪਤ ਨਹੀਂ ਹੁੰਦਾ :

ਜਿਸੁ ਜੀਉ ਅੰਤਰੁ ਮੈਲਾ ਹੋਇ ॥
ਤੀਰਥ ਭਵੈ ਦਿਸੰਤਰ ਲੋਇ ॥ *(ਅੰਗ ੧੧੬੯)*

ਅਥਵਾ :

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ॥ *(ਸਿਰੀ ਰਾਗੁ ਮਹਲਾ ੧, ਅੰਗ ੬੧)*

ਭਾਵ ਜੇਕਰ ਮਨ ਦੀ ਹਉਮੈ ਨਹੀਂ ਗਈ ਤਾਂ ਤੀਰਥਾਂ ਤੇ ਕੀਤਾ ਇਸ਼ਨਾਨ ਸਭ ਨਿਸਫਲ ਜਾਂਦਾ ਹੈ।

ਹੰਕਾਰ ਜਾਂ ਹਉਮੈ ਮਨੁੱਖ ਨੂੰ ਬਹੁਤ ਵੱਡਾ ਰੋਗ ਚਿੰਬੜਿਆ ਹੋਇਆ ਹੈ ਜੋ ਪ੍ਰਾਣੀ ਨੂੰ ਕਿਸੇ ਜੋਗਾ ਨਹੀਂ ਰਹਿਣ ਦਿੰਦਾ ਅਤੇ ਮਨੁੱਖ ਤੇ ਪਰਮਾਤਮਾ ਵਿਚ ਪਈ ਵਿੱਥ ਨੂੰ ਘਟਾਉਂਦਾ ਨਹੀਂ ਸਗੋਂ ਵਧਾਉਂਦਾ ਹੈ। ਗੁਰੂ ਅਮਰਦਾਸ ਜੀ ਦੇ ਰਾਗੁ ਗੂਜਰੀ ਵਿਚ ਬੜੇ ਅਨਮੋਲ ਬਚਨ ਹਨ ਕਿ ਅਨੇਕਾਂ ਤੀਰਥਾਂ ਤੇ ਇਸ਼ਨਾਨ ਕਰਨ ਨਾਲ ਵੀ ਮਨੁੱਖ ਦੇ ਮਨ ਤੇ ਪਈ ਹਉਮੈ ਦੀ ਮੈਲ ਨਹੀਂ ਉਤਰਦੀ ਭਾਵ ਮਨੁੱਖ ਹਉਮੈ ਤੋਂ ਛੁਟਕਾਰਾ ਨਹੀਂ ਪਾ ਸਕਦਾ ਤਾਂ ਫਿਰ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਦਾ ਕੀ ਲਾਭ ? ਮਨੁੱਖ ਤੀਰਥਾਂ ਤੇ ਜਾ ਕੇ ਵੀ ਦੁਬਿਧਾ ਵਿਚ ਹੀ ਪਿਆ ਰਹਿੰਦਾ ਹੈ ਅਤੇ ਅੰਤਰ-ਆਤਮਾ ਨਿਰਮਲ ਨਾ ਹੋਣ ਦੇ ਕਾਰਨ ਮਾਇਆ ਦੇ ਮੋਹ ਵਲੋਂ ਉਸਦੀ ਭਟਕਣਾ ਦੂਰ ਨਹੀਂ ਹੁੰਦੀ। ਫਲਸਰੂਪ ਮਨੁੱਖ ਧਰਮ ਰਾਜ ਦੀ ਸਜ਼ਾ ਦਾ ਭਾਗੀ ਬਣਦਾ ਹੈ :

ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥
ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥
(ਅੰਗ ੪੯੧)

ਅਥਵਾ :

ਤੀਰਥਿ ਨਾਇ ਕਹਾ ਸੁਚਿ ਸੈਲੁ ॥
ਮਨ ਕਉ ਵਿਆਪੈ ਹਉਮੈ ਮੈਲੁ ॥
ਕੋਟਿ ਕਰਮ ਬੰਧਨ ਕਾ ਮੂਲੁ ॥
ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥
(ਰਾਗੁ ਭੈਰਉ ਮਹਲਾ ੫, ਅੰਗ ੧੧੪੯)

ਸੈਲੁ ਤੋਂ ਅਰਥ ਹੈ—ਪੱਥਰ ਦਿਲ ਮਨੁੱਖ। ਪੂਲੁ ਭਾਵ ਪੂਲਾ—ਕਰਮਾਂ ਦੀ ਪੰਡ।

ਭਗਤ ਕਬੀਰ ਜੀ ਰਾਗੁ ਆਸਾ ਵਿਚ ਡੱਡੂ ਦਾ ਦ੍ਰਿਸ਼ਟਾਂਤ ਦੇ ਕੇ ਸਮਝਾ ਰਹੇ ਹਨ ਕਿ ਹੇ ਭਲਿਓ ਲੋਕੋ! ਜੇਕਰ ਪਾਣੀ ਵਿਚ ਨਹਾਉਣ ਨਾਲ ਮਨੁੱਖ ਨੂੰ ਮੁਕਤੀ ਮਿਲ ਜਾਂਦੀ ਹੋਵੇ ਤਾਂ ਡੱਡੂ ਤਾਂ ਰੋਜ਼ ਦਿਨ-ਰਾਤ ਪਾਣੀ ਵਿਚ ਟੁੱਭੀਆਂ ਮਾਰਦਾ ਹੈ ਪਰ ਫਿਰ ਵੀ ਉਹ ਜੂਨਾਂ ਵਿਚ ਭਟਕਦਾ ਰਹਿੰਦਾ ਹੈ। ਆਪ ਜੀ ਦਾ ਕਥਨ ਹੈ ਕਿ ਵਿਕਾਰੀ ਜੀਵ ਜਿੰਨਾ ਮਰਜ਼ੀ ਤੀਰਥਾਂ ਤੇ ਨਹਾਉਂਦਾ ਫਿਰੇ ਉਸ ਦੇ ਮਨ ਦੀ ਮੈਲ ਨਹੀਂ ਉਤਰ ਸਕਦੀ। ਉਸ ਲਈ ਸਵਰਗ ਦੀ ਲਾਲਸਾ ਕਰਨੀ ਵਿਅਰਥ ਹੈ, ਕਿਉਂਕਿ ਪਰਮਾਤਮਾ ਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ। ਮਨੁੱਖ ਦੀ ਖਲਾਸੀ ਤਾਂ ਨਾਮ ਦੁਆਰਾ ਹੀ ਹੋ ਸਕਦੀ ਹੈ ਜੋ ਅਸਲ ਤੀਰਥ ਇਸ਼ਨਾਨ ਹੈ :

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ॥
ਪੂਜਹੁ ਰਾਮੁ ਏਕੁ ਹੀ ਦੇਵਾ॥ ਸਾਚਾ ਨਾਵਣੁ ਗੁਰ ਕੀ ਸੇਵਾ॥ ੧॥ ਰਹਾਉ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥ *(ਅੰਗ ੪੮੪)*

ਸੂਹੀ ਕੀ ਵਾਰ ਮਹਲਾ ੩ ਵਿਚ ਗੁਰੂ ਨਾਨਕ ਦੇਵ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦਾ ਫ਼ਰਮਾਨ ਹੈ ਕਿ ਜੇਕਰ ਮਨ ਵਿਚ ਖੋਟ ਹੈ ਅਤੇ ਸਰੀਰ ਕਾਮਾਦਿਕ ਵਿਕਾਰਾਂ ਨਾਲ ਲੱਪ ਪੱਤ ਹੈ ਤਾਂ ਤੀਰਥਾਂ ਤੇ ਨਹਾਉਣ ਨਾਲ ਸਰੀਰ ਦੀ ਬਾਹਰਲੀ ਮੈਲ ਤਾਂ ਲਹਿ ਜਾਂਦੀ ਹੈ ਪ੍ਰੰਤੂ ਮਨ ਵਿਚ ਅਹੰਕਾਰ ਆਦਿਕ ਦੀ ਦੂਣੀ ਮੈਲ ਚੜ੍ਹ ਜਾਂਦੀ ਹੈ। ਮਨ ਅੰਦਰ ਅਭਿਮਾਨ ਪੈਦਾ ਹੋ ਜਾਂਦਾ ਹੈ ਕਿ ਮੈਂ ਤੀਰਥ ਇਸ਼ਨਾਨੀ ਹਾਂ। ਜੀਵ ਦੀ ਹਾਲਤ ਉਸ ਤੂੰਮੀ ਵਰਗੀ ਹੈ ਜੋ ਬਾਹਰੋਂ ਤਾਂ ਭਾਵੇਂ ਧੋਤੀ ਗਈ ਪਰ ਉਸਦੇ ਅੰਦਰ ਵਿਸ ਦੀ ਕੁੜੱਤਣ ਉਸੇ ਤਰ੍ਹਾਂ ਰਹਿੰਦੀ ਹੈ। ਗੁਰੂ ਜੀ ਸੋਧ ਬਖ਼ਸ਼ਿਸ਼ ਕਰ ਰਹੇ ਹਨ ਕਿ ਜੇਕਰ ਵਿਕਾਰਾਂ ਵਿਚ ਫਸੇ ਹੋਏ ਮਨੁੱਖ ਦੀ ਤੀਰਥਾਂ ਆਦਿ ਤੇ ਇਸ਼ਨਾਨ ਕਰਨ ਨਾਲ ਗਤੀ ਨਹੀਂ ਹੋਣੀ ਤਾਂ ਭਲੇ ਪੁਰਖ ਤੀਰਥਾਂ ਤੇ ਨਹਾਉਣ ਤੋਂ ਬਿਨਾਂ ਹੀ ਚੰਗੇ ਹਨ। ਚੋਰ ਤੀਰਥਾਂ ਤੇ ਨਹਾ ਕੇ ਵੀ ਚੋਰ ਹੀ ਰਹਿੰਦੇ ਹਨ :

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥
ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥
ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥ *(ਅੰਗ ੭੮੯)*

ਤੀਰਥਾਂ ਬਾਰੇ ਲੋਕਾਂ ਦੇ ਮਨਾਂ ਅੰਦਰ ਇਕ ਹੋਰ ਵਹਿਮ ਬਣਿਆ ਹੋਇਆ ਹੈ ਕਿ ਤੀਰਥਾਂ ਤੇ ਸਰੀਰਕ ਚੋਲਾ ਤਿਆਗਣ ਨਾਲ ਮੁਕਤੀ ਮਿਲਦੀ ਹੈ। ਆਮ ਲੋਕਾਂ ਅੰਦਰ ਪਏ ਹੋਏ ਇਸ ਭੁਲੇਖੇ ਨੂੰ ਦੂਰ ਕਰਨ ਲਈ ਭਗਤ ਕਬੀਰ ਜੀ ਆਖਰੀ ਉਮਰੇ ਬਨਾਰਸ ਛੱਡ ਕੇ ਮਗਹਰ ਨਗਰ ਜਾ ਵੱਸੇ। ਮਗਹਰ ਬਾਰੇ ਲੋਕਾਂ ਦੇ ਮਨਾਂ ਅੰਦਰ ਵਹਿਮ ਸੀ ਕਿ ਇਸਦੀ ਧਰਤੀ ਸਰਾਪੀ ਹੋਈ ਹੈ। ਉੱਥੇ ਜਿਸਦੀ ਮੌਤ ਹੁੰਦੀ ਹੈ ਉਹ ਖੋਤੇ ਦੀ ਜੂਨੇ ਪੈਂਦਾ ਹੈ। ਇਸ ਦਾ ਵਰਨਣ ਭਗਤ ਕਬੀਰ ਜੀ ਨੇ ਰਾਗੁ ਗਉੜੀ ਵਿਚ ਕੀਤਾ ਹੈ ਕਿ ਤੀਰਥਾਂ ਤੇ ਸਰੀਰ ਤਿਆਗਣ ਨਾਲ ਕਦੀ ਮੁਕਤੀ ਨਹੀਂ ਮਿਲ ਸਕਦੀ। ਮੁਕਤੀ

ਤਾਂ ਭਜਨ ਦੁਆਰਾ ਅੰਦਰੋਂ ਮੈਂ ਮੇਰੀ ਨੂੰ ਮਾਰ ਕੇ ਹੀ ਮਿਲ ਸਕਦੀ ਹੈ :

ਜਿਉ ਜਲ ਛੋਡਿ ਬਾਹਰਿ ਭਇਓ ਮੀਨਾ॥
ਪੂਰਬ ਜਨਮ ਹਉ ਤਪ ਕਾ ਹੀਨਾ॥ ੧ ॥
ਅਬ ਕਹੁ ਰਾਮ ਕਵਨ ਗਤਿ ਮੋਰੀ॥
ਤਜੀ ਲੇ ਬਨਾਰਸ ਮਤਿ ਭਈ ਥੋਰੀ॥ ੧ ॥ ਰਹਾਉ॥
ਸਗਲ ਜਨਮੁ ਸਿਵ ਪੁਰੀ ਗਵਾਇਆ॥
ਮਰਤੀ ਬਾਰ ਮਗਹਰਿ ਉਠਿ ਆਇਆ॥ ੨ ॥
ਬਹੁਤੁ ਬਰਸ ਤਪੁ ਕੀਆ ਕਾਸੀ॥
ਮਰਨੁ ਭਇਆ ਮਗਹਰ ਕੀ ਬਾਸੀ॥ ੩ ॥
ਕਾਸੀ ਮਗਹਰ ਸਮ ਬੀਚਾਰੀ॥
ਓਛੀ ਭਗਤਿ ਕੈਸੇ ਉਤਰਸਿ ਪਾਰੀ॥ ੪ ॥
ਕਹੁ ਗੁਰ ਗਜ ਸਿਵ ਸਭੁ ਕੋ ਜਾਨੈ॥
ਮੁਆ ਕਬੀਰੁ ਰਮਤ ਸ੍ਰੀ ਰਾਮੈ॥ ੫॥ *(ਅੰਗ ੩੨੬)*

ਗੁਰੂ ਅਰਜਨ ਦੇਵ ਜੀ ਦੇ ਰਾਗੁ ਮਾਝ ਬਾਰਹਮਾਹਾ ਵਿਚ ਬੜੇ ਸੁੰਦਰ ਬਚਨ ਹਨ ਕਿ ਪ੍ਰਭੂ ਦੇ ਨਾਮ ਵਿਚ ਜੁੜ ਕੇ, ਸੱਚ ਦੇ ਮਾਰਗ ਤੇ ਚਲਦਿਆਂ, ਜੀਵਾਂ ਤੇ ਦਇਆ ਕਰਦੇ ਹੋਏ ਪਰਉਪਕਾਰੀ ਜੀਵਨ ਬਤੀਤ ਕਰਨ ਨਾਲ ਪ੍ਰਾਣੀ ਨੂੰ 68 (ਅਠਾਹਠ) ਤੀਰਥਾਂ ਦੇ ਇਸ਼ਨਾਨ ਕਰਨ ਦੇ ਤੁੱਲ ਪੁੰਨ ਪ੍ਰਾਪਤ ਹੁੰਦਾ ਹੈ ਅਤੇ ਸੱਚੇ ਦੀ ਦਰਗਾਹ ਵਿਚ ਪ੍ਰਵਾਨ ਹੋ ਜਾਈਦਾ ਹੈ :

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥ *(ਅੰਗ ੧੩੬)*

ਸਾਡੀ ਧਰਤੀ ਤੇ ਅਣਗਿਣਤ ਤੀਰਥ ਅਸਥਾਨ ਹਨ ਜੋ ਸਾਡੇ ਗੌਰਵਮਈ ਇਤਿਹਾਸ ਨਾਲ ਜੁੜੇ ਹੋਏ ਹਨ। ਇਨ੍ਹਾਂ ਤੀਰਥਾਂ ਤੇ ਕ੍ਰੋੜਾਂ ਦੀ ਗਿਣਤੀ ਵਿਚ ਪ੍ਰਾਣੀ ਹਰ ਸਾਲ ਯਾਤਰਾ ਜਾਂ ਇਸ਼ਨਾਨ ਕਰਦੇ ਹਨ। ਤੀਰਥਾਂ ਤੇ ਜਾਣਾ ਜਾਂ ਇਸ਼ਨਾਨ ਕਰਨਾ ਤਾਂ ਹੀ ਸਫ਼ਲਾ ਹੈ ਜੇਕਰ ਸਰੀਰ ਨੂੰ ਧੋਣ ਨਾਲ ਮਨ ਨੂੰ ਵੀ ਧੋ ਕੇ ਪਰਤੀਏ।

ਤੀਰਥਾਂ ਸਬੰਧੀ ਪਏ ਵਹਿਮ, ਭਰਮ-ਭੁਲੇਖੇ ਅਤੇ ਕਰਮ-ਕਾਂਡਾਂ ਤੋਂ ਉਤਾਂਹ ਉਠ ਕੇ ਜੇਕਰ ਗੁਰੂ ਨਾਨਕ ਦੇਵ ਜੀ ਦੇ ਇਨ੍ਹਾਂ ਬਚਨਾਂ ਤੇ ਅਮਲ ਕਰੀਏ ਤਾਂ ਨਿਸ਼ਚੇ ਹੀ ਮਨੁੱਖਤਾ ਦਾ ਕਲਿਆਣ ਹੋ ਸਕਦਾ ਹੈ :

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥

(ਰਾਗੁ ਧਨਾਸਰੀ, ਅੰਗ ੬੮੭)

78

ਆਵਾਗਵਣ

ਅਸ਼ੁੱਭ ਜਾਂ ਮਾੜੇ ਕਰਮਾਂ ਕਾਰਨ ਚੌਰਾਸੀ ਲੱਖ ਜੂਨਾਂ ਨੂੰ ਭੋਗਣਾ ਅਤੇ ਇਸ ਤਰ੍ਹਾਂ ਜਨਮ ਮਰਨ ਦੇ ਚੱਕਰ ਵਿਚ ਪਏ ਰਹਿਣ ਨੂੰ ਆਵਾਗਵਣ ਆਖਿਆ ਜਾਂਦਾ ਹੈ। ਜੋ ਪ੍ਰਾਣੀ ਪ੍ਰਭੂ ਨੂੰ ਵਿਸਾਰ ਕੇ ਮਾਇਆ ਦੇ ਝੂਠੇ ਮੋਹ ਵਿਚ ਗ੍ਰਸੇ ਰਹਿੰਦੇ ਹਨ ਉਨ੍ਹਾਂ ਦੇ ਮਨ ਨੂੰ ਕਦੀ ਟਿਕਾਉ ਨਹੀਂ ਮਿਲਦਾ। ਇੰਜ ਦੂਜੇ ਭਾਉ ਦੇ ਕਾਰਨ ਭਟਕਣਾ ਵਿਚ ਪੈ ਕੇ ਜੀਵ ਜਨਮ ਮਰਨ ਦੇ ਚੱਕਰ ਵਿਚ ਪਏ ਰਹਿੰਦੇ ਹਨ :

ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ॥
ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ॥

(ਰਾਗੁ ਜੈਤਸਰੀ ਮਹਲਾ ੫, ਅੰਗ ੭੦੫)

ਪ੍ਰੱਭੂ ਮਾਲਕ ਦੀ ਪ੍ਰੇਮਾ-ਭਗਤੀ ਕੀਤਿਆਂ ਇਨ੍ਹਾਂ ਜੂਨਾਂ ਵਿਚ ਭਟਕਣ ਤੋਂ ਬਚੇ ਰਹੀਦਾ ਹੈ :

ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ॥
ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ॥

(ਰਾਗੁ ਗੂਜਰੀ ਮਹਲਾ ੫, ਅੰਗ ੫੦੨)

ਮਨੁੱਖ ਨੂੰ ਪਰਮਪਦ ਦੀ ਪ੍ਰਾਪਤੀ ਲਈ ਇਹ ਇਕ ਅਵਸਰ ਮਿਲਿਆ ਹੈ ਤੇ ਜਿਹੜਾ ਮਨੁੱਖ ਇਸ ਅਵਸਰ ਦਾ ਲਾਭ ਨਹੀਂ ਉਠਾਉਂਦਾ ਉਹ ਆਵਾਗਵਣ ਦੇ ਚੱਕਰ ਵਿਚ ਪੈ ਜਾਂਦਾ ਹੈ। ਫਿਰ ਇਸ ਚੱਕਰ ਵਿਚੋਂ ਥੋੜ੍ਹੇ ਕਰਕੇ ਨਿਕਲਿਆ ਨਹੀਂ ਜਾ ਸਕਦਾ ਅਤੇ ਜੀਵ ਦੁੱਖ ਭੋਗਦਾ ਰਹਿੰਦਾ ਹੈ :

ਲਖ ਚਉਰਾਸੀਹ ਜੋਨਿ ਸਬਾਈ॥
ਮਾਣਸ ਕਉ ਪ੍ਰਭਿ ਦੀਈ ਵਡਿਆਈ॥
ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥

(ਰਾਗੁ ਮਾਰੂ ਮਹਲਾ ੫, ਅੰਗ ੧੦੭੫)

ਗੁਰੂ ਤੇਗ ਬਹਾਦਰ ਜੀ ਦੇ ਰਾਗੁ ਸੋਰਠਿ ਵਿਚ ਬਚਨ ਹਨ :

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥ *(ਅੰਗ ੬੩੧)*

ਅਥਵਾ :

ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ॥
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ॥ *(ਅੰਗ ੬੩੨)*

ਮਨੁੱਖ ਅੰਦਰਲੀ ਹਉਮੈ ਅਤੇ ਮਮਤਾ ਇਸ ਨੂੰ ਪਰਮਜੋਤ ਨਾਲ ਮਿਲਣ ਨਹੀਂ ਦਿੰਦੀ। ਜੇਕਰ ਮਨੁੱਖ ਇਸ ਪਈ ਵਿੱਥ ਨੂੰ ਖਤਮ ਕਰਨ ਵਿਚ ਸਫਲ ਹੋ ਜਾਂਦਾ ਹੈ ਤਾਂ ਪ੍ਰਭੂ

ਨਾਲ ਇਕ-ਮਿਕ ਹੋ ਕੇ ਅਨੰਦ-ਮਈ ਅਵਸਥਾ ਵਿਚ ਵਿਚਰਦੇ ਹੋਏ ਆਵਾਗਵਣ ਦੇ ਚੱਕਰ ਤੋਂ ਬਚ ਸਕਦਾ ਹੈ :

ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ॥
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ॥

(ਰਾਗੁ ਗਉੜੀ ਮਹਲਾ ੫, ਅੰਗ ੨੦੫)

ਅਥਵਾ :

ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥
ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥

(ਰਾਗੁ ਮਲਾਰ ਮਹਲਾ ੪, ਅੰਗ ੧੨੬੩)

ਭਗਤ ਤ੍ਰਿਲੋਚਨ ਜੀ ਨੇ ਰਾਗੁ ਗੂਜਰੀ ਵਿਚ ਬੜੇ ਭਾਵ-ਪੂਰਤ ਢੰਗ ਨਾਲ ਪ੍ਰਾਣੀ ਨੂੰ ਸੁਚੇਤ ਕੀਤਾ ਹੈ ਕਿ ਜੀਵਨ ਵਿਚ ਧਨ-ਦੌਲਤ, ਇਸਤ੍ਰੀ, ਪੁੱਤਰ, ਮਹਲ-ਮਾੜੀਆਂ ਆਦਿ ਵਿਚ ਮਨੁੱਖ ਨੂੰ ਐਨਾ ਖਚਿਤ ਨਹੀਂ ਹੋਣਾ ਚਾਹੀਦਾ ਕਿ ਅੰਤ ਵੇਲੇ ਵੀ ਸੁਰਤ ਇਨ੍ਹਾਂ ਵਿਚ ਹੀ ਜੁੜੀ ਰਹੇ :

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸਰਪ ਜੋਨਿ ਵਲਿ ਵਲਿ ਅਉਤਰੈ॥ ੧॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ ਰਹਾਉ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬੇਸਵਾ ਜੋਨਿ ਵਲਿ ਵਲਿ ਅਉਤਰੈ॥ ੨॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਸੂਕਰ ਜੋਨਿ ਵਲਿ ਵਲਿ ਅਉਤਰੈ॥ ੩॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ॥ ੪॥ *(ਅੰਗ ੫੨੬)*

ਇਸ ਸ਼ਬਦ ਤੋਂ ਕਿਸੇ ਪ੍ਰਕਾਰ ਦੀ ਸ਼ੰਕਾ ਉਤਪੰਨ ਨਹੀਂ ਹੋਣੀ ਚਾਹੀਦੀ ਕਿ ਭਗਤ ਜੀ ਕਿਸੇ ਪ੍ਰਕਾਰ ਦੀ ਭਵਿੱਖ-ਬਾਣੀ ਕਰ ਰਹੇ ਹਨ। ਮਨੁੱਖ ਨੇ ਅਗਲੇ ਜਨਮ ਵਿਚ ਕਿਵੇਂ ਵਿਚਰਨਾ ਹੈ ਇਹ ਸਭ ਕੁਝ ਕਰਤੇ ਦੇ ਹੱਥ ਵਿਚ ਹੈ, ਪ੍ਰੰਤੂ ਸੱਪ, ਵੇਸਵਾ, ਸੂਰ, ਪ੍ਰੇਤ ਆਦਿ ਜੂਨਾਂ ਦਾ ਜ਼ਿਕਰ ਕਰਕੇ ਭਗਤ ਜੀ ਦਾ ਮੁੱਖ ਆਸ਼ਾ ਪ੍ਰਾਣੀ ਨੂੰ ਵਿਕਾਰਾਂ ਆਦਿ ਤੋਂ ਸੁਚੇਤ ਕਰਨਾ ਹੈ ਤਾਂਕਿ ਉਹ ਆਵਾਗਵਣ ਤੋਂ ਬਚਣ ਲਈ ਉਪਰਾਲਾ ਕਰੇ :

ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥

(ਅੰਗ ੫੨੬)

ਸਾਇੰਸ-ਵੇਤਾ ਜਾਂ ਵਿਗਿਆਨੀ ਮੰਨਦੇ ਹਨ ਕਿ ਮਨੁੱਖਾ ਸਰੀਰ ਹੋਂਦ ਵਿਚ ਆਉਣ ਤੋਂ ਪਹਿਲਾਂ ਜੀਵ ਕਈ ਸਰੀਰਾਂ ਵਿਚੋਂ ਲੰਘਿਆ। ਨਿਰਜੀਵ ਮਾਦੇ ਵਿਚੋਂ ਜੀਵ ਪਹਿਲਾਂ ਬਨਸਪਤੀ ਦੇ ਰੂਪ ਵਿਚ ਵਿਚਰਿਆ। ਬਾਅਦ ਵਿਚ ਹੌਲੀ-ਹੌਲੀ ਉੱਨਤੀ ਕਰਦਾ ਕਰਦਾ ਤੁਰਦੇ ਫਿਰਦੇ ਜਨੌਰਾਂ ਦੇ ਰੂਪ ਵਿਚ ਆਇਆ। ਫਿਰ ਬਾਂਦਰ ਆਦਿ ਦੇ ਸਰੀਰ ਨੂੰ ਇਸ ਨੇ ਧਾਰਨ ਕੀਤਾ। ਇਸ ਪ੍ਰਕਾਰ ਉੱਨਤੀ ਕਰਦਾ ਕਰਦਾ ਇਹ ਮਨੁੱਖੀ ਸਰੀਰ ਵਿਚ ਆਇਆ। ਇਸ ਨੂੰ ਥਿਉਰੀ ਆਫ਼ ਈਵੋਲੀਊਸ਼ਨ ਆਖਦੇ ਹਨ।

ਈਵੋਲੀਊਸ਼ਨ ਦੇ ਸਿਧਾਂਤ ਅਨੁਸਾਰ ਸਰੀਰਕ ਉੱਨਤੀ ਨਾਲ ਅੰਦਰਲੀ ਸੂਝ ਵਧਦੀ ਹੈ ਅਤੇ ਜੀਵ ਜਦੋਂ ਇਕ ਵਾਰੀ ਮਨੁੱਖੀ ਸਰੀਰ ਦਾ ਭਾਗੀ ਹੋ ਜਾਂਦਾ ਹੈ ਤਾਂ ਮੁੜ ਕੇ ਹੇਠ ਨਹੀਂ ਜਾ ਸਕਦਾ ਪ੍ਰੰਤੂ ਗੁਰਮਤਿ ਅਨੁਸਾਰ ਇਹ ਹੇਠਾਂ ਜਾ ਸਕਦਾ ਹੈ। ਰਾਗੁ ਗਉੜੀ ਸੁਖਮਨੀ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ:

ਸੰਤਨ ਕੈ ਦੂਖਨਿ ਸਰਪ ਜੋਨਿ ਪਾਇ॥
ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥ *(ਅੰਗ ੨੭੯)*

ਰਾਗੁ ਬਿਲਾਵਲੁ ਵਿਚ ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ ਕਿ ਜਿਹੜੇ ਪ੍ਰਾਣੀ ਗੁਰੂ ਤੋਂ ਬੇਮੁੱਖ ਹੋਏ ਰਹਿੰਦੇ ਹਨ ਉਨ੍ਹਾਂ ਨੂੰ ਸੂਰ, ਕੁੱਤੇ, ਖੋਤੇ, ਬਿੱਲੇ, ਪਸ਼ੂ, ਮਲੇਸ਼, ਨੀਚ ਚੰਡਾਲ ਆਦਿ ਜੂਨਾਂ ਵਿਚ ਖੁਆਰ ਹੋਣਾ ਪੈਂਦਾ ਹੈ। ਇੰਜ ਮੋਹ-ਮਾਇਆ ਦੇ ਬੰਧਨਾਂ ਵਿਚ ਪੈ ਕੇ ਮਨੁੱਖ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ:

ਸੂਕਰ ਸੁਆਨ ਗਰਧਭ ਮੰਜਾਰਾ॥
ਪਸੂ ਮਲੇਛ ਨੀਚ ਚੰਡਾਲਾ॥
ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ॥
ਬੰਧਨਿ ਬਾਧਿਆ ਆਈਐ ਜਾਈਐ॥ *(ਅੰਗ ੮੩੨)*

ਅਥਵਾ:

ਕਈ ਜਨਮ ਭਏ ਕੀਟ ਪਤੰਗਾ॥
ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥
ਕਈ ਜਨਮ ਹੈਵਰ ਬ੍ਰਿਖ ਜੋਇਓ॥ ੧॥
ਮਿਲੁ ਜਗਦੀਸ ਮਿਲਨ ਕੀ ਬਰੀਆ॥
ਚਿਰੰਕਾਲ ਇਹ ਦੇਹ ਸੰਜਰੀਆ॥ ੧॥ ਰਹਾਉ॥
ਕਈ ਜਨਮ ਸੈਲ ਗਿਰਿ ਕਰਿਆ॥
ਕਈ ਜਨਮ ਗਰਭ ਹਿਰਿ ਖਰਿਆ॥
ਕਈ ਜਨਮ ਸਾਖ ਕਰਿ ਉਪਾਇਆ॥
ਲਖ ਚਉਰਾਸੀਹ ਜੋਨਿ ਭ੍ਰਮਾਇਆ॥ ੨॥
(ਰਾਗੁ ਗਉੜੀ ਮਹਲਾ ੫, ਅੰਗ ੧੭੬)

ਮੀਨ ਤੋਂ ਅਰਥ ਹੈ ਮੱਛੀ। ਕੁਰੰਗ–ਹਿਰਨ, ਹੈਵਰ–ਘੋੜੇ, ਬ੍ਰਿਖ-ਬਲਦ, ਸੈਲ–ਪੱਥਰ। ਗਿਰਿ–ਪਹਾੜ।

ਗੁਰੂ ਨਾਨਕ ਦੇਵ ਜੀ ਦੇ ਰਾਗੁ ਸੂਹੀ ਵਿਚ ਬਚਨ ਹਨ ਕਿ ਆਵਾਗਵਣ ਦਾ ਚੱਕਰ ਉਨ੍ਹਾਂ ਸਾਕਤਾਂ ਵਾਸਤੇ ਹੈ ਜੋ ਆਪਣੀ ਲਿਵ ਨੂੰ ਪ੍ਰਭੂ ਚਰਨਾਂ ਵਿਚ ਨਹੀਂ ਜੋੜਦੇ:

ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ॥
ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ॥ *(ਅੰਗ ੭੫੨)*

ਅਥਵਾ:

ਚਉਰਾਸੀਹ ਨਰਕ ਸਾਕਤੁ ਭੋਗਾਈਐ॥
ਜੈਸਾ ਕੀਚੈ ਤੈਸੋ ਪਾਈਐ॥ *(ਰਾਗੁ ਮਾਰੂ ਮਹਲਾ ੧, ਅੰਗ ੧੦੨੮)*

ਰਾਗੁ ਬਿਲਾਵਲੁ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦੇ ਬਚਨ ਹਨ :

ਮਨਮੁਖ ਅਗਿਆਨੀ ਅੰਧੁਲੇ ਜਨਮਿ ਮਰਹਿ ਫਿਰਿ ਆਵੈ ਜਾਏ॥
ਕਾਰਜ ਸਿਧਿ ਨ ਹੋਵਨੀ ਅੰਤਿ ਗਇਆ ਪਛੁਤਾਏ॥

(ਅੰਗ ੮੫੧)

ਭੇਖੀ ਅਤੇ ਵਿਖਾਵਾ ਕਰਨ ਵਾਲੇ ਪਾਖੰਡੀਆਂ ਦਾ ਵੀ ਇਹੋ ਹਾਲ ਹੈ। ਜਿਨ੍ਹਾਂ ਭੇਖੀਆਂ ਨੇ ਵਿਖਾਵੇ ਦਾ ਢੌਂਗ ਰਚਾਇਆ ਹੋਇਆ ਹੈ ਉਹ ਪਾਖੰਡੀ ਸਦਾ ਆਵਾਗਵਣ ਦੇ ਚੱਕਰ ਵਿਚ ਪਏ ਰਹਿੰਦੇ ਹਨ :

ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ॥

(ਰਾਗੁ ਮਲਾਰ ਕੀ ਵਾਰ ਮਹਲਾ ੧, ਅੰਗ ੧੨੮੦)

ਪ੍ਰੰਤੂ ਮਨ ਨੂੰ ਵਸ ਕਰਨ ਨਾਲ ਵਿਕਾਰਾਂ ਨੂੰ ਜਿੱਤਿਆ ਜਾ ਸਕਦਾ ਹੈ ਭਾਵ ਇਨ੍ਹਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਫਿਰ ਮੋਹ-ਮਾਇਆ ਦੇ ਬੰਧਨ ਕੱਟੇ ਜਾਂਦੇ ਹਨ ਅਤੇ ਸਾਰੀ ਭਟਕਣਾ ਮੁੱਕ ਜਾਂਦੀ ਹੈ। ਪ੍ਰਾਣੀ ਦੇ ਜਨਮ ਮਰਨ ਦੇ ਗੇੜ ਸਦਾ ਲਈ ਕੱਟੇ ਜਾਂਦੇ ਹਨ :

ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ॥
ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ॥

(ਰਾਗੁ ਗਉੜੀ ਬਾਵਨ ਅਖਰੀ, ਮਹਲਾ ੫, ਅੰਗ ੨੫੮)

ਰਾਗੁ ਗਉੜੀ ਥਿਤੀ ਵਿਚ ਵੀ ਆਪ ਜੀ ਦੇ ਬਚਨ ਹਨ ਕਿ ਜੋ ਪ੍ਰਾਣੀ ਪਰਮਾਤਮਾ ਦਾ ਓਟ ਆਸਰਾ ਲੈਂਦਾ ਹੈ ਉਸਦਾ ਜਨਮ-ਮਰਨ ਦੇ ਗੇੜ ਤੋਂ ਛੁਟਕਾਰਾ ਹੋ ਜਾਂਦਾ ਹੈ। ਉਹ ਕੇਵਲ ਆਪ ਹੀ ਨਹੀਂ ਸਗੋਂ ਉਸਦੇ ਸਕੇ-ਸੰਬੰਧੀ ਵੀ ਉਸਦੇ ਨਾਲ ਭਵ-ਸਾਗਰ 'ਚੋਂ ਪਾਰ ਹੋ ਜਾਂਦੇ ਹਨ :

ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ॥
ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ॥ *(ਅੰਗ ੩੦੦)*

ਅਥਵਾ :

ਨਾਮੁ ਜਪਤ ਪਰਮ ਸੁਖੁ ਪਾਈਐ ਆਵਾ ਗਉਣੁ ਮਿਟੈ ਮੇਰੇ ਮੀਤ॥

(ਰਾਗੁ ਰਾਮਕਲੀ ਮਹਲਾ ੫, ਅੰਗ ੯੦੧)

ਆਪ ਜੀ ਦੇ ਗਉੜੀ ਕੀ ਵਾਰ ਵਿਚ ਬੜੇ ਸੁੰਦਰ ਬਚਨ ਹਨ ਕਿ ਜਿਹੜੇ ਪ੍ਰਾਣੀ ਪ੍ਰਭੂ ਦੇ ਨਾਮ ਦੀ ਸਿਫ਼ਤ-ਸਾਲਾਹ ਕਰਦੇ ਹਨ ਅਤੇ ਜੀਵਨ ਦੀ ਡੋਰੀ ਨੂੰ ਪ੍ਰਭੂ ਤੇ ਛੱਡ ਦਿੰਦੇ ਹਨ ਉਹ ਇਸ ਜੀਵਨ ਵਿਚ ਹੀ ਪ੍ਰਵਾਨ ਚੜ੍ਹ ਜਾਂਦੇ ਹਨ ਅਤੇ ਆਵਾਗਵਣ ਦੇ ਚੱਕਰ ਤੋਂ ਬਚੇ ਰਹਿੰਦੇ ਹਨ :

ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ॥
ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ॥ *(ਅੰਗ ੩੨੨)*

(79)

ਮੌਤ

ਬਾਬਾ ਫਰੀਦ ਜੀ ਨੇ ਬਗਲੇ ਦੀ ਉਦਾਹਰਣ ਦੇ ਕੇ ਪ੍ਰਾਣੀ ਨੂੰ ਸਮਝਾਇਆ ਹੈ ਕਿ ਜਿਵੇਂ ਬਗਲਾ ਦਰਿਆ ਦੇ ਕੰਢੇ ਤੇ੍ ਬੈਠਾ ਕਲੋਲ ਭਾਵ ਮੌਜ ਮਸਤੀਆਂ ਕਰਦਾ ਹੈ ਅਤੇ ਕਲੋਲ ਕਰਦਿਆਂ ਉਸਨੂੰ ਅਚਾਨਕ ਬਾਜ ਆ ਪੈਂਦੇ ਹਨ ਤਾਂ ਉਸਨੂੰ ਇਹ ਸਾਰੇ ਕਲੋਲ ਭੁੱਲ ਕੇ ਆਪਣੀ ਜਾਨ ਬਚਾਉਣ ਦੀ ਪੈ ਜਾਂਦੀ ਹੈ। ਇਸੇ ਤਰ੍ਹਾਂ ਮੌਤ ਦੇ ਆਉਣ ਤੇ ਬੰਦੇ ਦਾ ਹਾਲ ਹੁੰਦਾ ਹੈ। ਜੋ ਜੀਵ ਦੇ ਚਿੱਤ ਚੇਤੇ ਵੀ ਨਹੀਂ ਸੀ ਉਹ ਪਰਮਾਤਮਾ ਕਰ ਦਿਖਾਉਂਦਾ ਹੈ :

ਫਰੀਦਾ ਦਰੀਆਵੈ ਕੰਨੈ੍ ਬਗੁਲਾ ਬੈਠਾ ਕੇਲ ਕਰੇ ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥

(ਸਲੋਕ ਨੰਬਰ ੯੯, ਅੰਗ ੧੩੮੩)

ਮੌਤ ਇਕ ਅਟੱਲ ਸੱਚਾਈ ਹੈ। ਮਰਨਾ ਸੱਚ ਤੇ ਜੀਊਣਾ ਝੂਠ। ਇਸ ਤੋਂ ਨਾ ਕੋਈ ਬਚ ਸਕਦਾ ਹੈ ਅਤੇ ਨਾ ਹੀ ਇਸਨੂੰ ਟਾਲਿਆ ਜਾ ਸਕਦਾ ਹੈ। ਗੁਰਵਾਕ ਹੈ :

ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥

(ਸਿਰੀਰਾਗੁ ਮਹਲਾ ੫, ਅੰਗ ੫੦-੫੧)

ਭਾਵ ਸਭ ਨੇ ਇਸ ਸੰਸਾਰ ਤੋਂ ਟੁਰ ਜਾਣਾ ਹੈ। ਕਿਸੇ ਨੇ ਵੀ ਇੱਥੇ ਬੈਠੇ ਨਹੀਂ ਰਹਿਣਾ। ਰਾਗੁ ਸੋਰਠਿ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ :

ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥ *(ਅੰਗ ੫੯੫)*

ਗੁਰੂ ਪੰਚਮ ਪਾਤਸ਼ਾਹ ਦੇ ਸਿਰੀ ਰਾਗੁ ਵਿਚ ਇਕ ਹੋਰ ਬਚਨ ਹਨ :

ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥ *(ਅੰਗ ੫੦)*

ਇਹ ਜਗਤ ਤਾਂ ਇਕ ਰੈਣ ਬਸੇਰਾ ਹੈ ਜਿਵੇਂ ਰਾਤ ਵੇਲੇ ਘਰ ਆਇਆ ਪਰਾਹੁਣਾ ਸਵੇਰ ਹੋਣ ਤੇ ਚੱਲ ਪੈਂਦਾ ਹੈ ਤਿਵੇਂ ਹੀ ਜ਼ਿੰਦਗੀ ਦੀ ਰਾਤ ਮੁੱਕਣ ਤੇ ਜੀਵ ਇਸ ਜਗਤ ਤੋਂ ਤੁਰ ਜਾਂਦਾ ਹੈ।

ਵੱਡੇ-ਵੱਡੇ ਰਿਸ਼ੀ ਮੁਨੀ, ਪੀਰ-ਪੈਗੰਬਰ, ਔਲੀਏ ਸਭ ਇੱਥੋਂ ਤੁਰ ਗਏ। "ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ" ਦੇ ਮਹਾਂਵਾਕ ਅਨੁਸਾਰ ਇੱਥੇ ਕੋਈ ਵੀ ਚੀਜ਼ ਥਿਰ ਰਹਿਣ ਵਾਲੀ ਨਹੀਂ। ਜੀਵ ਇੱਥੇ 'ਕੰਧੀ ਉਤੇ ਰੁਖੜਾ' ਵਾਂਗ ਹੈ। ਪਤਾ ਨਹੀਂ ਕਦੋਂ 'ਅਚਿੰਤੇ ਬਾਜ' ਆ ਪੈਣੇ ਹਨ ਜਾਂ ਇੰਜ ਕਹਿ ਲਓ ਕਿ ਸੰਸਾਰ ਤਾਂ ਇਕ ਮੁਸਾਫ਼ਰਖਾਨਾ ਹੈ ਜਿੱਥੇ ਆਏ ਹਰ ਮੁਸਾਫ਼ਰ ਨੇ ਇਕ ਨਾ ਇਕ ਦਿਨ ਕੂਚ ਕਰ ਜਾਣਾ ਹੈ। ਕਿੰਨੇ ਸਾਡੇ ਸਾਥੀ ਸਾਡੇ ਨਾਲੋਂ ਵਿਛੜ ਗਏ ਪਰ ਹਾਲੇ ਵੀ ਪ੍ਰਾਣੀ ਨੂੰ ਇਸ ਗੱਲ ਦੀ ਸੋਝੀ ਨਹੀਂ

ਪਈ। ਭਗਤ ਰਵਿਦਾਸ ਜੀ ਦਾ ਰਾਗੁ ਸੂਹੀ ਵਿਚ ਫ਼ਰਮਾਨ ਹੈ :

ਜੋ ਦਿਨ ਆਵਹਿ ਸੋ ਦਿਨ ਜਾਹੀ॥
ਕਰਨਾ ਕੂਚੁ ਰਹਨੁ ਥਿਰੁ ਨਾਹੀ॥
ਸੰਗੁ ਚਲਤ ਹੈ ਹਮ ਭੀ ਚਲਨਾ॥
ਦੂਰਿ ਗਵਨੁ ਸਿਰ ਊਪਰਿ ਮਰਨਾ॥
ਕਿਆ ਤੂ ਸੋਇਆ ਜਾਗੁ ਇਆਨਾ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ॥ *(ਅੰਗ ੭੯੩-੯੪)*

ਕਰਤੇ ਦੀ ਲੀਲਾ ਐਸੀ ਹੈ ਕਿ ਕੋਈ ਰਾਣਾ ਹੋਵੇ ਜਾਂ ਰੰਕ, ਅਮੀਰ ਹੋਵੇ ਜਾਂ ਫਕੀਰ ਮੌਤ ਸਭ ਨੂੰ ਆਉਣੀ ਹੈ। ਸਭ ਨੇ ਵਾਰੋ-ਵਾਰੀ ਇਸ ਫ਼ਾਨੀ ਜਗਤ ਤੋਂ ਤੁਰ ਜਾਣਾ ਹੈ। ਮੌਤ ਦੇ ਪੰਜੇ ਤੋਂ ਕੋਈ ਬਚ ਨਹੀਂ ਸਕਿਆ। ਗੁਰੂ ਨਾਨਕ ਦੇਵ ਜੀ ਦੇ ਰਾਗੁ ਰਾਮਕਲੀ ਦਖਣੀ ਓਅੰਕਾਰ ਵਿਚ ਬਚਨ ਹਨ :

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ॥ *(ਅੰਗ ੯੩੬)*

ਗੁਰਬਾਣੀ ਅਨੁਸਾਰ ਜਿਹੜੇ ਇਸ ਸੰਸਾਰ ਵਿਚ ਆਉਂਦੇ ਹਨ ਉਹ ਮੌਤ ਦਾ ਪਰਵਾਨਾ ਆਪਣੇ ਮੱਥੇ ਤੇ ਲਿਖਵਾ ਕੇ ਆਉਂਦੇ ਹਨ ਭਾਵ ਜਨਮ ਵੇਲੇ ਹੀ ਪ੍ਰਾਣੀ ਦੀ ਮੌਤ ਨੀਅਤ ਹੋ ਚੁੱਕਦੀ ਹੈ। ਕਿਸੇ ਅਵਸਥਾ ਵਿਚ ਵੀ ਜੀਵ ਇੱਥੇ ਸਦਾ ਲਈ ਨਹੀਂ ਰਹਿ ਸਕਦਾ। ਸਭ ਕੁਝ ਬਿਨਸਨਹਾਰ ਹੈ। ਪਰਮਾਤਮਾ ਦਾ ਇਹ ਅਟੱਲ ਹੁਕਮ ਸਦਾ ਕਾਇਮ ਰਹਿਣ ਵਾਲਾ ਹੈ। ਇਸਨੂੰ ਕਦੀ ਟਾਲਿਆ ਨਹੀਂ ਜਾ ਸਕਦਾ :

ਮਰਣੁ ਲਿਖਾਇ ਮੰਡਲ ਮਹਿ ਆਏ॥
ਕਿਉ ਰਹੀਐ ਚਲਣਾ ਪਰਥਾਏ॥
ਸਚਾ ਅਮਰੁ ਸਚੇ ਅਮਰਾ ਪੁਰਿ ਸੋ ਸਚੁ ਮਿਲੈ ਵਡਾਈ ਹੇ॥
(ਰਾਗੁ ਮਾਰੂ ਸੋਲਹੇ ਮਹਲਾ ੧, ਅੰਗ ੧੦੨੨)

ਅਥਵਾ :

ਜਿਤੁ ਦਿਹਾੜੇ ਧਨ ਵਰੀ ਸਾਹੇ ਲਏ ਲਿਖਾਇ॥
(ਸਲੋਕ ਨੰਬਰ ੧, ਸ਼ੇਖ ਫਰੀਦ ਜੀ, ਅੰਗ ੧੩੭੭)

ਇਸ ਲਈ ਸਰੀਰ-ਰੂਪੀ ਜਿੰਦ ਦਾ ਕੋਈ ਵਿਸਾਹ ਨਹੀਂ। ਪਤਾ ਨਹੀਂ ਜਮ ਨੇ ਕਦੋਂ ਗਲ ਵਿਚ ਫੰਦਾ ਆ ਪਾਉਣਾ ਹੈ। ਮੌਤ ਕਦੀ ਜੁਆਨੀ ਜਾਂ ਬੁਢੇਪਾ ਨਹੀਂ ਦੇਖਦੀ। ਮਨੁੱਖ ਕਿੰਨਾ ਵੀ ਗਿਆਨੀ-ਧਿਆਨੀ, ਸਿਆਣਾ ਜਾਂ ਚਤੁਰ ਕਿਉਂ ਨਾ ਹੋਵੇ, ਉਸਨੇ ਇਕ ਨਾ ਇਕ ਦਿਨ ਸਭ ਕੁਝ ਇੱਥੇ ਛੱਡ ਕੇ ਤੁਰ ਜਾਣਾ ਹੈ। ਰਾਗੁ ਗਉੜੀ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ :

ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ॥
ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥
ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥
ਗਿਆਨੀ ਧਿਆਨੀ ਚਤੁਰ ਪੇਖਿ ਰਹਨੁ ਨਹੀ ਇਹ ਠਾਇ॥
ਛਾਡਿ ਛਾਡਿ ਸਗਲ ਗਈ ਮੂੜ ਤਹ ਲਪਟਾਹਿ॥ *(ਅੰਗ ੨੫੪)*
ਗੁਰ ਪ੍ਰਸਾਦਿ ਸਿਮਰਤ ਰਹੈ ਜਾਹੂ ਮਸਤਕਿ ਭਾਗ॥
ਨਾਨਕ ਆਏ ਸਫਲ ਤੇ ਜਾ ਕਉ ਪ੍ਰਿਅਹਿ ਸੁਹਾਗ॥੧੯॥

"ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ" ਅਥਵਾ "ਮਲਕਲ ਮਉਤ ਜਾ ਆਵਸੀ ਸਭ ਦਰਵਾਜੇ ਭੰਨ" ਆਦਿ ਤੁਕਾਂ ਵਿਚ ਬਾਬਾ ਫਰੀਦ ਜੀ ਨੇ ਮੌਤ ਦੇ ਦ੍ਰਿਸ਼ ਨੂੰ ਕਿੰਨੇ ਸੁੰਦਰ ਢੰਗ ਨਾਲ ਦਰਸਾਇਆ ਹੈ ਪ੍ਰੰਤੂ ਅੰਤ ਵਿਚ ਆਪ ਜੀ ਨੇ ਇਹ ਕਹਿ ਕੇ ਇਸ ਗੱਲ ਦਾ ਨਿਸਤਾਰਾ ਕਰ ਦਿੱਤਾ ਹੈ ਕਿ ਜੀਵ ਦੇ ਸੰਸਾਰ ਵਿਚ ਕੀਤੇ ਅਮਲ ਭਾਵ ਕਰਮਾਂ ਉੱਪਰ ਹੀ ਦਰਗਾਹ ਵਿਚ ਨਿਬੇੜਾ ਹੋਣਾ ਹੈ :

ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥

(ਸਲੋਕ ਨੰਬਰ ੧੦੦, ਅੰਗ ੧੩੮੩)

ਜਦੋਂ ਜੀਵ ਨੂੰ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ ਕਿ ਮੋਹ-ਮਾਇਆ ਇਕ ਛਲਾਵਾ ਹੈ। ਜਿੰਦ ਵਹੁਟੀ ਨੂੰ ਇਕ ਦਿਨ ਮੌਤ-ਰੂਪੀ ਫਰਿਸ਼ਤੇ ਲਾੜੇ ਨੇ ਵਿਆਹ ਕੇ ਜ਼ਰੂਰ ਲੈ ਜਾਣਾ ਹੈ ਤਾਂ ਅਜਿਹਾ ਪ੍ਰਾਣੀ ਪਰਮਾਤਮਾ ਦੀ ਰਜ਼ਾ ਵਿਚ ਰਹਿ ਕੇ ਜੀਵਨ ਤੇ ਮੌਤ ਨੂੰ ਇਕ ਸਮਾਨ ਸਮਝਦਾ ਹੈ। ਉਸ ਨੂੰ ਫਿਰ ਦੁਨਿਆਵੀ ਪਦਾਰਥਾਂ ਦੀ ਲਾਲਸਾ ਨਹੀਂ ਰਹਿੰਦੀ। ਅਜਿਹੇ ਪ੍ਰਾਣੀ ਹੀ ਪ੍ਰਭੂ ਨੂੰ ਚੰਗੇ ਲੱਗਦੇ ਹਨ। ਰਾਗੁ ਮਾਰੂ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ :

ਗੁਰਮੁਖਿ ਹੋਵੈ ਸੁ ਸੁਖੁ ਕਮਾਏ ॥
ਮਰਣ ਜੀਵਣ ਕੀ ਸੋਝੀ ਪਾਏ ॥
ਮਰਣੁ ਜੀਵਣੁ ਜੋ ਸਮ ਕਰਿ ਜਾਣੈ ਸੋ ਮੇਰੇ ਪ੍ਰਭ ਭਾਇਦਾ ॥

(ਅੰਗ ੧੦੫੯)

ਤਾਹੀਂਉਂ ਤਾਂ ਭਗਤ ਕਬੀਰ ਜੀ ਨੂੰ ਮੌਤ ਤੋਂ ਕਿਸੇ ਪ੍ਰਕਾਰ ਦਾ ਡਰ ਨਹੀਂ। ਉਹ ਖੁਸ਼ੀ ਖੁਸ਼ੀ ਉਸ ਪਿਆਰੇ ਦੇ ਦਰ ਅਤੇ ਦੇਸ਼ ਜਾਣ ਲਈ ਲੋਚਦੇ ਹਨ :

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥

(ਸਲੋਕ ਨੰਬਰ ੬੧, ਅੰਗ ੧੩੬੭)

ਇਸ ਲਈ ਮੌਤ ਤੋਂ ਕਦੇ ਡਰਨਾ ਨਹੀਂ ਚਾਹੀਦਾ ਪਰ ਇਸ ਨੂੰ ਯਾਦ ਜ਼ਰੂਰ ਰੱਖਣਾ ਚਾਹੀਦਾ ਹੈ :

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥

(ਸਲੋਕ ਨੰਬਰ ੨੨, ਅੰਗ ੧੩੬੫)

ਪ੍ਰੰਤੂ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨਮੁਖ ਮੌਤ ਨੂੰ ਭੁਲਾ ਦਿੰਦੇ ਹਨ ਅਤੇ ਮਾਇਆ ਦੇ ਮੋਹ ਵਿਚ ਫਸ ਕੇ ਆਤਮਿਕ ਮੌਤ ਸਹੇੜ ਲੈਂਦੇ ਹਨ। ਫਿਰ ਉਹ ਜੰਮਣ-ਮਰਨ ਦੇ ਗੇੜ ਵਿਚ ਪੈ ਕੇ ਜਮਾਂ ਦੇ ਵੱਸ ਪੈ ਕੇ ਖੁਆਰ ਹੁੰਦੇ ਰਹਿੰਦੇ ਹਨ। ਗੁਰਵਾਕ ਹੈ :

ਮਰਣਾ ਮਨਹੁ ਵਿਸਾਰਿਆ ਮਾਇਆ ਮੋਹੁ ਗੁਬਾਰੁ ॥
ਮਨਮੁਖ ਮਰਿ ਮਰਿ ਜੰਮਹਿ ਭੀ ਮਰਹਿ ਜਮ ਦਰਿ ਹੋਹਿ ਖੁਆਰੁ ॥

(ਰਾਗੁ ਆਸਾ ਮਹਲਾ ੩, ਅੰਗ ੪੩੦)

ਰਾਗੁ ਬਿਹਾਗੜੇ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਦੀ ਪਹਿਲੀ ਤੁਕ ਵਿਚ ਆਪ ਜੀ ਪ੍ਰਸ਼ਨ ਕਰ ਰਹੇ ਹਨ ਕਿ ਪਤਾ ਨਹੀਂ ਕਿਸ ਤਰ੍ਹਾਂ ਮੌਤ ਆਵੇਗੀ ਭਾਵ ਕਿਵੇਂ ਮਰਾਂਗੇ ? ਫਿਰ ਅਗਲੀਆਂ ਤੁਕਾਂ ਵਿਚ ਆਪ ਹੀ ਇਸ ਪ੍ਰਸ਼ਨ ਦੇ ਉੱਤਰ ਦੇ ਰਹੇ ਹਨ ਕਿ ਜੋ ਪ੍ਰਾਣੀ ਪਰਮਾਤਮਾ ਨੂੰ ਸਦਾ ਯਾਦ ਰੱਖਦੇ ਹਨ ਉਨ੍ਹਾਂ ਨੂੰ ਮੌਤ ਬੜੀ ਸੁਖਾਲੀ ਹੁੰਦੀ ਹੈ ਭਾਵ ਉਹ ਮਰਨ ਵੇਲੇ ਕਿਸੇ ਪ੍ਰਕਾਰ ਦਾ ਦੁੱਖ ਜਾਂ ਕਸ਼ਟ ਮਹਿਸੂਸ ਨਹੀਂ ਕਰਦੇ। ਉਂਜ ਜਗਤ ਦੇ ਸਾਰੇ ਲੋਕ ਮੌਤ ਤੋਂ ਡਰਦੇ ਹਨ। ਕੋਈ ਵੀ ਮਰਨਾ ਨਹੀਂ ਚਾਹੁੰਦਾ। ਸਾਰੇ ਜੀਉਣਾ ਹੀ ਚਾਹੁੰਦੇ ਹਨ ਪ੍ਰੰਤੂ ਜੋ ਪ੍ਰਾਣੀ ਗੁਰੂ ਦੀ ਕਿਰਪਾ ਨਾਲ ਕਰਤੇ ਦੀ ਰਜ਼ਾ ਵਿਚ ਰਹਿੰਦੇ ਹੋਏ ਜੀਉਂਦਿਆਂ ਹੀ ਵਿਕਾਰਾਂ ਨੂੰ ਮਾਰ ਮੁਕਾਉਂਦੇ ਹਨ ਉਨ੍ਹਾਂ ਦਾ ਜੀਵਨ ਧੰਨਤਾ ਯੋਗ ਹੈ :

ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ ॥
ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ ॥
ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ ॥
ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥
ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ ॥ *(ਅੰਗ ੫੫੫)*

ਦਰਅਸਲ ਜੀਵ ਦੇ ਤਾਂ ਕੁਝ ਵੀ ਵੱਸ ਵਿਚ ਨਹੀਂ। ਉਹ ਤਾਂ ਪ੍ਰਭੂ ਦੇ ਹੁਕਮ ਵਿਚ ਹੀ ਸੰਸਾਰ ਤੇ ਆਉਂਦਾ ਹੈ। ਜਦੋਂ ਮਾਲਕ ਦਾ ਬੁਲਾਵਾ ਆਉਂਦਾ ਹੈ ਤਾਂ ਇੱਥੋਂ ਤੁਰ ਜਾਂਦਾ ਹੈ। ਗੁਰਵਾਕ ਹੈ :

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥
(ਸਲੋਕ ਮਹਲਾ ੨, ਰਾਗੁ ਸਾਰਗ ਕੀ ਵਾਰ ਮਹਲਾ ੪, ਅੰਗ ੧੨੩੯)

ਬਾਣੀ ਅਲਾਹਣੀਆਂ ਵਿਚ ਵੀ ਗੁਰੂ ਨਾਨਕ ਦੇਵ ਜੀ ਇਹੋ ਸੇਧ ਦੇ ਰਹੇ ਹਨ :

ਜਿਸਕਾ ਕੀਆ ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ ॥
(ਰਾਗੁ ਵਡਹੰਸੁ, ਅੰਗ ੫੭੯)

ਰਾਗੁ ਸਾਰਗ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸ਼ਲੋਕ ਅੰਕਤ ਹੈ ਜਿਸ ਵਿਚ ਆਪ ਜੀ ਦਾ ਫ਼ਰਮਾਨ ਹੈ ਕਿ ਇਹ ਵਸਤ (ਜਿੰਦ) ਉਸ ਪ੍ਰਭੂ ਦੀ ਹੀ ਦਿੱਤੀ ਹੋਈ ਹੈ। ਜਦੋਂ ਉਸਦਾ ਦਿਲ ਚਾਹੁੰਦਾ ਹੈ ਆਪਣੀ ਵਸਤ ਵਾਪਸ ਲੈ ਲੈਂਦਾ ਹੈ। ਤਾਂ ਫਿਰ ਕਿਸੇ ਤੇ ਗਿਲਾ-ਸ਼ਿਕਵਾ ਨਹੀਂ ਕੀਤਾ ਜਾ ਸਕਦਾ :

ਜਿਸ ਕੀ ਵਸਤੁ ਸੋਈ ਲੈ ਜਾਇਗਾ ਰੋਸੁ ਕਿਸੈ ਸਿਉ ਕੀਜੈ ॥
(ਅੰਗ ੧੨੪੯)

ਗੁਰੂ ਨਾਨਕ ਦੇਵ ਜੀ ਤਾਂ ਜਗਤ ਨੂੰ ਇਕ ਖੇਡ ਕਰਕੇ ਦਰਸਾਉਂਦੇ ਹਨ ਜੋ ਬਣਦੀ ਢਹਿੰਦੀ ਰਹਿੰਦੀ ਹੈ। ਇਸ ਲਈ ਕਿਸੇ ਦੇ ਮਰਨ ਤੇ ਰੋਣਾ-ਧੋਣਾ ਨਹੀਂ ਚਾਹੀਦਾ :

ਪਉੜੀ (1100) **ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥**
(ਰਾਗੁ ਵਡਹੰਸੁ ਮਹਲਾ ੧, ਅਲਾਹਣੀਆ, ਅੰਗ ੫੮੦)

ਧਰਤਿ ਆਕਾਸੁ ਪਾਤਾਲੁ ਹੈ, ਚੰਦੁ ਸੂਰੁ ਬਿਨਾਸੀ ॥ ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ ॥ ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ ॥ ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ ॥ ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥ ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ ॥ ਲਖ ਚਉਰਾਸੀਹ ਮੇਦਨੀ, ਸਭ ਆਵੈ ਜਾਸੀ ॥ ਨਿਹਚਲੁ ਸਚੁ ਖੁਦਾਇ ਏਕੁ, ਖੁਦਾਇ ਬੰਦਾ ਅਬਿਨਾਸੀ ॥੧੭॥ ਪਉੜੀ (ਡਖਣੇ ਮ: ੫ ਮਾਰੂ ਰਾਗ) (1100)

ਕਾਮ

ਪਰਮਾਤਮਾ ਨਾਲੋਂ ਵਿਛੜ ਕੇ ਮਨੁੱਖ ਦੀ ਡਾਵਾਂ-ਡੋਲ ਵਾਲੀ ਸਥਿਤੀ ਬਣੀ ਰਹਿੰਦੀ ਹੈ। ਇਸਦਾ ਪਰਮਾਤਮਾ ਨਾਲੋਂ ਵਿਛੜਣ ਦਾ ਮੂਲ ਕਾਰਨ ਵਿਸ਼ੇ-ਵਿਕਾਰ ਹਨ ਜੋ ਇਸ ਨੂੰ ਪਰਮਾਤਮਾ ਦੇ ਨਾਮ ਨਾਲ ਜੁੜਨ ਨਹੀਂ ਦਿੰਦੇ। ਫਲਸਰੂਪ ਜੀਵ ਆਪਣੇ ਜੀਵਨ ਉਦੇਸ਼ ਨੂੰ ਭੁੱਲ ਕੇ ਵਿਕਾਰਾਂ ਦੀ ਦਲ ਦਲ ਵਿਚ ਧਸ ਜਾਂਦਾ ਹੈ। ਇਨ੍ਹਾਂ ਪੰਜਾਂ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿਚੋਂ ਕਾਮ ਬੜਾ ਸ਼ਕਤੀਸ਼ਾਲੀ ਵਿਕਾਰ ਕਰਕੇ ਜਾਣਿਆ ਜਾਂਦਾ ਹੈ। ਇਸਦੀ ਮਾਰ ਤੋਂ ਬਚਣਾ ਮਨੁੱਖ ਲਈ ਬੜਾ ਅਸੰਭਵ ਹੈ। ਕ੍ਰੋੜਾਂ ਮਨੁੱਖਾਂ ਵਿਚੋਂ ਕੋਈ ਵਿਰਲਾ ਪ੍ਰਾਣੀ ਹੀ ਹੋਵੇਗਾ ਜਿਸਨੇ ਕਾਮ ਵਾਸ਼ਨਾ 'ਤੇ ਕਾਬੂ ਪਾ ਕੇ ਇਨ੍ਹਾਂ ਪੰਜਾਂ ਵਿਕਾਰਾਂ ਨੂੰ ਮਾਰ ਮੁਕਾਇਆ ਹੋਵੇ। ਗੁਰਵਾਕ ਹੈ :

ਇੰਦ੍ਰੀ ਜਿਤ ਪੰਚ ਦੋਖ ਤੇ ਰਹਤ॥
ਨਾਨਕ ਕੋਟਿ ਮਧੇ ਕੋ ਐਸਾ ਅਪਰਸ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੭੪)

ਇਹ ਕਾਮ ਵਾਸ਼ਨਾ ਮਨੁੱਖੀ ਮਨ ਨੂੰ ਕਾਬੂ ਵਿਚ ਰਹਿਣ ਨਹੀਂ ਦਿੰਦੀ। ਇਥੋਂ ਤੱਕ ਕਿ ਜੋਗੀ, ਸੰਨਿਆਸੀ ਆਦਿ ਜੋ ਆਪਣੇ ਆਪ ਨੂੰ ਮਾਇਆ ਤੋਂ ਨਿਰਲੇਪ ਦੱਸਦੇ ਹਨ ਉਹ ਵੀ ਕਾਮ ਵਾਸ਼ਨਾ ਦੀ ਮਾਰ ਤੋਂ ਬਚ ਨਹੀਂ ਸਕੇ। ਰਾਗੁ ਬਸੰਤੁ ਵਿਚ ਗੁਰੂ ਤੇਗ ਬਹਾਦਰ ਜੀ ਦੇ ਬਚਨ ਹਨ :

ਪਾਪੀ ਹੀਐ ਮੈ ਕਾਮੁ ਬਸਾਇ॥
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥
ਜੋਗੀ ਜੰਗਮ ਅਰੁ ਸੰਨਿਆਸ॥
ਸਭ ਹੀ ਪਰਿ ਡਾਰੀ ਇਹ ਫਾਸ॥ *(ਅੰਗ ੧੧੮੬)*

ਆਪ ਜੀ ਰਾਗੁ ਸੋਰਠਿ ਵਿਚ ਪ੍ਰਾਣੀ ਨੂੰ ਸੁਚੇਤ ਕਰਦੇ ਹੋਏ ਫ਼ਰਮਾ ਰਹੇ ਹਨ ਕਿ ਪਰਾਈ ਇਸਤ੍ਰੀ ਨੂੰ ਬੁਰੀ ਨਜ਼ਰ ਨਾਲ ਤੱਕਣ ਦੀ ਭੈੜੀ ਮੱਤ ਤੂੰ ਕਿਥੋਂ ਲੈ ਲਈ ਹੈ। ਵਾਹਿਗੁਰੂ ਨੂੰ ਯਾਦ ਕਰਨ ਦੀ ਬਜਾਏ ਤੂੰ ਭੋਗਾਂ ਦੇ ਰਸ ਅਤੇ ਦੂਜਿਆਂ ਦੀ ਨਿੰਦਿਆਂ ਕਰਨ ਵਿਚ ਫਸਿਆ ਹੋਇਆ ਹੈਂ :

ਮਨ ਰੇ ਕਉਨੁ ਕੁਮਤਿ ਤੈ ਲੀਨੀ॥
ਪਰ ਦਾਰਾ ਨਿੰਦਿਆ ਰਸਿ ਰਚਿਓ
ਰਾਮ ਭਗਤਿ ਨਹਿ ਕੀਨੀ॥ *(ਅੰਗ ੬੩੧)*

ਜੋ ਮਨੁੱਖ ਕਾਮ ਵਾਸ਼ਨਾ ਵਿਚ ਗ੍ਰਸਿਆ ਰਹਿੰਦਾ ਹੈ ਉਸਨੂੰ ਕਿਧਰੇ ਟਿਕਾਉ ਨਹੀਂ ਮਿਲਦਾ ਉਸਨੂੰ ਹਰ ਵੇਲੇ ਭਟਕਣਾ ਲੱਗੀ ਰਹਿੰਦੀ ਹੈ। ਜਿਸ ਪ੍ਰਾਣੀ ਨੂੰ ਹਰ ਵੇਲੇ ਕਾਮ ਸਤਾਉਂਦਾ ਰਹੇ ਅਜਿਹੇ ਵਿਅਕਤੀ ਦੀ ਬਿਰਤੀ ਪਰਮਾਤਮਾ ਦੇ ਨਾਮ ਵਿਚ ਕਦੀ ਜੁੜ

ਨਹੀਂ ਸਕਦੀ :

ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ॥
ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ॥

(ਰਾਗੁ ਵਡਹੰਸੁ ਮਹਲਾ ੩, ਅੰਗ ੫੬੫)

ਕਾਮੀ ਲੁਕ-ਛਿਪ ਕੇ ਪਰਾਈਆਂ ਇਸਤ੍ਰੀਆਂ ਨਾਲ ਕੁਕਰਮ ਕਰਦਾ ਹੈ। ਉਹ ਸਮਝਦਾ ਹੈ ਕਿ ਉਸਨੂੰ ਕੋਈ ਦੇਖ ਨਹੀਂ ਰਿਹਾ। ਅਜਿਹੇ ਮੂਰਖ ਨੂੰ ਇਸ ਗੱਲ ਦੀ ਸੋਝੀ ਨਹੀਂ ਕਿ ਉਸਦੇ ਹਰ ਕਰਮ ਨੂੰ ਵਾਹਿਗੁਰੂ ਦੇਖ ਰਿਹਾ ਹੈ। ਉਸ ਪਾਸੋਂ ਕੋਈ ਗੱਲ ਛੁਪਾਈ ਨਹੀਂ ਜਾ ਸਕਦੀ। ਅੰਤ ਵੇਲੇ ਕੀਤੇ ਇਨ੍ਹਾਂ ਕੁਕਰਮਾਂ ਦਾ ਹਿਸਾਬ ਦੇਣਾ ਪੈਣਾ ਹੈ। ਉਸ ਵੇਲੇ ਮਨੁੱਖ ਵਲੋਂ ਕੀਤੇ ਕੁਕਰਮਾਂ ਤੇ ਪੜਦਾ ਪਾਇਆ ਨਹੀਂ ਜਾ ਸਕਦਾ ਅਤੇ ਨਾ ਹੀ ਉਸ ਨੂੰ ਕੋਈ ਬਚਾ ਸਕਦਾ ਹੈ। ਇਸ ਪ੍ਰਥਾਇ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ :

ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ॥
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ॥

(ਰਾਗੁ ਸੋਰਠਿ, ਅੰਗ ੬੧੬)

ਗਉੜੀ ਕੀ ਵਾਰ ਵਿਚ ਗੁਰੂ ਰਾਮਦਾਸ ਜੀ ਦਾ ਫ਼ਰਮਾਨ ਹੈ :

ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥

(ਅੰਗ ੩੧੫)

ਫਿਰ ਅਜਿਹੇ ਕੁਕਰਮ ਕਰਨ ਵਾਲੇ ਪ੍ਰਾਣੀ ਦਾ ਕੀ ਹਾਲ ਹੁੰਦਾ ਹੈ :

ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥ *(ਅੰਗ ੩੧੫)*

ਜਦੋਂ ਅਸੀਂ ਬੁਰੇ ਜਾਂ ਆਚਰਣਹੀਣ ਕੰਮ ਕਰਦੇ ਹਾਂ ਤਾਂ ਉਸਦਾ ਪ੍ਰਭਾਵ ਮਨ ਤੇ ਨਿਸ਼ਚੇ ਹੀ ਪੈਂਦਾ ਹੈ। ਇਸੇ ਪ੍ਰਕਾਰ ਕਾਮੀ ਨੂੰ ਭੋਗੇ ਵਿਸ਼ੇ-ਵਿਕਾਰਾਂ 'ਤੇ ਪਛਤਾਵਾ ਹੁੰਦਾ ਹੈ। ਸਿੱਟੇ ਵਜੋਂ ਉਸਦਾ ਜੀਵਨ ਕਾਮ-ਵਾਸ਼ਨਾ ਤੇ ਪਛਤਾਵਿਆਂ ਵਿਚ ਫਸ ਕੇ ਸੁੱਕਦਾ ਜਾਂਦਾ ਹੈ ਭਾਵ ਉਸਦੇ ਜੀਵਨ ਵਿਚ ਖਿੜਾਓ ਨਹੀਂ ਆਉਂਦਾ :

ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ॥
ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ॥

(ਰਾਗੁ ਧਨਾਸਰੀ ਮਹਲਾ ੫, ਅੰਗ ੬੭੨)

ਰਾਗੁ ਗਉੜੀ ਵਿਚ ਭਗਤ ਕਬੀਰ ਜੀ ਹਾਥੀ ਦੀ ਉਦਾਹਰਨ ਦੇ ਕੇ ਕਾਮੀ ਮਨੁੱਖ ਨੂੰ ਸੇਧ ਦੇ ਰਹੇ ਹਨ ਕਿ ਕਾਮ-ਵਾਸ਼ਨਾ ਵੱਸ ਹਾਥੀ ਕਿਸ ਤਰ੍ਹਾਂ ਸ਼ਿਕਾਰੀ ਦੇ ਜਾਲ ਵਿਚ ਫਸ ਜਾਂਦਾ ਹੈ। ਹਾਥੀ ਨੂੰ ਫੜਣ ਲਈ ਸ਼ਿਕਾਰੀ ਇਕ ਵੱਡਾ ਟੋਆ ਪੁੱਟ ਕੇ ਉਸਨੂੰ ਘਾਹ-ਫੂਸ ਨਾਲ ਭਰ ਦਿੰਦਾ ਹੈ। ਫਿਰ ਕਲਬੂਤ ਦੀ ਹੱਥਣੀ ਬਣਾ ਕੇ ਉਸ ਤੇ ਖੜ੍ਹੀ ਕਰ ਦਿੰਦਾ ਹੈ। ਕਾਮ ਵਸ ਹਾਥੀ ਜਦੋਂ ਹੱਥਣੀ ਦੇ ਕਲਬੂਤ ਵੱਲ ਵਧਦਾ ਹੈ ਤਾਂ ਟੋਏ ਵਿਚ ਗਿਰ ਜਾਂਦਾ ਹੈ ਅਤੇ ਸ਼ਿਕਾਰੀ ਉਸ ਨੂੰ ਫੜਨ ਵਿਚ ਸਫ਼ਲ ਹੋ ਜਾਂਦਾ ਹੈ। ਇੰਜ ਹਾਥੀ ਨੂੰ ਬਾਅਦ ਵਿਚ ਮਹਾਵਤ ਦੇ ਅੰਕਸ ਦੀ ਸੱਟ ਨੂੰ ਸਹਾਰਨਾ ਪੈਂਦਾ ਹੈ। ਅੰਕਸ ਲੋਹੇ ਦੀ ਸੀਖ ਨੂੰ ਕਹਿੰਦੇ ਹਨ ਜੋ ਹਾਥੀ ਨੂੰ ਆਪਣੀ ਮਰਜ਼ੀ ਮੁਤਾਬਕ ਤੋਰਨ ਲਈ ਮਹਾਵਤ ਹਾਥੀ ਦੀ ਧੌਣ ਤੇ ਮਾਰਦਾ ਹੈ :

ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ॥
ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ ਸੀਸ॥

(ਅੰਗ ੩੩੫-੩੬)

ਇਸੇ ਪ੍ਰਸੰਗ ਵਿਚ ਗੁਰੂ ਅਰਜਨ ਦੇਵ ਜੀ ਦੇ ਰਾਗੁ ਧਨਾਸਰੀ ਵਿਚ ਬਚਨ ਹਨ :

ਕਾਮ ਹੇਤਿ ਕੁੰਚਰੁ ਲੈ ਫਾਂਕਿਓ ਓਹੁ ਪਰ ਵਸਿ ਭਇਓ ਬਿਚਾਰਾ॥

(ਅੰਗ ੬੭੧)

ਭਾਵ ਕਾਮ ਵਾਸ਼ਨਾ ਕਾਰਨ ਹਾਥੀ ਫੜਿਆ ਗਿਆ ਅਤੇ ਉਹ ਵਿਚਾਰਾ ਪਰ-ਅਧੀਨ ਹੋ ਗਿਆ। ਦੂਜਿਆਂ ਦੇ ਵੱਸ ਪੈ ਗਿਆ।

ਗੁਰੂ ਨਾਨਕ ਦੇਵ ਜੀ ਨੇ ਕਾਮੀ ਮਨੁੱਖ ਦੀ ਤੁਲਨਾ ਪਸ਼ੂਆਂ ਨਾਲ ਕੀਤੀ ਹੈ। ਆਪ ਜੀ ਦਾ ਕਥਨ ਹੈ ਕਿ ਜਿਹੜਾ ਮਨੁੱਖ ਇੰਦ੍ਰੀ ਅਤੇ ਜੀਭ ਦੇ ਚਸਕਿਆਂ ਵਿਚ ਫਸਿਆ ਰਹਿੰਦਾ ਹੈ ਉਹ ਪਸ਼ੂ ਦੀ ਨਿਆਈਂ ਹੈ। ਦੇਖਣ ਨੂੰ ਤਾਂ ਭਾਵੇਂ ਉਹ ਮਨੁੱਖ ਜਾਪਦਾ ਹੈ ਅਸਲ ਵਿਚ ਉਹ ਮਨੁੱਖ ਦੇ ਜਾਮੇ ਵਿਚ ਪਸ਼ੂ ਹੈ :

ਜਿਹਵਾ ਇੰਦ੍ਰੀ ਸਾਦਿ ਲੋਭਾਨਾ॥
ਪਸੂ ਭਏ ਨਹੀ ਮਿਟੈ ਨੀਸਾਨਾ॥

(ਰਾਗੁ ਰਾਮਕਲੀ, ਅੰਗ ੯੦੩)

ਕਾਮੀ ਮਨੁੱਖ ਦੀ ਸਮਾਜ ਵਿਚ ਜਿੱਥੇ ਕੋਈ ਕਦਰ ਜਾਂ ਇੱਜ਼ਤ ਨਹੀਂ ਕਰਦਾ, ਹਰ ਕੋਈ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ ਉੱਥੇ ਵਿਸ਼ੇ-ਵਿਕਾਰ ਮਨੁੱਖ ਦੇ ਸਰੀਰ ਨੂੰ ਨਿਰਬਲ ਕਰ ਦਿੰਦੇ ਹਨ। ਰਾਗੁ ਰਾਮਕਲੀ ਵਿਚ ਹੀ ਆਪ ਜੀ ਦੇ ਬਚਨ ਹਨ :

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥ *(ਅੰਗ ੯੩੨)*

ਪ੍ਰੰਤੂ ਜਿਨ੍ਹਾਂ ਨੇ ਆਪਣੇ ਮਨ ਤੇ ਕਾਬੂ ਪਾ ਕੇ ਵਿਸ਼ੇ-ਵਿਕਾਰਾਂ ਨੂੰ ਤਿਆਗ ਕੇ ਪਰਾਏ ਧਨ ਜਾਂ ਪਰਾਈ ਇਸਤ੍ਰੀ ਵੱਲ ਕਦੀ ਬੁਰੇ ਇਰਾਦੇ ਨਾਲ ਨਹੀਂ ਤੱਕਿਆ, ਵਾਹਿਗੁਰੂ ਅਜਿਹੇ ਮਨੁੱਖਾਂ ਦੇ ਅੰਗ-ਸੰਗ ਰਹਿੰਦਾ ਹੈ। ਭਗਤ ਨਾਮਦੇਵ ਜੀ ਦਾ ਰਾਗੁ ਭੈਰਉ ਵਿਚ ਕਥਨ ਹੈ :

ਪਰ ਧਨ ਪਰ ਦਾਰਾ ਪਰਹਰੀ॥
ਤਾ ਕੈ ਨਿਕਟਿ ਬਸੈ ਨਰਹਰੀ॥ *(ਅੰਗ ੧੧੬੩)*

ਰਾਗੁ ਮਲਾਰ ਵਿਚ ਗੁਰੂ ਨਾਨਕ ਦੇਵ ਜੀ ਦੇ ਬੜੇ ਸੁੰਦਰ ਬਚਨ ਹਨ ਕਿ ਜੋ ਪ੍ਰਾਣੀ ਗੁਰੂ ਦੇ ਸ਼ਬਦ ਨਾਲ ਜੁੜ ਕੇ ਨਾਮ-ਰਸ ਪੀਂਦੇ ਹਨ ਉਨ੍ਹਾਂ ਦੇ ਮਨਾਂ ਅੰਦਰੋਂ ਪਰਾਈ ਇਸਤ੍ਰੀ ਦਾ ਸੰਗ ਜਾਂ ਪਰਾਏ ਧਨ-ਦੌਲਤ ਦੀ ਇੱਛਾ ਨਹੀਂ ਰਹਿੰਦੀ। ਹਉਮੈ, ਮੰਦੇ-ਕੰਮ, ਪਰਾਈ ਨਿੰਦਿਆ, ਕਾਮ-ਵਾਸ਼ਨਾ ਅਤੇ ਚੰਡਾਲ ਕ੍ਰੋਧ ਭਾਵ ਉਹ ਸਾਰੇ ਵਿਕਾਰਾਂ ਨੂੰ ਤਿਆਗ ਦਿੰਦੇ ਹਨ :

ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ॥
ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ॥

(ਅੰਗ ੧੨੫੫)

ਅਥਵਾ :

ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ ਕਠਿਨ ਪੀਰ ਅਤਿ ਭਾਰੀ॥
ਗੁਰਮੁਖਿ ਰਾਮ ਜਪਹੁ ਰਸੁ ਰਸਨਾ ਇਨ ਬਿਧਿ ਤਰੁ ਤੂ ਤਾਰੀ॥

(ਰਾਗੁ ਭੈਰਉ ਮਹਲਾ ੧, ਅੰਗ ੧੧੨੬)

ਗੁਰੂ ਅਰਜਨ ਦੇਵ ਜੀ ਨੇ ਸਲੋਕ ਸਹਸਕ੍ਰਿਤੀ ਵਿਚ ਪ੍ਰਾਣੀ ਨੂੰ ਸੁਚੇਤ ਕੀਤਾ ਹੈ ਕਿ ਕਾਮ-ਵਾਸ਼ਨਾ ਵਸ ਪ੍ਰਾਣੀ ਨਰਕਾਂ ਦੇ ਭਾਗੀ ਬਣਦੇ ਹਨ ਅਤੇ ਜੂਨਾਂ ਵਿਚ ਭਟਕਦੇ ਫਿਰਦੇ ਰਹਿੰਦੇ ਹਨ ਭਾਵ ਆਵਾਗਵਣ ਦੇ ਚੱਕਰ ਵਿਚ ਪਏ ਰਹਿੰਦੇ ਹਨ। ਕਾਮ ਜੀਵਾਂ ਨੂੰ ਭਰਮਾ ਲੈਂਦਾ ਹੈ। ਹਰ ਥਾਂ ਇਸਦਾ ਬੋਲ-ਬਾਲਾ ਹੈ—ਸਾਰੇ ਇਸ ਦੀ ਪਹੁੰਚ ਵਿਚ ਹਨ। ਥੋੜ੍ਹਾ ਚਿਰ ਸੁਖ ਦੇਣ ਵਾਲਾ ਇਹ ਵਿਕਾਰ ਐਨਾ ਸ਼ਕਤੀਸ਼ਾਲੀ ਹੈ ਕਿ ਇਹ ਮਨੁੱਖ ਦੇ ਜਪ, ਤਪ ਅਤੇ ਸ਼ੁਭ ਆਚਰਣਾਂ ਦਾ ਨਾਸ ਕਰ ਦਿੰਦਾ ਹੈ। ਇਹ ਛੋਟੇ ਵੱਡੇ ਦਾ ਲਿਹਾਜ਼ ਵੀ ਨਹੀਂ ਕਰਦਾ ਭਾਵ ਸਭ ਨੂੰ ਇਸਨੇ ਆਪਣੇ ਵਸ ਕੀਤਾ ਹੋਇਆ ਹੈ :

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥
ਚਿਤ ਹਰਣੰ ਤ੍ਰੈ ਲੋਕ ਗੰਮ੍ਯੰ ਜਪ ਤਪ ਸੀਲ ਬਿਦਾਰਣਹ ॥
ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ॥

(ਸਲੋਕ ਨੰਬਰ ੪੬, ਅੰਗ ੧੩੫੮)

ਬਿਸ੍ਰਾਮੰ ਤੋਂ ਅਰਥ ਵਾਸਾ ਹੁੰਦਾ ਹੈ। ਚਿਤ ਹਰਣੰ—ਮਨ ਨੂੰ ਭਰਮਾ ਲੈਣ ਵਾਲਾ। ਗੰਮ੍ਯੰ—ਪਹੁੰਚ ਵਿਚ। ਬਿਦਾਰਣਹ ਭਾਵ ਨਾਸ਼ ਕਰ ਦਿੰਦਾ ਹੈ। ਸੀਲ ਕਹਿੰਦੇ ਹਨ ਸ਼ੁੱਭ ਆਚਰਣ ਨੂੰ। ਅਲਪ—ਥੋੜ੍ਹਾ।

ਪ੍ਰੰਤੂ ਇਸ ਤੋਂ ਇਹ ਭਾਵ ਨਹੀਂ ਕਿ ਕਾਮ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਗੁਰੂ ਦੇਵ ਸਲੋਕ ਦੀ ਅੰਤਲੀ ਤੁਕ ਵਿਚ ਸੇਧ ਦੇ ਰਹੇ ਹਨ ਕਿ ਸਤਿ ਸੰਗਤ ਕੀਤਿਆਂ ਅਤੇ ਵਾਹਿਗੁਰੂ ਦਾ ਓਟ ਆਸਰਾ ਲਿਆਂ ਕਾਮ ਤੋਂ ਮੁਕਤੀ ਪਾਈ ਜਾ ਸਕਦੀ ਹੈ :

ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ॥

(ਅੰਗ ੧੩੫੮)

ਅਥਵਾ :

ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ॥
ਕਾਮਿ ਕਰੋਧਿ ਜਲੈ ਸਭੁ ਕੋਈ॥
ਸਤਿਗੁਰ ਸੇਵੇ ਮਨੁ ਵਸਿ ਆਵੈ
ਮਨ ਮਾਰੇ ਮਨਹਿ ਸਮਾਇਦਾ॥

(ਰਾਗੁ ਮਾਰੂ ਸੋਲਹੇ ਮਹਲਾ ੩, ਅੰਗ ੧੦੬੨)

ਭਾਵ ਸੱਚੇ ਗੁਰੂ ਦੇ ਦਰਸਾਏ ਮਾਰਗ ਤੇ ਚੱਲਣ ਸਦਕਾ ਮਨ ਤੇ ਕਾਬੂ ਪਾ ਕੇ ਕਾਮ ਵਰਗੇ ਵਿਕਾਰ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

81

ਕ੍ਰੋਧ

ਹਿੰਦ ਦੀ ਚਾਦਰ, ਗੁਰੂ ਤੇਗ਼ ਬਹਾਦਰ ਜੀ ਦੇ ਰਾਗੁ ਗਉੜੀ ਵਿਚ ਬਚਨ ਹਨ ਕਿ ਕ੍ਰੋਧ ਜਿਹੇ ਵਿਕਾਰ ਤੇ ਕਾਬੂ ਪਾਉਣਾ ਬੜਾ ਕਠਿਨ ਹੈ। ਇਹ ਮਨੁੱਖ ਦੀ ਸਾਰੀ ਸੁੱਧ-ਬੁੱਧ ਭੁਲਾ ਦਿੰਦਾ ਹੈ। ਗਿਆਨ ਜਾਂ ਸੂਝ-ਬੂਝ ਇਸ ਅੱਗੇ ਟਿਕ ਨਹੀਂ ਸਕਦੇ ਭਾਵ ਇਸ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ :

ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ॥
ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ॥

(ਅੰਗ ੨੧੯)

ਮਨੁੱਖ ਦੇ ਪੰਜ ਵੈਰੀ ਹਨ ਜੋ ਪੰਜ ਵਿਕਾਰ ਕਰਕੇ ਜਾਣੇ ਜਾਂਦੇ ਹਨ—ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ। ਕ੍ਰੋਧ ਇਕ ਅਜਿਹਾ ਵਿਕਾਰ ਹੈ ਜੋ ਮਨੁੱਖ ਦੇ ਮਾਨਸਿਕ ਸੰਤੁਲਨ ਨੂੰ ਵਿਗਾੜ ਦਿੰਦਾ ਹੈ। ਅਜਿਹਾ ਪ੍ਰਾਣੀ ਨਿਰਦਈ ਅਤੇ ਆਪ ਹੁਦਰਾ ਹੁੰਦਾ ਹੈ। ਉਸ ਅੰਦਰ ਵਿਨਾਸ਼ਕਾਰੀ ਰੁਚੀਆਂ ਸੁਭਾਵਿਕ ਹੀ ਪ੍ਰਵੇਸ਼ ਕਰ ਚੁੱਕੀਆਂ ਹੁੰਦੀਆਂ ਹਨ। ਪਤਾ ਨਹੀਂ ਕਿ ਉਹ ਕਿਸ ਵੇਲੇ ਕਿਸ ਦੇ ਗਲ ਪੈ ਜਾਵੇ। ਕਦੋਂ ਕਿਸੇ ਦੀ ਪਗੜੀ ਉਛਾਲ ਦੇਵੇ ਜਾਂ ਕਦੋਂ ਕਿਸੇ ਦੀ ਬੇਇੱਜ਼ਤੀ ਜਾਂ ਅਪਮਾਨ ਕਰ ਦੇਵੇ। ਇਤਿਹਾਸ ਗਵਾਹ ਹੈ ਕਿ ਬਹੁਤ ਸਾਰੀਆਂ ਲੜਾਈਆਂ ਅਤੇ ਝਗੜਿਆਂ ਦੀ ਜੜ੍ਹ ਕ੍ਰੋਧ ਹੀ ਸੀ। ਗਲੀਆਂ, ਬਾਜ਼ਾਰਾਂ ਅਤੇ ਸੜਕਾਂ ਤੇ ਨਿੱਤ ਹੁੰਦੇ ਝਗੜੇ ਅਤੇ ਕੀਤੀ ਸਾੜ-ਫੂਕ ਬਹੁਤਾ ਕਰਕੇ ਮਨੁੱਖ ਵਿਚ ਕ੍ਰੋਧ ਬਿਰਤੀ ਦੇ ਕਾਰਨ ਹੀ ਹੁੰਦੇ ਹਨ। ਕਈ ਵਾਰੀ ਤਾਂ ਪੰਜ ਦਸ ਰੁਪਏ ਦੇ ਕਾਰਨ ਗੁੱਸੇ ਵਿਚ ਆ ਕੇ ਇਕ ਮਨੁੱਖ ਦੂਜੇ ਦਾ ਕਤਲ ਕਰ ਦਿੰਦਾ ਹੈ। ਇਸ ਲਈ ਕ੍ਰੋਧ ਬੜਾ ਭਿਆਨਕ ਵਿਕਾਰ ਹੈ। ਇਸ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ, ਥੋੜ੍ਹੀ ਹੈ। ਸਿਰੀ ਰਾਗੁ ਵਿਚ ਗੁਰੂ ਰਾਮਦਾਸ ਜੀ ਕ੍ਰੋਧ ਨੂੰ ਚੰਡਾਲ ਕਹਿੰਦੇ ਹਨ ਅਤੇ ਫ਼ਰਮਾ ਰਹੇ ਹਨ ਕਿ ਅਜਿਹੇ ਮਨੁੱਖ ਦੀ ਸੰਗਤ ਤਾਂ ਕੀ ਕਰਨੀ ਹੈ ਉਸ ਦੇ ਨੇੜੇ ਵੀ ਜਾਣਾ ਨਹੀਂ ਚਾਹੀਦਾ :

ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥

(ਅੰਗ ੪੦)

ਅਥਵਾ :

ਕਾਮ ਕ੍ਰੋਧੁ ਸੰਗਤਿ ਦੁਰਜਨ ਕੀ
ਤਾ ਤੇ ਅਹਿਨਿਸਿ ਭਾਗਉ॥ *(ਰਾਗੁ ਗਉੜੀ ਮਹਲਾ ੯, ਅੰਗ ੨੧੯)*

ਭਾਵ ਕਾਮੀ ਅਤੇ ਕ੍ਰੋਧੀ ਮਨੁੱਖ ਦੀ ਸੰਗਤ ਤੋਂ ਸਦਾ ਦੂਰ ਰਹਿਣਾ ਚਾਹੀਦਾ ਹੈ। ਜੇਕਰ ਮਨ ਵਿਚ ਕ੍ਰੋਧ ਅਤੇ ਅਹੰਕਾਰ ਟਿਕਿਆ ਹੋਇਆ ਹੈ ਤਾਂ ਪ੍ਰਾਣੀ ਕਿੰਨੇ ਪਿਆ ਕਰਮ-ਕਾਂਡ ਅਤੇ ਧਾਰਮਿਕ ਕੰਮ ਕਿਉਂ ਨਾ ਕਰਦਾ ਰਹੇ, ਇਹ ਸਭ ਨਿਹਫਲ ਹਨ।

ਇਨ੍ਹਾਂ ਵਿਕਾਰਾਂ ਦੇ ਹੁੰਦਿਆਂ ਮਨ ਦੀ ਮੈਲ ਕਦੀ ਧੁਪਦੀ ਨਹੀਂ। ਗੁਰਵਾਕ ਹੈ :

ਮਨ ਮਹਿ ਕ੍ਰੋਧੁ ਮਹਾ ਅਹੰਕਾਰਾ॥
ਪੂਜਾ ਕਰਹਿ ਬਹੁਤੁ ਬਿਸਥਾਰਾ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ॥
ਅੰਤਰ ਕੀ ਮਲੁ ਕਬ ਹੀ ਨ ਜਾਏ॥

(ਰਾਗੁ ਪ੍ਰਭਾਤੀ ਮਹਲਾ ੫, ਅੰਗ ੧੩੪੮)

ਕ੍ਰੋਧ ਵਿਚ ਗ੍ਰਸੇ ਹੋਏ ਵਿਕਾਰੀਆਂ ਦਾ ਆਤਮਿਕ ਜੀਵਨ ਤਬਾਹ ਹੋ ਜਾਂਦਾ ਹੈ। ਨਾਮ ਤੋਂ ਸੱਖਣੇ ਰਹਿ ਜਾਣ ਕਾਰਨ ਆਪਣੀ ਇੱਜ਼ਤ (ਪਤਿ) ਅਤੇ ਅਕਲ (ਮਤਿ) ਗੁਆ ਲੈਂਦੇ ਹਨ :

ਕ੍ਰੋਧੁ ਬਿਨਾਸੈ ਸਗਲ ਵਿਕਾਰੀ॥
ਪਤਿ ਮਤਿ ਖੋਵਹਿ ਨਾਮੁ ਵਿਸਾਰੀ॥

(ਰਾਗੁ ਗਉੜੀ ਮਹਲਾ ੧, ਅੰਗ ੨੨੫)

ਕ੍ਰੋਧੀ ਮਨੁੱਖ ਆਪਣੀਆਂ ਸ਼ਕਤੀਆਂ ਦਾ ਗ਼ਲਤ ਪ੍ਰਯੋਗ ਕਰਦਾ ਹੈ। ਭਾਈ ਮਰਦਾਨਾ ਜੀ ਨੇ ਆਪਣੀ ਪਿਆਸ ਬੁਝਾਉਣ ਲਈ ਪਾਣੀ ਲਈ ਵਲੀ ਕੰਧਾਰੀ ਅੱਗੇ ਵਾਸਤੇ ਪਾਏ ਪਰ ਵਲੀ ਨੇ ਪਿਆਸ ਬੁਝਾਉਣ ਲਈ ਇਕ ਘੁੱਟ ਵੀ ਪਾਣੀ ਭਾਈ ਮਰਦਾਨਾ ਜੀ ਨੂੰ ਨਾ ਦਿੱਤਾ। ਸਗੋਂ ਅੱਗੋਂ ਬੁਰਾ ਭਲਾ ਕਿਹਾ। ਭਾਈ ਮਰਦਾਨਾ ਜੀ ਨੇ ਸਾਰੀ ਵਿਥਿਆ ਗੁਰੂ ਜੀ ਨੂੰ ਸੁਣਾਈ। ਜਦੋਂ ਗੁਰੂ ਜੀ ਅੰਤਰ ਧਿਆਨ ਹੋਏ ਤਾਂ ਵਲੀ ਦੇ ਤਲਾਬ ਦਾ ਪਾਣੀ ਥੱਲੇ ਵਹਿ ਤੁਰਿਆ। ਵਲੀ ਬੜਾ ਲੋਹਾ ਲਾਖਾ ਹੋਇਆ। ਕ੍ਰੋਧ ਵਿਚ ਆ ਕੇ ਗੁਰੂ ਜੀ ਉੱਪਰ ਪਹਾੜ ਸੁੱਟਣ ਦੀ ਕੋਸ਼ਿਸ਼ ਕੀਤੀ ਜਿਸ ਨੂੰ ਗੁਰੂ ਜੀ ਨੇ ਹੱਥ ਦੇ ਪੰਜੇ ਨਾਲ ਰੋਕ ਲਿਆ। ਗੁੱਸੇ ਨਾਲ ਲਾਲ ਪੀਲਾ ਹੋ ਕੇ ਗੁਰੂ ਜੀ ਨਾਲ ਝਗੜਨ ਲਈ ਥੱਲੇ ਉੱਤਰ ਆਇਆ ਪਰ ਗੁਰੂ ਜੀ ਦਾ ਤੇਜ ਪ੍ਰਤਾਪ ਦੇਖ ਕੇ ਉਸਦਾ ਸਾਰਾ ਕ੍ਰੋਧ ਠੰਡਾ ਪੈ ਗਿਆ। ਗੁਰੂ ਜੀ ਦੇ ਚਰਨੀਂ ਢਹਿ ਪਿਆ। ਸਤਿਗੁਰਾਂ ਨੇ ਉਸ ਦੇ ਸੀਸ ਤੇ ਮਿਹਰ ਭਰਿਆ ਹੱਥ ਫੇਰਿਆ। ਵਲੀ ਦਾ ਕਾਇਆ ਕਲਪ ਹੋ ਗਿਆ।

ਰਾਗੁ ਸਾਰਗ ਵਿਚ ਗੁਰੂ ਨਾਨਕ ਦੇਵ ਜੀ ਨੇ ਬੜੇ ਸੁੰਦਰ ਬਚਨ ਕੀਤੇ ਹਨ ਕਿ ਜਿਸ ਜਿਸ ਨੇ ਵੀ ਆਪਾ ਭਾਵ ਗੁਆ ਕੇ ਪ੍ਰਭੂ ਦਰ ਤੋਂ ਨਾਮ ਦੀ ਭਿਖਿਆ ਮੰਗੀ, ਪਰਮਾਤਮਾ ਉਸ ਦੇ ਅੰਦਰੋਂ ਕ੍ਰੋਧ ਨੂੰ ਸਾੜ ਸੁੱਟਦਾ ਹੈ। ਫਿਰ ਉਸ ਨੂੰ ਸਭ ਕੁਝ ਬਿਸਰ ਜਾਂਦਾ ਹੈ ਇਕ ਪਰਮਾਤਮਾ ਦਾ ਨਾਮ ਹੀ ਚੰਗਾ ਲਗਦਾ ਹੈ :

ਕ੍ਰੋਧੁ ਨਿਵਾਰਿ ਜਲੇ ਹਉ ਮਮਤਾ ਪ੍ਰੇਮੁ ਸਦਾ ਨਉ ਰੰਗੀ॥
ਅਨਭਉ ਬਿਸਰਿ ਗਏ ਪ੍ਰਭੁ ਜਾਚਿਆ ਹਰਿ ਨਿਰਮਾਇਲੁ ਸੰਗੀ॥

(ਪੰਨਾ ੧੨੩੨)

ਕ੍ਰੋਧ ਵਸ ਪ੍ਰਾਣੀ ਕਦੀ ਕਿਸੇ ਦੇ ਭਲੇ ਬਾਰੇ ਨਹੀਂ ਸੋਚਦਾ। ਤਾਹੀਉਂ ਤਾਂ ਬਾਬਾ ਫਰੀਦ ਜੀ ਗੁੱਸੇ ਵਿਚ ਗ੍ਰਸੇ ਹੋਏ ਮਨੁੱਖ ਨੂੰ ਸਮਝਾ ਰਹੇ ਹਨ :

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥

(ਸਲੋਕ ਨੰਬਰ ੭੮, ਪੰਨਾ ੧੩੮੧-੮੨)

ਗੁੱਸਾ ਜਾਂ ਕ੍ਰੋਧ ਕਾਰਨ ਮਨੁੱਖ ਦੇ ਸਰੀਰ ਨੂੰ ਤਰ੍ਹਾਂ-ਤਰ੍ਹਾਂ ਦੇ ਰੋਗ ਲੱਗ ਜਾਂਦੇ ਹਨ

ਜਿਨ੍ਹਾਂ ਵਿਚ ਖ਼ੂਨ ਦੇ ਦੌਰੇ ਦਾ ਵਧਣਾ ਇਕ ਵੱਡਾ ਰੋਗ ਹੈ। ਜਦੋਂ ਕੋਈ ਮਨੁੱਖ ਗੁੱਸੇ ਵਿਚ ਹੁੰਦਾ ਹੈ ਤਾਂ ਉਸ ਨਾਲ ਕੋਈ ਵੀ ਗੱਲ ਕਰਨ ਨੂੰ ਤਿਆਰ ਨਹੀਂ ਹੁੰਦਾ। ਸਾਰੇ ਕਹਿਣਗੇ ਕਿ ਇਸਦਾ ਪਾਰਾ ਚੜ੍ਹਿਆ ਹੋਇਆ ਹੈ। ਇਸ ਨਾਲ ਗੱਲ ਕਰਨ ਦਾ ਕੋਈ ਫਾਇਦਾ ਨਹੀਂ। ਕ੍ਰੋਧੀ ਮਨੁੱਖ ਦੀਆਂ ਤਾਂ ਦਿਮਾਗ਼ ਦੀਆਂ ਨਾੜੀਆਂ ਤੱਕ ਫਟ ਸਕਦੀਆਂ ਹਨ। ਬਾਬਾ ਫਰੀਦ ਜੀ ਸਲੋਕ ਦੀ ਦੂਜੀ ਤੁਕ ਵਿਚ ਇਸ ਗੱਲ ਵੱਲ ਇਸ਼ਾਰਾ ਕਰਦੇ ਹੋਏ ਫ਼ਰਮਾ ਰਹੇ ਹਨ ਕਿ ਹੇ ਪ੍ਰਾਣੀ, ਮਨ ਵਿਚੋਂ ਗੁੱਸਾ ਕੱਢ ਦੇ ਇਸ ਨਾਲ ਤੇਰਾ ਸਰੀਰ ਅਰੋਗ ਰਹੇਗਾ :

ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥

ਗੁਰੂ ਨਾਨਕ ਦੇਵ ਜੀ ਬਾਣੀ ਓਅੰਕਾਰ ਦੀ 18ਵੀਂ ਪਉੜੀ ਵਿਚ ਫ਼ੁਰਮਾਉਂਦੇ ਹਨ ਕਿ ਜਿਵੇਂ ਕੁਠਾਲੀ ਵਿਚ ਪਏ ਸੋਨੇ ਨੂੰ ਸੁਹਾਗਾ ਨਰਮ ਕਰ ਦਿੰਦਾ ਹੈ ਇਸੇ ਤਰ੍ਹਾਂ ਕਾਮ ਕ੍ਰੋਧ ਵਰਗੇ ਵਿਕਾਰ ਮਨੁੱਖੀ ਸਰੀਰ ਨੂੰ ਨਿਰਬਲ ਕਰ ਦਿੰਦੇ ਹਨ :

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥ *(ਅੰਗ ੯੩੨)*

ਕ੍ਰੋਧ ਦਾ ਮਨੁੱਖ ਦੇ ਆਚਰਨ ਤੇ ਬੜਾ ਪ੍ਰਭਾਵ ਪੈਂਦਾ ਹੈ। ਕਾਮ ਕ੍ਰੋਧ ਜਿਹੇ ਵਿਸ਼ੇ ਵਿਕਾਰਾਂ ਦੇ ਵੱਸ ਪਿਆਂ, ਮਨੁੱਖ ਪੂਰਨ ਤੌਰ ਤੇ ਮਾਇਆ ਦੇ ਬੰਧਨਾਂ ਵਿਚ ਫਸ ਕੇ ਆਪਣੇ ਸਰੀਰ 'ਤੇ ਤਰ੍ਹਾਂ-ਤਰ੍ਹਾਂ ਦੇ ਦੁੱਖ ਸਹੇੜ ਲੈਂਦਾ ਹੈ। ਗੁਰੂ ਅਰਜਨ ਦੇਵ ਜੀ ਦਾ ਰਾਗੁ ਧਨਾਸਰੀ ਵਿਚ ਕਥਨ ਹੈ :

ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ ਦੋਖਾ ਤਨਿ ਛਾਦਿ ਪੂਰੇ ॥
(ਅੰਗ ੬੮੩)

ਆਪ ਜੀ ਦੇ ਹੀ ਬਾਣੀ ਸਲੋਕ ਸਹਸਕ੍ਰਿਤੀ ਵਿਚ ਬਚਨ ਹਨ ਕਿ ਬਹੁਤੇ ਝਗੜਿਆਂ ਦਾ ਮੂਲ ਕਾਰਨ ਕ੍ਰੋਧ ਹੀ ਹੈ। ਕ੍ਰੋਧੀ ਮਨੁੱਖ ਅੰਦਰ ਕਦੀ ਦਇਆ ਨਹੀਂ ਉਪਜਦੀ। ਉਹ ਵਿਕਾਰਾਂ ਵਿਚ ਐਸਾ ਧਸ ਜਾਂਦਾ ਹੈ ਕਿ ਫਿਰ ਉਸਦਾ ਇਨ੍ਹਾਂ ਦੇ ਚੁੰਗਲ ਵਿਚੋਂ ਨਿਕਲਣਾ ਮੁਸ਼ਕਿਲ ਹੈ। ਫਿਰ ਉਹ ਮਨੁੱਖ ਨੂੰ ਬਾਂਦਰ ਵਾਂਗ ਆਪਣੇ ਇਸ਼ਾਰੇ 'ਤੇ ਨਚਾਉਂਦੇ ਹਨ। ਸਤਿਗੁਰੂ ਜੀ ਦੇ ਬਚਨ ਹਨ ਕਿ ਪਰਮਾਤਮਾ ਦੀ ਸ਼ਰਨ ਦਾ ਓਟ ਆਸਰਾ ਲਿਆਂ ਹੀ ਕ੍ਰੋਧ ਜਿਹੇ ਵਿਕਾਰ ਤੋਂ ਖਲਾਸੀ ਪਾਈ ਜਾ ਸਕਦੀ ਹੈ :

ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥
ਬਿਖਯੰਤ ਜੀਵੰ ਵਸੰ ਕਰੋਤਿ ਨਿਰਤੰ ਕਰੋਤਿ ਜਥਾ ਮਰਕਟਹ ॥
ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ ॥
ਦੀਨ ਦੂਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖ੍ਯਾ ਕਰੋਤਿ ॥ ੪੭ ॥
(ਅੰਗ ੧੩੫੮)

ਕਲਿ ਮੂਲ ਤੋਂ ਅਰਥ ਹੈ ਝਗੜਿਆਂ ਦਾ ਮੂਲ, ਜੜ੍ਹ। ਕਰੁਣਾ—ਤਰਸ, ਦਇਆ। ਉਪਰਜਤੇ ਤੋਂ ਭਾਵ ਹੈ ਉਪਜਦੀ ਹੈ, ਕਾਰਣ ਬਣਦੀ ਹੈ। ਬਿਖਯੰਤ ਕਹਿੰਦੇ ਨੇ ਵਿਸ਼ਈ ਨੂੰ। ਵਸੰ ਕਰੋਤਿ—ਵਸ ਵਿਚ ਕਰ ਲੈਂਦਾ ਹੈ। ਮਰਕਟਹ—ਬਾਂਦਰ। ਤਾੜੰਤਿ—ਦੰਡ ਦੇਣਾ। ਅਧਮੰ ਤੋਂ ਅਰਥ ਹੈ ਨੀਚ ਸੁਭਾਉ ਵਾਲੇ।

ਗੁਰੂ ਅਮਰਦਾਸ ਜੀ ਵੀ ਰਾਗੁ ਮਾਰੂ ਸੋਲਹੇ ਵਿਚ ਇਹੋ ਸੇਧ ਬਖ਼ਸ਼ਿਸ਼ ਕਰ ਰਹੇ

ਹਨ ਕਿ ਜਿਹੜੇ ਪ੍ਰਾਣੀ ਸੱਚ ਦੇ ਮਾਰਗ ਤੇ ਚਲਦੇ ਹੋਏ ਸਦਾ ਥਿਰ ਪ੍ਰਭੂ ਨੂੰ ਆਪਣੇ ਮਨ ਵਿਚ ਵਸਾਉਂਦੇ ਹਨ ਉਨ੍ਹਾਂ ਦੇ ਮਨਾਂ ਵਿਚੋਂ ਹਉਮੈ ਅਤੇ ਕ੍ਰੋਧ ਖ਼ਤਮ ਹੋ ਜਾਂਦੇ ਹਨ। ਵਿਕਾਰ ਉਨ੍ਹਾਂ ਦੇ ਨੇੜੇ ਨਹੀਂ ਆਉਂਦੇ :

ਸਚੁ ਸੰਜਮੁ ਸਤਿਗੁਰੂ ਦੁਆਰੈ॥
ਹਉਮੈ ਕ੍ਰੋਧੁ ਸਬਦਿ ਨਿਵਾਰੈ॥ *(ਅੰਗ ੧੦੫੭)*

ਆਪ ਜੀ ਦੇ ਰਾਗੁ ਮਾਰੂ ਸੋਲਹੇ ਵਿਚ ਇਕ ਹੋਰ ਬਚਨ ਹਨ :

ਸੋ ਸੂਚਾ ਜਿ ਕਰੋਧੁ ਨਿਵਾਰੇ॥
ਸਬਦੇ ਬੂਝੈ ਆਪੁ ਸਵਾਰੇ॥ *(ਅੰਗ ੧੦੫੯)*

ਭਾਵ ਜਿਹੜਾ ਮਨੁੱਖ ਆਪਣੇ ਅੰਦਰੋਂ ਕ੍ਰੋਧ ਨੂੰ ਮਾਰ ਮੁਕਾਉਂਦਾ ਹੈ ਉਸਦਾ ਹਿਰਦਾ ਪਵਿੱਤਰ ਹੋ ਜਾਂਦਾ ਹੈ। ਉਹ ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਆਪਣੇ ਜੀਵਨ ਨੂੰ ਸੰਵਾਰ ਲੈਂਦਾ ਹੈ।

ਇਸੇ ਪ੍ਰਥਾਏ ਰਾਗੁ ਆਸਾ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ :

ਸਚੁ ਬ੍ਰਤੁ ਨੇਮੁ ਨ ਕਾਲੁ ਸੰਤਾਵੈ॥
ਸਤਿਗੁਰ ਸਬਦਿ ਕਰੋਧੁ ਜਲਾਵੈ॥ *(ਅੰਗ ੪੧੧)*

ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਲੱਖਾਂ ਵਿਅਕਤੀ ਵੈਰ-ਵਿਰੋਧ ਅਤੇ ਕ੍ਰੋਧ ਵਿਚ ਗ੍ਰਸੇ ਹੋਏ ਹਨ ਪ੍ਰੰਤੂ ਸਾਧ-ਸੰਗਤ ਦੀ ਬਰਕਤ ਨਾਲ ਗੁਰਸਿੱਖ ਇਨ੍ਹਾਂ ਵਿਕਾਰਾਂ ਤੋਂ ਬਚੇ ਰਹਿੰਦੇ ਹਨ :

ਲਖ ਕਰੋਧ ਵਿਰੋਧ ਲਖ ਲਖ ਵੈਰ ਕਰੰਦੇ॥
ਗੁਰੁਸਿਖ ਪੋਹਿ ਨ ਸਕਈ ਸਾਧ ਸੰਗ ਮਿਲੰਦੇ॥
(ਵਾਰ ੩੮, ਪਉੜੀ ੩)

ਵਾਸਤਵ ਵਿਚ ਮੈਂ ਮੈਂ, ਮੇਰੀ ਮੇਰੀ ਵਾਲੀ ਭਾਵਨਾ ਕਾਰਨ ਹੀ ਪਰਮਾਤਮਾ ਵਿਚਕਾਰ ਵਿੱਥ ਬਣੀ ਰਹਿੰਦੀ ਹੈ। ਇਸੇ ਕਾਰਨ ਹੀ ਮਨੁੱਖ ਅੰਦਰ ਕ੍ਰੋਧ ਅਤੇ ਹੰਕਾਰ ਪੈਦਾ ਹੁੰਦਾ ਰਹਿੰਦਾ ਹੈ ਪ੍ਰੰਤੂ ਜਦੋਂ ਗੁਰੂ ਦੇ ਸ਼ਬਦ ਦੁਆਰਾ ਮੈਂ-ਮੇਰੀ ਮਨ ਵਿਚੋਂ ਜਾਂਦੀ ਰਹਿੰਦੀ ਹੈ ਤਾਂ ਇਹ ਪਿਆ ਵਖਰੇਵਾਂ ਸਾਰਾ ਖ਼ਤਮ ਹੋ ਜਾਂਦਾ ਹੈ। ਸੁਰਤ ਪਰਮਾਤਮਾ ਵਿਚ ਜੁੜ ਜਾਂਦੀ ਹੈ ਅਤੇ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ।

ਹਉਮੈ ਮੇਰਾ ਜਾਤਿ ਹੈ ਅਤਿ ਕ੍ਰੋਧੁ ਅਭਿਮਾਨੁ॥
ਸਬਦਿ ਮਰੈ ਤਾ ਜਾਤਿ ਜਾਇ ਜੋਤੀ ਜੋਤਿ ਮਿਲੈ ਭਗਵਾਨੁ॥
(ਆਸਾ ਮਹਲਾ ੩, ਅੰਗ ੪੨੯)

ਆਪ ਜੀ ਦੇ ਰਾਗੁ ਮਾਝ ਵਿਚ ਵੀ ਬਚਨ ਹਨ ਕਿ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਉਣ ਨਾਲ, ਮਨ ਅੰਦਰਲੇ ਸਾਰੇ ਪਾਪ ਕੱਟੇ ਜਾਂਦੇ ਹਨ ਅਤੇ ਚੰਡਾਲ ਕ੍ਰੋਧ ਤੋਂ ਛੁਟਕਾਰਾ ਮਿਲ ਜਾਂਦਾ ਹੈ :

ਕਿਲਵਿਖ ਕਾਟੈ ਕ੍ਰੋਧੁ ਨਿਵਾਰੇ॥
ਗੁਰ ਕਾ ਸਬਦੁ ਰਖੈ ਉਰ ਧਾਰੇ॥ *(ਅੰਗ ੧੧੭)*

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ ॥
ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ ਗੁਰਿ ਗਿਆਨੁ ਖੜਗੁ ਲੈ ਮਾਰੇ ॥
ਲੋਭ ਦਾ ਵਿਪਰੀਤ ਰੂਪ = ਪਰਮਾਤਮ ਤੇ ਸੰਤੋਖ - [illegible] ॥
satisfaction; satisfied with whatever is provided by Lord.

(82)

ਲੋਭ - ਪਰਮਾਤਮ ਤੇ ਸੰਤੋਖ

ਲੋਭ ਤੋਂ ਅਰਥ ਹੈ ਲਾਲਚ ਅਤੇ ਲਾਲਚ ਹਰ ਕਿਸੇ ਚੀਜ਼ ਦਾ ਹੋ ਸਕਦਾ ਹੈ। ਧਨ ਅਤੇ ਸੰਪਤੀ ਦਾ ਲਾਲਚ, ਖਾਣ ਅਤੇ ਪਹਿਨਣ ਦਾ ਲਾਲਚ, ਸਰੀਰ ਅਥਵਾ ਰੂਪ ਦਾ ਲਾਲਚ ਆਦਿ। ਕਿਸੇ ਦੇ ਧਨ-ਦੌਲਤ ਨੂੰ ਦੇਖ ਕੇ ਲਾਲਚ ਕਰਨਾ ਕਿ ਇਹ ਸਭ ਕੁਝ ਮੈਨੂੰ ਮਿਲ ਜਾਵੇ, ਮੈਂ ਸੋਹਣੇ-ਸੋਹਣੇ ਭੋਜਨ ਖਾਵਾਂ ਅਤੇ ਸੋਹਣੇ-ਸੋਹਣੇ ਬਸਤਰ ਪਹਿਨਾਂ, ਸਭ ਕਾਸੇ ਦਾ ਮੈਂ ਮਾਲਕ ਬਣ ਜਾਵਾਂ, ਹੋਰ ਮਿਲ ਜਾਏ ਤੇ ਹੋਰ ਮਿਲ ਜਾਏ, ਇਹ ਸਭ ਲੋਭੀ ਮਨ ਦੀ ਭਟਕਣਾ ਹੀ ਤਾਂ ਹੈ । ਆਪਣੇ ਮਨ ਦੀ ਲਾਲਸਾ ਦੀ ਪੂਰਤੀ ਲਈ ਲੋਭੀ ਮਨੁੱਖ ਅਯੋਗ ਤੋਂ ਅਯੋਗ ਕੰਮ ਕਰਨ ਤੋਂ ਸੰਕੋਚ ਨਹੀਂ ਕਰਦਾ। ਮਨੁੱਖ ਨੂੰ ਜੋ ਪੰਜ ਵਿਕਾਰ ਚਿੰਬੜੇ ਹੋਏ ਹਨ ਅਤੇ ਜਿਨ੍ਹਾਂ ਤੋਂ ਜੀਵ ਨੇ ਬਚ ਕੇ ਰਹਿਣਾ ਹੈ ਉਨ੍ਹਾਂ ਵਿਚੋਂ ਲੋਭ ਇਕ ਸ਼ਕਤੀਸ਼ਾਲੀ ਵਿਕਾਰ ਹੈ। ਲੋਭ-ਲਾਲਚ ਕਾਰਨ ਹੀ ਝੂਠ-ਫਰੇਬ, ਹੇਰਾ-ਫੇਰੀਆਂ, ਰਿਸ਼ਵਤਾਂ ਆਦਿ ਜਿਹੇ ਸਮਾਜਿਕ ਕੁਕਰਮ ਹੁੰਦੇ ਹਨ। ਮਨੁੱਖ ਨੀਚ ਤੋਂ ਨੀਚ ਕੰਮ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਤਰ੍ਹਾਂ-ਤਰ੍ਹਾਂ ਦੇ ਖੋਟੇ ਕਰਮ ਤੇ ਪਾਪ ਕਮਾਉਂਦਾ ਹੈ। ਗੁਰਵਾਕ ਹੈ :

> **ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥**
> **ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ॥**
>
> *(ਰਾਗੁ ਆਸਾ ਮਹਲਾ ੧, ਅੰਗ ੩੫੯)*

ਆਪ ਜੀ ਦੇ ਇਕ ਹੋਰ ਬਚਨ ਹਨ :

> **ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥**
> **ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥**
>
> *(ਰਾਗੁ ਗਉੜੀ ਮਹਲਾ ੧, ਅੰਗ ੧੫੪)*

ਧਰ ਤੋਂ ਅਰਥ ਹੈ ਧਰਤੀ। ਛਾਰੋ—ਸੁਆਹ।

ਲੋਭੀ ਮਨੁੱਖ ਸਦਾ ਬੇਚੈਨੀ ਅਤੇ ਡਾਵਾਂ-ਡੋਲ ਵਾਲੀ ਸਥਿਤੀ ਵਿਚ ਰਹਿੰਦਾ ਹੈ। ਉਹ ਹਰ ਵੇਲੇ ਮਾਇਆ ਦੀ ਭਾਲ ਵਿਚ ਲੱਗਾ ਰਹਿੰਦਾ ਹੈ। ਮਾਇਆ ਹੱਥ ਆ ਗਈ ਤਾਂ ਮਾਨੋ ਉਹ ਅਕਾਸ਼ੀਂ ਚੜ੍ਹ ਜਾਂਦਾ ਹੈ। ਜੇਕਰ ਕਿਧਰੇ ਹੱਥ ਨਾ ਲੱਗੀ ਜਾਂ ਕਿਸੇ ਕਾਰਨ ਖੁੱਸ ਗਈ ਤਾਂ ਜਿਵੇਂ ਉਹ ਧਰਤੀ ਅੰਦਰ ਧਸ ਗਿਆ ਹੋਵੇ ਭਾਵ ਜਿਵੇਂ ਪਾਤਾਲ ਵਿਚ ਜਾ ਡਿੱਗਿਆ ਹੋਵੇ। ਰਾਗੁ ਰਾਮਕਲੀ ਵਿਚ ਗੁਰੂ ਨਾਨਕ ਦੇਵ ਜੀ ਨੇ ਅਜਿਹੇ ਮਨੁੱਖ ਦੀ ਦਸ਼ਾ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ :

> **ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥**
> **ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥**
>
> *(ਅੰਗ ੮੭੬)*

ਅਥਵਾ :

ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ ॥
ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ ॥
ਨਚ ਮਿਤ੍ੰ ਨਚ ਇਸਟੰ ਨਚ ਬਾਧਵ
ਨਚ ਮਾਤ ਪਿਤਾ ਤਵ ਲਜਯਾ ॥
ਅਕਰਣੰ ਕਰੋਤਿ ਅਖਾਦ੍ਿ ਖਾਦ੍ੰ
ਅਸਾਜ੍ੰ ਸਾਜਿ ਸਮਜਯਾ ॥
ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ ॥

(ਸਲੋਕ ਸਹਸਕ੍ਰਿਤੀ ਮਹਲਾ ੫, ਅੰਗ ੧੩੫੮)

ਭਾਵ ਵੱਡੇ-ਵੱਡੇ ਵਿਅਕਤੀ ਲੋਭ ਲਾਲਚ ਜਿਹੇ ਵਿਕਾਰਾਂ ਵਿਚ ਗ੍ਰਸੇ ਰਹਿੰਦੇ ਹਨ। ਲੋਭ-ਲਾਲਚ ਕਾਰਨ ਭਟਕਣਾ ਵਿਚ ਪੈ ਕੇ ਉਨ੍ਹਾਂ ਦਾ ਜੀਅੜਾ ਸਥਿਰ ਨਹੀਂ ਰਹਿੰਦਾ। ਹਰ ਵੇਲੇ ਡੱਕੇ-ਡੋਲੇ ਖਾਂਦਾ ਰਹਿੰਦਾ ਹੈ। ਫਿਰ ਉਨ੍ਹਾਂ ਨੂੰ ਕਿਸੇ ਮਿੱਤਰ ਦੀ, ਨਾ ਗੁਰੂ-ਪੀਰ ਦੀ, ਨਾ ਸੰਬੰਧੀਆਂ ਦੀ, ਇਥੋਂ ਤੱਕ ਕਿ ਮਾਂ-ਪਿਉ ਦੀ ਸ਼ਰਮ ਹਯਾ ਤੱਕ ਨਹੀਂ ਰਹਿੰਦੀ। ਅਜਿਹਾ ਮਨੁੱਖ ਇਹੋ ਜਿਹੀਆਂ ਸਮਾਜਿਕ ਕੁਰੀਤੀਆਂ ਕਰਦਾ ਹੈ ਜਿਨ੍ਹਾਂ ਦੀ ਜਿੰਨੀ ਨਿੰਦਾ ਕੀਤੀ ਜਾਵੇ ਉਨੀ ਥੋੜ੍ਹੀ ਹੈ।

ਸਿਰਮੋਰਹ ਤੋਂ ਭਾਵ ਮੁਖੀ ਵਿਅਕਤੀ। ਧਾਵੰਤ—ਦੌੜਦੇ ਹਨ। ਅਕਰਣੰ ਤੋਂ ਅਰਥ ਹੈ—ਨਾ ਕਰਨ ਜੋਗ। ਅਖਾਦ੍ਿ—ਨਾ ਖਾਣ ਯੋਗ। ਅਸਾਜ੍ੰ—ਨਾ ਚੰਗੀ ਲੱਗਣ ਵਾਲੀ।

ਲੋਭੀ ਮਨੁੱਖ ਦੇ ਮਨ ਅੰਦਰ ਕਿਸੇ ਪ੍ਰਤੀ ਸਨੇਹ ਜਾਂ ਪਿਆਰ ਨਹੀਂ ਹੁੰਦਾ। ਉਸ ਵਿਚ ਕਿਰਤ, ਸੇਵਾ, ਪੁੰਨ-ਦਾਨ, ਦਇਆ, ਧਰਮ, ਆਪਸੀ ਪ੍ਰੇਮ-ਪਿਆਰ ਆਦਿ ਵਰਗੀਆਂ ਮਨੁੱਖੀ ਨੈਤਿਕ ਕਦਰਾਂ-ਕੀਮਤਾਂ ਦੀ ਘਾਟ ਹੁੰਦੀ ਹੈ। ਉਹ ਤਾਂ ਦੂਜਿਆਂ ਦੇ ਧਨ ਤੇ ਡਾਕਾ ਮਾਰ ਕੇ ਭਾਵ ਪਰਾਇਆ ਧਨ ਚੁਰਾ ਕੇ, ਉਨ੍ਹਾਂ ਨੂੰ ਦੁੱਖ ਦੇ ਕੇ ਬੜਾ ਖ਼ੁਸ਼ ਹੁੰਦਾ ਹੈ ਪ੍ਰੰਤੂ ਅਜਿਹੇ ਨਿਰਦਈ ਮਨੁੱਖ ਇਹ ਨਹੀਂ ਸਮਝਦੇ ਕਿ ਮਾਇਆ ਤਾਂ ਇਕ ਪਲ ਵਿਚ ਸਾਥ ਛੱਡ ਦੇਣ ਵਾਲੀ ਵਸਤੂ ਹੈ, ਇਸ ਤੇ ਫਿਰ ਮਾਣ ਕਿਸ ਗੱਲ ਦਾ? ਗੁਰੂ ਅਰਜਨ ਦੇਵ ਜੀ ਦੇ ਰਾਗੁ ਆਸਾ ਵਿਚ ਬਚਨ ਹਨ :

ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ ॥
ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ ॥ *(ਅੰਗ ੪੦੮)*

ਹਿਰਿ ਤੋਂ ਭਾਵ ਹੈ—ਚੁਰਾ ਕੇ। ਖਿਨ ਭੰਗੁਨਾ—ਪਲ ਵਿਚ ਨਾਸ ਹੋ ਜਾਣਾ। ਅਸੁਰ—ਨਿਰਦਈ।

ਅਥਵਾ :

ਪਾਪੀ ਜੀਅਰਾ ਲੋਭੁ ਕਰਤੁ ਹੈ ਆਜੁ ਕਾਲਿ ਉਠਿ ਜਾਹਿਗਾ ॥
ਲਾਲਚ ਲਾਗੇ ਜਨਮੁ ਗਵਾਇਆ ਮਾਇਆ ਭਰਮ ਭੁਲਾਹਿਗਾ ॥
ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ ॥

(ਰਾਗੁ ਮਾਰੂ ਭਗਤ ਕਬੀਰ ਜੀ, ਅੰਗ ੧੧੦੬)

ਭਾਵ ਪਾਪਾਂ ਵਿਚ ਗ੍ਰਸਿਆ ਹੋਇਆ ਪ੍ਰਾਣੀ ਲੋਭ-ਲਾਲਚ ਅਤੇ ਮਾਇਆ ਦੇ ਭਰਮ ਭੁਲੇਖਿਆਂ ਵਿਚ ਫਸ ਕੇ ਆਪਣਾ ਮਨੁੱਖਾ ਜਨਮ ਅਵਾਈਂ ਗੁਆ ਰਿਹਾ ਹੈ। ਜੁਆਨੀ

ਤੇ ਮਾਣ ਕਿਸ ਗੱਲ ਦਾ ? ਜਿਵੇਂ ਪਾਣੀ ਵਿਚ ਪਿਆਂ ਕਾਗ਼ਜ਼ ਨੂੰ ਗਲਦਿਆਂ ਦੇਰ ਨਹੀਂ ਲਗਦੀ, ਇਸੇ ਤਰ੍ਹਾਂ ਬੰਦੇ ਦਾ ਕੀ ਭਰੋਸਾ ? ਪਤਾ ਨਹੀਂ ਕਦੋਂ ਬੁਲਾਵਾ ਆ ਜਾਣਾ ਹੈ ਅਤੇ ਸਭ ਕੁਝ ਇੱਥੇ ਧਰਿਆ ਧਰਾਇਆ ਰਹਿ ਜਾਣਾ ਹੈ।

ਲੋਭ ਲਾਲਚ ਵਰਗੇ ਵਿਕਾਰਾਂ ਵਿਚ ਫਸ ਕੇ ਜੋ ਪਰਮਾਤਮਾ ਨੂੰ ਵਿਸਾਰੀ ਰੱਖਦੇ ਹਨ, ਗੁਰੂ ਰਾਮਦਾਸ ਜੀ ਅਜਿਹੇ ਮਨਮੁਖਾਂ ਨੂੰ ਅਗਿਆਨੀ ਅਤੇ ਮੂਰਖ ਆਖਦੇ ਹਨ :

ਲੋਭ ਵਿਕਾਰ ਜਿਨਾ ਮਨੁ ਲਾਗਾ
ਹਰਿ ਵਿਸਰਿਆ ਪੁਰਖੁ ਚੰਗੇਰਾ॥
ਓਇ ਮਨਮੁਖ ਮੂੜ ਅਗਿਆਨੀ ਕਹੀਅਹਿ
ਤਿਨ ਮਸਤਕਿ ਭਾਗੁ ਮੰਦੇਰਾ॥

(ਰਾਗੁ ਟੋਡੀ ਮਹਲਾ ੪, ਅੰਗ ੭੧੧)

ਗੁਰੂ ਅਰਜਨ ਦੇਵ ਜੀ ਦੇ ਰਾਗੁ ਮਾਰੂ ਵਿਚ ਬੜੇ ਸੁੰਦਰ ਬਚਨ ਹਨ ਕਿ ਕਿੰਨੀ ਅਜੀਬ ਗੱਲ ਹੈ ਕਿ ਸਾਰੇ ਤ੍ਰੈ-ਗੁਣੀ ਜੀਵ ਨਾਸ਼ਵੰਤ ਜਗਤ ਦੇ ਲੋਭ ਵਿਚ ਫਸੇ ਹੋਏ ਹਨ। ਸਾਰਿਆਂ ਨੂੰ ਮਾਇਆ ਨੇ ਆਪਣੇ ਵੱਸ ਵਿਚ ਕੀਤਾ ਹੋਇਆ ਹੈ ਪਰ ਇਹ ਠੱਗਣੀ ਮਾਇਆ ਅੰਤ ਵੇਲੇ ਕਿਸੇ ਦਾ ਸਾਥ ਨਹੀਂ ਦਿੰਦੀ :

ਮੋਹਨੀ ਮੋਹਿ ਲੀਏ ਤ੍ਰੈ ਗੁਨੀਆ॥
ਲੋਭਿ ਵਿਆਪੀ ਝੂਠੀ ਦੁਨੀਆ॥
ਮੇਰੀ ਮੇਰੀ ਕਰਿ ਕੈ ਸੰਚੀ ਅੰਤ ਕੀ ਬਾਰ ਸਗਲ ਲੇ ਛਲੀਆ॥

(ਅੰਗ ੧੦੦੪)

ਬਾਣੀ ਸਲੋਕ ਵਾਰਾਂ ਤੇ ਵਧੀਕ ਵਿਚ ਤਾਂ ਗੁਰੂ ਅਮਰਦਾਸ ਜੀ ਲੋਭੀ ਦੀ ਫਿਤਰਤ ਬਾਰੇ ਮਨੁੱਖਤਾ ਨੂੰ ਸੁਚੇਤ ਕਰ ਰਹੇ ਹਨ ਕਿ ਲੋਭੀ ਦਾ ਕਦੀ ਭਰੋਸਾ ਨਹੀਂ ਕਰਨਾ ਚਾਹੀਦਾ ਕਿਉਂਕਿ ਅਜਿਹੇ ਲਾਲਚੀ ਦਾ ਕੀ ਪਤਾ ਉਸ ਨੇ ਕਿਸ ਵੇਲੇ ਧੋਖਾ ਦੇ ਜਾਣਾ ਹੈ :

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥
ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥

(ਅੰਗ ੧੪੧੭)

ਧੁਹੈ ਤੋਂ ਅਰਥ ਹੈ—ਧੋਖਾ ਦੇਣਾ।

ਅੱਜ ਦਹੇਜ ਦੇ ਲੋਭੀ ਅਤੇ ਲਾਲਚੀਆਂ ਹੱਥੋਂ ਕਿੰਨੀਆਂ ਮਾਸੂਮ ਬੱਚੀਆਂ ਦੀਆਂ ਹੱਤਿਆਵਾਂ ਅਸੀਂ ਨਿੱਤ ਪੜ੍ਹਦੇ ਤੇ ਸੁਣਦੇ ਹਾਂ। ਇਸ ਤਰ੍ਹਾਂ ਚੰਗੀ ਕਮਾਈ ਦੀ ਆਸ ਵਿਚ ਵਿਦੇਸ਼ਾਂ ਨੂੰ ਜਾਂਦੇ ਮਾਵਾਂ ਦੇ ਲਾਡਲੇ ਗੱਭਰੂ ਜਾਂ ਤਾਂ ਰਸਤਿਆਂ ਵਿਚ ਡੋਬ ਦਿੱਤੇ ਜਾਂਦੇ ਹਨ ਜਾਂ ਉਨ੍ਹਾਂ ਨੂੰ ਵਿਦੇਸ਼ਾਂ ਵਿਚ ਜੇਲ੍ਹਾਂ ਵਿਚ ਰੁਲਣਾ ਪੈਂਦਾ ਹੈ। ਜ਼ਮੀਨਾਂ-ਜਾਇਦਾਦਾਂ ਲਈ ਲੋਭ ਲਾਲਚ ਵੱਸ ਹੋ ਕੇ ਪੁੱਤਰ ਪਿਉ ਦਾ ਕਤਲ ਕਰ ਦਿੰਦਾ ਹੈ, ਭਰਾ ਭਰਾ ਦਾ। ਨਿੱਕਿਆਂ-ਨਿੱਕਿਆਂ ਬੱਚਿਆਂ ਨੂੰ ਅਗਵਾ ਕਰਕੇ ਵੱਡੀਆਂ ਵੱਡੀਆਂ ਰਕਮਾਂ ਮੰਗੀਆਂ ਜਾਂਦੀਆਂ ਹਨ। ਇੰਜ ਲੋਭੀ ਤੇ ਲਾਲਚੀ ਦੇ ਕੁਕਰਮਾਂ ਦੀ ਸੂਚੀ ਦੀ ਕੋਈ ਸੀਮਾ ਨਹੀਂ।

ਲੋਭ ਲਾਲਚ ਕਾਰਨ ਸਮਾਜ ਵਿਚ ਹੋ ਰਹੀ ਲੁੱਟ-ਖਸੁੱਟ ਨੂੰ ਦੇਖ ਕੇ ਜਗਤ ਗੁਰੂ ਬਾਬੇ ਨੇ ਸਾਰੀ ਲੋਕਾਈ ਨੂੰ ਸੰਦੇਸ਼ ਦਿੱਤਾ ਸੀ :

ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥

(ਰਾਗੁ ਆਸਾ ਮਹਲਾ ੧, ਅੰਗ ੪੧੯)

ਇਸ ਲਈ ਨਿਸ਼ਚੇ ਹੀ ਪ੍ਰਾਣੀ ਦਾ ਸੰਸਾਰ ਵਿਚ ਆਉਣਾ ਤਾਂ ਸਫਲ ਹੈ ਜੇਕਰ ਉਹ ਦੁਨਿਆਵੀ ਖ਼ਾਹਿਸ਼ਾਂ ਤੇ ਕਾਬੂ ਪਾ ਕੇ ਸਬਰ ਤੇ ਸੰਤੋਖ ਵਾਲਾ ਜੀਵਨ ਬਤੀਤ ਕਰੇ। ਲਾਲਚ ਤੇ ਲੋਭ ਦਾ ਤਿਆਗ ਕਰਕੇ, ਮਨ ਵਿਚ ਨਾਮ ਨੂੰ ਵਸਾਏ। ਗੁਰਵਾਕ ਹੈ :

ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿ ਬਾਸ ॥
ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ ਨਾਨਕ ਸੁਖਿ ਨਿਵਾਸ ॥

(ਰਾਗੁ ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੯)

ਅਥਵਾ :

ਰਾਜੁ ਮਾਲੁ ਝੂਠੀ ਸਭ ਮਾਇਆ ॥
ਲੋਭੀ ਨਰ ਰਹੇ ਲਪਟਾਇ ॥
ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥

(ਰਾਗੁ ਭੈਰਉ ਮਹਲਾ ੩, ਅੰਗ ੧੧੫੫)

ਇਸ ਪ੍ਰਕਾਰ ਜਿਸ ਮਨੁੱਖ ਦੀ ਸੁਰਤ ਪਰਮਾਤਮਾ ਦੇ ਨਾਮ ਵਿਚ ਜੁੜ ਜਾਂਦੀ ਹੈ, ਲੋਭ ਜਿਹੇ ਵਿਕਾਰ ਤੋਂ ਬਚ ਕੇ ਉਸਦੀ ਬੇੜੀ ਭਵ-ਸਾਗਰ ਦੀਆਂ ਘੁੰਮਣ-ਘੇਰੀਆਂ 'ਚੋਂ ਪਾਰ ਲੰਘ ਜਾਂਦੀ ਹੈ :

ਲੋਭ ਵਿਕਾਰ ਨਾਵ ਡੁਬਦੀ ਨਿਕਲੀ
ਜਾ ਸਤਿਗੁਰਿ ਨਾਮੁ ਦਿੜਾਏ ॥ *(ਰਾਗੁ ਆਸਾ ਮਹਲਾ ੪, ਅੰਗ ੪੪੩)*

ਅਥਵਾ :

ਲੋਭ ਮੋਹ ਸਿਉ ਗਈ ਵਿਖੋਟਿ ॥
ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ ॥

(ਰਾਗੁ ਪ੍ਰਭਾਤੀ ਮਹਲਾ ੫, ਅੰਗ ੧੩੪੭)

ਲੋਭ ਦੇ ਤਿਆਗ ਨਾਲ ਬਾਕੀ ਦੇ ਸਾਰੇ ਵਿਕਾਰ ਸੁਤੇ-ਸਿੱਧ ਦੂਰ ਹੋ ਜਾਂਦੇ ਹਨ ਅਤੇ ਮਨੁੱਖ ਪਰਮ ਪਦ ਨੂੰ ਪ੍ਰਾਪਤ ਹੁੰਦਾ ਹੈ। ਮਨੁੱਖ ਨੂੰ ਹਉਮੈ ਤੋਂ ਛੁਟਕਾਰਾ ਮਿਲ ਜਾਂਦਾ ਹੈ। ਜਦੋਂ ਹਉਮੈ ਦੂਰ ਹੋ ਗਈ ਤਾਂ ਮਨ ਪ੍ਰਭੂ ਦੇ ਚਰਨਾਂ ਵਿਚ ਲੀਨ ਹੋ ਜਾਂਦਾ ਹੈ ਅਤੇ ਪ੍ਰਾਣੀ ਨਾਮ ਸਿਮਰਨ ਦੁਆਰਾ ਮੁਕਤ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਰਾਗ ਮਾਰੂ ਵਿਚ ਬੜੇ ਅਨਮੋਲ ਬਚਨ ਹਨ :

ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ ॥

(ਅੰਗ ੧੦੩੦)

ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ ॥ ਗਣ ਗੰਧਰਬ ਦੇਵ ਮਾਨੁਖੵੰ ਪਸੁ ਪੰਖੀ ਬਿਮੋਹਨਹ ॥ ਹਰਿ ਕਰਣਹਾਰੰ ਨਮਸਕਾਰੰ ਸਰਣਿ ਨਾਨਕ ਜਗਦੀਸ੍ਵਰਹ ॥1358 (5656)

(83)

ਮੋਹ

ਜਦੋਂ ਮੋਹ ਵਿਕਾਰ ਬਾਰੇ ਗੱਲ ਕੀਤੀ ਜਾਂਦੀ ਹੈ ਤਾਂ ਇਕ ਗੱਲ ਬੜੀ ਪ੍ਰਤੱਖ ਹੈ ਕਿ ਮਨੁੱਖੀ ਮਨ ਤੇ ਭਰਮ ਦਾ ਪੜਦਾ ਪਿਆ ਹੋਇਆ ਹੈ ਜਿਸ ਕਾਰਨ ਉਹ ਸਾਰੀਆਂ ਵਸਤਾਂ ਜੋ ਉਸ ਨੂੰ ਦਾਤੇ ਵਲੋਂ ਪ੍ਰਾਪਤ ਹੋਈਆਂ ਹਨ ਇਨ੍ਹਾਂ ਨੂੰ ਆਪਣੀਆਂ ਸਮਝੀ ਬੈਠਾ ਹੈ। ਮਨੁੱਖ ਅੰਦਰ ਕੁਟੰਬ ਭਾਵ ਪੁੱਤਰਾਂ-ਧੀਆਂ, ਇਸਤ੍ਰੀ ਆਦਿ ਨਾਲ ਹਰ ਵੇਲੇ ਮੋਹ ਬਣਿਆ ਰਹਿੰਦਾ ਹੈ। ਪ੍ਰਾਣੀ ਇਨ੍ਹਾਂ ਨੂੰ ਆਪਣੇ ਸਮਝ ਕੇ ਸਦਾ ਭੁਲੇਖੇ ਵਿਚ ਪਿਆ ਰਹਿੰਦਾ ਹੈ। ਉਸ ਨੂੰ ਇਸ ਗੱਲ ਦੀ ਸੋਝੀ ਨਹੀਂ ਰਹਿੰਦੀ ਕਿ ਸਭ ਦਾਤਾਂ ਤਾਂ ਪ੍ਰਭੂ ਦਾਤੇ ਪਾਸੋਂ ਨਸੀਬ ਹੋਈਆਂ ਹਨ। ਪਤਾ ਨਹੀਂ ਕਿਸ ਵੇਲੇ ਕਿਸ ਦਾਤ ਨੂੰ ਉਹ ਮਾਲਕ ਵਾਪਸ ਲੈ ਲਵੇਗਾ। ਇਸੇ ਤਰ੍ਹਾਂ ਮਾਇਆ ਅਤੇ ਹੋਰ ਵਸਤਾਂ ਹਨ ਜਿਸਨੂੰ ਮਨੁੱਖ ਸੁਖਾਂ ਦੇ ਸਾਧਨ ਸਮਝ ਕੇ ਇਨ੍ਹਾਂ ਵਿਚ ਮੋਹ ਪਾ ਲੈਂਦਾ ਹੈ ਅਤੇ ਫਿਰ ਕਿਸੇ ਹਾਲਤ ਵਿਚ ਇਨ੍ਹਾਂ ਤੋਂ ਵੱਖ ਹੋਣ ਲਈ ਤਿਆਰ ਨਹੀਂ ਹੁੰਦਾ। ਇਜ ਮੌਤ ਨੂੰ ਭੁਲਾ ਕੇ, ਪਰਮਾਤਮਾ ਨਾਲ ਪਿਆਰ ਪਾਉਣ ਦੀ ਥਾਂ ਮਨੁੱਖ ਮੋਹ-ਮਾਇਆ ਦੇ ਜਾਲ ਵਿਚ ਫਸਿਆ ਰਹਿੰਦਾ ਹੈ। ਗੁਰੂ ਅਮਰਦਾਸ ਜੀ ਦੇ ਰਾਗੁ ਸੂਹੀ ਵਿਚ ਬੜੇ ਅਨਮੋਲ ਬਚਨ ਹਨ :

> **ਮੋਹੁ ਕੂੜੁ, ਕੁਟੰਬੁ ਹੈ ਮਨਮੁਖੁ ਮੁਗਧੁ ਰਤਾ ॥**
> **ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ ॥**
> **ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ ॥** *(ਅੰਗ ੭੮੭)*

ਅਥਵਾ :

> **ਮੋਹੁ ਕੁਟੰਬੁ ਦਿਸਿ ਆਵਦਾ ਸਭੁ ਚਲਣਹਾਰਾ ਆਵਣ ਜਾਣਾ ॥**
> **ਜੋ ਬਿਨੁ ਸਚੇ ਹੋਰਤੁ ਚਿਤੁ ਲਾਇਦੇ ਸੇ ਕੂੜਿਆਰ ਕੂੜਾ ਤਿਨ ਮਾਣਾ ॥**
> *(ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੦੫)*

ਇਥੋਂ ਤੱਕ ਕਿ ਜੇਕਰ ਮਨ ਹੋਰ ਵਸਤਾਂ ਨਾਲ ਮੋਹ ਪਾਈ ਰੱਖਦਾ ਹੈ ਤਾਂ ਕੀਤੀ ਸੇਵਾ ਵੀ ਕਿਸੇ ਲੇਖੇ ਨਹੀਂ ਪੈਂਦੀ। ਪਰਿਵਾਰਕ ਜੀਆਂ ਨਾਲ ਪਿਆਰ ਵਧਾ ਕੇ ਪ੍ਰਾਣੀ ਮੋਹ-ਮਾਇਆ ਦੇ ਬੰਧਨਾਂ ਵਿਚ ਪੈ ਕੇ ਪਰਮਾਤਮਾ ਨੂੰ ਮਨੋਂ ਵਿਸਾਰ ਦਿੰਦਾ ਹੈ ਜਿਸ ਕਾਰਨ ਫਿਰ ਦੁੱਖ ਹੀ ਦੁੱਖ ਭੋਗਦਾ ਹੈ। ਗੁਰਵਾਕ ਹੈ :

> **ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ ॥**
> **ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥**
> **ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥**
> **ਬਿਨੁ ਨਾਵੈ ਸਭੁ ਦੁਖੁ ਹੈ ਦੁਖਦਾਈ ਮੋਹ ਮਾਇ ॥**
> *(ਸਲੋਕ ਵਾਰਾਂ ਤੇ ਵਧੀਕ ਮਹਲਾ ੩, ਅੰਗ ੧੪੨੨-੨੩)*

ਰਾਗੁ ਆਸਾ ਵਿਚ ਪੰਚਮ ਗੁਰਦੇਵ ਦੇ ਬਚਨ ਹਨ ਕਿ ਇਹ ਗਾਫ਼ਲ ਮਨ ਪਰਿਵਾਰ

ਦੇ ਮੋਹ ਅਤੇ ਰਸਾਂ-ਕਸਾਂ ਵਿਚ ਹੀ ਮਸਤ ਰਹਿੰਦਾ ਹੈ। ਉਨ੍ਹਾਂ ਪਦਾਰਥਾਂ ਦੀ ਲਾਲਸਾ ਕਰਦਾ ਹੈ ਜੋ ਸਾਥ ਨਿਭਣ ਵਾਲੇ ਨਹੀਂ ਅਤੇ ਜੋ ਸੁਪਨਿਆਂ ਵਿਚ ਪ੍ਰਤੀਤ ਹੁੰਦੇ ਮੌਜ-ਮੇਲਿਆਂ ਵਾਂਗ ਹਨ :

ਬਾਵਰ ਸੋਇ ਰਹੇ॥
ਮੋਹ ਕੁਟੰਬ ਬਿਖੈ ਰਸ ਮਾਤੇ ਮਿਥਿਆ ਗਹਨ ਗਹੇ॥
ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿ ਮੁਖਿ ਸਤਿ ਕਹੇ॥
(ਅੰਗ ੪੦੬)

ਆਪ ਜੀ ਦਾ ਰਾਗੁ ਗਉੜੀ ਬਾਵਨ ਅੱਖਰੀ ਵਿਚ ਫ਼ਰਮਾਨ ਹੈ ਕਿ ਮਾਇਆ ਨੇ ਹਰੇਕ ਜੀਵ ਦੇ ਹਿਰਦੇ ਵਿਚ ਆਪਣਾ ਮੋਹ ਟਿਕਾਈ ਰੱਖਿਆ ਹੈ। ਇਹ ਮੋਹ ਐਨਾ ਪ੍ਰਬਲ ਹੈ ਕਿ ਇਸ ਮਿੱਠੇ ਮੋਹ ਵਿਚ ਫਸ ਕੇ ਮਨੁੱਖ ਵੱਖ-ਵੱਖ ਜੂਨਾਂ ਵਿਚ ਭਟਕਦਾ ਰਹਿੰਦਾ ਹੈ :

ਮੋਹ ਮਗਨ ਮੀਠ ਜੋਨਿ ਫਾਸੇ॥
ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ॥
ਆਪਨ ਮੋਹ ਘਟੇ ਘਟਿ ਦੀਨੇ॥ (ਅੰਗ ੨੫੧)

ਸਿਰੀ ਰਾਗੁ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਸੇਧ ਦੇ ਰਹੇ ਹਨ ਕਿ ਮਾਲਕ ਪ੍ਰਭੂ ਨਾਲ ਪ੍ਰੀਤੀ ਪਾਉਣ ਤੋਂ ਬਿਨਾਂ ਬਾਕੀ ਸਭ ਮਾਇਆ ਦਾ ਪਿਆਰ ਹੀ ਹੈ ਅਤੇ ਮਾਇਆ ਦੇ ਮੋਹ ਵਿਚ ਫਸਿਆ ਹੋਇਆ ਮਨ ਕਦੀ ਪ੍ਰਭੂ ਦੇ ਸਿਮਰਨ ਵਿਚ ਨਹੀਂ ਜੁੜ ਸਕਦਾ :

ਹੋਰੁ ਬਿਰਹਾ ਸਭ ਧਾਤੁ ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ॥
ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ॥ (ਅੰਗ ੮੩)

ਅਸਲ ਵਿਚ ਪ੍ਰਭੂ ਦੇ ਨਾਮ ਤੋਂ ਸੱਖਣਾ ਸਾਰਾ ਜਗਤ ਮੋਹ ਵਿਚ ਫਸਿਆ ਹੋਇਆ ਹੈ। ਕੇਵਲ ਉਸਦੇ ਭਗਤ ਜਨ ਹੀ ਇਸ ਮੋਹ-ਮਾਇਆ ਤੋਂ ਨਿਰਲੇਪ ਰਹਿੰਦੇ ਹਨ ਭਾਵ ਉਨ੍ਹਾਂ ਨੂੰ ਮੋਹ ਵਿਆਪਦਾ ਨਹੀਂ। ਇਸ ਸਬੰਧ ਵਿਚ ਭਗਤ ਰਵਿਦਾਸ ਜੀ ਦਾ ਕਿੰਨਾ ਸੁੰਦਰ ਕਥਨ ਹੈ :

ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ॥
(ਰਾਗੁ ਸੋਰਠਿ, ਅੰਗ ੬੫੮)

ਗੁਰੂ ਅਮਰਦਾਸ ਜੀ ਦੇ ਰਾਗੁ ਗਉੜੀ ਵਿਚ ਬਚਨ ਹਨ :

ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ॥
ਜਾ ਹਿਰਦੈ ਵਸਿਆ ਸਚੁ ਸੋਇ॥ (ਅੰਗ ੨੩੨)

ਮੋਹ ਵਿਚ ਫਸੇ ਹੋਏ ਜੀਵ ਦਾ ਜੋ ਅੰਤ ਹੁੰਦਾ ਹੈ ਉਸ ਬਾਰੇ ਰਾਗੁ ਗਉੜੀ ਸੁਖਮਨੀ ਵਿਚ ਗੁਰੂ ਅਰਜਨ ਦੇਵ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਦਰਸਾਇਆ ਹੈ :

ਜਬ ਲਗੁ ਮੋਹ ਮਗਨ ਸੰਗਿ ਮਾਇ॥
ਤਬ ਲਗੁ ਧਰਮ ਰਾਇ ਦੇਇ ਸਜਾਇ॥ (ਅੰਗ ੨੭੮)

ਰਾਗੁ ਸਾਰਗ ਕੀ ਵਾਰ ਵਿਚ ਗੁਰੂ ਰਾਮਦਾਸ ਜੀ ਦੇ ਬੜੇ ਅਨਮੋਲ ਬਚਨ ਹਨ ਕਿ ਪ੍ਰਾਣੀ ਇਸਤ੍ਰੀ, ਪੁੱਤਰਾਂ ਭਾਵ ਆਪਣੇ ਪਰਿਵਾਰ ਨੂੰ ਬੜਾ ਮੋਹ-ਪਿਆਰ ਕਰਦਾ ਹੈ।

ਮੋਹ-ਵੱਸ ਹੋ ਕੇ ਦੇਸੋਂ ਪ੍ਰਦੇਸੋਂ ਕਮਾ ਕੇ ਉਨ੍ਹਾਂ ਨੂੰ ਖੁਆਉਂਦਾ ਹੈ। ਠੱਗੀ ਮਾਰ ਕੇ ਇਕੱਤਰ ਕੀਤਾ ਹੋਇਆ ਇਹ ਧਨ ਅੰਤ ਨੂੰ ਵੈਰ-ਵਿਰੋਧ ਦਾ ਕਾਰਨ ਬਣਦਾ ਹੈ ਜਿਸ ਤੋਂ ਫਿਰ ਕੋਈ ਛੁਡਾ ਨਹੀਂ ਸਕਦਾ। ਇਸ ਲਈ ਨਾਮ ਤੋਂ ਬਿਨਾਂ ਕਿਸੇ ਹੋਰ ਨਾਲ ਮੋਹ ਪਾਉਣ ਦਾ ਕੀ ਲਾਭ, ਜਿਸ ਨਾਲ ਦੁੱਖ ਹੀ ਭੋਗਣੇ ਪੈਂਦੇ ਹੋਣ :

ਇਸਤਰੀ ਪੁਰਖੈ ਬਹੁ ਪ੍ਰੀਤਿ ਮਿਲਿ ਮੋਹੁ ਵਧਾਇਆ॥
ਪੁਤ੍ਰੁ ਕਲਤ੍ਰੁ ਨਿਤ ਵੇਖੈ ਵਿਗਸੈ ਮੋਹਿ ਮਾਇਆ॥
ਦੇਸਿ ਪਰਦੇਸਿ ਧਨੁ ਚੋਰਾਇ ਆਣਿ ਮੁਹਿ ਪਾਇਆ॥
ਅੰਤਿ ਹੋਵੈ ਵੈਰ ਵਿਰੋਧੁ ਕੋ ਸਕੈ ਨ ਛਡਾਇਆ॥
ਨਾਨਕ ਵਿਣੁ ਨਾਵੈ ਧ੍ਰਿਗੁ ਮੋਹੁ ਜਿਤੁ ਲਗਿ ਦੁਖੁ ਪਾਇਆ॥

(ਅੰਗ ੧੨੪੯-੫੦)

ਗੁਰੂ ਅਮਰਦਾਸ ਜੀ ਦਾ ਰਾਗੁ ਵਡਹੰਸੁ ਵਿਚ ਫ਼ਰਮਾਨ ਹੈ ਕਿ ਮੋਹ-ਮਾਇਆ ਵਿਚ ਫਸ ਕੇ ਪ੍ਰਾਣੀ ਆਵਾਗਵਣ ਦੇ ਚੱਕਰ ਵਿਚ ਪਿਆ ਰਹਿੰਦਾ ਹੈ :

ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ॥

(ਅੰਗ ੫੭੦)

ਮੋਹ ਅਤੇ ਹਉਮੈ ਦੇ ਕਾਰਨ ਜੀਵ ਸਹੀ ਜੀਵਨ ਤੋਂ ਭਟਕ ਕੇ ਕੁਰਾਹੇ ਪੈ ਜਾਂਦਾ ਹੈ। ਮੇਰੀ ਮਾਇਆ ਮੇਰੀ ਮਾਇਆ ਕਰਦਾ ਆਤਮਿਕ ਜੀਵਨ ਤੋਂ ਵੀ ਹੱਥ ਧੋ ਬੈਠਦਾ ਹੈ। ਅੰਤ ਹੌਲੀ-ਹੌਲੀ ਇਹ ਸਰੀਰ ਅਤੇ ਧਨ-ਦੌਲਤ ਸਭ ਨਾਸ ਹੋ ਜਾਂਦੇ ਹਨ ਅਤੇ ਫਿਰ ਮਨੁੱਖ ਪਛਤਾਉਂਦਾ ਹੈ ਜਦੋਂ ਕਿ ਸਮਾਂ ਵਿਹਾਜ ਚੁਕਿਆ ਹੁੰਦਾ ਹੈ। ਹੁਣ ਤਾਂ ਕੇਵਲ ਪੱਲੇ ਫਿਟਕਾਰਾਂ ਹੀ ਰਹਿ ਜਾਂਦੀਆਂ ਹਨ। ਗੁਰਵਾਕ ਹੈ :

ਜੇਤਾ ਮੋਹੁ ਹਉਮੈ ਕਰਿ ਭੂਲੇ ਮੇਰੀ ਮੇਰੀ ਕਰਤੇ ਛੀਨਿ ਖਰੇ॥
ਤਨੁ ਧਨੁ ਬਿਨਸੈ ਸਹਸੈ ਸਹਸਾ ਫਿਰਿ ਪਛੁਤਾਵੈ ਮੁਖਿ ਧੂਰਿ ਪਰੇ॥

(ਰਾਗੁ ਮਾਰੂ ਮਹਲਾ ੧, ਅੰਗ ੧੦੧੪)

ਜੀਵ ਦਾ ਇਸ ਸੰਸਾਰ ਤੇ ਆਉਣਾ ਤਾਂ ਹੀ ਮੁਬਾਰਕ ਹੈ ਜੇਕਰ ਉਹ ਆਪਣੇ ਅਸਲੇ ਨੂੰ ਪਛਾਣ ਕੇ ਮਾਲਕ ਪ੍ਰਭੂ ਵਿਚ ਅਭੇਦ ਹੋ ਸਕੇ। ਇਸ ਮਨੋਰਥ ਦੀ ਪੂਰਤੀ ਲਈ ਇਹ ਜ਼ਰੂਰੀ ਹੈ ਕਿ ਮਨੁੱਖ ਆਪਣੇ ਹਿਰਦੇ ਘਰ ਵਿਚ ਸੱਚੇ ਨਾਮ ਦਾ ਵਾਸਾ ਕਰੇ ਤਾਂ ਕਿ ਉਹ ਮੋਹ-ਮਾਇਆ, ਵਿਕਾਰਾਂ ਅਤੇ ਦੁਨਿਆਵੀ ਬੰਧਨਾਂ ਤੋਂ ਛੁਟਕਾਰਾ ਪਾ ਸਕੇ। ਰਾਗੁ ਆਸਾ ਵਿਚ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ :

ਮੋਹੁ ਕੁਟੰਬੁ ਮੋਹੁ ਸਭ ਕਾਰ॥
ਮੋਹੁ ਤੁਮ ਤਜਹੁ ਸਗਲ ਵੇਕਾਰ॥
ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ॥
ਸਾਚੁ ਨਾਮੁ ਰਿਦੇ ਰਵੈ ਸਰੀਰ॥ *(ਅੰਗ ੩੫੬)*

ਇਸੇ ਮੋਹ ਵਿਚ ਸਾਰਾ ਸੰਸਾਰ ਡੁੱਬਾ ਪਿਆ ਹੈ। ਕੋਈ ਵਿਰਲਾ ਮਨੁੱਖ ਹੈ ਜੋ ਗੁਰੂ ਦੇ ਦੱਸੇ ਮਾਰਗ ਤੇ ਚਲਦਾ ਹੋਇਆ ਇਸ ਮੋਹ ਦੇ ਭਵ-ਸਾਗਰ ਤੋਂ ਪਾਰ ਲੰਘਦਾ ਹੈ। ਇਹ ਮੋਹ ਪ੍ਰਾਣੀ ਨੂੰ ਜਨਮ ਮਰਨ ਦੇ ਗੇੜ ਵਿਚ ਪਾਈ ਰੱਖਦਾ ਹੈ। ਇਸ ਮੋਹ ਕਾਰਨ ਪ੍ਰਾਣੀ ਨਰਕਾਂ ਵਿਚ ਧੱਕਿਆ ਜਾਂਦਾ ਹੈ ਅਤੇ ਜਮਰਾਜ ਦੇ ਵਸ ਪੈਂਦਾ ਹੈ :

ਏਤੁ ਮੋਹਿ ਡੂਬਾ ਸੰਸਾਰੁ ॥
ਗੁਰਮੁਖਿ ਕੋਈ ਉਤਰੈ ਪਾਰਿ ॥
ਏਤੁ ਮੋਹਿ ਫਿਰਿ ਜੂਨੀ ਪਾਹਿ ॥
ਮੋਹੇ ਲਾਗਾ ਜਮ ਪੁਰਿ ਜਾਹਿ ॥

(ਰਾਗੁ ਆਸਾ ਮਹਲਾ ੧, ਅੰਗ ੩੫੬)

ਪ੍ਰੰਤੂ ਇਸ ਤੋਂ ਇਹ ਭਾਵ ਨਹੀਂ ਕਿ ਪ੍ਰਾਣੀ ਨੇ ਪਰਿਵਾਰਕ ਜੀਵਨ ਅਤੇ ਸਭ ਕੰਮ-ਕਾਜ ਤਿਆਗ ਕੇ ਸੰਸਾਰ ਤੋਂ ਮੂੰਹ ਮੋੜ ਲੈਣਾ ਹੈ। ਗੁਰਮਤਿ ਅਨੁਸਾਰ ਇਹ ਜਗਤ ਤਾਂ ਸੱਚੇ ਪ੍ਰਭੂ ਦਾ ਨਿਵਾਸ ਅਸਥਾਨ ਹੈ ਭਾਵ ਪ੍ਰਭੂ ਦਾ ਸਾਰੇ ਜਗਤ ਵਿਚ ਵਾਸਾ ਹੈ। ਉਹ ਹਰ ਥਾਂ ਮੌਜੂਦ ਹੈ :

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥

(ਸਲੋਕ ਮਹਲਾ ੨, ਆਸਾ ਦੀ ਵਾਰ ਮਹਲਾ ੧, ਅੰਗ ੪੬੩)

ਇਸ ਲਈ 'ਦਾਤਿ ਪਿਆਰੀ ਵਿਸਰਿਆ ਦਾਤਾਰ' ਵਾਲੀ ਗੱਲ ਨਹੀਂ ਹੋਣੀ ਚਾਹੀਦੀ। ਦੁਨਿਆਵੀ ਲਾਲਸਾਵਾਂ ਵਿਚ ਮਨੁੱਖ ਨੂੰ ਖਚਿਤ ਨਹੀਂ ਹੋਣਾ ਚਾਹੀਦਾ ਸਗੋਂ ਵਾਹਿਗੁਰੂ ਦੀਆਂ ਦਿੱਤੀਆਂ ਦਾਤਾਂ ਵਿਚੋਂ ਜੇਕਰ ਕੋਈ ਦਾਤ ਖੁੱਸ ਜਾਂਦੀ ਹੈ ਤਾਂ ਮੋਹ-ਵਸ ਹੋ ਕੇ ਚਿੰਤਾ ਵਿਚ ਨਹੀਂ ਪੈਣਾ ਚਾਹੀਦਾ। ਇਸ ਸਬੰਧ ਵਿਚ ਭਗਤ ਕਬੀਰ ਜੀ ਪ੍ਰਾਣੀ ਨੂੰ ਸੁਚੇਤ ਕਰਦੇ ਹੋਏ ਫ਼ੁਰਮਾ ਰਹੇ ਹਨ :

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥

(ਸਲੋਕ ਨੰਬਰ ੨੦੩, ਅੰਗ ੧੩੭੫)

ਜਦੋਂ ਮਨੁੱਖੀ ਮਨ ਦੀ ਇਹ ਅਵਸਥਾ ਬਣ ਜਾਂਦੀ ਹੈ ਤਾਂ ਨਿਸ਼ਚੇ ਹੀ ਪ੍ਰਾਣੀ ਆਪਾ-ਭਾਵ ਤਿਆਗ ਕੇ ਮੋਹ ਦੇ ਚੱਕਰ 'ਚੋਂ ਮੁਕਤ ਹੋ ਜਾਂਦਾ ਹੈ :

ਮੋਹ ਮਾਨ ਭ੍ਰਮੁ ਬਿਨਸਿਓ ਪਾਈ ਸਰਨਿ ਦਇਆਲ ॥
ਚਰਨ ਕਮਲ ਮਨਿ ਤਨਿ ਬਸੇ ਦਰਸਨੁ ਦੇਖਿ ਨਿਹਾਲ ॥

(ਰਾਗੁ ਥਿਤੀ ਗਉੜੀ ਮਹਲਾ ੫, ਅੰਗ ੨੯੮)

ਅਥਵਾ :

ਬਿਨਸੇ ਭ੍ਰਮ ਮੋਹ ਅੰਧ ਟੂਟੇ ਮਾਇਆ ਕੇ ਬੰਧ
ਪੂਰਨ ਸਰਬਤ੍ਰ ਠਾਕੁਰ ਨਹ ਕੋਊ ਬੈਰਾਈ ॥
ਸੁਆਮੀ ਸੁਪ੍ਰਸੰਨ ਭਏ ਜਨਮ ਮਰਨ ਦੋਖ ਗਏ
ਸੰਤਨ ਕੈ ਚਰਨ ਲਾਗਿ ਨਾਨਕ ਗੁਨ ਗਾਈ ॥

(ਰਾਗੁ ਸਾਰਗ ਮਹਲਾ ੫, ਅੰਗ ੧੨੩੦)

ਪੂਰਨ ਸਰਬਤ੍ਰ ਤੋਂ ਅਰਥ ਹੈ ਸਭਨੀਂ ਥਾਈਂ ਵਿਆਪਕ।

(84)

ਅਹੰਕਾਰ

ਅਹੰਕਾਰ ਇਕ ਅਜਿਹਾ ਵਿਕਾਰ ਹੈ ਜੋ ਮਨੁੱਖ ਨੂੰ ਮਾਨਸਿਕ ਅਤੇ ਸਮਾਜਿਕ ਤੌਰ ਤੇ ਵਿਕਸਤ ਨਹੀਂ ਹੋਣ ਦਿੰਦਾ।

ਹੰਕਾਰ ਵਸ਼ ਹੋ ਕੇ ਮਨੁੱਖ ਆਪਣੇ ਆਪ ਨੂੰ ਦੂਜਿਆਂ ਨਾਲੋਂ ਵੱਡਾ ਅਤੇ ਸੂਰਮਾ ਸਮਝਦਾ ਹੈ। ਅਸਲ ਵਿਚ ਉਹ ਇਸ ਵਿਕਾਰ ਵਿਚ ਖਪ-ਖਪ ਕੇ ਦੁੱਖ ਹੀ ਭੋਗਦਾ ਹੈ। ਉਸ ਨੂੰ ਆਪਣੇ ਮੂਲ ਦੀ ਸੋਝੀ ਨਾ ਹੋਣ ਕਰਕੇ ਉਹ ਖੁਆਰ ਹੁੰਦਾ ਹੈ ਅਤੇ ਸਦਾ ਕ੍ਰੋਧ ਦੀ ਅੱਗ ਵਿਚ ਸੜਦਾ ਰਹਿੰਦਾ ਹੈ ਜਿਸ ਕਾਰਨ ਉਹ ਲੋਕ ਅਤੇ ਪ੍ਰਲੋਕ ਵਿਚ ਦੁੱਖ ਪਾਉਂਦਾ ਹੈ। ਉਸ ਨੂੰ ਨਾ ਕਦੀ ਇਸ ਜਗਤ ਵਿਚ ਸੁਖ ਮਿਲਦਾ ਹੈ ਅਤੇ ਨਾ ਹੀ ਅੱਗੇ ਜਾ ਕੇ ਦਰਗਾਹ ਵਿਚ ਢੋਈ ਮਿਲਦੀ ਹੈ। ਹੰਕਾਰ ਇਕ ਅਜਿਹਾ ਵਿਕਾਰ ਹੈ ਜੋ ਪ੍ਰਭੂ ਨੂੰ ਕਦੀ ਭਾਉਂਦਾ ਨਹੀਂ। ਹੰਕਾਰੀ ਮਨੁੱਖ ਦੀ ਕਦੀ ਗਤੀ ਨਹੀਂ ਹੁੰਦੀ ਅਤੇ ਉਹ ਆਵਾਗਵਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਮਾਰੂ ਕੀ ਵਾਰ ਮਹਲਾ ੩ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ :

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ॥
ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ॥
ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ॥
ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥
ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ॥

(ਪੰਨਾ ੧੦੮੯)

ਹੰਕਾਰੀ ਮਨੁੱਖ ਆਪਣੀ ਉਸਤਤਿ ਅਤੇ ਦੂਜਿਆਂ ਦੀ ਨਿੰਦਾ ਸੁਣ ਕੇ ਬੜਾ ਖੁਸ਼ ਹੁੰਦਾ ਹੈ। ਉਹ ਕਿਸੇ ਦੀ ਵਡਿਆਈ ਨਹੀਂ ਸੁਣ ਸਕਦਾ। ਹਰਣਾਖ਼ਸ਼ ਦੀ ਉਦਾਹਰਣ ਸਾਡੇ ਸਾਹਮਣੇ ਹੈ। ਇਹ ਵੀ ਅਸੀਂ ਸਾਰੇ ਜਾਣਦੇ ਹਾਂ ਕਿ ਭਗਤ ਨਾਮਦੇਵ ਜੀ ਨੂੰ ਜਾਤ-ਅਭਿਮਾਨੀਆਂ ਅਤੇ ਨਿੰਦਕਾਂ ਨੇ ਮੰਦਰ ਵਿਚੋਂ ਕਿਵੇਂ ਧੱਕੇ ਮਾਰ ਕੇ ਕੱਢਿਆ ਸੀ ਪ੍ਰੰਤੂ ਜੈ-ਜੈ ਕਾਰ ਸਦਾ ਰੱਬ ਦੇ ਪਿਆਰਿਆਂ ਦੀ ਹੁੰਦੀ ਹੈ। ਹੰਕਾਰੀਆਂ ਤੇ ਨਿੰਦਕਾਂ ਨੂੰ ਸਦਾ ਫਿਟਕਾਰਾਂ ਹੀ ਪੈਂਦੀਆਂ ਹਨ :

ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥

(ਰਾਗੁ ਆਸਾ ਮਹਲਾ ੪, ਅੰਗ ੪੫੧)

ਬਾਣੀ ਸਲੋਕ ਸਹਸਕ੍ਰਿਤੀ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਪਾਪੀ ਅਹੰਕਾਰ ਦੇ ਕਾਰਣ ਜੀਵ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ ਅਤੇ ਅਨੇਕਾਂ ਦੁੱਖ ਭੋਗਦੇ ਹਨ। ਅਜਿਹੇ ਭਿਆਨਕ ਰੋਗਾਂ ਵਿਚ ਫਸ ਜਾਂਦੇ ਹਨ ਜਿਨ੍ਹਾਂ ਦਾ ਕੋਈ

ਇਲਾਜ ਨਹੀਂ :

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥
ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ ॥
ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ ॥
ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ ॥

(ਸਲੋਕ ਸਹਸਕ੍ਰਿਤੀ ਮਹਲਾ ੫, ਅੰਗ ੧੩੫੮)

ਪਾਪਾਤਮਾ ਤੋਂ ਅਰਥ ਹੈ ਪਾਪੀ। ਅਸਾਧ ਰੋਗਣਹ—ਜਿਸ ਰੋਗ ਦਾ ਕੋਈ ਇਲਾਜ ਨਾ ਹੋਵੇ।

ਅਥਵਾ :

ਜੇ ਕੋ ਬਹੁਤੁ ਕਰੇ ਅਹੰਕਾਰੁ ॥
ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ ॥

(ਰਾਗੁ ਗੋਂਡ ਮਹਲਾ ੫, ਅੰਗ ੮੬੮)

ਭਾਵ ਜੋ ਮਨੁੱਖ ਆਪਣੀ ਤਾਕਤ ਦਾ ਬੜਾ ਮਾਣ ਅਤੇ ਹੰਕਾਰ ਕਰਦਾ ਹੈ ਉਸ ਨੂੰ ਮਿੱਟੀ ਵਿਚ ਮਿਲਣ ਲੱਗਿਆਂ ਇਕ ਪਲ ਨਹੀਂ ਲਗਦਾ।

ਦੁਨਿਆਵੀ ਧਨ-ਦੌਲਤ ਮਨੁੱਖ ਅੰਦਰ ਬੜਾ ਹੰਕਾਰ ਪੈਦਾ ਕਰਦੇ ਹਨ। ਪ੍ਰਾਣੀ ਆਪਣੇ ਆਪ ਨੂੰ ਧਨਾਢ ਸਮਝਣ ਲੱਗ ਪੈਂਦਾ ਹੈ। ਹਰ ਵੇਲੇ ਅਭਿਮਾਨ ਅਤੇ ਹੰਕਾਰ ਵਿਚ ਆਫਰਿਆ ਰਹਿਣ ਕਰਕੇ ਉਸਦੀ ਪ੍ਰਭੂ ਨਾਲੋਂ ਲਿਵ ਟੁੱਟੀ ਰਹਿੰਦੀ ਹੈ। ਫਿਰ ਉਸ ਨੂੰ ਕਿਧਰੇ ਮਾਣ ਜਾਂ ਢੋਈ ਨਹੀਂ ਮਿਲਦੀ। ਰਾਗੁ ਧਨਾਸਰੀ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ :

ਬਿਖਿਆ ਕਾ ਧਨੁ ਬਹੁਤੁ ਅਭਿਮਾਨੁ ॥
ਅਹੰਕਾਰਿ ਡੂਬੈ ਨ ਪਾਵੈ ਮਾਨੁ ॥ *(ਅੰਗ ੬੬੬)*

ਰਾਗੁ ਭੈਰਉ ਵਿਚ ਭਗਤ ਕਬੀਰ ਜੀ ਨੇ ਕਿੰਨਾ ਸੁੰਦਰ ਵਿਚਾਰ ਦਿੱਤਾ ਹੈ ਕਿ ਰਾਵਣ ਦਾ ਲੰਕਾ ਵਿਚ ਸੋਨੇ ਦਾ ਕਿਲ੍ਹਾ ਬਣਿਆ ਹੋਇਆ ਦੱਸਿਆ ਜਾਂਦਾ ਹੈ ਪਰ ਇਸ ਤੇ ਮਾਣ ਕਰਨ ਵਾਲਾ ਮੂਰਖ ਰਾਵਣ ਅੰਤ ਵੇਲੇ ਆਪਣੇ ਨਾਲ ਕੁਝ ਵੀ ਲੈ ਕੇ ਨਾ ਗਿਆ :

ਲੰਕਾ ਗਢੁ ਸੋਨੇ ਕਾ ਭਇਆ ॥
ਮੂਰਖੁ ਰਾਵਨੁ ਕਿਆ ਲੇ ਗਇਆ ॥ *(ਅੰਗ ੧੧੫੮)*

ਆਪ ਜੀ ਦਾ ਰਾਗੁ ਆਸਾ ਵਿਚ ਵੀ ਫ਼ਰਮਾਨ ਹੈ :

ਇਕੁ ਲਖੁ ਪੂਤ ਸਵਾ ਲਖੁ ਨਾਤੀ ॥
ਤਿਹ ਰਾਵਨ ਘਰ ਦੀਆ ਨ ਬਾਤੀ ॥ *(ਅੰਗ ੪੮੧)*

ਜਦੋਂ ਤੱਕ ਹੰਕਾਰ ਵਸ ਪ੍ਰਾਣੀ ਦੇ ਮਨ ਤੇ ਮਾਇਆ ਦੀ ਮੈਲ ਟਿਕੀ ਰਹਿੰਦੀ ਹੈ, ਇਹ ਮੋਹ-ਮਾਇਆ ਦੇ ਕਾਰਨ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ ਅਤੇ ਦੁੱਖ ਭੋਗਦਾ ਹੈ। ਗੁਰਵਾਕ ਹੈ :

ਗੁਣ ਵਿਹੂਣ ਮਾਇਆ ਮਲੁ ਧਾਰੀ॥
ਵਿਣੁ ਗੁਣ ਜਨਮਿ ਮੁਏ ਅਹੰਕਾਰੀ॥

(ਰਾਗੁ ਆਸਾ ਮਹਲਾ ੪, ਅੰਗ ੩੬੭)

ਗੁਰੂ ਤੇਗ ਬਹਾਦਰ ਜੀ ਦੇ ਬਚਨ ਹਨ ਕਿ ਮਨੁੱਖ ਸਰੀਰ ਤੇ ਐਨਾ ਮਾਣ ਕਰਦਾ ਹੈ ਕਿ ਇਹ ਸਰੀਰ ਮੇਰਾ ਆਪਣਾ ਹੈ ਪਰ ਇਸ ਸਰੀਰ ਦੇ ਨਾਸ ਹੋਣ ਲੱਗਿਆਂ ਇਕ ਪਲ ਨਹੀਂ ਲਗਦਾ :

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ॥

(ਸਲੋਕ ਨੰਬਰ ੪੨, ਅੰਗ ੧੪੨੮)

ਬਾਬਾ ਫਰੀਦ ਜੀ ਦੇ ਸਲੋਕਾਂ ਵਿਚ ਗੁਰੂ ਅਰਜਨ ਦੇਵ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਇਸ ਗੱਲ ਦਾ ਨਿਰਣਾ ਕਰ ਰਹੇ ਹਨ ਕਿ ਜੋ ਲੋਕ ਆਪਣੇ ਵਡੱਪਣ, ਧਨ ਜਾਂ ਜੁਆਨੀ ਦਾ ਮਾਣ ਕਰਦੇ ਹਨ ਉਨ੍ਹਾਂ ਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ। ਉਹ ਉਸੇ ਤਰ੍ਹਾਂ ਨਾਮ ਤੋਂ ਸੱਖਣੇ ਰਹਿ ਜਾਂਦੇ ਹਨ ਜਿਵੇਂ ਮੀਂਹ ਪੈਣ ਪਿਛੋਂ ਪਾਣੀ ਤੋਂ ਉੱਚੇ ਟਿੱਬੇ :

ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ॥
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ॥ *(ਅੰਗ ੧੩੮੩)*

ਮਨ ਨੂੰ ਸਤਿਗੁਰੂ ਦੇ ਚਰਨਾਂ ਵਿਚ ਜੋੜੇ ਬਿਨਾਂ ਪ੍ਰਾਣੀ ਸਦਾ ਭਟਕਦਾ ਰਹਿੰਦਾ ਹੈ ਅਤੇ ਆਪਣੀ ਸਾਰੀ ਸੂਝ-ਬੂਝ ਗੁਆ ਬੈਠਦਾ ਹੈ ਜਿਸ ਕਾਰਨ ਮਨ ਵਿਚੋਂ ਹੰਕਾਰ ਦੂਰ ਨਹੀਂ ਹੁੰਦਾ ਅਤੇ ਤ੍ਰਿਸ਼ਨਾ ਤੇ ਮਾਇਆ ਦੀ ਭੁੱਖ ਉਸ ਨੂੰ ਸਤਾਉਂਦੀ ਰਹਿੰਦੀ ਹੈ ਭਾਵ ਉਸਦੀ ਕਿਧਰੇ ਵੀ ਤ੍ਰਿਪਤੀ ਨਹੀਂ ਹੁੰਦੀ ਅਤੇ ਮਾਇਆ ਲਈ ਉਸਦੀ ਹੋਰ ਭੁੱਖ ਵਧਦੀ ਜਾਂਦੀ ਹੈ। ਫ਼ਰਮਾਨ ਹੈ :

ਬਿਨੁ ਸਤਿਗੁਰ ਸੋਝੀ ਨਾ ਪਵੈ ਅਹੰਕਾਰੁ ਨ ਵਿਚਹੁ ਜਾਇ॥
ਅਹੰਕਾਰੀਆ ਨੋ ਦੁਖ ਭੁਖ ਹੈ ਹਥੁ ਤਡਹਿ ਘਰਿ ਘਰਿ ਮੰਗਾਇ॥

(ਰਾਗੁ ਗਉੜੀ ਕੀ ਵਾਰ ਮਹਲਾ ੪, ਪੰਨਾ ੩੦੩)

ਇੰਜ ਹੰਕਾਰ ਅਤੇ ਤ੍ਰਿਸ਼ਨਾ ਵਰਗੇ ਰੋਗ ਲੱਗਣ ਕਾਰਨ ਮਨੁੱਖ ਆਪਣਾ ਜੀਵਨ ਵਿਅਰਥ ਗੁਆ ਲੈਂਦਾ ਹੈ ਅਤੇ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਹੰਕਾਰ ਨਾਲ ਭਰਿਆ ਹੋਇਆ ਹੀ ਇਸ ਸੰਸਾਰ ਤੋਂ ਤੁਰ ਜਾਂਦਾ ਹੈ ਅਤੇ ਅੰਤ ਨੂੰ ਫਿਰ ਪਛਤਾਉਂਦਾ ਹੈ :

ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ॥
ਮਨਮੁਖ ਮੁਗਧ ਚੇਤਹਿ ਨਾਹੀ ਅਗੈ ਗਇਆ ਪਛੁਤਾਵਹੇ॥
ਇਉ ਕਹੈ ਨਾਨਕੁ ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਵਹੇ॥

(ਰਾਗੁ ਆਸਾ ਮਹਲਾ ੩, ਛੰਤ, ਅੰਗ ੪੪੧)

ਹੰਕਾਰ ਕਾਰਨ ਮਨੁੱਖ ਕਦੀ ਕਿਸੇ ਨਾਲ ਸਾਂਝ ਨਹੀਂ ਪਾਉਂਦਾ। ਦੂਜਿਆਂ ਨਾਲ ਬਿਗਾਨਿਆਂ ਵਾਲਾ ਵਰਤਾਓ ਕਰਦਾ ਹੈ ਭਾਵ ਉਹ ਕਿਸੇ ਨਾਲ ਇਕੱਠੇ ਹੋ ਕੇ ਬੈਠਦਾ ਨਹੀਂ। ਆਪਣੇ ਆਪ ਨੂੰ ਸਦਾ ਵੱਖਰਾ ਅਨੁਭਵ ਕਰਦਾ ਹੈ। ਅਜਿਹੇ ਬਾਵਰੇ ਮਨੁੱਖ ਦੀ ਦਸ਼ਾ ਬਾਰੇ ਗੁਰੂ ਪੰਚਮ ਪਾਤਸ਼ਾਹ ਫ਼ੁਰਮਾ ਰਹੇ ਹਨ :

ਜਬ ਇਹੁ ਮਨ ਮਹਿ ਕਰਤ ਗੁਮਾਨਾ॥
ਤਬ ਇਹੁ ਬਾਵਰੁ ਫਿਰਤ ਬਿਗਾਨਾ॥ *(ਰਾਗੁ ਗਉੜੀ, ਅੰਗ ੨੩੫)*

ਗੁਰੂ ਅਮਰਦਾਸ ਜੀ ਰਾਗੁ ਆਸਾ ਵਿਚ ਮਨੁੱਖ ਨੂੰ ਇਸ ਗੱਲ ਦੀ ਸੋਝੀ ਕਰਵਾ ਰਹੇ ਹਨ ਕਿ ਆਪਣੀ ਸਿਆਣਪ ਦਾ ਕਦੀ ਹੰਕਾਰ ਨਹੀਂ ਕਰਨਾ ਚਾਹੀਦਾ ਸਗੋਂ ਆਪਣੇ ਆਪ ਨੂੰ ਨਿਤਾਣਾ ਤੇ ਨਿਮਾਣਾ ਸਮਝ ਕੇ ਲਿਵ ਨੂੰ ਪ੍ਰਭੂ ਚਰਨਾਂ ਵਿਚ ਜੋੜੀ ਰੱਖਣਾ ਚਾਹੀਦਾ ਹੈ :

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ॥
(ਪੰਨਾ ੪੪੧)

ਜਦੋਂ ਪ੍ਰਾਣੀ ਅਭਿਮਾਨ ਅਤੇ ਹੰਕਾਰ ਨੂੰ ਮਿਟਾ ਕੇ ਸਭ ਦੀ ਚਰਨ-ਧੂੜ ਹੋ ਗਿਆ ਫਿਰ ਇਸਦੇ ਮਨ ਦੇ ਬੰਦ ਪਏ ਕਿਵਾੜ ਖੁਲ੍ਹ ਜਾਂਦੇ ਹਨ ਅਤੇ ਪ੍ਰਭੂ ਨੂੰ ਇਹ ਘਟ ਘਟ ਵਿਚ ਪਾ ਲੈਂਦਾ ਹੈ :

ਜਬ ਇਹੁ ਹੂਆ ਸਗਲ ਕੀ ਰੀਨਾ॥
ਤਾ ਤੇ ਰਮਈਆ ਘਟਿ ਘਟਿ ਚੀਨਾ॥
(ਰਾਗੁ ਗਉੜੀ ਮਹਲਾ ੫, ਅੰਗ ੨੩੫)

ਇੰਜ ਫਿਰ ਮਨ ਆਤਮਿਕ ਅਨੰਦ ਦੀ ਅਵਸਥਾ ਵਿਚ ਆ ਜਾਂਦਾ ਹੈ। ਦੋਨੋਂ ਤਨ ਅਤੇ ਮਨ ਵਿਕਾਰਾਂ ਤੋਂ ਰਹਿਤ ਅਤੇ ਨਰੋਏ ਹੋ ਜਾਂਦੇ ਹਨ :

ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ॥
ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ॥
(ਰਾਗੁ ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੬੦)

ਗੁਰੂ ਨਾਨਕ ਦੇਵ ਜੀ ਦੇ ਬਾਣੀ ਸਿਧ ਗੋਸਟਿ ਵਿਚ ਬਚਨ ਹਨ ਕਿ ਜਦੋਂ ਮਨੁੱਖ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਵਸਾਉਂਦਾ ਹੈ ਤਾਂ ਸ਼ਬਦ ਦੀ ਬਰਕਤ ਨਾਲ ਮਨ ਵਿਚੋਂ ਮਾਇਆ ਦਾ ਤ੍ਰੈ ਗੁਣੀ ਪ੍ਰਭਾਵ ਮਿਟ ਜਾਂਦਾ ਹੈ ਅਤੇ ਉਸਦੇ ਮਨ ਵਿਚੋਂ ਹੰਕਾਰ ਜਾਂਦਾ ਰਹਿੰਦਾ ਹੈ :

ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ॥ *(ਅੰਗ ੯੪੪)*

ਜਦੋਂ ਮਨੁੱਖ ਦੇ ਮਨ ਵਿਚੋਂ ਹੰਕਾਰ ਦਾ ਨਾਸ਼ ਹੋ ਗਿਆ ਤਾਂ ਇਸ ਨੂੰ ਆਪਣੀ ਤਾਕਤ ਬਾਰੇ ਪਏ ਸ਼ੰਕੇ ਤੇ ਭੁਲੇਖੇ ਦੂਰ ਹੋ ਜਾਂਦੇ ਹਨ ਅਤੇ ਗੁਰੂ ਦੀ ਕਿਰਪਾ ਨਾਲ ਮਨ ਵਿਚ ਸਰਬ ਸ਼ਕਤੀਮਾਨ ਪਰਮਾਤਮਾ ਦਾ ਪ੍ਰਕਾਸ਼ ਹੋ ਜਾਂਦਾ ਹੈ। ਗੁਰਵਾਕ ਹੈ :

ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ॥
(ਰਾਗੁ ਮਾਝ ਮਹਲਾ ੫, ਅੰਗ ੧੦੪)

ਗੁਰੂ ਰਾਮਦਾਸ ਜੀ ਅਜਿਹੇ ਪ੍ਰਾਣੀ ਨੂੰ ਸੂਰਮਾ ਅਤੇ ਬਲਵਾਨ ਆਖਦੇ ਹਨ ਜਿਸ ਨੇ ਆਪਣੇ ਮਨ ਵਿਚੋਂ ਦੁਸ਼ਟ ਹੰਕਾਰ ਨੂੰ ਮਾਰ ਕੱਢਿਆ ਹੈ :

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥
(ਸਲੋਕ ਮਹਲਾ ੩, ਸਿਰੀਰਾਗੁ ਕੀ ਵਾਰ ਮਹਲਾ ੪, ਪੰਨਾ ੮੬)

85 ਨਿੰਦਿਆ

ਨਿੰਦਿਆ ਤੋਂ ਭਾਵ ਹੈ ਕਿਸੇ ਦੀ ਚੁਗਲੀ ਜਾਂ ਬਖ਼ੀਲੀ ਕਰਨਾ, ਪਿੱਠ ਪਿੱਛੇ ਬਦਨਾਮੀ ਕਰਨਾ ਜਾਂ ਕਿਸੇ ਦੇ ਔਗੁਣ ਕੱਢਣਾ। ਜਿਵੇਂ 'ਹਉਮੈ ਦੀਰਘ ਰੋਗੁ ਹੈ' ਇਸੇ ਤਰ੍ਹਾਂ ਨਿੰਦਕ ਨੂੰ ਵੀ ਨਿੰਦਾ ਕਰਨ ਦੀ ਬੀਮਾਰੀ ਹੈ। ਰਾਗੁ ਗੋਂਡ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ :

1. ਨਿੰਦਕ ਕੈ ਮੁਖਿ ਕੀਨੋ ਰੋਗੁ॥ *(ਅੰਗ ੮੬੯)*

ਇਸੇ ਸ਼ਬਦ ਵਿਚ ਗੁਰੂ ਜੀ ਮਨੁੱਖ ਨੂੰ ਸਾਵਧਾਨ ਕਰਦੇ ਹੋਏ ਸਮਝਾ ਰਹੇ ਹਨ ਕਿ ਨਿੰਦਾ ਇਕ ਬੁਰਾਈ ਤੇ ਭੈੜਾ ਕਰਮ ਹੈ। ਜਿਸਨੂੰ ਇਸਦੀ ਵਾਦੀ ਇਕ ਵਾਰੀ ਪੈ ਜਾਂਦੀ ਹੈ ਇਸ ਤੋਂ ਫਿਰ ਪੱਲਾ ਛੁਡਾਉਣਾ ਮੁਸ਼ਕਲ ਹੋ ਜਾਂਦਾ ਹੈ। ਅਜਿਹੇ ਪ੍ਰਾਣੀ ਅਹੰਕਾਰ ਵਸ ਹੋ ਕੇ ਪ੍ਰਭੂ ਦੇ ਭਗਤਾਂ ਜਾਂ ਸੇਵਕਾਂ ਜਿਨ੍ਹਾਂ ਦਾ ਕਿਸੇ ਨਾਲ ਵੀ ਵੈਰ-ਵਿਰੋਧ ਨਹੀਂ ਹੁੰਦਾ, ਦੀ ਨਿੰਦਾ ਤੋਂ ਵੀ ਸੰਕੋਚ ਨਹੀਂ ਕਰਦੇ। ਹਰੀ ਦੇ ਸੇਵਕਾਂ ਦਾ ਤਾਂ ਭਾਵੇਂ ਨਿੰਦਕ ਕੁਝ ਨਹੀਂ ਵਿਗਾੜ ਸਕਦੇ ਪ੍ਰੰਤੂ ਆਪ ਉਹ ਨਰਕਾਂ ਵਿਚ ਜ਼ਰੂਰ ਪੈ ਜਾਂਦੇ ਹਨ :

ਜਨ ਨਿਰਵੈਰ, ਨਿੰਦਕ ਅਹੰਕਾਰੀ॥
ਜਨ ਭਲ ਮਾਨਹਿ, ਨਿੰਦਕ ਵੇਕਾਰੀ॥
ਗੁਰ ਕੈ ਸਿਖਿ ਸਤਿਗੁਰੂ ਧਿਆਇਆ॥
ਜਨ ਉਬਰੇ, ਨਿੰਦਕ ਨਰਕਿ ਪਾਇਆ॥ *(ਅੰਗ ੮੬੯)*

ਨਿੰਦਾ ਕਰਨ ਵਾਲੇ ਬੁਰੇ ਮਨੁੱਖ ਕਿਸੇ ਦੀ ਵਡਿਆਈ ਹੁੰਦੀ ਸਹਾਰ ਨਹੀਂ ਸਕਦੇ। ਉਨ੍ਹਾਂ ਨੂੰ ਕਿਸੇ ਹੋਰ ਦੀ ਭਲਿਆਈ ਚੰਗੀ ਨਹੀਂ ਲਗਦੀ :

ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ
ਓਨ੍ਾ ਪਰਾਇਆ ਭਲਾ ਨ ਸੁਖਾਈ॥

(ਰਾਗੁ ਬਿਲਾਵਲੁ ਮਹਲਾ ੪, ਅੰਗ ੮੫੦)

ਅਥਵਾ :

ਨਿੰਦਕੁ ਐਸੇ ਹੀ ਝਰਿ ਪਰੀਐ॥
ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ॥
ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ॥
ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ॥

(ਰਾਗੁ ਬਿਲਾਵਲੁ ਮਹਲਾ ੫, ਅੰਗ ੮੨੩)

ਭਾਵ ਨਿੰਦਕ ਦਾ ਜੀਵਨ ਉਸ ਕੱਲਰ ਦੀ ਬਣੀ ਹੋਈ ਕੰਧ ਵਾਂਗ ਹੈ ਜੋ ਝੜ ਝੜ ਕੇ ਥੱਲੇ ਡਿੱਗ ਪੈਂਦੀ ਹੈ ਭਾਵ ਨਿੰਦਕ ਕੱਲਰ ਦੀ ਕੰਧ ਵਾਂਗ ਜੀਵਨ ਆਦਰਸ਼ਾਂ ਤੋਂ ਗਿਰਿਆ ਹੋਇਆ ਹੁੰਦਾ ਹੈ। ਨਿੰਦਕ ਦੂਜਿਆਂ ਦੇ ਨੁਕਸ ਦੇਖ ਕੇ ਖ਼ੁਸ਼ ਹੁੰਦਾ ਹੈ ਪ੍ਰੰਤੂ

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ ॥
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ ॥
ਕੂਕ ਪੁਕਾਰ ਕੋ ਨ ਸੁਣੈ ਓਹੁ ਅਉਖਾ ਹੋਇ ਹੋਇ ਰੋਇਆ ॥
ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥
ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ ॥ (ਗਉੜੀ ਵਾਰ)

ਕਿਸੇ ਦੇ ਗੁਣ ਦੇਖ ਕੇ ਉਸ ਨੂੰ ਦੁੱਖ ਹੁੰਦਾ ਹੈ। ਦਿਨ-ਰਾਤ ਅੱਠੇ ਪਹਿਰ ਉਹ ਬੁਰਾਈ ਕਰਨ ਬਾਰੇ ਗੋਂਦਾ ਗੁੰਦਦਾ ਰਹਿੰਦਾ ਹੈ। ਉਸ ਨੂੰ ਇਸ ਵਿਚ ਸਫ਼ਲਤਾ ਤਾਂ ਨਹੀਂ ਮਿਲਦੀ ਪ੍ਰੰਤੂ ਉਹ ਆਪਣੀ ਆਤਮਿਕ ਮੌਤੇ ਜ਼ਰੂਰ ਮਰ ਜਾਂਦਾ ਹੈ।

ਛਿਦ੍ਰ ਤੋਂ ਅਰਥ ਹੈ ਨੁਕਸ। ਉਮਾਹੈ—ਖੁਸ਼ ਹੋਣਾ।

ਗੁਰੂ ਰਾਮਦਾਸ ਜੀ ਦੇ ਰਾਗੁ ਕਾਨੜਾ ਵਿਚ ਬਚਨ ਹਨ ਕਿ ਜੋ ਪ੍ਰਭੂ ਦੇ ਸੇਵਕਾਂ ਦੀ ਨਿੰਦਾ ਕਰਦੇ ਹਨ ਉਹ ਦੁਸ਼ਟ ਅਤੇ ਬੁਰੇ ਲੋਕ ਹਨ। ਹਰਨਾਖ਼ਸ਼ ਵਾਂਗ ਉਨ੍ਹਾਂ ਦਾ ਬੁਰਾ ਹਾਲ ਹੁੰਦਾ ਹੈ :

ਜੋ ਨਿੰਦਾ ਦੁਸਟ ਕਰਹਿ ਭਗਤਾ ਕੀ
ਹਰਨਾਖਸ ਜਿਉ ਪਚਿ ਜਾਵੈਗੋ ॥ (ਅੰਗ ੧੩੦੯)

ਦਖੀ ਨੂੰਧੀ ਧਾੜੀ ਪਾਖੰਡੀ ਪਰਾਮ ॥
ਨਿੰਦਾ ਕਰਤੇ ਕਾਲਮੁ ... ਸਿਮਰਹਿ ਰਾਮਾ ॥
— ਕਬੀਰ ਜੀ।

ਅਥਵਾ :

ਜੇ ਕੋਈ ਨਿੰਦ ਕਰੇ ਹਰਿ ਜਨ ਕੀ
ਅਪੁਨਾ ਗੁਨੁ ਨ ਗਵਾਵੈ ॥

(ਰਾਗੁ ਬੈਰਾੜੀ ਮਹਲਾ ੪, ਅੰਗ ੭੧੯)

ਪੂਰੇ ਸੰਤ ਦੀ ਨਿੰਦਾ ਕੀਤਿਆਂ ਮਨੁੱਖ ਜਨਮ-ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ :

ਸੰਤ ਸਰਣਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ ॥
ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੭੯)

ਸੰਤ ਕੀ ਨਿੰਦਾ ਕਰਹੁ ਨ ਕੋਇ ॥
ਜੋ ਨਿੰਦੈ ਤਿਸ ਕਾ ਪਤਨੁ ਹੋਇ ॥

(ਰਾਗੁ ਗੋਂਡ ਮਹਲਾ ੫, ਅੰਗ ੮੬੭)

ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮ
ਲੋਹਾ ਕੰਚਨ ਸਮ ਕਰ ਜਾਨਹਿ ਤੇ ਮੂ

ਕਿਉਂਕਿ

ਸੋਈ ਸੰਤੁ ਜਿ ਭਾਵੈ ਰਾਮ ॥
ਸੰਤ ਗੋਬਿੰਦ ਕੈ ਏਕੈ ਕਾਮ ॥ (ਅੰਗ ੮੬੭)

ਭਾਵ ਜੋ ਪ੍ਰਾਣੀ ਪਰਮਾਤਮਾ ਨੂੰ ਪਿਆਰਾ ਲਗਦਾ ਹੈ ਉਹੀ ਸੰਤ ਹੈ। ਪਰਮਾਤਮਾ ਤੇ ਅਜਿਹੇ ਪ੍ਰਾਣੀ ਵਿਚ ਕੋਈ ਫ਼ਰਕ ਨਹੀਂ ਰਹਿ ਜਾਂਦਾ।

ਗੁਰਮਤਿ ਜੀਵ ਨੂੰ ਨਿੰਦਿਆ ਕਰਨ ਤੋਂ ਵਰਜਦੀ ਹੈ। ਗੁਰਮਤਿ ਅਨੁਸਾਰ ਕਿਸੇ ਦੀ ਨਿੰਦਿਆ ਕਰਨਾ ਕੁਕਰਮ ਹਨ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨਮੁਖ ਹੀ ਕਿਸੇ ਦੀ ਨਿੰਦਿਆ ਕਰਦੇ ਹਨ। ਫਲਸਰੂਪ ਜਗਤ ਵਿਚ ਹਰ ਥਾਂ ਉਨ੍ਹਾਂ ਨੂੰ ਫਿਟਕਾਰਾਂ ਪੈਂਦੀਆਂ ਹਨ। ਉਨ੍ਹਾਂ ਨੂੰ ਇਸ ਜਗਤ ਵਿਚ ਕਿਧਰੇ ਢੋਈ ਨਹੀਂ ਮਿਲਦੀ ਅਤੇ ਪਰਲੋਕ ਵਿਚ ਵੀ ਉਹ ਨਰਕਾਂ ਦੇ ਭਾਗੀ ਬਣਦੇ ਹਨ। ਰਾਗੁ ਸੂਹੀ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ :

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ (ਅੰਗ ੭੫੫)

ਇਥੋਂ ਤੱਕ ਕਿ ਕਿਸੇ ਦੀ ਨਿੰਦਾ ਕਰਨੀ ਤਾਂ ਇਕ ਪਾਸੇ ਰਹੀ ਕਿਸੇ ਦੀ ਨਿੰਦਿਆ

ਜਾਂ ਬਖ਼ੀਲੀ ਸੁਣਨਾ ਵੀ ਕੁਕਰਮ ਹਨ। ਉਹ ਕੰਨ ਵਿਅਰਥ ਹਨ :

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੬੯)

ਨਿੰਦਿਆ ਕਰਨ ਵਾਲਾ ਪ੍ਰਾਣੀ ਆਪ ਵੀ ਬੜਾ ਦੁਖੀ ਹੁੰਦਾ ਹੈ ਕਿਉਂਕਿ ਪ੍ਰਭੂ ਉਸ ਨੂੰ ਭੁੱਲਿਆ ਰਹਿੰਦਾ ਹੈ ਜਿਸ ਕਾਰਨ ਨਿੰਦਕ ਆਪਣੇ ਕੀਤੇ ਦਾ ਫਲ ਭੋਗਦਾ ਹੈ :

ਅਰੜਾਵੈ ਬਿਲਲਾਵੈ ਨਿੰਦਕੁ ॥

ਪਾਰਬ੍ਰਹਮੁ ਪਰਮੇਸਰੁ ਬਿਸਰਿਆ ਅਪਣਾ ਕੀਤਾ ਪਾਵੈ ਨਿੰਦਕੁ ॥

(ਰਾਗੁ ਆਸਾ ਮਹਲਾ ੫, ਅੰਗ ੩੭੩)

ਨਿੰਦਕ ਅੰਦਰੋਂ ਸਦਾ ਸੜਦਾ ਤੇ ਕੁੜ੍ਹਦਾ ਰਹਿੰਦਾ ਹੈ। ਉਸਨੂੰ ਕਦੀ ਸ਼ਾਂਤੀ ਨਸੀਬ ਨਹੀਂ ਹੁੰਦੀ। ਇਸ ਲਈ ਗੁਰੂ ਨਾਨਕ ਦੇਵ ਜੀ ਰਾਗੁ ਮਾਰੂ ਵਿਚ ਜੀਵ ਨੂੰ ਨਿੰਦਾ ਤਿਆਗਣ ਲਈ ਉਪਦੇਸ਼ ਕਰ ਰਹੇ ਹਨ :

ਛੋਡਿਹੁ ਨਿੰਦਾ ਤਾਤਿ ਪਰਾਈ ॥

ਪੜਿ ਪੜਿ ਦਝਹਿ ਸਾਤਿ ਨ ਆਈ ॥ *(ਅੰਗ ੧੦੨੬)*

ਭਗਤ ਕਬੀਰ ਜੀ ਦਾ ਰਾਗੁ ਗਉੜੀ ਵਿਚ ਕਿੰਨਾ ਸੁੰਦਰ ਕਥਨ ਹੈ ਕਿ ਪਰਮਾਤਮਾ ਦੀ ਬੰਦਗੀ ਕਰਨ ਵਾਲੇ ਮਹਾਂ ਪੁਰਖ ਕਿਸੇ ਵਲੋਂ ਕੀਤੀ ਨਿੰਦਿਆ ਤੋਂ ਕਦੀ ਘਬਰਾਉਂਦੇ ਨਹੀਂ। ਭਗਤ ਜੀ ਦਾ ਫ਼ਰਮਾਨ ਹੈ ਕਿ ਜੋ ਨਿੰਦਕ ਸਾਨੂੰ ਭੰਡਦਾ ਹੈ ਉਹ ਸਾਡਾ ਮਿੱਤਰ ਹੈ ਕਿਉਂਕਿ ਉਸ (ਨਿੰਦਕ) ਵਲੋਂ ਜਿਨ੍ਹਾਂ ਔਗੁਣਾਂ ਦੀ ਨਿੰਦਾ ਕੀਤੀ ਜਾਂਦੀ ਹੈ ਉਨ੍ਹਾਂ ਨੂੰ ਭਗਤ-ਜਨ ਦੂਰ ਕਰਕੇ ਆਪਣਾ ਜੀਵਨ ਹੋਰ ਪਵਿੱਤਰ ਬਣਾ ਲੈਂਦੇ ਹਨ ਅਤੇ ਬੈਕੁੰਠ ਦੇ ਭਾਗੀ ਬਣਦੇ ਹਨ ਪ੍ਰੰਤੂ ਦੂਜੇ ਬੰਨੇ ਨਿੰਦਕ ਇਨ੍ਹਾਂ ਐਬਾਂ ਵਿਚ ਆਪ ਫਸ ਕੇ ਮਨੁੱਖਾ ਜਨਮ ਅੰਞਾਈਂ ਗਵਾ ਲੈਂਦੇ ਹਨ :

ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥

ਨਿੰਦਾ ਜਨ ਕਉ ਖਰੀ ਪਿਆਰੀ ॥ ਨਿੰਦਾ ਬਾਪੁ ਨਿੰਦਾ ਮਹਤਾਰੀ ॥ ੧ ਰਹਾਉ ॥

ਨਿੰਦਾ ਹੋਇ ਤ ਬੈਕੁੰਠਿ ਜਾਈਐ ॥ ਨਾਮੁ ਪਦਾਰਥੁ ਮਨਹਿ ਬਸਾਈਐ ॥

ਰਿਦੈ ਸੁਧ ਜਉ ਨਿੰਦਾ ਹੋਇ ॥ ਹਮਰੇ ਕਪਰੇ ਨਿੰਦਕੁ ਧੋਇ ॥ ੧ ॥

ਨਿੰਦਾ ਕਰੈ ਸੁ ਹਮਰਾ ਮੀਤੁ ॥ ਨਿੰਦਕ ਮਾਹਿ ਹਮਾਰਾ ਚੀਤੁ ॥

ਨਿੰਦਕੁ ਸੋ ਜੋ ਨਿੰਦਾ ਹੋਰੈ ॥ ਹਮਰਾ ਜੀਵਨੁ ਨਿੰਦਕੁ ਲੋਰੈ ॥ ੨ ॥

ਨਿੰਦਾ ਹਮਰੀ ਪ੍ਰੇਮ ਪਿਆਰੁ ॥ ਨਿੰਦਾ ਹਮਰਾ ਕਰੈ ਉਧਾਰੁ ॥

ਜਨ ਕਬੀਰ ਕਉ ਨਿੰਦਾ ਸਾਰੁ ॥ ਨਿੰਦਕੁ ਡੂਬਾ ਹਮ ਉਤਰੇ ਪਾਰਿ ॥

(ਅੰਗ ੩੩੯)

ਇਸ ਪ੍ਰਥਾਏ ਗੁਰੂ ਅਰਜਨ ਦੇਵ ਜੀ ਦੇ ਰਾਗੁ ਆਸਾ ਵਿਚ ਬਚਨ ਹਨ :

ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ ॥

ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ ॥

ਸੰਤਾ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ ॥

ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ ॥ *(ਅੰਗ ੩੮੧)*

ਭਗਤ ਰਵਿਦਾਸ ਜੀ ਦਾ ਕਥਨ ਹੈ ਕਿ ਜੇਕਰ ਕੋਈ ਮਨੁੱਖ 68 ਤੀਰਥਾਂ ਤੇ ਜਾ

ਕੇ ਇਸ਼ਨਾਨ ਵੀ ਕਰ ਲਵੇ, 12 ਸ਼ਿਵਲਿੰਗਾਂ (ਜੋ ਦੁਆਰਕਾ, ਕਾਂਸ਼ੀ, ਸੋਮਨਾਥ ਆਦਿ ਤੀਰਥਾਂ ਤੇ ਪਏ ਹਨ, ਦੀ ਪੂਜਾ ਵੀ ਕਰ ਲਵੇ, ਲੋਕ ਭਲਾਈ ਦੇ ਕੰਮ ਵੀ ਕਰਦਾ ਹੋਵੇ, ਗ੍ਰਹਿਣ ਸਮੇਂ ਕੁਰੂਕਸ਼ੇਤਰ ਇਸ਼ਨਾਨ ਕਰੇ, ਆਪਣੇ ਕੰਮ ਵਿਗਾੜ ਕੇ ਦੂਜਿਆਂ ਦੇ ਕੰਮ ਸੰਵਾਰੇ, ਸਾਰੀਆਂ ਧਾਰਮਿਕ ਪੁਸਤਕਾਂ ਪੜ੍ਹ ਸੁਣ ਲਵੇ ਪ੍ਰੰਤੂ ਜੇ ਕਰ ਉਹ ਨਿੰਦਾ ਕਰਦਾ ਹੈ ਤਾਂ ਉਸਦੇ ਇਹ ਕੀਤੇ ਕਰਮ, ਧਰਮ, ਪੁੰਨ-ਦਾਨ ਸਭ ਨਿਹਫਲ ਹਨ :

ਜੇ ਓਹੁ ਅਠਸਠਿ ਤੀਰਥ ਨ੍ਹਾਵੈ॥ ਜੇ ਓਹੁ ਦੁਆਦਸ ਸਿਲਾ ਪੂਜਾਵੈ॥
ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥

... ...

ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥ ਕਰੈ ਨਿੰਦ ਕਵਨੈ ਨਹੀ ਗੁਨੈ॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ॥ ਭੂਮਿ ਦਾਨ ਸੋਭਾ ਮੰਡਪਿ ਪਾਵੈ॥
ਅਪਨਾ ਬਿਗਾਰਿ ਬਿਰਾਂਨਾ ਸਾਂਢੈ॥ ਕਰੈ ਨਿੰਦ ਬਹੁ ਜੋਨੀ ਹਾਂਢੈ॥

(ਰਾਗੁ ਗੋਂਡ, ਅੰਗ ੮੭੫)

ਦਰਅਸਲ ਦੂਜਿਆਂ ਦੀ ਨਿੰਦਿਆ ਕਰਦਿਆਂ ਨਿੰਦਕ ਆਪਣੇ ਅੰਦਰ ਚਿੰਤਾ ਰੋਗ ਸਹੇੜ ਲੈਂਦਾ ਹੈ ਜਿਸ ਨਾਲ ਉਸ ਨੂੰ ਦੁੱਖ ਆ ਘੇਰਦੇ ਹਨ ਜਿਨ੍ਹਾਂ ਤੋਂ ਫਿਰ ਛੁਟਕਾਰਾ ਪਾਉਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਗੁਰੂ ਅਮਰਦਾਸ ਜੀ ਦੇ ਰਾਗੁ ਮਾਰੂ ਵਿਚ ਬਚਨ ਹਨ :

ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ॥

(ਅੰਗ ੧੦੪੯)

ਇਸਦਾ ਸਹਿਜੇ ਕੀਤੇ ਕੋਈ ਦਾਰੂ ਵੀ ਤਾਂ ਨਹੀਂ ਜਿਸ ਨਾਲ ਨਿੰਦਿਆ ਜਿਹੀ ਬੀਮਾਰੀ ਦਾ ਇਲਾਜ ਕੀਤਾ ਜਾ ਸਕੇ। ਆਪਣੇ ਕੀਤੇ ਕਰਮਾਂ ਅਨੁਸਾਰ ਨਿੰਦਕ ਖਪ ਖਪ ਕੇ ਜੂਨਾਂ ਵਿਚ ਪਿਆ ਰਹਿੰਦਾ ਹੈ। ਗਉੜੀ ਕੀ ਵਾਰ ਮਹਲਾ ੪ ਵਿਚ ਗੁਰੂ ਅਰਜਨ ਦੇਵ ਜੀ ਦਾ ਸਲੋਕ ਅੰਕਿਤ ਹੈ :

ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ॥
ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ॥ *(ਅੰਗ ੩੧੫)*

ਪਰ ਨਿੰਦਕ ਤੇ ਜਦੋਂ ਪੂਰੇ ਗੁਰੂ ਦੀ ਕਿਰਪਾ ਹੁੰਦੀ ਹੈ ਤਾਂ ਉਸਦਾ ਨਿੰਦਾ ਵਾਲਾ ਸੁਭਾਅ ਹਟ ਜਾਂਦਾ ਹੈ। ਪ੍ਰਭੂ ਫਿਰ ਉਸ ਤੇ ਦਿਆਲ ਹੋ ਕੇ ਨਾਮ-ਰੂਪੀ ਦਾਰੂ ਨਾਲ ਉਸਦੀ ਹਉਮੈ ਵਾਲੀ ਬਿਰਤੀ ਨੂੰ ਨਾਸ ਕਰ ਦਿੰਦਾ ਹੈ :

ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਣਿ ਸਿਰੁ ਕਾਟਿਓ॥

(ਰਾਗੁ ਟੋਡੀ ਮਹਲਾ ੫, ਅੰਗ ੭੧੪)

ਇੰਜ ਪ੍ਰਭੂ ਦੀ ਕਿਰਪਾ ਸਦਕਾ ਪ੍ਰਾਣੀ ਦੂਜਿਆਂ ਦੀ ਨਿੰਦਾ ਚੁਗਲੀ ਕਰਨੀ ਛੱਡ ਦਿੰਦਾ ਹੈ। ਦੂਜਿਆਂ ਦੇ ਐਬ ਲੱਭਣੇ ਬੰਦ ਕਰ ਦਿੰਦਾ ਹੈ। ਫਿਰ ਉਸਦੇ ਮਨ ਦੀਆਂ ਸਾਰੀਆਂ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ। ਰਾਗੁ ਭੈਰਉ ਵਿਚ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ :

ਪ੍ਰਥਮੇ ਛੋਡੀ ਪਰਾਈ ਨਿੰਦਾ॥
ਉਤਰਿ ਗਈ ਸਭ ਮਨ ਕੀ ਚਿੰਦਾ॥ *(ਅੰਗ ੧੧੪੭)*

ਤ੍ਰਿਸ਼ਨਾ

ਤ੍ਰਿਸ਼ਨਾ ਇਕ ਬਹੁਤ ਵੱਡਾ ਰੋਗ ਹੈ ਕਿਉਂਕਿ ਤ੍ਰਿਸ਼ਨਾਲੂ ਮਨੁੱਖ ਆਪਣੇ ਅਸਲੇ ਨੂੰ ਵਿਸਾਰ ਕੇ ਮੌਤ ਨੂੰ ਵੀ ਆਪਣੇ ਮਨ ਤੋਂ ਭੁਲਾ ਬੈਠਦਾ ਹੈ :

ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥

(ਰਾਗੁ ਰਾਮਕਲੀ ਮਹਲਾ ੩, ਅੰਨਦੁ, ਅੰਗ ੯੧੯)

ਤ੍ਰਿਸ਼ਨਾ ਸ਼ਬਦ ਦੇ ਅੱਖਰੀ ਅਰਥ ਹਨ ਤ੍ਰੇਹ ਭਾਵ ਪਿਆਸ, ਲਾਲਚ ਜਾਂ ਚੀਜ਼ਾਂ ਨੂੰ ਪ੍ਰਾਪਤ ਕਰਨ ਦੀ ਪਰਬਲ ਇੱਛਾ। ਮਨੁੱਖ ਦਾ ਇਹ ਸੁਭਾਉ ਹੈ ਕਿ ਉਹ ਕਦੀ ਰੱਜਦਾ ਨਹੀਂ। ਦੁਨਿਆਵੀ ਲੋੜਾਂ ਪੂਰੀਆਂ ਹੋਣ ਦੇ ਬਾਵਜੂਦ ਵੀ ਉਸ ਦੀ ਭੁੱਖ ਵਧਦੀ ਹੀ ਜਾਂਦੀ ਹੈ। ਇਹ ਤ੍ਰਿਸ਼ਨਾ ਹੈ। ਇਸ ਨਾਲ ਮਨ ਦੀ ਭਟਕਣਾ ਤੀਬਰ ਹੁੰਦੀ ਹੈ ਤੇ ਪ੍ਰਾਣੀ ਹੋਰ ਮਿਲੇ ਹੋਰ ਮਿਲੇ ਦੇ ਚੱਕਰ ਵਿਚ ਪੈ ਕੇ ਆਪਣੀ ਸੁਖ-ਸ਼ਾਂਤੀ ਗੁਆ ਬੈਠਦਾ ਹੈ :

ਤ੍ਰਿਸਨਾ ਅਗਨਿ ਜਲੈ ਸੰਸਾਰਾ॥
ਜਲਿ ਜਲਿ ਖਪੈ ਬਹੁਤੁ ਵਿਕਾਰਾ॥

(ਰਾਗੁ ਮਾਰੂ ਮਹਲਾ ੩, ਸੋਲਹੇ, ਪੰਨਾ ੧੦੪੪)

ਅਥਵਾ :

ਤ੍ਰਿਸਨਾ ਚਲਤ ਬਹੁ ਪਰਕਾਰਿ॥
ਪੂਰਨ ਹੋਤ ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ॥
ਸਾਂਤਿ ਸੂਖ ਨ ਸਹਜੁ ਉਪਜੈ ਇਹੈ ਇਸੁ ਬਿਉਹਾਰਿ॥
ਆਪ ਪਰ ਕਾ ਕਛੁ ਨ ਜਾਨੈ ਕਾਮ ਕ੍ਰੋਧਹਿ ਜਾਰਿ॥

(ਰਾਗੁ ਸਾਰਗ ਮਹਲਾ ੫, ਅੰਗ ੧੨੨੪-੧੨੨੫)

ਭਾਵ ਜੀਵ-ਰੂਪੀ ਹਿਰਦਾ ਤ੍ਰਿਸ਼ਨਾਵਾਂ ਨਾਲ ਭਰਿਆ ਪਿਆ ਹੈ। ਇਸਨੂੰ ਕਦੀ ਰੱਜ ਨਹੀਂ ਆਉਂਦਾ। ਮਨੁੱਖ ਦੀ ਤ੍ਰਿਸ਼ਨਾ ਦੀ ਭੁੱਖ ਦਿਨੋ-ਦਿਨ ਵਧਦੀ ਹੀ ਜਾਂਦੀ ਹੈ। ਇਸ ਤ੍ਰਿਸ਼ਨਾ ਕਾਰਨ ਮਨੁੱਖ ਸਦਾ ਅਸ਼ਾਂਤ ਰਹਿੰਦਾ ਹੈ। ਫਲਸਰੂਪ ਮਨੁੱਖ ਨੂੰ ਕਦੀ ਅਨੰਦ ਪ੍ਰਾਪਤ ਨਹੀਂ ਹੁੰਦਾ ਅਤੇ ਨਾ ਹੀ ਫਿਰ ਕਦੀ ਸਹਿਜ ਅਵਸਥਾ ਪ੍ਰਾਪਤ ਹੋ ਸਕਦੀ ਹੈ। ਇਹ ਐਸਾ ਵਿਕਾਰ ਹੈ ਜੋ ਕਿਸੇ ਦਾ ਲਿਹਾਜ਼ ਨਹੀਂ ਕਰਦਾ। ਕਾਮ, ਕ੍ਰੋਧ ਵਸ ਹੋ ਕੇ ਇਹ ਤ੍ਰਿਸ਼ਨਾ ਜੀਵ ਦਾ ਅੰਦਰਲਾ ਸਾੜ ਸੁੱਟਦੀ ਹੈ।

ਵਿਕਾਰਾਂ ਵਿਚ ਫਸੇ ਹੋਏ ਮਨੁੱਖ ਦੀ ਕਦੇ ਤ੍ਰਿਪਤੀ ਨਹੀਂ ਹੁੰਦੀ। ਜਿਸ ਤਰ੍ਹਾਂ ਅੱਗ ਲੱਕੜਾਂ ਨਾਲ ਕਦੀ ਰੱਜਦੀ ਨਹੀਂ, ਜਿੰਨੀਆਂ ਮਰਜ਼ੀ ਲੱਕੜਾਂ ਪਾਈ ਜਾਓ ਅੱਗ ਹੋਰ ਭਖਦੀ ਹੈ। ਇਹੋ ਹਾਲ ਤ੍ਰਿਸ਼ਨਾਲੂ ਮਨੁੱਖ ਦਾ ਹੈ। ਉਹ ਮਾਇਕ ਪਦਾਰਥਾਂ ਨਾਲ ਕਦੀ ਰੱਜਦਾ ਨਹੀਂ :

ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ ॥ ਫਰੀਦਾ ਦੇਖਿ ਪਰਾਈ
ਚੋਪੜੀ ਨ ਤਰਸਾਏ ਜੀਉ ॥੨੯॥
ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥੨੮॥

ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ ॥

(ਰਾਗੁ ਧਨਾਸਰੀ ਮਹਲਾ ੫, ਪੰਨਾ ੬੭੨)

ਵੱਡੇ-ਵੱਡੇ ਰਾਜੇ ਰਾਣੇ, ਵੱਡੇ ਵੱਡੇ ਧਨਾਢ ਜ਼ਿਮੀਂਦਾਰ ਜਿਨ੍ਹਾਂ ਪਾਸ ਅਥਾਹ ਧਨ-ਦੌਲਤ ਅਤੇ ਜ਼ਮੀਨ-ਜਾਇਦਾਦ ਹੈ ਉਨ੍ਹਾਂ ਦੀ ਵੀ ਕਦੀ ਤ੍ਰਿਪਤੀ ਨਹੀਂ ਹੁੰਦੀ। ਉਹ ਹਰ ਵੇਲੇ ਮਾਇਆ ਮਾਇਆ ਹੀ ਕਰਦੇ ਹਨ। ਮਾਇਆ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਕੁਝ ਸੁੱਝਦਾ ਹੀ ਨਹੀਂ :

ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ ॥
ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ ॥

(ਰਾਗੁ ਧਨਾਸਰੀ ਮਹਲਾ ੫, ਅੰਗ ੬੭੨)

ਮਨੁੱਖ ਦਾ ਇਹ ਹਾਲ ਹੈ ਕਿ ਘਰ-ਬਾਰ ਦੇ ਮੋਹ ਕਾਰਨ ਪੁੱਤਰ, ਧੀਆਂ, ਪਤਨੀ, ਰਿਸ਼ਤੇਦਾਰ ਆਦਿ ਦੇ ਸੁਖ ਆਰਾਮ ਲਈ ਇਹ ਠੱਗੀਆਂ ਅਤੇ ਹੇਰਾ-ਫੇਰੀਆਂ ਕਰਕੇ ਮਾਇਆ ਇਕੱਠੀ ਕਰਨ ਵਿਚ ਰੁੱਝਾ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਸਿਰੀ ਰਾਗੁ ਵਿਚ ਫ਼ਰਮਾਨ ਹੈ ਕਿ ਤ੍ਰਿਸ਼ਨਾ-ਰੂਪੀ ਇਸ ਠੱਗ-ਬੂਟੀ ਦੇ ਜੰਜਾਲ ਵਿਚ ਸਾਰਾ ਸੰਸਾਰ ਫਸਿਆ ਹੋਇਆ ਹੈ :

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥ *(ਅੰਗ ੬੧)*

ਇਹ ਸਭ ਪਰਿਵਾਰਕ ਰਿਸ਼ਤੇ ਬਿਨਸਨਹਾਰ ਹਨ। ਸਭ ਨਾਸ਼ਵੰਤ ਹਨ ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਇਸ ਨਾਸ਼ਵੰਤ ਪਸਾਰੇ ਵਿਚ ਫਸਿਆ ਰਹਿੰਦਾ ਹੈ। ਹਰ ਵੇਲੇ ਮਾਇਆ ਇਕੱਠੀ ਕਰਨ ਦੀਆਂ ਸੋਚਾਂ ਸੋਚਦਾ ਰਹਿੰਦਾ ਹੈ। ਜੋ ਵੀ ਕਰਮ ਕਰਦਾ ਹੈ, ਹਉਮੈ ਅਧੀਨ ਕਰਦਾ ਹੈ ਜਿਸ ਕਾਰਨ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ :

ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ ॥
ਮੋਹੁ ਕੁਟੰਬੁ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ ॥
ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ ॥
ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ ॥

(ਸਲੋਕ ਵਾਰਾਂ ਤੇ ਵਧੀਕ ਮਹਲਾ ੪, ਅੰਗ ੧੪੨੪)

ਇਸੇ ਸਬੰਧ ਵਿਚ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਜੀਵ ਮਾਇਆ ਦੇ ਮੋਹ ਵਿਚ ਹਰ ਵੇਲੇ ਮਸਤ ਰਹਿੰਦਾ ਹੈ। ਮਾਇਆ ਦੀ ਤ੍ਰਿਸ਼ਨਾ ਕਾਰਨ ਇਸ ਅੰਦਰ ਝੂਠੀ ਹਉਮੈ ਟਿਕੀ ਹੋਈ ਹੈ ਜਿਸ ਕਾਰਨ ਉਸ ਨੂੰ ਆਪਣੇ ਅੰਦਰ ਪਰਮਾਤਮਾ ਵਸਦਾ ਨਜ਼ਰ ਨਹੀਂ ਆਉਂਦਾ ਭਾਵ ਪਰਮਾਤਮਾ ਨਾਲੋਂ ਜੀਵ ਦੀ ਲਿਵ ਟੁੱਟੀ ਰਹਿੰਦੀ ਹੈ :

ਅੰਤਰਿ ਬਾਹਰਿ ਰਵਿ ਰਹਿਆ ਤਿਸ ਨੋ ਜਾਣੈ ਦੂਰਿ ॥
ਤ੍ਰਿਸਨਾ ਲਾਗੀ ਰਚਿ ਰਹਿਆ ਅੰਤਰਿ ਹਉਮੈ ਕੂਰਿ ॥

(ਸਿਰੀਰਾਗੁ, ਅੰਗ ੪੭)

ਇਹੋ ਹਾਲ ਉਨ੍ਹਾਂ ਪੜ੍ਹਿਆਂ ਲਿਖਿਆਂ ਦਾ ਹੈ ਜੋ ਪੁਸਤਕਾਂ ਪੜ੍ਹ-ਪੜ੍ਹ ਜਾਂ ਲਿਖ-ਲਿਖ ਕੇ ਆਪਣੇ ਆਪ ਨੂੰ ਵਿਦਵਾਨ ਜਾਂ ਗਿਆਨੀ ਹੋਣ ਦਾ ਦਾਅਵਾ ਕਰਦੇ ਹਨ ਪਰ ਅਸਲੀਅਤ ਇਹ ਹੈ ਕਿ ਅੰਦਰੋਂ ਉਹ ਤ੍ਰਿਸ਼ਨਾ ਅਤੇ ਹਉਮੈ ਜਿਹੇ ਵਿਕਾਰਾਂ ਨਾਲ ਭਰੇ ਹੋਏ ਹਨ :

ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ ॥
ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ ॥

(ਸਿਰੀਰਾਗੁ ਮਹਲਾ ੧, ਅੰਗ ੨੦)

ਮੋਹ-ਮਾਇਆ ਵਿਚ ਫਸ ਕੇ ਜੀਵ ਦੀ ਲਿਵ ਪ੍ਰਭੂ ਨਾਲੋਂ ਟੁੱਟ ਜਾਂਦੀ ਹੈ ਅਤੇ ਮਾਇਆ ਦੀ ਤ੍ਰਿਸ਼ਨਾ ਉਸਨੂੰ ਆ ਚਿੰਬੜਦੀ ਹੈ ਪ੍ਰੰਤੂ ਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਦੀ ਬਿਰਤੀ ਪ੍ਰਭੂ ਚਰਨਾਂ ਵਿਚ ਜੁੜ ਜਾਂਦੀ ਹੈ ਉਹ ਮਾਇਆ ਵਿਚ ਰਹਿੰਦੇ ਹੋਏ ਵੀ ਪਰਮਾਤਮਾ ਨੂੰ ਪਾ ਲੈਂਦੇ ਹਨ :

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥
ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ
ਤਿਨੀ ਵਿਚੇ ਮਾਇਆ ਪਾਇਆ ॥

(ਰਾਗੁ ਰਾਮਕਲੀ ਮਹਲਾ ੩, ਅਨੰਦੁ, ਅੰਗ ੯੨੧)

ਇਸ ਪ੍ਰਥਾਏ ਭਗਤ ਕਬੀਰ ਜੀ ਦਾ ਰਾਗੁ ਕੇਦਾਰਾ ਵਿਚ ਕਥਨ ਹੈ ਕਿ ਜਦੋਂ ਜੀਵ ਦੇ ਅੰਦਰੋਂ ਮਾਇਆ ਅਤੇ ਤ੍ਰਿਸ਼ਨਾ ਦਾ ਪਿਆ ਭਰਮ-ਭੁਲੇਖਾ ਦੂਰ ਹੋ ਜਾਂਦਾ ਹੈ ਤਾਂ ਜੀਵ ਦੀ ਬਿਰਤੀ ਪ੍ਰਭੂ ਚਰਨਾਂ ਵਿਚ ਜੁੜ ਜਾਂਦੀ ਹੈ ਜਿਸ ਸਦਕਾ ਮਨ ਵਿਚ ਖਿੜਾਉ ਆ ਜਾਂਦਾ ਹੈ ਅਤੇ ਅੰਧਕਾਰ ਦਾ ਨਾਸ ਹੋ ਜਾਂਦਾ ਹੈ :

ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥
ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥

(ਅੰਗ ੧੧੨੩)

ਪ੍ਰੰਤੂ ਅਜਿਹੇ ਵਿਰਲੇ ਮਨੁੱਖ ਹੀ ਹਨ ਜਿਨ੍ਹਾਂ ਨੇ ਤ੍ਰਿਸ਼ਨਾ ਰੂਪੀ ਅੱਗ ਨੂੰ ਆਪਣੇ ਅੰਦਰੋਂ ਬੁਝਾ ਮਾਰਿਆ ਹੈ ਨਹੀਂ ਤਾਂ ਮਾਇਆ ਦੇ ਚੱਕਰ ਵਿਚ ਫਸੇ ਹੋਏ ਜੀਵਾਂ ਦਾ ਮਨ ਲੱਖਾਂ ਕ੍ਰੋੜਾਂ ਜੋੜ ਕੇ ਵੀ ਪਸੀਜਦਾ ਨਹੀਂ :

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥
ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥
ਪਰੈ ਪਰੈ ਹੀ ਕਉ ਲੁਝੀ ਹੇ ॥੧॥

(ਰਾਗੁ ਗਉੜੀ ਮਹਲਾ ੫, ਅੰਗ ੨੧੩)

ਨਿਸ਼ਚੇ ਹੀ ਪ੍ਰਭੂ ਦੇ ਨਾਮ ਵਿਚ ਜੁੜਿਆਂ ਪ੍ਰਾਣੀ ਦੀ ਮਾਇਆ ਦੀ ਤ੍ਰੇਹ ਭਾਵ ਤ੍ਰਿਸ਼ਨਾ ਬੁੱਝ ਜਾਂਦੀ ਹੈ। ਗੁਰੂ ਦੀ ਸਿੱਖਿਆ ਅਨੁਸਾਰ ਜੀਵਨ ਢਾਲਣ ਨਾਲ ਮਨ ਵਿਚ ਸੰਤੋਖ ਉਪਜਦਾ ਹੈ ਜਿਸ ਨਾਲ ਸੁਰਤ ਪੂਰਨ ਤੌਰ ਤੇ ਪ੍ਰਭੂ ਚਰਨਾਂ ਵਿਚ ਜੁੜ ਜਾਂਦੀ ਹੈ। ਜਦੋਂ ਸੁਰਤ ਪਰਮਾਤਮਾ ਦੇ ਚਰਨਾਂ ਵਿਚ ਜੁੜ ਗਈ ਤਾਂ ਪ੍ਰਾਣੀ ਦੀ ਦੁਨਿਆਵੀ ਪਦਾਰਥਾਂ ਭਾਵ ਮਾਇਆ ਦੀ ਭੁੱਖ ਖਤਮ ਹੋ ਜਾਂਦੀ ਹੈ, ਫਿਰ ਕੇਵਲ ਇਕ ਨਾਮ ਦੀ ਹੀ ਭੁੱਖ

ਰਹਿ ਜਾਂਦੀ ਹੈ। ਨਾਮ ਤੋਂ ਛੁੱਟ ਪ੍ਰਾਣੀ ਦੀ ਹੋਰ ਕੋਈ ਇੱਛਾ ਰਹਿ ਹੀ ਨਹੀਂ ਜਾਂਦੀ। ਗੁਰਵਾਕ ਹੈ :

ਤ੍ਰਿਸਨਾ ਬੁਝੈ ਹਰਿ ਕੈ ਨਾਮਿ॥
ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ॥
ਮਹਾ ਕਲੋਲ ਬੁਝਹਿ ਮਾਇਆ ਕੇ ਕਰਿ ਕਿਰਪਾ ਮੇਰੇ ਦੀਨ ਦਇਆਲ॥
ਅਪਣਾ ਨਾਮੁ ਦੇਹਿ ਜਪਿ ਜੀਵਾ ਪੂਰਨ ਹੋਇ ਦਾਸ ਕੀ ਘਾਲ॥

(ਧਨਾਸਰੀ ਮਹਲਾ ੫, ਅੰਗ ੬੮੨-੮੩)

ਰਾਗੁ ਮਾਝ ਵਿਚ ਗੁਰੂ ਅਮਰਦਾਸ ਜੀ ਦੇ ਬੜੇ ਅਨਮੋਲ ਬਚਨ ਹਨ ਕਿ ਤ੍ਰਿਸ਼ਨਾ ਨੂੰ ਤਿਆਗਣ ਨਾਲ ਸਹਿਜ ਸੁਖ ਦੀ ਪ੍ਰਾਪਤੀ ਹੁੰਦੀ ਹੈ। ਮਨ ਅਨੰਦ-ਮਈ ਅਵਸਥਾ ਵਿਚ ਵਿਚਰਦਾ ਹੈ ਅਤੇ ਹਿਰਦੇ ਘਰ ਵਿਚ ਪ੍ਰਭੂ ਦੇ ਨਾਮ ਦਾ ਵਾਸਾ ਹੋ ਜਾਂਦਾ ਹੈ:

ਤ੍ਰਿਸਨਾ ਤਜਿ ਸਹਜ ਸੁਖੁ ਪਾਇਆ ਏਕੋ ਮੰਨਿ ਵਸਾਵਣਿਆ॥

(ਅੰਗ ੧੧੧)

ਜਦੋਂ ਤ੍ਰਿਸ਼ਨਾ ਜਾਂਦੀ ਰਹੀ, ਪ੍ਰਭੂ ਮਨ ਵਿਚ ਆ ਵਸਿਆ, ਮਨ ਵਿਚ ਅਨੰਦ ਸਥਾਪਤ ਹੋ ਗਿਆ ਫਿਰ ਮਨੁੱਖ ਦੀਆਂ ਸਾਰੀਆਂ ਆਸਾਂ ਅਤੇ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਸਾਰੇ ਫ਼ਿਕਰ, ਝੋਰੇ ਅਤੇ ਕਲ-ਕਲੇਸ਼ ਦੂਰ ਹੋ ਜਾਂਦੇ ਹਨ। ਅਜਿਹੀ ਅਵਸਥਾ ਵਿਚ ਪ੍ਰਾਣੀ ਨੂੰ ਕਿਸੇ ਪ੍ਰਕਾਰ ਦੇ ਗ਼ਮ, ਦੁੱਖ ਜਾਂ ਹੋਰ ਕੋਈ ਸੰਤਾਪ ਫਿਰ ਨਹੀਂ ਪੋਂਹਦੇ :

ਤ੍ਰਿਸਨਾ ਬੁਝੀ ਪੂਰਨ ਸਭ ਆਸਾ ਚੂਕੇ ਸੋਗ ਸੰਤਾਪ॥

(ਰਾਗੁ ਸਾਰਗ ਮਹਲਾ ੫, ਅੰਗ ੧੨੨੩)

ਅਥਵਾ :

ਤਿਸਨਾ ਬੁਝੈ ਤਿਪਤਿ ਹੋਇ ਹਰਿ ਕੈ ਨਾਇ ਪਿਆਰਿ॥

(ਸਲੋਕ ਵਾਰਾਂ ਤੇ ਵਧੀਕ ਮਹਲਾ ੩, ਅੰਗ ੧੪੧੭)

ਭਾਵ ਜਦੋਂ ਸੁਰਤ ਪਰਮਾਤਮਾ ਦੇ ਨਾਮ ਵਿਚ ਜੁੜਦੀ ਹੈ ਤਾਂ ਮਨ ਅੰਦਰਲੀ ਤ੍ਰਿਸ਼ਨਾ ਦੀ ਅੱਗ ਬੁਝ ਜਾਂਦੀ ਹੈ। ਆਪ ਜੀ ਦੇ ਸਲੋਕ ਵਾਰਾਂ ਤੇ ਵਧੀਕ ਵਿਚ ਇਕ ਹੋਰ ਬਚਨ ਹਨ :

ਤਿਸਨਾ ਅਗਨਿ ਸਭ ਬੁਝਿ ਗਈ
ਜਨ ਨਾਨਕ ਹਰਿ ਉਰਿ ਧਾਰਿ॥

(ਅੰਗ ੧੪੧੬)

ਅਥਵਾ :

ਤ੍ਰਿਸਨਾ ਬੂਝੀ ਅੰਤਰੁ ਠੰਢਾ॥
ਗੁਰਿ ਪੂਰੈ ਲੈ ਤੂਟਾ ਗੰਢਾ॥
ਸੁਰਤਿ ਸਬਦੁ ਰਿਦ ਅੰਤਰਿ ਜਾਗੀ
ਅਮਿਉ ਝੋਲਿ ਝੋਲਿ ਪੀਜਾ ਹੇ॥

(ਰਾਗੁ ਮਾਰੂ ਸੋਲਹੇ ਮਹਲਾ ੫, ਅੰਗ ੧੦੭੪)

ਅਮਿਉ ਤੋਂ ਅਰਥ ਹੈ—ਨਾਮ ਰਸ ਅੰਮ੍ਰਿਤ। ਝੋਲਿ ਝੋਲਿ—ਸੁਆਦ ਨਾਲ।

ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥
ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥
— ਮਾਝ ਮਹਲਾ ੩ ॥116॥

ਦੁਰਮਤਿ ਜਾਮਨੀ ਜੈਸੇ ਦਾਮਨ ਚਮਕ ਚਮਕ ਛਿਨੈ,
ਗੁਰਮਤਿ ਤੈਸ ਏਕ ਟੇਕ ਜਸ ਚਾਤ੍ਰਿਕੀ ॥ ਭਾ. ਗੁ. ਕਬਿਤ 164

ਮਨਮੁਖ ਜਨਮ ਅਕਾਰਥਾ ਦੂਜੈ ਭਾਇ ਦੁਖਾਇ ਹਰੈ ॥
ਗੁਰੂ ਪੂਰੈ ਵਿਚ ਭਰਮ ਨ ਕੋਇ (87)

ਮਨਮੁਖ

ਜੋ ਮਨੁੱਖ ਆਪਣੇ ਮਨ ਦੇ ਪਿੱਛੇ ਲੱਗ ਕੇ ਤੁਰਦਾ ਹੈ ਅਤੇ ਗੁਰਮਤਿ ਤੋਂ ਉਲਟ ਚਲਦਾ ਹੈ ਉਹ ਮਨਮੁਖ ਹੈ। ਅਜਿਹਾ ਪ੍ਰਾਣੀ ਅਸਲ ਮਾਰਗ ਤੋਂ ਥਿੜਕ ਕੇ ਦੁਨਿਆਵੀ ਵਸਤਾਂ ਵਿਚ ਮੋਹ ਪਾ ਕੇ ਭਟਕਣਾ ਵਿਚ ਪਿਆ ਰਹਿੰਦਾ ਹੈ। ਇਸਤ੍ਰੀ, ਪੁੱਤਰਾਂ, ਧੀਆਂ ਆਦਿ ਪਰਿਵਾਰਕ ਮੋਹ ਵਿਚ ਫਸ ਕੇ ਝੂਠ, ਫਰੇਬ ਅਤੇ ਠੱਗੀਆਂ ਕਮਾਉਂਦਾ ਹੈ ਅਤੇ ਦੁੱਖ ਸਹੇੜਦਾ ਹੈ। ਉਹ ਆਪਣਾ ਜੀਵਨ ਅਜਾਈਂ ਗੁਆ ਲੈਂਦਾ ਹੈ। ਅੰਤ ਨੂੰ ਜਮਾਂ ਦੀ ਫਾਹੀ ਉਸਦੇ ਗਲ ਵਿਚ ਆ ਪੈਂਦੀ ਹੈ। ਗੁਰਵਾਕ ਹੈ :

ਮਨਮੁਖਿ ਦੂਜਾ ਭਰਮੁ ਹੈ ਦੂਜੈ ਲੋਭਾਇਆ ॥
ਕੂੜੁ ਕਪਟੁ ਕਮਾਵਦੇ ਕੂੜੋ ਆਲਾਇਆ ॥
ਪੁਤ੍ਰ ਕਲਤ੍ਰੁ ਮੋਹੁ ਹੇਤੁ ਹੈ ਸਭੁ ਦੁਖੁ ਸਬਾਇਆ ॥
ਜਮ ਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ ॥
ਮਨਮੁਖਿ ਜਨਮੁ ਗਵਾਇਆ ਨਾਨਕ ਹਰਿ ਭਾਇਆ ॥

(ਰਾਗੁ ਸਾਰੰਗ ਮਹਲਾ ੪, ਅੰਗ ੧੨੩੮)

ਆਪ ਜੀ ਦੇ ਰਾਗੁ ਗਉੜੀ ਵਿਚ ਵੀ ਬਚਨ ਹਨ :

ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥
ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥
ਕੂੜੁ ਕੁਸਤੁ ਓਹੁ ਪਾਪ ਕਮਾਵੈ ॥
ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ ॥ *(ਅੰਗ ੩੧੪)*

ਅਜਿਹਾ ਪਾਪੀ ਮਨ ਨਾ ਆਪ ਭਜਨ ਬੰਦਗੀ ਦੀ ਗੱਲ ਕਰਦਾ ਹੈ ਅਤੇ ਨਾ ਹੀ ਦੂਜਿਆਂ ਪਾਸੋਂ ਸੁਣਨ ਲਈ ਤਿਆਰ ਹੁੰਦਾ ਹੈ।

ਇੰਜ ਮਨਮੁਖ ਪ੍ਰਾਣੀ ਮਾਇਆ ਦੇ ਝੂਠੇ ਵਪਾਰ ਵਿਚ ਪੈ ਕੇ ਖੁਆਰ ਹੁੰਦਾ ਰਹਿੰਦਾ ਹੈ। ਗੁਰਵਾਕ ਹੈ :

ਗੁਰਮਤਿ ਛੋਡਹਿ ਉਝੜਿ ਜਾਈ ॥
ਮਨਮੁਖਿ ਰਾਮੁ ਨ ਜਪੈ ਅਵਾਈ ॥
ਪਚਿ ਪਚਿ ਬੂਡਹਿ ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ ॥

(ਰਾਗੁ ਮਾਰੂ ਮਹਲਾ ੧, ਅੰਗ ੧੦੨੫)

ਮਨਮੁਖ ਦੀ ਲਿਵ ਨਾਮ ਵਿਚ ਨਹੀਂ ਜੁੜਦੀ। ਉਹ ਕੂੜ ਦੀ ਕਮਾਈ ਕਰਦਾ ਹੈ ਅਤੇ ਕੂੜ ਹੀ ਇਕੱਠਾ ਕਰਦਾ ਰਹਿੰਦਾ ਹੈ ਅਤੇ ਆਪਣੇ ਜੀਵਨ ਵਿਚ ਕੋਈ ਚੰਗਾ ਕੰਮ ਨਹੀਂ ਕਰਦਾ। ਮਨਮੁਖ ਜ਼ਹਿਰ-ਰੂਪੀ ਮਾਇਆ ਧਨ ਨੂੰ ਇਕੱਠਿਆਂ ਕਰਨ ਲਈ ਖਪ-ਖਪ ਮਰਦਾ ਰਹਿੰਦਾ ਹੈ ਜੋ ਅੰਤ ਵੇਲੇ ਸੁਆਹ ਹੋ ਜਾਂਦਾ ਹੈ ਭਾਵ ਇਹ ਇਕੱਠੀ

ਕੀਤੀ ਹੋਈ ਕੂੜ ਦੀ ਕਮਾਈ ਅੰਤ ਵੇਲੇ ਸਾਥ ਨਹੀਂ ਦਿੰਦੀ। ਮਨਮੁਖ ਪ੍ਰਾਣੀ ਭਾਵੇਂ ਕਈ ਪ੍ਰਕਾਰ ਦੇ ਕਰਮ, ਧਰਮ, ਸੁੱਚ, ਸੰਜਮ ਆਦਿ ਧਾਰਮਿਕ ਕਰਮ ਵੀ ਕਰਦਾ ਹੈ ਪਰ ਮਨ ਅੰਦਰ ਲੋਭ ਹੋਣ ਦੇ ਕਾਰਨ ਇਹ ਕੀਤੇ ਸਾਰੇ ਕਰਮ ਵਿਅਰਥ ਜਾਂਦੇ ਹਨ। ਉਸਦਾ ਕੀਤਾ ਕਰਮ ਕਦੀ ਪ੍ਰਵਾਨ ਨਹੀਂ ਚੜ੍ਹਦਾ ਜਿਸ ਕਾਰਨ ਅਜਿਹੇ ਮਨੁੱਖ ਨੂੰ ਪ੍ਰਭੂ ਦੀ ਦਰਗਾਹ ਵਿਚ ਖੁਆਰ ਹੋਣਾ ਪੈਂਦਾ ਹੈ। ਬਿਹਾਗੜੇ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ :

ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ ॥
ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ ॥
ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤੇ ਹੋਇ ਸਭੁ ਛਾਰੁ ॥
ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ ॥
ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ ॥

(ਅੰਗ ੫੫੨)

ਮਨਮੁਖ ਸਦਾ ਸੁਆਰਥੀ ਅਤੇ ਮਤਲਬੀ ਹੁੰਦਾ ਹੈ । ਜਿਸ ਪ੍ਰਭੂ ਨੇ ਉਸ ਨੂੰ ਖਾਣ ਲਈ ਅੰਨ ਅਤੇ ਤਨ ਢੱਕਣ ਲਈ ਬਸਤਰ ਦਿੱਤੇ ਹਨ ਉਸ ਪ੍ਰਭੂ ਦਾ ਕਦੀ ਧੰਨਵਾਦ ਨਹੀਂ ਕਰਦਾ। ਉਸਦੇ ਨਾਮ ਵਿਚ ਕਦੀ ਲਿਵ ਨੂੰ ਨਹੀਂ ਜੋੜਦਾ। ਗੁਰਬਾਣੀ ਅਨੁਸਾਰ ਅਜਿਹੇ ਪ੍ਰਾਣੀ ਦਾ ਜੀਵਨ ਧ੍ਰਿਗ ਹੈ, ਫਿਟਕਾਰਯੋਗ ਹੈ :

ਮਨਮੁਖ ਨਾਮੁ ਨ ਚੇਤਿਓ ਧਿਗੁ ਜੀਵਣੁ ਧਿਗੁ ਵਾਸੁ ॥
ਜਿਸ ਦਾ ਦਿਤਾ ਖਾਣਾ ਪੈਨਣਾ ਸੋ ਮਨਿ ਨ ਵਸਿਓ ਗੁਣਤਾਸੁ ॥

(ਸਲੋਕ ਵਾਰਾਂ ਤੇ ਵਧੀਕ, ਮਹਲਾ ੩, ਪੰਨਾ ੧੪੧੬)

ਆਪਣੇ ਅਸਲੇ ਨਾਲੋਂ ਟੁੱਟਣ ਦੇ ਕਾਰਨ, ਮਨਮੁਖ ਦੀ ਸਾਰੀ ਉਮਰ ਲੋਭ, ਲਾਲਚ, ਹੰਕਾਰ ਅਤੇ ਝਗੜਿਆਂ ਵਿਚ ਹੀ ਬੀਤ ਜਾਂਦੀ ਹੈ :

ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥

(ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੧੬)

ਸਿਰੀ ਰਾਗੁ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਅਜਿਹੀ ਇਸਤ੍ਰੀ ਦਾ ਦ੍ਰਿਸ਼ਟਾਂਤ ਦੇ ਰਹੇ ਹਨ ਜੋ ਆਪਣੇ ਪਤੀ ਨੂੰ ਛੱਡ ਕੇ ਕਿਸੇ ਦੂਸਰੇ ਮਨੁੱਖ ਨਾਲ ਪਿਆਰ ਜਾ ਪਾਉਂਦੀ ਹੈ ਅਤੇ ਤ੍ਰਿਸ਼ਨਾ ਦੀ ਅੱਗ ਵਿਚ ਸੜਦੀ ਰਹਿੰਦੀ ਹੈ। ਇਹੋ ਹਾਲ ਮਨਮੁਖ ਵਿਅਕਤੀ ਦਾ ਹੈ ਜੋ ਪਰਮਾਤਮਾ ਨੂੰ ਵਿਸਾਰ ਕੇ ਦੁਨਿਆਵੀ ਵਸਤੂਆਂ ਨਾਲ ਮੋਹ-ਪਿਆਰ ਪਾ ਕੇ ਖੱਜਲ-ਖੁਆਰ ਹੁੰਦਾ ਰਹਿੰਦਾ ਹੈ

ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ॥
ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥
ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੂਕਾਰ ॥
ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ ॥

(ਅੰਗ ੮੯)

ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਦੀ ਕਰਨੀ ਤੇ ਕਥਨੀ ਵਿਚ ਬੜਾ ਅੰਤਰ ਹੁੰਦਾ ਹੈ। ਉਹ ਕਹਿੰਦਾ ਕੁਝ ਹੈ ਤੇ ਕਰਦਾ ਕੁਝ ਹੋਰ ਹੈ। ਇਸ ਲਈ ਉਸਦੀ ਰਹਿਣੀ ਕਦੀ ਪਵਿੱਤਰ ਨਹੀਂ ਹੋ ਸਕਦੀ :

ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥

(ਰਾਗੁ ਬਿਲਾਵਲੁ ਮਹਲਾ ੧, ਅੰਗ ੮੩੧)

ਸਲੋਕ ਵਾਰਾਂ ਤੇ ਵਧੀਕ ਵਿਚ ਗੁਰੂ ਰਾਮਦਾਸ ਜੀ ਦੇ ਬਚਨ ਹਨ ਕਿ ਜੋ ਗੁਰੂ ਦੇ ਦੱਸੇ ਮਾਰਗ ਤੇ ਨਹੀਂ ਚਲਦਾ ਉਹ ਸਾਰੇ ਕਾਰਜ ਹਉਮੈ ਵੱਸ ਹੋ ਕੇ ਕਰਦਾ ਹੈ। ਵਰਤ-ਨੇਮ, ਸੁੱਚ ਸੰਜਮ ਅਤੇ ਪੂਜਾ ਅਰਥਾਤ ਸਰੀਰਕ ਪਵਿੱਤਰਤਾ ਅਤੇ ਵਿਕਾਰਾਂ ਤੋਂ ਬਚਣ ਲਈ ਉਹ ਜੋ ਵੀ ਕਰਮ ਕਰਦਾ ਹੈ ਉਹ ਸਭ ਪਾਖੰਡ ਅਤੇ ਵਿਖਾਵਾ ਹੀ ਹੁੰਦਾ ਹੈ ਅਤੇ ਵਿਖਾਵੇ ਨਾਲ ਮਨ ਦੀ ਭਟਕਣਾ ਕਦੀ ਦੂਰ ਨਹੀਂ ਹੋ ਸਕਦੀ :

ਮਨਮੁਖਿ ਹੁਕਮੁ ਨ ਬੁਝੇ ਬਪੁੜੀ ਨਿਤ ਹਉਮੈ ਕਰਮ ਕਮਾਇ॥
ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ॥ *(ਅੰਗ ੧੪੨੩)*

ਗੁਰੂ ਅਮਰਦਾਸ ਜੀ ਦਾ ਰਾਗੁ ਵਡਹੰਸੁ ਕੀ ਵਾਰ ਮਹਲਾ ੪ ਵਿਚ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਮਨਮੁਖਾਂ ਨਾਲ ਮੇਲ-ਮਿਲਾਪ ਰੱਖਣ ਦਾ ਕੋਈ ਲਾਭ ਨਹੀਂ। ਇਸ ਵਿਚੋਂ ਬੁਰਿਆਈਆਂ ਹੀ ਨਿਕਲਦੀਆਂ ਹਨ। ਮਨਮੁਖਾਂ ਨਾਲ ਦੋਸਤੀ ਦੋ-ਚਾਰ ਦਿਨ ਹੀ ਨਿਭ ਸਕਦੀ ਹੈ ਅਤੇ ਇਹ ਦੋਸਤੀ ਕਦੋਂ ਟੁੱਟ ਜਾਏ ਇਸਦਾ ਵੀ ਕੋਈ ਭਰੋਸਾ ਨਹੀਂ। ਜਿਨ੍ਹਾਂ ਮਨੁੱਖਾਂ ਦੇ ਅੰਦਰ ਪ੍ਰਭੂ ਦਾ ਡਰ ਭਉ ਨਹੀਂ, ਜੋ ਪਰਮਾਤਮਾ ਦੇ ਨਾਮ ਨਾਲ ਸਾਂਝ ਨਹੀਂ ਪਾਉਂਦੇ ਅਜਿਹੇ ਮਨੁੱਖਾਂ ਨਾਲ ਮਿੱਤਰਤਾ ਕਿਸ ਗੱਲ ਦੀ ?

ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ॥
ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ॥
ਜਿਨਾ ਅੰਦਰਿ ਸਚੇ ਕਾ ਭਉ ਨਾਹੀ ਨਾਮਿ ਨ ਕਰਹਿ ਪਿਆਰੁ॥
ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ ਜਿ ਆਪਿ ਭੁਲਾਏ ਕਰਤਾਰਿ॥

(ਅੰਗ ੫੮੭)

ਅਥਵਾ :

ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ॥
ਜਿਚਰੁ ਪੈਨਨਿ ਖਾਵਨੇ੍ ਤਿਚਰੁ ਰਖਨਿ ਗੰਢੁ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥

(ਰਾਮਕਲੀ ਕੀ ਵਾਰ ਮਹਲਾ ੫, ਅੰਗ ੯੫੯)

ਇਹ ਹਾਲ ਹੈ ਮਨਮੁਖਾਂ ਦਾ। ਉਨ੍ਹਾਂ ਦਾ ਸੰਬੰਧ ਤਾਂ ਕੇਵਲ ਮਾਇਆ ਨਾਲ ਹੀ ਹੁੰਦਾ ਹੈ। ਜਿੰਨੀ ਦੇਰ ਉਨ੍ਹਾਂ ਦੀ ਫ਼ਰਮਾਇਸ਼ ਪੂਰੀ ਕਰਦੇ ਜਾਓ, ਚਲਦਾ ਰਹੇਗਾ। ਪ੍ਰੰਤੂ ਜਦੋਂ ਦੇਣਾ ਬੰਦ ਕਰ ਦਿਓ ਤਾਂ ਉਨ੍ਹਾਂ ਪਾਸੋਂ ਗੰਦ-ਮੰਦ ਹੀ ਸੁਣਨਾ ਪੈਂਦਾ ਹੈ।

ਇਸ ਲਈ ਅਜਿਹੇ ਮਾਇਆ ਵੇੜੇ ਲੋਕਾਂ ਨਾਲ ਮੇਲ-ਮਿਲਾਪ ਰੱਖਣ ਦਾ ਕੀ ਲਾਭ ? ਉਨ੍ਹਾਂ ਨਾਲੋਂ ਤਾਂ ਤੋੜ ਵਿਛੋੜਾ ਹੀ ਚੰਗਾ ਹੈ :

ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥

(ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੧੬)

ਗੁਰ-ਇਤਿਹਾਸ ਵਿਚ ਇਕ ਬੜੀ ਪ੍ਰਸਿੱਧ ਸਾਖੀ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਦਾ ਸਪੁੱਤਰ ਧੀਰ ਮਲ ਜੋ ਮਾਤਾ ਬੀਬੀ ਨਿਹਾਲ ਕੌਰ ਜੀ ਨਾਲ ਕਰਤਾਰਪੁਰ (ਜਲੰਧਰ) ਰਹਿੰਦਾ ਸੀ, ਪ੍ਰਿਥੀ ਚੰਦ ਦੇ ਪੂਰਨਿਆਂ ਤੇ ਚੱਲ ਕੇ ਗੁਰ-ਗੱਦੀ ਲਈ ਹਕੂਮਤ ਨਾਲ ਗੰਢ ਤਰੁੱਪ ਕਰਦਾ ਰਿਹਾ। ਇਥੋਂ ਤੱਕ ਕਿ ਆਪਣੇ ਪਿਤਾ ਬਾਬਾ ਗੁਰਦਿੱਤਾ ਜੀ ਦੇ ਦਿਹਾਂਤ ਤੇ ਵੀ ਉਹ ਅਫ਼ਸੋਸ ਲਈ ਕੀਰਤਪੁਰ ਗੁਰੂ ਹਰਿਗੋਬਿੰਦ ਸਾਹਿਬ ਪਾਸ ਨਹੀਂ ਗਿਆ। ਜਦੋਂ ਮੁਗਲ ਫੌਜਾਂ ਨਾਲ ਜੰਗ ਸਮੇਂ ਗੁਰੂ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦਾ ਸ਼ੁਭ ਵਿਆਹ ਅੰਮ੍ਰਿਤਸਰ ਦੀ ਥਾਂ ਝਬਾਲ (ਅੰਮ੍ਰਿਤਸਰ) ਕਰਨਾ ਪਿਆ ਸੀ ਤਾਂ ਸ੍ਰੀ ਦਰਬਾਰ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਝਬਾਲ ਲਿਆਂਦੀ ਗਈ ਸੀ ਅਤੇ ਫਿਰ ਸਿੱਧੇ ਝਬਾਲ ਤੋਂ ਲਿਆ ਕੇ ਬੀੜ ਦਾ ਪ੍ਰਕਾਸ਼ ਕਰਤਾਰਪੁਰ ਕੀਤਾ ਗਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਇੱਛਾ ਸੀ ਕਿ ਅੰਤਮ ਅਰਦਾਸ ਵੇਲੇ, ਬੀੜ ਸਾਹਿਬ ਦਾ ਪ੍ਰਕਾਸ਼ ਕਰਕੇ ਹੀ ਕੀਰਤਨ ਹੋਣਾ ਚਾਹੀਦਾ ਹੈ। ਇਹ ਸੋਚ ਕੇ ਗੁਰੂ ਜੀ ਨੇ ਕੁਝ ਸਿੱਖਾਂ ਨੂੰ ਬੀੜ ਲੈ ਕੇ ਆਉਣ ਲਈ ਕਰਤਾਰਪੁਰ ਭੇਜਿਆ।

ਪਰ ਧੀਰ ਮਲ ਨੇ ਨਾ ਹੀ ਬੀੜ ਦਿੱਤੀ ਅਤੇ ਨਾ ਹੀ ਆਪ ਕੀਰਤਪੁਰ ਗਿਆ ਉਸਦੇ ਸਲਾਹਕਾਰਾਂ ਨੇ ਉਸਦੇ ਮਨ ਅੰਦਰ ਪੱਕਾ ਕੀਤਾ ਹੋਇਆ ਸੀ ਕਿ ਜਦੋਂ ਤੱਕ ਬੀੜ ਤੇਰੇ ਪਾਸ ਹੈ ਗੁਰ-ਗੱਦੀ ਕਿਸੇ ਹੋਰ ਨੂੰ ਨਹੀਂ ਮਿਲ ਸਕਦੀ। ਧੀਰ ਮਲ ਗੁਰੂ ਦੇ ਦਰਸਾਏ ਮਾਰਗ ਤੋਂ ਭਟਕ ਕੇ ਗੁਰ-ਗੱਦੀ ਦੇ ਸੁਪਨੇ ਲੈਣ ਲੱਗ ਪਿਆ। ਉਹ ਇਹ ਗੱਲ ਭੁੱਲ ਗਿਆ ਕਿ ਗੁਰੂ ਘਰ ਵਿਚ ਪਰਵਾਨ ਚੜ੍ਹਣ ਲਈ ਕਿੰਨੀ ਘਾਲਣਾ ਘਾਲਣੀ ਪੈਂਦੀ ਹੈ। ਕਿੰਨੀਆਂ-ਕਿੰਨੀਆਂ ਪ੍ਰੀਖਿਆਵਾਂ ਵਿਚੋਂ ਨਿਕਲਣਾ ਪੈਂਦਾ ਹੈ। ਉਸਦੇ ਖਾਨੇ ਇਹ ਗੱਲ ਤਾਂ ਪੈ ਗਈ ਕਿ ਗੁਰੂ ਘਰ ਵਿਚ ਦਾਤਾਂ ਜ਼ਰੂਰ ਵੰਡੀਦੀਆਂ ਹਨ ਪਰ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਸੀਸ ਤਲੀ ਤੇ ਰੱਖ ਕੇ ਆਉਣਾ ਪੈਂਦਾ ਹੈ। 'ਸਿਰ ਦੀਜੈ ਕਾਣ ਨ ਕੀਜੈ' ਵਾਲੀ ਅਵਸਥਾ ਵਿਚੋਂ ਲੰਘਣਾ ਪੈਂਦਾ ਹੈ। ਇੰਜ ਧੀਰ ਮਲ ਗੁਰੂ ਘਰ ਨਾਲੋਂ ਬੇ-ਮੁਖ ਹੋ ਗਿਆ ਜਿਸ ਨੂੰ ਫਿਰ ਸਿੱਖ ਸੰਗਤਾਂ ਨੇ ਕਦੀ ਮੂੰਹ ਨਹੀਂ ਲਾਇਆ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਸ ਸੰਤਾਪ ਤੋਂ ਮਨਮੁਖ ਛੁਟਕਾਰਾ ਕਿਵੇਂ ਪਾਏ? ਗੁਰੂ ਅਮਰਦਾਸ ਜੀ ਦੇ ਰਾਗੁ ਗਉੜੀ ਵਿਚ ਬੜੇ ਅਨਮੋਲ ਬਚਨ ਹਨ ਕਿ ਮਨ ਨੂੰ ਮਾਰ ਕੇ ਗੁਰੂ ਦੇ ਦੱਸੇ ਮਾਰਗ ਤੇ ਚੱਲਣ ਨਾਲ ਹੀ ਮਨਮੁਖ ਸੱਚੇ ਪ੍ਰਭੂ ਦੇ ਦਰ ਤੇ ਪ੍ਰਵਾਨ ਹੋ ਸਕਦਾ ਹੈ :

ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ ॥
ਨਾਨਕ ਮਨਮੁਖਿ ਥਾਉ ਨ ਪਾਏ ਬਿਨੁ ਗੁਰ ਅਤਿ ਪਿਆਰੇ ॥

(ਅੰਗ ੨੪੫)

ਜਿਨ ਚੀਨੈ ਪ੍ਰਭੁ ਸੇ [illegible]। ਜਿਨ ਚੀਨੈ ਪ੍ਰਭੁ ਤਿਨ ਹਉਮੈ ਜਾਈ॥
ਨਾਨਕ ਕੈ ਸੁਆਮਿ [illegible] ਤਿਨ ਰਹੇ [illegible]॥੪॥ ਗਉੜੀ ਗੁਆਰੇਰੀ ਮਹਲਾ ੩॥ ੧੫੧
ਵਡਾ ਵਿਣਸੀ ਦਾਸ ਹੈ॥ ਹਉਮੈ ਕਰੈ ਗਵਾਰੁ ਸਾਨਾਏ॥ ੩੦/੨੦(ਭਾ.ਗ.)

(88)

ਹਉਮੈ

ਹਉਮੈ ਸ਼ਬਦ ਦੋ ਅੱਖਰਾਂ ਦੇ ਸੁਮੇਲ ਤੋਂ ਬਣਿਆ ਹੈ। ਹਉ-ਮੈਂ ਭਾਵ ਜੋ ਕੁਝ ਵੀ ਹਾਂ ਉਹ ਮੈਂ ਹੀ ਹਾਂ। ਹਉਮੈ ਵਿਚ ਗ੍ਰਸਿਆ ਪ੍ਰਾਣੀ ਸਦਾ ਇਸ ਭੁਲੇਖੇ ਵਿਚ ਰਹਿੰਦਾ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ। ਸਭ ਕੁਝ ਮੈਂ ਆਪ ਹੀ ਕਰ ਰਿਹਾ ਹਾਂ। ਮੋਹ-ਮਾਇਆ ਵਿਚ ਫਸ ਕੇ ਹੌਲੀ ਹੌਲੀ ਉਸਦਾ ਇਹ ਵਿਚਾਰ ਪਕੇਰਾ ਹੋ ਜਾਂਦਾ ਹੈ ਅਤੇ ਜੀਵ-ਆਤਮਾ ਅਤੇ ਪਰਮਾਤਮਾ ਵਿਚਕਾਰ ਇਕ ਵਿੱਥ ਪੈਣੀ ਸ਼ੁਰੂ ਹੋ ਜਾਂਦੀ ਹੈ। ਜੀਵ ਪਰਮਾਤਮਾ ਨਾਲੋਂ ਟੁੱਟ ਕੇ ਆਪਣੀ ਵੱਖਰੀ ਹਸਤੀ ਬਣਾ ਕੇ ਕੁਰਾਹੇ ਪੈ ਜਾਂਦਾ ਹੈ। ਅਜਿਹੇ ਮਨਮੁਖਾਂ ਸਬੰਧੀ ਗੁਰੂ ਅਮਰਦਾਸ ਜੀ ਦਾ ਰਾਗੁ ਵਡਹੰਸੁ ਕੀ ਵਾਰ ਮਹਲਾ ੪ ਵਿਚ ਸਲੋਕ ਅੰਕਤ ਹੈ :

ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ॥
ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ॥ ਮ: ੩॥

(ਅੰਗ ੫੮੯)

ਰਾਗੁ ਸੂਹੀ ਵਿਚ ਗੁਰੂ ਰਾਮਦਾਸ ਜੀ ਦੇ ਬਚਨ ਹਨ ਕਿ ਸਾਰਾ ਜਗਤ ਹੀ ਹਉਮੈ ਰੋਗ ਵਿਚ ਗ੍ਰਸਿਆ ਹੋਇਆ ਹੈ ਜਿਸ ਕਰਕੇ ਮਨੁੱਖ ਜਨਮ ਮਰਨ ਦੇ ਗੇੜ ਵਿਚ ਪੈ ਕੇ ਬੜੇ ਦੁੱਖ ਭੋਗਦੇ ਹਨ। ਗੁਰੂ ਦੀ ਕਿਰਪਾ ਸਦਕਾ ਵਿਰਲੇ ਪ੍ਰਾਣੀ ਹੀ ਹਉਮੈ ਰੋਗ ਤੋਂ ਬਚਦੇ ਹਨ ਜਿਨ੍ਹਾਂ ਤੋਂ ਬਲਿਹਾਰ ਜਾਣਾ ਚਾਹੀਦਾ ਹੈ :

ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ॥
ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ॥

(ਅੰਗ ੭੩੫-੩੬)

ਅਥਵਾ :

ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ॥
ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ॥
ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ॥
ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ॥

(ਸਲੋਕ ਮਹਲਾ ੩, ਬਿਹਾਗੜੇ ਕੀ ਵਾਰ ਮਹਲਾ ੪, ਅੰਗ ੫੫੫-੫੬)

ਹਉਮੈ ਕਾਰਨ ਲੋਭ ਅਤੇ ਮੋਹ-ਮਾਇਆ ਵਿਚ ਫਸ ਕੇ ਪ੍ਰਾਣੀ ਅਸਲ ਜੀਵਨ ਮਾਰਗ ਤੋਂ ਖੁੰਝਿਆ ਰਹਿੰਦਾ ਹੈ ਅਤੇ ਦੁੱਖ ਹੀ ਦੁੱਖ ਭੋਗਦਾ ਹੈ। ਉਸਦਾ ਹਾਲ ਉਸ ਹਲਕਾਏ ਕੁੱਤੇ ਵਾਂਗ ਹੈ ਜੋ ਆਪ ਵੀ ਦੁਖੀ ਹੁੰਦਾ ਹੈ ਅਤੇ ਲੋਕਾਂ ਨੂੰ ਵੀ ਦੁਖੀ ਕਰਦਾ ਹੈ। ਅਜਿਹੇ ਪ੍ਰਾਣੀ ਨੂੰ ਚੰਗੇ-ਮੰਦੇ ਦੀ ਪਰਖ ਨਹੀਂ ਰਹਿੰਦੀ ਅਤੇ ਮਾਇਆ ਦੀ ਖ਼ਾਤਰ ਉਹ ਭਟਕਦਾ ਫਿਰਦਾ ਰਹਿੰਦਾ ਹੈ :

ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ॥
ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ॥

(ਰਾਗੁ ਭੈਰਉ ਮਹਲਾ ੩, ਅੰਗ ੧੧੩੨)

ਮੋਹ-ਮਾਇਆ ਵਿਚ ਫਸ ਕੇ ਜੀਵ ਮਾਇਆ ਦੀ ਕਠ-ਪੁਤਲੀ ਬਣ ਕੇ ਰਹਿ ਜਾਂਦਾ ਹੈ। ਮਾਇਆ ਦੇ ਹੱਥਾਂ ਤੇ ਨੱਚਦਾ ਹੈ। ਫਲਸਰੂਪ ਉਹ ਜਨਮ-ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਗੁਰੂ ਅਮਰਦਾਸ ਜੀ ਸਿਰੀ ਰਾਗੁ ਵਿਚ ਅਜਿਹੇ ਪ੍ਰਾਣੀ ਦੀ ਵਿਥਿਆ ਇਸ ਪ੍ਰਕਾਰ ਦਰਸਾ ਰਹੇ ਹਨ :

ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ॥
ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ॥ *(ਅੰਗ ੩੧)*

ਸਿਧ ਗੋਸਟਿ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ ਕਿ ਹਉਮੈ ਦੇ ਚਿੱਕੜ ਵਿਚ ਫਸਿਆ ਹੋਇਆ ਮਨੁੱਖ ਨਾਮ ਤੋਂ ਸੱਖਣਾ ਰਹਿ ਕੇ ਸਦਾ ਦੁੱਖ ਹੀ ਭੋਗਦਾ ਹੈ :

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥

(ਅੰਗ ੯੪੬)

ਹਉਮੈ ਕਾਰਨ ਮਨੁੱਖ ਦਾ ਭਵ-ਸਾਗਰ ਤੋਂ ਪਾਰ ਉਤਾਰਾ ਨਹੀਂ ਹੋ ਸਕਦਾ ਕਿਉਂਕਿ ਉਸਦੀ ਸੁਰਤੀ ਕਦੀ ਪ੍ਰਭੂ ਦੇ ਨਾਮ ਵਿਚ ਜੁੜਦੀ ਨਹੀਂ ਅਤੇ ਨਾ ਹੀ ਅਜਿਹਾ ਪ੍ਰਾਣੀ ਮਾਲਕ-ਪ੍ਰਭੂ ਦੀ ਰਜ਼ਾ ਵਿਚ ਰਹਿੰਦਾ ਹੈ। ਉਹ ਪ੍ਰਕਾਸ਼ ਨੂੰ ਛੱਡ ਕੇ ਵਿਕਾਰਾਂ ਦੇ ਘੁੱਪ ਹਨੇਰੇ ਵਿਚ ਟੱਕਰਾਂ ਮਾਰਦਾ ਰਹਿੰਦਾ ਹੈ ਜੋ ਉਸਦੇ ਆਤਮਿਕ ਜੀਵਨ ਦੇ ਵਿਕਾਸ ਵਿਚ ਰੁਕਾਵਟ ਬਣ ਜਾਂਦੇ ਹਨ :

ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ॥

(ਰਾਗੁ ਵਡਹੰਸੁ ਮਹਲਾ ੩, ਅੰਗ ੫੬੦)

ਹਉਮੈ ਦੇ ਪ੍ਰਭਾਵ ਹੇਠ ਜੀਵ ਜੋ ਜੋ ਵੀ ਕੰਮ ਕਰਦਾ ਹੈ ਉਹ ਸਭ ਗਲੇ ਦੀਆਂ ਫਾਹੀਆਂ ਹੀ ਬਣ ਜਾਂਦੀਆਂ ਹਨ। ਮਨ ਅੰਦਰ ਮਮਤਾ ਵਧਦੀ ਜਾਂਦੀ ਹੈ। ਇਹ ਮਮਤਾ ਹੀ ਫਿਰ ਜੀਵ ਦੇ ਪੈਰਾਂ ਵਿਚ ਲੋਹੇ ਦੀ ਬੇੜੀ ਬਣ ਜਾਂਦੀ ਹੈ ਅਤੇ ਜੀਵ ਨੂੰ ਕਿਸੇ ਜੋਗਾ ਨਹੀਂ ਰਹਿਣ ਦਿੰਦੀ। ਗੁਰਵਾਕ ਹੈ :

ਹਉ ਹਉ ਕਰਮ ਕਮਾਣੇ॥
ਤੇ ਤੇ ਬੰਧ ਗਲਾਣੇ॥
ਮੇਰੀ ਮੇਰੀ ਧਾਰੀ॥
ਓਹਾ ਪੈਰਿ ਲੋਹਾਰੀ॥ *(ਰਾਗੁ ਮਾਰੂ ਮਹਲਾ ੫, ਅੰਗ ੧੦੦੪)*

ਗਲਾਣੇ ਤੋਂ ਅਰਥ ਹੈ ਗਲੇ ਵਿਚ। ਲੋਹਾਰੀ—ਲੋਹੇ ਦੀ ਬੇੜੀ।

ਦਰਅਸਲ ਹਉਮੈ ਅਤੇ ਨਾਮ ਦੋ ਅਜਿਹੀਆਂ ਪਰਸਪਰ ਵਿਰੋਧੀ ਸ਼ਕਤੀਆਂ ਹਨ ਜੋ ਹਿਰਦੇ ਰੂਪੀ ਘਰ ਵਿਚ ਕਦੀ ਇਕੱਠੀਆਂ ਵੱਸ ਨਹੀਂ ਸਕਦੀਆਂ। ਰਾਗੁ ਵਡਹੰਸੁ ਵਿਚ ਗੁਰੂ ਅਮਰਦਾਸ ਜੀ ਦਾ ਫ਼ਰਮਾਨ ਹੈ :

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥

(ਅੰਗ ੫੬੦)

ਰਾਗੁ ਮਾਝ ਵਿਚ ਗੁਰੂ ਅਮਰਦਾਸ ਜੀ ਦੇ ਬੜੇ ਅਨਮੋਲ ਬਚਨ ਹਨ ਕਿ ਹਉਮੈ ਨੂੰ ਮਾਰਨ ਨਾਲ ਮਾਇਆ ਦਾ ਮੋਹ ਦੂਰ ਹੋ ਜਾਂਦਾ ਹੈ ਅਤੇ ਫਿਰ ਆਤਮਿਕ ਅਨੰਦ ਬਣਿਆ ਰਹਿੰਦਾ ਹੈ :

ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥

(ਅੰਗ ੧੧੦)

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਹਉਮੈ ਕਾਰਨ ਜੀਵ ਆਤਮਾ ਅਤੇ ਪਰਮਾਤਮਾ ਵਿਚਕਾਰ ਜੋ ਵਿੱਥ ਪਈ ਹੋਈ ਹੈ, ਇਸ ਨੂੰ ਦੂਰ ਕਿਵੇਂ ਕੀਤਾ ਜਾ ਸਕਦਾ ਹੈ ਤਾਂ ਕਿ ਹਉਮੈ ਰੂਪੀ ਵਿਕਾਰ ਤੋਂ ਛੁਟਕਾਰਾ ਪਾਇਆ ਜਾ ਸਕੇ।

ਗੁਰਬਾਣੀ ਅਨੁਸਾਰ ਅਕਾਲ ਪੁਰਖ ਦੀ ਰਜ਼ਾ ਅਰਥਾਤ ਹੁਕਮ ਤੇ ਚੱਲ ਕੇ ਹਉਮੈ ਨੂੰ ਮਾਰਿਆ ਜਾ ਸਕਦਾ ਹੈ। ਇਸ ਪ੍ਰਕਾਰ ਪ੍ਰਾਣੀ ਦੀ ਮੋਹ ਮਾਇਆ ਦੀ ਤ੍ਰਿਸ਼ਨਾ ਖ਼ਤਮ ਹੋ ਜਾਂਦੀ ਹੈ ਅਤੇ ਹਿਰਦੇ ਰੂਪੀ ਘਰ ਵਿਚ ਸ਼ਾਂਤੀ ਅਤੇ ਅਨੰਦ ਆ ਵੱਸਦੇ ਹਨ। ਗੁਰਵਾਕ ਹੈ :

ਕਾਰ ਕਮਾਈ ਜੋ ਮੇਰੇ ਪ੍ਰਭ ਭਾਈ ॥
ਹਉਮੈ ਤ੍ਰਿਸਨਾ ਸਬਦਿ ਬੁਝਾਈ ॥
ਗੁਰਮਤਿ ਸਦ ਹੀ ਅੰਤਰੁ ਸੀਤਲੁ ਹਉਮੈ ਮਾਰਿ ਨਿਵਾਰੀ ਹੇ ॥

(ਰਾਗੁ ਮਾਰੂ ਸੋਲਹੇ ਮਹਲਾ ੩, ਅੰਗ ੧੦੫੦)

ਅਥਵਾ :

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥

(ਜਪੁ ਜੀ, ਪਉੜੀ ੨)

ਗੁਰੂ ਅੰਗਦ ਦੇਵ ਜੀ ਦੇ ਪਾਵਨ ਬਚਨ ਹਨ ਕਿ ਭਾਵੇਂ ਹਉਮੈ ਇਕ ਵੱਡਾ ਰੋਗ ਹੈ ਪਰ ਇਸ ਨੂੰ ਮਾਰਨ ਦਾ ਇਲਾਜ ਵੀ ਹੈ। ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਪ੍ਰਭੂ ਦੇ ਨਾਮ ਨਾਲ ਜੁੜਿਆਂ, ਹਉਮੈ ਰੂਪੀ ਦੀਰਘੁ ਰੋਗੁ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ :

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥

(ਸਲੋਕ ਮਹਲਾ ੨, ਆਸਾ ਦੀ ਵਾਰ, ਅੰਗ ੪੬੬)

ਅਥਵਾ :

ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥
ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ ॥

(ਸਿਰੀਰਾਗੁ ਮਹਲਾ ੧, ਅੰਗ ੫੫)

ਭਾਵ ਜਿਨ੍ਹਾਂ ਜਿਨ੍ਹਾਂ ਨੇ ਸੱਚੇ ਪ੍ਰਭੂ ਨਾਲ ਸਾਂਝ ਪਾਈ ਹੈ ਉਹ ਹਉਮੈ ਅਤੇ ਤ੍ਰਿਸ਼ਨਾ ਨੂੰ ਮਾਰ ਕੇ ਪ੍ਰਭੂ ਨੂੰ ਆਪਣੇ ਹਿਰਦੇ ਰੂਪੀ ਘਰ ਵਿਚ ਵਸਾਈ ਰੱਖਦੇ ਹਨ। ਉਨ੍ਹਾਂ ਦੀ

ਲਿਵ ਫਿਰ ਸਦਾ ਨਾਮ ਵਿਚ ਜੁੜੀ ਰਹਿੰਦੀ ਹੈ।

ਭਗਤ ਰਵਿਦਾਸ ਜੀ ਦਾ ਰਾਗੁ ਸੋਰਠਿ ਵਿਚ ਬੜਾ ਸੁੰਦਰ ਫ਼ਰਮਾਨ ਹੈ ਕਿ ਜਿੰਨਾ ਚਿਰ ਮਨ ਅੰਦਰ ਹਉਮੈ ਰਹਿੰਦੀ ਹੈ ਉਨਾ ਚਿਰ ਮਾਲਕ ਪ੍ਰਭੂ ਨੂੰ ਪਾਇਆ ਨਹੀਂ ਜਾ ਸਕਦਾ ਪ੍ਰੰਤੂ ਜਦੋਂ ਉਸ ਨਾਲ ਇਕ-ਮਿਕ ਹੋ ਜਾਈਦਾ ਹੈ ਤਾਂ ਮਨ ਦੀ ਸਾਰੀ ਹਉਮੈ ਜਾਂਦੀ ਰਹਿੰਦੀ ਹੈ :

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥ *(ਅੰਗ ੬੫੭)*

ਇਸੇ ਵਿਚਾਰ ਨੂੰ ਭਗਤ ਕਬੀਰ ਜੀ ਨੇ ਇਸ ਪ੍ਰਕਾਰ ਦਰਸਾਇਆ ਹੈ :

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥

(ਸਲੋਕ ਨੰਬਰ ੨੦੪, ਅੰਗ ੧੩੭੫)

ਭਾਵ ਤੂੰ-ਤੂੰ ਕਰਦਿਆਂ, ਤੇਰਾ ਨਾਮ ਸਿਮਰਦਿਆਂ-ਸਿਮਰਦਿਆਂ ਮੈਂ ਤੇਰੇ ਵਿਚ ਅਭੇਦ ਹੋ ਗਿਆ ਹਾਂ। ਹੁਣ ਮੇਰੇ ਅੰਦਰੋਂ ਮੈਂ ਮੇਰੀ ਜਾਂਦੀ ਰਹੀ ਹੈ। ਤੇਰਾ ਸਿਮਰਨ ਕਰਨ ਨਾਲ ਮੇਰੀ ਸਾਰੀ ਹਉਮੈ ਜਾਂਦੀ ਰਹੀ ਹੈ। ਮਨ ਅੰਦਰੋਂ ਆਪਣੇ ਪਰਾਏ ਵਾਲਾ ਵਿਤਕਰਾ ਵੀ ਖ਼ਤਮ ਹੋ ਗਿਆ ਹੈ। ਹੁਣ ਜਿਧਰ ਵੀ ਦੇਖਦਾ ਹਾਂ ਮੈਨੂੰ ਹਰ ਥਾਂ ਤੂੰ ਹੀ ਤੂੰ ਦਿੱਸ ਰਿਹਾ ਹੈਂ।

ਜਦੋਂ ਪ੍ਰਾਣੀ ਦੀ ਅਜਿਹੀ ਅਵਸਥਾ ਬਣ ਜਾਂਦੀ ਹੈ ਫਿਰ ਤਾਂ ਅਨੰਦ ਹੀ ਅਨੰਦ ਹੈ। ਗੁਰੂ ਰਾਮਦਾਸ ਜੀ ਦੇ ਰਾਗੁ ਬਸੰਤੁ ਵਿਚ ਪਾਵਨ ਬਚਨ ਹਨ ਕਿ ਸਾਧ ਸੰਗਤ ਦੀ ਬਰਕਤ ਨਾਲ ਜਦੋਂ ਪ੍ਰਾਣੀ ਦੀ ਬਿਰਤੀ ਪ੍ਰਭੂ ਦੇ ਨਾਮ ਵਿਚ ਜੁੜਦੀ ਹੈ ਤਾਂ ਹਉਮੈ ਰੋਗ ਦੂਰ ਹੋ ਕੇ ਸਹਿਜ ਸੁਖ ਦੀ ਪ੍ਰਾਪਤੀ ਹੁੰਦੀ ਹੈ :

ਗੋਬਿੰਦ ਜੀਉ ਸਤਸੰਗਤਿ ਮੇਲਿ ਹਰਿ ਧਿਆਈਐ॥
ਹਉਮੈ ਰੋਗੁ ਗਇਆ ਸੁਖੁ ਪਾਇਆ ਹਰਿ ਸਹਜਿ ਸਮਾਧਿ ਲਗਾਈਐ॥

(ਅੰਗ ੧੧੭੯)

ਅਥਵਾ :

ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ ਹਰਿ ਨਾਮੁ ਨਵੈ ਨਿਧਿ ਪਾਈ॥
ਹਉਮੈ ਰੋਗੁ ਗਇਆ ਦੁਖੁ ਲਾਥਾ ਹਰਿ ਸਹਜਿ ਸਮਾਧਿ ਲਗਾਈ॥

(ਰਾਗੁ ਵਡਹੰਸੁ ਮਹਲਾ ੪, ਅੰਗ ੫੭੨)

ਹਉਮੈ ਨੂੰ ਤਿਆਗਣ ਸਬੰਧੀ ਗੁਰੂ ਨਾਨਕ ਦੇਵ ਜੀ ਦੇ ਰਾਗੁ ਗਉੜੀ ਵਿਚ ਬੜੇ ਅਨਮੋਲ ਬਚਨ ਹਨ :

ਹਉ ਹਉ ਕਰਤ ਨਹੀ ਸਚੁ ਪਾਈਐ॥
ਹਉਮੈ ਜਾਇ ਪਰਮ ਪਦੁ ਪਾਈਐ॥ *(ਅੰਗ ੨੨੬)*

ਅਥਵਾ :

ਹਉਮੈ ਬੰਧਨ ਬੰਧਿ ਭਵਾਵੈ॥
ਨਾਨਕ ਰਾਮ ਭਗਤਿ ਸੁਖੁ ਪਾਵੈ॥ - ਗਉੜੀ ਮਹਲਾ ੧ *(ਅੰਗ ੨੨੭)*

89

ਅਕ੍ਰਿਤਘਣ

ਕਿਸੇ ਵਲੋਂ ਕੀਤੀ ਦਇਆ, ਉਪਕਾਰ ਜਾਂ ਨੇਕੀ ਨੂੰ ਭੁਲਾ ਦੇਣ ਵਾਲੇ ਮਨੁੱਖ ਨੂੰ ਅਕ੍ਰਿਤਘਣ, ਨਾ-ਸ਼ੁਕਰਾ ਜਾਂ ਅਹਿਸਾਨ ਫ਼ਰਾਮੋਸ਼ ਕਹਿੰਦੇ ਹਨ। ਕਿਸੇ ਦਾ ਲੂਣ ਖਾ ਕੇ ਉਸ ਨਾਲ ਬੁਰਾਈ ਕਰਨ ਵਾਲਾ ਮਨੁੱਖ ਲੂਣ-ਹਰਾਮੀ ਹੈ, ਅਕ੍ਰਿਤਘਣ ਹੈ।

ਗਉੜੀ ਬਾਵਨ ਅਖਰੀ ਵਿਚ ਪੰਚਮ ਗੁਰਦੇਵ ਦੇ ਬਚਨ ਹਨ ਕਿ ਜੋ ਕਿਸੇ ਦਾ ਲੂਣ ਖਾ ਕੇ ਉਸ ਨਾਲ ਬੁਰਾਈ ਕਰਦਾ ਹੈ, ਉਹ ਹੋਛੀ ਮੱਤ ਵਾਲਾ ਗੁਨਾਹਗਾਰ ਅਤੇ ਲੂਣ-ਹਰਾਮੀ ਹੈ। ਲੋਭ-ਲਾਲਚ ਵਿਚ ਫਸ ਕੇ ਮਾਇਆ ਲਈ ਇਧਰ ਉੱਧਰ ਭਟਕਦਾ ਰਹਿੰਦਾ ਹੈ ਅਤੇ ਹਰ ਵੇਲੇ ਵਿਕਾਰਾਂ ਵਿਚ ਗ੍ਰਸਿਆ ਰਹਿੰਦਾ ਹੈ। ਅਜਿਹਾ ਭੈੜੀ ਮੱਤ ਵਾਲਾ ਚੋਰਾਂ-ਯਾਰਾਂ, ਵਿਸ਼ਈ, ਨਿੰਦਕਾਂ, ਕਪਟੀਆਂ ਨਾਲ ਤਾਂ ਸਾਂਝ ਪਾਈ ਰਖਦਾ ਹੈ ਪਰ ਜਿਸ ਮਾਲਕ ਨੇ ਜਿੰਦ-ਜਾਨ ਅਤੇ ਸਰੀਰ ਦਿੱਤੇ ਹਨ, ਸੁਖ ਅਤੇ ਆਰਾਮ ਦਿੱਤਾ ਹੈ ਉਸ ਨੂੰ ਚਿੱਤ ਚੇਤੇ ਵੀ ਨਹੀਂ ਕਰਦਾ। ਇਕ ਪਲ ਲਈ ਵੀ ਪ੍ਰਭੂ ਨੂੰ ਯਾਦ ਨਹੀਂ ਕਰਦਾ :

ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ॥
ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ॥
ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ॥
ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ॥
ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ॥
ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ॥ *(ਅੰਗ ੨੬੧)*

ਅਥਵਾ :

ਬੀਚੁ ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ॥
ਆਏ ਖਰੇ ਕਠਿਨ ਜਮਕੰਕਰਿ ਪਕੜਿ ਲਇਆ॥
ਪਕੜੇ ਚਲਾਇਆ ਅਪਣਾ ਕਮਾਇਆ ਮਹਾ ਮੋਹਨੀ ਰਾਤਿਆ॥
ਗੁਨ ਗੋਵਿੰਦ ਗੁਰਮੁਖਿ ਨ ਜਪਿਆ ਤਪਤ ਥੰਮ੍ ਗਲਿ ਲਾਤਿਆ॥
ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਪਿਆ॥
ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ॥

(ਰਾਗੁ ਬਿਹਾਗੜਾ ਮਹਲਾ ੫, ਅੰਗ ੫੪੬)

ਭਾਵ ਮਾਲਕ ਪ੍ਰਭੂ ਦੇ ਕੀਤੇ ਉਪਕਾਰਾ ਨੂੰ ਨਾ ਜਾਣਨ ਵਾਲਾ ਮਨੁੱਖ ਪਰਮਾਤਮਾ ਨਾਲੋਂ ਸਦਾ ਵਿਛੜਿਆ ਰਹਿੰਦਾ ਹੈ। ਉਸ ਦੀ ਸਾਰੀ ਉਮਰ ਮਾਇਆ ਦੀ ਭਟਕਣਾ ਵਿਚ ਗੁਜ਼ਰ ਜਾਂਦੀ ਹੈ। ਪਰਮਾਤਮਾ ਦਾ ਨਾਮ ਨਾ ਜਪਣ ਕਰਕੇ ਅਜਿਹਾ ਨਾ-ਸ਼ੁਕਰਾ ਮਨੁੱਖ ਜੀਵਨ ਭਰ ਕੁਰਾਹੇ ਪਿਆ ਰਹਿੰਦਾ ਹੈ। ਕਾਮ, ਕ੍ਰੋਧ, ਅਹੰਕਾਰ ਜਿਹੇ ਵਿਕਾਰਾਂ

ਵਿਚ ਫਸ ਕੇ ਉਹ ਆਪਣਾ ਮਨੁੱਖਾ ਜਨਮ ਅਜਾਈਂ ਗੁਆ ਲੈਂਦਾ ਹੈ। ਅੰਤ ਨੂੰ ਨਿਰਦਈ ਜਮਦੂਤ ਜੋ ਕਿਸੇ ਦਾ ਲਿਹਾਜ਼ ਨਹੀਂ ਕਰਦੇ, ਆ ਦਬੋਚਦੇ ਹਨ ਅਤੇ ਪ੍ਰਾਣੀ ਫਿਰ ਹੱਥ ਮਲਦਾ ਹੀ ਰਹਿ ਜਾਂਦਾ ਹੈ।

ਰਾਗੁ ਗਉੜੀ ਕੀ ਵਾਰ ਮਹਲਾ ੪ ਵਿਚ ਗੁਰੂ ਨਾਨਕ ਦੇਵ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦਾ ਕਥਨ ਹੈ ਕਿ ਨਾ-ਸ਼ੁਕਰੇ ਅਕ੍ਰਿਤਘਣ ਬੜਾ ਦੁੱਖ ਭੋਗਦੇ ਹਨ ਅਤੇ ਘੋਰ ਨਰਕਾਂ ਵਿਚ ਪੈਂਦੇ ਹਨ। ਪ੍ਰਭੂ ਅਜਿਹੇ ਅਕ੍ਰਿਤਘਣਾਂ ਨੂੰ ਵਿਸਾਰ ਦਿੰਦਾ ਹੈ। ਇਸ ਲਈ ਉਹ ਦੁੱਖ ਭੋਗਦੇ ਹੋਏ ਖੁਆਰ ਹੋ ਕੇ ਮਰਦੇ ਹਨ :

ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ ॥
ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ ॥ *(ਅੰਗ ੩੧੫)*

ਅਥਵਾ :

ਜਿਸ ਨੋ ਬਿਸਰੈ ਪੁਰਖੁ ਬਿਧਾਤਾ ॥
ਜਲਤਾ ਫਿਰੈ ਰਹੈ ਨਿਤ ਤਾਤਾ ॥
ਅਕਿਰਤਘਣੈ ਕਉ ਰਖੈ ਨ ਕੋਈ ਨਰਕ ਘੋਰ ਮਹਿ ਪਾਵਣਾ ॥

(ਅੰਗ ੧੦੮੬)

ਭਾਵ ਜੋ ਪਰਮਾਤਮਾ ਨੂੰ ਵਿਸਾਰ ਦਿੰਦੇ ਹਨ, ਉਸਦੇ ਕੀਤੇ ਉਪਕਾਰਾਂ ਨੂੰ ਭੁਲਾ ਦਿੰਦੇ ਹਨ ਉਹ ਸਦਾ ਵਿਕਾਰਾਂ ਵਿਚ ਸੜਦੇ ਰਹਿੰਦੇ ਹਨ ਅਤੇ ਨਰਕਾਂ ਦੇ ਭਾਗੀ ਬਣਦੇ ਹਨ। ਗੁਰੂ ਰਾਮਦਾਸ ਜੀ ਦੇ ਬਚਨ ਹਨ :

ਕੀਆ ਨਾ ਜਾਣੈ ਅਕਿਰਤਘਣ ਵਿਚਿ ਜੋਨੀ ਫਿਰਤੇ ॥
ਸਭੇ ਧਿਰਾਂ ਨਿਖੁਟੀਅਸੁ ਹਿਰਿ ਲਈਅਸੁ ਧਰ ਤੇ ॥

(ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੧੭)

ਭਾਵ ਅਕ੍ਰਿਤਘਣ ਜੂਨਾਂ ਵਿਚ ਭਟਕਦਾ ਰਹਿੰਦਾ ਹੈ, ਉਸਦਾ ਕੋਈ ਸਹਾਈ ਨਹੀਂ ਬਣਦਾ, ਉਸ ਨੂੰ ਕਿਸੇ ਵਲੋਂ ਸਹਾਰਾ ਨਹੀਂ ਮਿਲਦਾ। ਕੀਤੇ ਕਰਮਾਂ ਦਾ ਦੰਡ ਦੇਣ ਲਈ ਪ੍ਰਭੂ ਉਸ ਨੂੰ ਫਿਰ ਧਰਤੀ ਤੋਂ ਚੁੱਕ ਲੈਂਦਾ ਹੈ।

ਇਕ ਅਕ੍ਰਿਤਘਣ ਜਾਂ ਲੂਣ-ਹਰਾਮੀ ਕਿਸ ਹੱਦ ਤੱਕ ਗਿਰ ਸਕਦਾ ਹੈ ਇਸਦੀ ਉਦਾਹਰਣ ਗੁਰ-ਇਤਿਹਾਸ ਦੇ ਉਸ ਖ਼ੂਨੀ ਸਾਕੇ ਤੋਂ ਮਿਲਦੀ ਹੈ ਜੋ 27 ਦਸੰਬਰ 1704 ਨੂੰ ਸਰਹੰਦ ਵਿਖੇ ਵਾਪਰੀ ਅਤੇ 'ਨਿੱਕੀਆਂ ਜਿੰਦਾਂ ਵੱਡੇ ਸਾਕੇ' ਕਰਕੇ ਪ੍ਰਸਿੱਧ ਹੈ।

ਜਦੋਂ 21 ਦਸੰਬਰ 1704 ਨੂੰ ਦਸਮੇਸ਼ ਪਿਤਾ ਜੀ ਨੇ ਪਰਿਵਾਰ ਅਤੇ ਸਿੱਖ ਸੂਰਮਿਆਂ ਸਮੇਤ ਅਨੰਦਪੁਰ ਛੱਡਿਆ ਤਾਂ ਕਸਮਾਂ ਨੂੰ ਤੋੜ ਕੇ ਪਹਾੜੀ ਅਤੇ ਮੁਗ਼ਲ ਫ਼ੌਜ ਨੇ ਮੌਕੇ ਦਾ ਫਾਇਦਾ ਉਠਾਉਣ ਲਈ ਲਸ਼ਕਰ ਦਾ ਪਿੱਛਾ ਕੀਤਾ। ਸਿੱਟੇ ਵਜੋਂ ਸਿਰਸਾ ਨਦੀ ਦੇ ਕੰਢੇ ਤੇ ਗਹਿ-ਗੱਚ ਲੜਾਈ ਹੋਈ। ਕਈ ਸਿੰਘ ਸੂਰਮੇ ਇਸ ਲੜਾਈ ਵਿਚ ਸ਼ਹੀਦ ਹੋ ਗਏ ਅਤੇ ਕਈ ਨਦੀ ਵਿਚ ਆਏ ਹੜ੍ਹ ਕਾਰਨ ਨਦੀ ਦੀ ਭੇਟ ਚੜ੍ਹ ਗਏ। ਬਾਕੀ ਦੇ ਜੋ ਬਚੇ ਗੁਰੂ ਜੀ ਸਮੇਤ ਨਦੀ ਤੋਂ ਪਾਰ ਲੰਘ ਗਏ। ਹਫੜਾ-ਦਫੜੀ ਵਿਚ ਇੱਥੇ ਮਾਤਾ ਗੂਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਗੁਰੂ ਜੀ ਨਾਲੋਂ ਵਿਛੜ ਗਏ। ਗੰਗੂ ਜੋ ਗੁਰੂ ਜੀ ਦਾ ਰਸੋਈਆ ਸੀ ਇਹ ਕਹਿ ਕੇ ਚਲਾਕੀ ਨਾਲ ਤਿੰਨਾਂ ਨੂੰ ਆਪਣੇ ਪਿੰਡ ਖੇੜੀ ਲੈ ਗਿਆ ਕਿ ਉਥੋਂ ਅਸੀਂ ਗੁਰੂ

ਜੀ ਨਾਲ ਜਾ ਮਿਲਾਂਗੇ। ਅਸਲ ਵਿਚ ਉਸਦੀ ਨਜ਼ਰ ਮਾਤਾ ਜੀ ਦੀ ਧਨ-ਦੌਲਤ ਵਾਲੀ ਗਠੜੀ ਤੇ ਸੀ। ਉਸ ਅਕ੍ਰਿਤਘਣ ਨੇ ਇਹ ਧਨ-ਦੌਲਤ ਹਥਿਆਉਣ ਅਤੇ ਸਰਹੰਦ ਦੇ ਸੂਬੇ ਵਜ਼ੀਰ ਖਾਂ ਪਾਸੋਂ ਇਨਾਮ ਪ੍ਰਾਪਤ ਕਰਨ ਦੇ ਮਨਸੂਬੇ ਨਾਲ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਬਾਰੇ ਵਜ਼ੀਰ ਖਾਂ ਨੂੰ ਖ਼ਬਰ ਜਾ ਦਿੱਤੀ। ਵਜ਼ੀਰ ਖਾਂ ਬੜਾ ਨਿਰਦਈ ਅਤੇ ਜ਼ਾਲਮ ਹਾਕਮ ਸੀ। ਸਾਹਿਬਜ਼ਾਦਿਆਂ ਨੇ ਜਦੋਂ ਵਜ਼ੀਰ ਖਾਂ ਦੀ ਇਸਲਾਮ ਕਬੂਲ ਕਰਨ ਵਾਲੀ ਗੱਲ ਨੂੰ ਠੁਕਰਾ ਦਿੱਤਾ ਤਾਂ ਉਨ੍ਹਾਂ ਨੂੰ ਦੀਵਾਰਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ। ਜਦੋਂ ਮਾਤਾ ਜੀ ਨੂੰ ਇਹ ਖ਼ਬਰ ਮਿਲੀ ਤਾਂ ਆਪ ਜੀ ਜਪੁ ਜੀ ਦਾ ਪਾਠ ਕਰਨ ਉਪਰੰਤ, ਸਮਾਧੀ ਵਿਚ ਹੀ ਅੱਖਾਂ ਮੀਟ ਗਏ। ਸੰਸਾਰ ਦੇ ਇਤਿਹਾਸ ਵਿਚ ਇਹ ਪਹਿਲੀ ਘਟਨਾ ਹੈ ਜਦੋਂ ਕਿਸੇ ਜ਼ਾਲਮ ਹਾਕਮ ਨੇ 9 ਅਤੇ 7 ਸਾਲ ਦੇ ਬੇਕਸੂਰ ਲਾਲਾਂ ਨੂੰ ਐਨੀ ਬੇਰਹਿਮੀ ਨਾਲ ਸ਼ਹੀਦ ਕੀਤਾ ਹੋਵੇ।

ਨਿਰਸੰਦੇਹ ਵਜ਼ੀਰ ਖਾਂ ਜਿੰਨਾ ਕੋਈ ਕਾਇਰ ਨਹੀਂ ਹੋ ਸਕਦਾ ਅਤੇ ਗੰਗੂ ਜਿਹਾ ਕੋਈ ਅਕ੍ਰਿਤਘਣ। ਇਸ ਗੱਲ ਦੀ ਕਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਕਿ ਜਿਸ ਵਿਅਕਤੀ ਨੇ ਗੁਰੂ ਘਰ ਦਾ ਲੂਣ ਖਾਧਾ ਹੋਵੇ ਉਹ ਇਹੋ ਜਿਹੇ ਕੁਕਰਮ ਕਰ ਸਕਦਾ ਹੈ ਭਾਵ ਅਕ੍ਰਿਤਘਣ ਦੀ ਕੁਕਰਮ ਕਰਨ ਦੀ ਕੋਈ ਸੀਮਾ ਨਹੀਂ, ਉਹ ਕਿਸੇ ਵੀ ਹੱਦ ਤੱਕ ਗਿਰ ਸਕਦਾ ਹੈ। ਗੁਰਵਾਕ ਹੈ :

ਲੂਣੁ ਖਾਇ ਕਰਹਿ ਹਰਾਮਖੋਰੀ ਪੇਖਤ ਨੈਨ ਬਿਦਾਰਿਓ॥

(ਰਾਗੁ ਮਾਰੂ ਮਹਲਾ ੫, ਅੰਗ ੧੦੦੧)

ਅਕ੍ਰਿਤਘਣ ਕਿੰਨਾ ਪਾਪੀ ਅਤੇ ਕਪਟੀ ਹੈ ਇਸ ਬਾਰੇ ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਧਰਤੀ ਵੀ ਇਨ੍ਹਾਂ ਕਪਟੀਆਂ ਤੋਂ ਡਰਦੀ ਹੈ। ਇਹ ਵੀ ਇਨ੍ਹਾਂ ਦਾ ਬੋਝ ਸਹਾਰ ਨਹੀਂ ਸਕਦੀ :

ਨਾ ਤਿਸ ਭਾਰੇ ਪਰਬਤਾਂ ਅਸਮਾਨ ਖਹੰਦੇ।
ਨਾ ਤਿਸ ਭਾਰੇ ਕੋਟ ਗੜ ਘਰ ਬਾਰ ਦਿਸੰਦੇ।
ਨਾ ਤਿਸ ਭਾਰੇ ਸਾਇਰਾਂ ਨਦ ਵਾਹ ਵਹੰਦੇ।
ਨਾ ਤਿਸ ਭਾਰੇ ਤਰੁਵਰਾ ਫਲ ਸੁਫਲ ਫਲੰਦੇ।
ਨਾ ਤਿਸ ਭਾਰੇ ਜੀਅ ਜੰਤੁ ਅਨਗਣਤ ਫਿਰੰਦੇ।
ਭਾਰੇ ਭੁਈ ਅਕਿਰਤਘਣ ਮੰਦੀ ਹੂੰ ਮੰਦੇ।

(ਵਾਰ ੩੫, ਪਉੜੀ ੮)

ਭਾਵ ਧਰਤੀ ਉੱਤੇ ਅਣਗਿਣਤ ਅਕਾਸ਼ ਨੂੰ ਛੂਹਣ ਵਾਲੇ ਪਹਾੜ ਹਨ। ਅਣਗਿਣਤ ਕਿਲ੍ਹੇ, ਮਕਾਨ, ਬਿਰਖ, ਬੂਟੇ ਅਤੇ ਜੀਵ-ਜੰਤੂ ਹਨ। ਅਨੇਕਾਂ ਸਮੁੰਦਰ, ਦਰਿਆ, ਨਦੀ-ਨਾਲੇ ਵਗ ਰਹੇ ਹਨ। ਇਨ੍ਹਾਂ ਸਾਰਿਆਂ ਦਾ ਭਾਰ ਤਾਂ ਧਰਤੀ ਸਹਾਰ ਸਕਦੀ ਹੈ ਪਰ ਅਕ੍ਰਿਤਘਣ ਜੋ ਭੈੜਿਆਂ ਤੋਂ ਵੀ ਭੈੜੇ ਹਨ ਉਨ੍ਹਾਂ ਦਾ ਭਾਰ ਧਰਤੀ ਪਾਸੋਂ ਚੁੱਕਿਆ ਨਹੀਂ ਜਾਂਦਾ।

ਪ੍ਰੰਤੂ ਫਿਰ ਵੀ ਪਰਮਾਤਮਾ ਕਿੰਨਾ ਬੇਅੰਤ ਹੈ ਜਿਸਦਾ ਅਨੁਮਾਨ ਅਸੀਂ ਥੋਹੜੀ ਮੱਤ ਵਾਲੇ ਨਹੀਂ ਲਾ ਸਕਦੇ। ਉਹ ਸਭ ਤੇ ਕਿਰਪਾ ਦ੍ਰਿਸ਼ਟੀ ਕਰਦਾ ਹੈ। ਇਥੋਂ ਤੱਕ ਕਿ ਅਕ੍ਰਿਤਘਣਾਂ ਦੀ ਪਾਲਣਾ ਵੀ ਕਰਦਾ ਹੈ :

ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥
ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ॥

(ਰਾਗੁ ਬਿਹਾਗੜਾ ਮਹਲਾ ੫, ਅੰਗ ੫੪੭)

ਅਥਵਾ :

ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ॥

(ਸਿਰੀ ਰਾਗੁ ਮਹਲਾ ੫, ਅੰਗ ੪੭)

ਪ੍ਰਭੂ ਦੀ ਇਹ ਵਡਿਆਈ ਹੈ ਕਿ ਉਹ ਰਹਿਮਤਾਂ ਦਾ ਭੰਡਾਰ ਹੈ ਜੋ ਸਾਡੇ ਤੇ ਸਦਾ ਭਲਾਈ ਕਰਦਾ ਹੈ ਪਰ ਅਸੀ ਨਾ-ਸ਼ੁਕਰੇ ਉਸਦੀ ਭਲਾਈ ਦੀ ਕਦਰ ਨਹੀਂ ਕਰਦੇ। ਰਾਗੁ ਸੋਰਠਿ ਵਿਚ ਪੰਚਮ ਗੁਰਦੇਵ ਜੀ ਦੇ ਬਚਨ ਹਨ :

ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ॥

(ਅੰਗ ੬੧੩)

ਇਸ ਤੋਂ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਜੋ ਮਰਜ਼ੀ ਕਰਦੇ ਜਾਉ, ਵਾਹਿਗੁਰੂ ਦਇਆਲੂ ਅਤੇ ਬਖ਼ਸ਼ਿੰਦ ਤਾਂ ਹੈ ਹੀ। ਗੁਰੂ ਅਰਜਨ ਦੇਵ ਜੀ ਦੇ ਇਨ੍ਹਾਂ ਬਚਨਾਂ ਤੋਂ ਮਨੁੱਖ ਨੂੰ ਸੇਧ ਲੈਣੀ ਚਾਹੀਦੀ ਹੈ :

ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ॥

(ਰਾਗੁ ਜੈਤਸਰੀ, ਅੰਗ ੭੦੬)

ਭਾਵ ਜੋ ਮਨੁੱਖ ਪ੍ਰਭੂ ਦੇ ਕੀਤੇ ਨੂੰ ਨਹੀਂ ਜਾਣਦੇ ਪ੍ਰਭੂ ਅਜਿਹੇ ਜੀਵਾਂ ਨੂੰ ਵਿਸਾਰ ਦਿੰਦਾ ਹੈ ਜਿਸ ਕਾਰਨ ਉਹ ਜੂਨਾਂ ਵਿਚ ਭਟਕਦੇ ਰਹਿੰਦੇ ਹਨ।

ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਇਸ ਰੋਗ ਤੋਂ ਬਚਿਆ ਕਿਵੇਂ ਜਾਵੇ? ਗੁਰੂ ਅਰਜਨ ਦੇਵ ਜੀ ਪਾਤਸ਼ਾਹ ਇਸਦਾ ਉਪਾਅ ਵੀ ਦੱਸਦੇ ਹਨ। ਉਹ ਹੈ ਦਇਆ ਦੇ ਪੁੰਜ ਪ੍ਰਭੂ-ਪਤੀ ਅੱਗੇ ਅਰਜੋਈ ਕਰੀਏ ਕਿ ਹੇ ਘੱਟ-ਘੱਟ ਦੀ ਜਾਣਨ ਵਾਲੇ ਦਾਤਾਰ, ਅਸੀਂ ਔਗਣਾਂ ਨਾਲ ਭਰੇ ਹੋਏ ਹਾਂ ਅਤੇ ਮੋਹ-ਮਾਇਆ ਵਿਚ ਮਸਤ ਰਹਿੰਦੇ ਹਾਂ। ਤੇਰੀਆਂ ਦਿੱਤੀਆਂ ਦਾਤਾਂ ਦਾ ਅਸੀਂ ਅਕ੍ਰਿਤਘਣ ਮੁੱਲ ਨਹੀਂ ਪਾ ਸਕਦੇ। ਮਿਹਰਾਂ ਦੇ ਸਾਈਂ ਸਾਨੂੰ ਸਹੀ ਮਾਰਗ ਦਿਖਾਓ ਅਤੇ ਸਾਨੂੰ ਮੂਰਖਾਂ ਨੂੰ ਭੁੱਲਾਂ ਅਤੇ ਔਗਣਾਂ ਤੋਂ ਬਚਾ ਕੇ ਆਪਣੇ ਚਰਨਾਂ ਨਾਲ ਜੋੜ ਲਓ :

ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ॥
ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥
ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ॥
ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ॥
ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ॥
ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ॥

(ਰਾਗੁ ਬਿਲਾਵਲੁ, ਅੰਗ ੮੦੯)

90

ਜ਼ੋਰ ਤੇ ਜਬਰ

ਧਨ-ਦੌਲਤ, ਰਾਜ ਭਾਗ ਜਾਂ ਹਕੂਮਤ ਦੇ ਨਸ਼ੇ ਵਿਚ ਮਨੁੱਖ ਆਪਣੇ ਅਸਲੇ ਨੂੰ ਭੁੱਲ ਜਾਂਦਾ ਹੈ ਅਤੇ ਆਪਣੇ ਜਿਹਾ ਕਿਸੇ ਹੋਰ ਨੂੰ ਨਹੀਂ ਸਮਝਦਾ। ਦੂਜਿਆਂ ਨਾਲੋਂ ਆਪਣੇ ਆਪ ਨੂੰ ਵਧੇਰੇ ਸਿਆਣਾ ਅਤੇ ਸੂਝਵਾਨ ਸਮਝਣ ਲੱਗ ਪੈਂਦਾ ਹੈ। ਵੱਧ ਤੋਂ ਵੱਧ ਸ਼ਕਤੀਸ਼ਾਲੀ ਬਣਨ ਲਈ ਹਰ ਜਾਇਜ਼ ਅਤੇ ਨਜਾਇਜ਼ ਹੱਥਕੰਡੇ ਵਰਤਦਾ ਹੈ। ਫਲਸਰੂਪ ਦੂਜਿਆਂ ਨੂੰ ਸੁਖ-ਆਰਾਮ ਅਤੇ ਖੁਸ਼ੀਆਂ ਵੰਡਣ ਦੀ ਥਾਂ ਉਨ੍ਹਾਂ ਦੀਆਂ ਮਜਬੂਰੀਆਂ ਤੋਂ ਲਾਭ ਉਠਾਉਣ ਦੀ ਕੋਸ਼ਿਸ਼ ਕਰਦਾ ਹੈ। ਮਨ-ਮਾਨੀਆਂ ਕਰਦਾ ਹੈ। ਇਥੋਂ ਤੱਕ ਕਿ ਧੱਕਾ ਅਤੇ ਜ਼ੁਲਮ ਕਰਨ ਤੋਂ ਵੀ ਸੰਕੋਚ ਨਹੀਂ ਕਰਦਾ। ਅਜਿਹੇ ਪ੍ਰਾਣੀ ਨੂੰ ਚਿੱਤ ਚੇਤੇ ਨਹੀਂ ਰਹਿੰਦਾ ਕਿ ਇਕ ਦਿਨ ਸਭ ਕੁਝ ਇੱਥੇ ਹੀ ਛੱਡ ਜਾਣਾ ਹੈ। ਸਰੀਰ ਤਾਂ ਨਾਸ਼ਵੰਤ ਹੈ। ਆਪਣੇ ਕੀਤੇ ਕਰਮਾਂ ਦਾ ਲੇਖਾ ਇਕ ਦਿਨ ਜ਼ਰੂਰ ਦੇਣਾ ਪੈਣਾ ਹੈ :

ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥
ਦਫਤਰ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥

(ਸਲੋਕ ਨੰਬਰ ੨੦੦, ਭਗਤ ਕਬੀਰ ਜੀ, ਅੰਗ ੧੩੭੫)

ਭਾਵ ਜੋ ਮਨੁੱਖ ਦੂਜੇ ਤੇ ਜ਼ੋਰ ਅਤੇ ਜ਼ੁਲਮ ਕਰਦਾ ਹੈ ਇਸਦਾ ਲੇਖਾ ਜੀਵ ਨੂੰ ਦੇਣਾ ਪੈਂਦਾ ਹੈ। ਉਸ ਦੀ ਸਜ਼ਾ ਉਸ ਨੂੰ ਜ਼ਰੂਰ ਭੁਗਤਣੀ ਪੈਂਦੀ ਹੈ।

ਗੁਰਮਤਿ ਨੇ ਜ਼ੋਰ-ਜਬਰ, ਜ਼ੁਲਮ ਅਤੇ ਅਨਿਆਂ ਦਾ ਬੜੇ ਕਰੜੇ ਸ਼ਬਦਾਂ ਵਿਚ ਖੰਡਨ ਕੀਤਾ ਹੈ। 'ਰਾਜੇ ਸੀਹ ਮੁਕਦਮ ਕੁਤੇ', 'ਜੇ ਰਤੁ ਪੀਵਹਿ ਮਾਣਸਾ', 'ਪਾਪ ਕੀ ਜੰਞ ਲੈ ਕਾਬਲਹੁ ਧਾਇਆ', 'ਕੂੜਿ ਫਿਰੈ ਪਰਧਾਨੁ ਵੇ ਲਾਲੋ' ਆਦਿ ਟਿੱਪਣੀਆਂ ਕਰਕੇ ਗੁਰੂ ਨਾਨਕ ਦੇਵ ਜੀ ਨੇ ਇਕ ਅਜਿਹੇ ਸਮਾਜ ਦੀ ਸਿਰਜਨਾ ਕਰਨੀ ਚਾਹੀ ਜੋ ਵੈਰ-ਵਿਰੋਧ, ਧੜੇ-ਬੰਦੀਆਂ, ਜਾਤੀ ਵਿਤਕਰੇ, ਉਚ-ਨੀਚ, ਨਸਲ-ਵੰਡ, ਆਰਥਿਕ ਅਸਮਾਨਤਾ ਆਦਿ ਤੋਂ ਰਹਿਤ ਹੋਵੇ। ਮਨੁੱਖ ਨੂੰ ਸਮਾਜ ਵਿਚ ਸੰਤ-ਸਿਪਾਹੀ ਦੇ ਰੂਪ ਵਿਚ ਵਿਚਰਨ ਲਈ ਪ੍ਰੇਰਿਆ। ਦਰਅਸਲ ਧਰਮੀ ਅਤੇ ਭਗਤ-ਜਨ ਹੀ ਸੂਰਮੇ ਅਤੇ ਬੀਰ ਹੋ ਸਕਦੇ ਹਨ ਜੋ ਕੇਵਲ ਅਨਿਆਂ ਅਤੇ ਜ਼ੁਲਮ ਵਿਰੁੱਧ ਹੀ ਹਥਿਆਰ ਦੀ ਵਰਤੋਂ ਕਰਦੇ ਹਨ। ਮਜ਼ਲੂਮ ਦੀ ਰੱਖਿਆ ਕਰਨਾ ਉਨ੍ਹਾਂ ਦਾ ਲਕਸ਼ ਹੁੰਦਾ ਹੈ :

ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ॥

(ਕ੍ਰਿਸ਼ਨਾਵਤਾਰ, ਦਸਮ ਗ੍ਰੰਥ)

ਨਾਮ ਤੋਂ ਸੱਖਣੇ ਮਨੁੱਖ ਕਦੇ ਬੀਰ ਜਾਂ ਯੋਧੇ ਨਹੀਂ ਬਣ ਸਕਦੇ। ਅਜਿਹੇ ਪ੍ਰਾਣੀ ਤਾਕਤ ਦੀ ਸਦਾ ਕੁਵਰਤੋਂ ਕਰਦੇ ਹਨ। ਉਹ ਜ਼ਾਲਮ ਤਾਂ ਹੋ ਸਕਦੇ ਹਨ ਪਰ ਸੂਰਮੇ ਨਹੀਂ। ਇਤਿਹਾਸ ਗਵਾਹ ਹੈ ਕਿ ਅਜਿਹੇ ਬਹਾਦਰ ਤਬਾਹੀ ਦੇ ਭਾਂਬੜ ਤਾਂ ਮਚਾ ਸਕਦੇ ਹਨ ਪਰ ਮਜ਼ਲੂਮ ਦੀ ਰੱਖਿਆ ਕਰਨਾ ਉਨ੍ਹਾਂ ਦਾ ਲਕਸ਼ ਨਹੀਂ ਹੁੰਦਾ। ਉਹ ਸ਼ਾਂਤੀ ਤੇ ਪ੍ਰਸਪਰ ਪਿਆਰ ਸਥਾਪਤ ਨਹੀਂ ਕਰ ਸਕਦੇ। ਉਹ ਮਨੁੱਖੀ ਪੀੜਾ ਨੂੰ ਵਧਾਉਂਦੇ ਹਨ,

ਘਟਾਉਂਦੇ ਨਹੀਂ। ਇਸੇ ਲਈ ਗੁਰੂ ਨਾਨਕ ਦੇਵ ਜੀ ਦਾ ਸੰਤ-ਸਿਪਾਹੀ ਵਾਲਾ ਇਹ ਮਾਰਗ ਸਭ ਤੋਂ ਉੱਤਮ ਅਤੇ ਸ਼੍ਰੇਸ਼ਟ ਹੈ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

(ਸਲੋਕ ਵਾਰਾਂ ਤੇ ਵਧੀਕ ਮਹਲਾ ੧, ਅੰਗ ੧੪੧੨)

ਜਦੋਂ ਤੀਜੀ ਉਦਾਸੀ ਦੌਰਾਨ ਗੁਰੂ ਨਾਨਕ ਦੇਵ ਜੀ ਮੱਕੇ ਤੋਂ ਬਗ਼ਦਾਦ ਕਾਬਲ ਦੇ ਰਸਤੇ ਸੰਮਤ 1578 (ਸੰਨ 1521) ਵਿਚ ਵਾਪਸ ਦੇਸ਼ ਪਰਤੇ ਤਾਂ ਉਨ੍ਹਾਂ ਦਿਨਾਂ ਵਿਚ ਬਾਬਰ ਨੇ ਸਿਆਲਕੋਟ ਮਾਰਕੇ ਸੈਦਪੁਰ (ਐਮਨਾਬਾਦ) ਤੇ ਹਮਲਾ ਕੀਤਾ ਸੀ। ਮੁਗਲੀਆ ਫੌਜ ਨੇ ਸੈਦਪੁਰ ਨਿਵਾਸੀਆਂ ਦੀ ਜੋ ਦੁਰਦਸ਼ਾ ਕੀਤੀ ਇਹ ਸਾਰਾ ਦ੍ਰਿਸ਼ ਸਤਿਗੁਰਾਂ ਨੇ ਅੱਖੀਂ ਦੇਖਿਆ। ਇਸਦਾ ਜ਼ਿਕਰ ਆਪ ਜੀ ਨੇ ਰਾਗੁ ਆਸਾ ਵਿਚ ਕੀਤਾ ਹੈ ਜਿਸ ਨੂੰ ਪੜ੍ਹ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਸੁਆਸ ਸੁਆਸ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਵਾਲੇ ਅਤੇ 'ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ' ਆਖਣ ਵਾਲੇ ਗੁਰੂ ਬਾਬੇ ਦੇ ਮਨ ਦੀ ਅਵਸਥਾ ਸਤਿਗੁਰੂ ਜੀ ਕੇਵਲ ਆਪ ਹੀ ਜਾਣਦੇ ਹੋਣਗੇ ਜਦੋਂ ਇਸ ਅੱਤਿਆਚਾਰ ਨੂੰ ਦੇਖ ਕੇ ਆਪ ਜੀ ਇਹ ਕਹਿਣ ਤੋਂ ਰਹਿ ਨਾ ਸਕੇ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥
ਕਰਤਾ ਤੂੰ ਸਭਨਾ ਕਾ ਸੋਈ ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥
ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ ॥

(ਅੰਗ ੩੬੦)

ਇਹੋ ਜਿਹਾ ਘੱਲੂਘਾਰਾ ਦੇਖ ਕੇ ਆਪ ਜੀ ਆਪਣੇ ਮਨ ਦੀ ਵੇਦਨਾ ਪ੍ਰਗਟ ਕੀਤੇ ਬਿਨਾਂ ਕਿਵੇਂ ਰਹਿ ਸਕਦੇ ਸਨ? ਜੇਕਰ ਤਕੜਾ ਤਕੜੇ ਨੂੰ ਮਾਰੇ ਤਾਂ ਮਨ ਵਿਚ ਕਿਸੇ ਤਰ੍ਹਾਂ ਦਾ ਰੋਸ ਨਹੀਂ ਹੁੰਦਾ ਪਰ ਜਦੋਂ ਸ਼ੇਰ ਗਾਈਆਂ ਦੇ ਵੱਗ ਤੇ ਪੈ ਜਾਵੇ ਭਾਵ ਜਦੋਂ ਜ਼ੋਰਾਵਰ ਲਿੱਸਿਆਂ ਨੂੰ ਬੇਰਹਿਮੀ ਨਾਲ ਮਾਰ ਮੁਕਾਵੇ ਤਾਂ ਇਸ ਦੀ ਪੁੱਛ ਵੱਗ ਦੇ ਮਾਲਕ ਕੋਲੋਂ ਹੁੰਦੀ ਹੈ। ਆਪ ਜੀ ਭਰੇ ਮਨ ਨਾਲ ਪ੍ਰਭੂ ਅੱਗੇ ਅਰਜ਼ੋਈ ਕਰਦੇ ਹਨ ਕਿ ਇਨ੍ਹਾਂ ਪਾੜ ਖਾਣ ਵਾਲੇ ਫੌਜੀ ਕੁੱਤਿਆਂ ਨੇ ਤੇਰੇ ਰਤਨ ਵਰਗੇ ਸੋਹਣੇ ਮਰਦ ਅਤੇ ਇਸਤ੍ਰੀਆਂ ਨੂੰ ਮਾਰ ਮਾਰ ਕੇ ਮਿੱਟੀ ਵਿਚ ਰੋਲ ਦਿੱਤਾ ਅਤੇ ਉਨ੍ਹਾਂ ਮਰਿਆਂ ਦੀ ਕਿਸੇ ਵੀ ਸਾਰ ਨਾ ਲਈ।

ਇਸ ਘਟਨਾ ਦਾ ਵਰਨਣ ਆਪ ਜੀ ਨੇ ਰਾਗੁ ਤਿਲੰਗ ਵਿਚ (ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ) ਵਾਲੇ ਸ਼ਬਦ ਅਤੇ ਰਾਗੁ ਆਸਾ ਦੀ 11ਵੀਂ ਅਸਟਪਦੀ (ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ) ਅਤੇ 12ਵੀਂ

ਅਸਟਪਦੀ (ਕਹਾ ਸੁ ਖੇਲ ਤਬੇਲਾ ਘੋੜੇ ਕਹਾ ਤੇਰੀ ਸਹਨਾਈ) ਵਿਚ ਵੀ ਕੀਤਾ ਹੈ।

ਹੰਕਾਰੀ ਅਤੇ ਅਭਿਮਾਨੀ ਮਨੁੱਖ ਦੀ ਆਤਮਾ ਮਰ ਚੁੱਕੀ ਹੁੰਦੀ ਹੈ। ਜਿੰਨਾ ਵੱਡਾ ਉਹ ਸ਼ਕਤੀਸ਼ਾਲੀ ਹੋਵੇਗਾ ਉੱਨਾ ਹੀ ਵਧੇਰੇ ਜਾਬਰ ਅਤੇ ਜ਼ਾਲਮ। ਇਸੇ ਲਈ ਤਾਂ ਗੁਰੂ ਨਾਨਕ ਦੇਵ ਜੀ ਨੇ ਬਾਦਸ਼ਾਹ ਬਾਬਰ ਨੂੰ ਆਖਿਆ ਸੀ ਕਿ ਐ ਬਾਬਰ, ਤੂੰ ਬਾਬਰ ਨਹੀਂ ਜਾਬਰ ਹੈਂ।

ਅਜਿਹਾ ਵਿਅਕਤੀ ਇਹ ਭੁੱਲ ਜਾਂਦਾ ਹੈ ਕਿ 'ਮਾਣਕ ਸਭ ਅਮੋਲਵੇ' ਹਨ ਅਤੇ 'ਸਭਨਾ ਮੈ ਸਚਾ ਧਣੀ' ਵੱਸ ਰਿਹਾ ਹੈ। ਉਸਨੂੰ ਆਪਣੇ ਤੇ ਪਰਾਏ ਦੀ ਸੋਝੀ ਨਹੀਂ ਰਹਿੰਦੀ। ਆਪਣੀ ਹਉਮੈ ਨੂੰ ਕਾਇਮ ਰੱਖਣ ਲਈ ਹਰਨਾਖਸ਼ ਨੇ ਆਪਣੇ ਭਗਤ ਪੁੱਤਰ ਪ੍ਰਹਿਲਾਦ ਨੂੰ ਮਾਰਨ ਲਈ ਕੀ ਕੁਝ ਨਹੀਂ ਕੀਤਾ। ਉਸ ਤੇ ਕਿੰਨੇ ਜ਼ੁਲਮ ਢਾਹੇ ਗਏ ਪਰ ਪ੍ਰਹਿਲਾਦ ਦਾ ਵਾਲ ਤੱਕ ਵਿੰਗਾ ਨਾ ਹੋਇਆ। ਅੰਤ ਨੂੰ ਜ਼ਾਲਮ ਹਰਨਾਖਸ਼ ਆਪ ਹੀ ਮਾਰਿਆ ਗਿਆ। ਇਸੇ ਤਰ੍ਹਾਂ ਮੰਦਰ ਵਿਚੋਂ ਭਗਤ ਨਾਮਦੇਵ ਜੀ ਨੂੰ ਧੱਕੇ ਮਾਰ ਕੇ ਬਾਹਰ ਕੱਢਣ ਵਾਲੇ ਜਾਤ ਅਭਿਮਾਨੀਆਂ ਨੂੰ ਪਰਮਾਤਮਾ ਨੇ ਪਿੱਠ ਦੇ ਕੇ ਆਪਣੇ ਭਗਤ ਨੂੰ ਦਰਸ਼ਨ ਦੇ ਕੇ ਨਾਮਦੇਵ ਜੀ ਦੀ ਪੈਜ ਰੱਖੀ :

ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥

(ਰਾਗੁ ਆਸਾ ਮਹਲਾ ੪ ਛੰਤੁ, ਪੰਨਾ ੪੫੧)

ਤਾਕਤ ਦੀ ਪਰਦਰਸ਼ਨੀ ਕਰਕੇ ਨਿਹੱਥਿਆਂ ਅਤੇ ਲਿੱਸਿਆਂ ਤੇ ਜ਼ੁਲਮ ਕਰਨਾ ਸੂਰਬੀਰਤਾ ਨਹੀਂ ਕਾਇਰਤਾ ਹੈ। ਗੁਰਬਾਣੀ ਤਾਂ ਸੇਧ ਦਿੰਦੀ ਹੈ—'ਤਾਣ ਹੋਦੇ ਹੋਇ ਨਿਤਾਣਾ' ਭਾਵ ਉਹ ਜ਼ੋਰਾਵਰ ਅਤੇ ਸ਼ਕਤੀਸ਼ਾਲੀ ਹੈ ਜਿਹੜਾ ਸੱਤਾ ਅਤੇ ਤਾਕਤ ਦੇ ਹੁੰਦਿਆਂ ਹੋਇਆਂ ਵੀ ਮਨੁੱਖਤਾ ਲਈ ਹਿਰਦੇ ਵਿਚ ਦਰਦ ਰੱਖਦਾ ਹੈ। ਤਾਕਤਵਰ ਹੁੰਦਿਆਂ ਹੋਇਆਂ ਵੀ ਕਿਸੇ ਨਾਲ ਧੱਕਾ ਨਹੀਂ ਕਰਦਾ।

ਗੁਰੂ ਅਰਜਨ ਦੇਵ ਜੀ ਦੇ ਰਾਗੁ ਗਉੜੀ ਵਿਚ ਬਚਨ ਹਨ ਕਿ ਜੋ ਹੰਕਾਰ ਵਿਚ ਆ ਕੇ ਗਰੀਬਾਂ ਨੂੰ ਦੁਖੀ ਕਰਦਾ ਹੈ, ਉਨ੍ਹਾਂ ਤੇ ਜਬਰ ਅਤੇ ਜ਼ੁਲਮ ਕਰਦਾ ਹੈ ਉਹ ਆਪ ਵੀ ਕ੍ਰੋਧ ਦੀ ਅੱਗ ਵਿਚ ਸੜਦਾ ਰਹਿੰਦਾ ਹੈ :

ਗਰੀਬਾ ਉਪਰਿ ਜਿ ਖਿੰਜੈ ਦਾੜੀ॥
ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥ *(ਅੰਗ ੧੯੯)*

ਆਪ ਜੀ ਦੇ ਰਾਗੁ ਗਉੜੀ ਬਾਵਨ ਅੱਖਰੀ ਵਿਚ ਵੀ ਬਚਨ ਹਨ ਕਿ ਦੂਜਿਆਂ ਤੇ ਧੱਕਾ ਤੇ ਜ਼ੁਲਮ ਕਰਕੇ ਜੋ ਬੜੇ ਆਕੜਦੇ ਹਨ, ਬੜਾ ਮਾਣ ਕਰਦੇ ਹਨ ਉਨ੍ਹਾਂ ਦਾ ਨਾਸ਼ਵੰਤ ਸਰੀਰ ਇਥੋਂ ਵਿਅਰਥ ਹੀ ਚਲਿਆ ਜਾਂਦਾ ਹੈ ਭਾਵ ਸੰਸਾਰ 'ਚੋਂ ਉਹ ਕੋਈ ਲਾਹਾ ਖੱਟ ਕੇ ਨਹੀਂ ਜਾਂਦੇ :

ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ॥
ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ॥ *(ਅੰਗ ੨੫੫)*

ਫੂਲਹਿ ਘਨੋ ਤੋਂ ਅਰਥ ਹੈ ਬਹੁਤ ਫੁਲਦੇ ਹਨ, ਬਹੁਤ ਆਕੜਦੇ ਜਾਂ ਮਾਣ ਕਰਦੇ ਹਨ। ਕਾਚੀ ਦੇਹ—ਨਾਸ਼ਵੰਤ ਸਰੀਰ।

ਗੁਰਮਤਿ ਨੇ ਸੰਸਾਰਕ ਸੱਤਾ ਦੀ ਥਾਂ ਆਤਮਿਕ ਉੱਚਤਾ ਨੂੰ ਵਧੇਰੇ ਮਹੱਤਤਾ ਦਿਤੀ

ਹੈ। ਇਸ ਸਬੰਧ ਵਿਚ ਸਿਰੀ ਰਾਗੁ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦੇ ਬੜੇ ਸੁੰਦਰ ਬਚਨ ਹਨ ਕਿ ਅਸਲੀ ਅਰਥਾਂ ਵਿਚ ਉਹ ਸੂਰਮਾ ਅਤੇ ਬਹਾਦਰ ਹੈ ਜਿਸਨੇ ਮਨ ਵਿਚੋਂ ਦੁਸ਼ਟ ਹੰਕਾਰ ਨੂੰ ਮਾਰ ਮੁਕਾਇਆ ਹੈ :

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥

(ਅੰਗ ੮੬)

ਆਪ ਜੀ ਦੇ ਹੀ ਰਾਗੁ ਭੈਰਉ ਵਿਚ ਬਚਨ ਹਨ ਕਿ ਜੋ ਪ੍ਰਾਣੀ ਆਪਣੇ ਆਪ ਨੂੰ ਹੰਕਾਰ ਆਦਿਕ ਵਿਕਾਰਾਂ ਤੋਂ ਬਚਾਈ ਰੱਖਦਾ ਹੈ ਉਹ ਦੂਜਿਆਂ ਨਾਲ ਕਦੀ ਧੱਕਾ ਜਾਂ ਜ਼ੁਲਮ ਨਹੀਂ ਕਰਦਾ :

ਆਪਿ ਮਰੈ ਅਵਰਾ ਨਹ ਮਾਰੈ ॥ *(ਅੰਗ ੧੧੨੮)*

ਅਥਵਾ :

ਆਪਿ ਮਰੈ ਅਵਰਾ ਨਹ ਮਾਰੀ ॥

(ਰਾਗੁ ਆਸਾ ਮਹਲਾ ੧, ਅੰਗ ੩੫੬)

ਗਉੜੀ ਕੀ ਵਾਰ ਵਿਚ ਗੁਰੂ ਅਰਜਨ ਦੇਵ ਜੀ ਦਾ ਬੜਾ ਸੁੰਦਰ ਕਥਨ ਹੈ ਕਿ ਦੂਜਿਆਂ 'ਤੇ ਜਬਰ ਤੇ ਜ਼ੁਲਮ ਨਾ ਕਰਨ ਵਾਲਾ ਵਿਅਕਤੀ ਸੁਰਖਰੂ ਹੋ ਕੇ ਇੱਜ਼ਤ ਅਤੇ ਮਾਣ ਨਾਲ ਪ੍ਰਭੂ ਦੀ ਹਜ਼ੂਰੀ ਵਿਚ ਜਾਂਦਾ ਹੈ :

ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥ *(ਅੰਗ ੩੨੨)*

ਪ੍ਰੰਤੂ ਜਦੋਂ ਜ਼ੋਰ ਅਤੇ ਜਬਰ ਚਰਮ-ਸੀਮਾ 'ਤੇ ਪੁੱਜ ਜਾਂਦੇ ਹਨ ਤਾਂ ਅਨਿਆਂ ਅਤੇ ਜ਼ੁਲਮ ਨੂੰ ਸਹਿੰਦੇ ਜਾਣਾ ਕਾਇਰਤਾ ਹੈ। ਮਨੁੱਖਤਾ ਨੂੰ ਸ਼ਾਂਤੀ ਅਤੇ ਪਰਸਪਰ ਪ੍ਰੇਮ-ਪਿਆਰ ਦਾ ਸੰਦੇਸ਼ ਦੇਣ ਵਾਲੇ ਗੁਰੂ ਪੰਚਮ ਪਾਤਸ਼ਾਹ ਨੂੰ ਤਸੀਹੇ ਦੇ ਕੇ ਜਦੋਂ ਸ਼ਹੀਦ ਕਰ ਦਿੱਤਾ ਗਿਆ ਤਾਂ 'ਬਡ ਜੋਧਾ ਬਹੁ ਪਰਉਪਕਾਰੀ' ਗੁਰੂ ਸੂਰਮੇ ਨੂੰ ਜ਼ੁਲਮ ਅਤੇ ਅਨਿਆਂ ਦਾ ਟਾਕਰਾ ਕਰਨ ਲਈ ਤਲਵਾਰ ਚੁੱਕਣੀ ਪਈ। ਬਾਅਦ ਵਿਚ 'ਹਿੰਦ ਦੀ ਚਾਦਰ' ਅਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਆਦਿ ਸੂਰਬੀਰਾਂ ਦੇ ਬਲੀਦਾਨਾਂ ਕਾਰਨ ਸਿੱਖ ਸਮਾਜ ਨੇ ਇਕ ਨਵੀਂ ਕਰਵਟ ਲਈ। ਦਸਮ ਪਿਤਾ ਨੇ ਖਾਲਸਾ ਦੀ ਸਿਰਜਨਾ ਕਰਕੇ, ਮੌਕੇ ਦੀ ਹਕੂਮਤ ਦੀ ਜ਼ੋਰ ਤੇ ਜਬਰ ਵਾਲੀ ਨੀਤੀ ਨੂੰ ਇਹ ਕਹਿ ਕੇ ਵੰਗਾਰਿਆ :

ਚੂੰ ਕਾਰ ਅਜ਼ ਹਮ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ।

(ਫਤਹਿ ਦੀ ਚਿੱਠੀ-ਜ਼ਫਰਨਾਮਾ)

ਭਾਵ ਜਦੋਂ ਸ਼ਾਂਤੀ ਦੇ ਸਾਰੇ ਵਸੀਲੇ ਜਾਂ ਉਪਾਅ ਅਸਫਲ ਹੋ ਜਾਣ ਤਾਂ ਤਲਵਾਰ ਦਾ ਚੁੱਕਣਾ ਉਚਿਤ ਹੈ।

[illegible] ਆਪੁ ਸੰਜੁ ਜਾਪੈ॥
ਛਿਅ ਰੁਤੀ ਛਿਅ ਦਰਸਨਾ ਗੁਰਮੁਖਿ ਦਰਸਨੁ ਸੂਰਜੁ ਜਾਪੈ॥
ਬਾਰਹ ਪੰਥ ਮਿਟਾਇ ਕੈ ਗੁਰਮੁਖਿ ਪੰਥ ਵਡਾ ਪਰਤਾਪੈ॥
ਵੇਦ ਕਤੇਬਹੁ ਬਾਹਰਾ ਅਨਹਦ ਸਬਦ ਅਗੰਮ ਅਲਾਪੈ॥
ਪੈਰੀ ਪੈ ਪਾ ਖਾਕ ਹੋਇ ਗੁਰਸਿਖ [illegible] ਪਛਾਪੈ॥

91

ਮਾਇਆ ਵਿਚਿ ਉਦਾਸੁ ਹੋਇ ਆਪੁ ਗਵਾਇ ਜਪੈ ਅਜਾਪੈ॥
[illegible] ਹੋਇ ਸਤਾਪੈ॥ - ਵਾਰ 23

ਜਾਤ-ਪਾਤ

ਜਾਤ-ਪਾਤ ਇਕ ਸਮਾਜਿਕ ਕੋਹੜ ਹੈ ਜੋ ਸਮਾਜ ਨੂੰ ਘੁਣ ਵਾਂਗ ਖਾ ਕੇ ਇਸ ਦੀਆਂ ਜੜ੍ਹਾਂ ਨੂੰ ਖੋਖਲਿਆਂ ਕਰ ਦਿੰਦਾ ਹੈ। ਜਾਤ-ਪਾਤ ਦੇ ਬਖੇੜੇ ਆਪਸੀ ਭਿੰਨ-ਭੇਦ, ਨਫ਼ਰਤ ਅਤੇ ਘ੍ਰਿਣਾ ਨੂੰ ਜਨਮ ਦਿੰਦੇ ਹਨ। ਸੰਸਾਰ ਵਿਚ ਜਾਤੀ ਭੇਦ-ਭਾਵ ਕਾਰਨ ਕਿੰਨੇ ਖ਼ੂਨ-ਖ਼ਰਾਬੇ ਅਤੇ ਮਨੁੱਖਤਾ ਤੋਂ ਗਿਰੇ ਹੋਏ ਕਿੰਨੇ ਕੁਕਰਮ ਹੁੰਦੇ ਆਏ ਹਨ। ਜਦੋਂ ਤੱਕ ਸਮਾਜ ਵਿਚ ਜਾਤੀ ਭੇਦ-ਭਾਵ ਜਾਂ ਉਚ-ਨੀਚ ਮੌਜੂਦ ਹੈ, ਸਮਾਜ ਆਰਥਿਕ, ਰਾਜਨੀਤਕ, ਸਭਿਆਚਾਰਕ ਅਤੇ ਆਤਮਿਕ ਤੌਰ ਤੇ ਕਦੀ ਪ੍ਰਫੁਲਤ ਨਹੀਂ ਹੋ ਸਕਦਾ। ਗੁਰੂ ਸਾਹਿਬਾਨ ਨੇ ਇਸਦੇ ਖ਼ਾਤਮੇ ਲਈ ਬੁਲੰਦ ਆਵਾਜ਼ ਵਿਚ ਇਸਦੀ ਨਿੰਦਿਆ ਕੀਤੀ ਅਤੇ ਸਮਾਨਤਾ ਦੇ ਆਧਾਰ ਤੇ ਉੱਨਤੀ ਲਈ ਸਭ ਨੂੰ ਇਕੋ ਜਿਹੇ ਅਵਸਰ ਪ੍ਰਾਪਤ ਹੋਣ ਲਈ ਪ੍ਰੇਰਨਾ ਕੀਤੀ। ਇਸ ਲਈ ਗੁਰਮਤਿ ਵਿਚ ਉਚ-ਨੀਚ ਨੂੰ ਕੋਈ ਸਥਾਨ ਪ੍ਰਾਪਤ ਨਹੀਂ। ਸਭਨਾ ਅੰਦਰ ਇਕ ਵਾਹਿਗੁਰੂ ਦੀ ਜੋਤਿ ਪ੍ਰਕਾਸ਼ਮਾਨ ਹੈ। ਆਦਮੀ ਆਪਣੇ ਕਰਮਾਂ ਕਰਕੇ ਵੱਡਾ ਜਾਂ ਛੋਟਾ ਹੁੰਦਾ ਹੈ ਕਿਸੇ ਕੁਲ ਜਾਂ ਜਾਤ ਵਿਚ ਜਨਮ ਲੈਣ ਕਰਕੇ ਨਹੀਂ। ਗੁਰਵਾਕ ਹੈ :

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥

(ਰਾਗੁ ਆਸਾ ਮਹਲਾ ੧, ਅੰਗ ੩੪੯)

ਭਾਵ ਅੱਗੇ ਦਰਗਾਹ ਵਿਚ ਜਾਤ-ਪਾਤ ਦੀ ਰੱਤੀ ਭਰ ਪੁੱਛ ਨਹੀਂ ਪੈਂਦੀ। ਉੱਥੇ ਤਾਂ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਜਾਂਦਾ ਹੈ। ਜੀਵ ਦੇ ਕੀਤੇ ਕਰਮਾਂ ਤੇ ਹੀ ਸਾਰਾ ਨਿਬੇੜਾ ਹੁੰਦਾ ਹੈ। 'ਕਰਮਾ ਉਪਰ ਨਿਬੜੈ' ਵਾਲੀ ਗੱਲ ਹੈ। ਜਾਤੀ ਦਾ ਕੋਈ ਜ਼ੋਰ ਨਹੀਂ ਚਲਦਾ ਅਤੇ ਨਾ ਹੀ ਕੋਈ ਕਦਰ ਪੈਂਦੀ ਹੈ। ਇਸ ਪ੍ਰਥਾਇ ਰਾਗੁ ਮਾਰੂ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ :

ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ॥
ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ॥ *(ਅੰਗ ੧੦੯੪)*

ਅਥਵਾ :

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥

(ਰਾਗੁ ਪ੍ਰਭਾਤੀ ਮਹਲਾ ੧, ਅੰਗ ੧੩੩੦)

ਭਾਵ ਕਿਸੇ ਨੂੰ ਇਹ ਪੁੱਛਣਾ ਨਹੀਂ ਚਾਹੀਦਾ ਕਿ ਉਸਦੀ ਜਾਤ ਕਿਹੜੀ ਹੈ ਜਾਂ ਉਹ ਕਿਸ ਕੁਲ ਵਿਚ ਪੈਦਾ ਹੋਇਆ ਹੈ। ਇਹ ਗੱਲਾਂ ਵਖਰੇਵੇਂ ਪੈਦਾ ਕਰਦੀਆਂ ਹਨ। ਪੁੱਛਣ ਜਾਂ ਜਾਣਨ ਵਾਲੀ ਤਾਂ ਇਹ ਗੱਲ ਹੁੰਦੀ ਹੈ ਕਿ ਕਿਸ ਹਿਰਦੇ ਵਿਚ ਨਾਮ ਦਾ ਵਾਸਾ ਹੈ। ਸਤਿਗੁਰੂ ਜੀ ਸੋਧ ਬਖ਼ਸ਼ਿਸ਼ ਕਰ ਰਹੇ ਹਨ ਕਿ ਜੀਵ ਦੀ ਜਾਤ ਉਹੀ ਹੈ ਜਿਹੋ ਜਿਹੇ ਉਹ ਕਰਮ ਕਰਦਾ ਹੈ।

ਗੁਰੂ ਅਮਰਦਾਸ ਜੀ ਰਾਗੁ ਆਸਾ ਵਿਚ ਵੀ ਇਹੋ ਸੋਧ ਬਖਸ਼ਿਸ਼ ਕਰ ਰਹੇ ਹਨ:

ਆਗੈ ਜਾਤਿ ਰੂਪੁ ਨ ਜਾਇ॥
ਤੇਹਾ ਹੋਵੈ ਜੇਹੇ ਕਰਮ ਕਮਾਇ॥ *(ਅੰਗ ੩੬੩)*

ਜੋ ਪ੍ਰਾਣੀ ਆਪਣੀ ਉੱਚੀ ਜਾਤ ਦਾ ਅਭਿਮਾਨ ਕਰਦਾ ਹੈ ਗੁਰੂ ਅਮਰਦਾਸ ਜੀ ਨੇ ਉਸਨੂੰ ਮੂਰਖ ਅਤੇ ਗੰਵਾਰ ਆਖਿਆ ਹੈ ਕਿਉਂਕਿ ਮਨੁੱਖ ਅੰਦਰ ਇਹ ਭਾਵਨਾ ਕਈ ਪ੍ਰਕਾਰ ਦੀਆਂ ਕੁਰੀਤੀਆਂ ਅਤੇ ਵਿਕਾਰ ਪੈਦਾ ਕਰਦੀ ਹੈ। ਇਹ ਕਹਿਣਾ ਕਿ ਚਾਰੇ ਵਰਣਾਂ ਦੇ ਲੋਕ ਖੱਤਰੀ, ਬ੍ਰਾਹਮਣ, ਸੂਦ ਅਤੇ ਵੈਸ਼ ਵੱਖਰੇ-ਵੱਖਰੇ ਹਨ ਇਹ ਠੀਕ ਨਹੀਂ। ਇਹਨਾਂ ਸਾਰੇ ਵਰਣਾਂ ਦੇ ਲੋਕਾਂ ਦੀ ਉਤਪਤੀ ਇਕ ਬ੍ਰਹਮ ਭਾਵ ਪਰਮਾਤਮਾ ਤੋਂ ਹੀ ਹੋਈ ਹੈ ਤਾਂ ਫਿਰ ਭਿੰਨ-ਭੇਦ ਕਿਸ ਗੱਲ ਦਾ? ਆਪ ਜੀ ਘੁਮਿਆਰ ਵਲੋਂ ਘੜੇ ਜਾਂਦੇ ਵੱਖ-ਵੱਖ ਆਕਾਰਾਂ ਦੇ ਭਾਂਡਿਆਂ ਦੀ ਉਦਾਹਰਣ ਦੇ ਕੇ ਸਮਝਾ ਰਹੇ ਹਨ ਕਿ ਪਰਮਾਤਮਾ ਨੇ ਆਪਣੀ ਜੋਤਿ ਤੋਂ ਸਾਰੇ ਸੰਸਾਰ ਦੀ ਰਚਨਾ ਕੀਤੀ ਹੈ। ਪੰਜ ਤੱਤਾਂ ਤੋਂ ਇਸ ਸਰੀਰ-ਰੂਪੀ ਦੇਹੀ ਦੀ ਸ਼ਕਲ ਬਣਦੀ ਹੈ ਪਰ ਇਹ ਗੱਲ ਕੋਈ ਨਹੀਂ ਕਹਿ ਸਕਦਾ ਕਿਸ ਵਰਣ ਵਾਲੇ ਵਿਚ ਇਹ ਤੱਤ ਬਹੁਤਾ ਹੈ ਤੇ ਕਿਸ ਵਰਣ ਵਾਲੇ ਵਿਚ ਇਹ ਤੱਤ ਘੱਟ ਹੈ:

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ ੧॥ ਰਹਾਉ॥
ਚਾਰੇ ਵਰਨ ਆਖੈ ਸਭੁ ਕੋਈ॥
ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ॥ ੨॥
ਮਾਟੀ ਏਕ ਸਗਲ ਸੰਸਾਰਾ॥
ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥ ੩॥
ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥
ਘਟਿ ਵਧਿ ਕੋ ਕਰੈ ਬੀਚਾਰਾ॥ ੪॥ *(ਰਾਗ ਭੈਰਉ, ਅੰਗ ੧੧੨੭-੨੮)*

ਕੁਮ੍ਹਾਰਾ ਭਾਵ ਘੁਮਿਆਰ।

ਇਸੇ ਪ੍ਰਸੰਗ ਵਿਚ ਭਗਤ ਕਬੀਰ ਜੀ ਦਾ ਕਥਨ ਹੈ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
(ਰਾਗੁ ਪ੍ਰਭਾਤੀ, ਅੰਗ ੧੩੪੯)

ਸ਼ਬਦ ਦੇ ਦੂਜੇ ਬੰਦ ਵਿਚ ਆਪ ਜੀ ਦਾ ਕਥਨ ਹੈ:

ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥ *(ਅੰਗ ੧੩੫੦)*

ਕੁੰਭਾਰੈ ਤੋਂ ਭਾਵ ਘੁਮਿਆਰ। ਪੋਚ—ਊਣਤਾਈ, ਕਮੀ।

ਰਾਗੁ ਗਉੜੀ ਵਿਚ ਭਗਤ ਕਬੀਰ ਜੀ ਨੇ ਜਾਤ ਅਭਿਮਾਨੀਆਂ ਤੇ ਬੜੀ ਕਰੜੀ ਟਕੋਰ ਕੀਤੀ ਹੈ। ਆਪ ਜੀ ਦਾ ਫ਼ਰਮਾਨ ਹੈ ਕਿ ਮਾਂ ਦੇ ਪੇਟ ਵਿਚ ਕਿਸੇ ਨੂੰ ਇਸ ਗੱਲ ਦਾ ਪਤਾ ਨਹੀਂ ਹੁੰਦਾ ਕਿ ਉਹ ਕਿਸ ਕੁਲ ਦਾ ਹੈ ਕਿਉਂਕਿ ਸਾਰੇ ਜੀਵਾਂ ਦੀ ਉਤਪਤੀ ਇਕ ਪਰਮਾਤਮਾ ਦੀ ਜੋਤਿ ਤੋਂ ਹੀ ਹੁੰਦੀ ਹੈ। ਬ੍ਰਾਹਮਣ ਜੋ ਆਪਣੇ ਆਪ ਨੂੰ ਬੜੀ ਉੱਚੀ

ਕੁਲ ਵਾਲਾ ਸਮਝਦਾ ਹੈ, ਨੂੰ ਸੰਬੋਧਨ ਕਰਕੇ ਆਪ ਜੀ ਕਹਿ ਰਹੇ ਹਨ ਕਿ ਹੇ ਬ੍ਰਾਹਮਣ, ਜੇਕਰ ਤੇਰੀ ਕੁਲ ਸਭ ਤੋਂ ਉੱਚੀ ਹੈ ਤਾਂ ਫਿਰ ਤੂੰ ਮਾਂ ਦੇ ਪੇਟ ਵਿਚੋਂ ਕਿਸੇ ਹੋਰ ਰਸਤੇ ਕਿਉਂ ਨਹੀਂ ਆਇਆ :

ਗਰਭ ਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥ *(ਅੰਗ ੩੨੪)*

ਅਗਲੀਆਂ ਤੁਕਾਂ ਵਿਚ ਆਪ ਜੀ ਪ੍ਰਸ਼ਨ ਕਰ ਰਹੇ ਹਨ ਕਿ ਹੇ ਬ੍ਰਾਹਮਣ, ਜੇਕਰ ਤੂੰ ਉੱਚੀ ਜਾਤ ਵਾਲਾ ਹੈਂ ਅਤੇ ਅਸੀਂ ਨੀਵੀਂ ਜਾਤ ਵਾਲੇ ਹਾਂ ਤਾਂ ਮੈਨੂੰ ਦੱਸ ਸਾਡੇ ਅੰਦਰ ਲਹੂ ਦੀ ਥਾਂ ਕੀ ਤੇਰੇ ਅੰਦਰ ਦੁੱਧ ਵਗ ਰਿਹਾ ਹੈ :

ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥ *(ਅੰਗ ੩੨੪)*

ਅੰਤ ਵਿਚ ਆਪ ਜੀ ਇਸ ਗੱਲ ਦਾ ਨਿਸਤਾਰਾ ਕਰਦੇ ਹਨ ਕਿ ਅਸੀਂ ਉਸ ਨੂੰ ਬ੍ਰਾਹਮਣ ਮੰਨਦੇ ਹਾਂ ਜੋ ਬ੍ਰਹਮ ਦੀ ਵੀਚਾਰ ਕਰਦਾ ਹੈ :

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ *(ਅੰਗ ੩੨੪)*

ਪਹਿਲਾਂ ਪੰਗਤ ਫਿਰ ਸੰਗਤ ਦਾ ਮੁੱਖ ਉਦੇਸ਼ ਜਾਤ-ਪਾਤ ਨੂੰ ਖ਼ਤਮ ਕਰਨਾ ਸੀ। ਸ਼ਹਿਨਸ਼ਾਹ ਅਕਬਰ ਦਾ ਗੋਇੰਦਵਾਲ ਸਾਹਿਬ ਵਿਖੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਬਾਕੀ ਸ਼ਰਧਾਲੂਆਂ ਨਾਲ ਪੰਗਤ ਵਿਚ ਲੰਗਰ ਛਕਣਾ ਇਸ ਗੱਲ ਦਾ ਸੂਚਕ ਹੈ ਕਿ ਗੁਰੂ ਸਾਹਿਬਾਨ ਨੇ ਜਾਤ-ਪਾਤ ਦੇ ਖਾਤਮੇ ਲਈ ਹਰ ਉੱਦਮ ਕੀਤਾ। ਦਸਮੇਸ਼ ਪਿਤਾ ਵਲੋਂ ਬਿਨਾਂ ਕਿਸੇ ਜਾਤੀ ਭੇਦ-ਭਾਵ ਦੇ ਇਕ ਬਾਟੇ ਵਿਚ ਅੰਮ੍ਰਿਤ ਛਕਾਉਣਾ, ਉਸ ਵੇਲੇ ਦੇ ਭਾਰਤੀ ਸਮਾਜ ਵਿਚ ਇਕ ਕ੍ਰਾਂਤੀਕਾਰੀ ਕਦਮ ਸੀ। ਆਪ ਜੀ ਸਾਰੀ ਮਨੁੱਖਤਾ, ਸੰਸਾਰ ਦੇ ਸਾਰੇ ਲੋਕਾਂ ਨੂੰ ਭਾਵੇਂ ਉਨ੍ਹਾਂ ਦਾ ਸੰਬੰਧ ਕਿਸੇ ਫਿਰਕੇ ਜਾਂ ਮਜ਼ਹਬ ਨਾਲ ਹੋਵੇ, ਸਭ ਨੂੰ ਇਕ ਸਮਾਨ ਸਮਝਦੇ ਹਨ। ਆਪ ਜੀ ਦੇ ਬਚਨ ਹਨ :

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਈ ਬ੍ਰਹਮਚਾਰੀ ਕੋਈ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥ *(ਅਕਾਲ ਉਸਤਤਿ)*

ਇਵੇਂ ਗੁਰਮਤਿ ਨੇ ਵਰਣ-ਆਸ਼ਰਮ ਨੂੰ ਪੂਰਨ ਤੌਰ ਤੇ ਨਕਾਰਿਆ ਹੈ। ਰਾਗ ਸੂਹੀ ਵਿਚ ਗੁਰ ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਪਰਮਾਤਮਾ ਦੇ ਨਾਮ ਦਾ ਉਪਦੇਸ਼ ਸਾਰੇ ਵਰਣਾਂ ਦੇ ਲੋਕਾਂ ਲਈ ਸਾਂਝਾ ਹੈ ਭਾਵ ਇਕ ਸਮਾਨ ਹੈ। ਜੋ ਗੁਰਮੁਖਿ ਪਿਆਰੇ ਪ੍ਰਭੂ ਦਾ ਨਾਮ ਸਿਮਰਦੇ ਹਨ ਉਨ੍ਹਾਂ ਨੂੰ ਪਰਮਾਤਮਾ ਘਟ ਘਟ ਭਾਵ ਹਰੇਕ ਜੀਵ ਵਿਚ ਵੱਸਦਾ

ਪ੍ਰਤੀਤ ਹੁੰਦਾ ਹੈ :

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥

(ਅੰਗ ੭੪੭-੭੪੮)

ਅਥਵਾ :

ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ॥

(ਰਾਗੁ ਸਾਰਗ ਮਹਲਾ ੧, ਅੰਗ ੧੧੯੮)

ਭਾਵ ਜੋ ਗੁਰੂ ਦੇ ਸ਼ਬਦ ਦਾ ਓਟ ਆਸਰਾ ਲੈਂਦੇ ਹਨ, ਉਨ੍ਹਾਂ ਦੇ ਮਨਾਂ ਅੰਦਰੋਂ ਜਾਤ, ਵਰਣ ਅਤੇ ਕੁੱਲਾਂ ਬਾਰੇ ਪਏ ਸੰਸੇ ਅਤੇ ਭਰਮ-ਭੁਲੇਖੇ ਸਭ ਦੂਰ ਹੋ ਜਾਂਦੇ ਹਨ।

ਇਸ ਪੜਾਅ ਤੇ ਪਹੁੰਚ ਕੇ ਪ੍ਰਾਣੀ ਨੂੰ ਫਿਰ ਇਸ ਗੱਲ ਦੀ ਸਮਝ ਪੈ ਜਾਂਦੀ ਹੈ ਕਿ ਜਾਤੀ ਦੇ ਆਧਾਰ ਤੇ ਆਪਣੇ ਆਪ ਨੂੰ ਚੰਗਾ ਸਮਝਣਾ ਅਤੇ ਹੰਕਾਰ ਕਰਨਾ ਸਭ ਵਿਅਰਥ ਹੈ। ਅਸਲ ਵਿਚ ਚੰਗਾ ਜਾਂ ਭਲਾ ਤਾਂ ਉਹੀ ਹੈ ਜਿਸ ਨੂੰ ਦਰਗਾਹ ਵਿਚ ਮਾਣ ਅਤੇ ਆਦਰ ਪ੍ਰਾਪਤ ਹੁੰਦਾ ਹੈ। ਗੁਰਵਾਕ ਹੈ :

ਫਕੜ ਜਾਤੀ ਫਕੜੁ ਨਾਉ॥
ਸਭਨਾ ਜੀਆ ਇਕਾ ਛਾਉ॥
ਆਪਹੁ ਜੇ ਕੋ ਭਲਾ ਕਹਾਏ॥
ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ॥

(ਸਲੋਕ ਮਹਲਾ ੧, ਸਿਰੀਰਾਗੁ ਕੀ ਵਾਰ ਮਹਲਾ ੪, ਅੰਗ ੮੩)

ਅਥਵਾ

ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ॥
ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ॥

(ਰਾਗੁ ਆਸਾ ਮਹਲਾ ੩, ਅੰਗ ੪੨੫)

ਆਪਣੇ ਮਨਾਂ ਅੰਦਰ ਝਾਤ ਮਾਰ ਕੇ ਦੇਖੀਏ ਕਿ ਅਸੀਂ ਗੁਰਮਤਿ ਦੇ ਧਾਰਨੀ, ਗੁਰੂ ਸਾਹਿਬਾਨ ਦੇ ਬਚਨਾਂ ਤੇ ਕਿੰਨਾ ਕੁ ਅਮਲ ਕਰਦੇ ਹਾਂ। ਜਾਤਾਂ ਦੇ ਨਾਮ ਤੇ ਭਵਨ ਉਸਾਰੇ ਜਾ ਰਹੇ ਹਨ। ਹੋਰ ਤਾਂ ਹੋਰ ਧਾਰਮਿਕ ਅਸਥਾਨ, ਗੁਰਦੁਆਰੇ ਜਾਤਾਂ ਦੇ ਨਾਮ ਤੇ ਉਸਰੇ ਹੋਏ ਹਨ। ਆਮ ਆਦਮੀ ਦੀ ਤਾਂ ਗੱਲ ਹੀ ਛੱਡੋ, ਬਹੁਤ ਸਾਰੇ ਗੁਰਦੁਆਰਿਆਂ ਦੇ ਪ੍ਰਧਾਨ ਅਤੇ ਪ੍ਰਬੰਧਕ ਆਪਣੇ ਨਾਮ ਨਾਲ ਜਾਤ ਜਾਂ ਗੋਤ ਲਿਖਣਾ ਬੜੀ ਸ਼ਾਨ ਵਾਲੀ ਗੱਲ ਸਮਝਦੇ ਹਨ। ਜਾਤਾਂ ਜਾਂ ਗੋਤਾਂ ਦੇ ਆਧਾਰ ਤੇ ਕਮੇਟੀਆਂ ਬਣੀਆਂ ਹੋਈਆਂ ਹਨ ਜਿਸਦੇ ਮੈਂਬਰ ਮਹੀਨਾ ਜਾਂ ਦੋ ਮਹੀਨਿਆਂ ਬਾਅਦ ਮੀਟਿੰਗਾਂ ਕਰਦੇ ਹਨ। ਗੋਤਾਂ ਦੇ ਨਾਮ ਤੇ ਜਠੇਰਿਆਂ ਤੇ ਸਮਾਗਮ ਹੁੰਦੇ ਹਨ। ਸਾਡੇ ਪ੍ਰਚਾਰਕ ਇਥੋਂ ਤੱਕ ਕਿ ਹੁਣ ਮਾਨਯੋਗ ਕੀਰਤਨੀਏ ਵੀ ਆਪਣੇ ਨਾਮ ਦੇ ਨਾਲ ਗੋਤ ਆਦਿ ਲਿਖਣ ਲੱਗ ਪਏ ਹਨ। ਇਸ ਸਭ ਕੁਝ ਤੇ ਬੜੀ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ।

92

ਵੈਰ-ਵਿਰੋਧ

ਰਾਗੁ ਗਉੜੀ ਸੁਖਮਨੀ ਵਿਚ ਪੰਚਮ ਗੁਰਦੇਵ ਦੇ ਬਚਨ ਹਨ ਕਿ ਜਨਮਾਂ-ਜਨਮਾਤਰਾਂ ਤੋਂ ਜੀਵ ਵੈਰ-ਵਿਰੋਧ, ਕਾਮ, ਕ੍ਰੋਧ, ਲੋਭ ਲਾਲਚ, ਮੋਹ, ਦਗਾ, ਫਰੇਬ ਆਦਿ ਵਿਕਾਰਾਂ ਵਿਚ ਗ੍ਰਸਿਆ ਆ ਰਿਹਾ ਹੈ। ਪਰਮਾਤਮਾ ਮਿਹਰ ਕਰੇ ਤਾਂ ਕਿ ਜੀਵ ਇਨ੍ਹਾਂ ਕੁਕਰਮਾਂ ਤੋਂ ਬਚ ਸਕਣ :

ਬੈਰ ਬਿਰੋਧ ਕਾਮ ਕ੍ਰੋਧ ਮੋਹ ॥
ਝੂਠ ਬਿਕਾਰ ਮਹਾ ਲੋਭ ਧ੍ਰੋਹ ॥
ਇਆਹੂ ਜੁਗਤਿ ਬਿਹਾਨੇ ਕਈ ਜਨਮ ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ *(ਅੰਗ ੨੬੭-੬੮)*

ਪ੍ਰਾਣੀ ਇਥੋਂ ਤੱਕ ਨਿੱਘਰ ਗਿਆ ਹੈ ਕਿ ਨਿਰਵੈਰਾਂ ਨਾਲ ਵੈਰ ਕਮਾ ਕੇ ਸਾਰੇ ਜਗਤ ਦੇ ਪਾਪਾਂ ਦੇ ਭਾਰ ਨੂੰ ਆਪਣੇ ਸਿਰ ਤੇ ਚੁੱਕੀ ਫਿਰਦਾ ਹੈ :

ਨਿਰਵੈਰੈ ਨਾਲਿ ਜਿ ਵੈਰੁ ਰਚਾਏ
ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ ॥

(ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੦੭)

ਅਜਿਹੇ ਪ੍ਰਾਣੀ ਫਿਰ ਸੁਖੀ ਕਿਸ ਤਰ੍ਹਾਂ ਰਹਿ ਸਕਦੇ ਹਨ। ਉਨ੍ਹਾਂ ਨੂੰ ਤਾਂ ਪਰਮਾਤਮਾ ਦੇ ਧਰਮ ਨਿਆਂ ਅਨੁਸਾਰ ਦੁੱਖ ਹੀ ਭੋਗਣੇ ਪੈਂਦੇ ਹਨ :

ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥

(ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੦੬)

ਅਜਿਹੇ ਪ੍ਰਾਣੀ ਕੇਵਲ ਆਪ ਹੀ ਨਹੀਂ ਡੁੱਬਦੇ ਸਗੋਂ ਆਪਣੇ ਪਰਿਵਾਰ ਅਤੇ ਸੰਗੀ ਸਾਥੀਆਂ ਨੂੰ ਵੀ ਭਵ-ਸਾਗਰ ਵਿਚ ਡੋਬ ਦਿੰਦੇ ਹਨ :

ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥
ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥

(ਰਾਗੁ ਸੂਹੀ ਮਹਲਾ ੩, ਅੰਗ ੭੫੫)

ਰਾਗੁ ਬਿਲਾਵਲੁ ਵਿਚ ਗੁਰੂ ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਮਨੁੱਖ ਜਿਨ੍ਹਾਂ ਸਾਕ ਸੰਬੰਧੀਆਂ ਖ਼ਾਤਰ ਮਿਹਨਤ ਮੁਸ਼ੱਕਤ ਕਰਕੇ ਧਨ-ਦੌਲਤ ਜੋੜਦਾ ਹੈ ਅਤੇ ਦੂਜਿਆਂ ਨਾਲ ਵੈਰ-ਵਿਰੋਧ ਸਹੇੜ ਕੇ ਕ੍ਰੋਧ ਵਿਚ ਸੜਦਾ ਰਹਿੰਦਾ ਹੈ ਅੰਤ ਵੇਲੇ ਇਨ੍ਹਾਂ ਵਿਚੋਂ ਕੋਈ ਵੀ ਉਸਦਾ ਸਾਥ ਨਹੀਂ ਦਿੰਦਾ :

ਜਾ ਕੈ ਕੀਐ ਸ੍ਰਮੁ ਕਰੈ ਤੇ ਬੈਰ ਬਿਰੋਧੀ ॥
ਅੰਤ ਕਾਲਿ ਭਜਿ ਜਾਹਿਗੇ ਕਾਹੇ ਜਲਹੁ ਕਰੋਧੀ ॥ *(ਅੰਗ ੮੦੯)*

ਅਥਵਾ :

ਇਸਤਰੀ ਪੁਰਖੈ ਬਹੁ ਪ੍ਰੀਤਿ ਮਿਲਿ ਮੋਹੁ ਵਧਾਇਆ॥
ਪੁਤ੍ਰੁ ਕਲਤ੍ਰੁ ਨਿਤ ਵੇਖੈ ਵਿਗਸੈ ਮੋਹਿ ਮਾਇਆ॥
ਦੇਸਿ ਪਰਦੇਸਿ ਧਨੁ ਚੋਰਾਇ ਆਣਿ ਮੁਹਿ ਪਾਇਆ॥
ਅੰਤਿ ਹੋਵੈ ਵੈਰ ਵਿਰੋਧੁ ਕੋ ਸਕੈ ਨ ਛਡਾਇਆ॥

(ਰਾਗੁ ਸਾਰਗ ਕੀ ਵਾਰ ਮਹਲਾ ੪, ਅੰਗ ੧੨੪੯-੫੦)

ਅਸਲ ਵਿਚ ਜਦੋਂ ਤਾਈਂ ਮਨੁੱਖ ਅੰਦਰ ਵੈਰ-ਵਿਰੋਧ ਦੀ ਭਾਵਨਾ ਬਣੀ ਰਹਿੰਦੀ ਹੈ, ਮੇਰ ਤੇਰ ਵਿਚ ਪ੍ਰਾਣੀ ਗ੍ਰਸਿਆ ਰਹਿੰਦਾ ਹੈ ਭਾਵ ਕਿਸੇ ਨੂੰ ਵੈਰੀ ਅਤੇ ਕਿਸੇ ਨੂੰ ਮਿੱਤਰ ਸਮਝਦਾ ਹੈ ਉਦੋਂ ਤੱਕ ਮਨ ਕਦੀ ਟਿਕਾਉ ਵਿਚ ਨਹੀਂ ਰਹਿ ਸਕਦਾ। ਗੁਰਵਾਕ ਹੈ :

ਜਬ ਧਾਰੈ ਕੋਊ ਬੈਰੀ ਮੀਤੁ॥
ਤਬ ਲਗੁ ਨਿਹਚਲੁ ਨਾਹੀ ਚੀਤੁ॥

(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੭੮)

ਜਦੋਂ ਗੁਰੂ ਰਾਮਦਾਸ ਜੀ ਨੇ ਤਿੰਨ ਸਾਹਿਬਜ਼ਾਦਿਆਂ ਵਿਚੋਂ (ਗੁਰੂ) ਅਰਜਨ ਦੇਵ ਜੀ ਨੂੰ ਗੁਰਤਾ ਦੇ ਯੋਗ ਸਮਝ ਕੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ ਵਾਰਸ ਬਣਾ ਦਿੱਤਾ ਤਾਂ ਵੱਡਾ ਪੁੱਤਰ ਪ੍ਰਿਥੀ ਚੰਦ ਸੜ ਭੁੱਜ ਗਿਆ। ਉਸ ਨੇ ਗੁਰੂ ਅਰਜਨ ਦੇਵ ਜੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਕ੍ਰੋਧ ਵਸ ਹੋ ਕੇ ਇਕ ਦਿਨ ਕੁਝ ਸਾਥੀਆਂ ਨੂੰ ਨਾਲ ਲੈ ਕੇ ਗੁਰੂ ਘਰ ਤੋਂ ਚੜ੍ਹਾਵਾ ਜਬਰੀ ਚੁੱਕ ਕੇ ਲੈ ਗਿਆ। ਸੰਗਤਾਂ ਨੇ ਬੜਾ ਬੁਰਾ ਮਨਾਇਆ। ਸੰਗਤਾਂ ਉਸ ਪਾਸੋਂ ਜਾ ਕੇ ਚੜ੍ਹਾਵਾ ਵਾਪਸ ਲੈ ਆਈਆਂ ਤਾਂ ਮਿਹਰਾਂ ਦੇ ਸਾਈਂ ਦਿਆਲਪੁਰਖ ਸਤਿਗੁਰੂ ਜੀ ਨੇ ਕਿਹਾ ਕਿ ਭਲਿਓ ਲੋਕੋ! ਤੁਸੀਂ ਇੰਜ ਕਿਉਂ ਕੀਤਾ? ਇਸਦੀ ਵੱਡੇ ਭਰਾਤਾ ਨੂੰ ਲੋੜ ਹੋਵੇਗੀ ਜਾ ਕੇ ਉਸ ਨੂੰ ਇਹ ਵਸਤਾਂ ਵਾਪਸ ਕਰ ਆਓ ਪ੍ਰੰਤੂ ਵੈਰ ਵਿਰੋਧ ਤੋਂ ਪ੍ਰਿਥੀ ਚੰਦ ਫਿਰ ਵੀ ਨਾ ਟਲਿਆ। ਗੁਰੂ ਜੀ ਨੂੰ ਨੁਕਸਾਨ ਪਹੁੰਚਾਉਣ ਦੇ ਕਈ ਤਰ੍ਹਾਂ ਦੇ ਦਾਓ-ਪੇਚ ਖੇਡਦਾ ਰਿਹਾ। ਰਾਜ ਦਰਬਾਰੇ ਪਹੁੰਚ ਵੀ ਕੀਤੀ ਪਰ ਕੁਝ ਨਾ ਬਣਿਆ। ਇਕ ਦਿਨ ਇਕ ਫੌਜਦਾਰ ਸੁਲਹੀਖਾਨ ਨੂੰ ਗੰਢ-ਤਰੁਪ ਕੇ ਲੈ ਆਇਆ ਜਿਸ ਦੀ ਗੁਰੂ ਜੀ ਪਾਸ ਪਹੁੰਚਣ ਤੋਂ ਪਹਿਲਾਂ ਹੀ ਘੋੜੇ ਤੋਂ ਡਿੱਗਣ ਕਾਰਨ ਮੌਤ ਹੋ ਗਈ :

ਸੁਲਹੀ ਤੇ ਨਾਰਾਇਣ ਰਾਖੁ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ॥

(ਰਾਗੁ ਬਿਲਾਵਲੁ ਮਹਲਾ ੫, ਅੰਗ ੮੨੫)

ਗੁਰੂ ਤਾਂ ਸਭਨਾਂ ਦਾ ਭਲਾ ਲੋਚਦਾ ਹੈ ਤਾਂ ਫਿਰ ਉਸ ਦਾ ਬੁਰਾ ਕਿਵੇਂ ਹੋ ਸਕਦਾ ਹੈ :

ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ॥

(ਗਉੜੀ ਕੀ ਵਾਰ ਮਹਲਾ ੪, ਅੰਗ ੩੦੨)

ਸਤਿਸੰਗਤ ਦੀ ਬਰਕਤ ਨਾਲ ਮਨ ਵਿਚੋਂ ਦੂਈ-ਦਵੈਤ ਜਾਂਦੀ ਰਹਿੰਦੀ ਹੈ। ਕਿਸੇ ਨਾਲ ਵੈਰ-ਵਿਰੋਧ ਰਹਿੰਦਾ ਹੀ ਨਹੀਂ। ਕੋਈ ਬਿਗਾਨਾ ਦਿੱਸਦਾ ਹੀ ਨਹੀਂ। ਸਭ ਆਪਣੇ

ਹੀ ਜਾਪਦੇ ਹਨ :

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ॥

(ਰਾਗੁ ਕਾਨੜਾ ਮਹਲਾ ੫, ਅੰਗ ੧੨੯੯)

ਇਹ ਉਹ ਅਵਸਥਾ ਹੈ ਜਦੋਂ ਸਭਨਾਂ ਅੰਦਰ ਇਕ ਵਾਹਿਗੁਰੂ ਦੀ ਜੋਤਿ ਹੀ ਦਿਖਾਈ ਦਿੰਦੀ ਹੈ :

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥

(ਰਾਗੁ ਧਨਾਸਰੀ ਮਹਲਾ ੫, ਅੰਗ ੬੭੧)

ਕੋਈ ਦੁਸ਼ਮਨ ਲਗਦਾ ਹੀ ਨਹੀਂ ਸਭ ਮਿੱਤਰ ਹੀ ਜਾਪਦੇ ਹਨ :

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥੩॥ *(ਅੰਗ ੬੭੧)*

ਮਨੁੱਖ ਆਪਣੇ ਸੁਆਰਥ ਲਈ ਦੂਜਿਆਂ ਦਾ ਬੁਰਾ ਲੋਚਦਾ ਹੈ। ਕਿਸੇ ਦਾ ਕਿੰਨਾ ਵੀ ਨੁਕਸਾਨ ਕਿਉਂ ਨਾ ਹੋ ਜਾਵੇ ਉਸਨੂੰ ਲਾਭ ਹੋਣਾ ਚਾਹੀਦਾ ਹੈ। ਮਨੁੱਖੀ ਮਨ ਦੀ ਇਹ ਭਾਵਨਾ ਵੈਰ-ਵਿਰੋਧ ਅਤੇ ਲਾਲਚ ਦੀ ਹੀ ਉਪਜ ਹੈ। ਪੰਚਮ ਗੁਰਦੇਵ ਰਾਗ ਆਸਾ ਵਿਚ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਜੋ ਪ੍ਰਾਣੀ ਕਿਸੇ ਦਾ ਬੁਰਾ ਨਹੀਂ ਚਾਹੁੰਦਾ, ਕਿਸੇ ਨਾਲ ਵੈਰ-ਵਿਰੋਧ ਨਹੀਂ ਕਰਦਾ ਉਹ ਦੁੱਖਾਂ ਕਲੇਸ਼ਾਂ ਤੋਂ ਬਚਿਆ ਰਹਿੰਦਾ ਹੈ :

ਪਰ ਕਾ ਬੁਰਾ ਨ ਰਾਖਹੁ ਚੀਤ॥
ਤੁਮ ਕਉ ਦੁਖੁ ਨਹੀ ਭਾਈ ਮੀਤ॥ *(ਅੰਗ ੩੮੬)*

ਇਥੋਂ ਤੱਕ ਕਿ ਸਰੀਰ ਨੂੰ ਕਿਸੇ ਪ੍ਰਕਾਰ ਦੇ ਰੋਗ ਆਦਿ ਵੀ ਨਹੀਂ ਲਗਦੇ :

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥

(ਸਲੋਕ ਨੰਬਰ ੭੮, ਬਾਬਾ ਫਰੀਦ ਜੀ, ਅੰਗ ੧੩੮੧-੮੨)

ਮਨੁੱਖਾ ਜਨਮ ਬੜਾ ਦੁਰਲੱਭ ਹੈ ਜੋ ਭਾਗਾਂ ਨਾਲ ਹੀ ਮਿਲਦਾ ਹੈ ਪਰ ਪ੍ਰਾਣੀ ਵੈਰ-ਵਿਰੋਧ ਵਿਚ ਫਸ ਕੇ ਇਸ ਅਮੋਲਕ ਜਨਮ ਨੂੰ ਅੰਞਾਈਂ ਗੁਆ ਰਿਹਾ ਹੈ :

ਗੁਰ ਪ੍ਰਸਾਦਿ ਲਾਗੇ ਨਾਮ ਸੁਆਦਿ॥
ਕਾਹੇ ਜਨਮੁ ਗਵਾਵਹੁ ਵੈਰਿ ਵਾਦਿ॥

(ਰਾਗੁ ਬਸੰਤ ਮਹਲਾ ੩, ਅੰਗ ੧੧੭੬)

ਰਾਗੁ ਸਾਰਗ ਵਿਚ ਗੁਰੂ ਅਰਜਨ ਦੇਵ ਜੀ ਦੇ ਇਨ੍ਹਾਂ ਬਚਨਾਂ ਤੇ ਜੇਕਰ ਸਿਦਕ ਦਿਲੀ ਨਾਲ ਅਮਲ ਕਰੀਏ ਨਿਰਵੈਰ ਹੋ ਕੇ, ਵਲ-ਫਰੇਬ ਛੱਡ ਕੇ, ਸੱਚ ਦੀ ਕਮਾਈ ਕਰੀਏ ਤਾਂ ਜੀਵਨ ਵਿਚ ਕਿਸੇ ਪ੍ਰਕਾਰ ਦੀ ਤੋਟ ਨਹੀਂ ਰਹਿੰਦੀ ਅਤੇ ਪ੍ਰਭੂ ਦਰ ਤੇ ਪ੍ਰਵਾਨ ਹੋ ਜਾਈਦਾ ਹੈ :

ਛੋਡਹੁ ਕਪਟੁ ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ॥
ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ॥

(ਅੰਗ ੧੨੨੦)

ਆਪ ਜੀ ਦੇ ਬਾਣੀ ਬਾਵਨ ਅਖਰੀ ਵਿਚ ਵੀ ਬਚਨ ਹਨ ਕਿ ਪਰਮਾਤਮਾ ਕਣ-ਕਣ ਭਾਵ ਸਭ ਜੀਵਾਂ ਅੰਦਰ ਮੌਜੂਦ ਹੈ। ਇਸ ਲਈ ਕਿਸੇ ਨਾਲ ਵੈਰ-ਵਿਰੋਧ ਨਹੀਂ ਕਰਨਾ ਚਾਹੀਦਾ :

ਵੱਵਾ ਵੈਰੁ ਨ ਕਰੀਐ ਕਾਹੂ॥
ਘਟ ਘਟ ਅੰਤਰਿ ਬ੍ਰਹਮ ਸਮਾਹੂ॥ (ਅੰਗ ੨੫੯)

ਗੁਰੂ ਜੀ ਦੇ ਬਾਣੀ ਬਾਵਨ ਅਖਰੀ ਵਿਚ ਹੋਰ ਬਚਨ ਹਨ ਕਿ ਜੋ ਪ੍ਰਾਣੀ ਪ੍ਰਭੂ ਦਾ ਸਿਮਰਨ ਜਾਂ ਉਸਦੀ ਸਿਫ਼ਤ-ਸਾਲਾਹ ਕਰਦੇ ਹਨ ਉਨ੍ਹਾਂ ਦੇ ਅੰਦਰੋਂ ਵੈਰ-ਵਿਰੋਧ ਦਾ ਨਾਸ ਹੋ ਜਾਂਦਾ ਹੈ :

ਵੈਰ ਵਿਰੋਧ ਮਿਟੇ ਤਿਹ ਮਨ ਤੇ॥
ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ॥ (ਅੰਗ ੨੫੯)

ਰਾਮਕਲੀ ਸਿਧ ਗੋਸਟਿ ਵਿਚ ਗੁਰੂ ਨਾਨਕ ਦੇਵ ਜੀ ਦੇ ਬੜੇ ਅਨਮੋਲ ਬਚਨ ਹਨ ਕਿ ਗੁਰਮਤਿ ਦੇ ਧਾਰਨੀ ਕਦੀ ਕਿਸੇ ਨਾਲ ਵੈਰ-ਵਿਰੋਧ ਨਹੀਂ ਕਰਦੇ। ਉਹ ਤਾਂ ਆਪਣੇ ਮਨਾਂ ਅੰਦਰੋਂ ਵੈਰ-ਵਿਰੋਧ ਦਾ ਲੇਖਾ ਹੀ ਮਿਟਾ ਦਿੰਦੇ ਹਨ :

ਗੁਰਮੁਖਿ ਵੈਰ ਵਿਰੋਧ ਗਵਾਵੈ॥
ਗੁਰਮੁਖਿ ਸਗਲੀ ਗਣਤ ਮਿਟਾਵੈ॥ (ਅੰਗ ੯੪੨)

ਆਮ ਕਹਾਵਤ ਹੈ ਕਿ ਜੰਗ ਅਤੇ ਪਿਆਰ ਵਿਚ ਸਭ ਕੁਝ ਜਾਇਜ਼ ਹੈ ਪ੍ਰੰਤੂ ਧਰਮ ਯੁੱਧਾਂ ਵਿਚ ਗੁਰੂ ਜੀ ਦੇ ਸਿੱਖ ਧਰਮੀ ਤੇ ਨਿਰਵੈਰ ਹੋ ਨਿਬੜੇ। ਅਨੰਦਪੁਰ ਸਾਹਿਬ ਦੀ ਜੰਗ ਵਿਚ ਭਾਈ ਘਨ੍ਹਈਆ ਜੀ ਬਿਨਾਂ ਵਿਤਕਰੇ ਫੱਟੜ ਹੋਏ ਸਿੱਖ ਅਤੇ ਮੁਗਲ ਫੌਜਾਂ ਦੇ ਸਿਪਾਹੀਆਂ ਨੂੰ ਪਾਣੀ ਪਿਲਾਈ ਜਾ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਕੋਈ ਵੈਰੀ ਦਿਸਦਾ ਹੀ ਨਹੀਂ ਸੀ। ਭਾਈ ਸਾਹਿਬ ਨੂੰ ਸਭ ਅੰਦਰ ਗੁਰੂ ਪਿਤਾ ਦਾ ਸਰੂਪ ਹੀ ਦਿਖਾਈ ਦੇ ਰਿਹਾ ਸੀ। ਸਭ ਅੰਦਰ ਇਕ ਪ੍ਰਭੂ ਦਾ ਨੂਰ ਹੀ ਨਜ਼ਰ ਆ ਰਿਹਾ ਸੀ :

ਬੈਰੀ ਮੀਤ ਹੋਏ ਸੰਮਾਨ॥
ਸਰਬ ਮਹਿ ਪੂਰਨ ਭਗਵਾਨ॥

(ਰਾਗੁ ਭੈਰਉ ਮਹਲਾ ੫, ਅੰਗ ੧੧੪੭)

ਅਥਵਾ :

ਓਸੁ ਸਦਾ ਸਦਾ ਘਰਿ ਅਨੰਦੁ ਹੈ ਹਰਿ ਸਖਾ ਸਹਾਈ॥
ਓਨਿ ਵੈਰੀ ਮਿਤ੍ਰ ਸਮ ਕੀਤਿਆ ਸਭ ਨਾਲਿ ਸੁਭਾਈ॥
ਹੋਆ ਓਹੀ ਅਲੁ ਜਗ ਮਹਿ ਧੁਰ ਗਿਆਨੁ ਜਪਾਈ॥
ਪੂਰਬਿ ਲਿਖਿਆ ਪਾਇਆ ਹਰਿ ਸਿਉ ਬਣਿ ਆਈ॥

(ਰਾਗੁ ਮਾਰੂ ਮਹਲਾ ੫, ਅੰਗ ੧੧੦੦)

ਓਹੀਅਲੁ ਤੋਂ ਅਰਥ ਹੈ ਪ੍ਰਸਿੱਧੀ ਹਾਸਲ ਕਰਨਾ।

ਪਉੜੀ ॥ ਵਵਾ ਵੈਰੁ ਨ ਕਰੀਐ ਕਾਹੂ ॥ ਘਟ ਘਟ ਅੰਤਰਿ ਬ੍ਰਹਮ ਸਮਾਹੂ ॥
ਵਾਸੁਦੇਵ ਜਲ ਥਲ ਮਹਿ ਰਵਿਆ ॥ ਗੁਰ ਪ੍ਰਸਾਦਿ ਵਿਰਲੈ ਹੀ ਗਵਿਆ ॥ ਵੈਰ ਵਿਰੋਧ
ਮਿਟੇ ਤਿਹ ਮਨ ਤੇ ॥ ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥ ਵਰਨ ਚਿਹਨ ਸਗਲਹ
ਤੇ ਰਹਤਾ ॥ ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ ॥੪੬॥ ਗਉੜੀ ਪਉੜੀ :-5

(93)

ਕਪਟ

ਕਪਟ ਤੋਂ ਭਾਵ ਹੈ ਠੱਗੀ ਮਾਰਨੀ, ਧੋਖਾ ਜਾਂ ਵਲ-ਫਰੇਬ। ਕਪਟ ਕਮਾਉਣ ਵਾਲੇ ਕਪਟੀ ਦੇ ਮਨ ਵਿਚ ਕੁਝ ਹੋਰ ਅਤੇ ਬਾਹਰ ਕੁਝ ਹੋਰ ਹੁੰਦਾ ਹੈ। ਅਜਿਹਾ ਭੇਖਾਧਾਰੀ ਮਨੁੱਖ ਮੂੰਹ ਤੋਂ ਰਾਮ ਰਾਮ ਬੋਲਦਾ ਹੈ ਪਰ ਉਸਦਾ ਮਨ ਧੋਖੇ ਅਤੇ ਫਰੇਬ ਨਾਲ ਭਰਿਆ ਹੁੰਦਾ ਹੈ। ਇਸ ਲਈ ਉਸਦਾ ਹਿਰਦਾ ਕਦੀ ਸ਼ੁੱਧ ਜਾਂ ਪਵਿੱਤਰ ਨਹੀਂ ਹੋ ਸਕਦਾ। ਉਹ ਭਾਵੇਂ ਅਨੇਕਾਂ ਧਾਰਮਿਕ ਕਰਮ ਵੀ ਕਰਦਾ ਹੈ ਪ੍ਰੰਤੂ ਮਨ ਵਿਚ ਖੋਟ ਹੋਣ ਕਰਕੇ ਉਸ ਨੂੰ ਕਦੀ ਸੁਖ ਨਸੀਬ ਨਹੀਂ ਹੁੰਦਾ। ਗੁਰਵਾਕ ਹੈ :

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥

(ਰਾਗੁ ਸੂਹੀ ਮਹਲਾ ੪, ਅੰਗ ੭੩੨)

ਬਿਲਾਵਲੁ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦੇ ਬਚਨ ਹਨ ਕਿ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨਮੁਖ ਪ੍ਰਾਣੀ ਦੇ ਮਨ ਵਿਚ ਸਦਾ ਖੋਟ ਟਿਕਿਆ ਰਹਿੰਦਾ ਹੈ ਜਿਸ ਕਰਕੇ ਉਹ ਅੰਦਰੋਂ ਸਦਾ ਦੁਖੀ ਰਹਿੰਦਾ ਹੈ। ਉਸਦੀ ਸੁਰਤੀ ਕਦੀ ਪਰਮਾਤਮਾ ਵਿਚ ਨਹੀਂ ਜੁੜਦੀ। ਉਸਦਾ ਸਾਰਾ ਜੀਵਨ ਕਲੇਸ਼ਾਂ ਵਿਚ ਹੀ ਬੀਤ ਜਾਂਦਾ ਹੈ। ਕਦੀ ਕੋਈ ਬਿਪਤਾ ਆ ਖੜ੍ਹੀ ਹੁੰਦੀ ਹੈ ਕਦੀ ਕੋਈ। ਇਥੋਂ ਤੱਕ ਕਿ ਪਰਲੋਕ ਵਿਚ ਵੀ ਉਸਦੇ ਹਿੱਸੇ ਦੁਖ ਅਤੇ ਕਲੇਸ਼ ਹੀ ਆਉਂਦੇ ਹਨ :

ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ ॥
ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ ॥ *(ਅੰਗ ੮੫੧)*

ਸਲੋਕ ਵਾਰਾਂ ਤੇ ਵਧੀਕ ਵਿਚ ਗੁਰੂ ਅਮਰਦਾਸ ਜੀ ਦਾ ਫ਼ਰਮਾਨ ਹੈ ਕਿ ਅਜਿਹੇ ਮਨੁੱਖ ਵੀ ਹਨ ਜੋ ਬਾਹਰੋਂ ਤਾਂ ਦਿਖਾਵੇ ਲਈ ਧਾਰਮਿਕ ਕੰਮ ਕਰਦੇ ਹਨ ਪਰ ਮਨਾਂ ਵਿਚ ਖੋਟ ਅਤੇ ਕਪਟ ਭਰਿਆ ਹੋਇਆ ਹੈ। ਇਹ ਪਖੰਡ ਅਤੇ ਦੋਗਲਾਪਨ ਬਹੁਤੀ ਦੇਰ ਚੱਲ ਨਹੀਂ ਸਕਦਾ। ਅਸਲ ਵਿਚ ਇਸ ਸਰੀਰ ਰੂਪੀ ਖੇਤ ਵਿਚ ਮਨੁੱਖ ਜੋ ਕੁਝ ਚੰਗਾ ਜਾਂ ਮੰਦਾ ਬੀਜਦਾ ਹੈ ਇਕ ਦਿਨ ਉਹ ਉੱਗ ਕੇ ਬਾਹਰ ਆ ਜਾਂਦਾ ਹੈ ਭਾਵ ਮਨ ਵਿਚ ਚਿਤਵੇ ਚੰਗੇ ਜਾਂ ਮੰਦੇ ਕੰਮਾਂ ਨੂੰ ਬਹੁਤੀ ਦੇਰ ਛੁਪਾ ਕੇ ਰੱਖਿਆ ਨਹੀਂ ਜਾ ਸਕਦਾ। ਇਕ ਦਿਨ ਇਹ ਸਭ ਕੁਝ ਜਗਜ਼ਾਹਰ ਹੋ ਜਾਂਦਾ ਹੈ। ਸਭ ਕੁਝ ਕੀਤਾ ਸਾਡੇ ਅੱਗੇ ਆ ਜਾਂਦਾ ਹੈ :

ਬਾਹਰਿ ਪਾਖੰਡ ਸਭ ਕਰਮ ਕਰਹਿ ਮਨਿ ਹਿਰਦੈ ਕਪਟੁ ਕਮਾਇ ॥
ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ ॥

(ਸਲੋਕ ਨੰਬਰ ੪੧, ਅੰਗ ੧੪੧੭)

ਅਰਥਾਤ

ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ॥
ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ॥
ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ॥
ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ॥
ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ॥

(ਰਾਗੁ ਸਾਰਗੁ ਕੀ ਵਾਰ ਮਹਲਾ ੪, ਅੰਗ ੧੨੪੩)

ਭਾਵ ਜਦੋਂ ਮਨ ਕਪਟ ਤੇ ਫਰੇਬ ਨਾਲ ਭਰਿਆ ਹੋਇਆ ਹੈ ਤਾਂ ਬਾਹਰੋਂ ਸਰੀਰ ਨੂੰ ਧੋ ਕੇ ਸਾਫ਼ ਸੁਥਰਾ ਰੱਖਣ ਦਾ ਕੋਈ ਲਾਭ ਨਹੀਂ ਕਿਉਂਕਿ ਝੂਠ ਤੇ ਫਰੇਬ ਨੂੰ ਕਦੇ ਛੁਪਾ ਕੇ ਨਹੀਂ ਰੱਖਿਆ ਜਾ ਸਕਦਾ। ਇਕ ਦਿਨ ਉੱਘੜ ਕੇ ਇਹ ਬਾਹਰ ਆ ਹੀ ਜਾਂਦੇ ਹਨ। ਪਰਮਾਤਮਾ ਦਾ ਇਹ ਅਟੱਲ ਨਿਯਮ ਹੈ ਕਿ ਜਿਹੋ ਜਿਹਾ ਕੋਈ ਕਰਮ ਕਰਦਾ ਹੈ ਉਹੋ ਜਿਹਾ ਉਸ ਨੂੰ ਫਲ ਪ੍ਰਾਪਤ ਹੁੰਦਾ ਹੈ। ਇਸ ਲਈ ਕੂੜਿਆਰ ਸਦਾ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ।

ਆਪ ਜੀ ਦੇ ਸਿਰੀਰਾਗੁ ਵਿਚ ਵੀ ਬਚਨ ਹਨ :

ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ॥

(ਅੰਗ ੪੦)

ਰਾਗੁ ਗੂਜਰੀ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ ਕਿ ਜਿਨ੍ਹਾਂ ਮਨੁੱਖਾਂ ਦਾ ਹਿਰਦਾ ਠੱਗੀ ਨਾਲ ਭਰਿਆ ਹੋਇਆ ਹੈ ਪਰ ਬਾਹਰਲੇ ਭੇਖ ਸੰਤਾਂ-ਸਾਧੂਆਂ ਵਾਲੇ ਹਨ ਉਨ੍ਹਾਂ ਦੇ ਅੰਦਰੋਂ ਕਦੀ ਮਾਇਆ ਦੀ ਭੁੱਖ ਨਹੀਂ ਜਾਂਦੀ। ਅੰਤ ਵੇਲੇ ਅਜਿਹੇ ਪ੍ਰਾਣੀ ਇਸ ਸੰਸਾਰ ਵਿਚੋਂ ਕੁਝ ਵੀ ਖੱਟ ਕੇ ਨਹੀਂ ਜਾਂਦੇ ਅਤੇ ਫਿਰ ਪਛਤਾਉਂਦੇ ਹਨ :

ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ॥
ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ॥ *(ਅੰਗ ੪੯੧)*

ਅਥਵਾ :

ਅੰਤਰਿ ਕਪਟੁ ਭਗਉਤੀ ਕਹਾਏ॥
ਪਾਖੰਡਿ ਪਾਰਬ੍ਰਹਮੁ ਕਦੇ ਨਾ ਪਾਏ॥

(ਸਲੋਕ ਮਹਲਾ ੩, ਸਿਰੀਰਾਗੁ ਕੀ ਵਾਰ ਮਹਲਾ ੪, ਅੰਗ ੮੮)

ਭਾਵ ਜਿਨ੍ਹਾਂ ਲੋਕਾਂ ਦੇ ਮਨਾਂ ਅੰਦਰ ਤਾਂ ਖੋਟ ਹੈ ਪਰ ਆਪਣੇ ਆਪ ਨੂੰ ਕਹਾਉਂਦੇ ਭਗਤ ਹਨ ਅਜਿਹੇ ਪਖੰਡੀਆਂ ਨੂੰ ਕਦੇ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ।

ਮਨੁੱਖ ਦੀ ਇਸ ਦੁਰਦਸ਼ਾ ਨੂੰ ਦੇਖ ਕੇ ਰਾਗੁ ਆਸਾ ਵਿਚ ਗੁਰੂ ਪੰਚਮ ਪਾਤਸ਼ਾਹ ਮਨੁੱਖ ਨੂੰ ਸੁਚੇਤ ਕਰ ਰਹੇ ਹਨ ਕਿ ਹੇ ਭਲਿਆ ਪੁਰਖਾ! ਕਦੇ ਕਿਸੇ ਨਾਲ ਧੋਖਾ ਨਹੀਂ ਕਰਨਾ ਚਾਹੀਦਾ ਕਿਉਂਕਿ ਪਰਮਾਤਮਾ ਨੂੰ ਖਰਿਆਂ ਖੋਟਿਆਂ ਦੀ ਪੂਰੀ ਤਰ੍ਹਾਂ ਨਾਲ ਪਹਿਚਾਣ ਹੈ। ਜਿਹੜੇ ਮਨੁੱਖ ਕੂੜ ਤੇ ਕਪਟ ਹੀ ਵਿਹਾਝਦੇ ਹਨ ਉਹ ਸਦਾ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ :

ਖੋਟੁ ਨ ਕੀਚਈ ਪ੍ਰਭੁ ਪਰਖਣਹਾਰਾ॥
ਕੂੜੁ ਕਪਟੁ ਕਮਾਵਦੜੇ ਜਨਮਹਿ ਸੰਸਾਰਾ॥ *(ਅੰਗ ੪੬੧)*

ਮੋਹ-ਮਾਇਆ ਵਿਚ ਫਸ ਕੇ ਪ੍ਰਾਣੀ ਆਪਣੇ ਪਰਿਵਾਰ ਦੇ ਜੀਆਂ ਦੀ ਖੁਸ਼ੀ ਅਤੇ ਸੁਖ ਲਈ ਬੇਖੌਫ਼ ਹੋ ਕੇ ਕਈ ਪ੍ਰਕਾਰ ਦੀਆਂ ਠੱਗੀਆਂ ਮਾਰਦਾ ਹੈ। ਜਾਇਜ਼ ਅਤੇ ਨਜਾਇਜ਼ ਢੰਗ ਨਾਲ ਧਨ ਇਕੱਠਾ ਕਰਕੇ ਘਰ ਲਿਆਉਂਦਾ ਹੈ ਤੇ ਉਨ੍ਹਾਂ ਤੇ ਖੁੱਲ੍ਹੇ ਦਿਲ ਨਾਲ ਖਰਚ ਕਰਦਾ ਹੈ। ਅਜਿਹੇ ਪ੍ਰਾਣੀਆਂ ਨੂੰ ਚਿਤਾਵਨੀ ਦਿੰਦੇ ਹੋਏ ਭਗਤ ਕਬੀਰ ਜੀ ਫ਼ਰਮਾ ਰਹੇ ਹਨ ਕਿ ਭੁਲੇਖੇ ਵਿਚ ਪਏ ਜੀਵ ਮੱਤ ਤੂੰ ਸਮਝ ਕਿ ਤੇਰੀਆਂ ਕੀਤੀਆਂ ਇਨ੍ਹਾਂ ਮਨ ਮਾਨੀਆਂ ਨੂੰ ਕੋਈ ਦੇਖ ਨਹੀਂ ਰਿਹਾ। ਅੰਤ ਵੇਲੇ ਇਸ ਸਭ ਕੁਝ ਦਾ ਲੇਖਾ ਤੇਰੇ ਪਾਸੋਂ ਗਿਣ ਗਿਣ ਕੇ ਲਿਆ ਜਾਵੇਗਾ :

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥
ਸੁਤ ਦਾਰਾ ਪਹਿ ਆਨਿ ਲੁਟਾਵੈ॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥

(ਰਾਗੁ ਸੋਰਠਿ, ਅੰਗ ੬੫੬)

ਰਾਗੁ ਸੂਹੀ ਕੀ ਵਾਰ ਮਹਲਾ ੩ ਵਿਚ ਗੁਰੂ ਨਾਨਕ ਦੇਵ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਪ੍ਰਾਣੀ ਨੂੰ ਇਹ ਦ੍ਰਿੜ੍ਹ ਕਰਵਾ ਰਹੇ ਹਨ ਕਿ ਪਰਮਾਤਮਾ ਤੋਂ ਕੋਈ ਗੱਲ ਗੁੱਝੀ ਹੋਈ ਨਹੀਂ। ਉਸ ਦੀ ਦਰਗਾਹ ਵਿਚ ਖੋਟੇ ਖਰਿਆਂ ਦਾ ਸਭ ਨਿਸਤਾਰਾ ਹੋ ਜਾਂਦਾ ਹੈ :

ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ॥ *(ਅੰਗ ੭੮੯)*

ਕੂੜ ਤੇ ਠੱਗੀ ਮਾਰਨ ਵਾਲੇ ਜੀਵਾਂ ਨੂੰ ਉਸ ਸੱਚੇ ਦੀ ਦਰਗਾਹ ਵਿਚ ਟਿਕਾਣਾ ਨਹੀਂ ਮਿਲਦਾ। ਉਨ੍ਹਾਂ ਦਾ ਮੂੰਹ ਕਾਲਾ ਕਰਕੇ ਨਰਕਾਂ ਵਿਚ ਸੁੱਟਿਆ ਜਾਂਦਾ ਹੈ। ਉੱਥੇ ਤਾਂ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਨਿਬੜਦਾ ਹੈ। ਗੁਰਵਾਕ ਹੈ :

ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥

(ਆਸਾ ਦੀ ਵਾਰ ਮਹਲਾ ੧, ਅੰਗ ੪੬੩)

ਗੁਰੂ ਪੰਚਮ ਪਾਤਸ਼ਾਹ ਦੇ ਰਾਗੁ ਆਸਾ ਵਿਚ ਬਚਨ ਹਨ ਕਿ ਮਨੁੱਖ ਕਿੰਨਾ ਅਭਾਗਾ ਹੈ ਜੋ ਇਸ ਨੂੰ ਥੋੜ੍ਹ-ਚਿਰਾ ਜੀਵਨ ਮਿਲਿਆ ਹੈ ਇਸ ਨੂੰ ਚੰਗੇ ਪਾਸੇ ਲਾਉਣ ਦੀ ਥਾਂ, ਮੋਹ-ਮਾਇਆ ਅਤੇ ਠੱਗੀ-ਫਰੇਬ ਵਿਚ ਫੱਸ ਕੇ ਐਵੇਂ ਹੀ ਲੁਟਾਈ ਜਾ ਰਿਹਾ ਹੈ :

ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ॥

(ਅੰਗ ੩੮੧)

ਨਿੰਮੁਨਿਆਦਾ ਤੋਂ ਭਾਵ ਹੈ ਬੇ-ਬੁਨਿਆਦਾ—ਜਿਸਦੀ ਕੋਈ ਪੱਕੀ ਨੀਂਹ ਨਹੀਂ।

ਕਿਉਂਕਿ ਮਨੁੱਖ ਦੇ ਆਪਣੇ ਮਨ ਵਿਚ ਕਪਟ ਹੈ, ਫਰੇਬ ਅਤੇ ਧੋਖਾ ਹੈ ਇਸ ਲਈ ਉਸ ਨੂੰ ਹਰ ਕੋਈ ਧੋਖਾ ਹੀ ਧੋਖਾ ਕਰਦਾ ਨਜ਼ਰ ਆਉਂਦਾ ਹੈ। ਅਜਿਹੇ ਕਪਟੀ ਬੰਦੇ ਆਪ ਤਾਂ ਦੁਖੀ ਹੁੰਦੇ ਹੀ ਹਨ ਉਹ ਹੋਰਨਾਂ ਨੂੰ ਵੀ ਦੁਖੀ ਕਰਦੇ ਹਨ :

ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ॥

(ਰਾਗੁ ਸੋਰਠਿ ਕੀ ਵਾਰ, ਮਹਲਾ ੪, ਅੰਗ ੬੫੨)

ਅਜਿਹਾ ਠੱਗੀਆਂ ਮਾਰਨ ਵਾਲਾ ਕਪਟੀ ਹੰਕਾਰ ਨਾਲ ਆਫਰਿਆ ਰਹਿੰਦਾ ਹੈ।

ਪਰਮਾਤਮਾ ਦਾ ਨਾਮ ਤਾਂ ਜਿਵੇਂ ਉਸ ਨੂੰ ਚੰਗਾ ਹੀ ਨਹੀਂ ਲਗਦਾ। ਜੇਕਰ ਉਸ ਨਾਲ ਕਿਧਰੇ ਨਾਮ ਬਾਰੇ ਗੱਲ ਕਰੋ ਤਾਂ ਇੰਝ ਪ੍ਰਤੀਤ ਕਰਦਾ ਹੈ ਜਿਵੇਂ ਉਸ ਨੂੰ ਠੂਹਾਂ ਡੰਗ ਮਾਰ ਗਿਆ ਹੋਵੇ :

ਕੂੜਿ ਕਪਟਿ ਅਹੰਕਾਰਿ ਰੀਝਾਨਾ॥
ਨਾਮੁ ਸੁਨਤ ਜਨੁ ਬਿਛੂਅ ਡਸਾਨਾ॥

(ਰਾਗੁ ਰਾਮਕਲੀ ਮਹਲਾ ੫, ਅੰਗ ੮੯੨-੯੩)

ਅਜਿਹੇ ਮਨੁੱਖਾਂ ਦੇ ਮਨ ਫਿਰ ਸਾਫ ਕਿਵੇਂ ਹੋ ਸਕਦੇ ਹਨ? ਜਦੋਂ ਤਾਈਂ ਮਨ ਨੂੰ ਨਾਮ ਨਾਲ ਧੋਤਾ ਨਹੀਂ ਜਾਂਦਾ, ਮਨ ਵਿਚੋਂ ਠੱਗੀ ਅਤੇ ਵਲ-ਫਰੇਬ ਨੂੰ ਕੱਢਿਆ ਨਹੀਂ ਜਾ ਸਕਦਾ। ਗੁਰਵਾਕ ਹੈ :

ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ ਤੇ ਕਪਟੀ ਨਰ ਨਿਤ ਕਪਟੁ ਕਮਾਂਤਿ॥

(ਰਾਗੁ ਮਲਾਰ ਮਹਲਾ ੪, ਅੰਗ ੧੨੬੪)

ਇਸ ਲਈ ਹੇ ਭਾਈ! ਪਖੰਡ ਨੂੰ ਤਿਆਗ ਕੇ, ਕੂੜ ਕਪਟ ਨੂੰ ਛੱਡ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੋ। ਰਾਗੁ ਰਾਮਕਲੀ ਵਿਚ ਭਗਤ ਨਾਮਦੇਵ ਜੀ ਜੀਵ ਨੂੰ ਇਹੋ ਸੇਧ ਦੇ ਰਹੇ ਹਨ :

ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ॥
ਹਰਿ ਕਾ ਨਾਮੁ ਨਿਤ ਨਿਤਹਿ ਲੀਜੈ॥ *(ਅੰਗ ੯੭੩)*

ਰਾਗੁ ਕਾਨੜਾ ਵਿਚ ਗੁਰੂ ਪੰਚਮ ਪਾਤਸ਼ਾਹ ਤਾਂ ਪ੍ਰਭੂ ਅੱਗੇ ਅਰਜ਼ੋਈ ਕਰ ਰਹੇ ਹਨ ਕਿ ਸੱਚੇ ਪਾਤਸ਼ਾਹ, ਅਸੀਂ ਆਚਰਣਹੀਣ ਅਤੇ ਨਿਰਦਈ ਹਾਂ। ਠੱਗੀਆਂ ਮਾਰਨ ਵਾਲੇ ਵਸ਼ਈ ਹਾਂ ਪਰ ਤੇਰੀ ਸ਼ਰਨ ਆਏ ਹਾਂ। ਸਾਡੇ ਤੇ ਮਿਹਰ ਕਰ। ਸਾਡਾ ਪਾਪੀਆਂ ਦਾ ਬੇੜਾ ਬੰਨੇ ਲਾ ਦੇ। ਸਾਨੂੰ ਭਵ-ਸਾਗਰ ਤੋਂ ਪਾਰ ਕਰ ਦੇ।

ਕੁਚਿਲ ਕਠੋਰ ਕਪਟ ਕਾਮੀ॥
ਜਿਉ ਜਾਨਹਿ ਤਿਉ ਤਾਰਿ ਸੁਆਮੀ॥ *(ਅੰਗ ੧੩੦੧)*

ਸੋਢੀ ਪਾਤਸ਼ਾਹ ਗੁਰੂ ਰਾਮਦਾਸ ਜੀ ਕਿੰਨੇ ਪਿਆਰ ਨਾਲ ਉਪਦੇਸ਼ ਕਰ ਰਹੇ ਹਨ ਕਿ ਹੇ ਗੁਰਸਿੱਖੋ! ਆਪਣੇ ਅੰਦਰੋਂ ਵਲ-ਛਲ ਦੂਰ ਕਰਕੇ, ਨਿਰਛਲ ਹੋ ਕੇ ਪਰਮਾਤਮਾ ਦੇ ਨਾਮ ਦੀ ਕਮਾਈ ਕਰੋ। ਇਸ ਤਰ੍ਹਾਂ ਤੁਸੀਂ ਨਿਹਾਲ ਹੋ ਜਾਵੋਗੇ। ਤੁਹਾਡਾ ਮਨ ਖਿੜਾਓ ਵਿਚ ਆ ਜਾਵੇਗਾ। ਹਰ ਪਾਸੇ ਖੁਸ਼ੀਆਂ ਤੇ ਖੇੜੇ ਹੋਣਗੇ :

ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ
ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ॥

(ਰਾਗੁ ਨਟ ਨਾਰਾਇਨ, ਅੰਗ ੯੮੮)

(94)

ਪਰਾਇਆ ਹੱਕ

(To steal someone's share)

ਪਰਾਇਆ ਹੱਕ ਮਾਰਨਾ ਇਕ ਵੱਡਾ ਅਪਰਾਧ ਹੈ ਅਤੇ ਘੋਰ ਅਨਿਆਂ। ਆਦਿ ਤੋਂ ਹੀ ਤਕੜਾ ਮਾੜੇ ਤੇ ਹਾਵੀ ਰਿਹਾ ਹੈ। ਤਾਕਤਵਰ ਮਨੁੱਖ ਹਰ ਯੋਗ ਜਾਂ ਅਯੋਗ ਢੰਗ ਨਾਲ ਲਿੱਸੇ ਜਾਂ ਕਮਜ਼ੋਰ ਦੀ ਜਾਇਦਾਦ ਜਾਂ ਮਲਕੀਅਤ ਨੂੰ ਹੜੱਪ ਕਰਦਾ ਰਿਹਾ ਹੈ। ਜਿੱਥੇ ਕਿਧਰੇ ਦਾਅ ਲਗਦਾ ਹੈ ਉਹ ਦੂਜੇ ਦੇ ਹੱਕਾਂ ਨੂੰ ਮਾਰ ਕੇ ਆਪਣਾ ਹੱਕ ਜਮਾਉਂਦਾ ਹੈ। ਸਾਡੇ ਦੇਸ਼ ਵਿਚ ਪੈਰ ਪੈਰ ਤੇ ਸਾਧਾਰਣ ਲੋਕਾਂ ਦੇ ਹੱਕਾਂ ਦੀ ਉਲੰਘਣਾ ਹੁੰਦੀ ਆਈ ਹੈ।

ਯੋਗ ਵਿਅਕਤੀਆਂ ਨੂੰ ਨਜ਼ਰ-ਅੰਦਾਜ਼ ਕਰਕੇ ਅਸਰ ਰਸੂਖ ਵਾਲੇ ਲੋਕ ਫਾਇਦਾ ਉਠਾ ਜਾਂਦੇ ਹਨ ਜਦੋਂ ਕਿ ਜਿਨ੍ਹਾਂ ਦਾ ਹੱਕ ਬਣਦਾ ਹੈ ਉਹ ਹੱਥ ਮਲਦੇ ਰਹਿ ਜਾਂਦੇ ਹਨ। ਸਰਕਾਰੀ ਤੇ ਗ਼ੈਰ-ਸਰਕਾਰੀ ਤੌਰ ਤੇ ਹੱਕਾਂ ਦੀ ਥਾਂ-ਥਾਂ ਤੇ ਉਲੰਘਣਾ ਹੁੰਦੀ ਹੈ। ਇਹ ਸਮਾਜਿਕ ਕੁਰੀਤੀ ਨਿਰਾਸਤਾ ਦੇ ਨਾਲ-ਨਾਲ ਜੁਰਮਾਂ ਅਤੇ ਬਦਅਮਨੀ ਨੂੰ ਜਨਮ ਦਿੰਦੀ ਹੈ। ਜੇਕਰ ਹਰ ਪ੍ਰਾਣੀ ਨੂੰ ਦੂਜੇ ਪ੍ਰਾਣੀ ਦੇ ਹੱਕਾਂ ਦਾ ਰੱਤਾ ਭਰ ਵੀ ਅਹਿਸਾਸ ਹੋਵੇ ਤਾਂ ਸੰਸਾਰ ਵਿਚ ਸ਼ਾਇਦ ਇੰਨੇ ਖ਼ੂਨ ਖ਼ਰਾਬੇ ਨਾ ਹੋਣ। ਕਿਸੇ ਦੀ ਮਜਬੂਰੀ ਦਾ ਫਾਇਦਾ ਉਠਾਉਣ ਵਾਲੇ ਚੋਰ, ਧਾੜਵੀ ਅਤੇ ਹਮਲਾਵਰ ਕੌਣ ਹਨ? ਉੱਤਰ ਹੈ ਦੂਜਿਆਂ ਦਾ ਹੱਕ ਮਾਰਨ ਵਾਲੇ। ਗੁਰੂ ਨਾਨਕ ਦੇਵ ਜੀ ਨੇ ਜੀਵਨ ਦੇ ਹਰ ਪਹਿਲੂ ਨੂੰ ਬੜੀ ਬਾਰੀਕੀ ਨਾਲ ਘੋਖਿਆ ਅਤੇ ਮਹਿਸੂਸ ਕੀਤਾ ਕਿ ਪਰਾਇਆ ਹੱਕ ਮਾਰਨਾ ਇਕ ਵੱਡਾ ਜੁਰਮ ਅਤੇ ਅਪਰਾਧ ਹੈ। ਇਸ ਲਈ ਉਨ੍ਹਾਂ ਨੇ ਪਰਾਇਆ ਹੱਕ ਮਾਰਨ ਵਾਲਿਆਂ ਵਿਰੁੱਧ ਬੜੇ ਕਰੜੇ ਸ਼ਬਦ ਵਰਤੇ। ਮੁਸਲਮਾਨ ਧਰਮ ਵਿਚ ਸੂਰ ਨੂੰ ਮਾਰਨਾ ਅਤੇ ਹਿੰਦੂ ਧਰਮ ਵਿਚ ਗਊ ਹੱਤਿਆ ਪਾਪ ਮੰਨਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਵਲੋਂ 'ਉਸੁ ਸੂਅਰ ਉਸੁ ਗਾਇ' ਵਰਗੀ ਉਦਾਹਰਣ ਦੇਣ ਨਾਲ ਬੜਾ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਜੀ ਪ੍ਰਾਣੀ ਦੇ ਹੱਕਾਂ ਦੇ ਕਿੰਨੇ ਰਾਖੇ ਸਨ :

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥

(ਰਾਗੁ ਮਾਝ, ਅੰਗ ੧੪੧)

ਰਿਸ਼ਵਤਖੋਰੀ ਅਤੇ ਵੱਢੀ ਇਕ ਸਮਾਜਿਕ ਬੁਰਾਈ ਹੈ। ਜਿੱਥੇ ਇਹ ਸਮਾਜਿਕ ਢਾਂਚੇ ਦੀਆਂ ਜੜ੍ਹਾਂ ਨੂੰ ਖੋਖਲੀਆਂ ਕਰਦੀ ਹੈ ਉੱਥੇ ਇਸ ਨਾਲ ਮਨੁੱਖੀ ਭਾਈਚਾਰੇ ਦੀਆਂ ਕਦਰਾਂ-ਕੀਮਤਾਂ ਨੂੰ ਬੜੀ ਢਾਅ ਲਗਦੀ ਹੈ। ਰਿਸ਼ਵਤ ਜਾਂ ਵੱਢੀ ਨਾਲ ਇਕ ਧਿਰ ਦਾ ਤਾਂ ਕੰਮ ਹੋ ਜਾਂਦਾ ਹੈ ਪ੍ਰੰਤੂ ਦੂਜੀ ਧਿਰ ਦਾ ਹੱਕ ਮਾਰਿਆ ਜਾਂਦਾ ਹੈ। ਜਦੋਂ ਹੁਕਮਰਾਨ ਅਤੇ ਆਗੂ ਵੱਢੀ ਲੈ ਕੇ ਫਤਵੇ ਦੇਣ ਜਾਂ ਫੈਸਲੇ ਕਰਨ ਉੱਥੇ ਆਮ ਲੋਕਾਂ ਦਾ ਤਾਂ ਰੱਬ ਹੀ ਰਾਖਾ ਹੁੰਦਾ ਹੈ। ਇਸ ਪ੍ਰਥਾਏ ਰਾਮਕਲੀ ਕੀ ਵਾਰ ਮਹਲਾ ੩ ਵਿਚ ਗੁਰੂ ਨਾਨਕ ਦੇਵ ਜੀ ਦਾ ਸਲੋਕ ਅੰਕਤ ਹੈ :

ਕਾਜੀ ਹੋਇ ਕੈ ਬਹੈ ਨਿਆਇ॥
ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੈ ਹਕੁ ਗਵਾਏ॥
ਜੇ ਕੋ ਪੁਛੈ ਤਾ ਪੜਿ ਸੁਣਾਏ॥ *(ਅੰਗ ੯੫੧)*

ਰਾਗੁ ਮਾਰੂ ਵਿਚ ਗੁਰੂ ਜੀ ਅਜਿਹੇ ਮਨੁੱਖਾਂ ਨੂੰ, ਜੋ ਦੂਜਿਆਂ ਦਾ ਹੱਕ ਮਾਰਨ ਲਈ ਰਿਸ਼ਵਤਾਂ ਲੈ ਕੇ ਝੂਠੀਆਂ ਗਵਾਹੀਆਂ ਦਿੰਦੇ ਹਨ ਉਨ੍ਹਾਂ ਨੂੰ ਭੈੜੀ ਮਤਿ ਵਾਲੇ ਆਖਦੇ ਹਨ। ਉਨ੍ਹਾਂ ਦੇ ਗਲ ਵਿਚ ਭੈੜੀ ਮਤਿ ਦੀ ਫਾਹੀ ਪਈ ਰਹਿੰਦੀ ਹੈ :

ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ॥ *(ਅੰਗ ੧੦੩੨)*

ਰਾਗੁ ਮਾਝ ਕੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਪਰਾਇਆ ਹੱਕ ਮਾਰਨ ਵਾਲਿਆਂ ਦੀ ਗੱਲ ਕਰਦੇ ਹੋਏ ਇਕ ਹੋਰ ਦ੍ਰਿਸ਼ਟਾਂਤ ਦੇ ਰਹੇ ਹਨ। ਆਪ ਜੀ ਦਾ ਫ਼ਰਮਾਨ ਹੈ ਕਿ ਜੇਕਰ ਕੱਪੜੇ ਜਾਂ ਵਸਤਰ ਨੂੰ ਕਿਧਰੇ ਲਹੂ ਲੱਗ ਜਾਵੇ ਤਾਂ ਕੱਪੜਾ ਪਲੀਤ ਭਾਵ ਗੰਦਾ ਹੋ ਗਿਆ ਸਮਝਿਆ ਜਾਂਦਾ ਹੈ ਪ੍ਰੰਤੂ ਜਿਹੜੇ ਮਨੁੱਖ ਦੂਜਿਆਂ ਦਾ ਲਹੂ ਜਾਂ ਖ਼ੂਨ ਚੂਸ ਕੇ ਅਰਥਾਤ ਦੂਜਿਆਂ ਨਾਲ ਧੱਕਾ ਕਰਕੇ ਹਰਾਮ ਦੀ ਕਮਾਈ ਖਾਂਦੇ ਹਨ ਉਨ੍ਹਾਂ ਦਾ ਮਨ ਨਿਰਮਲ ਕਿਵੇਂ ਹੋ ਸਕਦਾ ਹੈ? ਉਨ੍ਹਾਂ ਨੂੰ ਚੰਗੇ ਕਿਵੇਂ ਕਿਹਾ ਜਾ ਸਕਦਾ ਹੈ। ਉਹ ਤਾਂ ਨਿਰੇ ਪਲੀਤ ਹੀ ਕਹੇ ਜਾ ਸਕਦੇ ਹਨ :

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥ *(ਅੰਗ ੧੪੦)*

ਇਸ ਪ੍ਰਕਾਰ ਜੋ ਵਿਅਕਤੀ ਦੂਜਿਆਂ ਦਾ ਹੱਕ ਮਾਰ ਕੇ, ਗ਼ਰੀਬਾਂ ਦਾ ਖ਼ੂਨ ਚੂਸ ਕੇ, ਧਨ ਦੌਲਤ ਕਮਾ ਰਹੇ ਹਨ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਇਨ੍ਹਾਂ ਬਚਨਾਂ ਤੋਂ ਸੇਧ ਲੈਣੀ ਚਾਹੀਦੀ ਹੈ ਕਿ ਅਯੋਗ ਢੰਗ ਨਾਲ ਕੀਤੀ ਹੋਈ ਕਮਾਈ ਉਸ ਸੱਚੇ ਦੀ ਦਰਗਾਹ ਵਿਚ ਸਿਵਾਣੀ ਜਾਵੇਗੀ ਤੇ ਇਸ ਪ੍ਰਕਾਰ ਪ੍ਰਾਣੀ ਸਜ਼ਾ ਦਾ ਭਾਗੀ ਬਣੇਗਾ :

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ॥
(ਰਾਗੁ ਆਸਾ ਦੀ ਵਾਰ, ਮਹਲਾ ੧, ਅੰਗ ੪੭੨)

ਠੱਗੀ ਮਾਰ ਕੇ ਕੀਤੀ ਹੋਈ ਕਮਾਈ ਪਰਲੋਕ ਵਿਚ ਕਬੂਲ ਨਹੀਂ ਹੁੰਦੀ। ਉੱਥੇ ਤਾਂ ਕੇਵਲ ਹੱਕ ਹਲਾਲ ਦੀ ਕੀਤੀ ਹੋਈ ਕਮਾਈ ਹੀ ਪ੍ਰਵਾਨ ਹੁੰਦੀ ਹੈ ਅਤੇ ਅਜਿਹੀ ਕਿਰਤ ਕਮਾਈ ਵਿਚੋਂ ਦਿੱਤੇ ਗਏ ਪੁੰਨ-ਦਾਨ ਦਾ ਹੀ ਮੁੱਲ ਪੈਂਦਾ ਹੈ :

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥ *(ਅੰਗ ੪੭੨)*

ਰਾਗੁ ਸੋਰਠਿ ਵਿਚ ਭਗਤ ਕਬੀਰ ਜੀ ਦਾ ਫ਼ਰਮਾਨ ਹੈ ਕਿ ਪ੍ਰਾਣੀ ਕਈ ਤਰ੍ਹਾਂ ਦੇ ਵਲ ਫ਼ਰੇਬ ਕਰਕੇ ਅਤੇ ਠੱਗੀਆਂ ਮਾਰਕੇ ਪਰਾਇਆ ਧਨ ਲਿਆ ਕੇ ਆਪਣੇ ਪਰਿਵਾਰ ਇਸਤ੍ਰੀ, ਧੀਆਂ-ਪੁੱਤਰਾਂ ਤੇ ਖਰਚ ਕਰਦਾ ਹੈ ਪ੍ਰੰਤੂ ਧੋਖੇ ਅਤੇ ਫਰੇਬ ਦੁਆਰਾ ਇਕੱਠੇ ਕੀਤੇ ਹੋਏ ਧਨ ਦਾ ਹਿਸਾਬ ਅਤੇ ਲੇਖਾ-ਜੋਖਾ ਪ੍ਰਾਣੀ ਨੂੰ ਪ੍ਰਭੂ ਦੀ ਦਰਗਾਹ ਵਿਚ ਜਾ ਕੇ ਆਪ ਦੇਣਾ ਪੈਣਾ ਹੈ :

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥
ਸੁਤ ਦਾਰਾ ਪਹਿ ਆਨਿ ਲੁਟਾਵੈ॥

ਮਨ ਮੇਰੇ ਭੂਲੇ ਕਪਟੁ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ *(ਅੰਗ ੬੫੬)*

ਇਸ ਤਰ੍ਹਾਂ ਮਨੁੱਖ ਬੇਖੌਫ ਹੋ ਕੇ ਪਰਾਇਆ ਧਨ ਦੂਜਿਆਂ ਪਾਸੋਂ ਖੋਹ ਖੋਹ ਕੇ ਇਕੱਠਾ ਕਰਦਾ ਰਹਿੰਦਾ ਹੈ ਅਤੇ ਮਾਇਆ ਦੇ ਨਸ਼ੇ ਵਿਚ ਉਸ ਨੂੰ ਇਸ ਗੱਲ ਦੀ ਵੀ ਸੋਝੀ ਨਹੀਂ ਰਹਿੰਦੀ ਕਿ ਪਰਮਾਤਮਾ ਇਹ ਸਭ ਕੁਝ ਦੇਖ ਰਿਹਾ ਹੈ। ਪ੍ਰਭੂ ਪਾਸੋਂ ਕੁਝ ਵੀ ਛੁਪਿਆ ਹੋਇਆ ਨਹੀਂ ਹੈ। ਮਨੁੱਖ ਨੂੰ ਅੰਤ ਨੂੰ ਆਪਣੇ ਕੀਤੇ ਦਾ ਲੇਖਾ ਚੁਕਾਉਣਾ ਹੀ ਪੈਂਦਾ ਹੈ। ਗੁਰਵਾਕ ਹੈ :

ਖੁਸਿ ਖੁਸਿ ਲੈਦਾ ਵਸਤੁ ਪਰਾਈ॥
ਵੇਖੈ ਸੁਣੇ ਤੇਰੈ ਨਾਲਿ ਖੁਦਾਈ॥
ਦੁਨੀਆ ਲਬਿ ਪਇਆ ਖਾਤ ਅੰਦਰਿ ਅਗਲੀ ਗਲ ਨ ਜਾਣੀਆ॥
(ਰਾਗੁ ਮਾਰੂ ਮਹਲਾ ੫, ਅੰਗ ੧੦੨੦)

ਮਨੁੱਖ ਦੀ ਅਜਿਹੀ ਹਾਲਤ ਦੇਖ ਕੇ ਗੁਰੂ ਜੀ ਜੀਵ ਨੂੰ ਸਮਝਾ ਰਹੇ ਹਨ ਕਿ ਹੱਕ ਹਲਾਲ ਦੀ ਕਮਾਈ ਕੀਤਿਆਂ ਮਨ ਵਿਚੋਂ ਵਿਕਾਰਾਂ ਦੀ ਮੈਲ ਧੋਤੀ ਜਾਂਦੀ ਹੈ :

ਹਕੁ ਹਲਾਲੁ ਬਖੋਰਹੁ ਖਾਣਾ॥ blessed food
ਦਿਲ ਦਰੀਆਉ ਧੋਵਹੁ ਮੈਲਾਣਾ॥
(ਰਾਗੁ ਮਾਰੂ, ਅੰਗ ੧੦੮੪)

ਇਥੋਂ ਤੱਕ ਕਿ ਫਿਰ ਪ੍ਰਾਣੀ ਮੰਦੇ ਕੰਮਾਂ ਤੋਂ ਬਚਿਆ ਰਹਿੰਦਾ ਹੈ ਜਿਸ ਕਾਰਨ ਫਿਰ ਜਮ ਵੀ ਨੇੜੇ ਨਹੀਂ ਆਉਂਦੇ ਭਾਵ ਮੌਤ ਦਾ ਸਹਿਮ ਮਨ ਵਿਚੋਂ ਨਿਕਲ ਜਾਂਦਾ ਹੈ :

ਪਰ ਧਨ ਦੋਖ ਕਿਛੁ ਪਾਪ ਨ ਫੇੜੇ॥
ਜਮ ਜੰਦਾਰੁ ਨ ਆਵੈ ਨੇੜੇ॥
(ਰਾਗੁ ਧਨਾਸਰੀ ਮਹਲਾ ੫, ਅੰਗ ੬੮੪)

ਇਸੇ ਲਈ ਬਾਬਾ ਫਰੀਦ ਜੀ ਦਾ ਕਥਨ ਹੈ ਕਿ ਬੰਦਗੀ ਕਰਨ ਵਾਲੇ ਪ੍ਰਾਣੀਆਂ ਨੂੰ ਈਸ਼ਵਰ ਦਾ ਨਾਮ ਦੁਨਿਆਵੀ ਪਦਾਰਥਾਂ ਨਾਲੋਂ ਸਭ ਤੋਂ ਵੱਧ ਚੰਗਾ ਲਗਦਾ ਹੈ। ਉਹ ਬੜੇ ਸੰਤੋਖੀ ਹੁੰਦੇ ਹਨ ਅਤੇ ਦੂਜਿਆਂ ਦੀਆਂ ਚੋਪੜੀਆਂ ਦੇ ਮੁਕਾਬਲੇ ਰੁੱਖੀ ਸੁੱਖੀ ਵਿਚ ਹੀ ਸੰਤੁਸ਼ਟ ਰਹਿੰਦੇ ਹਨ। ਆਪਣੀ ਹੱਕ ਹਲਾਲ ਦੀ ਕਮਾਈ ਦੇ ਸਾਹਮਣੇ ਦੂਜਿਆਂ ਦੇ ਵਧੀਆ ਤੋਂ ਵਧੀਆ ਪਦਾਰਥਾਂ ਨੂੰ ਉਹ ਤੁੱਛ ਸਮਝਦੇ ਹਨ :

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ॥
(ਸਲੋਕ ਨੰਬਰ ੨੯, ਅੰਗ ੧੩੭੯)

ਪਰ ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇਕਰ ਮਨ ਨੂੰ ਪ੍ਰਭੂ-ਚਰਨਾਂ ਨਾਲ ਜੋੜਿਆ ਜਾਵੇ ਜਿਸ ਸਦਕਾ ਮਨੁੱਖ ਪਰਾਏ ਧਨ ਦੀ ਲਾਲਸਾ ਹੀ ਨਹੀਂ ਰੱਖਦਾ ਸਗੋਂ ਪਰਾਈ ਇਸਤ੍ਰੀ ਦਾ ਸੰਗ, ਲਾਲਚ, ਹਉਮੈ, ਕਾਮ ਕ੍ਰੋਧ, ਭੈੜੀ ਨੀਅਤ, ਪਰਾਈ ਨਿੰਦਿਆ ਆਦਿ ਸਭ ਵਿਕਾਰ ਤਿਆਗ ਦਿੰਦਾ ਹੈ :

ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ॥
ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ॥
(ਰਾਗੁ ਮਲਾਰ ਮਹਲਾ ੧, ਅੰਗ ੧੨੫੫)

ਵਾਸਤਵ ਵਿਚ ਜੋ ਪ੍ਰਾਣੀ ਪਰਾਏ ਧਨ ਅਤੇ ਪਰਾਈਆਂ ਵੱਲ ਨਹੀਂ ਤੱਕਦੇ, ਪਰਮਾਤਮਾ ਉਨ੍ਹਾਂ ਦੇ ਸਦਾ ਅੰਗ ਸੰਗ ਵਸਦਾ ਹੈ :

ਪਰ ਧਨ ਪਰ ਦਾਰਾ ਪਰਹਰੀ॥
ਤਾ ਕੈ ਨਿਕਟਿ ਬਸੈ ਨਰਹਰੀ॥

(ਰਾਗੁ ਭੈਰਉ, ਭਗਤ ਨਾਮਦੇਵ ਜੀ, ਅੰਗ ੧੧੬੩)

ਸੇਵਾ ਅਤੇ ਸੰਤੋਖ ਦੋ ਅਜਿਹੇ ਦੈਵੀ ਗੁਣ ਹਨ ਜਿਨ੍ਹਾਂ ਸਦਕਾ ਪ੍ਰਾਣੀ ਬੁਰੇ ਕੰਮਾਂ ਤੋਂ ਬਚਿਆ ਰਹਿੰਦਾ ਹੈ। ਪ੍ਰਾਣੀ ਦੀ ਲਿਵ ਪਰਮਾਤਮਾ ਨਾਲ ਜੁੜੀ ਰਹਿੰਦੀ ਹੈ। ਉਸ ਦੀਆਂ ਲੋੜਾਂ ਬੜੀਆਂ ਥੋੜ੍ਹੀਆਂ ਅਤੇ ਸੀਮਿਤ ਰਹਿ ਜਾਂਦੀਆਂ ਹਨ ਭਾਵ ਖਾਣ ਪੀਣ ਦੇ ਚਸਕੇ ਨਹੀਂ ਰਹਿੰਦੇ। ਪ੍ਰਾਣੀ ਧਰਮ ਦੀ ਕਮਾਈ ਕਰਦਾ ਹੋਇਆ ਦੁਨਿਆਵੀ ਬੰਧਨਾਂ ਤੋਂ ਬਚਿਆ ਰਹਿੰਦਾ ਹੈ :

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥

(ਰਾਗੁ ਆਸਾ ਦੀ ਵਾਰ, ਮਹਲਾ ੧, ਅੰਗ ੪੬੬-੬੭)

ਤੇ ਫਿਰ ਹੱਕ ਹਲਾਲ ਦੀ ਕੀਤੀ ਹੋਈ ਕਮਾਈ ਵਿਚੋਂ ਜੇਕਰ ਲੋੜਵੰਦਾਂ ਦੀ ਸਹਾਇਤਾ ਕੀਤੀ ਜਾਵੇ ਤਾਂ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਗੁਰਵਾਕ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

(ਸਲੋਕ ਮਹਲਾ ੧, ਰਾਗੁ ਸਾਰਗ ਕੀ ਵਾਰ ਮਹਲਾ ੪, ਅੰਗ ੧੨੪੫)

ਅਥਵਾ :

ਕਿਰਤਿ ਵਿਰਤ ਕਰਿ ਧਰਮ ਦੀ ਹਥਹੁ ਦੇ ਕੇ ਭਲਾ ਮਨਾਵੈ॥

(ਭਾਈ ਗੁਰਦਾਸ ਜੀ, ਵਾਰ ੬, ਪਉੜੀ ੧੨)

ਭਾਈ ਜੀ ਅਜਿਹੇ ਪ੍ਰਾਣੀ ਤੋਂ ਬਲਿਹਾਰ ਜਾਂਦੇ ਹਨ ਜੋ ਪਰਾਏ ਧਨ ਨੂੰ ਹੱਥ ਤੱਕ ਨਹੀਂ ਲਾਉਂਦੇ :

ਹਉਂ ਤਿਸ ਘੋਲ ਘੁਮਾਇਆ ਪਰ ਦਰਬੇ ਨੋ ਹੱਥ ਨ ਲਾਵੈ॥

(ਵਾਰ ੧੨, ਪਉੜੀ ੪)

ਦਰਬੇ ਤੋਂ ਅਰਥ ਹੈ ਧਨ-ਦੌਲਤ।

95

ਚਿੰਤਾ

ਚਿੰਤਾ ਇਕ ਅਜਿਹਾ ਮਾਨਸਿਕ ਰੋਗ ਹੈ ਜਿਸ ਨਾਲ ਕਈ ਵਾਰੀ ਮਨੁੱਖ ਆਪਣਾ ਮਾਨਸਿਕ ਸੰਤੁਲਨ ਗੁਆ ਬੈਠਦਾ ਹੈ। ਅੱਜ ਹਰ ਵਿਅਕਤੀ ਕਿਸੇ ਨਾ ਕਿਸੇ ਕਾਰਨ ਚਿੰਤਾ ਅਤੇ ਫ਼ਿਕਰਾਂ ਵਿਚ ਗ੍ਰਸਿਆ ਹੋਇਆ ਹੈ। ਵਰਤਮਾਨ ਪਦਾਰਥਕ ਯੁਗ ਵਿਚ ਵਿਗਿਆਨ ਦੀ ਉੱਨਤੀ ਨੇ ਮਨੁੱਖੀ ਜੀਵਨ ਵਿਚ ਸੁਖ-ਸਹੂਲਤਾਂ ਦੇ ਨਾਲ-ਨਾਲ ਇੱਛਾਵਾਂ ਵਿਚ ਵੀ ਵਾਧਾ ਕੀਤਾ ਹੈ ਜਿਸ ਨਾਲ ਮਨੁੱਖ ਦੀਆਂ ਲੋੜਾਂ ਵਧ ਗਈਆਂ ਹਨ ਅਤੇ ਜਦੋਂ ਇਹ ਪੂਰੀਆਂ ਨਹੀਂ ਹੁੰਦੀਆਂ ਤਾਂ ਮਨੁੱਖ ਨੂੰ ਤਰ੍ਹਾਂ-ਤਰ੍ਹਾਂ ਦੀਆਂ ਚਿੰਤਾਵਾਂ ਆ ਘੇਰਦੀਆਂ ਹਨ। ਇਥੋਂ ਤੱਕ ਕਿ ਜਿਸ ਪਾਸ ਬਹੁਤਾ ਧਨ-ਦੌਲਤ ਹੈ ਉਸ ਨੂੰ ਇਸ ਗੱਲ ਦੀ ਚਿੰਤਾ ਲੱਗੀ ਰਹਿੰਦੀ ਹੈ ਕਿ ਕਿਧਰੇ ਇਹ ਖੁੱਸ ਨਾ ਜਾਵੇ। ਜਿਸ ਪਾਸ ਇਹ ਮਾਇਆ ਥੋੜ੍ਹੀ ਹੈ ਉਹ ਇਸ ਨੂੰ ਪ੍ਰਾਪਤ ਕਰਨ ਲਈ ਭਟਕਦਾ ਰਹਿੰਦਾ ਹੈ ਭਾਵ ਧਨਵਾਨ ਵੀ ਦੁਖੀ ਹੈ, ਨਿਰਧਨ ਵੀ ਦੁਖੀ ਹੈ ਤਾਂ ਫਿਰ ਸੁਖੀ ਕੌਣ ਹੈ। ਇਸ ਸਬੰਧੀ ਗੁਰੂ ਅਰਜਨ ਦੇਵ ਜੀ ਦਾ ਰਾਗੁ ਮਾਰੂ ਵਿਚ ਬੜਾ ਸੁੰਦਰ ਬਚਨ ਹੈ ਕਿ ਸੁਖੀ ਕੇਵਲ ਉਹ ਵਿਅਕਤੀ ਹੈ ਜੋ ਇਨ੍ਹਾਂ ਦੋਵਾਂ ਅਵਸਥਾਵਾਂ ਤੋਂ ਬਚਿਆ ਰਹਿੰਦਾ ਹੈ :

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ॥
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ॥ *(ਅੰਗ ੧੦੧੯)*

ਦਰਅਸਲ ਦੁਨਿਆਵੀ ਸੁਖਾਂ ਦੀ ਲਾਲਸਾ ਮਨੁੱਖ ਲਈ ਚਿੰਤਾ ਦਾ ਕਾਰਨ ਬਣਦੀ ਹੈ। ਇਸ ਨਾਲ ਮਨੁੱਖ ਅੰਦਰ ਤ੍ਰਿਸ਼ਨਾਵਾਂ ਦੀ ਅੱਗ ਪ੍ਰਬਲ ਹੁੰਦੀ ਹੈ ਅਤੇ ਮਨੁੱਖ ਸਦਾ ਅਸ਼ਾਂਤ ਰਹਿੰਦਾ ਹੈ ਅਤੇ ਚਿੰਤਾ ਦੀ ਭੱਠੀ ਵਿਚ ਸੜਦਾ ਰਹਿੰਦਾ ਹੈ। ਕਹਾਵਤ ਹੈ—ਚਿੰਤਾ ਚਿਖਾ ਬਰਾਬਰ।

ਚਿੰਤਾ ਮਨੁੱਖ ਨੂੰ ਘੁਣ ਵਾਂਗ ਖਾਈ ਜਾ ਰਹੀ ਹੈ। ਕਿਸੇ ਨੂੰ ਧੀਆਂ-ਪੁੱਤਰਾਂ ਦੀ ਚਿੰਤਾ ਹੈ। ਕਿਸੇ ਦਾ ਕੰਤ ਸਰਹੱਦਾਂ ਤੇ ਬੈਠਾ ਹੈ, ਪਿਛੇ ਘਰਵਾਲੀ ਨੂੰ ਹਰ ਵੇਲੇ ਉਸਦੀ ਚਿੰਤਾ ਲੱਗੀ ਰਹਿੰਦੀ ਹੈ। ਕਿਸੇ ਨੂੰ ਵਪਾਰ ਵਿਚ ਘਾਟਾ ਪੈ ਜਾਣ ਕਰਕੇ ਚਿੰਤਾ ਖਾਈ ਜਾ ਰਹੀ ਹੈ। ਕਿਸੇ ਨੂੰ ਨੌਕਰੀ ਬਾਰੇ ਚਿੰਤਾ ਹੈ। ਕਿਸੇ ਦੀ ਖੇਤੀ ਮਾਰੀ ਗਈ ਹੈ ਜਿਸ ਦੇ ਸੋਗ ਵਿਚ ਉਹ ਡੁੱਬਾ ਹੋਇਆ ਹੈ। ਕਿਸੇ ਨੂੰ ਦੋਨੋਂ ਡੰਗ ਰੋਟੀ ਨਸੀਬ ਨਾ ਹੋਣ ਦਾ ਗ਼ਮ ਖਾਈ ਜਾ ਰਿਹਾ ਹੈ ਭਾਵ ਸਾਰਾ ਸੰਸਾਰ ਹੀ ਚਿੰਤਾ ਰੋਗ ਵਿਚ ਗ੍ਰਸਿਆ ਹੋਇਆ ਹੈ। ਕੋਈ ਟਾਵਾਂ ਮਨੁੱਖ ਹੀ ਮਿਲੇਗਾ ਜਿਸਦੇ ਚਿਹਰੇ ਤੇ ਖੇੜਾ ਤੇ ਖੁਸ਼ੀ ਟਪਕਦੀ ਹੋਵੇ। ਮਨੁੱਖ ਦੀ ਇਸ ਦਸ਼ਾ ਨੂੰ ਦੇਖ ਕੇ ਸਹਸਕ੍ਰਿਤੀ ਸਲੋਕਾਂ ਵਿਚ ਗੁਰੂ ਅਰਜਨ ਦੇਵ ਜੀ ਸੇਧ ਬਖ਼ਸ਼ਿਸ਼ ਕਰ ਰਹੇ ਹਨ ਕਿ ਹੇ ਪ੍ਰਾਣੀ! ਆਪਣੇ ਮਾਤਾ-ਪਿਤਾ, ਭੈਣ-ਭਰਾ, ਇਸਤ੍ਰੀ-ਪੁੱਤਰ, ਮਿੱਤਰ ਅਤੇ ਸੰਬੰਧੀਆਂ ਬਾਰੇ ਚਿੰਤਾ ਕਰਨੀ ਛੱਡ ਦੇ ਕਿਉਂਕਿ ਕਰਤਾਰ ਜੋ ਸਭ ਦੀ ਪਾਲਣਾ ਕਰਨ ਵਾਲਾ ਹੈ, ਉਹ ਬੜਾ ਦਿਆਲੂ ਹੈ ਅਤੇ ਉਸਨੂੰ ਸਾਰੇ ਜੀਵਾਂ ਦੀ

ਰੱਖਿਆ ਅਤੇ ਪਾਲਣਾ ਦਾ ਜ਼ਿਕਰ ਹੈ :

ਨਹ ਚਿੰਤਾ ਮਾਤ ਪਿਤ ਭ੍ਰਾਤਹ ਨਹ ਚਿੰਤਾ ਕਛੁ ਲੋਕ ਕਹ ॥
ਨਹ ਚਿੰਤਾ ਬਨਿਤਾ ਸੁਤ ਮੀਤਹ ਪ੍ਰਵਿਰਤਿ ਮਾਇਆ ਸਨਬੰਧਨਹ ॥
ਦਇਆਲ ਏਕ ਭਗਵਾਨ ਪੁਰਖਹ ਨਾਨਕ ਸਰਬ ਜੀਅ ਪ੍ਰਤਿਪਾਲਕਹ ॥

(ਅੰਗ ੧੩੫੫)

ਆਪ ਜੀ ਨੇ ਰਾਗੁ ਤਿਲੰਗ ਵਿਚ ਵੀ ਇਹੋ ਵਿਚਾਰ ਪ੍ਰਗਟ ਕੀਤੇ ਹਨ ਕਿ ਮਨੁੱਖ ਤਾਂ ਐਵੇਂ ਹੀ ਘਬਰਾਉਂਦਾ ਹੈ। ਜੋ ਪਰਮਾਤਮਾ ਪੈਦਾ ਕਰਨ ਵਾਲਾ ਹੈ ਉਹ ਰਖਿਆ ਵੀ ਕਰਦਾ ਹੈ, ਸਭ ਨੂੰ ਸਹਾਰਾ ਦੇਣ ਵਾਲਾ ਵੀ ਹੈ :

ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥ *(ਅੰਗ ੭੨੪)*

ਇੰਜ ਇੱਛਾਵਾਂ ਨੂੰ ਸੀਮਿਤ ਰੱਖਣ ਵਿਚ ਹੀ ਸਿਆਣਪ ਹੈ। ਸਦਾ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ। ਸੰਤੋਖ ਵਿਚ ਬੜੀ ਬਰਕਤ ਹੈ ਤੇ ਪ੍ਰਾਣੀ ਦੁਨਿਆਵੀ ਲਾਲਸਾਵਾਂ ਤੋਂ ਬਚਿਆ ਰਹਿੰਦਾ ਹੈ। ਜਿਹੜੇ ਲੋਕ ਦੇਖਣ ਨੂੰ ਬੜੇ ਧਨਾਢ ਜਾਂ ਧਨ-ਦੌਲਤ ਵਾਲੇ ਲਗਦੇ ਹਨ ਉਹ ਵੀ ਤਾਂ ਚਿੰਤਾ ਰੋਗ ਅਤੇ ਫ਼ਿਕਰਾਂ ਵਿਚ ਡੁੱਬੇ ਰਹਿੰਦੇ ਹਨ। ਮਾਇਆ ਨਾਲ ਕੋਈ ਵੱਡਾ ਨਹੀਂ ਹੋ ਜਾਂਦਾ। ਵੱਡਾ ਤਾਂ ਉਹ ਹੈ ਜਿਸ ਨੇ ਆਪਣੀ ਲਿਵ ਪ੍ਰਭੂ ਚਰਨਾਂ ਨਾਲ ਜੋੜੀ ਹੋਈ ਹੈ :

ਵਡੇ ਵਡੇ ਜੋ ਦੀਸਹਿ ਲੋਗ ॥
ਤਿਨ ਕਉ ਬਿਆਪੈ ਚਿੰਤਾ ਰੋਗ ॥
ਕਉਨ ਵਡਾ ਮਾਇਆ ਵਡਿਆਈ ॥
ਸੋ ਵਡਾ ਜਿਨਿ ਰਾਮ ਲਿਵ ਲਾਈ ॥

(ਰਾਗੁ ਗਉੜੀ ਮਹਲਾ ੫, ਅੰਗ ੧੮੮)

ਇਸ ਪ੍ਰਕਾਰ ਪ੍ਰਭੂ ਦਾ ਸਿਮਰਨ ਕਰਨ ਨਾਲ ਜਨਮ ਮਰਨ ਦੇ ਸਭ ਦੁੱਖ ਤੇ ਕਲੇਸ਼ ਕੱਟੇ ਜਾਂਦੇ ਹਨ ਅਤੇ ਹਿਰਦੇ ਵਿਚ ਅਚਿੰਤ ਪ੍ਰਭੂ ਦੇ ਆ ਵੱਸਣ ਨਾਲ ਚਿੰਤਾ ਦਾ ਸੁਤੇ ਸਿੱਧ ਹੀ ਨਾਸ ਹੋ ਜਾਂਦਾ ਹੈ। ਵਡਹੰਸ ਕੀ ਵਾਰ ਮਹਲਾ ੪ ਵਿਚ ਗੁਰੂ ਅਮਰਦਾਸ ਜੀ ਦਾ ਸਲੋਕ ਅੰਕਤ ਹੈ :

ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥
ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ ॥ *(ਅੰਗ ੫੮੭)*

ਅਥਵਾ :

ਜਾ ਕੈ ਅਚਿੰਤੁ ਵਸੈ ਮਨਿ ਆਇ ॥
ਤਾ ਕਉ ਚਿੰਤਾ ਕਤਹੂੰ ਨਾਹਿ ॥

(ਰਾਗੁ ਗਉੜੀ ਮਹਲਾ ੫, ਅੰਗ ੧੮੬)

ਆਮ ਮਨੁੱਖ ਦੇ ਮਨ ਵਿਚ ਮੌਤ ਦਾ ਬੜਾ ਭੈ ਤੇ ਡਰ ਬਣਿਆ ਰਹਿੰਦਾ ਹੈ ਪ੍ਰੰਤੂ ਜਦੋਂ ਪ੍ਰਾਣੀ ਦੀ ਲਿਵ ਅਕਾਲ ਪੁਰਖ ਦੇ ਚਰਨਾਂ ਵਿਚ ਜੁੜ ਜਾਂਦੀ ਹੈ ਤਾਂ ਮੌਤ ਦਾ ਸਹਿਮ ਜਾਂ ਚਿੰਤਾ ਮਨ ਵਿਚੋਂ ਦੂਰ ਹੋ ਜਾਂਦੀ ਹੈ। ਮਨੁੱਖ ਨੂੰ ਇਸ ਗੱਲ ਦੀ ਸੋਝੀ ਪੈ

ਜਾਂਦੀ ਹੈ ਕਿ ਪ੍ਰਿਤਪਾਲਿਕ ਪ੍ਰਭੂ ਜਿੱਥੇ ਸਭਨਾਂ ਦੀ ਪਾਲਣਾ ਕਰਦਾ ਹੈ ਉੱਥੇ ਮਾਰਨ ਤੇ ਰੱਖਣ ਵਾਲਾ ਵੀ ਉਹ ਆਪ ਹੀ ਹੈ :

ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥
ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ ॥

(ਸਿਰੀਰਾਗੁ ਮਹਲਾ ੧, ਅੰਗ ੨੦)

ਭਗਤ ਤ੍ਰਿਲੋਚਨ ਜੀ ਨੇ ਰਾਗੁ ਗੂਜਰੀ ਵਿਚਲੇ ਸ਼ਬਦ 'ਅੰਤਿ ਕਾਲਿ ਜੋ ਲਛਮੀ ਸਿਮਰੈ' ਦੁਆਰਾ ਜੀਵ ਨੂੰ ਬੜੇ ਸੁੰਦਰ ਢੰਗ ਨਾਲ ਸਮਝਾਇਆ ਹੈ ਕਿ ਹੇ ਮਨੁੱਖ ਧਨ, ਇਸਤ੍ਰੀ, ਧੀਆਂ, ਪੁੱਤਰਾਂ ਅਤੇ ਮਹਲ-ਮਾੜੀਆਂ ਦੇ ਧੰਧਿਆਂ ਵਿਚ ਐਨਾ ਖਚਿਤ ਨਾ ਹੋ ਕਿ ਮਰਨ ਵੇਲੇ ਤੇਰੀ ਸੁਰਤ ਇਨ੍ਹਾਂ ਚਿੰਤਾਵਾਂ ਵਿਚ ਹੀ ਜੁੜੀ ਰਹੇ; ਸਗੋਂ ਦੁਨਿਆਵੀ ਕਾਰ-ਵਿਹਾਰ ਕਰਦੇ ਹੋਏ ਮਨ ਨੂੰ ਸਦਾ ਪ੍ਰਭੂ ਚਰਨਾਂ ਵਿਚ ਜੋੜੀ ਰੱਖ ਤਾਂ ਕਿ ਤੂੰ ਇਨ੍ਹਾਂ ਚਿੰਤਾਵਾਂ ਤੋਂ ਮੁਕਤ ਹੋ ਸਕੇਂ :

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥ ੧ ॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬੇਸਵਾ ਜੋਨਿ ਵਲਿ ਵਲਿ ਅਉਤਰੈ ॥ ੨ ॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸੂਕਰ ਜੋਨਿ ਵਲਿ ਵਲਿ ਅਉਤਰੈ ॥ ੩ ॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ੪ ॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥ ੫ ॥

(ਅੰਗ ੫੨੬)

ਅਥਵਾ :

ਚਿੰਤਤ ਹੀ ਦੀਸੈ ਸਭੁ ਕੋਇ ॥
ਚੇਤਹਿ ਏਕੁ ਤਹੀ ਸੁਖੁ ਹੋਇ ॥

(ਰਾਗੁ ਰਾਮਕਲੀ ਮਹਲਾ ੧, ਦਖਣੀ ਓਅੰਕਾਰ, ਅੰਗ ੯੩੨)

ਪਰਮਾਤਮਾ ਬੜਾ ਬੇਅੰਤ ਹੈ। ਉਹ ਤਾਂ ਪਾਣੀ ਅਤੇ ਵਿਸ਼ਾਲ ਸਮੁੰਦਰਾਂ ਵਿਚਲੇ ਜੀਵਾਂ ਦੀ ਵੀ ਰੱਖਿਆ ਤੇ ਸੰਭਾਲ ਕਰਦਾ ਹੈ, ਉਨ੍ਹਾਂ ਨੂੰ ਵੀ ਰਿਜਕ ਪਹੁੰਚਾਉਣ ਦੇ ਸਾਧਨ ਬਣਾਈ ਰੱਖੇ ਹਨ ਭਾਵੇਂ ਪਾਣੀ ਵਿਚ ਨਾ ਕੋਈ ਦੁਕਾਨ ਚਲਦੀ ਹੈ, ਨਾ ਖੇਤੀ ਜਾਂ ਵਾਹੀ ਹੁੰਦੀ ਹੈ ਅਤੇ ਨਾ ਹੀ ਕਿਸੇ ਪ੍ਰਕਾਰ ਦਾ ਵਪਾਰ ਜਾਂ ਲੈਣ ਦੇਣ ਹੁੰਦਾ ਹੈ। ਉੱਥੇ ਜੀਵ ਦਾ ਖਾਣਾ ਜੀਵ ਹੀ ਹਨ। ਇਕ ਦੂਜੇ ਨੂੰ ਖਾ ਕੇ ਜੀਵ ਆਪਣਾ ਗੁਜ਼ਾਰਾ ਕਰਦੇ ਹਨ ਭਾਵ ਪ੍ਰਭੂ ਹਰ ਥਾਂ ਜੀਵਾਂ ਦੀ ਪਾਲਣਾ ਕਰਦਾ ਹੈ। ਤਾਂ ਫਿਰ ਹੇ ਭਾਈ, ਤੈਨੂੰ ਕਿਸ ਗੱਲ ਦੀ ਚਿੰਤਾ ਹੈ ਜਦੋਂ ਪਾਲਣਹਾਰ ਪ੍ਰਭੂ ਨੂੰ ਆਪ ਸਭ ਦੀ ਚਿੰਤਾ ਹੈ। ਇਸ

ਪ੍ਰਥਾਏ ਰਾਗੁ ਰਾਮਕਲੀ ਕੀ ਵਾਰ ਮਹਲਾ ੩ ਵਿਚ ਗੁਰੂ ਅੰਗਦ ਦੇਵ ਜੀ ਦਾ ਸਲੋਕ ਅੰਕਤ ਹੈ :

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥
ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥ *(ਅੰਗ ੯੫੫)*

ਸਾਇਰਾ ਤੋਂ ਅਰਥ ਹੈ ਸਮੁੰਦਰ।

ਉਸ ਦੀਆਂ ਦਾਤਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਉਹ ਧਰਤੀ ਤੇ ਜਲ ਵਿਚ ਜੀਵਾਂ ਦੀ ਰੱਖਿਆ ਹੀ ਨਹੀਂ ਕਰਦਾ ਸਗੋਂ ਪੱਥਰਾਂ ਵਿਚਲੇ ਕੀੜਿਆਂ ਨੂੰ ਵੀ ਰਿਜਕ ਪਹੁੰਚਾਉਣ ਵਾਲਾ ਹੈ :

ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥
ਹਰਿ ਦੇਵੈ ਜਲਿ ਥਲਿ ਜੰਤਾ ਸਭਤੈ ॥
ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ ਪਖਾਣੀ ਹੇ ॥

(ਰਾਗੁ ਮਾਰੂ ਸੋਲਹੇ ਮਹਲਾ ੪, ਅੰਗ ੧੦੭੦)

ਅਥਵਾ :

ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥

(ਰਾਗੁ ਗੂਜਰੀ ਮਹਲਾ ੫, ਅੰਗ ੪੯੫)

ਇਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਹੋਣਾ ਉਹੋ ਕੁਝ ਹੈ ਜੋ ਉਸ ਕਰਤੇ ਨੂੰ ਭਾਉਂਦਾ ਹੈ। ਤਾਂ ਫਿਰ ਚਿੰਤਾ ਕਿਸ ਗੱਲ ਦੀ ?

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥

(ਸਲੋਕ ਨੰਬਰ ੫੧, ਮਹਲਾ ੯, ਅੰਗ ੧੪੨੯)

ਇਸ ਲਈ :

ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ ॥

(ਰਾਗੁ ਗੂਜਰੀ ਕੀ ਵਾਰ ਮ: ੩, ਅੰਗ ੫੧੭)

96

ਪਾਪ

ਕਿਸੇ ਦਾ ਬੁਰਾ ਚਿਤਵਨਾ 'ਪਰ ਕਾ ਬੁਰਾ ਨ ਰਾਖਹੁ ਚੀਤ', ਚੋਰੀ, ਠੱਗੀ ਮਾਰਨੀ 'ਚੋਰ ਜਾਰ ਜੂਆਰ ਪੀੜੇ ਘਾਣੀਐ', ਦੂਜੇ ਦਾ ਹੱਕ ਮਾਰਨਾ 'ਹਕ ਪਰਾਇਆ ਨਾਨਕਾ ਉਸ ਸੂਅਰੁ ਉਸ ਗਾਇ', ਵਲ-ਛਲ ਕਰਕੇ ਦੌਲਤ ਕਮਾਉਣੀ 'ਪਾਪਾ ਬਾਝਹੁ ਹੋਵੈ ਨਾਹੀ', ਪਰਾਏ ਧਨ ਦੀ ਲਾਲਸਾ ਅਤੇ ਪਰਾਈ ਇਸਤ੍ਰੀ ਨੂੰ ਬੁਰੀ ਨਜ਼ਰ ਨਾਲ ਤੱਕਣਾ 'ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮ ਸਿਰਾਵੈ', ਕਿਸੇ ਦੀ ਨਿੰਦਾ ਚੁਗਲੀ ਕਰਨਾ 'ਨਿੰਦਕਾ ਕੇ ਮੁਹ ਕਾਲੇ', ਝੂਠ ਬੋਲਣਾ 'ਝੂਠੇ ਆਵਹਿ ਠਵਰ ਨ ਪਾਵਹਿ' ਤਾਕਤ ਦੇ ਨਸ਼ੇ ਵਿਚ ਕਿਸੇ 'ਤੇ ਜ਼ੁਲਮ ਜਾਂ ਅਨਿਆਂ ਕਰਨਾ 'ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ' ਇਹ ਸਭ ਗੁਨਾਹ ਅਤੇ ਪਾਪ ਹਨ। ਪਰਮਾਤਮਾ ਤੋਂ ਵਿਮੁੱਖਤਾ 'ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ', ਕਿਸੇ ਦਾ ਦਿਲ ਦੁਖਾਉਣਾ 'ਦੁਖੁ ਨ ਦੇਈ ਕਿਸੈ ਜੀਅ' ਜਾਂ ਹੋਰ ਕੋਈ ਕੁਕਰਮ ਕਰਨਾ ਜਾਂ ਵਿਕਾਰਾਂ ਵਿਚ ਫਸੇ ਰਹਿਣਾ, ਸਭ ਪਾਪ ਤਾਂ ਹੀ ਹੈ।

ਗੁਰੂ ਰਾਮਦਾਸ ਜੀ ਚਿਤਾਵਨੀ ਦੇ ਰਹੇ ਹਨ ਕਿ ਇਨ੍ਹਾਂ ਪਾਪਾਂ ਦੀ ਗੰਢ ਦਾ ਐਨਾ ਬੋਝ ਚੁੱਕ ਕੇ ਜੀਵ ਸੰਸਾਰ ਸਮੁੰਦਰ ਦੀਆਂ ਘੁੰਮਣ-ਘੇਰੀਆਂ 'ਚੋਂ ਤਰ ਕੇ ਪਾਰ ਕਿਵੇਂ ਲੰਘ ਸਕਦਾ ਹੈ?

> ਪਾਪ ਬਿਕਾਰ ਮਨੂਰ ਸਭਿ ਲਦੇ ਬਹੁ ਭਾਰੀ॥
> ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ ਤਾਰੀ॥

(ਰਾਗੁ ਸਾਰਗ ਕੀ ਵਾਰ ਮਹਲਾ ੪, ਅੰਗ ੧੨੪੮)

ਅਥਵਾ :

> ਪਾਪ ਬਿਕਾਰ ਮਨੂਰ ਸਭਿ ਭਾਰੇ
> ਬਿਖੁ ਦੁਤਰੁ ਤਰਿਓ ਨ ਜਾਵੈਗੋ॥

(ਰਾਗੁ ਕਾਨੜਾ ਮਹਲਾ ੪, ਅੰਗ ੧੩੦੮)

ਜਦੋਂ ਬਾਬਰ ਦੀਆਂ ਫੌਜਾਂ ਨੇ ਸੈਦਪੁਰ (ਐਮਨਾਬਾਦ, ਹੁਣ ਪਾਕਿਸਤਾਨ) ਤੇ ਹਮਲਾ ਕੀਤਾ ਤਾਂ ਉਥੋਂ ਦੇ ਨਿਹੱਥੇ ਲੋਕਾਂ ਉਤੇ ਫੌਜ ਵਲੋਂ ਜੋ ਜ਼ੁਲਮ ਢਾਹੇ ਗਏ, ਔਰਤਾਂ ਦੀ ਜੋ ਬੇਪਤੀ ਕੀਤੀ ਗਈ ਉਸ ਦ੍ਰਿਸ਼ ਨੂੰ ਗੁਰੂ ਨਾਨਕ ਦੇਵ ਜੀ ਨੇ ਅੱਖੀਂ ਦੇਖਿਆ। 'ਭੀ ਤੇਰੀ ਕੀਮਤ ਨ ਪਵੈ ਹਉ ਕੇਵਡ ਆਖਾ ਨਾਉ' ਉਚਾਰਨ ਵਾਲੇ ਸਤਿਗੁਰੂ ਜੀ ਦੇ ਮਨ ਦੀ ਅਵਸਥਾ ਉਹ ਆਪ ਹੀ ਜਾਣਦੇ ਹੋਣਗੇ ਜਦੋਂ ਆਪ ਜੀ ਇਹ ਕਹਿਣ ਤੋਂ ਰਹਿ ਨਾ ਸਕੇ—ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨ ਆਇਆ॥' ਬੇਬਸ ਨਿਹੱਥੇ ਲੋਕਾਂ ਤੇ ਜ਼ੁਲਮ ਢਾਉਣੇ ਇਸ ਤੋਂ ਵੱਡਾ ਕੋਈ ਪਾਪ ਨਹੀਂ ਹੋ ਸਕਦਾ। ਇਸੇ ਲਈ ਗੁਰੂ ਪਾਤਸ਼ਾਹ ਨੇ ਬਾਬਰ ਨੂੰ ਕਿਹਾ ਸੀ ਕਿ ਬਾਬਰ ਤੂੰ ਬਾਬਰ ਨਹੀਂ ਜਾਬਰ ਹੈਂ ਅਤੇ ਉਸਦੀ ਫੌਜ ਨੂੰ

ਪਾਪ ਦੀ ਜੰਞ ਕਹਿ ਕੇ ਗਰਦਾਨਿਆ ਹੈ :

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥

(ਰਾਗੁ ਤਿਲੰਗ, ਅੰਗ ੭੨੨)

ਦੁਨੀਆਂ ਦੇ ਮੌਜ-ਮੇਲੇ, ਰੰਗ-ਰਲੀਆਂ ਅਤੇ ਧਨ ਪਦਾਰਥਾਂ ਦੇ ਮੋਹ ਵਿਚ ਫਸ ਕੇ ਮਨੁੱਖ ਅਨਮੋਲ ਜੀਵਨ ਕੌਡੀਆਂ ਦੇ ਭਾਅ ਲੁਟਾਈ ਜਾ ਰਿਹਾ ਹੈ। ਦੁਨਿਆਵੀ ਮੋਹ ਮਨੁੱਖ ਨੂੰ ਕਿਸੇ ਜੋਗਾ ਨਹੀਂ ਰਹਿਣ ਦਿੰਦਾ। ਜੀਵਨ ਨੂੰ ਸਾਵਾਂ-ਪੱਧਰਾ ਬਣਾਉਣ ਦੀ ਥਾਂ ਇਹ ਜੀਵ ਲਈ ਦੁੱਖਾਂ ਦਾ ਕਾਰਨ ਬਣਦੇ ਹਨ। ਜਿਨ੍ਹਾਂ ਲਈ ਮਨੁੱਖ ਪਾਪ ਅਤੇ ਹੇਰਾ-ਫੇਰੀਆਂ ਕਰਦਾ ਹੈ ਅੰਤ ਵੇਲੇ ਕਿਸੇ ਨੇ ਵੀ ਉਸਦਾ ਸਹਾਈ ਨਹੀਂ ਹੋਣਾ। ਕੋਈ ਵੀ ਸੰਗੀ-ਸਾਥੀ ਪ੍ਰਾਣੀ ਦੇ ਕੀਤੇ ਪਾਪਾਂ ਦੀ ਸਜ਼ਾ ਭੁਗਤਣ ਲਈ ਭਾਈਵਾਲ ਬਣਨ ਲਈ ਸਾਥ ਨਹੀਂ ਦਿੰਦਾ ਭਾਵ ਆਪਣੇ ਕੀਤੇ ਪਾਪਾਂ ਦੀ ਸਜ਼ਾ ਪ੍ਰਾਣੀ ਨੂੰ ਆਪ ਹੀ ਭੁਗਤਣੀ ਪੈਂਦੀ ਹੈ :

ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥
ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥

(ਰਾਗੁ ਬਿਹਾਗੜਾ ਛੰਤ ਮਹਲਾ ੫, ਅੰਗ ੫੪੬)

ਅਥਵਾ :

ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ ॥
ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥

(ਰਾਗੁ ਗਉੜੀ ਮਹਲਾ ੧, ਅੰਗ ੧੫੫)

ਗੁਰੂ ਨਾਨਕ ਦੇਵ ਜੀ ਰਾਗੁ ਆਸਾ ਵਿਚ ਮਨੁੱਖ ਨੂੰ ਸੁਚੇਤ ਕਰ ਰਹੇ ਹਨ ਕਿ ਪਾਪਾਂ ਦੁਆਰਾ ਤੂੰ ਜੋ ਐਨੀ ਧਨ-ਦੌਲਤ ਇਕੱਠੀ ਕਰ ਰੱਖੀ ਹੈ ਇਹ ਤੇਰੇ ਦੁੱਖਾਂ ਦਾ ਕਾਰਨ ਹੀ ਬਣਦੀ ਹੈ। ਅਜਿਹੀ ਮਾਇਆ ਮਨੁੱਖ ਨੂੰ ਕਦੀ ਸੁਖ ਤੇ ਚੈਨ ਨਾਲ ਬਹਿਣ ਨਹੀਂ ਦਿੰਦੀ। ਇਸ ਨਾਲ ਖੱਜਲ ਖੁਆਰੀ ਹੀ ਹੁੰਦੀ ਹੈ। ਮਨ ਦੀ ਤ੍ਰਿਪਤੀ ਨਹੀਂ ਹੁੰਦੀ। ਮਨੁੱਖ ਕਿੰਨਾ ਅਭਾਗਾ ਹੈ ਕਿ ਜਿਸ ਧਨ-ਦੌਲਤ ਨੂੰ ਕਮਾਉਣ ਲਈ ਉਹ ਕੋਝੇ ਤੋਂ ਕੋਝੇ ਹੱਥਕੰਡੇ ਵਰਤਦਾ ਰਿਹਾ, ਓੜਕ ਇਹ ਪਾਪ ਦੀ ਕਮਾਈ ਇੱਥੇ ਹੀ ਰਹਿ ਜਾਂਦੀ ਹੈ :

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ *(ਅੰਗ ੪੧੭)*

ਅਥਵਾ :

ਧ੍ਰਿਗੁ ਤਿਨ੍ਹਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ ਤਿਆਗਦੇ
ਦੁਖੁ ਹਉਮੈ ਪਾਪ ਕਮਾਇ ॥

(ਰਾਗੁ ਗੂਜਰੀ ਕੀ ਵਾਰ ਮਹਲਾ ੩, ਅੰਗ ੫੧੧)

ਭਾਵ ਅਜਿਹੇ ਮਨੁੱਖਾਂ ਤੇ ਫਿਟਕਾਰ ਹੈ ਜੋ ਪਰਮਾਤਮਾ ਦੇ ਨਾਮ ਰੂਪੀ ਮਹਾਂ ਅਨੰਦ ਨੂੰ ਛੱਡ ਕੇ ਹਉਮੈ ਵਿਚ ਪਾਪ ਕਰ ਕਰਕੇ ਦੁੱਖਾਂ ਨੂੰ ਸਹੇੜਦੇ ਹਨ।

ਪਾਪ ਅਤੇ ਬੁਰੇ ਕੰਮ ਕਰਨ ਵਾਲਾ ਵਿਅਕਤੀ ਸਦਾ ਭੈ-ਭੀਤ ਰਹਿੰਦਾ ਹੈ। ਉਸ ਦੇ ਅੰਦਰ ਚੋਰ ਹੋਣ ਕਾਰਨ ਉਹ ਸਦਾ ਸਹਿਮਿਆ ਤੇ ਡਰਿਆ ਰਹਿੰਦਾ ਹੈ ਜਦੋਂ ਕਿ

ਧਰਮੀ ਤੇ ਸੱਚਾ ਮਨੁੱਖ ਸਦਾ ਖਿੜਾਉ ਅਤੇ ਅਨੰਦ ਵਾਲੀ ਅਵਸਥਾ ਵਿਚ ਵਿਚਰਦਾ ਹੈ :

ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥

(ਸਿਰੀਰਾਗੁ ਕੀ ਵਾਰ ਮਹਲਾ ੪, ਅੰਗ ੮੪)

ਰਾਗੁ ਮਾਝ ਵਿਚ ਗੁਰੂ ਅਮਰਦਾਸ ਜੀ ਦੇ ਬਚਨ ਹਨ ਕਿ ਜਿਨ੍ਹਾਂ ਦੀ ਸੁਰਤ ਮੋਹ-ਮਾਇਆ ਤੇ ਭਰਮ-ਭੁਲੇਖਿਆਂ ਵਿਚ ਲੱਗੀ ਰਹਿੰਦੀ ਹੈ ਉਨ੍ਹਾਂ ਨੂੰ ਚੰਗੇ ਜਾਂ ਮੰਦੇ ਦੀ ਪਰਖ ਨਹੀਂ ਹੁੰਦੀ। ਉਨ੍ਹਾਂ ਲਈ ਪੁੰਨ ਹੋਵੇ ਜਾਂ ਪਾਪ ਉਸ ਨੂੰ ਕਰਨ ਤੋਂ ਸੰਕੋਚ ਨਹੀਂ ਕਰਦੇ ਭਾਵ ਉਨ੍ਹਾਂ ਲਈ ਸਭ ਬਰਾਬਰ ਹਨ। ਅਜਿਹੇ ਅਗਿਆਨੀ ਆਪਣੇ ਅਸਲ ਮਾਰਗ ਤੋਂ ਭਟਕ ਕੇ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ :

ਪਾਪ ਪੁੰਨ ਕੀ ਸਾਰ ਨ ਜਾਣੀ ॥
ਦੂਜੈ ਲਾਗੀ ਭਰਮਿ ਭੁਲਾਣੀ ॥
ਅਗਿਆਨੀ ਅੰਧਾ ਮਗੁ ਨ ਜਾਣੈ
ਫਿਰਿ ਫਿਰਿ ਆਵਣ ਜਾਵਣਿਆ ॥ *(ਅੰਗ ੧੧੦)*

ਗੁਰੂ ਅਮਰਦਾਸ ਜੀ ਦਾ ਫ਼ਰਮਾਨ ਹੈ ਕਿ ਪਾਪੀ ਪ੍ਰਾਣੀ ਮਨਮੁਖ, ਵਿਚਾਰਹੀਣ, ਖੋਟੀ ਮੱਤ ਵਾਲਾ ਅਤੇ ਹੰਕਾਰੀ ਹੁੰਦਾ ਹੈ। ਉਸਦਾ ਹਿਰਦਾ ਕ੍ਰੋਧ ਨਾਲ ਭਰਿਆ ਹੁੰਦਾ ਹੈ। ਇਹ ਸਾਰੇ ਵਿਕਾਰ ਮਿਲ ਕੇ ਉਸਦੀ ਮੱਤ ਮਾਰ ਦਿੰਦੇ ਹਨ। ਪ੍ਰਾਣੀ ਨੂੰ ਚੰਗੇ-ਮੰਦੇ ਦੀ ਸੋਝੀ ਨਹੀਂ ਰਹਿੰਦੀ। ਝੂਠ ਅਤੇ ਫਰੇਬ ਵਾਲੇ ਕੰਮ ਕਰਨ ਦੇ ਕਾਰਨ ਉਹ ਪਾਪ ਹੀ ਕਮਾਉਂਦਾ ਹੈ। ਉਸਨੂੰ ਫਿਰ ਨਾ ਕਿਸੇ ਦੀ ਭਲੀ ਗੱਲ ਚੰਗੀ ਲਗਦੀ ਹੈ ਅਤੇ ਨਾ ਹੀ ਉਹ ਕਿਸੇ ਪ੍ਰਤੀ ਭਲਾ ਸੋਚਦਾ ਹੈ :

ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥
ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥
ਕੂੜੁ ਕੁਸਤੁ ਓਹੁ ਪਾਪ ਕਮਾਵੈ ॥
ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ ॥

(ਸਲੋਕ ਮਹਲਾ ੩, ਰਾਗੁ ਗਉੜੀ ਕੀ ਵਾਰ ਮਹਲਾ ੪, ਅੰਗ ੩੧੪)

ਆਪ ਜੀ ਦੇ ਰਾਗੁ ਗੂਜਰੀ ਵਿਚ ਬਚਨ ਹਨ ਕਿ ਲਾਹਨਤ ਹੈ ਉਨ੍ਹਾਂ ਦੇ ਜੀਊਣ ਨੂੰ ਜੋ ਪਰਮਾਤਮਾ ਨੂੰ ਭੁਲਾ ਕੇ ਹਉਮੈ ਵਿਚ ਪਾਪ ਕਰਦੇ ਹਨ ਅਤੇ ਦੁੱਖ ਭੋਗਦੇ ਹਨ :

ਧ੍ਰਿਗੁ ਤਿਨ੍ਹਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ ਤਿਆਗਦੇ
ਦੁਖੁ ਹਉਮੈ ਪਾਪ ਕਮਾਇ ॥ *(ਅੰਗ ੫੧੧)*

ਰਾਵਣ ਚਾਰੇ ਵੇਦਾਂ ਦਾ ਗਿਆਤਾ ਸੀ ਪਰ ਹਉਮੈ ਵਸ ਹੋ ਕੇ ਉਹ ਪਾਪ ਦੇ ਰਾਹ ਤੇ ਤੁਰ ਪਿਆ। ਚੰਗੇ-ਮੰਦੇ ਦੀ ਉਸਨੂੰ ਤਮੀਜ਼ ਨਾ ਰਹੀ। ਗਿਆਨੀ ਹੁੰਦਾ ਹੋਇਆ ਵੀ ਉਹ ਅਗਿਆਨੀ ਬਣ ਗਿਆ। ਇੰਜ ਹੀ ਹਰਨਾਖ਼ਸ਼ ਨਾਲ ਹੋਇਆ। ਇਨ੍ਹਾਂ ਦੋਨਾਂ ਦਾ ਅੰਤ ਕਿਸ ਤਰ੍ਹਾਂ ਹੋਇਆ ਇਹ ਸਾਰੇ ਭਲੀ-ਭਾਂਤ ਜਾਣਦੇ ਹਨ।

ਪਾਪ ਦੀ ਬੇੜੀ ਭਰ ਕੇ ਡੁਬਦੀ ਹੈ। ਸਿਰ ਤੇ ਪਾਪਾਂ ਦੇ ਪੱਥਰ ਲੱਦ ਕੇ ਜੀਵਨ-ਰੂਪੀ ਬੇੜੀ ਇਸ ਭਵ-ਸਾਗਰ ਤੋਂ ਪਾਰ ਨਹੀਂ ਲੰਘ ਸਕਦੀ। ਗੁਰਵਾਕ ਹੈ :

ਪਾਪ ਪਥਰ ਤਰਣੁ ਨ ਜਾਈ ॥ *(ਰਾਗੁ ਮਾਰੂ ਮਹਲਾ ੧, ਅੰਗ ੯੯੦)*

ਜੋ ਪੀਵਹਿ [illegible] ਸੁ ਤ੍ਰਿਪਤੈ ਮਨ ਕਾ [illegible]॥
[illegible] ਅੰਮ੍ਰਿਤੁ [illegible]।

ਅਥਵਾ :

ਮਸਤਕਿ ਭਾਰੁ ਕਲਰ ਸਿਰਿ ਭਾਰਾ॥
ਕਿਉ ਕਰਿ ਭਵਜਲੁ ਲੰਘਸਿ ਪਾਰਾ॥

(ਰਾਗੁ ਮਾਰੂ ਸੋਲਹੇ ਮਹਲਾ ੧, ਅੰਗ ੧੦੨੯)

ਜੋ ਪਾਪ ਕਮਾਉਂਦੇ ਹਨ, ਜਿਨ੍ਹਾਂ ਦੇ ਹਿਰਦੇ ਗੁਨਾਹਾਂ ਨਾਲ ਭਰੇ ਪਏ ਹਨ ਉਨ੍ਹਾਂ ਦਾ ਅੰਤ ਵੇਲੇ ਕੀ ਹਾਲ ਹੁੰਦਾ ਹੈ ਇਸਦਾ ਵਰਨਣ ਗੁਰੂ ਪੰਚਮ ਪਾਤਸ਼ਾਹ ਸਲੋਕ ਵਾਰਾਂ ਤੇ ਵਧੀਕ ਬਾਣੀ ਵਿਚ ਇਸ ਪ੍ਰਕਾਰ ਕਰਦੇ ਹਨ :

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥

(ਸਲੋਕ ਨੰਬਰ ੯, ਅੰਗ ੧੪੨੫)

ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਜੀ ਗਾਫ਼ਲ ਪ੍ਰਾਣੀ ਨੂੰ ਸੁਚੇਤ ਕਰ ਰਹੇ ਹਨ ਕਿ ਪਾਪ ਕਰਨ ਤੋਂ ਡਰ ਅਤੇ ਪਾਪਾਂ ਤੋਂ ਬਚਣ ਲਈ ਪ੍ਰਭੂ ਦੀ ਸ਼ਰਨ ਪੈ ਜੋ ਬੜਾ ਦਿਆਲੂ ਹੈ ਅਤੇ ਸਭ ਦੇ ਦੁੱਖ ਅਤੇ ਭੈ ਹਰਨ ਵਾਲਾ ਹੈ :

ਨਰ ਅਚੇਤ ਪਾਪ ਤੇ ਡਰੁ ਰੇ॥
ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ॥

(ਰਾਗੁ ਗਉੜੀ ਮਹਲਾ ੯, ਅੰਗ ੨੨੦)

ਬਾਣੀ ਜਪੁ ਜੀ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨ ਹਨ ਕਿ ਜਿਵੇਂ ਮੂਤਰ ਨਾਲ ਪਲੀਤ ਹੋਇਆ ਕੱਪੜਾ ਸਾਬਣ ਨਾਲ ਧੋਤਿਆਂ ਸਾਫ਼ ਹੋ ਜਾਂਦਾ ਹੈ ਇਸੇ ਤਰ੍ਹਾਂ ਜੇਕਰ ਮੱਤ ਪਾਪਾਂ ਨਾਲ ਮਲੀਨ ਹੋ ਜਾਵੇ ਤਾਂ ਇਨ੍ਹਾਂ ਪਾਪਾਂ ਨੂੰ ਨਾਮ ਦੁਆਰਾ ਧੋਤਾ ਜਾ ਸਕਦਾ ਹੈ :

ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥ *(ਜਪੁ ਜੀ, ਪਉੜੀ ੨੦)*

ਗੁਰੂ ਰਾਮਦਾਸ ਜੀ ਦਾ ਸਿਰੀ ਰਾਗੁ ਕੀ ਵਾਰ ਵਿਚ ਫ਼ਰਮਾਨ ਹੈ :

ਹਰਿ ਹਰਿ ਨਾਮੁ ਜਪਹੁ ਮਨ ਮੇਰੇ
ਜਿਤੁ ਸਿਮਰਤ ਸਭਿ ਕਿਲਵਿਖ ਪਾਪ ਲਹਾਤੀ॥ *(ਅੰਗ ੮੮)*

ਅਥਵਾ : [illegible] ਬਿਸ੍ਰਾਮੁ॥
ਪਾਪ ਖੰਡਨ ਪ੍ਰਭ ਤੇਰੋ ਨਾਮੁ॥

(ਰਾਗੁ ਰਾਮਕਲੀ ਮਹਲਾ ੫, ਅੰਗ ੮੯੪)

[illegible] ਹੈ॥
[illegible] ਨਾਮ ਪਾਣ [illegible] ਹੈ।
[illegible] ਸਮਾਤ ਹੈ॥
[illegible] ਹੈ॥ ੨੧੨॥

(97)

ਮਾਇਆ

ਪਰਮਾਤਮਾ ਦੇ ਨਾਮ ਤੋਂ ਬਿਨਾਂ ਜਿਸ ਕਿਸੇ ਹੋਰ ਨਾਲ ਜੀਵ ਮੋਹ ਜਾਂ ਪ੍ਰੀਤ ਪਾਉਂਦਾ ਹੈ ਉਹ ਸਭ ਮਾਇਆ ਹੈ। ਧਨ-ਦੌਲਤ, ਇਸਤ੍ਰੀ, ਪੁੱਤਰ-ਧੀਆਂ, ਮਹਿਲ ਮਾੜੀਆਂ, ਦੁਨੀਆਂ ਦੀ ਚਮਕ-ਦਮਕ ਆਦਿ ਇਹ ਸਭ ਮਾਇਆ ਦੇ ਵੱਖ-ਵੱਖ ਰੂਪ ਹਨ। ਇਹ ਮੋਹਣੀ ਮਾਇਆ ਐਨੀ ਬਲਵਾਨ ਹੈ ਕਿ ਇਸਨੇ ਸਾਰੇ ਜੀਵਾਂ ਨੂੰ ਭਰਮਾ ਰੱਖਿਆ ਹੈ :

ਮਾਇਆ ਐਸੀ ਮੋਹਨੀ ਭਾਈ॥
ਜੇਤੇ ਜੀਅ ਤੇਤੇ ਡਹਕਾਈ॥

(ਰਾਗੁ ਭੈਰਉ ਭਗਤ ਕਬੀਰ ਜੀ, ਅੰਗ ੧੧੬੦)

ਬੁਢਾਪਾ ਆਉਣ ਤੇ ਮਨੁੱਖ ਦੀਆਂ ਸਾਰੀਆਂ ਇੰਦ੍ਰੀਆਂ ਲਿੱਸੀਆਂ ਪੈ ਜਾਂਦੀਆਂ ਹਨ। ਅੱਖਾਂ ਕਮਜ਼ੋਰ ਹੋ ਜਾਂਦੀਆਂ ਹਨ। ਸੁਣਨ ਦੀ ਸ਼ਕਤੀ ਘਟ ਜਾਂਦੀ ਹੈ। ਸਰੀਰ ਦੀ ਸੁੰਦਰਤਾ ਜਾਂਦੀ ਰਹਿੰਦੀ ਹੈ ਅਤੇ ਮੱਤ ਮਾਰੀ ਜਾਂਦੀ ਹੈ ਪਰ ਹਾਲੇ ਵੀ ਮਨੁੱਖ ਦੀ ਮਾਇਆ ਦੀ ਭੁੱਖ ਨਹੀਂ ਜਾਂਦੀ। ਰਾਗੁ ਸੂਹੀ ਵਿਚ ਭਗਤ ਕਬੀਰ ਜੀ ਦਾ ਕਥਨ ਹੈ :

ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ॥
ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ॥

(ਅੰਗ ੭੯੩)

ਆਮ ਆਦਮੀ ਦੀ ਤਾਂ ਗੱਲ ਹੀ ਛੱਡੋ, ਸਿੱਧ, ਜੋਗੀ ਵੀ ਮਾਇਆ ਲਈ ਭਟਕਦੇ ਰਹਿੰਦੇ ਹਨ। ਉਹ ਵੀ ਇਸਦੇ ਜਾਲ ਤੋਂ ਬਚ ਨਹੀਂ ਸਕੇ। ਹਰ ਪਾਸੇ ਮਾਇਆ ਦਾ ਹੀ ਬੋਲਬਾਲਾ ਹੈ। ਸਾਰੇ ਮਾਇਆ ਵਿਚ ਹੀ ਜਕੜੇ ਹੋਏ ਹਨ। ਗੁਰੂ ਅਮਰਦਾਸ ਜੀ ਦਾ ਸਿਰੀ ਰਾਗੁ ਵਿਚ ਫ਼ਰਮਾਨ ਹੈ :

ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ॥
ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ॥ *(ਅੰਗ ੬੭)*

ਮਾਇਆ ਅਤੇ ਧਨ-ਦੌਲਤ ਦੀ ਖ਼ਾਤਰ ਦਿਨ-ਰਾਤ ਪ੍ਰਾਣੀ ਭਟਕਦਾ ਫਿਰਦਾ ਹੈ। ਕ੍ਰੋੜਾਂ ਵਿਚੋਂ ਕੋਈ ਵਿਰਲਾ ਮਨੁੱਖ ਹੋਵੇਗਾ ਜੋ ਮਾਇਆ ਤੋਂ ਨਿਰਲੇਪ ਹੋ ਕੇ ਪਰਮਾਤਮਾ ਦੀ ਯਾਦ ਨੂੰ ਆਪਣੇ ਮਨ ਵਿਚ ਟਿਕਾਉਂਦਾ ਹੈ :

ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ॥
ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ॥

(ਸਲੋਕ ਨੰਬਰ ੨੪, ਮਹਲਾ ੯, ਅੰਗ ੧੪੨੭)

ਰਾਗੁ ਸੂਹੀ ਵਿਚ ਪੰਚਮ ਗੁਰਦੇਵ ਦੇ ਬਚਨ ਹਨ ਕਿ ਮਾਇਆ ਦੀ ਚਮਕ ਦਮਕ ਅਤੇ ਦੁਨਿਆਵੀ ਰੰਗ ਤਮਾਸ਼ਿਆਂ ਵਿਚ ਫਸ ਕੇ ਮਨੁੱਖ ਆਪਣੇ ਅਸਲ ਮਕਸਦ ਨੂੰ

ਭੁੱਲ ਜਾਂਦਾ ਹੈ :

ਅਉਸਰੁ ਅਪਨਾ ਬੂਝੈ ਨ ਇਆਨਾ॥
ਮਾਇਆ ਮੋਹ ਰੰਗਿ ਲਪਟਾਨਾ॥ (ਅੰਗ ੨੩੮)

ਅਥਵਾ :

ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ॥
ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ॥
ਮਨੁ ਝੂਠਾ ਜਮਿ ਜੋਹਿਆ ਅਵਗੁਣ ਚਲਹਿ ਨਾਲਿ॥
ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ॥
ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ ॥
(ਰਾਗੁ ਰਾਮਕਲੀ ਦਖਣੀ ਓਅੰਕਾਰ ਮਹਲਾ ੧, ਅੰਗ ੯੩੫-੩੬)

ਭਾਵ ਜੀਵ ਮਾਇਆ ਦੇ ਲਾਲਚ ਵਿਚ ਫਸ ਕੇ ਹਰ ਵੇਲੇ ਮਾਇਆ ਇਕੱਠੀ ਕਰਨ ਵਿਚ ਰੁਝਿਆ ਰਹਿੰਦਾ ਹੈ ਜਦੋਂ ਕਿ ਅੰਤ ਵੇਲੇ ਸਭ ਕੁਝ ਇੱਥੇ ਹੀ ਰਹਿ ਜਾਂਦਾ ਹੈ। ਮਾਇਆ ਨੇ ਕਦੀ ਕਿਸੇ ਦਾ ਸਾਥ ਨਹੀਂ ਦਿੱਤਾ ਪ੍ਰੰਤੂ ਮਾਇਆ ਕਾਰਨ ਕੀਤੇ ਪਾਪ ਅਤੇ ਅਵਗੁਣ ਸਭ ਜੀਵ ਦੇ ਨਾਲ ਜਾਂਦੇ ਹਨ। ਇਸ ਤਰ੍ਹਾਂ ਨਾਮ ਤੋਂ ਸੱਖਣੇ ਜੀਵਾਂ ਨੂੰ ਜੋ ਮੈਂ ਮੇਰੀ ਵਿਚ ਪਏ ਰਹਿੰਦੇ ਹਨ ਅੰਤ ਸਮੇਂ ਜਮਾਂ ਦੀ ਮਾਰ ਸਹਿਣੀ ਪੈਂਦੀ ਹੈ।

ਗੁਰੂ ਅਮਰਦਾਸ ਜੀ ਮਾਇਆ ਦੇ ਮੋਹ ਨੂੰ ਨਿਰਾ ਪਾਗਲ-ਪਨ ਦੱਸਦੇ ਹਨ ਜਿਸਦੇ ਪ੍ਰਭਾਵ ਹੇਠ ਮਨੁੱਖ ਅਸਲ ਜੀਵਨ ਰਾਹ ਤੋਂ ਭਟਕ ਕੇ ਕੁਰਾਹੇ ਪੈ ਜਾਂਦਾ ਹੈ ਅਤੇ ਖੁਆਰ ਹੁੰਦਾ ਹੈ :

ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ॥
(ਰਾਗੁ ਵਡਹੰਸੁ, ਅੰਗ ੫੭੧)

ਆਪ ਜੀ ਦੇ ਇਕ ਹੋਰ ਬਚਨ ਹਨ ਜਿਸ ਵਿਚ ਆਪ ਜੀ ਨੇ ਮਾਇਆ ਦੇ ਮੋਹ ਵਿਚ ਫਸੇ ਹੋਏ ਮਨੁੱਖ ਨੂੰ ਅੰਨ੍ਹਾ ਅਤੇ ਬੋਲਾ ਕਰਕੇ ਗਰਦਾਨਿਆ ਹੈ। ਅਜਿਹੇ ਮਨੁੱਖ ਦੇ ਮਨ ਅੰਦਰ ਨਾ ਹੀ ਪ੍ਰਭੂ ਦੇ ਦਰਸ਼ਨਾਂ ਲਈ ਸਿੱਕ ਹੁੰਦੀ ਹੈ ਅਤੇ ਨਾ ਹੀ ਉਸਦੀ ਸਿਫ਼ਤ-ਸਾਲਾਹ ਸੁਣਨ ਵਿਚ ਕੋਈ ਰੁਚੀ :

ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ॥
ਸਹ ਦੇਖੇ ਬਿਨੁ ਪ੍ਰੀਤਿ ਨ ਊਪਜੈ ਅੰਧਾ ਕਿਆ ਕਰੇਇ॥
(ਸਲੋਕ ਮਹਲਾ ੩, ਸਿਰੀਰਾਗ ਕੀ ਵਾਰ ਮਹਲਾ ੪, ਅੰਗ ੮੩)

ਅਥਵਾ :

ਮਾਇਆਧਾਰੀ ਅਤਿ ਅੰਨਾ ਬੋਲਾ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ॥
(ਸਲੋਕ ਮਹਲਾ ੩, ਗਉੜੀ ਕੀ ਵਾਰ ਮਹਲਾ ੪, ਅੰਗ ੩੧੩)

ਰਾਗੁ ਆਸਾ ਵਿਚ ਭਗਤ ਕਬੀਰ ਜੀ ਦਾ ਕਥਨ ਹੈ ਕਿ ਇਹ ਮਾਇਆ ਜਿਸਦੇ ਪਿੱਛੇ ਸਾਰੀ ਲੋਕਾਈ ਭੱਜੀ ਫਿਰਦੀ ਹੈ, ਸੰਤ-ਜਨਾਂ ਦੀ ਵੈਰਨ ਹੈ ਭਾਵ ਭਗਤ-ਜਨ ਮਾਇਆ ਤੋਂ ਨਿਰਲੇਪ ਰਹਿੰਦੇ ਹਨ। ਇਨ੍ਹਾਂ ਤੇ ਮਾਇਆ ਕਿਸੇ ਪ੍ਰਕਾਰ ਦਾ ਪ੍ਰਭਾਵ ਨਹੀਂ ਪਾ ਸਕਦੀ :

ਇਕੋ ਗ੍ਰਿਹ ਗਨ ਪਚੀਸ ਉਦਾਸੀ ਪਹਿਮੈ ਮੋਹੁ ਕਸਾਇਆ॥

ਜਿਹ ਕਰ ਸੀਸ ਦਸਨ ਅਠਿਪਤੇ ਦਸਤੇ ਤਿਹ ਇਕ ਨਿਗਾ ਉਦਾਸ॥

ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ॥

(ਅੰਗ ੪੭੬)

ਹੁਣ ਸੁਆਲ ਪੈਦਾ ਹੁੰਦਾ ਹੈ ਕਿ ਮਾਇਆ ਜੀਵਾਂ ਨੂੰ ਕਿਸ ਤਰ੍ਹਾਂ ਪ੍ਰਭਾਵਤ ਕਰਦੀ ਹੈ। ਮਾਇਆ ਜੀਵਾਂ ਤੇ ਆਪਣਾ ਪ੍ਰਭਾਵ ਪਾ ਕੇ ਉਨ੍ਹਾਂ ਪਾਸੋਂ ਕੀ ਕੁਝ ਕਰਵਾਉਂਦੀ ਹੈ। ਸਿਰੀਰਾਗੁ ਵਿਚ ਗੁਰੂ ਅਮਰਦਾਸ ਜੀ ਇਹ ਸੁਆਲ ਆਪ ਹੀ ਕਰਦੇ ਹਨ ਅਤੇ ਆਪ ਹੀ ਫਿਰ ਇਸਦਾ ਉੱਤਰ ਦਿੰਦੇ ਹਨ :

ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥
ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ॥ *(ਅੰਗ ੬੭)*

ਭਾਵ ਮਾਇਆ ਦੇ ਅਸਰ ਹੇਠ ਪ੍ਰਾਣੀ ਅੰਦਰ ਹਉਮੈ ਉਪਜਦੀ ਹੈ। ਇਸ ਤਰ੍ਹਾਂ ਹਉਮੈ ਵਸ ਹੋ ਕੇ ਮਨੁੱਖ ਜੋ ਵੀ ਕੰਮ ਕਰਦਾ ਹੈ ਉਹ ਉਸਦੇ ਦੁਖ ਸੁਖ ਦਾ ਕਾਰਨ ਬਣਦੇ ਹਨ।

ਮਾਇਆ ਇਕ ਭੁਲੇਖਾ ਤੇ ਛਲਾਵਾ ਹੈ ਪਰ ਫਿਰ ਵੀ ਅਸੀਂ 'ਸੁਤ ਦਾਰਾ ਸਿਉ ਪ੍ਰੀਤ ਲਗਾਈ' ਬੈਠੇ ਹਾਂ। ਇਹੋ ਕਾਰਨ ਹੈ ਕਿ ਅਸੀਂ ਮਾਇਆ ਦੀ ਖਾਤਰ ਭਟਕਦੇ ਫਿਰਦੇ ਹਾਂ ਅਤੇ ਦੁੱਖ ਪਾਉਂਦੇ ਹਾਂ :

ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ॥

(ਸਿਰੀਰਾਗੁ ਮਹਲਾ ੩, ਅੰਗ ੩੯)

ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਨੂੰ ਖਾਣ ਲਈ ਰੋਟੀ, ਪਹਿਨਣ ਲਈ ਕੱਪੜਾ ਅਤੇ ਸਿਰ ਢੱਕਣ ਲਈ ਛੱਤ ਦੀ ਲੋੜ ਹੈ। ਇਸ ਤੋਂ ਛੁੱਟ ਨਿਤਾਪ੍ਰਤੀ ਜੀਵਨ ਵਿਚ ਕਈ ਹੋਰ ਪ੍ਰਕਾਰ ਦੀਆਂ ਵਸਤਾਂ ਦੀ ਜ਼ਰੂਰਤ ਹੈ। ਇਸੇ ਲਈ ਗੁਰਮਤਿ ਦਾ ਆਸ਼ਾ ਹੈ :

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥

(ਗੂਜਰੀ ਕੀ ਵਾਰ ਮਹਲਾ ੫, ਅੰਗ ੫੨੨)

ਪਰ ਇਸ ਦੇ ਨਾਲ ਇਸ ਗੱਲ ਦਾ ਵੀ ਧਿਆਨ ਰੱਖਣਾ ਹੈ :

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

(ਸਿਰੀਰਾਗੁ ਮਹਲਾ ੧, ਅੰਗ ੧੬)

ਅਥਵਾ :

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

(ਸਿਰੀਰਾਗੁ ਮਹਲਾ ੧, ਅੰਗ ੧੬)

ਰਾਗੁ ਮਾਰੂ ਕੀ ਵਾਰ ਮਹਲਾ ੩ ਵਿਚ ਗੁਰੂ ਅਰਜਨ ਦੇਵ ਜੀ ਦਾ ਸਲੋਕ ਅੰਕਤ ਹੈ ਜਿਸ ਵਿਚ ਆਪ ਜੀ ਦਾ ਫ਼ਰਮਾਨ ਹੈ ਕਿ ਜਿਸ ਮਨੁੱਖ ਦੇ ਮਨ ਵਿਚ ਹਰ ਵੇਲੇ ਮਾਇਆ ਦੀ ਚਾਹਤ ਬਣੀ ਰਹਿੰਦੀ ਹੈ ਉਸ ਨੂੰ ਪ੍ਰਭੂ ਦਾ ਨਾਮ ਚੇਤੇ ਨਹੀਂ ਰਹਿੰਦਾ। ਫਲਸਰੂਪ ਉਹ ਚੰਗੇ ਭਾਗਾਂ ਵਾਲਾ ਨਹੀਂ ਹੋ ਸਕਦਾ ਭਾਵ ਅਜਿਹਾ ਪ੍ਰਾਣੀ ਅਭਾਗਾ ਹੈ :

ਇਕੋ ਗ੍ਰਿਹ ਸਭ ਰਹੇ ਉਦਾਸੀ ਜਿਹ ਦਸਤ ਰਹੈ ਲਿਵਲਾਈ ਹੈ॥
ਕਨ੪

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ ॥
ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮ ॥ *(ਅੰਗ ੧੦੯੩)*

ਮਾਇਆ, ਜਿਸ ਲਈ ਮਨੁੱਖ ਐਨਾ ਖੱਜਲ-ਖੁਆਰ ਹੁੰਦਾ ਹੈ ਇਸ ਮਾਇਆ ਦੀ ਅਸਲੀਅਤ ਗੁਰੂ ਅਮਰਦਾਸ ਜੀ ਇਸ ਪ੍ਰਕਾਰ ਦਰਸਾ ਰਹੇ ਹਨ :

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥
(ਸਲੋਕ ਮਹਲਾ ੩, ਰਾਗੁ ਸੋਰਠਿ ਕੀ ਵਾਰ ਮਹਲਾ ੪, ਅੰਗ ੬੪੩)

ਰਾਗੁ ਮਾਰੂ ਵਿਚ ਆਪ ਜੀ ਦੇ ਬਚਨ ਹਨ :

ਮਾਇਆ ਅਗਨਿ ਜਲੈ ਸੰਸਾਰੇ ॥ *(ਅੰਗ ੧੦੪੯)*

ਰਾਗੁ ਗੂਜਰੀ ਕੀ ਵਾਰ ਵਿਚ ਆਪ ਜੀ ਦਾ ਫ਼ਰਮਾਨ ਹੈ :

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥ *(ਅੰਗ ੫੧੦)*

ਜੇਕਰ ਮਨ ਵਿਚ ਸੰਤੋਖ ਨਹੀਂ ਤਾਂ ਮਾਇਆ ਦੀ ਭੁੱਖ ਵਧਦੀ ਹੀ ਜਾਂਦੀ ਹੈ। ਆਦਮੀ ਨੂੰ ਕਦੀ ਰੱਜ ਨਹੀਂ ਆਉਂਦਾ। ਸੈਂਕੜੇ, ਹਜ਼ਾਰਾਂ ਤੇ ਫੇਰ ਲੱਖਾਂ ਕਮਾਉਣ ਲਈ ਤ੍ਰਿਸ਼ਨਾ ਦੀ ਅੱਗ ਵਧਦੀ ਹੀ ਜਾਂਦੀ ਹੈ :

ਸਹਸ ਖਟੇ ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
(ਰਾਗੁ ਗਉੜੀ ਸੁਖਮਨੀ ਮਹਲਾ ੫, ਅੰਗ ੨੭੮-੭੯)

ਏਸ ਤਰ੍ਹਾਂ ਠੱਗੀਆਂ ਮਾਰ ਕੇ ਯੋਗ ਅਤੇ ਅਯੋਗ ਢੰਗਾਂ ਦੁਆਰਾ ਮਨੁੱਖ ਮਾਇਆ ਇਕੱਤਰ ਕਰਦਾ ਹੈ ਜਿਸਨੇ ਅੰਤ ਵੇਲੇ ਉਸਦਾ ਸਾਥ ਨਹੀਂ ਦੇਣਾ। ਗੁਰੂ ਨਾਨਕ ਦੇਵ ਜੀ ਦੇ ਰਾਗੁ ਆਸਾ ਵਿਚ ਬਚਨ ਹਨ :

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ *(ਅੰਗ ੪੧੭)*

ਰਾਗੁ ਸੋਰਠਿ ਵਿਚ ਆਪ ਜੀ ਦਾ ਫ਼ਰਮਾਨ ਹੈ ਕਿ ਮਾਇਆ ਜਿਸ ਨੇ ਸਭ ਨੂੰ ਭਰਮਾਇਆ ਹੋਇਆ ਹੈ, ਇਹ ਅੰਤ ਵੇਲੇ ਪ੍ਰਾਣੀ ਦਾ ਸਾਥ ਨਹੀਂ ਦਿੰਦੀ ਪ੍ਰੰਤੂ ਇਸ ਸਚਾਈ ਨੂੰ ਵਿਰਲੇ ਭਾਵ ਬਹੁਤ ਥੋੜ੍ਹੇ ਮਨੁੱਖ ਸਮਝਦੇ ਹਨ :

ਬਾਬਾ ਮਾਇਆ ਸਾਥਿ ਨ ਹੋਇ ॥
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ *(ਅੰਗ ੫੯੫)*

ਗੁਰੂ ਜੀ ਦਾ ਰਾਗੁ ਤੁਖਾਰੀ ਵਿਚ ਕਥਨ ਹੈ ਕਿ ਮਨੁੱਖ, ਧਨ ਦੌਲਤ, ਪੁੱਤਰਾਂ, ਇਸਤ੍ਰੀ ਤੇ ਦੁਨਿਆਵੀ ਮੋਹ ਵਿਚ ਫਸਿਆ ਰਹਿੰਦਾ ਹੈ ਅਤੇ ਦੁੱਖ ਭੋਗਦਾ ਹੈ ਪ੍ਰੰਤੂ ਜਦੋਂ ਪ੍ਰਾਣੀ ਆਪਣੀ ਲਿਵ ਨੂੰ ਪ੍ਰਭੂ ਚਰਨਾਂ ਵਿਚ ਟਿਕਾਉਂਦਾ ਹੈ, ਉਸਦੇ ਨਾਮ ਨਾਲ ਜੁੜਦਾ ਹੈ ਤਾਂ ਅਨੰਦ ਦੀ ਅਵਸਥਾ ਵਿਚ ਵਿਚਰਦਾ ਹੈ :

ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ ॥
ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ ॥ *(ਅੰਗ ੧੧੧੦)*

(98)

ਗੁਰ ਜੇਵਡੁ ਅਵਰੁ ਨ ਕੋਇ

(ਗੁਰੂ) ਗ੍ਰੰਥ ਸਾਹਿਬ ਦਾ ਜਦੋਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਪਹਿਲੀ ਵਾਰ ਪ੍ਰਕਾਸ਼ ਕੀਤਾ ਗਿਆ ਤਾਂ ਗੁਰੂ ਅਰਜਨ ਦੇਵ ਜੀ ਨੇ ਇਸ ਰੂਹਾਨੀਅਤ ਦੇ ਸੋਮੇ ਨੂੰ ਪੋਥੀ ਦਾ ਨਾਮ ਦਿੱਤਾ :

> **ਪੋਥੀ ਪਰਮੇਸਰ ਕਾ ਥਾਨੁ ॥**
> **ਸਾਧਸੰਗਿ ਗਾਵਹਿ ਗੁਣ ਗੋਬਿੰਦ**
> **ਪੂਰਨ ਬ੍ਰਹਮ ਗਿਆਨੁ ॥** *(ਰਾਗੁ ਸਾਰਗ ਮਹਲਾ ੫, ਅੰਗ ੧੨੨੬)*

ਭਾਵ ਜਿੱਥੇ ਪੋਥੀ ਦਾ ਪ੍ਰਕਾਸ਼ ਹੁੰਦਾ ਹੈ ਉਹ ਪਰਮਾਤਮਾ ਦਾ ਸਥਾਨ ਹੈ। ਅਜਿਹੇ ਸਥਾਨ ਤੇ ਜੋ ਜੋ ਵੀ ਸਤਿਸੰਗਤ ਵਿਚ ਮਿਲ ਬੈਠ ਕੇ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦੇ ਹਨ ਉਨ੍ਹਾਂ ਨੂੰ ਪਰਮਾਤਮਾ ਦੇ ਭੇਦਾਂ ਦੀ ਸੋਝੀ ਪੈ ਜਾਂਦੀ ਹੈ।

ਵਾਸਤਵ ਵਿਚ ਸ਼ਬਦ ਗੁਰੂ ਦਾ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਪ੍ਰਚਲਤ ਹੋ ਗਿਆ ਸੀ ਜਦੋਂ ਸਿੱਧਾਂ ਨੇ ਆਪ ਜੀ ਨੂੰ ਪੁਛਿਆ ਸੀ ਕਿ ਤੁਹਾਡਾ ਗੁਰੂ ਕੌਣ ਹੈ? :

> **ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥** *(ਸਿਧ ਗੋਸਟਿ, ਅੰਗ ੯੪੨)*

ਤਾਂ ਸਤਿਗੁਰਾਂ ਨੇ ਉੱਤਰ ਦਿੱਤਾ ਸੀ :

> **ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥** *(ਅੰਗ ੯੪੩)*

ਰਾਗੁ ਸੋਰਠਿ ਵਿਚ ਗੁਰੂ ਅਮਰਦਾਸ ਜੀ ਦੇ ਬੜੇ ਅਨਮੋਲ ਬਚਨ ਹਨ :

> **ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ**
> **ਸਬਦੇ ਹੀ ਮੁਕਤਿ ਪਾਈ ॥**
> **ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥**
> **ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ**
> **ਹਰਿ ਸਿਉ ਰਹਿਆ ਸਮਾਈ ॥**
> **ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥**
> **ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ**
> **ਜੰਮਹਿ ਵਾਰੋ ਵਾਰਾ ॥** *(ਅੰਗ ੬੦੧)*

ਸਿੱਖਾਂ ਦੀ ਭਗਤ ਮਾਲਾ (ਕਿਰਤ ਭਾਈ ਮਨੀ ਸਿੰਘ) ਵਿਚ ਇਕ ਸਾਖੀ ਆਉਂਦੀ ਹੈ ਕਿ ਪ੍ਰਿਥਾ ਤੇ ਖੇੜਾ ਨਾਮੀ ਸੇਵਕ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਕਰਤਾਰਪੁਰ ਆਏ ਅਤੇ ਹੱਥ ਜੋੜ ਕੇ ਬੇਨਤੀ ਕੀਤੀ। 'ਗਰੀਬ ਨਿਵਾਜ ਅਸਾਨੂੰ ਆਪਣਿਆਂ ਚਰਨਾਂ ਵਿਚ ਸਰਨੀ ਰਖੀਏ' ਤਾਂ ਆਪ ਜੀ ਨੇ ਉਨ੍ਹਾਂ ਪ੍ਰਤੀ ਉਪਦੇਸ਼ ਕੀਤਾ ਸੀ ਕਿ ਸਰੀਰ

ਮੇਰਾ ਸੁਗੁਣ ਰੂਪ ਹੈ ਤੇ ਸ਼ਬਦ ਮੇਰਾ ਰਿਦਾ ਹੈ। ਨਿਰਗੁਣ ਰੂਪ ਹੈ। ਸਰੀਰ ਨਾਲ ਮਿਲੋਂਗੇ ਤੇ ਫੇਰ ਭੀ ਵਿਛੜੋਗੇ ਤੇ ਸ਼ਬਦ ਨਾਲ ਮਿਲੋਂਗੇ ਤਾਂ ਵਿਛੜੋਗੇ ਨਹੀਂ।

ਗੁਰੂ ਅਮਰਦਾਸ ਜੀ ਦੇ ਬਚਨ ਹਨ :

ਵਾਹੁ ਵਾਹੁ ਬਾਣੀ ਨਿਰੰਕਾਰ ਹੈ
ਤਿਸੁ ਜੇਵਡੁ ਅਵਰੁ ਨ ਕੋਇ॥

(ਗੂਜਰੀ ਕੀ ਵਾਰ ਮਹਲਾ ੩, ਅੰਗ ੫੧੫)

ਅਥਵਾ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥

(ਰਾਗੁ ਨਟ ਨਾਰਾਇਨ ਮਹਲਾ ੪, ਅੰਗ ੯੮੨)

ਸ਼ਬਦ ਗੁਰੂ ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਣ ਲਈ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਜੀ ਦੀ ਸੰਪਾਦਨਾ ਕੀਤੀ। ਆਪ ਜੀ ਆਪਣੀ ਦਿਬ-ਦ੍ਰਿਸ਼ਟੀ ਦੁਆਰਾ ਇਹ ਅਨੁਭਵ ਕਰ ਚੁੱਕੇ ਸਨ ਕਿੰ ਪੋਥੀ ਇਕ ਦਿਨ ਗੁਰਤਾ ਨੂੰ ਪ੍ਰਾਪਤ ਹੋਵੇਗੀ। ਜਦੋਂ ਸ੍ਰੀ ਦਰਬਾਰ ਸਾਹਿਬ ਵਿਖੇ ਪਲੰਘ ਤੇ ਪੋਥੀ ਦਾ ਪ੍ਰਕਾਸ਼ ਕੀਤਾ ਜਾਂਦਾ ਤਾਂ ਗੁਰੂ ਅਰਜਨ ਦੇਵ ਜੀ ਆਪ ਉਸ ਤੋਂ ਨੀਵੀਂ ਥਾਂ ਤੇ ਬੈਠਦੇ। ਇਸੇ ਪਰੰਪਰਾ ਨੂੰ ਬਾਕੀ ਗੁਰੂ ਸਾਹਿਬਾਨ ਨੇ ਕਾਇਮ ਰੱਖਿਆ।

ਜਦੋਂ ਦਸਮ ਪਿਤਾ ਜੋਤੀ ਜੋਤਿ ਸਮਾਉਣ ਲੱਗੇ ਤਾਂ ਗਿਆਨੀ ਗਿਆਨ ਸਿੰਘ ਅਨੁਸਾਰ ਖਾਲਸਾ ਜੀ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਪਿਛਲੇ ਗੁਰੂ ਆਪਣੇ ਚੋਲਾ ਛੱਡਦੇ ਸਮੇਂ ਅੱਗੇ ਨੂੰ ਆਪਣੀ ਜਗ੍ਹਾ ਹੋਰ ਗੁਰੂ ਥਾਪ ਕੇ ਉਸਦੇ ਲੜ ਸੰਗਤ ਨੂੰ ਲਾਉਂਦੇ ਰਹੇ ਹਨ ਆਪ ਜੀ ਸਾਨੂੰ ਕਿਸ ਦੇ ਚਰਨੀਂ ਲਾ ਚੱਲੇ ਹੋ? (ਤਵਾਰੀਖ਼ ਖਾਲਸਾ)

"ਇਹ ਬੇਨਤੀ ਸਿੱਖਾਂ ਦੀ ਸੁਣ ਕੇ ਗੁਰੂ ਜੀ ਨੇ ਫ਼ਰਮਾਇਆ, ਭਾਈ ਸਿੱਖੋ! ਅਸੀਂ ਤੁਹਾਨੂੰ ਇਕ ਐਸੇ ਗੁਰੂ ਦੇ ਲੜ ਲਾਉਂਦੇ ਹਾਂ ਜੋ ਕਦੇ ਭੀ ਕਾਯਾ ਨਾ ਬਦਲੇ ਸਦਾ ਇਕ ਰਸ ਅਜਰ ਅਮਰ ਬਣਿਆ ਰਹੇ।....ਇਤਨੇ ਬਚਨ ਕਰਕੇ ਕਲਗੀਧਰ ਜੀ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਕਰ ਪੰਜ ਪੈਸੇ ਇਕ ਨਾਲੀਯੇਰ ਅੱਗੇ ਧਰ ਕੇ ਚਾਰ ਪਰਕਰਮਾ ਕਰ ਮੱਥਾ ਟੇਕ ਦਿੱਤਾ ਤੇ ਸਰਬ ਖਾਲਸੇ ਨੂੰ ਆਖਯਾ ਅੱਜ ਤੋਂ ਏਹ ਧਰਮ, ਅਰਥ, ਕਾਮ, ਮੋਖ ਦੇਣ ਹਾਰਾ ਸਰਬ ਸ਼ਕਤੀਵਾਨ ਗ੍ਰੰਥ ਤੁਸਾਡਾ ਸਤਿਗੁਰੂ ਹੋਯਾ।"

ਆਗਿਆ ਭਈ ਅਕਾਲ ਕੀ ਤਬੀ ਚਲਾਇਯੋ ਪੰਥ।
ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭੁ ਕਉ ਮਿਲਬੋ ਚਹੇ ਖੋਜ ਸਬਦ ਮੈਂ ਲੇਹ।

"ਏਸੇ ਹੁਕਮ ਨੂੰ ਸਭ ਸਿੱਖਾਂ ਨੇ ਮੰਨ ਕੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ, ਪ੍ਰਕਰਮਾ ਕੀਤੀਆਂ। ਓਸ ਦਿਨ ਤੋਂ ਸ੍ਰੀ (ਗੁਰੂ) ਗ੍ਰੰਥ ਸਾਹਿਬ ਜੀ ਨੂੰ ਸਤਿਗੁਰੂ ਮੰਨਣ ਲੱਗੇ।" (ਤਵਾਰੀਖ਼ ਖ਼ਾਲਸਾ, ਪੰਨਾ ੧੧੪੨)

ਅੱਜ ਹਾਲਤ ਇਹ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਜ਼ਰੂਰ ਮੰਨਦੇ ਹਾਂ, ਮਨ ਦੀਆਂ ਮੁਰਾਦਾਂ ਪੂਰੀਆਂ ਹੋਣ ਲਈ ਮੱਥਾ ਵੀ ਗੁਰੂ ਅੱਗੇ ਬੜੀ ਸ਼ਰਧਾ ਨਾਲ ਟੇਕਦੇ

ਹਾਂ ਪ੍ਰੰਤੂ 'ਪ੍ਰਗਟ ਗੁਰਾਂ ਕੀ ਦੇਹ' ਨਹੀਂ ਮੰਨਦੇ। ਜੇਕਰ ਮਨਾਂ ਅੰਦਰ ਅਜਿਹੀ ਭਾਵਨਾ ਹੋਵੇ ਤਾਂ ਜਿਨੀਆਂ ਭੁੱਲਾਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਰਦੇ ਹਾਂ ਉਹ ਕਦੇ ਨਾ ਕਰੀਏ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗੁਰਦੁਆਰਿਆਂ ਦੇ ਪ੍ਰਬੰਧਕਾਂ ਅਤੇ ਸਿਆਸੀ ਪਾਰਟੀਆਂ ਦੇ ਨੇਤਾਵਾਂ ਵਲੋਂ ਇਕ ਦੂਜੇ ਨੂੰ ਬੁਰਾ ਭਲਾ ਕਹਿੰਦਿਆਂ ਲੇਖਕ ਨੇ ਅੱਖੀਂ ਦੇਖਿਆ ਹੈ। ਇਸ ਤੋਂ ਵੱਡੀ ਲੱਜਿਆ ਵਾਲੀ ਕੋਈ ਹੋਰ ਗੱਲ ਨਹੀਂ ਹੋ ਸਕਦੀ।

ਅੱਜਕੱਲ੍ਹ ਕੀਰਤਨ ਦਰਬਾਰ ਜਾਂ ਖਾਲਸਾ ਪਬਲਿਕ ਸਕੂਲਾਂ ਦੇ ਬੱਚਿਆਂ ਦੇ ਸ਼ਬਦ ਕੀਰਤਨ ਦੇ ਮੁਕਾਬਲੇ ਆਮ ਕਰਵਾਏ ਜਾਂਦੇ ਹਨ। ਬੜੀ ਸ਼ਲਾਘਾਯੋਗ ਗੱਲ ਹੈ ਪਰ ਅਜਿਹੇ ਸਮਾਗਮਾਂ ਪਿਛੇ ਜੋ ਭਾਵਨਾ ਹੋਣੀ ਚਾਹੀਦੀ ਹੈ ਉਸਦੀ ਬਹੁਤ ਵਾਰੀ ਘਾਟ ਮਹਿਸੂਸ ਹੁੰਦੀ ਹੈ। ਸਕੂਲੀ ਬੱਚਿਆਂ ਦੇ ਮੁਕਾਬਲੇ ਵੇਲੇ ਬਹੁਤ ਵਾਰੀ ਦੇਖਿਆ ਗਿਆ ਹੈ ਕਿ ਕਿਸੇ ਬਾ-ਰਸੂਖ ਵਿਅਕਤੀ ਨੂੰ ਉਚੇਚੇ ਤੌਰ ਤੇ ਆਉਣ ਲਈ ਬੇਨਤੀ ਕੀਤੀ ਜਾਂਦੀ ਹੈ ਜਿਸਦਾ ਸੰਬੰਧ ਬਹੁਤਾ ਕਰਕੇ ਕਿਸੇ ਸਿਆਸੀ ਜਾਂ ਸਰਕਾਰੀ ਪ੍ਰਸ਼ਾਸਨ ਨਾਲ ਹੁੰਦਾ ਹੈ ਅਤੇ ਉਸਨੂੰ ਮੁੱਖ ਮਹਿਮਾਨ ਦਾ ਨਾਮ ਦਿੱਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਟੇਜ ਤੋਂ ਵਾਰ-ਵਾਰ ਆਖਿਆ ਜਾਂਦਾ ਹੈ ਕਿ ਮੁੱਖ ਮਹਿਮਾਨ ਪੁੱਜਣ ਵਾਲੇ ਹਨ ਉਨ੍ਹਾਂ ਦਾ ਸੁਆਗਤ ਸੰਗਤ ਜੈਕਾਰਿਆਂ ਨਾਲ ਕਰੇ। ਇਹ ਇਕ ਬਹੁਤ ਮੰਦਭਾਗੀ ਰੁਚੀ ਹੈ ਜਿਸਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਥੋੜ੍ਹੀ ਹੈ। ਇਹ ਗੱਲ ਦ੍ਰਿੜ੍ਹ ਕਰਨ ਵਾਲੀ ਹੈ ਕਿ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਹੋਵੇ ਉੱਥੇ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕੋਈ ਮੁੱਖ ਮਹਿਮਾਨ ਨਹੀਂ ਹੋ ਸਕਦਾ।

ਕਾਫ਼ੀ ਪੁਰਾਣੀ ਗੱਲ ਹੈ ਮੈਂ ਇਕ ਕੀਰਤਨ ਦਰਬਾਰ ਦੀ ਰੀਕਾਰਡਿੰਗ ਕਰਨ ਗਿਆ। ਉਸ ਕੀਰਤਨ ਦਰਬਾਰ ਤੇ ਪੰਜਾਬ ਦੇ ਗਵਰਨਰ ਨੇ ਆਉਣਾ ਸੀ। ਕੀਰਤਨ ਦਰਬਾਰ ਦੇ ਪ੍ਰਬੰਧਕਾਂ ਨੇ ਕੀਰਤਨ ਤਾਂ ਸ੍ਰਵਣ ਕੀ ਕਰਨਾ ਸੀ ਉਹ ਬਾਹਰ ਗੇਟ ਤੇ ਹੱਥਾਂ ਵਿਚ ਹਾਰ ਫੜ ਕੇ ਪਤਾ ਨਹੀਂ ਕਿੰਨੀ ਦੇਰ ਖਲੋਤੇ ਰਹੇ। ਗਵਰਨਰ ਸਾਹਿਬ ਆਏ ਅਤੇ ਕੁਝ ਮਿੰਟਾਂ ਲਈ ਬੈਠ ਕੇ ਚਲੇ ਗਏ। ਜਦੋਂ ਪ੍ਰਬੰਧਕ ਗਵਰਨਰ ਨੂੰ ਛੱਡ ਕੇ ਵਾਪਸ ਪਰਤੇ ਤਾਂ ਉਨ੍ਹਾਂ ਦੇ ਚਿਹਰੇ ਬੜੇ ਉਤਰੇ ਹੋਏ ਸਨ। ਇੰਜ ਜਾਪਦੇ ਸਨ ਜਿਵੇਂ ਕੋਈ ਬੜੀ ਅਮੋਲਕ ਚੀਜ਼ ਖੁੱਸ ਗਈ ਹੋਵੇ। ਸੰਗਤ ਵਿਚੋਂ ਉੱਠ ਕੇ ਕਿਸੇ ਵਿਅਕਤੀ ਨੂੰ ਵਿਦਾ ਕਰਨ ਨਹੀਂ ਜਾਣਾ ਚਾਹੀਦਾ ਕਿਉਂਕਿ ਗੁਰੂ ਤੋਂ ਵੱਡਾ ਹੋਰ ਕੋਈ ਨਹੀਂ ਹੈ। ਗੁਰਵਾਕ ਹੈ :

ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ॥
ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ॥

(ਸਿਰੀਰਾਗੁ ਮਹਲਾ ੫, ਅੰਗ ੫੨)

ਅਥਵਾ :

ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ॥ *(ਅੰਗ ੫੨)*

ਇਕ ਹੋਰ ਬਹੁਤ ਵੱਡੀ ਕੁਰੀਤੀ ਹੈ ਜੋ ਵਾਰ-ਵਾਰ ਦੁਹਰਾਈ ਜਾਂਦੀ ਹੈ। ਜਦੋਂ ਕੋਈ ਧਾਰਮਿਕ ਸਮਾਗਮ ਹੁੰਦਾ ਹੈ ਤਾਂ ਸਟੇਜ ਸਕੱਤਰ ਇਹ ਵਾਰ-ਵਾਰ ਦੁਹਰਾਉਂਦੇ ਰਹਿੰਦੇ ਹਨ ਕਿ 'ਫਲਾਂ' 'ਫਲਾਂ' ਵੀ ਆਪਣੀ ਹਾਜ਼ਰੀ ਲਾਉਣ ਲਈ ਆਏ ਹਨ ਜਾਂ ਪਰਿਵਾਰ ਨਾਲ ਖੁਸ਼ੀ ਜਾਂ ਗ਼ਮੀ ਨੂੰ ਸਾਂਝਿਆਂ ਕਰਨ ਲਈ ਆਏ ਹਨ। ਇਹ ਬੜੀ ਹਾਸੋ-ਹੀਣੀ ਗੱਲ ਹੈ। ਕੀ ਬਾਕੀ ਦੀ ਜੋ ਸੰਗਤ ਬੈਠੀ ਹੁੰਦੀ ਹੈ ਉਹ ਗ਼ੈਰ-ਹਾਜ਼ਰ ਹੁੰਦੀ ਹੈ? ਕੀ ਉਨ੍ਹਾਂ ਦੀ ਹਾਜ਼ਰੀ ਗੁਰੂ ਘਰ ਵਿਚ ਨਹੀਂ ਲੱਗਦੀ? ਅਜਿਹੀਆਂ ਗੱਲਾਂ ਅਸਮਾਨਤਾ

ਨੂੰ ਉਤਸ਼ਾਹਿਤ ਕਰਦੀਆਂ ਹਨ ਅਤੇ ਉਚ-ਨੀਚ ਨੂੰ ਬੜ੍ਹਾਵਾ ਦਿੰਦੀਆਂ ਹਨ। ਗੁਰੂ ਘਰ ਵਿਚ ਕੋਈ ਵੱਡਾ ਛੋਟਾ ਨਹੀਂ, ਸਭ ਇਕ ਸਮਾਨ ਹਨ। ਗੁਰਵਾਕ ਹੈ :

ਤੂ ਸਭ ਮਹਿ ਏਕੁ ਵਰਤਦਾ ਸਭ ਮਾਹਿ ਸਮਾਣਾ॥

(ਰਾਗੁ ਗਉੜੀ ਕੀ ਵਾਰ ਮਹਲਾ ੫, ਅੰਗ ੩੧੮)

ਅਥਵਾ :

ਏਕੋ ਏਕੁ ਵਰਤੈ ਸਭ ਸੋਈ॥
ਗੁਰਮੁਖਿ ਵਿਰਲਾ ਬੂਝੈ ਕੋਈ॥
ਏਕੋ ਰਵਿ ਰਹਿਆ ਸਭਿ ਅੰਤਰਿ
ਤਿਸੁ ਬਿਨੁ ਅਵਰੁ ਨ ਕੋਈ ਹੇ॥

(ਰਾਗੁ ਮਾਰੂ ਸੋਲਹੇ ਮਹਲਾ ੩, ਅੰਗ ੧੦੪੪)

1973-74 ਦੀ ਗੱਲ ਹੈ ਕਿ ਇਕ ਸ਼ਹਿਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਮਨਾਇਆ ਜਾ ਰਿਹਾ ਸੀ। ਬੜੀ ਸੰਗਤ ਜੁੜੀ ਹੋਈ ਸੀ। ਰਸ-ਭਿੰਨਾ ਕੀਰਤਨ ਹੋ ਰਿਹਾ ਸੀ। ਐਨੇ ਨੂੰ ਸੰਗਤ 'ਚੋਂ ਉੱਠ ਕੇ ਕੁਝ ਸੱਜਣ ਕਾਹਲੀ ਵਿਚ ਸਾਹਮਣਿਓਂ ਆ ਰਹੇ ਇਕ ਜੱਥੇ ਨੂੰ ਜੀ ਆਇਆਂ ਕਹਿਣ ਲਈ ਉਨ੍ਹਾਂ ਵੱਲ ਚਲੇ ਗਏ। ਅੱਗੋਂ ਜਥੇ ਦੇ ਮੁਖੀ ਸੰਤ ਕਰਤਾਰ ਸਿਘ ਜੀ ਦਮਦਮੀ ਟਕਸਾਲ ਵਾਲੇ ਕੁਝ ਕਹਿ ਕੇ ਵਾਪਸ ਚਲੇ ਗਏ। ਪ੍ਰਬੰਧਕ ਵਾਪਸ ਆ ਕੇ ਸੰਗਤ ਵਿਚ ਬੈਠ ਗਏ। ਛੇਤੀ ਹੀ ਜਥਾ ਵੀ ਮੁੜ ਵਾਪਸ ਪਰਤ ਆਇਆ।

ਇਸ ਗੱਲ ਦਾ ਬਾਅਦ ਵਿਚ ਪਤਾ ਚਲਿਆ ਕਿ ਜੋ ਪ੍ਰਬੰਧਕ ਜਥੇ ਦੇ ਸੁਆਗਤ ਲਈ ਗਏ ਸਨ ਉਨ੍ਹਾਂ ਨੂੰ ਸੰਤ ਜੀ ਨੇ ਕਿਹਾ ਸੀ ਕਿ ਆਪ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚੋਂ ਉੱਠ ਕੇ ਆਏ ਹੋ, ਕਿਰਪਾ ਕਰਕੇ ਸੰਗਤ ਵਿਚ ਜਾ ਬੈਠੋ, ਅਸੀਂ ਆਪ ਹੀ ਆ ਜਾਵਾਂਗੇ। ਗੁਰਮਤਿ ਦੇ ਪੱਖ ਤੋਂ ਇਹ ਘਟਨਾ ਬੜੀ ਮਹੱਤਵਪੂਰਨ ਹੈ ਅਤੇ ਮੈਂ ਆਪਣੇ ਜੀਵਨ ਵਿਚ ਇਹ ਸਭ ਕੁਝ ਪਹਿਲੀ ਵਾਰੀ ਤੱਕਿਆ ਸੀ।

'ਗੁਰੂ ਮਾਨਿਓ ਗ੍ਰੰਥ ਜੀ ਪ੍ਰਗਟ ਗੁਰਾਂ ਕੀ ਦੇਹ' ਜਿਸਦਾ ਪ੍ਰਣ ਅਸੀਂ ਨਿੱਤ ਅਰਦਾਸ ਤੋਂ ਬਾਅਦ ਕਰਦੇ ਹਾਂ, ਇਸ਼ ਤੇ ਅਸੀਂ ਕਿੰਨਾ ਕੁ ਅਮਲ ਕਰਦੇ ਹਾਂ, ਇਹ ਅਸੀਂ ਸਾਰੇ ਭਲੀ-ਭਾਂਤ ਜਾਣਦੇ ਹਾਂ। ਫਿਰ ਵੀ ਇਸ ਗੱਲ ਨੂੰ ਦੁਹਰਾਇਆ ਜਾਂਦਾ ਹੈ ਕਿ ਗੁਰਮਤਿ ਦੇ ਗਾਡੀ ਰਾਹ ਤੇ ਚੱਲਣ ਲਈ ਸਾਡੇ ਅੰਦਰ ਇਹ ਨਿਸ਼ਚਾ ਬਣਿਆ ਰਹਿਣਾ ਚਾਹੀਦਾ ਹੈ ਕਿ :

ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ॥

(ਸਿਰੀਰਾਗੁ ਮਹਲਾ ੫, ਅੰਗ ੫੩)

ਅਥਵਾ :

ਸਬਦਿ ਗੁਰੂ ਭਵ ਸਾਗਰੁ ਤਰੀਐ ਇਤ ਉਤ ਏਕੋ ਜਾਣੈ॥
ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ॥

(ਸਿਧ ਗੋਸਟਿ, ਅੰਗ ੯੪੪)

(99)

ਗੁਰਬਾਣੀ ਦਾ ਸਤਿਕਾਰ ਕਰੀਏ

ਜਦੋਂ ਗੁਰੂ ਨਾਨਕ ਦੇਵ ਜੀ ਅੰਤਰ ਧਿਆਨ ਹੋ ਕੇ ਪ੍ਰਭੂ ਚਰਨਾਂ ਵਿਚ ਸੁਰਤ ਜੋੜਦੇ ਤਾਂ ਸੁਤੇ ਹੀ ਬਾਣੀ ਦਾ ਪ੍ਰਵਾਹ ਚੱਲ ਪੈਂਦਾ। ਗੁਰੂ ਜੀ ਵਜਦ ਵਿਚ ਆ ਕੇ ਭਾਈ ਮਰਦਾਨਾ ਜੀ ਨੂੰ ਆਖਦੇ 'ਮਰਦਾਨਿਆ ਰਬਾਬ ਛੇੜ, ਬਾਣੀ ਆਈ ਏ'। ਇਹ ਧੁਰ ਕੀ ਬਾਣੀ ਮਨੁੱਖ ਦੀ ਕਾਇਆ ਕਲਪ ਕਰ ਦਿੰਦੀ ਹੈ। ਸਾਰੇ ਰੋਗ, ਚਿੰਤਾਵਾਂ ਅਤੇ ਫ਼ਿਕਰ ਦੂਰ ਹੋ ਜਾਂਦੇ ਹਨ। ਮਨ ਸਦਾ ਅਨੰਦ ਤੇ ਖੇੜੇ ਵਿਚ ਵਿਚਰਦਾ ਹੈ :

ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥
ਦਇਆਲ ਪੁਰਖ ਮਿਹਰਵਾਨਾ॥ ਹਰਿ ਨਾਨਕ ਸਾਚੁ ਵਖਾਨਾ॥
(ਰਾਗੁ ਸੋਰਠਿ ਮਹਲਾ ੫, ਅੰਗ ੬੨੮)

ਅਥਵਾ :

ਅੰਮ੍ਰਿਤ ਬਾਣੀ ਗੁਰ ਕੀ ਮੀਠੀ॥
ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ
ਦਰਿ ਸਚੈ ਸਬਦੁ ਵਜਾਵਣਿਆ॥ *(ਰਾਗੁ ਮਾਝ ਮਹਲਾ ੩, ਅੰਗ ੧੧੩)*

ਗੁਰੂ ਸਾਹਿਬਾਨ ਅਤੇ ਸੰਤਾਂ ਭਗਤਾਂ ਦੀ ਰਚੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਦੀ ਦਿਬ-ਦ੍ਰਿਸ਼ਟੀ ਨੇ ਸੰਪਾਦਨਾ ਕਰਕੇ ਆਦਿ ਗ੍ਰੰਥ ਦੀ ਰਚਨਾ ਕੀਤੀ, ਜੋ ਲੋਕਾਈ ਅਤੇ ਸਮਾਜ ਤੇ ਬਹੁਤ ਵੱਡਾ ਉਪਕਾਰ ਸੀ। ਇਸੇ ਬਾਣੀ ਤੋਂ ਅੰਮ੍ਰਿਤ ਦਾ ਸੰਚਾਰ ਹੋਇਆ ਜਿਸ ਦੀ ਇਕ ਬੂੰਦ ਪੀ ਕੇ ਚਿੜੀਆਂ ਨੇ ਬਾਜ਼ਾਂ ਨੂੰ ਭਾਜੜਾਂ ਪਾਈਆਂ। ਮੁੱਠੀ ਭਰ ਸਿੰਘ ਦੁਸ਼ਮਣ ਦੀ ਲੱਖਾਂ ਦੀ ਗਿਣਤੀ ਵਿਚ ਫੌਜ ਨਾਲ ਜੂਝਦੇ ਰਹੇ। ਅਣਗਿਣਤ ਪਰਵਾਨੇ ਹਸੂੰ-ਹਸੂੰ ਕਰਦੇ ਆਪਣੇ ਦੇਸ਼ ਤੇ ਕੌਮ ਦੀ ਅਣਖ ਲਈ ਕੁਰਬਾਨ ਹੋ ਗਏ। ਉਨ੍ਹਾਂ ਦੇ ਬੰਦ-ਬੰਦ ਕੱਟੇ ਗਏ ਪਰ ਸੀ ਨਹੀਂ ਕੀਤੀ। ਸਿਰਾਂ ਤੋਂ ਖੋਪੜੀਆਂ ਵੱਖ ਕੀਤੀਆਂ ਗਈਆਂ ਪਰ ਉਹ ਡੋਲੇ ਨਹੀਂ। ਆਰਿਆਂ ਨਾਲ ਤਨ ਚੀਰੇ ਗਏ ਪਰ ਉਹ ਮੁੱਖ ਤੋਂ ਬਾਣੀ ਉਚਾਰਦੇ ਰਹੇ। ਗੁਰੂ ਅਰਜਨ ਦੇਵ ਜੀ ਦਾ ਲਾਲ ਸੁਰਖ ਤਵੀ ਅਤੇ ਸੜਦੀ ਰੇਤ ਨਾਲ ਭਾਵੇਂ ਸਾਰਾ ਸਰੀਰ ਝੁਲਸ ਗਿਆ, ਛਲਣੀ-ਛਲਣੀ ਹੋ ਗਿਆ ਪਰ ਆਤਮਾ ਅਡੋਲ ਰਹੀ ਅਤੇ ਮਨ ਵਿਚ ਬਾਣੀ ਦਾ ਇਹ ਸੂਖਮ ਨਾਦ ਗੂੰਜ ਰਿਹਾ ਸੀ :

ਤੇਰਾ ਕੀਆ ਮੀਠਾ ਲਾਗੈ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥
(ਰਾਗੁ ਆਸਾ ਮਹਲਾ ੫, ਅੰਗ ੩੯੪)

ਗੁਰਮਤਿ ਦੇ ਧਾਰਨੀ ਵਿਅਕਤੀ ਨੂੰ ਹੋਰ ਕਿਸੇ ਪਾਸੇ ਦੀ ਭਟਕਣਾ ਨਹੀਂ ਰਹਿੰਦੀ। ਗੁਰੂ ਦੀ ਉਚਾਰੀ ਹੋਈ ਬਾਣੀ ਹੀ ਉਸਦਾ ਗੁਰੂ ਹੈ ਕਿਉਂਕਿ ਬਾਣੀ ਵਿਚ ਗੁਰੂ ਆਪ

ਮੌਜੂਦ ਹੈ। ਬਾਣੀ ਅੰਮ੍ਰਿਤ ਨਾਲ ਭਰਪੂਰ ਹੈ ਅਤੇ ਜੋ ਪ੍ਰਾਣੀ ਗੁਰੂ ਦੀ ਉਚਾਰੀ ਹੋਈ ਬਾਣੀ ਵਿਚ ਸ਼ਰਧਾ ਰੱਖਦਾ ਹੈ, ਇਸਨੂੰ ਆਪਣੇ ਮਨ ਵਿਚ ਧਾਰਦਾ ਹੈ ਤਾਂ ਨਿਸ਼ਚੇ ਹੀ ਗੁਰੂ ਅਜਿਹੇ ਸੇਵਕ ਨੂੰ ਭਵ-ਸਾਗਰ ਤੋਂ ਪਾਰ ਲੰਘਾ ਦਿੰਦਾ ਹੈ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥

(ਰਾਗੁ ਨਟ ਨਰਾਇਨ ਮਹਲਾ ੪, ਅੰਗ ੯੮੨)

ਇਥੇ ਇਸੇ ਗੱਲ ਦਾ ਵਰਨਣ ਕਰਨਾ ਬਹੁਤ ਜ਼ਰੂਰੀ ਹੈ ਕਿ ਕੁਝ ਚਤੁਰ ਲੋਕ ਸਿੱਧੇ ਸਾਦੇ ਲੋਕਾਂ ਨੂੰ ਭੁਲੇਖੇ ਵਿਚ ਪਾਉਣ ਲਈ 'ਪਰਤਖਿ' ਸ਼ਬਦ ਦੇ ਅਰਥ 'ਦੇਹਧਾਰੀ' ਵਜੋਂ ਕਰਦੇ ਹਨ ਜੋ ਬਿਲਕੁਲ ਨਿਰਮੂਲ ਹੈ। ਜੇਕਰ 'ਪਰਤਖਿ' ਵਾਲੀ ਤੁਕ ਨੂੰ ਪਹਿਲੀ ਤੁਕ ਨਾਲ ਮਿਲਾ ਕੇ ਪਾਠ ਕੀਤਾ ਜਾਵੇ ਤਾਂ ਇਹ ਸ਼ੰਕਾ ਸੁਤੇ ਹੀ ਦੂਰ ਹੋ ਜਾਂਦੀ ਹੈ।

ਗੁਰੂ ਦੀ ਬਾਣੀ ਆਤਮਿਕ ਜੀਵਨ ਦੇਣ ਵਾਲੀ ਹੈ। ਇਸਨੂੰ ਸੁਣ ਕੇ, ਵਾਰ-ਵਾਰ ਸੁਣ ਕੇ ਪ੍ਰਾਣੀ ਦੀ ਉੱਚੀ ਅਵਸਥਾ ਬਣ ਜਾਂਦੀ ਹੈ। ਵਿਕਾਰਾਂ ਦੀ ਅੱਗ ਵਿਚ ਸੜ ਰਿਹਾ ਮਨ ਸੀਤਲ ਹੋ ਜਾਂਦਾ ਹੈ। ਮਨ ਅੰਦਰ ਸ਼ਾਂਤੀ ਆ ਵੱਸਦੀ ਹੈ। ਗੁਰਵਾਕ ਹੈ :

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥
ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥
ਜਲਨਿ ਬੁਝੀ ਸੀਤਲੁ ਹੋਇ ਮਨੂਆ
ਸਤਿਗੁਰ ਕਾ ਦਰਸਨੁ ਪਾਏ ਜੀਉ॥

(ਰਾਗੁ ਮਾਝ ਮਹਲਾ ੫, ਅੰਗ ੧੦੩)

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਅਜਿਹੇ ਨੇਮ-ਬੱਧ ਢੰਗ ਨਾਲ ਕੀਤੀ ਕਿ ਇਸ ਵਿਚ ਕੋਈ ਸ਼ਬਦ ਘੱਟ ਵੱਧ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਅੱਗੇ ਪਿੱਛੇ।

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਵੇਲੇ ਖਾਲਸੇ ਨੂੰ 'ਗੁਰੂ ਮਾਨਿਓ ਗ੍ਰੰਥ' ਦਾ ਆਦੇਸ਼ ਦੇ ਕੇ ਸ਼ਬਦ ਗੁਰੂ ਭਾਵ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਤਾਂ ਕਿ ਦੰਭੀ ਅਤੇ ਪਾਖੰਡੀ ਸਾਧੂ ਸੰਤਾਂ ਤੋਂ ਖਾਲਸਾ ਸੁਚੇਤ ਰਹੇ।

ਗੁਰਬਾਣੀ ਦੀ ਪਵਿੱਤਰਤਾ ਨੂੰ ਮੁੱਖ ਰੱਖਦੇ ਹੋਏ ਗੁਰੂ ਸਾਹਿਬ ਉਨ੍ਹਾਂ ਗੁਰਸਿੱਖਾਂ ਨੂੰ ਮੂੰਹ ਮੰਗਿਆ ਇਨਾਮ ਦਿੰਦੇ ਜੋ ਗੁਰਬਾਣੀ ਨੂੰ ਸਹੀ ਅਤੇ ਸ਼ੁੱਧ ਰੂਪ ਵਿਚ ਪੜ੍ਹਦੇ। ਗੁਰੂ ਹਰਿਗੋਬਿੰਦ ਸਾਹਿਬ ਦੇ ਦਰਬਾਰ ਵਿਚ ਜਦੋਂ ਇਕ ਸਿੱਖ ਨੇ 'ਜਪੁ' ਜੀ ਦਾ ਪਾਠ ਸ਼ੁੱਧ ਰੂਪ ਵਿਚ ਪੜ੍ਹ ਕੇ ਸੁਣਾਇਆ ਤਾਂ ਗੁਰੂ ਜੀ ਨੇ ਉਸ ਨੂੰ ਮੂੰਹ ਮੰਗਿਆ ਇਨਾਮ ਦਿੱਤਾ। ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਕਿਹਾ ਕਿ ਗੁਰਸਿੱਖਾ ਗੁਰੂ ਨਾਨਕ ਦੇਵ ਜੀ ਦੀ ਗੋਲਕ 'ਚੋਂ ਜੋ ਕੁਝ ਮੰਗਣਾ ਹੈ, ਮੰਗ ਲੈ ਪਰ ਸਿੱਖ ਨੇ ਗੁਰੂ ਜੀ ਪਾਸੋਂ ਇਕ ਘੋੜਾ ਹੀ ਮੰਗਿਆ। ਇਤਿਹਾਸ ਵਿਚ ਉਸ ਗੁਰਸਿੱਖ ਦਾ ਨਾਮ ਭਾਈ ਗੋਪਾਲ ਜੀ ਕਰਕੇ ਆਇਆ ਹੈ।

ਇਹ ਉਦਾਹਰਣ ਦੇਣ ਤੋਂ ਭਾਵ ਇਹ ਹੈ ਕਿ ਗੁਰਬਾਣੀ ਨੂੰ ਸ਼ੁੱਧ ਰੂਪ ਵਿਚ ਪੜ੍ਹਨਾ ਤੇ ਉਚਾਰਨ ਕਰਨਾ ਬਹੁਤ ਜ਼ਰੂਰੀ ਹੈ। ਇਹ ਤਾਂ ਧੁਰ ਕੀ ਬਾਣੀ ਹੈ। ਇਸ ਵਿਚ ਕਿਸੇ ਪ੍ਰਕਾਰ ਦਾ ਰਲਾ ਨਹੀਂ ਕੀਤਾ ਜਾ ਸਕਦਾ, ਕੋਈ ਵੀ ਲਗ-ਮਾਤਰ ਵਧਾਈ ਜਾਂ ਘਟਾਈ ਨਹੀਂ ਜਾ ਸਕਦੀ।

ਪਰ ਅਫ਼ਸੋਸ ਇਸ ਗੱਲ ਤੇ ਹੈ ਕਿ ਅੱਜ ਕਵਿਤਾਵਾਂ, ਕਹਾਣੀਆਂ ਅਤੇ ਹੋਰ ਲੇਖਾਂ ਵਿਚ ਗੁਰਬਾਣੀ ਦੀਆਂ ਤੁਕਾਂ ਨੂੰ ਤੋੜ-ਮਰੋੜ ਕੇ ਲਿਖਿਆ ਜਾ ਰਿਹਾ ਹੈ। ਸਿਆਸੀ ਜਾਂ ਹੋਰ ਨੇਤਾ ਬੜੇ ਬੜੇ ਇਕੱਠਾਂ ਵਿਚ ਜਦੋਂ ਭਾਸ਼ਣ ਦਿੰਦੇ ਹਨ ਤਾਂ ਸਰੋਤਿਆਂ ਤੇ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣ ਲਈ ਦੋ ਤਿੰਨ ਤੁਕਾਂ ਗੁਰਬਾਣੀ ਦੀਆਂ ਪ੍ਰਮਾਣ ਵਜੋਂ ਜ਼ਰੂਰ ਬੋਲਦੇ ਹਨ, ਭਾਵੇਂ ਉਨ੍ਹਾਂ ਦਾ ਉਚਾਰਨ ਗ਼ਲਤ ਹੀ ਕਿਉਂ ਨਾ ਹੋਵੇ। ਇਸ ਗੱਲ ਤੇ ਕਿਸੇ ਨੂੰ ਇਤਰਾਜ਼ ਨਹੀਂ ਹੋ ਸਕਦਾ ਸਗੋਂ ਇਹ ਇਕ ਉਸਾਰੂ ਰੁਚੀ ਹੈ। ਪ੍ਰੰਤੂ ਦੁੱਖ ਕੇਵਲ ਉਸ ਵੇਲੇ ਹੁੰਦਾ ਹੈ ਜਦੋਂ ਗੁਰੂ ਕੀ ਬਾਣੀ ਨੂੰ ਅਸ਼ੁੱਧ ਰੂਪ ਵਿਚ ਪੜ੍ਹਿਆ ਜਾਂਦਾ ਹੈ।

ਰੇਡੀਓ ਅਤੇ ਟੀ. ਵੀ. ਤੇ ਕਈ ਵਾਰ ਗੁਰਬਾਣੀ ਸਹੀ ਰੂਪ ਵਿਚ ਪ੍ਰਸਾਰਤ ਨਹੀਂ ਕੀਤੀ ਜਾਂਦੀ, ਅਸ਼ੁੱਧ ਗੁਰਬਾਣੀ ਦਾ ਉਚਾਰਨ ਕੀਤਾ ਜਾਂਦਾ ਹੈ ਅਤੇ ਵਾਰ-ਵਾਰ ਉਸ ਗਲਤੀ ਨੂੰ ਦੁਹਰਾਇਆ ਜਾਂਦਾ ਹੈ। ਧਾਰਮਿਕ ਅਸਥਾਨਾਂ ਤੇ ਵੀ ਕਈ ਵਾਰੀ ਗੁਰਬਾਣੀ ਅਸ਼ੁੱਧ ਪੜ੍ਹੀ ਜਾਂਦੀ ਹੈ ਜਿਸਦਾ ਕਾਰਨ ਇਹੋ ਹੈ ਕਿ ਉੱਥੇ ਦੇ ਪ੍ਰਬੰਧਕ ਆਪ ਗੁਰਬਾਣੀ ਵਿਚ ਬਹੁਤੇ ਸਿਆਣੇ ਨਹੀਂ ਹੁੰਦੇ।

ਕੁਝ ਸਮਾਂ ਪਹਿਲਾਂ ਦੀ ਗੱਲ ਹੈ ਜਲੰਧਰ ਸ਼ਹਿਰ ਦੇ ਇਕ ਪ੍ਰਸਿੱਧ ਗੁਰਦੁਆਰਾ ਸਾਹਿਬ ਵਿਚ ਮ੍ਰਿਤਕ ਦੀ ਅੰਤਿਮ ਅਰਦਾਸ 'ਤੇ ਬੜੀ ਸੰਗਤ ਜੁੜੀ ਹੋਈ ਸੀ। ਇਕ ਸੱਜਣ ਸਵਰਗਵਾਸੀ ਵਿਅਕਤੀ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਉੱਠੇ। ਇਸ ਦੌਰਾਨ ਉਨ੍ਹਾਂ ਨੇ ਸਭ ਤੋਂ ਪਹਿਲਾਂ ਜੋ ਗੁਰਬਾਣੀ ਵਿਚੋਂ ਪ੍ਰਮਾਣ ਦਿੱਤਾ, ਉਹ ਸੀ :

'ਰਾਮ ਰਹਿਓ ਰਾਵਨ ਰਹਿਓ ਜਾ ਕਉ ਬਹੁ ਪਰਵਾਰ' ਜਿਸਦਾ ਸ਼ੁੱਧ ਪਾਠ ਹੈ :

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥

(ਸਲੋਕ ਮਹਲਾ ੯, ਅੰਗ ੧੪੨੯)

ਇਸ ਵਿਚ ਕੋਈ ਸ਼ੰਕਾ ਵਾਲੀ ਗੱਲ ਨਹੀਂ ਕਿ ਮਨ ਵਿਚ ਜੋ ਸ਼ਬਦ ਹੁੰਦੇ ਹਨ ਉਹ ਕਈ ਵਾਰੀ ਘਬਰਾਹਟ ਵਿਚ ਜ਼ਬਾਨ ਵਿਚੋਂ ਗ਼ਲਤ ਨਿਕਲ ਜਾਂਦੇ ਹਨ ਪਰ ਉਨ੍ਹਾਂ ਨੇ ਗੁਰਬਾਣੀ ਵਿਚੋਂ ਜਦੋਂ ਇਕ ਹੋਰ ਪ੍ਰਮਾਣ ਦਿੱਤਾ ਉਸ ਨਾਲ ਮਨ ਬੜਾ ਦੁਖੀ ਹੋਇਆ। ਐਨੀ ਵੱਡੀ ਧਾਰਮਿਕ ਸਟੇਜ ਤੋਂ ਗੁਰਬਾਣੀ ਦਾ ਐਨਾ ਵੱਡਾ ਅਪਮਾਨ। ਪ੍ਰਮਾਣ ਸੀ :

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥ *(ਅੰਗ ੧੩੮੧)*

ਸ਼ਰਧਾਂਜਲੀ ਦੇਣ ਵਾਲੇ ਸੱਜਣ ਨੇ ਬਾਬਾ ਫ਼ਰੀਦ ਜੀ ਦਾ ਇਹ ਸਲੋਕ ਇਸ ਤਰ੍ਹਾਂ ਪੜ੍ਹਿਆ :

ਫਰੀਦਾ ਕਿਥੇ ਤੈਂਡੇ ਮਾਪੇ ਜਿਨੀ ਤੂੰ ਜਣਿਆ।
ਉਹ ਸਾਰੇ ਲਦ ਗਏ ਤੂੰ ਅਜੇ ਨ ਪਤੀਣੋਂ।

ਅਜਿਹੀਆਂ ਬੇਅੰਤ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜਿੱਥੇ ਧਾਰਮਿਕ ਅਸਥਾਨਾਂ ਅਤੇ ਸਮਾਗਮਾਂ, ਸਿਆਸੀ ਅਤੇ ਸਭਿਆਚਾਰਕ ਸਟੇਜਾਂ ਅਤੇ ਰੇਡੀਓ ਅਤੇ ਟੀ. ਵੀ. ਆਦਿ ਤੇ ਗੁਰਬਾਣੀ ਅਸ਼ੁੱਧ ਰੂਪ ਵਿਚ ਪੜ੍ਹੀ ਜਾਂਦੀ ਹੈ।

ਗੁਰਬਾਣੀ ਨੂੰ ਪੜ੍ਹਨ ਅਤੇ ਸਮਝਣ ਲਈ ਕੁਝ ਨਿਯਮ ਹਨ। ਇਸਦੀ ਆਪਣੀ ਵਿਆਕਰਣ ਹੈ। ਜੇਕਰ ਇਸਦੀ ਪਵਿੱਤਰਤਾ ਵੱਲ ਧਿਆਨ ਦਿੱਤਾ ਜਾਵੇ ਤਾਂ ਅਰਥ

ਤੋਂ ਅਨਰਥ ਹੋਣੋਂ ਬਚਿਆ ਜਾ ਸਕਦਾ ਹੈ। ਇਕ ਗੱਲ ਹੋਰ ਜੋ ਇੱਥੇ ਵਰਨਣਯੋਗ ਹੈ ਕਿ ਆਮ ਤੌਰ ਤੇ ਧਾਰਮਿਕ ਪੁਸਤਕਾਂ ਵਿਚੋਂ ਗੁਰਬਾਣੀ ਦੀਆਂ ਤੁਕਾਂ ਲੈ ਕੇ ਕੰਮ ਸਾਰ ਲਿਆ ਜਾਂਦਾ ਹੈ ਜੋ ਕਈ ਵਾਰੀ ਪੂਰੀ ਤਰ੍ਹਾਂ ਨਾਲ ਠੀਕ ਨਹੀਂ ਲਿਖੀਆਂ ਹੁੰਦੀਆਂ ਜਾਂ ਲਗਾਂ-ਮਾਤਰਾਂ ਘੱਟ-ਵੱਧ ਹੁੰਦੀਆਂ ਹਨ। ਇਸੇ ਤਰ੍ਹਾਂ ਇਕ ਲਿਖਾਰੀ ਤੋਂ ਦੂਜੇ ਲਿਖਾਰੀ ਤੱਕ ਇਹ ਸਿਲਸਿਲਾ ਚਲਦਾ ਰਹਿੰਦਾ ਹੈ। ਕਈ ਵਾਰੀ ਇਕ ਦੂਜੇ ਪਾਸੋਂ ਗੁਰਬਾਣੀ ਸੁਣ ਕੇ ਸ਼ਬਦ ਕੰਠ ਕਰ ਲਏ ਜਾਂਦੇ ਹਨ। ਇਹ ਵੀ ਠੀਕ ਰੁਚੀ ਨਹੀਂ। ਗੁਰਬਾਣੀ ਵਿਚੋਂ ਪ੍ਰਮਾਣ ਦੇਣ ਲਈ ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚੋਂ ਲੈ ਕੇ ਲਿਖਿਆ ਤੇ ਕੰਠ ਕੀਤਾ ਜਾਵੇ। ਤਾਂ ਹੀ ਗੁਰਬਾਣੀ ਨੂੰ ਅਸੀਂ ਸ਼ੁੱਧ ਰੂਪ ਵਿਚ ਪੜ੍ਹ ਸਕਾਂਗੇ, ਤਾਂ ਹੀ ਅਸੀਂ ਗੁਰਬਾਣੀ ਦਾ ਸਤਿਕਾਰ ਕਰ ਸਕਾਂਗੇ। ਆਪ ਸ਼ੁੱਧ ਪਾਠ ਤੇ ਉਚਾਰਨ ਕਰਾਂਗੇ ਅਤੇ ਦੂਜਿਆਂ ਨੂੰ ਪ੍ਰੇਰਨਾ ਮਿਲੇਗੀ।

ਗੁਰਬਾਣੀ ਵਿਚ ਅੱਧਕ (ੱ) ਦੀ ਵਰਤੋਂ ਨਹੀਂ ਕੀਤੀ ਗਈ। ਇਸ ਤਰ੍ਹਾਂ ਬਿੰਦੀ (.) ਅਤੇ ਟਿੱਪੀ (ੰ) ਦੀ ਵਰਤੋਂ ਵੀ ਕਿਧਰੇ-ਕਿਧਰੇ ਹੀ ਕੀਤੀ ਗਈ ਹੈ। ਗੁਰਬਾਣੀ ਵਿਚ ਸਿਹਾਰੀ (f), ਔਂਕੜ (ੁ) ਅਤੇ ਦੁਲਾਵਾਂ ਦਾ ਬਹੁਤ ਪ੍ਰਯੋਗ ਕੀਤਾ ਗਿਆ ਹੈ ਜਿਨ੍ਹਾਂ ਨਾਲ ਸ਼ਬਦਾਂ ਦੇ ਠੀਕ ਅਰਥ ਸਮਝਣ ਵਿਚ ਬੜੀ ਸਹਾਇਤਾ ਮਿਲਦੀ ਹੈ। ਇਸ ਲਈ ਗੁਰਬਾਣੀ ਦਾ ਪਾਠ ਕਿਸੇ ਸੂਝਵਾਨ ਵਿਅਕਤੀ ਪਾਸੋਂ ਸਿੱਖਣਾ ਚਾਹੀਦਾ ਹੈ ਜਿਸਨੂੰ ਵੱਧ ਤੋਂ ਵੱਧ ਭਾਰਤੀ ਭਾਸ਼ਾਵਾਂ ਦਾ ਗਿਆਨ ਹੋਵੇ। ਇਸ ਸੰਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਹੇਠ ਚੱਲ ਰਹੇ ਮਿਸ਼ਨਰੀ ਕਾਲਜ ਅਤੇ ਹੋਰ ਪ੍ਰਾਈਵੇਟ ਸੰਸਥਾਵਾਂ ਬੜਾ ਸ਼ਲਾਘਾਯੋਗ ਕੰਮ ਕਰ ਰਹੀਆਂ ਹਨ। ਸਮੇਂ-ਸਮੇਂ ਤੇ ਕੁਝ ਧਾਰਮਿਕ ਸਮਾਗਮ ਹੁੰਦੇ ਹਨ ਜਿੱਥੇ ਗੁਰਬਾਣੀ ਦੇ ਸ਼ੁੱਧ ਉਚਾਰਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਜਾਂਦੀ ਹੈ। ਪ੍ਰਚਾਰਕ, ਗ੍ਰੰਥੀ ਸਾਹਿਬਾਨ ਅਤੇ ਕਥਾ-ਵਾਚਕਾਂ ਨੂੰ ਅਜਿਹੇ ਸਮਾਗਮਾਂ ਤੋਂ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ।

ਇਕ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਕੋਈ ਵੀ ਪ੍ਰੋਗਰਾਮ ਕਿੰਨਾ ਉੱਚ ਪੱਧਰ ਦਾ ਕਿਉਂ ਨਾ ਹੋਵੇ ਜੇਕਰ ਉਸ ਵਿਚ ਗੁਰਬਾਣੀ ਦਾ ਇਕ ਵੀ ਸ਼ਬਦ ਜਾਂ ਤੁਕ ਗ਼ਲਤ ਬੋਲੀ ਜਾਂ ਪੜ੍ਹੀ ਜਾਂਦੀ ਹੈ ਤਾਂ ਇਸ ਤੋਂ ਜੋ ਚਿੜ੍ਹ ਸਰੋਤੇ ਨੂੰ ਹੁੰਦੀ ਹੈ ਉਸਦਾ ਅੰਦਾਜ਼ਾ ਬੋਲਣ ਵਾਲਾ ਨਹੀਂ ਲਾ ਸਕਦਾ।

ਇਸ ਲੇਖ ਦੁਆਰਾ ਕਿਸੇ ਵਿਅਕਤੀ, ਵਰਗ ਜਾਂ ਸੰਸਥਾ 'ਤੇ ਨੁਕਤਾਚੀਨੀ ਜਾਂ ਕਿਸੇ ਪ੍ਰਕਾਰ ਦੀ ਟੀਕਾ-ਟਿੱਪਣੀ ਕਰਨਾ ਨਹੀਂ ਹੈ। ਇਸਦਾ ਮੁੱਖ ਮੰਤਵ ਗੁਰਬਾਣੀ ਦਾ ਸਤਿਕਾਰ ਕਰਨ ਲਈ ਜਾਚਨਾ ਹੈ ਤਾਂ ਕਿ ਅਸੀਂ ਅਚੇਤ ਜਾਂ ਸੁਚੇਤ ਰੂਪ ਵਿਚ ਇਹ ਗੱਲ ਕਦੀ ਨਾ ਭੁੱਲੀਏ ਕਿ ਗੁਰਬਾਣੀ ਜਿੱਥੇ ਮਨੁੱਖ ਨੂੰ ਜੀਵਨ ਸੇਧ ਦਿੰਦੀ ਹੈ, ਸਾਂਝੀਵਾਲਤਾ, ਸਹਿਨਸ਼ੀਲਤਾ, ਭਰਾਤਰੀ-ਭਾਵ, ਮਾਨਵਤਾ, ਨਿਰਵੈਰਤਾ ਦਾ ਸੰਦੇਸ਼ ਦਿੰਦੀ ਹੈ, ਨਿਮਰਤਾ, ਨਿਰਭੈਤਾ, ਸੇਵਾ-ਭਾਵ, ਸੁਕ੍ਰਿਤ, ਵੰਡ-ਛਕਣ, ਪ੍ਰੇਮ-ਭਾਵ, ਸਮਾਨਤਾ ਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦਾ ਸਬਕ ਪੜ੍ਹਾਉਂਦੀ ਹੈ ਅਤੇ ਜਿਸ ਨਾਲ ਜੁੜਿਆਂ ਮਨੁੱਖ ਦੀ ਚੌਹਾਂ ਕੂੰਟਾਂ ਵਿਚ ਵਾਹ-ਵਾਹ ਹੁੰਦੀ ਹੈ—'ਗੁਰਬਾਣੀ ਚਹੁ ਕੁੰਡੀ ਸੁਣੀਐ' ਉਸਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਅਸੀਂ ਸਾਰੇ ਉੱਦਮ ਤੇ ਉਪਰਾਲਾ ਕਰੀਏ।

ਅਰਦਾਸ

ਵੱਖ-ਵੱਖ ਮਤਾਂ ਦੇ ਲੋਕ ਆਪਣੇ-ਆਪਣੇ ਢੰਗ ਤਰੀਕਿਆਂ ਦੁਆਰਾ ਆਪਣੇ ਇਸ਼ਟ ਅੱਗੇ ਬੇਨਤੀ ਜਾਂ ਪ੍ਰਾਰਥਨਾ ਕਰਦੇ ਹਨ। ਗੁਰਮਤਿ ਵਿਚ ਇਸਨੂੰ ਅਰਦਾਸ ਆਖਿਆ ਜਾਂਦਾ ਹੈ। ਆਪਣੀ ਵੇਦਨਾ ਨੂੰ ਅਰਜ਼ੋਈ ਵਜੋਂ ਵਾਹਿਗੁਰੂ ਅੱਗੇ ਪ੍ਰਗਟ ਕਰਨਾ ਅਰਦਾਸ ਹੈ ਜੋ ਕੇਵਲ ਇਕ ਅਕਾਲ ਪੁਰਖ ਅੱਗੇ ਹੀ ਕੀਤੀ ਜਾਂਦੀ ਹੈ ਹੋਰ ਕਿਸੇ ਵਿਅਕਤੀ ਜਾਂ ਦੇਵੀ ਸ਼ਕਤੀ ਅੱਗੇ ਨਹੀਂ। ਗੁਰਵਾਕ ਹੈ :

ਸਭੁ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ॥
ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ॥
ਜਿਸ ਤੂੰ ਦੇਹਿ ਤਿਸੁ ਸਭੁ ਕਿਛੁ ਮਿਲੈ
ਇਕਨਾ ਦੂਰਿ ਹੈ ਪਾਸਿ॥
ਤੁਧੁ ਬਾਝਹੁ ਥਾਉ ਕੋ ਨਾਹੀ ਜਿਸੁ ਪਾਸਹੁ ਮੰਗੀਐ
ਮਨਿ ਵੇਖਹੁ ਕੋ ਨਿਰਜਾਸਿ॥

(ਸਿਰੀਰਾਗੁ ਕੀ ਵਾਰ ਮਹਲਾ ੪, ਅੰਗ ੮੬)

ਭਾਵ ਸਭ ਜੀਵ ਉਸ ਮਾਲਕ ਦੇ ਹੀ ਪੈਦਾ ਕੀਤੇ ਹੋਏ ਹਨ। ਸਭ ਉਸ ਅੱਗੇ ਹੀ ਅਰਜ਼ੋਈਆਂ ਅਤੇ ਅਰਦਾਸਾਂ ਕਰਦੇ ਹਨ। ਉਹ ਸਭਨਾਂ ਦਾ ਰਾਜ਼ਕ ਹੈ—ਸਭ ਨੂੰ ਰਿਜ਼ਕ ਪਹੁੰਚਾਉਣ ਵਾਲਾ ਹੈ, ਸਾਰੇ ਉਸਦੇ ਦਰ 'ਤੇ ਭਿਖਾਰੀ ਹਨ, ਮੰਗਤੇ ਹਨ। ਜੋ ਜੋ ਵੀ ਉਸ ਤੇ ਨਿਸ਼ਚਾ ਰੱਖਦਾ ਹੈ ਉਹ ਦਾਤਾਂ ਨਾਲ ਭਰਪੂਰ ਹੋ ਜਾਂਦਾ ਹੈ। ਜੋ ਉਸ ਨੂੰ ਛੱਡ ਕੇ ਹੋਰਨਾਂ ਤੇ ਆਸਾਂ ਰੱਖਦੇ ਹਨ, ਪਰਮਾਤਮਾ ਉਨ੍ਹਾਂ ਦੇ ਨੇੜੇ ਹੁੰਦਾ ਹੋਇਆ ਵੀ ਉਨ੍ਹਾਂ ਤੋਂ ਦੂਰ ਰਹਿੰਦਾ ਹੈ। ਅਸਲ ਵਿਚ ਜੀਵ ਦਾ ਪ੍ਰਭੂ ਤੋਂ ਬਿਨਾਂ ਹੋਰ ਕੋਈ ਟਿਕਾਣਾ ਹੀ ਨਹੀਂ ਜਿਥੋਂ ਕੁਝ ਮੰਗ ਸਕੇ।

ਆਪ ਜੀ ਦੇ ਰਾਗੁ ਵਡਹੰਸੁ ਵਿਚ ਬਚਨ ਹਨ :

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ॥
ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ॥
ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ॥ *(ਅੰਗ ੫੯੦)*

ਅਥਵਾ :

ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ॥
ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ॥

(ਰਾਗੁ ਟੋਡੀ ਮਹਲਾ ੫, ਅੰਗ ੭੧੪)

ਇੰਜ ਜੋ ਪ੍ਰਾਣੀ ਇਕ ਪ੍ਰਭੂ ਪਾਸੋਂ ਹੀ ਮੰਗਦਾ ਹੈ, ਇਕ ਪ੍ਰਭੂ ਅੱਗੇ ਹੀ ਅਰਦਾਸ ਕਰਦਾ ਹੈ ਉਸਦੇ ਜੀਵਨ ਵਿਚ ਕਦੇ ਕੋਈ ਘਾਟ ਜਾਂ ਰੁਕਾਵਟ ਨਹੀਂ ਆਉਂਦੀ। ਪ੍ਰਾਣੀ

ਦੇ ਤਿੰਨੇ ਤਾਪ ਭਾਵ ਆਧਿ (ਮਾਨਸਿਕ ਰੋਗ), ਵਿਆਧਿ (ਸਰੀਰਕ ਰੋਗ), ਉਪਾਧਿ (ਹੋਰ ਝਗੜੇ ਆਦਿ) ਸਭ ਦੂਰ ਹੋ ਜਾਂਦੇ ਹਨ ਅਤੇ ਸੁਖ ਘਰ ਆ ਵੱਸਦਾ ਹੈ।

ਪ੍ਰਾਣੀ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਪ੍ਰਭੂ ਅੱਗੇ ਬੇਨਤੀ ਜਾਂ ਅਰਦਾਸ ਕਰਦਾ ਹੈ। ਗੁਰਮਤਿ ਅਨੁਸਾਰ ਕੋਈ ਕਾਰਜ ਅਰੰਭ ਕਰਨ ਸਮੇਂ ਅਕਾਲ ਪੁਰਖ ਦਾ ਓਟ ਆਸਰਾ ਲੈ ਕੇ ਅਰਦਾਸ ਕੀਤੀ ਜਾਂਦੀ ਹੈ ਅਤੇ ਕਾਰਜ ਦੀ ਨਿਰਵਿਘਨ ਸਮਾਪਤੀ ਤੇ ਜਾਂ ਕੋਈ ਕਾਮਨਾ ਜਾਂ ਇੱਛਾ ਪੂਰੀ ਹੋਣ ਤੇ ਗੁਰਸਿੱਖ ਸ਼ੁਕਰਾਨੇ ਵਜੋਂ ਪ੍ਰਭੂ ਅੱਗੇ ਅਰਦਾਸ ਕਰਦਾ ਹੈ :

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥

(ਸਿਰੀਰਾਗੁ ਕੀ ਵਾਰ ਮਹਲਾ ੪, ਅੰਗ ੯੧)

ਅਥਵਾ :

ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ॥
ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ॥

(ਸਿਰੀਰਾਗੁ ਮਹਲਾ ੫, ਅੰਗ ੪੪)

ਗਮੀ ਜਾਂ ਅਸਫਲਤਾ ਵੇਲੇ ਵੀ ਗੁਰਸਿੱਖ ਇਹੋ ਕਾਮਨਾ ਕਰਦਾ ਹੈ ਕਿ ਹੇ ਵਾਹਿਗੁਰੂ, ਭਾਣਾ ਮੰਨਣ ਦਾ ਬਲ ਬਖ਼ਸ਼ਣਾ ਅਤੇ ਅਰਦਾਸ ਕਰਦਾ ਹੈ :

ਦੁਇ ਕਰ ਜੋੜਿ ਕਰਉ ਅਰਦਾਸਿ॥
ਤੁਧੁ ਭਾਵੈ ਤਾ ਆਣਹਿ ਰਾਸਿ॥

(ਰਾਗੁ ਸੂਹੀ ਮਹਲਾ ੫, ਅੰਗ ੭੩੭)

ਭਾਵ ਜਦੋਂ ਮਾਲਕ-ਪ੍ਰਭੂ ਨੂੰ ਚੰਗਾ ਲਗਦਾ ਹੈ ਜਾਂ ਜਦੋਂ ਉਸਦੀ ਰਜ਼ਾ ਹੁੰਦੀ ਹੈ ਤਦੋਂ ਹੀ ਕੀਤੀ ਅਰਦਾਸ ਸਫ਼ਲ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਦੇ ਰਾਗੁ ਬਿਲਾਵਲੁ ਵਿਚ ਬਚਨ ਹਨ :

ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ॥ *(ਅੰਗ ੭੯੫)*

ਪਰਮਾਤਮਾ ਬੜਾ ਬੇਅੰਤ ਅਤੇ ਬੇਪ੍ਰਵਾਹ ਹੈ। ਜੋ ਉਸਨੂੰ ਚੰਗਾ ਲਗਦਾ ਹੈ ਉਹੀ ਕੁਝ ਹੁੰਦਾ ਹੈ। ਉਸਨੂੰ ਕੋਈ ਇਹ ਨਹੀਂ ਕਹਿ ਸਕਦਾ ਕਿ ਇੰਜ ਨਹੀਂ ਇੰਜ ਹੋਣਾ ਚਾਹੀਦਾ ਹੈ। ਉਸਨੂੰ ਕੋਈ ਹੁਕਮ ਨਹੀਂ ਕੀਤਾ ਜਾ ਸਕਦਾ। ਉਸ ਅੱਗੇ ਤਾਂ ਅਰਦਾਸ ਕਰਨੀ ਹੀ ਬਣਦੀ ਹੈ :

ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥

(ਆਸਾ ਦੀ ਵਾਰ ਮਹਲਾ ੧, ਅੰਗ ੪੭੪)

ਮਾਲਕ ਪ੍ਰਭੂ ਅੱਗੇ ਬੇਨਤੀ ਅੰਤਰ ਧਿਆਨ ਹੋ ਕੇ, ਹੱਥ ਜੋੜ ਕੇ ਅਤੇ ਖੜੋ ਕੇ ਕਰਨੀ ਚਾਹੀਦੀ ਹੈ। ਉਹ ਸਭ ਨੂੰ ਹੱਥ ਦੇ ਕੇ ਰੱਖਦਾ ਹੈ ਅਤੇ ਸਾਰਿਆਂ ਦੇ ਕਸ਼ਟ ਅਤੇ ਪਾਪਾਂ ਦੀ ਨਵਿਰਤੀ ਕਰਨ ਵਾਲਾ ਹੈ। ਗੁਰਵਾਕ ਹੈ :

ਦੁਇ ਕਰ ਜੋੜਿ ਕਰੀ ਬੇਨੰਤੀ ਠਾਕੁਰੁ ਅਪਨਾ ਧਿਆਇਆ॥
ਹਾਥ ਦੇਇ ਰਾਖੇ ਪਰਮੇਸਰਿ ਸਗਲਾ ਦੁਰਤੁ ਮਿਟਾਇਆ॥

(ਰਾਗੁ ਗੂਜਰੀ ਮਹਲਾ ੫, ਅੰਗ ੪੯੯)

ਅਥਵਾ :

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥

(ਸਲੋਕ ਮਹਲਾ ੨, ਰਾਗੁ ਮਾਰੂ ਕੀ ਵਾਰ ਮਹਲਾ ੩, ਅੰਗ ੧੦੯੩)

ਖਲਿਇ ਤੋਂ ਅਰਥ ਹੈ ਖੜ੍ਹੇ ਹੋ ਕੇ।

ਇਕਾਗਰ ਚਿੱਤ ਹੋ ਕੇ ਮਨ ਨਾਲ ਕੀਤੀ ਅਰਦਾਸ ਪ੍ਰਭੂ ਦਰ ਤੇ ਪ੍ਰਵਾਨ ਚੜ੍ਹਦੀ ਹੈ। ਗੁਰਵਾਕ ਹੈ :

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥

(ਰਾਗੁ ਬਿਲਾਵਲੁ ਮਹਲਾ ੫, ਅੰਗ ੮੧੯)

ਅਰਦਾਸ ਵਿਅਕਤੀ ਅੰਦਰ ਸ਼ਕਤੀ ਅਤੇ ਮਨੋਬਲ ਪੈਦਾ ਕਰਦੀ ਹੈ। ਜਦੋਂ ਜਦੋਂ ਵੀ ਖਾਲਸਾ ਮੁਹਿੰਮ ਤੇ ਜਾਂਦਾ ਤਾਂ ਅਰਦਾਸਾ ਸੋਧ ਕੇ ਫਤਹਿ ਦੇ ਜੈਕਾਰਿਆਂ ਨਾਲ ਦੁਸ਼ਮਨ ਦੀਆਂ ਫੌਜਾਂ ਤੇ ਹੱਲਾ ਬੋਲਦਾ। ਮੁੱਠੀ ਭਰ ਸਿੰਘ ਵੈਰੀ ਦੇ ਟਿੱਡੀ ਦਲ ਦੇ ਅਜਿਹੇ ਆਹੂ ਲਾਉਂਦੇ ਕਿ ਦੁਸ਼ਮਨ ਨੂੰ ਨਾਨੀ ਚੇਤੇ ਆ ਜਾਂਦੀ। ਭਾਵੇਂ ਸਿੰਘ ਪੁਰਜ਼ਾ ਪੁਰਜ਼ਾ ਕੱਟ ਮਰਦੇ ਪਰ ਖਾਲਸਾ ਨੇ ਜੰਗ ਦੇ ਮੈਦਾਨ ਵਿਚ ਕਦੀ ਪਿੱਠ ਨਹੀਂ ਦਿਖਾਈ ਅਤੇ ਆਪਣੇ ਨਿਸ਼ਾਨੇ ਤੋਂ ਕਦੀ ਪਿੱਛੇ ਨਹੀਂ ਹਟਿਆ। ਜਿਸ ਨਿਸ਼ਚੇ ਤੇ ਦ੍ਰਿੜ੍ਹਤਾ ਨਾਲ ਸ਼ਹੀਦ ਬਾਬਾ ਦੀਪ ਸਿੰਘ ਨੇ ਅਰਦਾਸ ਵਿਚ ਕੀਤੇ ਕੌਲ ਨੂੰ ਨਿਭਾਇਆ, ਸੰਸਾਰ ਦੇ ਇਤਿਹਾਸ ਵਿਚ ਅਜਿਹੀ ਕੋਈ ਉਦਾਹਰਣ ਨਹੀਂ ਮਿਲਦੀ।

ਬੀਕਾਨੇਰ ਦੇ ਛੰਭ ਤੋਂ ਅਰਦਾਸਾ ਸੋਧ ਕੇ ਚਲੇ ਸੂਰਮੇ ਸ: ਸੁੱਖਾ ਸਿੰਘ ਮਾੜੀ ਕੰਬੋ ਅਤੇ ਸ: ਮਹਿਤਾਬ ਸਿੰਘ ਮੀਰਾ ਕੋਟੀਆ ਜਿਸ ਦਲੇਰੀ ਨਾਲ ਮੱਸੇ ਰੰਗੜ ਦਾ ਸਿਰ ਕੱਟ ਕੇ, ਫਤਹਿ ਦੇ ਜੈਕਾਰੇ ਛੱਡਦੇ ਹੋਏ, ਆਪਣੇ ਨਾਲ ਬੀਕਾਨੇਰ ਲੈ ਗਏ, ਸਭ ਅਰਦਾਸ ਦੀ ਕਰਾਮਾਤ ਹੀ ਤਾਂ ਸੀ।

ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਅਰਦਾਸ ਕਰਨ ਵੇਲੇ ਮਨ ਦੀਆਂ ਸਾਰੀਆਂ ਸਿਆਣਪਾਂ ਅਤੇ ਚਤੁਰਾਈਆਂ ਨੂੰ ਤਿਆਗ ਕੇ ਪੂਰਨ ਤੌਰ ਤੇ ਆਪਣੇ ਆਪ ਨੂੰ ਪ੍ਰਭੂ ਚਰਨਾਂ ਵਿਚ ਅਰਪਨ ਕਰਨਾ ਹੈ ਤਾਂ ਹੀ ਅਰਦਾਸ ਦਰ ਪ੍ਰਵਾਨ ਹੁੰਦੀ ਹੈ :

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥
ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ॥

(ਰਾਗੁ ਗੂਜਰੀ ਕੀ ਵਾਰ ਮਹਲਾ ੫, ਅੰਗ ੫੧੯)

ਮੋਹ-ਮਾਇਆ ਵਿਚ ਫਸ ਕੇ ਪ੍ਰਾਣੀ ਹਰ ਵੇਲੇ ਪਰਮਾਤਮਾ ਪਾਸੋਂ ਦੁਨਿਆਵੀ ਪਦਾਰਥਾਂ ਦੀ ਮੰਗ ਕਰਦਾ ਹੈ। ਧਨ-ਦੌਲਤ, ਧੀਆਂ-ਪੁੱਤਰਾਂ ਦੀ ਦਾਤ, ਲੰਬੀ ਉਮਰ, ਕਾਰੋਬਾਰ ਵਿਚ ਵਾਧਾ, ਦੇਹ ਅਰੋਗਤਾ ਆਦਿ ਇਕ ਲੰਬੀ ਲਿਸਟ ਹੈ ਜਿਸ ਲਈ ਨਿੱਤ ਧਾਰਮਿਕ ਅਸਥਾਨਾਂ ਜਾਂ ਘਰਾਂ ਵਿਚ ਅਰਦਾਸ ਕੀਤੀ ਜਾਂਦੀ ਹੈ। ਆਮ ਆਦਮੀ ਨੂੰ ਇਸ ਗੱਲ ਦੀ ਸੋਝੀ ਨਹੀਂ ਕਿ ਅਟੁੱਟ ਭੰਡਾਰਾਂ ਦਾ ਮਾਲਕ ਪ੍ਰਭੂ ਤਾਂ ਪਹਿਲਾਂ ਹੀ ਇਹ ਸਭ ਕੁਝ ਦੇ ਰਿਹਾ ਹੈ ਭਾਵੇਂ ਇਨ੍ਹਾਂ ਨਾਸ਼ਵੰਤ ਵਸਤੂਆਂ ਨਾਲ ਮਨੁੱਖ ਨੂੰ ਕਦੀ ਰੱਜ ਨਹੀਂ ਆਉਂਦਾ :

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥
ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥

(ਰਾਗੁ ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੭)

ਅਥਵਾ :

ਦੇਦਾ ਦੇ ਲੈਦੇ ਥਕਿ ਪਾਹਿ॥
ਜੁਗਾ ਜੁਗੰਤਰਿ ਖਾਹੀ ਖਾਹਿ॥ *(ਜਪੁ ਜੀ, ਪਉੜੀ ੩)*

ਇਸੇ ਲਈ ਉਸ ਮਾਲਕ ਦੇ ਸੇਵਕ ਜਨ ਇਸ ਗੱਲ ਦੀ ਜਾਚਨਾ ਕਰਦੇ ਹਨ :

ਸੇਵਕ ਕੀ ਅਰਦਾਸਿ ਪਿਆਰੇ॥
ਜਪਿ ਜੀਵਾ ਪ੍ਰਭ ਚਰਣ ਤੁਮਾਰੇ॥
(ਰਾਗੁ ਵਡਹੰਸੁ ਮਹਲਾ ੫, ਅੰਗ ੫੬੨-੬੩)

ਮਨ ਦੀ ਤ੍ਰਿਪਤੀ ਕਦੀ ਦੁਨਿਆਵੀ ਵਸਤੂਆਂ ਨਾਲ ਨਹੀਂ ਹੁੰਦੀ। ਜੇਕਰ ਮਨ ਅੰਦਰ ਸੰਤੋਖ ਨਹੀਂ ਤਾਂ ਇਹ ਭੁੱਖ ਵਧਦੀ ਹੀ ਜਾਂਦੀ ਹੈ। ਪ੍ਰਾਣੀ ਦੀ ਇਸ ਦਸ਼ਾ ਨੂੰ ਦੇਖ ਕੇ ਪੰਚਮ ਗੁਰਦੇਵ ਸੇਧ ਬਖ਼ਸ਼ਿਸ਼ ਕਰ ਰਹੇ ਹਨ :

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥
(ਰਾਮਕਲੀ ਕੀ ਵਾਰ ਮਹਲਾ ੫, ਅੰਗ ੯੫੮)

ਸਰਬ ਸਾਂਝੀ ਗੁਰਬਾਣੀ ਵਿਚ ਕਿਸੇ ਇਕ ਵਰਗ, ਜਮਾਤ ਜਾਂ ਦੇਸ਼ ਦੇ ਭਲੇ ਲਈ ਅਰਦਾਸ ਨਹੀਂ ਕੀਤੀ ਗਈ ਸਗੋਂ ਜਗਤ ਦੀ ਸਾਰੀ ਮਨੁੱਖਤਾ ਨੂੰ ਵਿਕਾਰਾਂ ਤੋਂ ਛੁਟਕਾਰੇ ਲਈ ਕਾਮਨਾ ਕੀਤੀ ਗਈ ਹੈ :

ਪ੍ਰਭ ਤੁਧਹੁ ਖਾਲੀ ਕੋ ਨਹੀ ਦਰਿ ਗੁਰਮੁਖਾ ਨੋ ਸਾਬਾਸਿ॥
ਬਿਖੁ ਭਉਜਲ ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ॥
(ਸਿਰੀਰਾਗੁ ਮਹਲਾ ੪, ਅੰਗ ੪੦)

ਅਥਵਾ :

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥
(ਸਲੋਕ ਮਹਲਾ ੩, ਰਾਗੁ ਬਿਲਾਵਲੁ ਕੀ ਵਾਰ ਮਹਲਾ ੪, ਅੰਗ ੮੫੩)

ਭਾਵ ਹੇ ਪ੍ਰਭੂ, ਮਿਹਰ ਕਰੋ ਵਿਕਾਰਾਂ ਵਿਚ ਸੜ ਰਹੇ ਸੰਸਾਰ ਨੂੰ ਬਚਾ ਲਉ। ਜਿਸ ਤਰੀਕੇ ਨਾਲ ਵੀ ਬਚਾਇਆ ਜਾ ਸਕਦਾ ਹੈ ਬਚਾ ਲਓ। ਇਜ ਗੁਰੂ ਸਾਹਿਬਾਨ ਨੇ ਜਾਤੀ, ਭੇਦ-ਭਾਵ, ਨਸਲੀ ਵਿਤਕਰਿਆਂ ਤੋਂ ਉਤਾਂਹ ਉਠ ਕੇ, ਦੇਸ਼-ਦੇਸ਼ਾਂਤਰਾਂ ਦੇ ਹੱਦਾਂ-ਬੰਨਿਆਂ ਨੂੰ ਤੋੜ ਕੇ, ਪਰਮਾਤਮਾ ਦੇ ਪੈਦਾ ਕੀਤੇ ਹੋਏ ਚੰਗੇ ਮਾੜੇ ਸਭ ਜੀਵਾਂ ਦੇ ਭਲੇ ਲਈ ਅਰਦਾਸ ਕਰਨ ਦੀ ਸਾਨੂੰ ਜਾਚ ਸਿਖਾਈ। ਜਿਸ ਦੀ ਜਾਚਨਾ ਅੱਜ ਗੁਰਸਿੱਖ ਆਪਣੀ ਨਿੱਤ ਦੀ ਅਰਦਾਸ ਵਿਚ ਕਰਦਾ ਹੈ :

ਸਰਬਤ ਦੇ ਕਾਰਜ ਰਾਸ ਕਰਨੇ। ਸੇਈ ਪਿਆਰੇ ਮੇਲ ਜਿਨ੍ਹਾਂ ਦੇ ਮਿਲਿਆਂ ਤੇਰਾ ਨਾਮ ਚਿਤ ਆਵੇ।

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬਤ ਦਾ ਭਲਾ।